PANJAB TIMES £2

# ਪੰਜਾਬ ਟਾਈਮਜ਼

ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

19th - 26th March 2026 • Issue No. 3122

Europe's Leading Panjabi Weekly Since 1965

IAB

FOR FREE INITIAL ADVICE

ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!




Immigration Advice Bureau

Tel: 020 8571 6680

www.iabl.co.uk

Panjab Times, Bridle Gate Lane, Derby, DE24 0QW (UK) • Tel: 07966 388 388 • www.panjabtimes.uk • Email: panjabtimes@aol.com

## ਸ਼੍ਰੋਮਣੀ ਅਕਾਲੀ ਦਲ ਵੱਲੋਂ ਪੰਜਾਬ ਵਿੱਚ ਕੀਤੀਆਂ ਜਾ ਰਹੀਆਂ 40 ਰੈਲੀਆਂ ਦੌਰਾਨ

### ਬੀਤੇ ਦਿਨੀਂ ਫਰੀਦਕੋਟ ਵਿਖੇ ਕੀਤੀ ਗਈ ਭਰਵੀਂ ਰੈਲੀ - 2027 ਦੀਆਂ ਚੋਣਾਂ ਲਈ ਅਕਾਲੀ ਦਲ ਵੱਲੋਂ ਵੱਡੀ ਤਿਆਰੀ





## ਸੇਵਿੰਗ ਪੰਜਾਬ ਦੇ ਡਾਇਰੈਕਟਰ ਗੁਰਪ੍ਰੀਤ ਸਿੰਘ ਰੀਹਲ ‘ਤੇ ਯੂ ਕੇ ਸਰਕਾਰ ਵੱਲੋਂ ਲਾਈਆਂ ਪਾਬੰਦੀਆਂ ਹਟਾਉਣ ਬਾਰੇ ਬਰਤਾਨੀਆ ਦੇ 605 ਸੰਸਦ ਮੈਂਬਰਾਂ ਨੂੰ ਲਿਖੀਆਂ ਚਿੱਠੀਆਂ



ਸਿੱਖਾਂ ਦੀ ਅਵਾਜ਼ ਬੰਦ ਕਰਨ ਲਈ ਗੁਰਪ੍ਰੀਤ ਸਿੰਘ ਰੀਹਲ ਉਤੇ ਬਰਤਾਨੀਆ ਦੀ ਲੇਬਰ ਸਰਕਾਰ ਨੇ ਭਾਰਤ ਸਰਕਾਰ ਨੂੰ ਖ਼ੁਸ਼ ਕਰਕੇ ਵਪਾਰਕ ਸਮਝੌਤੇ ਲਈ ਪਾਬੰਦੀਆਂ ਲਾਈਆਂ ਹਨ। ਲੇਬਰ ਪਾਰਟੀ ਦੀ ਸਰਕਾਰ ਬਣਾਉਣ ਲਈ ਸਿੱਖਾਂ ਦਾ ਬਹੁਤ ਪ੍ਰਭਾਵ ਹੈ। ਇਸ ਮਾਮਲੇ ਵਿੱਚ ਸਿੱਖਾਂ ਵੱਲੋਂ ਸਰਕਾਰ ਨਾਲ ਨਾਰਾਜ਼ਗੀ ਜਿਤਾਈ ਜਾ ਰਹੀ ਹੈ।

## ਆਮ ਆਦਮੀ ਪਾਰਟੀ ਦੀ ਵਿਧਾਇਕ ਅਨਮੋਲ ਗਗਨ ਕੈਬਨਿਟ ਮੰਤਰੀ ਦੇ ਪਤੀ ਨੂੰ ਦੋ ਸਾਲ ਕੈਦ ਹੋ ਗਈ ...





ਅਨਮੋਲ ਗਗਨ ਨੇ ਕਿਹਾ ਸੀ ਕਿ ਆਪ ਦੀ ਸਰਕਾਰ ਬਣਦਿਆਂ ਹੀ ਸਾਰੀਆਂ ਫਸਲਾਂ ਤੇ ਐਮ ਐਸ ਪੀ ਦਿੱਤੀ ਜਾਵੇਗੀ। ਇੱਕ ਹੋਰ ਬਿਆਨ ਵਿੱਚ ਕਿਹਾ ਸੀ ਕਿ ਜੇ ਮੈਂ ਕੋਈ ਪੈਸਾ ਖਾਧਾ ਹੋਵੇ ਤਾਂ ਮੇਰਾ ਕੱਖ ਨਾ ਰਹੇ ... । ਉਸ ਦੇ ਪਤੀ ਨੂੰ ਕਿਸੇ ਜੁਰਮ ਵਿੱਚ ਹੁਣੇ ਹੁਣੇ ਦੋ ਸਾਲ ਦੀ ਕੈਦ ਹੋਈ ਹੈ। ਹੁਣ ਬੀਬੀ ਜੀ ਦਾ ਕੀ ਖਿਆਲ ਹੈ, ਉਹ ਹੀ ਖੁਦ ਦੱਸ ਸਕਦੇ ਨੇ ....!

## ਚੇਅਰਮੈਨ ਦੀ ਚੋਣ ਸਮੇਂ ਫਰੀਦਕੋਟ ਵਿਖੇ ਆਪ ਦੇ ਵਿਧਾਇਕ ਅੰਮ੍ਰਿਤਪਾਲ ਨੂੰ ਲੋਕਾਂ ਨੇ ਭਜਾਇਆ

### ਡੀ ਐਸ ਪੀ ਨੇ ਪੁਲਿਸ ਲਿਆ ਕੇ ਭੀੜ ਤੋਂ ਬਚਾਇਆ

ਜਾਪਦਾ ਪੰਜਾਬ ਵਿੱਚ ਆਪ ਦੇ ਖਿਲਾਫ ਲਹਿਰ ਜ਼ੋਰ ਫੜ ਰਹੀ ਹੈ। ਸੋਸ਼ਲ ਮੀਡੀਆ ’ਤੇ ਆਪ ਦੇ ਖਿਲਾਫ ਲੋਕਾਂ ਵੱਲੋਂ ਕੀਤੀਆਂ ਜਾ ਰਹੀਆਂ ਟਿੱਪਣੀਆਂ ਕਾਰਨ ਬਹੁਤ ਸਾਰੇ ਆਪ ਵਿਧਾਇਕ ਆਪਣੇ ਅਕਾਊਂਟ ਬੰਦ ਕੀਤੇ ਜਾ ਰਹੇ ਹਨ...



## ਅਮਰੀਕਾ ਵੱਲੋਂ ਭਾਰਤ ਸਮੇਤ 16 ਦੇਸ਼ਾਂ ਖ਼ਿਲਾਫ਼ ਵੱਡੀ ਟ੍ਰੇਡ ਜਾਂਚ ਸ਼ੁਰੂ: ਨਵੇਂ ਟੈਰਿਫ ਦਾ ਖ਼ਤਰਾ ਵਧਿਆ

## ਰਾਜ ਸਭਾ ਚੋਣਾਂ ਦੌਰਾਨ ਐਨ.ਡੀ.ਏ. ਨੇ ਬਿਹਾਰ, ਓਡੀਸ਼ਾ ਅਤੇ ਹਰਿਆਣਾ ਵਿਚ ਮਾਰੀ ਬਾਜ਼ੀ

## ਹਰਸਿਮਰਤ ਕੌਰ ਬਾਦਲ ਨੇ ਮਹਿਲਾ ਕਮਿਸ਼ਨ ਕੋਲ ਭਗਵੰਤ ਮਾਨ ਦੀਆਂ ‘ਟਿੱਪਣੀਆਂ’ ਦੇ ਖਿਲਾਫ ਸ਼ਿਕਾਇਤ ਦਰਜ ਕਰਵਾਈ ...

# ਲੈਸਟਰ ਕਬੱਡੀ ਕਲੱਬ ਵੱਲੋਂ ਪਿਆਰਾ ਸਿੰਘ ਰੰਧਾਵਾ ਨੂੰ ਹਾਰਦਿਕ ਸ਼ਰਧਾਂਜ਼ਲੀ

## ਪਿਆਰਾ ਸਿੰਘ ਰੰਧਾਵਾ ਦੀਆਂ ਇੰਗਲੈਂਡ ਦੀ ਕਬੱਡੀ ਲਈ ਦਿੱਤੀਆਂ ਸੇਵਾਵਾਂ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ

ਕਬੱਡੀ ਦੇ ਵੱਡੇ ਖਿਡਾਰੀ ਅਤੇ ਲੈਸਟਰ ਕਬੱਡੀ ਕਲੱਬ ਦੇ ਪ੍ਰਮੋਟਰ ਪਿਆਰਾ ਸਿੰਘ ਰੰਧਾਵਾ ਨੇ ਆਪਣੀ ਸਾਰੀ ਉਮਰ ਕਬੱਡੀ ਦੇ ਲੇਖੇ ਲਾਈ ਹੈ। 2 ਅਗਸਤ 1953 ਨੂੰ ਜਲੰਧਰ ਜਿਲ੍ਹੇ ਦੇ ਪਿੰਡ ਸੈਦੋਵਾਲ ਵਿੱਚ ਜਨਮੇ ਪਿਆਰਾ ਸਿੰਘ ਰੰਧਾਵਾ ਨੂੰ ਖੇਡਾਂ ਦੀ ਲਾਗ ਪ੍ਰਸਿੱਧ ਪਹਿਲਵਾਨ ਰੁਸਤਮੇ ਹਿੰਦ ਸ: ਦਾਰਾ ਸਿੰਘ ਰੰਧਾਵਾ ਨੂੰ ਦੇਖ ਕੇ ਲੱਗੀ। ਉਹ ਛੋਟੀ ਉਮਰ ਵਿੱਚ 1961 ‘ਚ ਹੀ ਯੂ ਕੇ ਆ ਗਏ ਤੇ ਇਥੇ ਆ ਕੇ ਹੀ ਆਪਣੀ ਪੜ੍ਹਾਈ ਪੂਰੀ ਕੀਤੀ ਤੇ ਕਰਾਟੇ ਵੀ ਸਿੱਖਦੇ ਰਹੇ। ਪੜ੍ਹਾਈ ਪੂਰੀ ਕਰਨ ਪਿੱਛੋਂ ਉਹਨਾਂ ਇਥੇ ਕੱਪੜੇ ਦੀ ਫੈਕਟਰੀ ਵਿੱਚ ਕੰਮ ਕੀਤਾ ਅਤੇ 1976 ਵਿੱਚ ਆਪਣਾ ਕਾਰੋਬਾਰ ਸ਼ੁਰੂ ਕਰ ਲਿਆ। ਉਨ੍ਹਾਂ 1974ਵਿਆਂ ਦੌਰਾਨ ਕਬੱਡੀ ਸ਼ੁਰੂ ਕਰ ਲਈ ਤੇ ਫਿਰ ਚੱਲ ਸੋ ਚੱਲ, ਅੱਗੇ ਵਧਦੇ ਮੱਲਾਂ ਮਾਰਦੇ ਗਏ ਤੇ ਖੇਡ ਦੇ ਮੈਦਾਨ ਵਿੱਚ ਬਲਵਿੰਦਰ ਸਿੰਘ ਫਿੱਡੂ ਵਰਗੇ ਵੱਡੇ ਵੱਡੇ ਕੌਡਿਆਲਾਂ ਨਾਲ ਵਾਹ ਪਿਆ। ਉਹਨਾਂ ਨੇ ਬਤੌਰ ਖਿਡਾਰੀ ਇੰਟਰਨੈਸ਼ਨਲ ਪੱਧਰ ‘ਤੇ ਖੇਡਦਿਆਂ ਇੰਗਲੈਂਡ, ਕੈਨੇਡਾ, ਭਾਰਤ ਆਦਿ ਵਿੱਚ ਆਪਣੀ ਕਬੱਡੀ ਦਾ ਲੋਹਾ ਮਨਵਾਇਆ। ਬਤੌਰ ਜਾਫੀ ਰਿਟਾਰਿਮੈਂਟ ਤੋਂ ਬਾਅਦ ਉਸ ਨੂੰ ਜਦੋਂ ਮੌਕਾ ਮਿਲਦਾ ਤਾਂ ਕੱਪੜੇ ਲਾਹ ਕੇ ਗਰਾਉਂਡ ਵਿੱਚ ਪਹੁੰਚ ਜਾਂਦਾ। ਲੈਸਟਰ ਕਬੱਡੀ ਕਲੱਬ ਲਈ ਪਿਆਰਾ ਸਿੰਘ ਰੰਧਾਵਾ ਦੀਆਂ ਅਣਥੱਕ ਸੇਵਾਵਾਂ ਹਨ। ਉਹਨਾਂ ਕਲੱਬ ਨੂੰ ਬੁਲੰਦੀਆਂ ’ਤੇ ਪਹੁੰਚਾਉਣ ਲਈ ਹਮੇਸ਼ਾਂ ਅੱਗੇ ਹੋ ਕੇ ਸਹਿਯੋਗ ਦਿੱਤਾ। ਉਹਨਾਂ ਨੇ ਆਪਣੇ ਪਰਿਵਾਰ ਦੇ ਮੈਂਬਰਾਂ ਨੂੰ ਵੀ ਖੇਡਾਂ ਖਾਸ ਕਰਕੇ ਕਬੱਡੀ ਵੱਲ ਪ੍ਰੇਰਿਆ, ਜਿਸ ਦੀ ਮਿਸਾਲ ਸ਼ਿੰਗਾਰਾ ਸਿੰਘ ਹੈ। ਪਿਆਰਾ ਸਿੰਘ ਰੰਧਾਵਾ ਕਬੱਡੀ ਦੇ ਨਾਲ-ਨਾਲ ਸਥਾਨਿਕ ਭਾਈਚਾਰਕ ਗਤੀਵਿਧੀਆਂ ਵਿੱਚ ਸਰਗਰਮ ਰਹਿੰਦੇ ਸਨ। ਉਹ ਆਪਣੇ ਪਿੱਛੇ ਤਿੰਨ ਬੇਟੇ ਛੱਡ ਗਏ ਹਨ। ਜਿੱਥੇ ਉਹ ਇੱਕ ਵਧੀਆ ਖਿਡਾਰੀ ਸਨ, ਉਥੇ ਉਹ ਮਿੱਤਰਾਂ ਦੇ ਮਿੱਤਰ ਵੀ ਬਹੁਤ ਵਧੀਆ ਸਨ। ਕਬੱਡੀ ਪ੍ਰੇਮੀਆਂ ਵੱਲੋਂ ਉਹਨਾਂ ਨੂੰ ਹਮੇਸ਼ਾਂ ਯਾਦ ਰੱਖਿਆ ਜਾਵੇਗਾ।

ਲੈਸਟਰ ਕਬੱਡੀ ਕਲੱਬ ਵੱਲੋਂ ਪਿਆਰਾ ਸਿੰਘ ਰੰਧਾਵਾ ਨੂੰ ਹਾਰਦਿਕ ਸ਼ਰਧਾਂਜ਼ਲੀ ਭੇਂਟ ਕਰਦੇ ਹੋਏ, ਵਾਹਿਗੁਰੂ ਦੇ ਚਰਨਾਂ ਵਿੱਚ ਉਹਨਾਂ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕਰਦੇ ਹੋਏ ਦੁੱਖ ਦੀ ਘੜੀ ਵਿੱਚ ਸਾਰਾ ਕਬੱਡੀ ਕਲੱਬ ਪ੍ਰੀਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕਰਦਾ ਹੈ।



ਸਵਰਗੀ ਪਿਆਰਾ ਸਿੰਘ ਰੰਧਾਵਾ
2 ਅਗਸਤ 1953 - 9 ਮਾਰਚ 2026





ਖੱਬੇ ਪਿਆਰਾ ਸਿੰਘ ਰੰਧਾਵਾ ਅਤੇ ਸੱਜੇ ਉਹਨਾਂ ਦਾ ਸਨਮਾਨ ਕਰਦੇ ਹੋਏ ਲੈਸਟਰ ਕਬੱਡੀ ਕਲੱਬ ਦੇ ਕੁਲਵੰਤ ਸਿੰਘ ਸੰਘਾ, ਕੁਲਬੀਰ ਸਿੰਘ ਖੱਖ, ਨਿਰਮਲ ਸਿੰਘ ਲੱਡੂ ਅਤੇ ਹੋਰ

## ਪਿਆਰਾ ਸਿੰਘ ਰੰਧਾਵਾ ਦੀ ਮ੍ਰਿਤਕ ਦੇਹ ਦਾ ਅੰਤਿਮ ਸੰਸਕਾਰ ਹੇਠਾਂ ਦਿੱਤੇ ਅਨੁਸਾਰ ਹੋਵੇਗਾ:

ਉਹਨਾਂ ਦੀ ਮ੍ਰਿਤਕ ਦੇਹ ਦੇ ਅੰਤਿਮ ਦਰਸ਼ਨ ਬਾਅਦ ਦੁਪਹਿਰ 3:30 ਵਜੇ
ਪੂਜਾ ਰੂਮ, ਗ੍ਰੇਟ ਗਲੈਨ ਸ਼ਮਸ਼ਾਨ ਘਾਟ ਵਿਖੇ ਹੋਣਗੇ
ਪਤਾ, 9 ਲੰਡਨ ਰੋਡ, ਗ੍ਰੇਟ ਗਲੈਨ, ਲੈਸਟਰ।

ਇਸੇ ਹੀ ਸਥਾਨ ਤੇ 4:30 ਵਜੇ ਅੰਤਿਮ ਸੰਸਕਾਰ ਹੋਵੇਗਾ
ਸਹਿਜ ਪਾਠ ਦਾ ਭੋਗ - ਸ਼ਾਮ 5:30 ਵਜੇ
ਗੁਰੂ ਨਾਨਕ ਗੁਰਦੁਆਰਾ ਸਾਹਿਬ
ਹੋਲੀ ਬੋਨਜ਼, ਲੈਸਟਰ ਐਲ ਈ1 4ਐਲ ਜੇ ਵਿਖੇ ਹੋਵੇਗਾ

**ਨੋਟ:-** ਸੱਜੇ ਪਾਸੇ ਦਿੱਤੇ ਹੋਏ ਇੰਟਰਨੈਟ ਲਿੰਕ ’ਤੇ ਅੰਤਿਮ ਸੰਸਕਾਰ ਦੇਖ ਸਕਦੇ ਹੋ

**Thursday 19th March 2026**

**Antam Darshan | 3:30 PM**
Pooja Room at Great Glen Crematorium
9 London Road, Great Glen, Leicester, LE8 9DJ

**Antam Sanskar | 4:30 PM**
Great Glen Crematorium
9 London Road, Great Glen, Leicester, LE8 9DJ

**Sehaj Path Bhog | 5:30 PM**
Guru Nanak Gurdwara
Holy Bones, Leicester, LE1 4LJ

**Live Webcast**
**Website:** https://watch.obitus.com
**Username:** qiqa2747
**Password:** 420579

Harmony

# ਜਾਰੀ ਕਰਤਾ: ਲੈਸਟਰ ਕਬੱਡੀ ਕਲੱਬ , ਲੈਸਟਰ

# ਅਮਰੀਕੀ ਰਿਪੋਰਟ ਵਿਚ ਸੰਘ 'ਤੇ ਸਿੱਧੀ ਪਾਬੰਦੀ ਅਤੇ ਭਾਰਤ ਦੀ ਕੌਮਾਂਤਰੀ ਘੇਰਾਬੰਦੀ ਦੀ ਮੰਗ

## ✪ 2025 ਦੀਆਂ ਘੱਟ ਗਿਣਤੀਆਂ ਬਾਰੇ ਵਿਤਕਰੇ ਦੀਆਂ ਘਟਨਾਵਾਂ ਬਾਰੇ ਕੀਤੀਆਂ ਸਖ਼ਤ ਟਿੱਪਣੀਆਂ ✪ ਸਿੱਖ ਪੰਥ ਉਪਰ ਕੀਤੇ ਜਾ ਰਹੇ ਜ਼ੁਲਮਾਂ ਬਾਰੇ ਅਵਾਜ਼ ਉਠਾਈ ✪ ਕਮਿਸ਼ਨ ਵਲੋਂ ਟਰੰਪ ਪ੍ਰਸ਼ਾਸਨ ਨੂੰ ਸੁਝਾਅ ਕਿ ਸੰਘ ਦੀਆਂ ਸੰਪਤੀਆਂ ਜ਼ਬਤ ਕੀਤੀਆਂ ਜਾਣ ਤੇ ਅਮਰੀਕਾ ਦਾਖਲੇ 'ਤੇ ਰੋਕ ਲਗਾਓ

### ਨਿਊਜ਼ ਵਿਸ਼ਲੇਸ਼ਣ



ਅੰਤਰਰਾਸ਼ਟਰੀ ਧਾਰਮਿਕ ਆਜ਼ਾਦੀ ਬਾਰੇ ਅਮਰੀਕੀ ਕਮਿਸ਼ਨ ਨੇ ਆਪਣੀ 2026 ਦੀ ਸਾਲਾਨਾ ਰਿਪੋਰਟ ਵਿੱਚ ਇੱਕ ਬੇਹੱਦ ਸਖ਼ਤ ਅਤੇ ਹੈਰਾਨੀਜਨਕ ਕਦਮ ਚੁੱਕਦਿਆਂ ਰਾਸ਼ਟਰੀ ਸਵੈਮ ਸੇਵਕ ਸੰਘ 'ਤੇ ਪਾਬੰਦੀਆਂ ਲਗਾਉਣ ਦੀ ਸਿਫ਼ਾਰਿਸ਼ ਕੀਤੀ ਹੈ। ਕਮਿਸ਼ਨ ਨੇ ਡੋਨਾਲਡ ਟਰੰਪ ਪ੍ਰਸ਼ਾਸਨ ਨੂੰ ਸੁਝਾਅ ਦਿੱਤਾ ਹੈ ਕਿ ਸੰਘ ਦੀਆਂ ਸੰਪਤੀਆਂ ਜ਼ਬਤ ਕੀਤੀਆਂ ਜਾਣ ਅਤੇ ਇਸ ਦੇ ਮੈਂਬਰਾਂ ਦੇ ਅਮਰੀਕਾ ਵਿੱਚ ਦਾਖਲੇ 'ਤੇ ਰੋਕ ਲਗਾਈ ਜਾਵੇ। ਰਿਪੋਰਟ ਵਿੱਚ ਸੰਘ ਨੂੰ ਭਾਰਤ ਦੀ ਸੱਤਾਧਾਰੀ ਭਾਜਪਾ ਦਾ "ਜਨਮਦਾਤਾ ਸੰਗਠਨ" ਮੰਨਦਿਆਂ ਇਸ ਨੂੰ ਦੇਸ਼ ਵਿੱਚ ਧਾਰਮਿਕ ਆਜ਼ਾਦੀ ਦੇ ਕਥਿਤ ਉਲੰਘਣਾਂ ਲਈ ਸਿੱਧੇ ਤੌਰ 'ਤੇ ਜ਼ਿੰਮੇਵਾਰ ਠਹਿਰਾਇਆ ਗਿਆ ਹੈ।

ਭਾਰਤ ਨੂੰ ਲਗਾਤਾਰ ਸੱਤਵੀਂ ਵਾਰ 'ਕੰਟਰੀ ਆਫ ਪਰਟੀਕੁਲਰ ਕੰਸਰਨ' ਘੋਸ਼ਿਤ ਕਰਨ ਦੀ ਸਿਫ਼ਾਰਿਸ਼ ਕੀਤੀ ਗਈ ਹੈ। ਇਸ ਸੂਚੀ ਵਿੱਚ ਭਾਰਤ ਨੂੰ ਅਫ਼ਗਾਨਿਸਤਾਨ, ਚੀਨ, ਪਾਕਿਸਤਾਨ ਅਤੇ ਰੂਸ ਵਰਗੇ ਦੇਸ਼ਾਂ ਦੇ ਬਰਾਬਰ ਖੜ੍ਹਾ ਕੀਤਾ ਗਿਆ ਹੈ, ਜੋ ਭਾਰਤ ਦੇ ਲੋਕਤਾਂਤਰਿਕ ਅਕਸ ਲਈ ਇੱਕ ਵੱਡੀ ਚੁਣੌਤੀ ਹੈ। ਹਾਲਾਂਕਿ ਇਹ ਸਿਫ਼ਾਰਿਸ਼ਾਂ ਬਾਕਾਇਦਾ ਲਾਗੂ ਹੋਣੀਆਂ ਲਾਜ਼ਮੀ ਨਹੀਂ ਹਨ, ਪਰ ਇਹ ਟਰੰਪ ਪ੍ਰਸ਼ਾਸਨ ਦੇ ਭਾਰਤ ਨਾਲ ਵਪਾਰਕ ਅਤੇ ਸੁਰੱਖਿਆ ਸਬੰਧਾਂ 'ਤੇ ਦਬਾਅ ਪਾ ਸਕਦੀਆਂ ਹਨ। ਜੇਕਰ ਅਮਰੀਕਾ ਇਹਨਾਂ 'ਤੇ ਅਮਲ ਕਰਦਾ ਹੈ, ਤਾਂ ਭਾਰਤ-ਅਮਰੀਕਾ ਸਬੰਧਾਂ ਵਿੱਚ ਇੱਕ ਵੱਡੀ ਦਰਾੜ ਆ ਸਕਦੀ ਹੈ।

### ਭਾਰਤ ਵਿੱਚ ਵਧਦਾ ਧਾਰਮਿਕ ਤਣਾਅ: 2025 ਦੀਆਂ ਘਟਨਾਵਾਂ ਅਤੇ ਕਾਨੂੰਨੀ ਸਖ਼ਤੀ ਦਾ ਲੇਖਾ-ਜੋਖਾ

ਯੂਐਸਸੀਆਈਆਰਐਫ ਦੀ ਰਿਪੋਰਟ ਸਿਰਫ਼ ਸਿਫ਼ਾਰਿਸ਼ਾਂ ਤੱਕ ਸੀਮਤ ਨਹੀਂ ਹੈ, ਸਗੋਂ ਇਹ 2025 ਦੌਰਾਨ ਭਾਰਤ ਵਿੱਚ ਵਾਪਰੀਆਂ ਕਈ ਵਿਵਾਦਿਤ ਘਟਨਾਵਾਂ ਅਤੇ ਬਣਾਏ ਗਏ ਕਾਨੂੰਨਾਂ ਦਾ ਵਿਸਤ੍ਰਿਤ ਵੇਰਵਾ ਪੇਸ਼ ਕਰਦੀ ਹੈ।

ਗਊ ਰੱਖਿਆ ਦੇ ਨਾਂ 'ਤੇ ਮੁਸਲਮਾਨਾਂ ਵਿਰੁੱਧ ਵਧਦੀ ਹਿੰਸਾ ਅਤੇ ਪੁਲਿਸ ਦੀ ਕਥਿਤ ਮੂਕ ਸਹਿਮਤੀ 'ਤੇ ਸਖ਼ਤ ਟਿੱਪਣੀ ਕੀਤੀ ਗਈ ਹੈ।

ਓਡੀਸ਼ਾ ਵਿੱਚ 20 ਈਸਾਈ ਪਰਿਵਾਰਾਂ 'ਤੇ ਹੋਏ ਹਮਲੇ ਅਤੇ ਧਰਮ ਪਰਿਵਰਤਨ ਲਈ ਦਬਾਅ ਨੂੰ ਮਨੁੱਖੀ ਅਧਿਕਾਰਾਂ ਦਾ ਵੱਡਾ ਉਲੰਘਣ ਦੱਸਿਆ ਗਿਆ ਹੈ। ਰਿਪੋਰਟ ਅਨੁਸਾਰ, ਭਾਰਤ ਵਿੱਚ ਘੱਟ ਗਿਣਤੀਆਂ (ਖ਼ਾਸ ਕਰਕੇ ਮੁਸਲਿਮ ਅਤੇ ਈਸਾਈ) ਦੀ ਸਥਿਤੀ ਪਹਿਲਾਂ ਨਾਲੋਂ ਵੀ ਜ਼ਿਆਦਾ ਨਾਜ਼ੁਕ ਹੋਈ ਹੈ।

ਕਮਿਸ਼ਨ ਨੇ ਆਪਣੀ ਰਿਪੋਰਟ ਵਿੱਚ ਇਸ ਗੱਲ 'ਤੇ ਡੂੰਘੀ ਚਿੰਤਾ ਜਤਾਈ ਹੈ ਕਿ ਭਾਰਤ ਵਿੱਚ ਸਿੱਖਾਂ ਦੀ ਵੱਖਰੀ ਧਾਰਮਿਕ ਪਛਾਣ ਨੂੰ ਮਿਟਾਉਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਸੰਘ ਵਰਗੇ ਸੰਗਠਨਾਂ ਵੱਲੋਂ ਸਿੱਖ ਧਰਮ ਨੂੰ 'ਹਿੰਦੂ ਧਰਮ ਦਾ ਹਿੱਸਾ' ਦੱਸ ਕੇ ਪ੍ਰਚਾਰਿਆ ਜਾਂਦਾ ਹੈ, ਜਿਸ ਨੂੰ ਸਿੱਖ ਭਾਈਚਾਰਾ ਆਪਣੀ ਸੁਤੰਤਰ ਹਸਤੀ 'ਤੇ ਹਮਲਾ ਮੰਨਦਾ ਹੈ। ਰਿਪੋਰਟ ਅਨੁਸਾਰ, ਕਈ ਰਾਜਾਂ ਵਿੱਚ ਬਣਾਏ ਗਏ ਸਖ਼ਤ ਕਾਨੂੰਨਾਂ ਦੀ ਆੜ ਵਿੱਚ ਸਿੱਖ ਪ੍ਰਚਾਰਕਾਂ ਨੂੰ ਵੀ ਨਿਸ਼ਾਨਾ ਬਣਾਇਆ ਜਾ ਸਕਦਾ ਹੈ, ਜਿਸ ਨਾਲ ਉਨ੍ਹਾਂ ਦੀ ਧਰਮ ਪ੍ਰਚਾਰ ਦੀ ਆਜ਼ਾਦੀ ਖ਼ਤਰੇ ਵਿੱਚ ਪੈ ਸਕਦੀ ਹੈ।

2026 ਦੀ ਰਿਪੋਰਟ ਵਿੱਚ ਸਭ ਤੋਂ ਗੰਭੀਰ ਦੋਸ਼ 'ਟਰਾਂਸਨੈਸ਼ਨਲ ਰਿਪ੍ਰੈਸ਼ਨ' ਯਾਨੀ ਦੂਜੇ ਦੇਸ਼ਾਂ ਵਿੱਚ ਜਾ ਕੇ ਸਿੱਖਾਂ ਨੂੰ ਨਿਸ਼ਾਨਾ ਬਣਾਉਣ ਬਾਰੇ ਲਗਾਏ ਗਏ ਹਨ। ਰਿਪੋਰਟ ਵਿੱਚ ਕੈਨੇਡਾ ਅਤੇ ਅਮਰੀਕਾ ਵਿੱਚ ਸਿੱਖ ਕਾਰਕੁਨਾਂ (ਜਿਵੇਂ ਹਰਦੀਪ ਸਿੰਘ ਨਿੱਝਰ ਅਤੇ ਪੰਨੂ ਮਾਮਲੇ ਦਾ ਹਵਾਲਾ) ਦੇ ਕਤਲ ਜਾਂ ਕਤਲ ਦੀਆਂ ਸਾਜ਼ਿਸ਼ਾਂ ਵਿੱਚ ਕਥਿਤ ਤੌਰ 'ਤੇ ਭਾਰਤੀ ਏਜੰਸੀਆਂ ਦੇ ਸ਼ਾਮਲ ਹੋਣ ਦਾ ਜ਼ਿਕਰ ਕੀਤਾ ਗਿਆ ਹੈ। ਕਮਿਸ਼ਨ ਨੇ ਇਸ ਨੂੰ ਧਾਰਮਿਕ ਆਜ਼ਾਦੀ ਦਾ ਕੌਮਾਂਤਰੀ ਪੱਧਰ 'ਤੇ ਉਲੰਘਣ ਮੰਨਿਆ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਜੋ ਸਿੱਖ ਕਾਰਕੁਨ ਸਵੈ-ਨਿਰਣੇ ਜਾਂ ਆਪਣੇ ਹੱਕਾਂ ਦੀ ਗੱਲ ਕਰਦੇ ਹਨ, ਉਨ੍ਹਾਂ ਨੂੰ 'ਅੱਤਵਾਦੀ' ਜਾਂ 'ਵੱਖਵਾਦੀ' ਕਹਿ ਕੇ ਬਦਨਾਮ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਵਿਰੁੱਧ ਨੈਸ਼ਨਲ ਸਕਿਓਰਿਟੀ ਐਕਟ ਵਰਗੇ ਕਾਲੇ ਕਾਨੂੰਨ ਵਰਤੇ ਜਾਂਦੇ ਹਨ।

ਰਿਪੋਰਟ ਵਿੱਚ 2025-26 ਦੌਰਾਨ ਹੋਏ ਮੁੜ ਕਿਸਾਨ ਅੰਦੋਲਨਾਂ ਦਾ ਜ਼ਿਕਰ ਕਰਦਿਆਂ ਕਿਹਾ ਗਿਆ ਹੈ ਕਿ ਸਿੱਖ ਕਿਸਾਨਾਂ ਨੂੰ ਜਾਣਬੁੱਝ ਕੇ ਨਿਸ਼ਾਨਾ ਬਣਾਇਆ ਗਿਆ ਸੀ। ਸਿੱਖਾਂ ਵਿਰੁੱਧ ਸੋਸ਼ਲ ਮੀਡੀਆ 'ਤੇ 'ਖ਼ਾਲਿਸਤਾਨੀ' ਸ਼ਬਦ ਦੀ ਦੁਰਵਰਤੋਂ ਕਰਕੇ ਨਫ਼ਰਤੀ ਪ੍ਰਚਾਰ ਕੀਤਾ ਗਿਆ, ਜਿਸ 'ਤੇ ਸਰਕਾਰ ਨੇ ਕੋਈ ਸਖ਼ਤ ਕਾਰਵਾਈ ਨਹੀਂ ਕੀਤੀ।

ਰਿਪੋਰਟ ਵਿੱਚ ਕੁਝ ਅਜਿਹੀਆਂ ਘਟਨਾਵਾਂ ਦਾ ਵੀ ਜ਼ਿਕਰ ਹੈ ਜਿੱਥੇ ਧਾਰਮਿਕ ਪ੍ਰਤੀਕਾਂ (ਜਿਵੇਂ ਨਿਸ਼ਾਨ ਸਾਹਿਬ) ਬਾਰੇ ਗ਼ਲਤ ਟਿੱਪਣੀਆਂ ਕੀਤੀਆਂ ਗਈਆਂ, ਜਿਸ ਨਾਲ ਸਿੱਖ ਹਿਰਦਿਆਂ ਨੂੰ ਠੇਸ ਪਹੁੰਚੀ। ਯੂਐਸਸੀਆਈਆਰ ਐਫ ਨੇ ਸਿੱਖਾਂ ਦੇ ਮਾਮਲੇ ਵਿੱਚ ਭਾਰਤ ਸਰਕਾਰ ਨੂੰ ਘੇਰਦਿਆਂ ਕਿਹਾ ਹੈ ਕਿ ਘੱਟ ਗਿਣਤੀ ਸਿੱਖ ਭਾਈਚਾਰਾ ਅੱਜ ਭਾਰਤ ਵਿੱਚ ਅਸੁਰੱਖਿਅਤ ਮਹਿਸੂਸ ਕਰ ਰਿਹਾ ਹੈ ਅਤੇ ਉਨ੍ਹਾਂ ਦੀ ਰਾਜਨੀਤਿਕ ਤੇ ਧਾਰਮਿਕ ਅਵਾਜ਼ ਨੂੰ ਕੁਚਲਿਆ ਜਾ ਰਿਹਾ ਹੈ।

### ਰਿਪੋਰਟ ਵਿੱਚ ਉਠਾਏ ਗਏ ਪ੍ਰਮੁੱਖ ਮੁੱਦੇ

ਭਾਰਤ ਦੇ 12 ਰਾਜਾਂ ਵਿੱਚ 'ਐਂਟੀ-ਕਨਵਰਜਨ' (ਧਰਮ ਪਰਿਵਰਤਨ ਵਿਰੋਧੀ) ਕਾਨੂੰਨਾਂ ਨੂੰ ਹੋਰ ਸਖ਼ਤ ਕੀਤਾ ਗਿਆ ਹੈ। ਮਹਾਰਾਸ਼ਟਰ ਵਿੱਚ 'ਧਰਮ ਸੁਤੰਤਰਤਾ ਬਿੱਲ 2026' ਵਰਗੇ ਕਦਮਾਂ ਨੂੰ ਵਿਰੋਧੀ ਧਿਰ ਵੱਲੋਂ ਨਿਸ਼ਾਨਾ ਬਣਾਉਣ ਦੀ ਰਾਜਨੀਤੀ ਵਜੋਂ ਦੇਖਿਆ ਜਾ ਰਿਹਾ ਹੈ। ਇਸ ਤੋਂ ਇਲਾਵਾ, ਉੱਤਰਾਖੰਡ ਵਿੱਚ ਮਦਰੱਸਾ ਬੋਰਡ ਨੂੰ ਖ਼ਤਮ ਕਰਨਾ ਅਤੇ ਘੱਟ ਗਿਣਤੀ ਸੰਸਥਾਵਾਂ ਨੂੰ ਸਰਕਾਰੀ ਕੰਟਰੋਲ ਹੇਠ ਲਿਆਉਣ 'ਤੇ ਵੀ ਸਵਾਲ ਚੁੱਕੇ ਗਏ ਹਨ। ਰਿਪੋਰਟ ਵਿੱਚ ਗਊ ਹੱਤਿਆ ਦੇ ਨਾਂ 'ਤੇ ਮੁਸਲਮਾਨਾਂ 'ਤੇ ਹਮਲੇ, ਓਡੀਸ਼ਾ ਵਿੱਚ ਈਸਾਈ ਪਰਿਵਾਰਾਂ ਨੂੰ ਨਿਸ਼ਾਨਾ ਬਣਾਉਣਾ ਅਤੇ ਮਹਾਰਾਸ਼ਟਰ ਵਿੱਚ ਔਰੰਗਜ਼ੇਬ ਦੀ ਕਬਰ ਨੂੰ ਲੈ ਕੇ ਹੋਏ ਦੰਗਿਆਂ ਦਾ ਜ਼ਿਕਰ ਕੀਤਾ ਗਿਆ ਹੈ। ਕਮਿਸ਼ਨ ਦਾ ਦੋਸ਼ ਹੈ ਕਿ ਕਈ ਮਾਮਲਿਆਂ ਵਿੱਚ ਪੁਲਿਸ ਦੀ ਭੂਮਿਕਾ ਮੂਕ ਦਰਸ਼ਕ ਵਾਲੀ ਰਹੀ ਹੈ।

ਵਕਫ਼ ਬਿੱਲ ਨੂੰ ਲੈ ਕੇ ਪੱਛਮੀ ਬੰਗਾਲ ਵਿੱਚ ਹੋਈ ਹਿੰਸਾ ਅਤੇ ਲੱਦਾਖ ਵਿੱਚ ਵਾਤਾਵਰਣ ਕਾਰਕੁਨ ਸੋਨੀਆ ਵਾਂਗਚੁਕ ਦੀ ਐਨਐਸਏ ਹਿਰਾਸਤ ਵਰਗੀਆਂ ਘਟਨਾਵਾਂ ਨੂੰ ਲੋਕਤੰਤਰੀ ਕਦਰਾਂ-ਕੀਮਤਾਂ ਦੇ ਵਿਰੁੱਧ ਦੱਸਿਆ ਗਿਆ ਹੈ।ਅਸਾਮ ਤੋਂ ਬੰਗਾਲੀ ਮੁਸਲਮਾਨਾਂ ਨੂੰ ਬੰਗਲਾਦੇਸ਼ ਭੇਜਣ ਅਤੇ ਰੋਹਿੰਗਿਆ ਸ਼ਰਨਾਰਥੀਆਂ ਨਾਲ ਹੋਏ ਸਲੂਕ ਨੇ ਮਨੁੱਖੀ ਅਧਿਕਾਰਾਂ ਦੇ ਮੁੱਦੇ ਨੂੰ ਕੌਮਾਂਤਰੀ ਪੱਧਰ 'ਤੇ ਗਰਮਾ ਦਿੱਤਾ ਹੈ।

ਭਾਰਤ ਸਰਕਾਰ ਨੇ ਪਹਿਲਾਂ ਵੀ ਅਜਿਹੀਆਂ ਰਿਪੋਰਟਾਂ ਨੂੰ "ਪੱਖਪਾਤੀ" ਅਤੇ "ਸਿਆਸਤ ਤੋਂ ਪ੍ਰੇਰਿਤ" ਕਹਿ ਕੇ ਰੱਦ ਕੀਤਾ ਹੈ। ਹਾਲਾਂਕਿ, 2026 ਦੀ ਇਹ ਰਿਪੋਰਟ ਭਾਰਤ ਦੀ ਅੰਦਰੂਨੀ ਰਾਜਨੀਤੀ ਅਤੇ ਵਿਸ਼ਵ ਪੱਧਰ 'ਤੇ ਇਸਦੀ ਸਾਖ਼ ਵਿਚਕਾਰ ਇੱਕ ਨਵਾਂ ਟਕਰਾਅ ਪੈਦਾ ਕਰ ਰਹੀ ਹੈ।ਅਸਾਮ ਤੋਂ ਬੰਗਾਲੀ ਮੁਸਲਮਾਨਾਂ ਨੂੰ ਕੱਢਣ ਅਤੇ ਰੋਹਿੰਗਿਆ ਸ਼ਰਨਾਰਥੀਆਂ ਨਾਲ ਅਣਮਨੁੱਖੀ ਸਲੂਕ, ਸਿੱਖਾਂ ਨਾਲ ਵਿਤਕਰੇ ਨੇ ਭਾਰਤ ਦੀ ਮਾਨਵਤਾਵਾਦੀ ਸਾਖ਼ ਨੂੰ ਵਿਸ਼ਵ ਪੱਧਰ 'ਤੇ ਧੁੰਦਲਾ ਕੀਤਾ ਹੈ। ਵਕਫ਼ ਬਿੱਲ ਨੂੰ ਲੈ ਕੇ ਹੋਏ ਦੰਗੇ ਅਤੇ ਸੁਪਰੀਮ ਕੋਰਟ ਵੱਲੋਂ ਯੋਗੀ ਸਰਕਾਰ ਦੇ ਨਮਾਜ਼ੀਆਂ ਦੀ ਗਿਣਤੀ ਸੀਮਤ ਕਰਨ ਵਾਲੇ ਫੈਸਲੇ 'ਤੇ ਲਗਾਈ ਫਟਕਾਰ ਇਹ ਸਾਬਤ ਕਰਦੀ ਹੈ ਕਿ ਭਾਰਤ ਦੇ ਅੰਦਰ ਹੀ ਸਰਕਾਰ ਦੀਆਂ ਨੀਤੀਆਂ 'ਤੇ ਸਵਾਲ ਉੱਠ ਰਹੇ ਹਨ।

## ਸ਼ਰਾਬ ਘੁਟਾਲਾ ਮਾਮਲਾ: ਦਿੱਲੀ ਹਾਈ ਕੋਰਟ ਨੇ ਕੇਜਰੀਵਾਲ ਅਤੇ ਹੋਰ ਮੁਲਜ਼ਮਾਂ ਨੂੰ ਜਵਾਬ ਦੇਣ ਲਈ ਦਿੱਤਾ ਹੋਰ ਸਮਾਂ



ਨਵੀਂ ਦਿੱਲੀ-ਦਿੱਲੀ ਦੇ ਬਹੁ-ਚਰਚਿਤ ਸ਼ਰਾਬ ਘੁਟਾਲਾ ਮਾਮਲੇ ਵਿੱਚ ਅੱਜ ਹਾਈ ਕੋਰਟ ਵਿੱਚ ਅਹਿਮ ਸੁਣਵਾਈ ਹੋਈ। ਅਦਾਲਤ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਸਮੇਤ ਸਾਰੇ 23 ਮੁਲਜ਼ਮਾਂ ਨੂੰ ਸੀ.ਬੀ.ਆਈ ਦੀ ਪਟੀਸ਼ਨ 'ਤੇ ਆਪਣਾ ਜਵਾਬ ਦਾਖ਼ਲ ਕਰਨ ਲਈ ਹੋਰ ਸਮਾਂ ਦੇ ਦਿੱਤਾ ਹੈ। ਜ਼ਿਕਰਯੋਗ ਹੈ ਕਿ ਹੇਠਲੀ ਅਦਾਲਤ ਨੇ ਇਸ ਮਾਮਲੇ ਵਿੱਚ ਕੇਜਰੀਵਾਲ ਅਤੇ ਹੋਰਾਂ ਨੂੰ ਬਰੀ ਕਰਨ ਦੇ ਹੁਕਮ ਦਿੱਤੇ ਸਨ। ਸੀ.ਬੀ.ਆਈ. ਨੇ ਹੇਠਲੀ ਅਦਾਲਤ ਦੇ ਇਸ ਫੈਸਲੇ ਨੂੰ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਹੈ। ਇਸ ਸੁਣਵਾਈ ਦੌਰਾਨ ਜਸਟਿਸ ਸਵਰਨ ਕਾਂਤਾ ਸ਼ਰਮਾ ਨੇ ਸਾਰੇ ਪੱਖਾਂ ਨੂੰ ਸੁਣਨ ਤੋਂ ਬਾਅਦ ਜਵਾਬ ਦੇਣ ਲਈ ਵਾਧੂ ਸਮਾਂ ਪ੍ਰਦਾਨ ਕੀਤਾ।ਅਗਲੀ ਸੁਣਵਾਈ: ਮਾਮਲੇ ਦੀ ਅਗਲੀ ਸੁਣਵਾਈ ਹੁਣ 6 ਅਪ੍ਰੈਲ ਨੂੰ ਹੋਵੇਗੀ।

# ਪਾਕਿਸਤਾਨ-ਅਫ਼ਗਾਨਿਸਤਾਨ ਸਰਹੱਦ ’ਤੇ ਜੰਗ ਵਰਗੇ ਹਾਲਾਤ

ਕਾਬੁਲ/ਇਸਲਾਮਾਬਾਦ-ਪਾਕਿਸਤਾਨ ਅਤੇ ਅਫ਼ਗਾਨਿਸਤਾਨ ਵਿਚਾਲੇ ਤਣਾਅ ਚਰਮ ਸੀਮਾ ’ਤੇ ਪਹੁੰਚ ਗਿਆ ਹੈ। ਸ਼ੁੱਕਰਵਾਰ ਰਾਤ ਨੂੰ ਪਾਕਿਸਤਾਨ ਵੱਲੋਂ ਕਾਬੁਲ ਵਿੱਚ ਕੀਤੇ ਗਏ ਹਮਲੇ ਦੇ ਜਵਾਬ ਵਿੱਚ ਅਫ਼ਗਾਨਿਸਤਾਨ ਨੇ ਭਾਰੀ ਪਲਟਵਾਰ ਕੀਤਾ ਹੈ। ਅਫ਼ਗਾਨਿਸਤਾਨ ਦੇ ਰੱਖਿਆ ਮੰਤਰਾਲੇ ਮੁਤਾਬਕ, ਡੂਰੰਡ ਲਾਈਨ ਦੇ ਨੇੜੇ ਕੀਤੇ ਗਏ ਇਸ ਜਵਾਬੀ ਹਮਲੇ ਵਿੱਚ 14 ਪਾਕਿਸਤਾਨੀ ਫ਼ੌਜੀ ਮਾਰੇ ਗਏ ਹਨ ਅਤੇ 11 ਜ਼ਖ਼ਮੀ ਹੋਏ ਹਨ। ਇਹ ਤਾਜ਼ਾ ਹਿੰਸਾ ਸ਼ੁੱਕਰਵਾਰ ਰਾਤ ਨੂੰ ਹੋਏ ਪਾਕਿਸਤਾਨੀ ਹਮਲੇ ਤੋਂ ਬਾਅਦ ਸ਼ੁਰੂ ਹੋਈ। ਪਾਕਿਸਤਾਨ ਨੇ ਕਾਬੁਲ ਦੇ ਪੁਲ-ਏ-ਚਾਰਖੀ ਇਲਾਕੇ ’ਤੇ ਹਮਲਾ ਕੀਤਾ ਸੀ, ਜਿਸ ਵਿੱਚ ਔਰਤਾਂ ਅਤੇ ਬੱਚਿਆਂ ਸਮੇਤ 4 ਅਫ਼ਗਾਨ ਨਾਗਰਿਕ ਮਾਰੇ ਗਏ ਅਤੇ 14 ਜ਼ਖ਼ਮੀ ਹੋਏ। ਸ਼ਨਿਚਰਵਾਰ ਨੂੰ ਅਫ਼ਗਾਨਿਸਤਾਨ ਨੇ ਕੁਨਾਰ ਅਤੇ ਨਾਂਗਰਹਾਰ ਦੇ ਸਰਹੱਦੀ ਇਲਾਕਿਆਂ ਵਿੱਚ ਪਾਕਿਸਤਾਨੀ ਫ਼ੌਜੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ। ਇਸ ਦੌਰਾਨ ਪਾਕਿਸਤਾਨ ਦਾ ਇਕ ਟੈਂਕ ਅਤੇ ਇਕ ਫ਼ੌਜੀ ਵਾਹਨ ਵੀ ਤਬਾਹ ਹੋ ਗਿਆ।

## ✪ ਅਫ਼ਗਾਨ ਹਮਲੇ ’ਚ 14 ਪਾਕਿਸਤਾਨੀ ਫ਼ੌਜੀ ਹਲਾਕ



### ਪਿਛਲੇ ਕੁਝ ਦਿਨਾਂ ਦਾ ਘਟਨਾਕ੍ਰਮ

ਸਰਹੱਦ ’ਤੇ ਸਥਿਤੀ ਲਗਾਤਾਰ ਵਿਗੜਦੀ ਜਾ ਰਹੀ ਹੈ:

ਤੇਲ ਭੰਡਾਰਾਂ ’ਤੇ ਹਮਲੇ: ਵੀਰਵਾਰ ਨੂੰ ਪਾਕਿਸਤਾਨੀ ਹਵਾਈ ਫ਼ੌਜ ਨੇ ਕੰਧਾਰ ਅਤੇ ਨਾਂਗਰਹਾਰ ਨੇੜੇ ਤੇਲ ਭੰਡਾਰਾਂ ਨੂੰ ਨਿਸ਼ਾਨਾ ਬਣਾਇਆ ਸੀ, ਜਿਸ ਕਾਰਨ ਹੱਜ ਯਾਤਰਾ ’ਤੇ ਜਾਣ ਵਾਲੇ ਸ਼ਰਧਾਲੂਆਂ ਲਈ ਸੰਕਟ ਪੈਦਾ ਹੋ ਸਕਦਾ ਹੈ।

ਇਸਲਾਮਾਬਾਦ ਤੱਕ ਪਹੁੰਚ: ਜਵਾਬੀ ਕਾਰਵਾਈ ਵਿੱਚ ਅਫ਼ਗਾਨ ਹਵਾਈ ਫ਼ੌਜ ਨੇ ਪਾਕਿਸਤਾਨ ਦੀ ਰਾਜਧਾਨੀ ਦੇ ਨੇੜੇ ਫੈਜ਼ਾਬਾਦ ਫ਼ੌਜੀ ਟਿਕਾਣੇ ’ਤੇ ਵੀ ਹਮਲਾ ਕੀਤਾ ਸੀ।

ਆਪ੍ਰੇਸ਼ਨ ‘ਗਜ਼ਬ ਲਿਲ ਹੱਕ’: ਪਾਕਿਸਤਾਨ ਵੱਲੋਂ 28 ਫਰਵਰੀ ਨੂੰ ਸ਼ੁਰੂ ਕੀਤੇ ਗਏ ਇਸ ਫ਼ੌਜੀ ਆਪ੍ਰੇਸ਼ਨ ਤੋਂ ਬਾਅਦ ਹੁਣ ਤੱਕ 50 ਤੋਂ ਵੱਧ ਅਫ਼ਗਾਨ ਨਾਗਰਿਕ ਆਪਣੀ ਜਾਨ ਗੁਆ ਚੁੱਕੇ ਹਨ।

### ਅੰਤਰਰਾਸ਼ਟਰੀ ਚਿੰਤਾ

ਸੰਯੁਕਤ ਰਾਸ਼ਟਰ ਨੇ ਪਾਕਿਸਤਾਨੀ ਹਮਲਿਆਂ ਵਿੱਚ ਨਿਰਦੋਸ਼ ਅਫ਼ਗਾਨ ਨਾਗਰਿਕਾਂ ਦੀ ਮੌਤ ਦੀ ਪੁਸ਼ਟੀ ਕੀਤੀ ਹੈ। 2021 ਵਿੱਚ ਤਾਲਿਬਾਨ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਦੋਵਾਂ ਦੇਸ਼ਾਂ ਦੇ ਸਬੰਧ ਸਭ ਤੋਂ ਖਰਾਬ ਦੌਰ ਵਿੱਚੋਂ ਗੁਜ਼ਰ ਰਹੇ ਹਨ। ਕਈ ਮੁਸਲਿਮ ਦੇਸ਼ ਸ਼ਾਂਤੀ ਸਥਾਪਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ, ਪਰ ਸਰਹੱਦ ’ਤੇ ਗੋਲੀਬਾਰੀ ਰੁਕਣ ਦਾ ਨਾਮ ਨਹੀਂ ਲੈ ਰਹੀ। ਅਫ਼ਗਾਨ ਰੱਖਿਆ ਮੰਤਰੀ ਅਨੁਸਾਰ? “ਅਫ਼ਗਾਨਿਸਤਾਨ ਆਪਣੀ ਸਰਜ਼ਮੀਨ ਦੀ ਰਾਖੀ ਕਰਨਾ ਜਾਣਦਾ ਹੈ ਅਤੇ ਹਰ ਹਮਲੇ ਦਾ ਮੂੰਹਤੋੜ ਜਵਾਬ ਦਿੱਤਾ ਜਾਵੇਗਾ।”

ਜੰਗ ਦੇ ਹਾਲਾਤਾਂ ਵਿਚਕਾਰ ਪਾਕਿਸਤਾਨ ਆਰਥਿਕ ਸੰਕਟ ਨਾਲ ਵੀ ਜੂਝ ਰਿਹਾ ਹੈ। ਰਿਪੋਰਟਾਂ ਮੁਤਾਬਕ ਦੇਸ਼ ਵਿੱਚ ਦਵਾਈਆਂ ਦਾ ਸਟਾਕ ਸਿਰਫ਼ 45 ਦਿਨਾਂ ਦਾ ਰਹਿ ਗਿਆ ਹੈ।

# ਕਰਤਾਰਪੁਰ ਸਾਹਿਬ ਲਾਂਘਾ ਮੁੜ ਖੋਲ੍ਹਣ ਲਈ ਕੌਮਾਂਤਰੀ ਸਰਹੱਦ ’ਤੇ ਅਰਦਾਸ, ਸਿੱਖ ਜਥੇਬੰਦੀਆਂ ਨੇ ਦੋਵਾਂ ਸਰਕਾਰਾਂ ਨੂੰ ਕੀਤੀ ਅਪੀਲ



ਡੇਰਾ ਬਾਬਾ ਨਾਨਕ/ਅੰਮ੍ਰਿਤਸਰ-‘ਅਪਰੇਸ਼ਨ ਸਿੰਧੂਰ’ ਤੋਂ ਬਾਅਦ ਬੰਦ ਕੀਤੇ ਗਏ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ (ਪਾਕਿਸਤਾਨ) ਦੇ ਲਾਂਘੇ ਨੂੰ ਮੁੜ ਖੁਲ੍ਹਵਾਉਣ ਲਈ ਸਿੱਖ ਸੰਗਤਾਂ ਅਤੇ ਵੱਖ-ਵੱਖ ਜਥੇਬੰਦੀਆਂ ਨੇ ਕੌਮਾਂਤਰੀ ਸਰਹੱਦ ’ਤੇ ਸਾਂਝੇ ਤੌਰ ’ਤੇ ਅਰਦਾਸ ਕੀਤੀ। ਇਸ ਮੌਕੇ ਸੰਗਤਾਂ ਵੱਲੋਂ ‘ਸਤਿਨਾਮ-ਵਾਹਿਗੁਰੂ’ ਦਾ ਜਾਪ ਕਰਦਿਆਂ ਦੋਵਾਂ ਮੁਲਕਾਂ ਦੀਆਂ ਸਰਕਾਰਾਂ ਨੂੰ ਸੰਗਤ ਦੀਆਂ ਭਾਵਨਾਵਾਂ ਸਮਝਣ ਦੀ ਅਪੀਲ ਕੀਤੀ ਗਈ। ਅਰਦਾਸ ਸਮਾਗਮ ਵਿੱਚ ਦਿੱਲੀ ਅਤੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਨੁਮਾਇੰਦਿਆਂ ਸਮੇਤ ਕਈ ਪ੍ਰਮੁੱਖ ਸ਼ਖਸੀਅਤਾਂ ਨੇ ਸ਼ਿਰਕਤ ਕੀਤੀ। ਦਿੱਲੀ ਕਮੇਟੀ ਦੇ ਧਰਮ ਪ੍ਰਚਾਰ ਚੇਅਰਮੈਨ ਮਨਜੀਤ ਸਿੰਘ ਭੋਮਾ ਅਤੇ ਹਰਿਆਣਾ ਕਮੇਟੀ ਦੇ ਸਕੱਤਰ ਸਰਬਜੀਤ ਸਿੰਘ ਜੰਮੂ ਨੇ ਭਾਰਤ ਅਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀਆਂ ਨੂੰ ਅਪੀਲ ਕੀਤੀ ਕਿ ਡੇਰਾ ਬਾਬਾ ਨਾਨਕ-ਕਰਤਾਰਪੁਰ ਕੋਰੀਡੋਰ ਨੂੰ ਤੁਰੰਤ ਖੋਲ੍ਹਿਆ ਜਾਵੇ। ਭਾਈ ਸੁਰਿੰਦਰਪਾਲ ਸਿੰਘ ਤਾਲਿਬਪੁਰ ਨੇ ਇੱਕ ਅਹਿਮ ਸੁਝਾਅ ਦਿੰਦਿਆਂ ਕਿਹਾ ਕਿ ਇਸ ਲਾਂਘੇ ਨੂੰ ਸਿਰਫ਼ ਦਰਸ਼ਨਾਂ ਤੱਕ ਸੀਮਤ ਨਾ ਰੱਖ ਕੇ, ਸਰਹੱਦ ਦੇ ਦੋਵਾਂ ਪਾਸਿਆਂ ਦੇ ਖੇਤਰ ਨੂੰ ‘ਗੁਰੂ ਨਾਨਕ ਫਰੀ ਵਪਾਰ ਜ਼ੋਨ’ ਬਣਾਇਆ ਜਾਵੇ। ਉਨ੍ਹਾਂ ਅਨੁਸਾਰ ਇਸ ਨਾਲ ਦੋਵਾਂ ਦੇਸ਼ਾਂ ਵਿਚਾਲੇ ਭਾਈਚਾਰਕ ਸਾਂਝ ਅਤੇ ਆਰਥਿਕਤਾ ਮਜ਼ਬੂਤ ਹੋਵੇਗੀ। ਇਸ ਮੌਕੇ ਵੱਡੀ ਗਿਣਤੀ ਵਿੱਚ ਸੰਗਤਾਂ ਤੋਂ ਇਲਾਵਾ ਡਾ. ਸੁਖਪ੍ਰੀਤ ਸਿੰਘ ਭਲਾ ਪਿੰਡ, ਸਰਤਾਜ ਪ੍ਰੀਤ ਸਿੰਘ ਭੰਗ, ਭਾਈ ਰਜਵੰਤ ਸਿੰਘ, ਸਰਬਜੀਤ ਸਿੰਘ ਚੀਮਾ ਖੁੱਡੀ ਅਤੇ ਹੋਰ ਹਾਜ਼ਰ ਸਨ।

# ਸੋਨਮ ਵਾਂਗਚੁੱਕ ਦੀ ਰਿਹਾਈ: ਭਾਰਤ ਸਰਕਾਰ ਦੀ ਮਜਬੂਰੀ ਜਾਂ ਰਣਨੀਤਕ ਕਦਮ?



ਨਵੀਂ ਦਿੱਲੀ/ਲੇਹ-ਲੱਦਾਖ ਦੇ ਪ੍ਰਸਿੱਧ ਜਲਵਾਯੂ ਕਾਰਕੁੰਨ ਅਤੇ ਗਾਂਧੀਵਾਦੀ ਆਗੂ ਸੋਨਮ ਵਾਂਗਚੁੱਕ ਦੀ ਅਚਾਨਕ ਰਿਹਾਈ ਨੇ ਦੇਸ਼ ਦੇ ਸਿਆਸੀ ਅਤੇ ਕਾਨੂੰਨੀ ਗਲਿਆਰਿਆਂ ਵਿੱਚ ਇੱਕ ਨਵੀਂ ਚਰਚਾ ਛੇੜ ਦਿੱਤੀ ਹੈ। 26 ਸਤੰਬਰ 2025 ਨੂੰ ਕੌਮੀ ਸੁਰੱਖਿਆ ਐਕਟ ਤਹਿਤ ਗ੍ਰਿਫ਼ਤਾਰ ਕੀਤੇ ਗਏ ਵਾਂਗਚੁੱਕ ਨੂੰ ਲਗਭਗ 170 ਦਿਨਾਂ ਬਾਅਦ ਜੋਧਪੁਰ ਜੇਲ੍ਹ ਵਿੱਚੋਂ ਰਿਹਾਅ ਕਰ ਦਿੱਤਾ ਗਿਆ ਹੈ। ਦਿਲਚਸਪ ਗੱਲ ਇਹ ਹੈ ਕਿ ਜਿਸ ਸ਼ਖ਼ਸ ਨੂੰ ਕੁਝ ਮਹੀਨੇ ਪਹਿਲਾਂ ‘ਦੇਸ਼ਧ੍ਰੋਹੀ’ ਅਤੇ ‘ਪਾਕਿਸਤਾਨੀ ਏਜੰਟ’ ਗਰਦਾਨਿਆ ਗਿਆ ਸੀ, ਉਸ ਨੂੰ ਹੁਣ ਸਰਕਾਰ ਨੇ ‘ਬੇਦਾਗ’ ਮੰਨਦਿਆਂ ਰਿਹਾਅ ਕਰ ਦਿੱਤਾ ਹੈ। ਤਿਲ ਰਹੇ ਕਿ ਵਾਂਗਚੁੱਕ ’ਤੇ ਲੱਦਾਖ ਵਿੱਚ ਜੈੱਨ ਜ਼ੈੱਡ ਦੇ ਹਿੰਸਕ ਅੰਦੋਲਨ ਨੂੰ ਭੜਕਾਉਣ ਦੇ ਦੋਸ਼ ਲਾਏ ਗਏ ਸਨ। ਉਨ੍ਹਾਂ ਨੂੰ ਲੱਦਾਖ ਦੀ ਬਰਫੀਲੀ ਠੰਢ ਵਿੱਚੋਂ ਕੱਢ ਕੇ ਜੋਧਪੁਰ ਦੀ ਤਪਦੀ ਗਰਮੀ ਵਾਲੀ ਜੇਲ੍ਹ ਵਿੱਚ ਨਰੜ ਦਿੱਤਾ ਗਿਆ ਸੀ।ਵਾਂਗਚੁੱਕ ਦਾ ਅਸਲ ‘ਕਸੂਰ’ ਲੱਦਾਖ ਨੂੰ ਪੂਰਨ ਰਾਜ ਦਾ ਦਰਜਾ ਦਿਵਾਉਣ ਅਤੇ ਛੇਵੀਂ ਅਨੁਸੂਚੀ ਵਿੱਚ ਸ਼ਾਮਲ ਕਰਨ ਦੀ ਮੰਗ ਨੂੰ ਲੈ ਕੇ ਕੀਤੀ ਗਈ ਭੁੱਖ ਹੜਤਾਲ ਸੀ। ਸੂਤਰਾਂ ਅਨੁਸਾਰ, ਸੁਪਰੀਮ ਕੋਰਟ ਵਿੱਚ ਇਸ ਮਾਮਲੇ ਦੀ ਸੁਣਵਾਈ ਹੋਣ ਵਾਲੀ ਸੀ। ਸਰਕਾਰ ਕੋਲ ਵਾਂਗਚੁੱਕ ਖਿਲਾਫ ਕੋਈ ਪੁਖਤਾ ਸਬੂਤ ਨਹੀਂ ਸਨ, ਜਿਸ ਕਾਰਨ ਅਦਾਲਤ ਵਿੱਚ ਹੋਣ ਵਾਲੀ ਸੰਭਾਵੀ ਨਮੋਸ਼ੀ ਤੋਂ ਬਚਣ ਲਈ ਇਹ ਫੈਸਲਾ ਲਿਆ ਗਿਆ। ਵਾਂਗਚੁੱਕ ਇੱਕ ਵਿਸ਼ਵ ਪ੍ਰਸਿੱਧ ਸ਼ਖ਼ਸੀਅਤ ਹਨ। ਉਨ੍ਹਾਂ ਦੀ ਗ੍ਰਿਫ਼ਤਾਰੀ ਨਾਲ ਕੌਮਾਂਤਰੀ ਪੱਧਰ ’ਤੇ ਭਾਰਤ ਦੇ ਜਮਹੂਰੀ ਅਕਸ ਨੂੰ ਢਾਹ ਲੱਗ ਰਹੀ ਸੀ। ਇਸ ਘਟਨਾਕ੍ਰਮ ਨੇ ਨਿਆਂਪਾਲਿਕਾ ਦੀ ਕਾਰਜਪ੍ਰਣਾਲੀ ’ਤੇ ਵੀ ਸਵਾਲ ਖੜ੍ਹੇ ਕੀਤੇ ਹਨ। ਕੀ ਅਦਾਲਤਾਂ ਨੂੰ ਇਹ ਨਹੀਂ ਦੇਖਣਾ ਚਾਹੀਦਾ ਕਿ ਕੀ ਸਰਕਾਰ ਵੱਲੋਂ ਪੇਸ਼ ਕੀਤੇ ਗਏ ਦੋਸ਼ਾਂ ਵਿੱਚ ਕੋਈ ਸੱਚਾਈ ਹੈ? ਵਾਂਗਚੁੱਕ ਦੀ ਰਿਹਾਈ ਇਹ ਸਾਬਤ ਕਰਦੀ ਹੈ ਕਿ ਜੇਕਰ ਸੁਪਰੀਮ ਕੋਰਟ ਸਖ਼ਤੀ ਦਿਖਾਵੇ ਤਾਂ ਸਰਕਾਰ ਨੂੰ ਆਪਣੇ ਮਨਮਾਨੇ ਫੈਸਲੇ ਵਾਪਸ ਲੈਣੇ ਪੈਂਦੇ ਹਨ।

## ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ ਵਿਚ ‘ਆਪ’ ਨੂੰ ਵੱਡਾ ਝਟਕਾ

## ਬਲਾਕ ਪ੍ਰਧਾਨ ਸਾਥੀਆਂ ਸਮੇਤ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ



ਸ੍ਰੀ ਅੱਚਲ ਸਾਹਿਬ-ਪੰਜਾਬ ਦੀ ਸਿਆਸਤ ਵਿੱਚ ਦਲ-ਬਦਲੀ ਦਾ ਦੌਰ ਜਾਰੀ ਹੈ। ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ ਅਧੀਨ ਪੈਂਦੇ ਕਸਬਾ ਘੁਮਾਣ ਵਿਖੇ ਆਮ ਆਦਮੀ ਪਾਰਟੀ ਨੂੰ ਉਸ ਵੇਲੇ ਵੱਡਾ ਝਟਕਾ ਲੱਗਾ ਜਦੋਂ ਪਾਰਟੀ ਦੇ ਮੌਜੂਦਾ ਬਲਾਕ ਪ੍ਰਧਾਨ ਸੂਬੇਦਾਰ ਪ੍ਰਧਾਨ ਸਿੰਘ ਢਪਈ ਆਪਣੇ ਸਾਥੀਆਂ ਸਮੇਤ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ। ਬੀਤੇ ਦਿਨੀਂ ਇਤਿਹਾਸਕ ਗੁਰਦੁਆਰਾ ਤਪਿਆਣਾ ਸਾਹਿਬ ਵਿਖੇ ਹਲਕਾ ਇੰਚਾਰਜ ਰਾਜਨਬੀਰ ਸਿੰਘ ਘੁਮਾਣ ਵੱਲੋਂ ਕਰਵਾਏ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਮੌਕੇ ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਵਿਸ਼ੇਸ਼ ਤੌਰ ’ਤੇ ਨਤਮਸਤਕ ਹੋਏ।

ਇਸ ਮੌਕੇ ਉਨ੍ਹਾਂ ਦੀ ਹਾਜ਼ਰੀ ਵਿੱਚ ਬਲਾਕ ਪ੍ਰਧਾਨ ਸੂਬੇਦਾਰ ਪ੍ਰਧਾਨ ਸਿੰਘ ਢਪਈ, ਮੈਂਬਰ ਬਲਰਾਜ ਸਿੰਘ ਢਪਈ, ਮੈਂਬਰ ਰਘਬੀਰ ਸਿੰਘ ਢਪਈ ਨੇ ਰਾਜਨਬੀਰ ਸਿੰਘ ਘੁਮਾਣ ਦੀ ਅਗਵਾਈ ਹੇਠ ਮਜੀਠੀਆ ਪਾਸੋਂ ਸਿਰੋਪਾਓ ਪਵਾ ਕੇ ਅਕਾਲੀ ਦਲ ਵਿੱਚ ਸ਼ਮੂਲੀਅਤ ਕੀਤੀ।

# ਈਰਾਨ ਜੰਗ ਨਾਲ ਕਿਹੜੇ ਦੇਸ਼ਾਂ ਨੂੰ ਫਾਇਦਾ ਤੇ ਕਿਨ੍ਹਾਂ ਨੂੰ ਨੁਕਸਾਨ

**✪ ਗਲੋਬਲ ਅਰਥਵਿਵਸਥਾ ਵਿੱਚ ਹੋਈ ਉਥਲ-ਪੁਥਲ, ਹੋਰਮੁਜ਼ ਜਲਡਮਰੂ ਬੰਦ ਹੋਣ ਨਾਲ 200 ਡਾਲਰ ਤੱਕ ਪਹੁੰਚ ਸਕਦਾ ਹੈ ਕੱਚਾ ਤੇਲ ✪ ਭਾਰਤੀ ਰੁਪਏ ਵਿਚ ਭਾਰੀ ਗਿਰਾਵਟ ਅਤੇ ਮਹਿੰਗਾਈ ਦੇ ਚੱਕਰਵਿਊ ਵਿੱਚ ਫਸਿਆ ਦੇਸ਼**

ਵਿਸ਼ੇਸ਼ ਰਿਪੋਟ

ਪੱਛਮੀ ਏਸ਼ੀਆ ਵਿੱਚ ਚੱਲ ਰਹੀ ਈਰਾਨ-ਇਜ਼ਰਾਈਲ ਜੰਗ ਨੇ ਨਾ ਸਿਰਫ਼ ਖੇਤਰੀ ਸੁਰੱਖਿਆ ਨੂੰ ਖਤਰੇ ਵਿੱਚ ਪਾਇਆ ਹੈ, ਸਗੋਂ ਪੂਰੀ ਦੁਨੀਆ ਦੀ ਅਰਥਵਿਵਸਥਾ ਨੂੰ ਹਿਲਾ ਕੇ ਰੱਖ ਦਿੱਤਾ ਹੈ। ਇਸ ਕਾਰਣ ਹੋਰਮੁਜ਼ ਜਲਡਮਰੂ ਵਰਗੇ ਮਹੱਤਵਪੂਰਨ ਸਮੁੰਦਰੀ ਰੂਟ ਬੰਦ ਹੋ ਗਏ ਹਨ। ਨਤੀਜੇ ਵਜੋਂ ਤੇਲ ਅਤੇ ਗੈਸ ਦੀਆਂ ਕੀਮਤਾਂ ਅਸਮਾਨ ਨੂੰ ਛੂਹ ਰਹੀਆਂ ਹਨ, ਅਤੇ ਗਲੋਬਲ ਸਪਲਾਈ ਚੇਨ ਵਿੱਚ ਵੱਡੀ ਉਥਲ-ਪੁਥਲ ਮਚੀ ਹੋਈ ਹੈ। ਇਸ ਜੰਗ ਨੇ ਕੁਝ ਦੇਸ਼ਾਂ ਲਈ ਮੌਕੇ ਪੈਦਾ ਕੀਤੇ ਹਨ, ਜਦਕਿ ਕਈ ਮੁਲਕਾਂ ਨੂੰ ਭਾਰੀ ਨੁਕਸਾਨ ਝੱਲਣਾ ਪੈ ਰਿਹਾ ਹੈ। ਇਹ ਜੰਗ ਸਿਰਫ਼ ਫੌਜੀ ਨਹੀਂ, ਸਗੋਂ ਆਰਥਿਕ ਵੀ ਹੈ। ਤੇਲ ਦੀਆਂ ਕੀਮਤਾਂ ਵਿੱਚ ਵਾਧੇ ਨਾਲ ਆਮ ਆਦਮੀ ਦੀ ਜੇਬ 'ਤੇ ਅਸਰ ਪੈ ਰਿਹਾ ਹੈ।



ਸਭ ਤੋਂ ਵੱਡਾ ਨੁਕਸਾਨ ਉਨ੍ਹਾਂ ਦੇਸ਼ਾਂ ਨੂੰ ਹੋ ਰਿਹਾ ਹੈ ਜੋ ਤੇਲ ਅਤੇ ਗੈਸ ਦੇ ਵੱਡੇ ਆਯਾਤਕਾਰ ਹਨ। ਭਾਰਤ ਇਸ ਲਿਸਟ ਵਿੱਚ ਸਭ ਤੋਂ ਅੱਗੇ ਹੈ। ਭਾਰਤ ਆਪਣੀ ਲੋੜ ਦਾ 80 ਫੀਸਦੀ ਤੋਂ ਵੱਧ ਕੱਚਾ ਤੇਲ ਖਾੜੀ ਦੇਸ਼ਾਂ ਤੋਂ ਮੰਗਵਾਉਂਦਾ ਹੈ, ਅਤੇ ਹੋਰਮੁਜ਼ ਜਲਡਮਰੂ ਦੇ ਬੰਦ ਹੋਣ ਨਾਲ ਸਪਲਾਈ ਚੇਨ ਟੁੱਟ ਗਈ ਹੈ। ਨਤੀਜੇ ਵਜੋਂ, ਐਲਪੀਜੀ ਸਿਲੰਡਰਾਂ ਲਈ ਲੰਬੀਆਂ ਕਤਾਰਾਂ ਲੱਗੀਆਂ ਹੋਈਆਂ ਹਨ, ਅਤੇ ਕੀਮਤਾਂ ਵਿੱਚ 20-30 ਫੀਸਦੀ ਵਾਧਾ ਹੋ ਚੁੱਕਾ ਹੈ। ਭਾਰਤੀ ਰੁਪਈਆ ਡਾਲਰ ਦੇ ਮੁਕਾਬਲੇ 92 ਰੁਪਏ ਤੱਕ ਡਿੱਗ ਗਿਆ ਹੈ, ਜਿਸ ਨਾਲ ਵਪਾਰ ਘਾਟਾ ਵਧ ਰਿਹਾ ਹੈ। ਖੇਤੀਬਾੜੀ ਵੀ ਪ੍ਰਭਾਵਿਤ ਹੋ ਰਹੀ ਹੈ, ਕਿਉਂਕਿ ਖਾਦ ਅਤੇ ਕੀਟਨਾਸ਼ਕਾਂ ਦੀਆਂ ਕੀਮਤਾਂ ਵਧ ਗਈਆਂ ਹਨ। ਟਾਈਮਜ਼ ਆਫ਼ ਇੰਡੀਆ ਦੀ ਰਿਪੋਰਟ ਅਨੁਸਾਰ, ਭਾਰਤ ਨੂੰ ਇਸ ਜੰਗ ਨਾਲ ਭਾਰੀ ਆਰਥਿਕ ਝਟਕਾ ਲੱਗ ਰਿਹਾ ਹੈ, ਜਿਸ ਨਾਲ ਜੀਡੀਪੀ ਵਿਕਾਸ ਦਰ 7 ਫੀਸਦੀ ਤੋਂ ਘਟ ਕੇ 6.5 ਫੀਸਦੀ ਤੱਕ ਪਹੁੰਚ ਸਕਦੀ ਹੈ।

ਚੀਨ ਵੀ ਇਸ ਸੰਕਟ ਵਿੱਚ ਡੂੰਘਾ ਨੁਕਸਾਨ ਝੱਲ ਰਿਹਾ ਹੈ। ਚੀਨ ਦਾ ਕੱਚੇ ਤੇਲ ਦਾ 12 ਫੀਸਦੀ ਆਯਾਤ ਈਰਾਨ ਤੋਂ ਆਉਂਦਾ ਹੈ, ਪਰ ਹੋਰਮੁਜ਼ ਅਤੇ ਬਾਬ ਅਲ-ਮੰਦੇਬ ਜਲਡਮਰੂ ਵਿੱਚ ਰੁਕਾਵਟਾਂ ਨਾਲ ਉਸ ਦੀ ਐਕਸਪੋਰਟ-ਅਧਾਰਿਤ ਅਰਥ -ਵਿਵਸਥਾ ਪ੍ਰਭਾਵਿਤ ਹੋ ਰਹੀ ਹੈ। ਚੀਨ ਦੀ ਜੀਡੀਪੀ ਦਾ 20 ਫੀਸਦੀ ਹਿੱਸਾ ਐਕਸਪੋਰਟ ਤੋਂ ਆਉਂਦਾ ਹੈ, ਅਤੇ ਸਮੁੰਦਰੀ ਰੂਟਾਂ ਦੇ ਬੰਦ ਹੋਣ ਨਾਲ ਯੂਰਪ ਅਤੇ ਅਮਰੀਕਾ ਵੱਲ ਜਾਣ ਵਾਲੇ ਮਾਲ ਦੀ ਆਵਾਜਾਈ ਮਹਿੰਗੀ ਹੋ ਗਈ ਹੈ। ਚੀਨ ਨੂੰ ਤੇਲ ਦੀ ਕਿੱਲਤ ਨਾਲ ਜੂਝਣਾ ਪੈ ਰਿਹਾ ਹੈ, ਪਰ ਉਹ ਰੂਸ ਵੱਲ ਰੁਖ ਕਰ ਕੇ ਕੁਝ ਰਾਹਤ ਲੈ ਸਕਦਾ ਹੈ।

ਯੂਰਪ ਵੀ ਭਾਰੀ ਨੁਕਸਾਨ ਵਿੱਚ ਹੈ। ਯੂਰੋਜ਼ੋਨ ਦੀ ਵਿਕਾਸ ਦਰ 0.1 ਫੀਸਦੀ ਘਟ ਸਕਦੀ ਹੈ ਅਤੇ ਮਹਿੰਗਾਈ 0.5 ਫੀਸਦੀ ਵਧ ਸਕਦੀ ਹੈ। ਯੂਰਪ ਨੂੰ ਹੁਣ ਅਮਰੀਕੀ ਊਰਜਾ 'ਤੇ ਵੱਧ ਨਿਰਭਰਤਾ ਵਧਾਉਣੀ ਪੈ ਰਹੀ ਹੈ। ਜਰਮਨੀ ਅਤੇ ਫਰਾਂਸ ਵਰਗੇ ਦੇਸ਼ਾਂ ਵਿੱਚ ਊਰਜਾ ਕੀਮਤਾਂ ਵਧਣ ਨਾਲ ਉਦਯੋਗ ਪ੍ਰਭਾਵਿਤ ਹੋ ਰਹੇ ਹਨ। ਉਭਰਦੀਆਂ ਅਰਥ-ਵਿਵਸਥਾਵਾਂ ਜਿਵੇਂ ਵੀਅਤਨਾਮ, ਫਿਲੀਪੀਨਜ਼, ਪਾਕਿਸਤਾਨ ਅਤੇ ਬੰਗਲਾਦੇਸ਼ ਵੀ ਨੁਕਸਾਨ ਵਿੱਚ ਹਨ। ਵੀਅਤਨਾਮ ਵਿੱਚ ਡੀਜ਼ਲ ਕੀਮਤਾਂ 60 ਫੀਸਦੀ ਵਧ ਗਈਆਂ ਹਨ।

ਈਰਾਨ ਖੁਦ ਵੀ ਵੱਡਾ ਨੁਕਸਾਨ ਝੱਲ ਰਿਹਾ ਹੈ। ਅਮਰੀਕਾ ਅਤੇ ਇਜ਼ਰਾਈਲ ਦੇ ਹਮਲਿਆਂ ਨਾਲ ਉਸ ਦੀ ਅਰਥ-ਵਿਵਸਥਾ ਠੱਪ ਹੋ ਗਈ ਹੈ, ਅਤੇ ਤੇਲ ਨਿਰਯਾਤ ਰੁਕ ਗਏ ਹਨ। ਇਜ਼ਰਾਈਲ ਨੂੰ ਵੀ ਫੌਜੀ ਖਰਚੇ ਅਤੇ ਆਰਥਿਕ ਅਸਥਿਰਤਾ ਨਾਲ ਨੁਕਸਾਨ ਹੋ ਰਿਹਾ ਹੈ। ਖਾੜੀ ਦੇਸ਼ ਜਿਵੇਂ ਕੁਵੈਤ ਅਤੇ ਕਤਾਰ ਨੂੰ ਊਰਜਾ ਉਤਪਾਦਨ ਵਿੱਚ ਘਾਟਾ ਪੈ ਰਿਹਾ ਹੈ, ਜਿਸ ਨਾਲ ਉਨ੍ਹਾਂ ਦੀ ਅਰਥ-ਵਿਵਸਥਾ 2 ਫੀਸਦੀ ਤੱਕ ਘਟ ਸਕਦੀ ਹੈ। ਵਾਲ ਸਟ੍ਰੀਟ ਜਰਨਲ ਅਨੁਸਾਰ, ਜੇ ਜੰਗ ਲੰਮੀ ਚੱਲੀ ਤਾਂ ਇਹ ਘਾਟਾ 15 ਫੀਸਦੀ ਤੱਕ ਪਹੁੰਚ ਸਕਦਾ ਹੈ। ਮੱਧ ਪੂਰਬ ਵਿੱਚ ਟੂਰਿਜ਼ਮ ਵੀ ਠੱਪ ਹੈ, ਜਿਸ ਨਾਲ 56 ਅਰਬ ਡਾਲਰ ਦਾ ਨੁਕਸਾਨ ਹੋ ਸਕਦਾ ਹੈ।

ਇਸ ਤੋਂ ਇਲਾਵਾ, ਗਲੋਬਲ ਖੁਰਾਕ ਸੁਰੱਖਿਆ ਵੀ ਖਤਰੇ ਵਿੱਚ ਹੈ। ਖਾੜੀ ਰਾਹੀਂ 30 ਫੀਸਦੀ ਯੂਰੀਆ ਖਾਦ ਲੰਘਦੀ ਹੈ, ਜੋ ਪੈਟਰੋਕੈਮੀਕਲ ਤੋਂ ਬਣਦੀ ਹੈ। ਇਸ ਦੀ ਘਾਟ ਨਾਲ ਫਸਲਾਂ ਪ੍ਰਭਾਵਿਤ ਹੋਣਗੀਆਂ, ਅਤੇ 6-9 ਮਹੀਨਿਆਂ ਵਿੱਚ ਮਹਿੰਗਾਈ ਵਧੇਗੀ। ਇਹ ਨੁਕਸਾਨ ਵਿਕਾਸਸ਼ੀਲ ਦੇਸ਼ਾਂ ਲਈ ਵੱਡਾ ਚਿੰਤਾ ਦਾ ਵਿਸ਼ਾ ਹੈ।

### ਫਾਇਦੇ ਵਾਲੇ ਦੇਸ਼: ਊਰਜਾ ਨਿਰਯਾਤਕਾਰ ਅਤੇ ਰੱਖਿਆ ਉਦਯੋਗ

ਜੰਗ ਵਿੱਚ ਨੁਕਸਾਨ ਨਾਲੋਂ ਫਾਇਦੇ ਵਾਲੇ ਘੱਟ ਹਨ, ਪਰ ਉਹ ਮਹੱਤਵਪੂਰਨ ਹਨ। ਰੂਸ ਇਸ ਵਿੱਚ ਸਭ ਤੋਂ ਵੱਡਾ ਫਾਇਦੇ ਵਾਲਾ ਦੇਸ਼ ਹੈ। ਤੇਲ ਕੀਮਤਾਂ ਵਧਣ ਨਾਲ ਰੂਸ ਦੀ ਅਰਥਵਿਵਸਥਾ ਨੂੰ ਰਾਹਤ ਮਿਲ ਰਹੀ ਹੈ, ਕਿਉਂਕਿ ਉਸ ਦਾ ਬਜਟ 59 ਡਾਲਰ ਪ੍ਰਤੀ ਬੈਰਲ 'ਤੇ ਨਿਰਭਰ ਹੈ, ਪਰ ਹੁਣ ਕੀਮਤਾਂ 120 ਡਾਲਰ ਤੱਕ ਪਹੁੰਚ ਗਈਆਂ ਹਨ। ਰੂਸ ਨੂੰ ਯੂਕਰੇਨ ਜੰਗ ਵਿੱਚ ਵੀ ਫਾਇਦਾ ਹੋ ਰਿਹਾ ਹੈ, ਕਿਉਂਕਿ ਅਮਰੀਕੀ ਧਿਆਨ ਵੰਡ ਰਿਹਾ ਹੈ ਅਤੇ ਮਿਜ਼ਾਈਲਾਂ ਦੀ ਘਾਟ ਨਾਲ ਯੂਕਰੇਨ ਨੂੰ ਮਦਦ ਘੱਟ ਮਿਲ ਰਹੀ ਹੈ। ਰੂਸ ਹੁਣ ਚੀਨ ਅਤੇ ਭਾਰਤ ਨੂੰ ਵੱਧ ਤੇਲ ਨਿਰਯਾਤ ਕਰ ਰਿਹਾ ਹੈ, ਅਤੇ ਈਰਾਨ ਨਾਲ ਉਸ ਦੇ ਸਬੰਧ ਵੀ ਦੋਸਤਾਨਾ ਹਨ।

ਅਮਰੀਕਾ ਵੀ ਕੁਝ ਹੱਦ ਤੱਕ ਫਾਇਦੇ ਵਿੱਚ ਹੈ। ਅਮਰੀਕੀ ਊਰਜਾ ਉਤਪਾਦਕਾਂ ਨੂੰ ਉੱਚ ਕੀਮਤਾਂ ਨਾਲ ਲਾਭ ਹੋ ਰਿਹਾ ਹੈ, ਅਤੇ ਯੂਰਪ ਉਸ ਦੀ ਊਰਜਾ 'ਤੇ ਵੱਧ ਨਿਰਭਰ ਹੋ ਰਿਹਾ ਹੈ। ਅਮਰੀਕਾ ਨੂੰ ਯੂਕਰੇਨ ਜੰਗ ਵਰਗੇ ਸੰਕਟਾਂ ਨਾਲ ਊਰਜਾ ਨਿਰਯਾਤ ਵਧਾਉਣ ਦਾ ਮੌਕਾ ਮਿਲ ਰਿਹਾ ਹੈ। ਅਮਰੀਕੀ ਰੱਖਿਆ ਉਦਯੋਗ ਵੀ ਫਾਇਦੇ ਵਿੱਚ ਹੈ। ਲਾਕਹੀਡ ਮਾਰਟਿਨ ਅਤੇ ਨੌਰਥਰੌਪ ਗਰਮਨ ਵਰਗੀਆਂ ਕੰਪਨੀਆਂ ਦੇ ਸ਼ੇਅਰ 4-6 ਫੀਸਦੀ ਵਧੇ ਹਨ। ਟਰੰਪ ਪ੍ਰਸ਼ਾਸਨ ਨੇ ਹਥਿਆਰ ਉਤਪਾਦਨ ਚੌਗੁਣਾ ਵਧਾਉਣ ਦਾ ਐਲਾਨ ਕੀਤਾ ਹੈ।

ਸਾਊਦੀ ਅਰਬ ਅਤੇ ਯੂਏਈ ਵਰਗੇ ਖਾੜੀ ਦੇਸ਼ਾਂ ਨੂੰ ਉੱਚ ਤੇਲ ਕੀਮਤਾਂ ਨਾਲ ਲਾਭ ਹੋ ਰਿਹਾ ਹੈ, ਪਰ ਉਤਪਾਦਨ ਘਟਣ ਨਾਲ ਨੁਕਸਾਨ ਵੀ ਹੈ। ਵਾਲ ਸਟ੍ਰੀਟ ਜਰਨਲ ਨੇ ਕਿਹਾ ਹੈ ਕਿ ਉਹ ਪਾਈਪਲਾਈਨਾਂ ਰਾਹੀਂ ਕੁਝ ਘਾਟਾ ਪੂਰਾ ਕਰ ਸਕਦੇ ਹਨ। ਇਜ਼ਰਾਈਲ ਨੂੰ ਵੀ ਲੰਮੇ ਸਮੇਂ ਵਿੱਚ ਫਾਇਦਾ ਹੋ ਸਕਦਾ ਹੈ ਜੇ ਈਰਾਨੀ ਸੱਤਾ ਢਹਿ ਜਾਂਦੀ ਹੈ, ਜਿਵੇਂ ਕਿ ਹੈਰੇਟਜ਼ ਨੇ ਕਿਹਾ ਹੈ ਕਿ ਇਜ਼ਰਾਈਲ ਨੂੰ ਰਣਨੀਤਕ ਮੌਕਾ ਮਿਲ ਰਿਹਾ ਹੈ। ਪਰ ਇਹ ਵੀ ਸੱਚ ਹੈ ਕਿ ਜੰਗ ਨਾਲ ਉਸ ਨੂੰ ਭਾਰੀ ਖਰਚਾ ਪੈ ਰਿਹਾ ਹੈ।

### ਵਿਸਥਾਰ ਵਿੱਚ ਅਸਰ: ਸੈਕਟਰ ਅਤੇ ਭਵਿੱਖ ਦੀ ਤਸਵੀਰ

ਇਸ ਜੰਗ ਨੇ ਊਰਜਾ ਤੋਂ ਲੈ ਕੇ ਖੁਰਾਕ ਤੱਕ ਹਰ ਸੈਕਟਰ ਨੂੰ ਪ੍ਰਭਾਵਿਤ ਕੀਤਾ ਹੈ। ਤੇਲ ਕੀਮਤਾਂ 200 ਡਾਲਰ ਪ੍ਰਤੀ ਬੈਰਲ ਤੱਕ ਪਹੁੰਚਣ ਦੀ ਚਿਤਾਵਨੀ ਨਾਲ ਵਿਕਾਸਸ਼ੀਲ ਦੇਸ਼ਾਂ ਵਿੱਚ ਮਹਿੰਗਾਈ ਵਧੇਗੀ। ਭਵਿੱਖ ਵਿੱਚ, ਜੇ ਜੰਗ ਲੰਮੀ ਚੱਲੀ ਤਾਂ ਗਲੋਬਲ ਜੀਡੀਪੀ ਘਟੇਗੀ ਅਤੇ ਮੰਦੀ ਆ ਸਕਦੀ ਹੈ।

## ਜਲੰਧਰ ਦੇ ਪਿੰਡ ਖਾਂਬੜਾ 'ਚ ਮਹਿਲਾ ਦੀ ਭੇਦਭਰੀ ਹਾਲਤ 'ਚ ਮੌਤ; ਨਸ਼ੇੜੀ ਪਤੀ ਗ੍ਰਿਫ਼ਤਾਰ

ਜਲੰਧਰ-ਜਲੰਧਰ ਦੇ ਨਜ਼ਦੀਕੀ ਪਿੰਡ ਖਾਂਬੜਾ ਵਿੱਚ ਇੱਕ ਬੇਹੱਦ ਮੰਦਭਾਗੀ ਘਟਨਾ ਸਾਹਮਣੇ ਆਈ ਹੈ, ਜਿੱਥੇ ਇੱਕ ਨੌਜਵਾਨ ਮਹਿਲਾ ਦੀ ਸ਼ੱਕੀ ਹਾਲਤ ਵਿੱਚ ਮੌਤ ਹੋ ਗਈ। ਮ੍ਰਿਤਕਾ ਦੀ ਪਛਾਣ ਮਨਪ੍ਰੀਤ ਵਜੋਂ ਹੋਈ ਹੈ। ਪੁਲਿਸ ਨੇ ਇਸ ਮਾਮਲੇ ਵਿੱਚ ਤੁਰੰਤ ਕਾਰਵਾਈ ਕਰਦਿਆਂ ਮਹਿਲਾ ਦੇ ਪਤੀ ਕਰਨ ਨੂੰ ਹਿਰਾਸਤ ਵਿੱਚ ਲੈ ਲਿਆ ਹੈ। ਮ੍ਰਿਤਕਾ ਦੇ ਸਹੁਰੇ ਰੂਪ ਲਾਲ ਅਤੇ ਪਿੰਡ ਦੀ ਸਰਪੰਚ ਵੱਲੋਂ ਦਿੱਤੇ ਬਿਆਨਾਂ ਅਨੁਸਾਰ:ਪਤੀ-ਪਤਨੀ ਦੋਵੇਂ ਨਸ਼ੇ ਦੀ ਦਲਦਲ ਵਿੱਚ ਫਸੇ ਹੋਏ ਸਨ। ਕਰਨ ਨੂੰ ਕਈ ਵਾਰ ਨਸ਼ਾ ਛੁਡਾਉਣ ਲਈ ਕੇਂਦਰ ਵਿੱਚ ਭਰਤੀ ਕਰਵਾਇਆ ਗਿਆ ਸੀ, ਪਰ ਕੋਈ ਸੁਧਾਰ ਨਹੀਂ ਹੋਇਆ। ਨਸ਼ੇ ਕਾਰਨ ਪਰਿਵਾਰਕ ਕਲੇਸ਼ ਰਹਿੰਦਾ ਸੀ, ਜਿਸ ਕਾਰਨ ਇਹ ਜੋੜਾ ਆਪਣੇ ਮਾਪਿਆਂ ਤੋਂ ਵੱਖ ਪਿੰਡ ਖਾਂਬੜਾ ਦੀ ਇੱਕ ਕੋਠੀ ਵਿੱਚ ਰਹਿ ਰਿਹਾ ਸੀ।



ਘਟਨਾ ਦਾ ਵੇਰਵਾ ਅਤੇ ਪੁਲਿਸ ਜਾਂਚ-ਥਾਣਾ ਮੁਖੀ ਸੰਜੀਵ ਅਤੇ ਏ.ਐੱਸ.ਆਈ. ਕਸ਼ਮੀਰ ਸਿੰਘ ਨੇ ਪੁਲਿਸ ਫੋਰਸ ਸਮੇਤ ਮੌਕੇ 'ਤੇ ਪਹੁੰਚ ਕੇ ਸਥਿਤੀ ਦਾ ਜਾਇਜ਼ਾ ਲਿਆ। ਸੰਜੀਵ, ਥਾਣਾ ਮੁਖੀ ਅਨੁਸਾਰ ਜਾਂਚ ਦੌਰਾਨ ਹੇਠ ਲਿਖੀਆਂ ਗੱਲਾਂ ਸਾਹਮਣੇ ਆਈਆਂ ਹਨ। ਮ੍ਰਿਤਕਾ ਦੇ ਸਰੀਰ 'ਤੇ ਕੋਈ ਜ਼ਾਹਰੀ ਸੱਟ ਦੇ ਨਿਸ਼ਾਨ ਨਹੀਂ ਮਿਲੇ ਹਨ। ਮੌਤ ਦੇ ਸਮੇਂ ਨੂੰ ਲੈ ਕੇ ਭੰਬਲਭੂਸਾ ਬਣਿਆ ਹੋਇਆ ਹੈ। ਕੁਝ ਲੋਕਾਂ ਮੁਤਾਬਕ ਮੌਤ ਦੇਰ ਰਾਤ ਹੋਈ, ਜਦਕਿ ਪਰਿਵਾਰ ਦਾ ਕਹਿਣਾ ਹੈ ਕਿ ਮਨਪ੍ਰੀਤ ਸਵੇਰੇ ਉੱਠੀ ਹੀ ਨਹੀਂ। ਪੁਲਿਸ ਨੇ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਹਸਪਤਾਲ ਦੀ ਮੋਰਚਰੀ ਵਿੱਚ ਭੇਜ ਦਿੱਤਾ ਹੈ। ਪੋਸਟਮਾਰਟਮ ਦੀ ਰਿਪੋਰਟ ਆਉਣ ਤੋਂ ਬਾਅਦ ਹੀ ਮੌਤ ਦੇ ਅਸਲ ਕਾਰਨਾਂ ਦਾ ਪਤਾ ਲੱਗ ਸਕੇਗਾ। ਫਿਲਹਾਲ ਸ਼ਿਕਾਇਤ ਦੇ ਅਧਾਰ 'ਤੇ ਪਤੀ ਕਰਨ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

# ਵੈਸਟ ਮਿਡਲੈਂਡਜ਼ ਕਾਉਂਟੀ ਲਾਈਨਜ਼ ਕੋਕੀਨ ਓਪਰੇਸ਼ਨ ਵਿੱਚ ਸ਼ਾਮਿਲ ਪੰਜਾਬੀ ਅਤੇ ਮਹਿਲਾ ਸਮੇਤ 4 ਨੂੰ 25 ਸਾਲ ਤੋਂ ਵੱਧ ਕੈਦ ਦੀ ਸਜ਼ਾ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) **ਵੈਸਟ ਮਿਡਲੈਂਡਜ਼ ਵਿੱਚ 10 ਲੱਖ ਪੌਂਡ ਤੋਂ ਵੱਧ ਦੀ ਕੀਮਤ ਦੀ ਕਲਾਸ ਏ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿੱਚ ਸ਼ਾਮਲ ਚਾਰ ਲੋਕਾਂ ਨੂੰ ਬਰਮਿੰਘਮ ਕਰਾਊਨ ਕੋਰਟ ਵਿੱਚ 25 ਸਾਲ ਤੋਂ ਵੱਧ ਕੈਦ ਦੀ ਸਜ਼ਾ ਸੁਣਾਈ ਗਈ ਹੈ। ਅਦਾਲਤ ਵਿੱਚ ਦੱਸਿਆ ਗਿਆ ਕਿ ਰੌਬਰਟੋ ਕੈਟਾਲਡੋ, ਪਰਮਿੰਦਰ ਸਿੰਘ ਗਰੇਵਾਲ, ਟੋਮਸ ਕਿਆਉਲਾਕੀਸ ਅਤੇ ਗੈਬਰੀਅਲ ਟ੍ਰਿੰਕੁਨਾਈਟ ਦੇਸ਼ ਭਰ ਵਿੱਚ ਡਰੱਗ ਡੀਲਰਾਂ ਨੂੰ ਕੋਕੀਨ ਸਪਲਾਈ ਕਰਨ ਵਿੱਚ ਸ਼ਾਮਲ ਸਨ।**

ਪਿਛਲੇ ਸਾਲ ਜਨਵਰੀ ਵਿੱਚ ਕੈਟਾਲਡੋ ਅਤੇ ਟ੍ਰਿੰਕੁਨਾਈਟ ਨੂੰ ਇੱਕ ਕਾਰ ਵਿੱਚ ਲੰਡਨ ਤੋਂ ਬਰਮਿੰਘਮ ਵੱਲ ਜਾਂਦੇ ਦੇਖਿਆ ਗਿਆ ਸੀ। ਕੋਲਸ਼ਿਲ ਦੀ ਇੱਕ ਕਾਰ ਪਾਰਕ ਵਿੱਚ ਉਹ ਗਰੇਵਾਲ ਨੂੰ ਮਿਲੇ ਅਤੇ ਵੱਡੇ ਪੈਕਿਟਾਂ ਦੀ ਅਦਲਾ ਬਦਲੀ ਕੀਤੀ। ਅਧਿਕਾਰੀਆਂ ਨੇ ਉਨ੍ਹਾਂ ਦਾ ਪਿੱਛਾ ਕੀਤਾ ਪਰ ਉਹ ਬਚ ਗਏ। ਪਰ ਬਾਅਦ ਵਿੱਚ



ਨਸ਼ਾ ਤਸਕਰੀ ਵਿੱਚ ਸ਼ਾਮਿਲ ਦੋਸ਼ੀ

ਵੇਲਜ਼ ਤੋਂ ਗ੍ਰਿਫਤਾਰ ਕੀਤਾ। ਪਿੱਛਾ ਕਰਦੇ ਸਮੇਂ ਗਰੇਵਾਲ ਨੇ ਖਿੜਕੀ ਵਿੱਚੋਂ ਇੱਕ ਬੈਗ ਬਾਹਰ ਸੁੱਟਿਆ ਜਿਸ ਵਿੱਚ ਤਿੰਨ ਤੋਂ ਚਾਰ ਕਿਲੋਗ੍ਰਾਮ ਕੋਕੀਨ ਸੀ, ਜਦੋਂ ਕਿ ਉਸਦੀ ਕਾਰ ਦੇ ਅੰਦਰ ਇੱਕ ਹੋਰ ਪੈਕਿਟ ਵੀ ਮਿਲਿਆ। ਉਸੇ ਦਿਨ ਹੀ ਅਧਿਕਾਰੀਆਂ ਨੇ ਕੈਟਾਲਡੋ ਨੂੰ ਵਾਲਸਾਲ ਵੱਲ ਜਾਣ ਤੋਂ ਰੋਕਿਆ, ਜਦੋਂ ਕਿ ਟ੍ਰਿਨਕੁਨਾਈਟ ਨੂੰ ਇੱਕ ਘੰਟੇ ਕੁ ਬਾਅਦ ਹੀ ਕਿਆਉਲਾਕੀਸ ਦੁਆਰਾ ਚਲਾਈ ਜਾ ਰਹੀ ਇੱਕ ਕਾਰ ਵਿੱਚੋਂ ਦਬੋਚਿਆ। ਇਸ ਕਾਰ ਵਿੱਚੋਂ ਦਸ ਪੈਕਿਟ ਮਿਲੇ, ਹਰੇਕ ਵਿੱਚ ਇੱਕ ਕਿਲੋ ਕੋਕੀਨ ਸੀ, ਜਿਸ 'ਤੇ "888" ਦੀ ਮੋਹਰ ਲੱਗੀ ਹੋਈ ਸੀ, ਜਦੋਂ ਕਿ ਚਾਰਾਂ ਦੇ ਫੋਨਾਂ ਦੀ ਜਾਂਚ ਕੀਤੀ ਗਈ ਤਾਂ ਉਨ੍ਹਾਂ ਦੀਆਂ ਯੋਜਨਾਵਾਂ ਦਾ ਖੁਲਾਸਾ ਹੋਇਆ।

ਟ੍ਰਿਨਕੁਨਾਈਟ ਅਤੇ ਕਿਆਉਲਾਕੀਸ ਤੋਂ ਜ਼ਬਤ ਕੀਤੇ ਗਏ ਕੋਕੀਨ ਦੇ ਦਸ ਪੈਕਿਟਾਂ ਦੀ ਕੀਮਤ 1,000,000 ਪੌਂਡ ਤੱਕ ਹੋਣ ਦਾ ਅਨੁਮਾਨ ਹੈ। ਚਾਰਾਂ ਨੂੰ ਹੁਣ ਬਰਮਿੰਘਮ ਕਰਾਊਨ ਕੋਰਟ ਵਿੱਚ ਸਜ਼ਾ ਸੁਣਾਈ ਗਈ। ਪੇਨਸਨੇਟ ਡਡਲੇ ਦੇ 24 ਸਾਲਾ ਪਰਮਿੰਦਰ ਸਿੰਘ ਗਰੇਵਾਲ ਨੂੰ ਕਲਾਸ ਏ ਡਰੱਗਜ਼ ਸਪਲਾਈ ਕਰਨ ਦੀ ਸਾਜ਼ਿਸ਼ ਅਤੇ ਖਤਰਨਾਕ ਡਰਾਈਵਿੰਗ ਲਈ ਪੰਜ ਸਾਲ ਅਤੇ ਪੰਜ ਮਹੀਨੇ ਦੀ ਕੈਦ। ਬੈਂਟਲੇ ਲੇਨ, ਵਾਲਸਾਲ ਦੇ 53 ਸਾਲਾ ਰੌਬਰਟੋ ਕੈਟਾਲਡੋ ਨੂੰ ਕਲਾਸ ਏ ਡਰੱਗਜ਼ ਸਪਲਾਈ ਕਰਨ ਦੀ ਸਾਜ਼ਿਸ਼ ਅਤੇ ਖਤਰਨਾਕ ਡਰਾਈਵਿੰਗ ਲਈ ਛੇ ਸਾਲ ਅਤੇ ਗਿਆਰਾਂ ਮਹੀਨੇ ਦੀ ਕੈਦ। ਪ੍ਰਾਈਮਰੋਜ਼ ਐਵੇਨਿਊ, ਵੁਲਵਰਹੈਂਪਟਨ ਦੇ 32 ਸਾਲਾ ਟੋਮਸ ਕਿਆਉਲਾਕੀਸ ਨੂੰ ਕਲਾਸ ਏ ਡਰੱਗਜ਼ ਸਪਲਾਈ ਕਰਨ ਦੇ ਇਰਾਦੇ ਨਾਲ ਰੱਖਣ ਲਈ ਪੰਜ ਸਾਲ ਅਤੇ ਦਸ ਮਹੀਨੇ ਦੀ ਕੈਦ।

ਟੇਲਰ ਰੋਡ, ਵੁਲਵਰਹੈਂਪਟਨ ਦੀ 26 ਸਾਲਾ ਗੈਬਰੀਏਲ ਟ੍ਰਿੰਕੁਨਾਈਟ ਨੂੰ ਕਲਾਸ ਏ ਨਸ਼ੀਲੇ ਪਦਾਰਥਾਂ ਦੀ ਸਪਲਾਈ ਕਰਨ ਦੀ ਸਾਜ਼ਿਸ਼ ਰਚਣ ਅਤੇ ਕਲਾਸ ਏ ਨਸ਼ੀਲੇ ਪਦਾਰਥਾਂ ਦੀ ਸਪਲਾਈ ਕਰਨ ਦੇ ਦੋਸ਼ਾਂ ਤਹਿਤ ਸੱਤ ਸਾਲ ਅਤੇ ਅੱਠ ਮਹੀਨੇ ਦੀ ਕੈਦ ਦੀ ਸਜ਼ਾ ਸੁਣਾਈ ਗਈ।

# ਜਨੇਵਾ ਵਿੱਚ "ਸਿੱਖ ਕਾਰਕੁੰਨਾਂ ਨੂੰ ਨਿਸ਼ਾਨਾ ਬਣਾਉਣ ਅਤੇ ਭਾਰਤੀ ਅੰਤਰਰਾਸ਼ਟਰੀ ਦਮਨ" ਰਿਪੋਰਟ ਜਾਰੀ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸਿੱਖ ਫੈਡਰੇਸ਼ਨ ਯੂ ਕੇ ਬੀਤੇ ਕੁਝ ਸਮੇਂ ਤੋਂ ਸਿੱਖ ਕਾਰਕੁੰਨਾਂ ਨੂੰ ਵਿਦੇਸ਼ਾਂ ਵਿੱਚ ਨਿਸ਼ਾਨਾ ਬਣਾਉਣ ਦੇ ਮਾਮਲੇ ਨੂੰ ਅੰਤਰਰਾਸ਼ਟਰੀ ਪੱਧਰ ਤੇ ਉਭਾਰਨ ਲਈ ਕਾਫੀ ਸਰਗਰਮ ਭੂਮਿਕਾ ਨਿਭਾਅ ਰਹੀ ਹੈ। ਬੀਤੇ ਦਿਨੀ ਜਨੇਵਾ ਵਿੱਚ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਪ੍ਰੀਸ਼ਦ ਦੇ 61ਵੇਂ ਸੈਸ਼ਨ ਨਾਲ ਮੇਲ ਖਾਂਦੀ ਬਾਕੂ ਇਨੀਸ਼ੀਏਟਿਵ ਗਰੁੱਪ ਅਤੇ ਸਿੱਖ ਫੈਡਰੇਸ਼ਨ ਇੰਟਰਨੈਸ਼ਨਲ ਵੱਲੋਂ ਸਾਂਝੇ ਤੌਰ ਸਮਾਗਮ ਦਾ ਆਯੋਜਨ ਕੀਤਾ ਗਿਆ। ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰਾਂ ਦੀ ਹਾਈ ਕਮਿਸ਼ਨਰ ਦੇ ਪ੍ਰਤੀਨਿੱਧੀ ਨੇ ਉਚੇਚੇ ਤੌਰ ਤੇ ਕਾਨਫਰੰਸ ਵਿੱਚ ਸ਼ਿਰਕਤ ਕੀਤੀ। "ਸਿੱਖ ਕਾਰਕੁੰਨਾਂ ਨੂੰ ਨਿਸ਼ਾਨਾ ਬਣਾਉਣ ਅਤੇ ਭਾਰਤੀ ਅੰਤਰਰਾਸ਼ਟਰੀ ਦਮਨ" ਰਿਪੋਰਟ ਜਾਰੀ ਕਰਨ ਤੋਂ ਬਾਅਦ ਸਿੱਖ ਫੈਡਰੇਸ਼ਨ ਯੂ ਕੇ ਦੇ ਭਾਈ ਅਮਰੀਕ ਸਿੰਘ ਗਿੱਲ, ਭਾਈ ਦਬਿੰਦਰਜੀਤ ਸਿੰਘ ਨੇ ਕਿਹਾ ਕਿ



ਜਨੇਵਾ ਪ੍ਰੈਸ ਕਲੱਬ ਵਿੱਚ ਜਾਣਕਾਰੀ ਸਾਂਝੀ ਕਰਦੇ ਹੋਏ ਆਗੂ

ਭਾਰਤੀ ਅੰਤਰਰਾਸ਼ਟਰੀ ਦਮਨ ਸਿੱਧੇ ਤੌਰ ਤੇ ਜਿਹੜੇ ਦੇਸ਼ਾਂ ਦੇ ਸਿੱਖਾਂ ਤੇ ਪ੍ਰਭਾਵ ਪਾਉਂਦਾ ਹੈ, ਉਹਨਾਂ ਦੇ ਸਥਾਈ ਮਿਸ਼ਨਾਂ ਦੀ ਸ਼ਮੂਲੀਅਤ ਸ਼ੁਰੂ ਹੋ ਗਈ ਹੈ। ਫਾਈਵ ਆਈਜ਼ (ਅਮਰੀਕਾ, ਕੈਨੇਡਾ, ਯੂ ਕੇ, ਆਸਟਰੇਲੀਆ ਅਤੇ ਨਿਊਜ਼ੀਲੈਂਡ) ਅਤੇ ਕਈ ਯੂਰਪੀਅਨ ਦੇਸ਼ਾਂ ਤੋਂ ਪ੍ਰਤੀਨਿੰਧਾਂ ਨੇ ਸਮਾਗਮ ਵਿੱਚ ਹਿੱਸਾ ਲਿਆ। ਇਸ ਮੌਕੇ ਸਭ ਤੋਂ ਵੱਧ ਜ਼ੋਰ ਇੰਡੀਅਨ ਟ੍ਰਾਂਸਨੈਸ਼ਨਲ ਰਿਪ੍ਰੈਸ਼ਨ (ਆਈ ਟੀ ਆਰ) ਸ਼ਬਦ ਨੂੰ ਸਥਾਪਿਤ ਕਰਨ 'ਤੇ ਦਿੱਤਾ ਗਿਆ। ਬੀਤੇ ਸਮੇਂ ਵਿੱਚ ਵਿਦੇਸ਼ਾਂ ਵਿੱਚ ਸਿੱਖ ਆਗੂਆਂ ਦੀਆਂ ਹੋਈਆਂ ਹੱਤਿਆਵਾਂ ਨੂੰ ਲੈ ਕੇ ਭਾਰਤ ਨੂੰ ਕਟਹਿਰੇ ਵਿੱਚ ਖੜ੍ਹਾ ਕਰਨ ਲਈ ਅਜ਼ਾਦੀ ਪਸੰਦ ਸਿੱਖਾਂ ਵੱਲੋਂ ਵਿਦੇਸ਼ੀ ਸਰਕਾਰਾਂ ਨਾਲ ਤਾਲਮੇਲ ਵਧਾਇਆ ਜਾ ਰਿਹਾ ਹੈ।

# ਭਾਈ ਨਿੱਝਰ ਦੇ ਕਤਲ ਵਿਚ ਸ਼ਕੀ ਭਾਰਤੀ ਰਾਜਦੂਤਾਂ ਦੇ ਬਿਲਬੋਰਡ ਗੁਰੂ ਨਾਨਕ ਸਿੱਖ ਗੁਰਦੁਆਰਾ ਸਰੀ ਦੇ ਮੇਨ ਗੇਟ ਉੱਪਰ ਲਗਾਏ ਗਏ




**ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ):- ਜਥੇਦਾਰ ਸ਼ਹੀਦ ਹਰਦੀਪ ਸਿੰਘ ਨਿਝੱਰ ਨੂੰ ਸ਼ਹੀਦ ਕਰਨ ਵਾਲੇ ਸ਼ਕੀ ਭਾਰਤੀ ਰਾਜ-ਦੂਤ ਦੀਆਂ ਤਸਵੀਰਾਂ ਵਾਲੇ ਵੱਡੇ ਵੱਡੇ ਬਿੱਲ ਬੋਰਡ ਗੁਰੂ ਨਾਨਕ ਸਿੱਖ ਗੁਰਦੁਆਰਾ ਸਰੀ ਕਨੇਡਾ ਦੇ ਦੋਨੋਂ ਪਾਸੇ ਦੇ ਮੇਨ ਗੇਟ ਉੱਪਰ ਲਗਾ ਦਿੱਤੇ ਗਏ ਹਨ । ਇਸ ਬਾਰੇ ਗੱਲਬਾਤ ਕਰਦਿਆਂ ਗੁਰਦੁਆਰਾ ਸਾਹਿਬ ਦੇ ਵਾਈਸ ਪ੍ਰੈਸੀਡੈਂਟ ਭਾਈ ਗੁਰਮੀਤ ਸਿੰਘ ਗਿੱਲ, ਸਕੱਤਰ ਭਾਈ ਗੁਰਮੀਤ ਸਿੰਘ ਤੂਰ, ਮੈਂਬਰ ਭਾਈ ਨਰਿੰਦਰ ਸਿੰਘ ਰੰਧਾਵਾ ਨੇ ਕਿਹਾ ਕੈਨੇਡਾ ਦੀਆਂ ਵੱਖ ਵੱਖ ਅਖਬਾਰਾਂ ਵਿਚ ਭਾਈ ਹਰਦੀਪ ਸਿੰਘ ਨਿੱਝਰ ਦੇ ਕਤਲ ਵਿਚ ਭਾਰਤੀ ਕਰੰਦਿਆਂ ਦੇ ਹੱਥ ਹੋਣ ਦੀਆਂ ਲਗਾਤਾਰ ਖਬਰਾਂ ਚਲ ਰਹੀਆਂ ਹਨ ਤੇ ਕੈਨੇਡਾ ਦੇ ਸਾਬਕਾ ਪੀਐਮ ਜਸਟਿਨ ਟਰੂਡੋ ਨੇ ਵੀ ਸੰਸਦ ਅੰਦਰ ਇਸ ਬਾਰੇ ਪੁਖਤਾ ਸਬੂਤ ਹੋਣ ਦੀ ਗੱਲ ਕਹੀ ਸੀ। ਪਰ ਬੀਤੇ ਕੁਝ ਦਿਨ ਪਹਿਲਾਂ ਅਦਾਲਤ ਅੰਦਰ ਉਨ੍ਹਾਂ ਸਬੂਤਾਂ ਨੂੰ ਰੋਕੇ ਜਾਣ ਦੀ ਮੰਗ ਕੀਤੀ ਗਈ ਜਿਸ ਨਾਲ ਇਹ ਗੱਲ ਹੋਰ ਮਜਬੂਤ ਹੋ ਗਈ ਕਿ ਭਾਰਤ ਸਰਕਾਰ ਦੀ ਇਸ ਮਾਮਲੇ ਵਿਚ ਸ਼ਮੂਲੀਅਤ ਪੱਕੀ ਹੈ ਜਿਸ ਨੂੰ ਮੌਜੂਦਾ ਸਰਕਾਰ ਵਪਾਰ ਦੀ ਖਾਤਿਰ ਬਚਾਉਣ ਦੀ ਕੋਸ਼ਿਸ਼ਾਂ ਕਰ ਰਹੀ ਹੈ। ਸਾਡੀ ਅਦਾਲਤ ਨੂੰ ਪੁਰਜ਼ੋਰ ਅਪੀਲ ਹੈ ਕਿ ਭਾਈ ਨਿੱਝਰ ਕਤਲਕਾਂਡ ਦੇ ਸਬੂਤਾਂ ਨੂੰ ਜਾਰੀ ਕੀਤਾ ਜਾਏ ਜਿਸ ਨਾਲ ਭਾਰਤੀ ਸਰਕਾਰ ਦੀ ਦਹਿਸ਼ਤਗਰਦੀ ਦਾ ਚੇਹਰਾ ਸੰਸਾਰ ਅੰਦਰ ਉਜਾਗਰ ਹੋਏ ਅਤੇ ਇਸ ਮਾਮਲੇ ਵਿਚ ਅਖਬਾਰਾਂ ਅਤੇ ਕੈਨੇਡੀਅਨ ਏਜੰਸੀਆਂ ਰਾਹੀਂ ਜਾਰੀ ਹੋ ਰਹੇ ਸਬੂਤਾਂ ਅਧੀਨ ਸਮੂਹ ਭਾਰਤੀ ਰਾਜਦੂਤ ਅਤੇ ਉਨ੍ਹਾਂ ਦੇ ਮੁਲਜਮਾਂ ਨੂੰ ਕੈਨੇਡੀਅਨ ਕਾਨੂੰਨ ਹੇਠ ਲਿਆ ਕੇ ਕਾਨੂੰਨੀ ਪ੍ਰਕਿਰਿਆ ਹੇਠ ਮਾਮਲਾ ਚਲਾਇਆ ਜਾਏ । ਉਨ੍ਹਾਂ ਕਿਹਾ ਕਿ ਰੈਫਰੰਡਮ ਦੇ ਅਗਲੇ ਪੜਾਅ ਦੀਆਂ ਵੋਟਾਂ ਅਮਰੀਕਾ ਦੇ ਸਿਆਟਲ ਸ਼ਹਿਰ ਵਿਚ 22 ਮਾਰਚ ਨੂੰ ਹੋਣੀਆਂ ਹਨ ਜਿਸ ਲਈ ਇੰਨ੍ਹਾ ਵੋਟਾਂ ਵਿਚ ਵੱਧ ਚੜ੍ਹ ਕੇ ਸ਼ਮੂਲੀਅਤ ਕਰਣ ਦੀ ਅਪੀਲ ਕੀਤੀ ਜਾਂਦੀ ਹੈ ਅਤੇ 18 ਮਾਰਚ ਨੂੰ ਭਾਰਤੀ ਐਂਬੇਸੀ ਵੈਨਕੂਵਰ ਮੂਹਰੇ ਹੋਣ ਵਾਲਾ ਵਿਰੋਧ ਪ੍ਰਦਰਸ਼ਨ ਜੋ ਕਿ ਸਵੇਰੇ 9 ਵਜੇ ਤੋਂ ਸ਼ਾਮ ਦੇ 5 ਵਜੇ ਚਲਣਾ ਹੈ, ਵਿਚ ਵੀ ਭਰਵੀਂ ਹਾਜ਼ਿਰੀ ਭਰਣ ਦੀ ਅਪੀਲ ਕੀਤੀ । ਇਸ ਮੌਕੇ ਗੁਰੂ ਨਾਨਕ ਸਿੱਖ ਗੁਰਦੁਆਰਾ ਸਰੀ ਤੋਂ ਵਾਈਸ ਪ੍ਰੈਸੀਡੈਂਟ ਗੁਰਮੀਤ ਸਿੰਘ ਗਿੱਲ, ਭਾਈ ਗੁਰਮੀਤ ਸਿੰਘ ਤੂਰ, ਭਾਈ ਨਰਿੰਦਰ ਸਿੰਘ ਰੰਧਾਵਾ, ਭਾਈ ਅਵਤਾਰ ਸਿੰਘ ਖਹਿਰਾ, ਭਾਈ ਅਜੈਪਾਲ ਸਿੰਘ, ਭਾਈ ਦਲਜੀਤ ਸਿੰਘ, ਭਾਈ ਚਰਨਜੀਤ ਸਿੰਘ, ਭਾਈ ਰਜਿੰਦਰ ਸਿੰਘ, ਭਾਈ ਜੈਕ ਸਿੱਧੂ, ਭਾਈ ਰਜਿੰਦਰ ਸਿੰਘ ਨੱਤ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਭਾਈ ਹਰਬੰਸ ਸਿੰਘ ਔਜਲਾ ਸਮੇਤ ਵਡੀ ਗਿਣਤੀ ਵਿਚ ਸੰਗਤਾਂ ਹਾਜਿਰ ਸਨ ।**

# ਪੰਜਾਬ ਵਿਧਾਨ ਸਭਾ ਚੋਣਾਂ 2027: ਭਾਜਪਾ ਦੀ ਗੂੰਜ ਅਤੇ ਸਿਆਸੀ ਖੇਡ ਦੀ ਨਵੀਂ ਰਣਨੀਤੀ

**✪ ਦਮਦਮੀ ਟਕਸਾਲ ਵਲੋਂ ਭਾਜਪਾ ਦਾ ਸਮਰਥਨ, ਦਲ ਖ਼ਾਲਸਾ ਵਲੋਂ ਭਾਜਪਾ ਦਾ ਤਿੱਖਾ ਵਿਰੋਧ ✪ ਦਿਹਾਤੀ ਇਲਾਕਿਆਂ ਵਿੱਚ ਕਿਸਾਨ ਅੰਦੋਲਨ ਦੇ ਕਾਰਨ ਭਾਜਪਾ ਨੂੰ ਨਹੀਂ ਮਿਲ ਰਿਹਾ ਸਹਿਯੋਗ ✪ ਅਕਾਲੀ ਧੜਿਆਂ ਨੂੰ ਪੰਜਾਬ ਦੀ ਸਿਆਸੀ ਖੁਦਮੁਖਤਿਆਰੀ ਨੂੰ ਬਹਾਲ ਕਰਨ ਲਈ ਏਕਤਾ ਦੀ ਕਿਉਂ ਲੋੜ**

ਨਿਊਜ਼ ਵਿਸ਼ਲੇਸ਼ਣ

ਪੰਜਾਬ ਦੀ ਸਿਆਸੀ ਧਰਤੀ ਉੱਤੇ 2027 ਦੀਆਂ ਵਿਧਾਨ ਸਭਾ ਚੋਣਾਂ ਦੀ ਦਸਤਕ ਸੁਣਾਈ ਦੇ ਰਹੀ ਹੈ। ਭਾਵੇਂ ਚੋਣਾਂ ਫਰਵਰੀ 2027 ਵਿੱਚ ਹੋਣ ਵਾਲੀਆਂ ਹਨ, ਪਰ ਸਿਆਸੀ ਪਾਰਟੀਆਂ ਨੇ ਹੁਣ ਤੋਂ ਹੀ ਆਪਣੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਇਸ ਵਾਰ ਭਾਰਤੀ ਜਨਤਾ ਪਾਰਟੀ (ਭਾਜਪਾ) ਪੰਜਾਬ ਵਿੱਚ ਇੱਕ ਨਵੀਂ ਭੂਮਿਕਾ ਨਿਭਾਉਣ ਲਈ ਤਿਆਰ ਨਜ਼ਰ ਆ ਰਹੀ ਹੈ। ਪਿਛਲੇ ਕੁਝ ਸਾਲਾਂ ਵਿੱਚ ਭਾਜਪਾ ਨੇ ਪੰਜਾਬ ਵਿੱਚ ਆਪਣੇ ਪੈਰ ਜਮਾਉਣ ਲਈ ਕਈ ਕਦਮ ਚੁੱਕੇ ਹਨ, ਅਤੇ ਹਾਲ ਹੀ ਵਿੱਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਮੋਗੇ ਨੇੜੇ ਪਿੰਡ ਕਿੱਲੀ ਚਾਹਲਾਂ ਵਿੱਚ ਕਰਵਾਈ ਗਈ ਵਿਸ਼ਾਲ ਰੈਲੀ ਨੇ ਇਸ ਸਿਆਸੀ ਸਰਗਰਮੀ ਨੂੰ ਹੋਰ ਵੀ ਤੇਜ਼ ਕਰ ਦਿੱਤਾ ਹੈ। ਅਮਿਤ ਸ਼ਾਹ ਨੇ ਇਸ ਰੈਲੀ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਉੱਤੇ ਤਿੱਖੇ ਹਮਲੇ ਕੀਤੇ, ਜਿਸ ਵਿੱਚ ਨਸ਼ੇ, ਗੈਂਗਸਟਰਵਾਦ ਅਤੇ ਭ੍ਰਿਸ਼ਟਾਚਾਰ ਨੂੰ ਮੁੱਖ ਮੁੱਦੇ ਬਣਾਇਆ ਗਿਆ। ਉਨ੍ਹਾਂ ਨੇ ਕਿਹਾ ਸੀ ਕਿ ਭਾਜਪਾ ਸਰਕਾਰ ਬਣਨ ’ਤੇ ਦੋ ਸਾਲਾ ਦੌਰਾਨ ਪੰਜਾਬ ਵਿੱਚ ਨਸ਼ਿਆਂ ਦਾ ਖਾਤਮਾ ਕਰ ਦਿੱਤਾ ਜਾਵੇਗਾ। ਉਨ੍ਹਾਂ ਨੇ ਧਰਮ ਪਰਿਵਰਤਨ ਨੂੰ ਰੋਕਣ ਲਈ ਸਖ਼ਤ ਕਾਨੂੰਨ ਬਣਾਉਣ ਦਾ ਵਾਅਦਾ ਵੀ ਕੀਤਾ, ਜੋ ਸਿੱਖ ਭਾਈਚਾਰੇ ਨੂੰ ਆਕਰਸ਼ਿਤ ਕਰਨ ਵਾਲਾ ਹੈ। ਰੈਲੀ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ ਦੀ ਹਾਜ਼ਰੀ ਨੇ ਭਾਜਪਾ ਨੂੰ ਇੱਕ ਤਾਕਤਵਰ ਧਿਰ ਵਜੋਂ ਉਭਾਰਿਆ ਹੈ।

ਇਹ ਰੈਲੀ ਨਾ ਕੇਵਲ ਭਾਜਪਾ ਦੇ ਵਰਕਰਾਂ ਵਿੱਚ ਨਵਾਂ ਜੋਸ਼ ਭਰਨ ਵਿੱਚ ਕਾਮਯਾਬ ਰਹੀ, ਬਲਕਿ ਪੰਜਾਬ ਦੀ ਸਿਆਸਤ ਉੱਤੇ ਵੀ ਡੂੰਘਾ ਪ੍ਰਭਾਵ ਪਾਇਆ ਹੈ। ਰਾਜਸੀ ਮਾਹਿਰ ਅਤੇ ਪੰਥਕ ਜਥੇਬੰਦੀਆਂ ਵੱਲੋਂ ਇਸ ਨੂੰ ਭਾਜਪਾ ਦੀ ਨਵੀਂ ਰਣਨੀਤੀ ਵਜੋਂ ਵੇਖਿਆ ਜਾ ਰਿਹਾ ਹੈ, ਜਦਕਿ ਵਿਰੋਧੀ ਪਾਰਟੀਆਂ ਜਿਵੇਂ ਕਾਂਗਰਸ, ਆਮ ਆਦਮੀ ਪਾਰਟੀ (ਆਪ) ਅਤੇ ਵੱਖ-ਵੱਖ ਅਕਾਲੀ ਦਲ ਵੀ ਆਪਣੀਆਂ ਰਣਨੀਤੀਆਂ ਨੂੰ ਮਜ਼ਬੂਤ ਕਰ ਰਹੀਆਂ ਹਨ।

ਪੰਜਾਬ ਵਿੱਚ ਭਾਜਪਾ ਨੂੰ ਪਹਿਲਾਂ ਤੋਂ ਹੀ ਇੱਕ ਸ਼ਹਿਰੀ ਅਤੇ ਹਿੰਦੂ-ਅਧਾਰਿਤ ਪਾਰਟੀ ਵਜੋਂ ਵੇਖਿਆ ਜਾਂਦਾ ਰਿਹਾ ਹੈ, ਪਰ ਹੁਣ ਇਹ ਪੰਜਾਬ ਦੇ ਦਿਹਾਤੀ ਇਲਾਕਿਆਂ ਅਤੇ ਸਿੱਖ ਭਾਈਚਾਰੇ ਵਿੱਚ ਵੀ ਪੈਰ ਜਮਾਉਣ ਦੀ ਕੋਸ਼ਿਸ਼ ਕਰ ਰਹੀ ਹੈ। 2024 ਦੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਨੂੰ ਪੰਜਾਬ ਵਿੱਚ 19 ਫੀਸਦੀ ਵੋਟਾਂ ਮਿਲੀਆਂ ਸਨ, ਜੋ ਇੱਕ ਮਹੱਤਵਪੂਰਨ ਵਾਧਾ ਸੀ। ਅਮਿਤ ਸ਼ਾਹ ਨੇ ਆਪਣੀ ਰੈਲੀ ਵਿੱਚ ਇਸ ਨੂੰ ਉਜਾਗਰ ਕਰਦੇ ਹੋਏ ਕਿਹਾ ਸੀ ਕਿ ਜਿਥੇ ਵੀ ਭਾਜਪਾ ਨੂੰ 19 ਫੀਸਦੀ ਵੋਟਾਂ ਮਿਲੀਆਂ ਹਨ, ਉਥੇ ਉਹ ਸਰਕਾਰ ਬਣਾਉਣ ਵਿੱਚ ਕਾਮਯਾਬ ਰਹੀ ਹੈ। ਉਨ੍ਹਾਂ ਨੇ ਅਸਾਮ, ਮਨੀਪੁਰ ਅਤੇ ਤ੍ਰਿਪੁਰਾ ਵਰਗੇ ਰਾਜਾਂ ਦੀ ਮਿਸਾਲ ਦਿੱਤੀ। ਭਾਜਪਾ ਹੁਣ ਪੰਜਾਬ ਵਿੱਚ ਇੱਕ ਵੱਡੇ ਭਾਈ ਵਜੋਂ ਉਭਰਨਾ ਚਾਹੁੰਦੀ ਹੈ ਅਤੇ ਉਹ ਕਿਸੇ ਵੀ ਗਠਜੋੜ ਵਿੱਚ ਛੋਟੇ ਭਾਈ ਦੀ ਭੂਮਿਕਾ ਨਹੀਂ ਨਿਭਾਏਗੀ। ਇਹ ਬਿਆਨ ਸਿੱਧਾ ਤੌਰ ’ਤੇ ਸ਼੍ਰੋਮਣੀ ਅਕਾਲੀ ਦਲ ਨਾਲ ਪੁਰਾਣੇ ਗਠਜੋੜ ਨੂੰ ਖਾਰਜ ਕਰਨ ਵਾਲਾ ਹੈ।



## ਗਠਜੋੜ ਦੀਆਂ ਸੰਭਾਵਨਾਵਾਂ ਅਤੇ ਪੰਜਾਬ ਦੀ ਸਿਆਸੀ ਰਣਨੀਤੀ

ਭਾਜਪਾ ਅਤੇ ਅਕਾਲੀ ਦਲ ਵਿਚਕਾਰ ਗਠਜੋੜ ਦੀ ਸੰਭਾਵਨਾ ਘੱਟ ਹੈ, ਜਿਵੇਂ ਅਮਿਤ ਸ਼ਾਹ ਨੇ ਇਨਕਾਰ ਕੀਤਾ ਹੈ। ਸਾਰੇ ਅਕਾਲੀ ਦਲ ਵੀ ਗਠਜੋੜ ਨਹੀਂ ਕਰਨ ਵਾਲੇ, ਕਿਉਂਕਿ ਫੁਟ ਡੂੰਘੀ ਹੈ। ਪੰਥਕ ਮਾਹਿਰ ਆਖਦੇ ਹਨ ਕਿ ਅਕਾਲੀ ਏਕਤਾ ਬਿਨਾਂ ਨਹੀਂ ਉਮਰ ਸਕਦੇ। ਪੰਜਾਬ ਦੀ ਸਿਆਸੀ ਰਣਨੀਤੀ ਹੁਣ ਮੁੱਦੇ-ਅਧਾਰਿਤ ਹੈ: ਨਸ਼ੇ, ਰੁਜ਼ਗਾਰ, ਬੇਆਦਬੀ , ਵਿਕਾਸ ਅਤੇ ਅਮਨ-ਕਾਨੂੰਨ। ਭਾਜਪਾ ਡਬਲ ਇੰਜਣ ਸਰਕਾਰ ਨੂੰ ਉਜਾਗਰ ਕਰ ਰਹੀ ਹੈ, ਜਦਕਿ ਅਕਾਲੀ ਦਲ ਦਿਲੀ-ਆਧਾਰਿਤ ਪਾਰਟੀਆਂ ਨੂੰ ਨਿਸ਼ਾਨਾ ਬਣਾ ਰਹੇ ਹਨ। ਆਉਣ ਵਾਲੇ ਦਿਨਾਂ ਵਿੱਚ ਸਿਆਸੀ ਗਰਮੀ ਵਧੇਗੀ, ਅਤੇ ਪੰਜਾਬੀ ਵੋਟਰ ਆਖਰੀ ਫੈਸਲਾ ਕਰੇਗਾ।

ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਪੰਜਾਬੀਆਂ ਵੱਲੋਂ ਭਾਜਪਾ ਨੂੰ ਮਿਲ ਰਹੇ ਸਹਿਯੋਗ ਬਾਰੇ ਗੱਲ ਕਰੀਏ ਤਾਂ ਇਹ ਅਜੇ ਵੀ ਸੀਮਿਤ ਨਜ਼ਰ ਆ ਰਿਹਾ ਹੈ। ਦਿਹਾਤੀ ਇਲਾਕਿਆਂ ਵਿੱਚ ਕਿਸਾਨ ਅੰਦੋਲਨ ਦੇ ਕਾਰਨ ਭਾਜਪਾ ਨੂੰ ਵਿਰੋਧ ਦਾ ਸਾਹਮਣਾ ਕਰਨਾ ਪਿਆ ਹੈ ਪਰ ਸ਼ਹਿਰੀ ਖੇਤਰਾਂ ਅਤੇ ਕੁਝ ਸਿੱਖ ਭਾਈਚਾਰੇ ਵਿੱਚ ਇਸ ਨੂੰ ਸਹਿਯੋਗ ਮਿਲ ਰਿਹਾ ਹੈ। ਭਾਜਪਾ ਨੇ ਸਿੱਖ ਗੁਰੂਆਂ ਨੂੰ ਯਾਦ ਕਰਕੇ ਅਤੇ ਕੇਸਰੀ ਦਸਤਾਰ ਪਹਿਨ ਕੇ ਆਪਣੀ ਰਣਨੀਤੀ ਨੂੰ ਪੰਜਾਬੀ ਸੱਭਿਆਚਾਰ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਹੈ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਇਸ ਰੈਲੀ ਨੇ ਵਿਰੋਧੀ ਪਾਰਟੀਆਂ ਨੂੰ ਵੀ ਸੁਚੇਤ ਕੀਤਾ ਹੈ। ਆਪ ਸਰਕਾਰ ਨੂੰ ਇਸ ਨੇ ਰੱਖਿਆਤਮਕ ਬਣਾ ਦਿੱਤਾ ਹੈ, ਜਦਕਿ ਅਕਾਲੀ ਦਲ ਅਤੇ ਕਾਂਗਰਸ ਨੇ ਇਸ ਨੂੰ ਭਾਜਪਾ ਦੀ ਵਿਸਥਾਰਵਾਦੀ ਰਣਨੀਤੀ ਵਜੋਂ ਵੇਖਿਆ ਹੈ। ਰੈਲੀ ਨੇ ਅਕਾਲੀ-ਭਾਜਪਾ ਗਠਜੋੜ ਦੀਆਂ ਅਟਕਲਾਂ ਨੂੰ ਵੀ ਖਾਰਜ ਕੀਤਾ ਹੈ, ਜਿਸ ਨਾਲ ਅਕਾਲੀ ਦਲ ਨੂੰ ਨਵੀਂ ਰਣਨੀਤੀ ਬਣਾਉਣ ਲਈ ਮਜਬੂਰ ਕੀਤਾ ਗਿਆ ਹੈ। ਡਾਕਟਰ ਪਰਮਜੀਤ ਸਿੰਘ ਮਾਨਸਾ ਨੇ ਕਿਹਾ ਕਿ ਸਮੂਹ ਅਕਾਲੀ ਧੜਿਆਂ ਨੂੰ ਏਕਤਾ ਕਰਨ ਦੀ ਲੋੜ ਹੈ ਤਾਂ ਜ਼ੋ ਪੰਜਾਬ ਦੀ ਖੁਦਮੁਖਤਿਆਰੀ ਤੇ ਅਕਾਲੀ ਦਲ ਦੀ ਹੋਂਦ ਨੂੰ ਬਚਾਇਆ ਜਾ ਸਕੇ।

ਭਾਜਪਾ ਬਾਰੇ ਕੀ ਕਹਿੰਦੇ ਹਨ ਸਿਆਸੀ ਮਾਹਿਰ-ਪੰਜਾਬ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ ਖਾਲਿਦ ਨੇ ਕਿਹਾ ਹੈ ਕਿ ਭਾਜਪਾ ਨੂੰ ਪਤਾ ਹੈ ਕਿ ਪੰਜਾਬ ਵਿੱਚ ਐਂਟਰੀ ਲੈਣ ਲਈ ਸਿੱਖ ਬਣ ਕੇ ਹੀ ਆਉਣਾ ਪਵੇਗਾ। ਉਨ੍ਹਾਂ ਨੇ ਇਹ ਵੀ ਜ਼ਿਕਰ ਕੀਤਾ ਕਿ ਭਾਜਪਾ ਪਿਛਲੇ ਕਈ ਸਾਲਾਂ ਤੋਂ ਰੁੱਸੇ ਹੋਏ ਸਿੱਖ ਚਿਹਰਿਆਂ ਨੂੰ ਆਪਣੇ ਨਾਲ ਮਿਲਾ ਰਹੀ ਹੈ।

ਰਾਜਸੀ ਮਾਹਿਰ ਅਤੇ ਪੰਥਕ ਜਥੇਬੰਦੀਆਂ ਦਾ ਦ੍ਰਿਸ਼ਟੀਕੋਣ-ਰਾਜਸੀ ਮਾਹਿਰਾਂ ਨੇ ਭਾਜਪਾ ਦੀ ਇਸ ਰਣਨੀਤੀ ਨੂੰ ਗੰਭੀਰਤਾ ਨਾਲ ਵੇਖਿਆ ਹੈ। ਪੰਜਾਬ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ ਕੁਲਦੀਪ ਸਿੰਘ ਨੇ ਕਿਹਾ ਕਿ ਪੰਜਾਬ ਇੱਕ ਅਜਿਹਾ ਸੂਬਾ ਹੈ ਜਿੱਥੇ ਭਾਜਪਾ ਅਜੇ ਪੈਰ ਨਹੀਂ ਜਮਾ ਸਕੀ, ਪਰ ਉਹ ਹਰ ਹਥਕੰਡਾ ਅਪਣਾ ਰਹੀ ਹੈ ਤਾਂ ਜ਼ੋ ਕਾਮਯਾਬ ਹੋ ਸਕੇ। ਉਨ੍ਹਾਂ ਨੇ ਕਿਹਾ ਕਿ ਭਾਜਪਾ ਗਠਜੋੜ ਕਰਕੇ, ਵਿਧਾਇਕਾਂ ਨੂੰ ਤੋੜ ਕੇ ਸੱਤਾ ਹਾਸਲ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

ਪ੍ਰੋਫੈਸਰ ਜਗਰੂਪ ਸੇਖੋਂ ਨੇ ਕਿਹਾ ਕਿ ਪੰਜਾਬ ਵਿੱਚ ਧਰਮ ਦੇ ਨਾਮ ’ਤੇ ਵੋਟਾਂ ਨਹੀਂ ਮਿਲਦੀਆਂ, ਲੋਕ ਮੁੱਦਿਆਂ ਨੂੰ ਵੇਖਦੇ ਹਨ। ਉਨ੍ਹਾਂ ਨੇ ਤਰਨਜੀਤ ਸਿੰਘ ਸੰਧੂ ਨੂੰ ਦਿੱਲੀ ਦਾ ਲੈਫਟੀਨੈਂਟ ਗਵਰਨਰ ਬਣਾਉਣ ਨੂੰ ਵੀ ਇੱਕ ਰਣਨੀਤੀ ਵਜੋਂ ਵੇਖਿਆ।


ਪੰਥਕ ਜਥੇਬੰਦੀਆਂ ਵਿੱਚ ਵੀ ਇਸ ਬਾਰੇ ਵੱਖ-ਵੱਖ ਵਿਚਾਰ ਹਨ। ਦਮਦਮੀ ਟਕਸਾਲ ਵਰਗੀਆਂ ਜਥੇਬੰਦੀਆਂ ਨੇ ਭਾਜਪਾ ਨਾਲ ਨੇੜਤਾ ਵਧਾਈ ਹੈ, ਜਿਸ ਨੂੰ ਪ੍ਰੋਫੈਸਰ ਕੁਲਦੀਪ ਨੇ ਚੀਫ ਖਾਲਸਾ ਦੀਵਾਨ ਵਰਗੀ ਪੁਰਾਣੀ ਰਣਨੀਤੀ ਨਾਲ ਜੋੜਿਆ ਹੈ।

ਦਮਦਮੀ ਟਕਸਾਲ ਦਾ ਮੰਨਣਾ ਹੈ ਕਿ ਸਿੱਖ ਘੱਟ ਗਿਣਤੀ ਹਨ ਅਤੇ ਸਰਕਾਰ ਨਾਲ ਜੁੜ ਕੇ ਫਾਇਦਾ ਲੈ ਸਕਦੇ ਹਨ, ਪਰ ਦਲ ਖ਼ਾਲਸਾ ਇਸ ਦਾ ਵਿਰੋਧ ਕਰ ਰਿਹਾ ਹੈ। ਸਿਖ ਪੰਥ ਵਿਚ ਭਾਜਪਾ ਦਾ ਵੱਡਾ ਵਿਰੋਧ ਵੀ ਮੌਜੂਦ ਹੈ।ਦਮਦਮੀ ਟਕਸਾਲ ਦਾ ਇਤਿਹਾਸਿਕ ਪਿਛੋਕੜ ਸੰਘਰਸ਼ੀ ਰਿਹਾ ਹੈ। ਟਕਸਾਲ ਦੇ ਭਾਜਪਾ ਨਾਲ ਗਠਜੋੜ ਜਾਂ ਨਜ਼ਦੀਕੀ ਨੂੰ ਬਹੁਤੀਆਂ ਸਿੱਖ ਜਥੇਬੰਦੀਆਂ ‘ਗੈਰ ਸਿਧਾਂਤਕ ਸਮਝੌਤੇ’ ਵਜੋਂ ਦੇਖ ਰਹੀਆਂ ਹਨ। ਸ਼੍ਰੋਮਣੀ ਅਕਾਲੀ ਦਲ (ਬਾਦਲ) ਅਤੇ ਦਲ ਖਾਲਸਾ ਤੇ ਹੋਰ ਖਾਲਿਸਤਾਨੀ ਜਥੇਬੰਦੀਆਂ ਨੇ ਇਸ ਕਦਮ ਦੀ ਸਖ਼ਤ ਆਲੋਚਨਾ ਕੀਤੀ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਭਾਜਪਾ ਸਿੱਖ ਸੰਸਥਾਵਾਂ ਵਿੱਚ ਘੁਸਪੈਠ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।ਟਕਸਾਲ ਮੁਖੀ ਬਾਬਾ ਧੁੰਮਾਂ ਦਾ ਤਰਕ ਹੈ ਕਿ ਕੇਂਦਰ ਸਰਕਾਰ ਨਾਲ ਮਿਲ ਕੇ ਚੱਲਣ ਨਾਲ ਸਿੱਖ ਮਸਲੇ (ਜਿਵੇਂ ਬੰਦੀ ਸਿੰਘਾਂ ਦੀ ਰਿਹਾਈ ਅਤੇ ਧਾਰਮਿਕ ਅਜ਼ਾਦੀ) ਹੱਲ ਹੋ ਸਕਦੇ ਹਨ। ਹਾਲ ਹੀ ਵਿੱਚ ਮਹਾਰਾਸ਼ਟਰ ਵਿਧਾਨ ਸਭਾ ਚੋਣਾਂ ਦੌਰਾਨ ਬਾਬਾ ਹਰਨਾਮ ਸਿੰਘ ਧੁੰਮਾ ਵੱਲੋਂ ਭਾਜਪਾ ਦੀ ਹਮਾਇਤ ਕੀਤੇ ਜਾਣ ਨਾਲ ਇਹ ਸਪੱਸ਼ਟ ਹੋ ਗਿਆ ਹੈ ਕਿ ਟਕਸਾਲ ਹੁਣ ਰਾਸ਼ਟਰੀ ਪੱਧਰ ’ਤੇ ਭਾਜਪਾ ਦੇ ਨਾਲ ਖੜ੍ਹੀ ਨਜ਼ਰ ਆ ਰਹੀ ਹੈ। ਪੰਜਾਬ 2027: ਪੰਜਾਬ ਦੀਆਂ 2027 ਚੋਣਾਂ ਲਈ ਭਾਜਪਾ ਨੂੰ ਇੱਕ ਮਜ਼ਬੂਤ ਧਾਰਮਿਕ ਅਧਾਰ ਮਿਲ ਸਕਦਾ ਹੈ, ਜੋ ਰਵਾਇਤੀ ਅਕਾਲੀ ਵੋਟ ਬੈਂਕ ਨੂੰ ਸੰਨ੍ਹ ਲਾ ਸਕਦਾ ਹੈ। ਦਮਦਮੀ ਟਕਸਾਲ ਦੇ 14ਵੇਂ ਮੁਖੀ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਕੇਂਦਰੀ ਤਾਕਤਾਂ ਦੇ ਸਖ਼ਤ ਵਿਰੋਧੀ ਸਨ। ਮੌਜੂਦਾ ਲੀਡਰਸ਼ਿਪ ਦਾ ਭਾਜਪਾ ਵੱਲ ਝੁਕਾਅ ਹੋਣ ਕਰਕੇ ਸੋਸ਼ਲ ਮੀਡੀਆ ਅਤੇ ਪੰਥਕ ਹਲਕਿਆਂ ਵਿੱਚ ਇਹ ਸਵਾਲ ਉੱਠ ਰਹੇ ਹਨ ਕਿ ਕੀ ਟਕਸਾਲ ਆਪਣੀ ਪੁਰਾਣੀ ਵਿਚਾਰਧਾਰਾ ਤੋਂ ਦੂਰ ਜਾ ਰਹੀ ਹੈ ? ਟਕਸਾਲ ਅਤੇ ਭਾਜਪਾ ਦੀ ਨੇੜਤਾ ਨਾਲ ਸ਼੍ਰੋਮਣੀ ਕਮੇਟੀ ਦੀਆਂ ਆਉਣ ਵਾਲੀਆਂ ਚੋਣਾਂ ਵਿੱਚ ਵੀ ਵੱਡੇ ਫੇਰਬਦਲ ਹੋ ਸਕਦੇ ਹਨ। ਆਲੋਚਕਾਂ ਦਾ ਕਹਿਣਾ ਹੈ ਕਿ ਅਜਿਹੇ ਗਠਜੋੜ ਨਾਲ ਸਿੱਖ ਸੰਸਥਾਵਾਂ ਦੀ ਖੁਦਮੁਖਤਿਆਰੀ ਖਤਰੇ ਵਿੱਚ ਪੈ ਸਕਦੀ ਹੈ।

ਕਾਂਗਰਸ, ਆਪ ਅਤੇ ਅਕਾਲੀ ਦਲਾਂ ਦੀ ਰਣਨੀਤੀ-ਆਮ ਆਦਮੀ ਪਾਰਟੀ (ਆਪ) ਪੰਜਾਬ ਵਿੱਚ ਸੱਤਾਧਾਰੀ ਹੈ ਅਤੇ ਉਹ ਆਪਣੀਆਂ ਪ੍ਰਾਪਤੀਆਂ ਨੂੰ ਆਧਾਰ ਬਣਾ ਕੇ ਚੋਣ ਲੜੇਗੀ। 2022 ਵਿੱਚ 92 ਸੀਟਾਂ ਜਿੱਤ ਕੇ 42 ਫੀਸਦੀ ਵੋਟਾਂ ਲੈਣ ਵਾਲੀ ਆਪ ਨੇ 65 ਹਜ਼ਾਰ ਨੌਕਰੀਆਂ ਦਿੱਤੀਆਂ ਹਨ ਅਤੇ ‘ਯੁੱਧ ਨਸ਼ਿਆਂ ਵਿਰੁੱਧ’ ਮੁਹਿੰਮ ਚਲਾਈ ਹੈ। ਉਹ ਕੇਂਦਰੀ ਭਾਜਪਾ ਨੂੰ ਪੰਜਾਬ ਨਾਲ ਵਿਤਕਰੇ ਵਜੋਂ ਨਿਸ਼ਾਨਾ ਬਣਾਏਗੀ ਅਤੇ ਕਾਂਗਰਸ-ਅਕਾਲੀ ਦਲ ਨੂੰ ਪੰਜਾਬ ਦਾ ਵਿਕਾਸ ਨਾ ਕਰਨ ਵਾਲੇ ਵਜੋਂ ਆਲੋਚਨਾ ਕਰੇਗੀ।

ਕਾਂਗਰਸ 2022 ਵਿੱਚ 18 ਸੀਟਾਂ ਅਤੇ 23 ਫੀਸਦੀ ਵੋਟਾਂ ਨਾਲ ਦੂਜੇ ਨੰਬਰ ’ਤੇ ਰਹੀ। ਉਹ ਆਪ ਦੀਆਂ ਅਸਫਲਤਾਵਾਂ ਜਿਵੇਂ ਨਸ਼ੇ ਅਤੇ ਭ੍ਰਿਸ਼ਟਾਚਾਰ ਨੂੰ ਮੁੱਦਾ ਬਣਾਏਗੀ। ਬਰਨਾਲੇ ਵਿੱਚ ਰਾਹੁਲ ਗਾਂਧੀ ਦੀ ਰੈਲੀ ਨੇ ਕਾਂਗਰਸ ਦੀ ਸਿਆਸੀ ਮੁਹਿੰਮ ਨੂੰ ਤੇਜ਼ ਕੀਤਾ ਹੈ। ਪਰ ਧੜੇਬੰਦੀ ਕਾਂਗਰਸ ਦੀ ਵੱਡੀ ਸਮੱਸਿਆ ਹੈ। ਪੰਜਾਬੀਆਂ ਵੱਲੋਂ ਕਾਂਗਰਸ ਨੂੰ ਰਵਾਇਤੀ ਸਹਿਯੋਗ ਮਿਲ ਰਿਹਾ ਹੈ, ਪਰ ਇਹ ਘਟ ਰਿਹਾ ਹੈ।

ਸ਼੍ਰੋਮਣੀ ਅਕਾਲੀ ਦਲ (ਬਾਦਲ) ‘ਪੰਜਾਬ ਬਚਾਓ’ ਨਾਅਰੇ ਨਾਲ ਰੈਲੀਆਂ ਕਰ ਰਿਹਾ ਹੈ। ਸੁਖਬੀਰ ਬਾਦਲ ਭਾਜਪਾ ਅਤੇ ਆਪ ਨੂੰ ਨਿਸ਼ਾਨਾ ਬਣਾ ਰਹੇ ਹਨ ਅਤੇ ਪਿਛਲੇ ਅਕਾਲੀ ਰਾਜ ਦੇ ਵਿਕਾਸ ਨੂੰ ਉਜਾਗਰ ਕਰ ਰਹੇ ਹਨ। ਨਵਾਂ ਅਕਾਲੀ ਦਲ (ਪੁਨਰ ਸੁਰਜੀਤ) ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਵਿੱਚ ਰੈਲੀਆਂ ਕਰ ਰਿਹਾ ਹੈ ਅਤੇ ਅਕਾਲੀ ਦਲ ਨੂੰ ਕਮਜ਼ੋਰ ਕਰਨ ਲਈ ਬਾਦਲ ਨੂੰ ਨਿਸ਼ਾਨਾ ਬਣਾ ਰਿਹਾ ਹੈ। ਵਾਰਿਸ ਪੰਜਾਬ ਹੁਣੇ ਜਿਹੇ ਸਰਗਰਮ ਹੋਇਆ ਹੈ, ਉਹ ਪੰਥ ਤੇ ਪੰਜਾਬ ਦੇ ਮੁੱਦਿਆਂ ਨੂੰ ਉਠਾ ਰਿਹਾ ਹੈ।



ਰਜਿੰਦਰ ਸਿੰਘ ਪੁਰੇਵਾਲ

**ਸੰਪਾਦਕੀ** **ਵਿਚਾਰ :–** ਦੋ ਗੱਲਾਂ ਬੁੱਧੀ ਲਈ ਹਲਕੀਆਂ ਹਨ, ਇਕ ਬੋਲਣ ਵੇਲੇ ਚੁੱਪ ਰਹਿਣਾ ਤੇ ਦੂਸਰਾ ਚੁੱਪ ਰਹਿਣ ਵੇਲੇ ਬੋਲਣਾ ।

# ਪੰਜਾਬ ਪੁਲਿਸ ਵਲੋਂ ਮਨੁੱਖੀ ਅਧਿਕਾਰਾਂ ਦਾ ਘਾਣ ਅਤੇ ਖਾਲਿਸਤਾਨ ਦੇ ਬਹਾਨੇ ਸਿੱਖਾਂ ਦੀ ਕਿਉਂ ਕੁਚਲੀ ਜਾਂਦੀ ਹੈ ਆਜ਼ਾਦੀ ?

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ 10 ਮਾਰਚ 2026 ਨੂੰ ਖਾਲਿਸਤਾਨ ਰਿਫਰੈਂਡਮ 2020 ਮਾਮਲੇ ਵਿੱਚ ਇੱਕ ਵਿਅਕਤੀ ਨੂੰ ਜ਼ਮਾਨਤ ਦੇ ਕੇ ਨਿਆਂ ਦੀ ਇੱਕ ਨਵੀਂ ਮਿਸਾਲ ਕਾਇਮ ਕੀਤੀ ਹੈ। ਉਸ ਵਿਅਕਤੀ ਦਾ ਨਾਮ ਸੁਖਮੰਦਰ ਸਿੰਘ ਹੈ, ਜਿਸ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰਕੇ ਲਗਭਗ 7 ਸਾਲ, 2 ਮਹੀਨੇ ਅਤੇ 22 ਦਿਨ ਜੇਲ੍ਹ ਵਿੱਚ ਰੱਖਿਆ ਰੱਖਿਆ ਸੀ। ਅਦਾਲਤ ਨੇ ਸਪੱਸ਼ਟ ਕਿਹਾ ਕਿ ਇੰਨੀ ਲੰਬੀ ਨਜ਼ਰਬੰਦੀ 'ਨਿਆਂ ਦੇ ਉਲਟ' ਹੈ ਅਤੇ ਇਹ ਆਰਟੀਕਲ 21 ਦੀ ਉਲੰਘਣਾ ਹੈ। ਪਰ ਵੱਡਾ ਸਵਾਲ ਇਹ ਹੈ - ਪੁਲਿਸ ਕਦੋਂ ਤੱਕ ਮਨੁੱਖੀ ਅਧਿਕਾਰਾਂ ਦਾ ਘਾਣ ਕਰਦੀ ਰਹੇਗੀ? ਖਾਲਿਸਤਾਨ ਦੇ ਨਾਮ 'ਤੇ ਸਿੱਖ ਨੌਜਵਾਨਾਂ ਅਤੇ ਆਮ ਸਿੱਖਾਂ ਨੂੰ ਕਿਵੇਂ ਤੰਗ ਕੀਤਾ ਜਾ ਰਿਹਾ ਹੈ? ਇਹ ਕੋਈ ਇਕੱਲਾ ਮਾਮਲਾ ਨਹੀਂ, ਇੱਕ ਵਿਆਪਕ ਸਰਕਾਰੀ ਰਣਨੀਤੀ ਹੈ ਜਿਸ ਨੇ ਸਿੱਖ ਭਾਈਚਾਰੇ ਨੂੰ ਡਰ ਅਤੇ ਅਣਉਚਿਤ ਤਸੀਹਿਆਂ ਦੀ ਭੇਟ ਚੜ੍ਹਾ ਰੱਖਿਆ ਹੈ।

ਪੁਲਿਸ ਦਾ ਬੁਚੜਪੁਣਾ ਇਸ ਮਾਮਲੇ ਵਿੱਚ ਸਪੱਸ਼ਟ ਝਲਕਦਾ ਹੈ। ਸੁਖਮੰਦਰ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ ਤਾਂ ਉਸ 'ਤੇ ਐਨਆਈਏ ਵੱਲੋਂ ਇਲਜ਼ਾਮ ਲਾਏ ਗਏ ਕਿ ਉਹ 'ਸਿੱਖਸ ਫਾਰ ਜਸਟਿਸ' ਅਤੇ ਗੁਰਪਤਵੰਤ ਸਿੰਘ ਪੰਨੂ ਨਾਲ ਜੁੜੀ ਜਥੇਬੰਦੀ ਦਾ ਮੈਂਬਰ ਹੈ ਜ਼ੋ ਖਾਲਿਸਤਾਨੀ ਪੋਸਟਰ ਲਾਉਂਦਾ ਸੀ ਅਤੇ ਵੱਖਵਾਦੀ ਗਤੀਵਿਧੀਆਂ ਨੂੰ ਹੱਲਾਸ਼ੇਰੀ ਦਿੰਦਾ ਸੀ। ਪਰ ਅਸਲ ਵਿੱਚ ਉਸ ਉੱਤੇ ਕੋਈ ਹਿੰਸਾ, ਹਥਿਆਰ ਜਾਂ ਟਾਰਗੇਟ ਕਿਲਿੰਗ ਦਾ ਸਬੂਤ ਨਹੀਂ ਸੀ। ਸਿਰਫ਼ ਇੱਕ ਨਾਅਰਾ ਜਾਂ ਰਿਫਰੈਂਡਮ ਵਾਲੀ ਗੱਲ ਨੂੰ ਪੁਲਿਸ ਵਲੋਂ ਵੱਡੀ 'ਸਾਜ਼ਿਸ਼' ਬਣਾ ਦਿੱਤਾ ਗਿਆ। ਪੁਲਿਸ ਨੇ ਉਸ ਨੂੰ ਯੂਏਪੀਏ ਵਰਗੇ ਕਾਲੇ ਕਾਨੂੰਨ ਤਹਿਤ ਫਸਾ ਕੇ ਸਾਲਾਂ ਤੱਕ ਜੇਲ੍ਹ ਵਿੱਚ ਸੜਨ ਦਿੱਤਾ। ਬਿਨਾਂ ਟ੍ਰਾਇਲ ਤੋਂ ਉਸਦੀ ਜ਼ਿੰਦਗੀ ਬਰਬਾਦ ਕਰ ਦਿਤੀ ਗਈ। ਪਰਿਵਾਰ ਤਬਾਹ ਹੋ ਗਿਆ, ਬੱਚਿਆਂ ਦੀ ਪੜ੍ਹਾਈ ਰੁੱਕ ਗਈ ਅਤੇ ਉਸਦੀ ਆਜ਼ਾਦੀ ਇੱਕ ਜੇਲ ਵਿੱਚ ਬੰਦ ਹੋ ਗਈ। ਇੱਕ ਛੋਟੀ ਜਿਹੀ ਸੋਸ਼ਲ ਮੀਡੀਆ ਪੋਸਟ ਜਾਂ 'ਖਾਲਿਸਤਾਨ ਜ਼ਿੰਦਾਬਾਦ' ਵਾਲਾ ਨਾਅਰਾ ਲਗਾਉਣ ਨੂੰ ਵੀ 'ਦੇਸ਼ਧ੍ਰੋਹ' ਬਣਾ ਦਿੱਤਾ ਜਾਂਦਾ ਹੈ। ਪੁਲਿਸ ਦੀ ਇਸ ਜਾਬਰ ਤੇ ਮਨੁੱਖੀ ਅਧਿਕਾਰਾਂ ਵਿਰੋਧੀ ਨੀਤੀ ਨੇ ਪੰਜਾਬ ਵਿੱਚ ਸਰਕਾਰੀ ਦਹਿਸ਼ਤ ਦਾ ਮਾਹੌਲ ਬਣਾ ਰੱਖਿਆ ਹੈ।

ਭਾਰਤੀ ਸੰਵਿਧਾਨ ਦਾ ਆਰਟੀਕਲ 21 ਸਪੱਸ਼ਟ ਕਹਿੰਦਾ ਹੈ ਕਿ ਕਿਸੇ ਵੀ ਵਿਅਕਤੀ ਦੀ ਨਿੱਜੀ ਆਜ਼ਾਦੀ ਨੂੰ ਬਿਨਾਂ ਕਾਨੂੰਨੀ ਪ੍ਰਕਿਰਿਆ ਤੋਂ ਵਾਂਝਾ ਨਹੀਂ ਕੀਤਾ ਜਾ ਸਕਦਾ। ਧਾਰਾ 436 ਏ ਸੀਆਰਪੀਸੀ ਵੀ ਕਹਿੰਦੀ ਹੈ ਕਿ ਜੇਕਰ ਮੁਲਜ਼ਮ ਨੇ ਆਪਣੀ ਸੰਭਾਵਿਤ ਸਜ਼ਾ ਦਾ ਅੱਧਾ ਹਿੱਸਾ ਜੇਲ੍ਹ ਵਿੱਚ ਕੱਟ ਲਿਆ ਤਾਂ ਉਸ ਨੂੰ ਬੇਲ ਮਿਲਣੀ ਚਾਹੀਦੀ ਹੈ। ਸੁਖਮੰਦਰ ਸਿੰਘ ਨੇ ਤਾਂ ਇਸ ਤੋਂ ਵੀ ਵੱਧ ਸਮਾਂ ਕੱਟਿਆ ਹੈ, ਫਿਰ ਵੀ ਉਸ ਨੂੰ ਸਾਲਾਂ ਤੱਕ ਜੇਲੀਂ ਡਕੀ ਰਖਿਆ। ਇਹ 'ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਹੈ। ਸੁਪਰੀਮ ਕੋਰਟ ਨੇ ਕੇ.ਏ. ਨਜੀਬ ਬਨਾਮ ਯੂਨੀਅਨ ਆਫ ਇੰਡੀਆ (2021) ਵਿੱਚ ਵੀ ਕਿਹਾ ਸੀ ਕਿ ਯੂਏਪੀਏ ਵਰਗੇ ਸਖ਼ਤ ਕਾਨੂੰਨਾਂ ਵਿੱਚ ਵੀ ਆਰਟੀਕਲ 21 ਲਾਗੂ ਹੁੰਦਾ ਹੈ ਅਤੇ ਲੰਬੀ ਹਿਰਾਸਤ ਵਿੱਚ ਬੇਲ ਦਿੱਤੀ ਜਾ ਸਕਦੀ ਹੈ। ਪਰ ਅਮਲ ਵਿੱਚ ਪੁਲਿਸ ਟ੍ਰਾਇਲ ਨੂੰ ਲਟਕਾਉਂਦੀ ਰਹਿੰਦੀ ਹੈ। ਇਸ ਨਾਲ ਨਿਰਦੋਸ਼ ਲੋਕ ਸਾਲਾਂ ਤੱਕ ਸੜਦੇ ਰਹਿੰਦੇ ਹਨ। ਖਾਲਿਸਤਾਨ ਦੇ ਨਾਮ 'ਤੇ ਸਿੱਖਾਂ ਨੂੰ ਕੁਚਲਣ ਦੀ ਇਹ ਰਣਨੀਤੀ ਇੱਕ ਵਿਸ਼ੇਸ਼ ਟੂਲ ਬਣ ਗਈ ਹੈ। 1980-90 ਦੇ ਪੰਜਾਬ ਸੰਤਾਪ ਵਾਲੇ ਸਮੇਂ ਤੋਂ ਬਾਅਦ ਪੰਜਾਬ ਵਿੱਚ ਸ਼ਾਂਤੀ ਬਣੀ ਹੋਈ ਹੈ। ਪਰ ਪੁਲਿਸ ਉਸ ਦੌਰ ਨੂੰ ਬਹਾਨਾ ਬਣਾ ਕੇ ਆਮ ਸਿੱਖ ਯੁਵਕਾਂ ਨੂੰ ਨਿਸ਼ਾਨਾ ਬਣਾਉਂਦੀ ਹੈ। ਇੱਕ ਪੋਸਟਰ ਲਾਉਣਾ ਜਾਂ ਸੋਸ਼ਲ ਮੀਡੀਆ 'ਤੇ ਧਰਮੀ ਗੱਲ ਕਰਨਾ ਵੀ 'ਵੱਖਵਾਦ' ਬਣ ਜਾਂਦਾ ਹੈ। ਸੁਪਰੀਮ ਕੋਰਟ ਨੇ ਬਲਵੰਤ ਸਿੰਘ ਬਨਾਮ ਪੰਜਾਬ ਰਾਜ (1995) ਵਿੱਚ ਸਪੱਸ਼ਟ ਕਿਹਾ ਸੀ ਕਿ ਸਿਰਫ਼ 'ਖਾਲਿਸਤਾਨ ਜ਼ਿੰਦਾਬਾਦ' ਵਾਲਾ ਨਾਅਰਾ ਲਗਾਉਣਾ ਦੇਸ਼ਧ੍ਰੋਹ ਨਹੀਂ ਹੈ, ਜਦੋਂ ਤੱਕ ਉਸ ਨਾਲ ਹਿੰਸਾ ਨਾ ਭੜਕੇ। ਪਰ ਪੁਲਿਸ ਇਸ ਨੂੰ ਯੂਏਪੀਏ ਨਾਲ ਜੋੜ ਕੇ 'ਟੈਰਰ ਫੰਡਿੰਗ' ਅਤੇ 'ਸਾਜ਼ਿਸ਼' ਵਾਲੀਆਂ ਧਾਰਾਵਾਂ ਲਾਉਂਦੀ ਹੈ। ਇਸ ਨਾਲ ਸਿੱਖ ਨੌਜਵਾਨਾਂ ਦੀਆਂ ਜ਼ਿੰਦਗੀਆਂ ਬਰਬਾਦ ਹੋ ਜਾਂਦੀਆਂ ਹਨ। ਉਨ੍ਹਾਂ ਦੀਆਂ ਫੈਮਿਲੀਆਂ ਆਰਥਿਕ ਤੌਰ 'ਤੇ ਤਬਾਹ ਹੋ ਜਾਂਦੀਆਂ ਹਨ। ਮਨੁੱਖੀ ਅਧਿਕਾਰ ਸੰਸਥਾਵਾਂ ਵੀ ਇਸ 'ਤੇ ਚਿੰਤਾ ਜ਼ਾਹਰ ਕਰਦੀਆਂ ਹਨ ਕਿ ਯੂਏਪੀਏ ਵਿੱਚ ਬਰੀ ਹੋਣ ਦੀ ਰੇਟ ਘੱਟ ਹੈ, ਪਰ ਉਨ੍ਹਾਂ ਲੋਕਾਂ ਦੀ ਜ਼ਿੰਦਗੀ ਉਨ੍ਹਾਂ 7-8 ਸਾਲਾਂ ਵਿੱਚ ਹੀ ਬਰਬਾਦ ਹੋ ਜਾਂਦੀ ਹੈ। ਪੁਲਿਸ ਵਲੋਂ ਐਸਐਫਜੇ ਵਰਗੀਆਂ ਬੈਨਡ ਆਰਗੇਨਾਈਜ਼ੇਸ਼ਨਾਂ ਦਾ ਨਾਮ ਲੈ ਕੇ ਹਰ ਉਸ ਵਿਅਕਤੀ ਨੂੰ ਟਾਰਗੇਟ ਕੀਤਾ ਜਾਂਦਾ ਹੈ ਜੋ ਸਿੱਖ ਇਤਿਹਾਸ ਜਾਂ ਧਰਮ ਨਾਲ ਜੁੜੀ ਗੱਲ ਕਰਦਾ ਹੈ ਤੇ ਸਰਕਾਰ ਦੀਆਂ ਨੀਤੀਆਂ ਵਿਰੁਧ ਬੋਲਦਾ ਹੈ ਤੇ ਸਿੱਖ ਹੱਕਾਂ ਦੀ ਅਵਾਜ਼ ਬੁਲੰਦ ਕਰਦਾ ਹੈ। ਸਿੱਖ ਭਾਈਚਾਰੇ ਨੇ ਭਾਰਤ ਦੀ ਅਜ਼ਾਦੀ ਲਈ ਬਹੁਤ ਕੁਰਬਾਨੀਆਂ ਦਿੱਤੀਆਂ ਹਨ। ਪਰ ਸਿੱਖਾਂ ਨੂੰ ਕਦੇ ਇਨਸਾਫ ਨਹੀਂ ਮਿਲਿਆ। ਖਾਲਿਸਤਾਨ ਵਾਲੇ ਬਹਾਨੇ ਤਹਿਤ ਉਨ੍ਹਾਂ ਨੂੰ ਵੱਖਵਾਦੀ ਕਿਹਾ ਜਾਣਾ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਂਦਾ ਹੈ। ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਇਹ ਜ਼ਰੂਰੀ ਹੈ ਕਿ ਪੁਲਿਸ ਆਪਣੀਆਂ ਜਾਂਚਾਂ ਨੂੰ ਪਾਰਦਰਸ਼ੀ ਬਣਾਵੇ ਅਤੇ ਸਿਰਫ਼ ਠੋਸ ਸਬੂਤਾਂ 'ਤੇ ਕਾਰਵਾਈ ਕਰੇ। ਯੂਏਪੀਏ ਵਰਗੇ ਕਾਨੂੰਨਾਂ ਵਿੱਚ ਸੁਧਾਰ ਲਿਆਉਣਾ ਚਾਹੀਦਾ ਹੈ ਤਾਂ ਜੋ ਉਹ ਮਨੁੱਖੀ ਅਜ਼ਾਦੀ ਨੂੰ ਰੋਕਣ ਵਾਲਾ ਟੂਲ ਨਾ ਬਣ ਜਾਵੇ। ਟ੍ਰਾਇਲਾਂ ਨੂੰ ਤੇਜ਼ ਕਰਨ ਲਈ ਵਿਸ਼ੇਸ਼ ਅਦਾਲਤਾਂ ਵਿੱਚ ਟਾਈਮ ਬਾਈਂਡ ਲਿਮਿਟ ਲਾਗੂ ਕੀਤੀ ਜਾਵੇ ਅਤੇ ਪੁਲਿਸ ਨੂੰ ਜ਼ਿੰਮੇਵਾਰ ਠਹਿਰਾਇਆ ਜਾਵੇ ਜੇਕਰ ਉਹ ਬਿਨਾਂ ਸਬੂਤਾਂ ਗ੍ਰਿਫ਼ਤਾਰੀਆਂ ਕਰਦੀ ਹੈ। ਕੋਰਟ ਦੇ ਫੈਸਲੇ ਨਾਲ ਉਨ੍ਹਾਂ ਸਾਰੇ ਕੈਦੀਆਂ ਲਈ ਇੱਕ ਉਦਾਹਰਣ ਬਣੀ ਹੈ ਜੋ ਲੰਬੇ ਸਮੇਂ ਤੋਂ ਬਿਨਾਂ ਸੁਣਵਾਈ ਦੇ ਜੇਲ੍ਹਾਂ ਵਿੱਚ ਬੰਦ ਹਨ। ਸਰਕਾਰ ਅਤੇ ਜਾਂਚ ਏਜੰਸੀਆਂ ਲਈ ਇੱਕ ਸੁਨੇਹਾ ਹੈ ਕਿ ਦੋਸ਼ ਲਾਉਣ ਤੋਂ ਬਾਅਦ ਉਸ ਨੂੰ ਤੁਰੰਤ ਸਾਬਤ ਕਰੋ, ਨਾ ਕਿ ਵਿਅਕਤੀ ਨੂੰ ਬਿਨਾਂ ਮੁਕੱਦਮੇ ਤੋਂ ਅਣਮਿੱਥੇ ਸਮੇਂ ਲਈ ਜੇਲ੍ਹ ਵਿੱਚ ਸੁੱਟੋ। ਮਨੁੱਖੀ ਅਧਿਕਾਰ ਇੱਕ ਆਮ ਆਦਮੀ ਦਾ ਹੱਕ ਹੈ, ਭਾਵੇਂ ਉਹ ਕਿਸੇ ਵੀ ਭਾਈਚਾਰੇ ਨਾਲ ਸਬੰਧਤ ਹੋਵੇ। ਨਿਆਂ ਦੀ ਦੇਰੀ ਨਾ ਸਿਰਫ਼ ਵਿਅਕਤੀਗਤ ਅਧਿਕਾਰ ਖੋਹਦੀ ਹੈ, ਬਲਕਿ ਪੂਰੇ ਭਾਈਚਾਰੇ ਵਿੱਚ ਅਸੰਤੋਸ਼ ਵਧਾਉਂਦੀ ਹੈ।

-ਰਜਿੰਦਰ ਸਿੰਘ ਪੁਰੇਵਾਲ

## NEWS & VIEWS



Gurmukh Singh OBE

# PM Modi Visit to Israel Two Days Before US-Israel Iran Invasion, Ill-Timed

Some leading Indian thinkers and strategists like Kapi Sibal, ex-Union Minister, believe that it was not wise for PM Modi to visit Israel on 25-26 February, just before joint US-Israel attack on Iran on 28 February, 2026. The language and symbolism of the visit can prove to be costly for India, otherwise aspiring to become a leader of non-aligned nations.

The Iran operation was started by the US urged by Israel without full consultation with traditional Western allies. It was code-named Operation Epic Fury (US) and Operation Roaring Lion (Israel). PM Modi had hardly left Israel when the order was given by President Donald Trump at 3:38 p.m. EST on 27 February 2026. It can be assumed that PM Modi knew about the invasion which most experts have condemned as illegal under international law.

The main aims were stated as a regime change and to stop the nuclear and ballistic missile projects of Iran. The first strikes killed the Supreme Leader, Ayatollah Khamenei, and many other senior officials. Iran retaliated by launching Operation True Promise IV, by firing hundreds of ballistic missiles and drones at Israel and US military bases in Bahrain, Qatar, Kuwait, and the UAE. Israel further expanded the conflict by attacking Hezbollah in Lebanon.

Iran closed the Strait of Hormuz through which large tankers carry 20% of the global oil causing global *economic and energy shocks*. Oil prices have been driven to over $100 per barrel. The oil-carrying shipping blockage is the worst in history, mainly at Hormuz and also at Red Sea. Groups like Hezbollah and the Houthis carry out *asymmetric* attacks. Israel has been drawn into wider regional conflicts and its weapons and defences do have limitations.

*Iranian attacks on regional energy hubs in the UAE, Saudi Arabia, and Oman have disrupted the lifeblood of Gulf economies.*

In the meantime, President Trump seems to have no exit strategy from this war and things can only get worse. Gulf states can move away from the U.S. to protect themselves from further Iranian retaliation, seeking more autonomous security arrangements. Iran has the industrial knowledge to resume enrichment. It has huge hidden stockpiles of drones and ballistic missiles.

So, it is not surprising that most world leaders, including the UK PM Starmer, are against this illegal war which can assume a very unpredictable and dangerous extremist Islamic jehadi dimension leading to global acts of terrorism. The West is vulnerable due to mass uncontrolled migrations which can increase.

PM Modi should have known the consequences before his visit to Israel. To quote Indian sources, *former diplomats and opposition parties, such as the Indian National Congress, argued the visit was ill-timed and stripped India of its traditional stance of neutrality, making it appear as a tacit endorsement of the subsequent strikes.*

It was noticeable that PM Modi did not criticise Israel for the human rights abuses in Ghaza during his visit. Anti-Muslim stance of Modi administration can be linked with this visit. The timing of the visit endangered millions of Indian workers in the Gulf region. Trade agreements signed between India and Israel are unlikely to offset the damage done in the long run to Indian neutrality, economy and geo-political position.

Ultimately, PM Modi visit achieved bilateral trade gains but has forced India to manage *a much more complex and volatile regional landscape.*

As stressed in an earlier column, minority community strategists need to think ahead in an increasingly uncertain world.

Gurmukh Singh OBE, Ret'd Principal Civil Servant (UK) sewauk2005@yahoo.co.uk

# ਸ੍ਰੀ ਗੁਰੂ ਸਿੰਘ ਸਭਾ ਸਲੋਹ ਵਿੱਚ ਲੱਗੇ ਖਾਲਿਸਤਾਨ ਦੇ ਬੋਰਡ 'ਤੇ ਬਰਤਾਨਵੀ ਚੈਰਿਟੀ ਕਮਿਸ਼ਨ ਨੂੰ ਨਹੀਂ ਇਤਰਾਜ਼ ਗੁਰਦੁਆਰਾ ਪ੍ਰਬੰਧਕਾਂ ਨੂੰ ਕੁਝ ਵਿੱਤੀ ਖਾਮੀਆਂ ਲਈ ਦਿੱਤੀ ਚਿਤਾਵਨੀ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸ੍ਰੀ ਗੁਰੂ ਸਿੰਘ ਸਭਾ ਸਲੋਹ ਵਿੱਚ ਲੱਗੇ ਖਾਲਿਸਤਾਨ ਦੇ ਬੋਰਡਾਂ ਨੂੰ ਲੈ ਕੇ ਇੱਕ ਭਾਰਤੀ ਮੀਡੀਆ ਦੀ ਪੱਤਰਕਾਰਾ ਵੱਲੋਂ ਨਵੰਬਰ 2019 ਕੀਤੀ ਸ਼ਿਕਾਇਤ ਤੋਂ ਬਾਅਦ ਬੀਤੇ ਕੱਲ ਚੈਰਿਟੀ ਕਮਿਸ਼ਨ ਨੇ ਪ੍ਰੈਸ ਦੇ ਨਾਮ ਬਿਆਨ ਜਾਰੀ ਕਰਦਿਆਂ ਸ਼ਪਸ਼ਟ ਕੀਤਾ ਹੈ ਕਿ ਗੁਰਦੁਆਰਾ ਸਾਹਿਬ ਵਿੱਚ ਲੱਗੇ ਖਾਲਿਸਤਾਨ ਦੇ ਬੋਰਡ ਚੈਰਿਟੀ ਕਮਿਸ਼ਨ ਦੇ ਨਿਯਮਾਂ ਦੀ ਉਲੰਘਣਾਂ ਨਹੀਂ ਕਰਦੇ। ਜਿਸ ਕਰਕੇ ਇੰਗਲੈਂਡ ਅਤੇ ਵੇਲਜ਼ ਚੈਰਿਟੀ ਕਮਿਸ਼ਨ ਵੱਲੋਂ ਕੀਤੀ ਰਾਜਨੀਤਕ ਗਤੀਵਿਧੀਆਂ ਦੇ ਦੋਸ਼ਾਂ ਦੀ ਸਮੀਖਿਆ ਤੋਂ ਬਾਅਦ ਉਕਤ ਕੇਸ ਨੂੰ ਬੰਦ ਕਰ ਦਿੱਤਾ ਹੈ। ਪਰ ਇਸ ਦੇ ਨਾਲ ਹੀ ਚੈਰਿਟੀ ਕਮਿਸ਼ਨ ਨੇ ਕੁਝ ਵਿੱਤੀ ਖਾਮੀਆਂ ਨੂੰ ਲੈ ਕੇ ਪ੍ਰਬੰਧਕਾਂ ਨੂੰ ਚਿਤਾਵਨੀ ਦਿੱਤੀ ਹੈ। ਚੈਰਿਟੀ ਕਮਿਸ਼ਨ ਨੇ ਇਹ ਵੀ ਸ਼ਪਸ਼ਟ ਕੀਤਾ ਇਹ ਖਾਮੀਆਂ ਪੁਰਾਣੀਆਂ ਹਨ, ਉਸ ਸਮੇਂ ਮੌਜੂਦਾ ਪ੍ਰਬੰਧਕ ਨਹੀਂ ਸਨ। ਚੈਰਿਟੀ ਕਮਿਸ਼ਨ ਮੁਤ-ਾਬਿਕ 2017, 2019, 2021, 2022 ਅਤੇ 2024 ਦਾ ਸਲਾਨਾ ਲੇਖਾ ਜੋਖਾ ਦੇਰ ਨਾਲ ਦਾਇਰ ਕੀਤਾ ਗਿਆ ਸੀ ਅਤੇ 2022 ਅਤੇ



ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਲੋਹ ਵਿੱਚ ਲੱਗੇ ਖਾਲਿਸਤਾਨ ਦੇ ਬੋਰਡ

20244 ਵਿੱਤੀ ਸਾਲਾਂ ਦੇ ਕੁਝ ਪਹਿਲੂਆਂ ਨੂੰ ਲੈ ਕੇ ਸੁਧਾਰ ਕਰਨ ਲਈ ਕਿਹਾ ਗਿਆ।
ਚੈਰਿਟੀ ਕਮਿਸ਼ਨ ਨੇ ਟਰੱਸਟੀਆਂ ਦੀ ਨਿਯੁਕਤੀ ਅਤੇ ਹਟਾਉਣ ਦੀਆਂ ਪ੍ਰਕ੍ਰਿਆਵਾਂ ਨੂੰ ਬੇਹਤਰ ਬਣਾਉਣ ਦਾ ਸੁਝਾਅ ਦਿੱਤਾ। ਸਮੇਤ ਲੇਖਾ ਜੋਖਾ ਸਮੇਂ ਸਿਰ ਦਾਇਰ ਕਰਨ ਲਈ ਕਿਹਾ। ਚੈਰਿਟੀ ਕਮਿਸ਼ਨ ਨੇ ਸ਼ਪਸ਼ਟ ਕੀਤਾ ਕਿ ਸੰਸਦ ਮੈਂਬਰਾਂ ਸਮੇਤ ਕਈ ਸੰਸਥਾਵਾਂ ਦੇ ਪ੍ਰਤੀਨਿਧੀਆਂ ਨਾਲ ਮੀਟਿੰਗਾਂ ਕਰਨ ਤੋਂ ਬਾਅਦ ਪਾਇਆ ਕਿ ਸਿੱਖਾਂ ਵਿੱਚ ਖਾਲਿਸਤਾਨ ਦਾ ਇੱਕ ਮਹੱਤਵਪੂਰਨ ਧਾਰਮਿਕ ਅਰਥ ਹੈ। ਪ੍ਰਦਰਸ਼ਿਤ ਬੋਰਡਾਂ ਉੱਤੇ ਹੋਰ ਕੁਝ ਵੀ ਅਜੇਹਾ ਨਹੀਂ ਸੀ, ਜੋ ਇਸ ਨੂੰ ਰਾਜਸੀ ਹੋਣ ਦਾ ਸਾਬਤ ਕਰਦਾ ਹੋਵੇ। ਖਾਲਿਸਤਾਨ ਦਾ ਉਦੇਸ਼ ਭਾਰਤ ਵਿੱਚ ਇਸ ਦੀ ਪ੍ਰਭੂਸੱਤਾ ਨਾਲ ਸਬੰਧਿਤ ਹੈ। ਇਸ ਦਾ ਰਾਜਨੀਤਕ ਪ੍ਰਚਾਰ ਕਰਨਾ ਚੈਰਿਟੀ ਦੇ ਧਾਰਮਿਕ ਉਦੇਸ਼ਾਂ ਦੇ ਅਨੁਕੂਲ ਨਹੀਂ ਹੈ। ਨਿਰੀਖਣਾਂ ਦੇ ਮੁੱਖੀ ਜੋਸ਼ੂਆ ਫਾਰਬ੍ਰਿਜ਼ ਨੇ ਕਿਹਾ ਕਿ ਕਾਨੂੰਨੀ ਤੌਰ ਤੇ ਕਮੇਟੀ ਦਾ ਫਰਜ਼ ਹੈ ਕਿ ਲੇਖਾ ਜਾਣਕਾਰੀ ਸਮੇਂ ਸਿਰ ਪਾਰਦਰਸ਼ਤਾ ਨਾਲ ਦਾਇਰ ਕਰਨ। ਖਾਲਿਸਤਾਨ ਬੋਰਡ ਦਾ ਮਾਮਲਾ ਗੁੰਝਲਦਾਰ ਅਤੇ ਸ਼ਵੇਦਨਸ਼ੀਲ ਸੀ, ਜਿਸ ਲਈ ਕਾਫੀ ਸਮੇਂ ਦੀ ਲੋੜ ਸੀ।
ਇਥੇ ਇਹ ਵੀ ਦੱਸਣਯੋਗ ਹੈ ਕਿ ਇਹ ਸ਼ਿਕਾਇਤ ਉਸ ਸਮੇਂ ਕੀਤੀ ਗਈ ਸੀ ਜਦੋਂ ਸਥਾਨਿਕ ਐਮ ਪੀ ਤਨਮਨਜੀਤ ਸਿੰਘ ਢੇਸੀ ਖਿਲਾਫ ਕੁਝ ਲੋਕਾਂ ਵੱਲੋਂ ਮੁਹਿੰਮ ਵਿੱਢੀ ਹੋਈ ਸੀ ਅਤੇ ਖਾਲਿਸਤਾਨੀ ਹੋਣ ਦਾ ਪ੍ਰਚਾਰ ਕੀਤਾ ਜਾ ਰਿਹਾ ਸੀ।

## ਲੰਡਨ ਦੇ ਇਲਾਕੇ ਵੈਂਬਲੇ ਵਿੱਚ ਭਾਰਤੀ ਕਾਰੋਬਾਰਾਂ ਤੇ ਹਮਲੇ ਦੀਆਂ ਘਟਨਾਵਾਂ ਦੀ ਸੰਸਦ ਵਿੱਚ ਗੂੰਜ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੰਡਨ ਦੇ ਇਲਾਕੇ ਵੈਂਬਲੇ ਵਿੱਚ ਭਾਰਤੀ ਰੈਸਟੋਰੈਂਟ 'ਤੇ ਹਮਲਾ ਕਰਕੇ ਭੰਨਤੋੜ ਕਰਨ ਦੀ ਖ਼ਬਰ ਮਿਲੀ ਹੈ। ਹਮਲੇ ਸਬੰਧੀ ਐਮ ਪੀ ਬੌਬ ਬਲੈਕਮੈਨ ਦੇ ਬਰਤਾਨੀਆਂ ਦੀ ਸੰਸਦ ਵਿੱਚ ਅਵਾਜ਼ ਬੁਲੰਦ ਕੀਤੀ ਹੈ। ਉਹਨਾਂ ਕਿਹਾ ਕਿ ਇੱਕ ਸਮੂਹ ਕੇਂਦਰੀ ਮਸਜਿਦ ਵੱਲੋਂ ਆਇਆ ਜਿਸ ਨੇ ਹੈਰੋ ਵਿੱਚ ਹੋਲੀ ਮਨਾ ਰਹੇ 1000 ਲੋਕਾਂ ਤੇ 20 ਲੋਕਾਂ ਨੇ ਹਮਲਾ ਕੀਤਾ। ਈਲਿੰਗ ਰੋਡ, ਵੈਂਬਲੇ, ਹੈਰੋ ਸਥਿਤ ਮਾਨੇਕ ਚੌਕ ਇੰਡੀਅਨ ਰੈਸਟੋਰੈਂਟ ਤੇ 5 ਅਤੇ 7 ਮਾਰਚ ਨੂੰ ਦੋ ਵਾਰ ਹਮਲਾ ਕੀਤਾ ਗਿਆ। ਵੀਡੀਓ ਵਿੱਚ ਵੇਖਿਆ ਗਿਆ ਕਿ ਹਮਲਾਵਰਾਂ ਦੇ ਮੂੰਹ ਢਕੇ ਹੋਏ ਸਨ ਅਤੇ ਉਹਨਾਂ ਦੇ ਹੱਥਾਂ ਵਿੱਚ ਹਥਿਆਰ ਸਨ। ਰੈਸਟੋਰੈਂਟ ਵਿੱਚ ਸਮਾਨ ਇਧਰ ਉਧਰ ਖਿੰਡਿਆ ਹੋਇਆ ਹੈ। ਇੱਕ ਹਮਲੇ ਵਿੱਚ ਤਿੰਨ ਲੋਕਾਂ ਨੂੰ ਲਹੂ ਲੁਹਾਨ ਕੀਤਾ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਹਮਲਾਵਰ ਸੁਮਾਲੀਅਨ ਨੌਜਵਾਨਾਂ ਦਾ ਗੈਂਗ ਸੀ। ਰੈਸਟੋਰੈਂਟ ਵਿੱਚ ਹਮਲਾ ਕਰਨ ਵਾਲੇ 15 ਤੋਂ 20 ਲੋਕ ਸਨ, ਜੋ ਸਥਾਨਿਕ ਮਸਜਿਦ ਵੱਲੋਂ ਆਏ ਅਤੇ 10 ਤੋਂ 10 ਲੋਕ ਬੱਸ ਰਾਹੀਂ ਪਹੁੰਚੇ, ਬਿਨ੍ਹਾ ਕੁਝ ਬੋਲੇ ਉਹਨਾਂ ਭੰਨ ਤੋੜ ਸ਼ੁਰੂ ਕਰ ਦਿੱਤੀ। 6 ਮਾਰਚ ਨੂੰ ਹੋਏ ਹਮਲੇ ਵਿੱਚ ਪਨੇਸਰ ਫੂਡ ਐਂਡ ਵਾਈਨ ਦੇ ਸਮਾਨ ਦੀ ਖ਼ਰਾਬੀ ਕੀਤੀ। ਸੋਮਵਾਰ ਨੂੰ ਹੋਏ ਇੱਕ ਹੋਰ ਹਮਲੇ ਵਿੱਚ ਗੁਜਰਾਤੀ ਮੂਲ ਦੇ ਵਿਅਕਤੀ ਨੂੰ ਈਲਿੰਗ ਰੋਡ ਤੇ ਚਾਕੂ ਮਾਰ ਕੇ ਗੰਭੀਰ ਰੂਪ ਵਿੱਚ ਜਖ਼ਮੀ ਕੀਤਾ। ਹੈਰੋ ਸੀਵਿਕ ਸੈਂਟਰ ਵਿੱਚ ਹੋਲੀ ਮੌਕੇ ਵਾਪਰੀ ਘਟਨਾਂ ਦੇ ਸਬੰਧ ਵਿੱਚ 14 ਸਾਲਾ ਲੜਕੇ ਨੂੰ ਨਫਰਤੀ ਅਪਰਾਧ ਅਧੀਨ ਗ੍ਰਿਫਤਾਰ ਕਰਕੇ ਜਮਾਨਤ ਤੇ ਰਿਹਾਅ ਕੀਤਾ ਗਿਆ ਹੈ।

## ਗੁਰਪ੍ਰੀਤ ਸਿੰਘ ਰੀਹਲ ਵਿਰੁੱਧ ਯੂ ਕੇ ਸਰਕਾਰ ਵੱਲੋਂ ਲਾਈਆਂ ਪਾਬੰਦੀਆਂ ਬਾਰੇ 605 ਸੰਸਦ ਮੈਂਬਰਾਂ ਨੂੰ ਲਿਖੀਆਂ ਚਿੱਠੀਆਂ

ਲੰਡਨ (ਪੰਜਾਬ ਟਾਈਮਜ਼) - ਬਰਤਾਨੀਆ ਵਿੱਚ ਸਿੱਖਾਂ ਦੀ ਅਵਾਜ਼ ਨੂੰ ਬੰਦ ਕਰਨ ਲਈ ਗੁਰਪ੍ਰੀਤ ਸਿੰਘ ਰੀਹਲ ਦੇ ਖ਼ਿਲਾਫ਼ ਲਗਾਈਆਂ ਗਈਆਂ ਪਾਬੰਦੀਆਂ ਬਾਰੇ ਯੂ ਕੇ ਦੇ 605 ਸੰਸਦ ਮੈਂਬਰਾਂ ਨੂੰ ਚਿੱਠੀਆਂ ਲਿਖੀਆਂ ਗਈਆਂ ਹਨ। ਜਿਹਨਾਂ ਰਾਹੀਂ ਸਿੱਖ ਉਦਯੋਗਪਤੀ ਅਤੇ ਇੱਕ ਰਿਸਰਚ ਅਧਾਰਤ ਸੰਸਥਾ 'ਸੇਵਿੰਗ ਪੰਜਾਬ' ਦੇ ਡਾਇਰੈਕਟਰ ਗੁਰਪ੍ਰੀਤ ਸਿੰਘ ਦੇ ਵਿਰੁੱਧ ਕੀਤੀ ਗਈ ਸਰਕਾਰੀ ਕਾਰਵਾਈ ਨੂੰ ਅਣਉਚਿੱਤ ਠਹਿਰਾਇਆ ਗਿਆ ਹੈ।

ਕਿਉਂਕਿ ਉਹਨਾਂ ਨੂੰ ਯੂ ਕੇ ਦੇ ਕਿਸੇ ਵੀ ਕਾਨੂੰਨ ਅਧੀਨ ਕਦੇ ਵੀ ਦੋਸ਼ੀ ਨਹੀਂ ਠਹਿਰਾਇਆ ਗਿਆ। ਨਾ ਹੀ ਮੁਕੱਦਮਾ ਚਲਾਇਆ ਜਾਂ ਦੋਸ਼ ਸਾਬਤ ਕੀਤਾ ਗਿਆ, ਫਿਰ ਵੀ ਉਹਨਾਂ ਨੂੰ ਦਹਿਸ਼ਤਗਰਦੀ ਫੰਡਿੰਗ ਨਾਲ ਜੋੜ ਕੇ ਉਹਨਾਂ ਉੱਤੇ ਕਈ ਤਰ੍ਹਾਂ ਦੀਆਂ ਆਰਥਿਕ ਪਾਬੰਦੀਆਂ ਲਾ ਦਿੱਤੀਆਂ ਗਈਆਂ, ਉਹ ਆਪਣੇ ਹੀ ਫਮਡਾਂ ਦੀ ਵਰਤੋਂ ਨਹੀਂ ਕਰ ਸਕਦਾ। ਬਰਤਾਨੀਆ ਸਰਕਾਰ ਨੇ ਨੌਜਵਾਨ ਗੁਰਪ੍ਰੀਤ ਸਿੰਘ ਨੂੰ ਭਾਰਤ ਨਾਲ ਕੇਵਲ ਆਪਣੇ ਵਪਾਰਕ ਹਿੱਤਾਂ ਦੀ ਖਾਤਰ ਬਲੀ ਦਾ ਬੱਕਰਾ ਬਣਾਇਆ ਹੈ। ਉਹ ਸਿਰਫ ਪੰਜਾਬ ਦੀ ਤਰੱਕੀ ਚਾਹੁੰਦਾ ਸੀ। ਇਸ ਲਈ ਉਹ ਪੰਜਾਬ ਦੇ ਹਾਲਾਤ ਬਾਰੇ ਯੂ ਐਨ ਓ ਵਿੱਚ ਜਾ ਕੇ ਬੋਲ ਚੁੱਕਿਆ ਸੀ, ਤੇ 'ਸੇਵਿੰਗ ਪੰਜਾਬ' ਸੰਸਥਾ ਰਾਹੀਂ ਕਈ ਯੂਨੀਵਰਸਿਟੀਆਂ ਦੇ ਪ੍ਰੋਫੈਸਰਾਂ ਪਾਸੋਂ ਪੰਜਾਬ ਦੀ ਆਰਥਿਕਤਾ, ਪਾਣੀਆਂ ਦੀ ਲੁੱਟ ਖਸੁੱਟ ਅਤੇ ਡਰੱਗ ਸਬੰਧੀ ਅਧਿਐਨ ਪੂਰਬਕ ਪਰਚੇ ਵੀ ਲਿਖਵਾਏ ਸਨ। ਉਸ ਦਾ ਮਕਸਦ ਕੇਵਲ ਪੰਜਾਬ ਦੇ ਵਾਤਾਵਰਣ ਅਤੇ ਨੌਜਵਾਨਾਂ ਨੂੰ ਬਚਾਉਣ ਲਈ ਲੋਕਾਂ ਨੂੰ ਜਾਗਰੂਕ ਕਰਨਾ ਸੀ।

ਇਸ ਦੇ ਸੰਬੰਧ ਵਿੱਚ ਕੁੱਝ ਹਫਤੇ ਪਹਿਲਾਂ ਯੂ ਕੇ ਭਰ ਦੇ ਵੱਖ-ਵੱਖ ਸ਼ਹਿਰਾਂ ਤੋਂ ਸਿੱਖਾਂ ਨੇ ਡਰਬੀ ਵਿਖੇ ਭਾਰੀ ਇਕੱਠ ਕਰਕੇ ਉਕਤ ਪਾਬੰਦੀਆਂ ਦਾ ਵਿਰੋਧ ਕੀਤਾ ਸੀ ਅਤੇ ਸਰਕਾਰ ਤੱਕ ਆਪਣੀ ਅਵਾਜ਼ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਸੀ। ਇਸ ਇਕੱਠ ਵਿੱਚ ਯੂਰਪ, ਅਮਰੀਕਾ ਤੇ ਕੈਨੇਡਾ ਤੋਂ ਵੀ ਸਿੱਖ ਆਗੂ ਪਹੁੰਚੇ ਸਨ। ਕੋਈ ਵੀ ਅਦਾਲਤੀ ਕੇਸ, ਕੇਸ ਫ਼ਾਈਲ ਜਾਂ ਸਬੂਤ ਪੇਸ਼ ਕੀਤੇ ਬਿਨਾਂ, ਉਹਨਾਂ ਦੀ ਸੰਪਤੀ ਨੂੰ ਜ਼ਬਤ ਕਰ ਦਿੱਤਾ ਗਿਆ ਹੈ ਅਤੇ ਉਨ੍ਹਾਂ ਦੀ ਡਾਇਰੈਕਟਰਸ਼ਿੱਪ ਨੂੰ ਅਯੋਗ ਕਰਾਰ ਦੇ ਦਿੱਤਾ ਗਿਆ ਹੈ।


ਗੁਰਪ੍ਰੀਤ ਸਿੰਘ ਰੀਹਲ

ਇਹਨਾਂ ਚਿੱਠੀਆਂ ਰਾਹੀਂ ਹਰ ਸੰਸਦ ਮੈਂਬਰ ਨੂੰ ਅਪੀਲ ਕੀਤੀ ਗਈ ਹੈ ਕਿ ਇਸ ਮਾਮਲੇ ਦੀ ਗੰਭੀਰਤਾ ਨਾਲ ਵੇਖਿਆ ਜਾਵੇ, ਤੇ ਨਿਆਂ ਦੀ ਪ੍ਰਕਿਰਿਆ ਦੇ ਸਿਧਾਂਤਾਂ ਨੂੰ ਕਾਇਮ ਰੱਖਿਆ ਜਾਵੇ ਅਤੇ ਬਰਤਾਨੀਆ ਵਿੱਚ ਸਿੱਖਾਂ ਦੀ ਆਵਾਜ਼ ਨੂੰ ਚੁੱਪ ਕਰਾਉਣ ਦੇ ਖ਼ਿਲਾਫ਼ ਖੜ੍ਹੇ ਹੋਣ ਅਤੇ ਸਿੱਖਾਂ ਨਾਲ ਨਿਆਂ ਕੀਤਾ ਜਾਵੇ। ਇਸ ਚਿੱਠੀ ਰਾਹੀਂ ਕੀਤੀ ਗਈ ਅਪੀਲ ਦਾ ਹੁਣ ਸੰਸਦ ਨੂੰ ਜਵਾਬ ਦੇਣਾ ਹੋਵੇਗਾ।

## ਡੁਬਈ ਤੇ ਇਰਾਨੀ ਮਿਜ਼ਾਇਲਾਂ ਦੇ ਹਮਲੇ ਦੀ ਵੀਡੀਓ ਬਣਾਉਣ ਵਾਲਾ ਬਰਤਾਨਵੀ ਯਾਤਰੀ ਕਾਨੂੰਨੀ ਸ਼ਿਕੰਜੇ 'ਚ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨਵੀ ਯਾਤਰੀ ਨੂੰ ਡੁਬਈ ਵਿੱਚ ਇਰਾਨੀ ਮਿਜ਼ਾਇਲਾਂ ਨਾਲ ਡੁਬਈ ਤੇ ਹੋਏ ਹਮਲੇ ਦੀ ਵੀਡੀਓ ਬਣਾਉਣ ਦੇ ਦੋਸ਼ਾਂ ਤਹਿਤ ਸਾਈਬਰ ਅਪਰਾਧ ਗ੍ਰਿਫਤਾਰ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਯਾਤਰੀ ਨੂੰ ਦੋ ਸਾਲ ਤੱਕ ਦੀ ਕੈਦ ਹੋ ਸਕਦੀ ਹੈ। 60 ਸਾਲਾ ਲੰਡਨ ਵਾਸੀ ਨੂੰ ਸੋਮਵਾਰ ਰਾਤ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਪੁੱਛੇ ਜਾਣ ਤੇ ਤੁਰੰਤ ਵੀਡੀਓ ਡਿਲੀਟ ਕਰ ਦਿੱਤਾ। ਉਸ ਨੇ ਕਿਹਾ ਕਿ ਉਸਦਾ ਇਰਾਦਾ ਕਾਨੂੰਨ ਤੋੜਨਾ ਨਹੀਂ ਸੀ। ਅਜੇਹੇ ਮਾਮਲੇ ਵਿੱਚ ਉਸ ਸਮੇਤ 20 ਹੋਰ ਲੋਕਾਂ ਤੇ ਵੀ ਦੋਸ਼ ਲਗਾਏ ਗਏ ਹਨ, ਜਿਹਨਾਂ ਨੇ ਅਜੇਹੇ ਵੀਡੀਓ ਸ਼ੋਸ਼ਲ ਮੀਡੀਆ ਤੇ ਪਾਏ ਜਾਂ ਅੱਗੋਂ ਸ਼ੇਅਰ ਕੀਤੇ ਸਨ।

ਜਿਕਰਯੋਗ ਹੈ ਕਿ ਡੁਬਈ ਵਿੱਚ ਜਨਤਕ ਸੁਰੱਖਿਆ ਨੂੰ ਭੰਗ ਕਰਨ ਵਾਲੀਆਂ ਅਫਵਾਹਾਂ ਜਾਂ ਭੜਕਾਊ ਪ੍ਰਚਾਰ ਨੂੰ ਪ੍ਰਸਾਰਿਤ ਕਰਨਾ ਗੈਰਕਾਨੂੰਨੀ ਹੈ ਅਤੇ ਇਹ ਵੀਡੀਓ ਵੀ ਇਸੇ ਅਧੀਨ ਮੰਨਿਆ ਜਾ ਰਿਹਾ ਹੈ, ਜਿਸ ਲਈ ਵੱਧ ਤੋਂ ਵੱਧ ਦੋ ਸਾਲ ਕੈਦ ਦੀ ਸਜ਼ਾ ਦੀ ਵਿਵਸਥਾ ਹੈ। ਬਰਤਾਨਵੀ ਨਾਗਰਿਕ ਨੂੰ ਬੁਰ ਡੁਬਈ ਪੁਲਿਸ ਸ਼ਟੇਸ਼ਨ ਵਿੱਚ ਰੱਖਿਆ ਹੋਇਆ ਹੈ।

# ਲੰਡਨ ਪੁਲਿਸ ਕਮਿਸ਼ਨਰ ਨੇ ਮੋਬਾਇਲ ਫੋਨ ਕੰਪਨੀਆਂ ਨੂੰ ਚੋਰੀ ਦੇ ਫੋਨਾਂ ਨੂੰ ਨਕਾਰਾ ਬਣਾਉਣ ਲਈ 1 ਜੂਨ ਤੱਕ ਦਾ ਦਿੱਤਾ ਸਮਾਂ

*ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੰਡਨ ਵਿੱਚ ਫ਼ੋਨ ਚੋਰੀ ਅਤੇ ਲੁੱਟ ਖੋਹ ਦੀਆਂ ਘਟਨਾਵਾਂ ਨੂੰ ਰੋਕਣ ਲਈ ਲੰਡਨ ਪੁਲਿਸ ਵੱਲੋਂ ਸਖਤੀ ਵਰਤੀ ਜਾ ਰਹੀ ਹੈ। ਜਿੱਥੇ ਪੁਲਿਸ ਅਪਰਾਧੀਆਂ ਨੂੰ ਕਾਬੂ ਕਰਨ ਲਈ ਜੱਦੋ ਜਹਿਦ ਕਰ ਰਹੀ ਹੈ, ਉੱਥੇ ਹੀ ਫੋਨ ਕੰਪਨੀਆਂ ਨੂੰ ਸਹਿਯੋਗ ਦੇਣ ਲਈ ਕਿਹਾ ਜਾ ਰਿਹਾ ਹੈ।*

ਮੈਟਰੋਪੋਲੀਟਨ ਪੁਲਿਸ ਕਮਿਸ਼ਨਰ ਨੇ ਫ਼ੋਨ ਨਿਰਮਾਤਾਵਾਂ ਨੂੰ ਚੋਰੀ ਹੋਏ ਫ਼ੋਨਾਂ 'ਤੇ ਕਾਰਵਾਈ ਕਰਨ ਲਈ 1 ਜੂਨ ਤੱਕ ਦਾ ਸਮਾਂ ਦਿੱਤਾ ਹੈ ਜੇ ਕੁੱਝ ਨਾ ਕੀਤਾ ਤਾਂ ਕਾਨੂੰਨ ਦੁਆਰਾ ਅਜਿਹਾ ਕਰਨ ਲਈ ਮਜਬੂਰ ਕੀਤਾ ਜਾਵੇਗਾ। ਸਰ ਮਾਰਕ ਰੌਲੇ ਨੇ ਕਿਹਾ ਕਿ ਫ਼ੋਨ ਕੰਪਨੀਆਂ ਜਦੋਂ ਤੱਕ ਉਹ ਚੋਰੀ ਕੀਤੇ ਫੋਨਾਂ ਨੂੰ ਨਾਵਰਤਣਯੋਗ ਬਣਾਉਣ ਲਈ ਉੱਦਮ ਨਹੀਂ ਕਰਦੀਆਂ, ਉਦੋਂ ਤੱਕ ਲੋਕ ਖਤਰੇ ਵਿੱਚ ਹੀ ਰਹਿਣਗੇ।

ਇੰਗਲੈਂਡ ਅਤੇ ਵੇਲਜ਼ ਵਿੱਚ ਨਿੱਜੀ ਲੁੱਟ ਅਤੇ ਚੋਰੀ ਦੀਆਂ ਘਟਨਾਵਾਂ ਸਭ ਤੋਂ ਵੱਧ ਲੰਡਨ ਵਿੱਚ ਹਨ, ਜਿਸ ਵਿੱਚ ਫ਼ੋਨ ਵੱਡੀ ਸਮੱਸਿਆ ਹੈ। ਐਪਲ ਅਤੇ ਸੈਮਸੰਗ ਕੰਪਨੀਆਂ ਨੇ ਕਿਹਾ ਕਿ ਉਹ ਡਿਵਾਈਸ ਦੀ ਚੋਰੀ ਨੂੰ ਗੰਭੀਰਤਾ ਨਾਲ ਲੈਂਦੇ ਹਨ ਅਤੇ ਦੋਵੇਂ ਕੰਪਨੀਆਂ ਮੋਬਾਈਲ ਦੇ ਕਾਲੇ ਬਾਜ਼ਾਰ ਨੂੰ ਰੋਕਣ ਲਈ ਯਤਨ ਕਰ ਰਹੀਆਂ ਹਨ।

ਸਰ ਮਾਰਕ ਨੇ ਕੇਂਦਰੀ ਲੰਡਨ ਵਿੱਚ ਇੰਟਰਨੈਸ਼ਨਲ ਮੋਬਾਈਲ ਫੋਨ ਕ੍ਰਾਈਮ ਕਾਨਫਰੰਸ ਵਿੱਚ ਡੈਲੀਗੇਟਾਂ ਨੂੰ ਕਿਹਾ ਕਿ ਗ੍ਰਹਿ ਮੰਤਰੀ ਨੂੰ ਲੋੜ ਪੈਣ 'ਤੇ ਫੋਨ ਕੰਪਨੀਆਂ ਨੂੰ ਕਾਰਵਾਈ ਕਰਨ ਲਈ ਮਜਬੂਰ ਕਰਨ ਲਈ ਕਾਨੂੰਨ ਬਦਲਣ ਲਈ ਕਹੇਗਾ ਅਤੇ ਅੰਤਰਰਾਸ਼ਟਰੀ ਕਾਨੂੰਨ ਲਾਗੂ ਕਰਨ ਵਾਲਿਆਂ ਨੂੰ ਅਜਿਹਾ ਕਰਨ ਲਈ ਉਤਸ਼ਾਹਿਤ ਕਰੇਗਾ।

ਸਰ ਮਾਰਕ ਨੇ ਕਿਹਾ ਕਿ ਜੇਕਰ 1 ਜੂਨ ਤੱਕ ਕੰਪਨੀਆਂ ਚੋਰੀ ਹੋਏ ਮੋਬਾਈਲ ਫੋਨਾਂ 'ਤੇ ਠੋਸ ਵਚਨਬੱਧਤਾਵਾਂ ਅਤੇ



ਗੰਭੀਰਤਾ ਨਾਲ ਕੰਮ ਨਹੀਂ ਕਰਦੀਆਂ ਤਾਂ ਪੁਲਿਸ ਵੱਲੋਂ ਗ੍ਰਹਿ ਵਿਭਾਗ ਨੂੰ ਇਸ ਸਬੰਧੀ ਕਾਨੂੰਨ ਬਣਾਉਣ ਲਈ ਕਹੇਗਾ ਤਾਂ ਕਿ ਕੰਪਨੀਆਂ ਲਈ ਕਾਨੂੰਨੀ ਤੌਰ ਤੇ ਜ਼ਰੂਰੀ ਹੋਵੇ।

ਚੋਰੀ ਹੋਏ ਫ਼ੋਨਾਂ ਦਾ ਅੰਤਰਰਾਸ਼ਟਰੀ ਵਪਾਰ ਲੱਖਾਂ ਡਾਲਰਾਂ ਦਾ ਹੈ, ਲੰਡਨ ਵਿੱਚ ਚੋਰੀ ਹੋਏ ਇੱਕ ਯੰਤਰ ਦੀ ਕੀਮਤ ਚੀਨ ਵਰਗੇ ਦੇਸ਼ਾਂ ਵਿੱਚ ਜ਼ਿਆਦਾ ਹੈ ਕਿਉਂਕਿ ਉੱਥੇ ਪਾਬੰਦੀਆਂ ਨਹੀਂ ਹਨ। ਯੂ ਕੇ ਵਿੱਚ ਪੁਲਿਸ ਨੇ ਸਨੈਪਚੈਟ 'ਤੇ ਇਸ਼ਤਿਹਾਰ ਦੇਖੇ ਸਨ ਜੋ ਬੱਚਿਆਂ ਨੂੰ ਚੋਰੀ ਕਰਨ ਲਈ ਪੈਸੇ ਦੀ ਪੇਸ਼ਕਸ਼ ਕਰਦੇ ਸਨ।

2017 ਤੋਂ 27 ਫਰਵਰੀ 2024 ਦੇ ਵਿਚਕਾਰ ਲੰਡਨ ਵਿੱਚੋਂ ਕੁੱਲ 587,498 ਫ਼ੋਨ ਚੋਰੀ ਹੋਏ, ਜਿਨ੍ਹਾਂ ਵਿੱਚੋਂ ਸਿਰਫ਼ 13,998 ਹੀ ਬਰਾਮਦ ਹੋਏ ਸਨ। ਆਪਣੀ ਕਿਸਮ ਦੀ ਇਸ ਪਹਿਲੀ ਕਾਨਫਰੰਸ ਵਿੱਚ ਜਾਪਾਨ, ਬ੍ਰਾਜ਼ੀਲ, ਸਪੇਨ ਅਤੇ ਸੰਯੁਕਤ ਰਾਜ ਅਮਰੀਕਾ ਸਮੇਤ ਕਈ ਦੇਸ਼ਾਂ ਦੇ ਡੈਲੀਗੇਟਾਂ ਨੇ ਭਾਗ ਲਿਆ।

# ਪੁਲਿਸ ਸਟੇਸ਼ਨ ਵਿਖੇ ਪਤਨੀ ਦੇ ਕਤਲ ਦੇ ਦੋਸ਼ ਖੁਦ ਕਬੂਲਣ ਵਾਲੇ ਹਰਮਿੰਦਰ ਮੱਟੂ ਨੇ ਅਦਾਲਤ ਵਿੱਚ ਹੱਤਿਆ ਤੋਂ ਕੀਤਾ ਇਨਕਾਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬ੍ਰਮਿੰਘਮ ਦੇ ਓਲਡਬਰੀ ਵਿੱਚ ਬੀਤੇ ਵਰ੍ਹੇ ਹੋਏ ਇੱਕ ਪੰਜਾਬਣ ਪਰਮਜੀਤ ਕੌਰ ਦੇ ਕਤਲ ਦੇ ਮਾਮਲੇ ਦੀ ਸੁਣਵਾਈ ਵੁਲਵਰਹੈਂਪਟਨ ਅਦਾਲਤ ਵਿੱਚ ਚੱਲ ਰਹੀ ਹੈ। ਪਰਮਜੀਤ ਕੌਰ ਦੇ ਪਤੀ 51 ਸਾਲਾ ਹਰਮਿੰਦਰ ਸਿੰਘ ਮੱਟੂ ਨੇ ਹੱਤਿਆ ਤੋਂ ਇਨਕਾਰ ਕੀਤਾ ਹੈ। ਜਦ ਕਿ ਘਟਨਾ ਤੋਂ ਤੁਰੰਤ ਬਾਅਦ ਮੱਟੂ ਨੇ 31 ਮਾਰਚ ਨੂੰ ਸਵੇਰੇ 8 ਵਜੇ ਵੈਸਟ ਬ੍ਰਮਿੰਚ ਪੁਲਿਸ ਸਟੇਸ਼ਨ ਖੁਦ ਹੀ ਜਾ ਕੇ ਕਿਹਾ ਸੀ ਕਿ "ਮੈਂ ਆਪਣੀ ਪਤਨੀ ਦਾ ਕਤਲ ਕਰ ਦਿੱਤਾ ਹੈ"।

ਜਿਊਰੀ ਮੈਂਬਰਾਂ ਨੂੰ ਸਰਕਾਰੀ ਵਕੀਲ ਨੇ ਦੱਸਿਆ ਕਿ ਹਰਮਿੰਦਰ ਮੱਟੂ ਦੀ ਪਤਨੀ ਪਰਮਜੀਤ ਕੌਰ ਨੇ ਉਸਨੂੰ ਦੱਸਿਆ ਕਿ ਉਨ੍ਹਾਂ ਦਾ 10 ਸਾਲ ਪੁਰਾਣਾ ਵਿਆਹ ਖਤਮ ਹੋ ਗਿਆ ਹੈ। 51 ਸਾਲਾ ਮੱਟੂ ਨੇ ਕਥਿਤ ਤੌਰ 'ਤੇ ਉਨ੍ਹਾਂ ਦੇ ਓਲਡਬਰੀ ਘਰ ਵਿੱਚ ਹੀ ਪਰਮਜੀਤ ਕੌਰ ਦਾ ਗਲਾ ਘੁੱਟ ਦਿੱਤਾ ਅਤੇ ਫਿਰ ਉਸਦੀ ਗਰਦਨ ਵਿੱਚ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ। ਬੇਜਾਨ ਲਾਸ਼ ਨੂੰ ਫਰਸ਼ 'ਤੇ ਡਿੱਗੀ ਛੱਡ ਕੇ ਉਸਨੇ ਪਿਛਲੇ ਮਾਰਚ ਵਿੱਚ ਪੁਲਿਸ ਸਟੇਸ਼ਨ ਵਿੱਚ ਆਪਣੇ ਆਪ ਆਤਮ ਸਮਰਪਣ ਕਰ ਦਿੱਤਾ।

ਵੁਲਵਰਹੈਂਪਟਨ ਕਰਾਊਨ ਕੋਰਟ ਨੇ ਸੁਣਿਆ ਕਿ 46 ਸਾਲਾ ਪਰਮਜੀਤ ਕੌਰ 'ਕਈ ਸਾਲਾਂ ਤੋਂ' ਆਪਣੇ ਵਿਆਹ ਚੋਂ ਬਾਹਰ ਨਿਕਲਣ ਦਾ ਰਸਤਾ ਲੱਭ ਰਹੀ



ਪਰਮਜੀਤ ਕੌਰ

ਸੀ।

ਸਰਕਾਰੀ ਵਕੀਲ ਜੋਨਾਥਨ ਬਾਰਕਰ ਨੇ ਕਿਹਾ ਕਿ ਸਬੂਤਾਂ ਦੇ ਇੱਕ ਦ੍ਰਿਸ਼ਟੀਕੋਣ ਤੋਂ, ਜਾਪਦਾ ਹੈ ਕਿ ਉਹ ਤਲਾਕ ਤੋਂ ਘਬਰਾਇਆ ਹੋਇਆ ਸੀ। ਲੇਕਨ ਓਲਡਬਰੀ ਦੇ ਸਵੈਨ ਕ੍ਰੇਸੈਂਟ ਤੇ ਰਹਿਣ ਵਾਲੇ ਮੱਟੂ ਨੇ ਪਰਮਜੀਤ ਕੌਰ ਦੀ ਹੱਤਿਆ ਤੋਂ ਇਨਕਾਰ ਕੀਤਾ ਹੈ। ਜਦ ਕਿ ਅਦਾਲਤ ਵਿੱਚ ਵਾਪਰੀਆਂ ਘਟਨਾਵਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ।

ਪਰਮਜੀਤ ਕੌਰ, ਜਿਸਨੂੰ ਸੋਨੀ ਵਜੋਂ ਜਾਣਿਆ ਜਾਂਦਾ ਸੀ, ਦਾ ਜਨਮ ਪੰਜਾਬ, ਭਾਰਤ ਵਿੱਚ ਹੋਇਆ ਸੀ, ਅਤੇ 2010 ਅਤੇ 2011 ਦੇ ਵਿਚਕਾਰ ਯੂ ਕੇ ਆਈ ਸੀ। ਕੇਸ ਦੀ ਸੁਣਵਾਈ ਜਾਰੀ ਹੈ।

# ਬਰਤਾਨੀਆ ਪੱਛਮੀ ਏਸ਼ੀਆ ਦੇ ਯੁੱਧ ਵਿੱਚ ਨਹੀਂ ਫਸੇਗਾ: ਪ੍ਰਧਾਨ ਮੰਤਰੀ ਸਟਾਰਮਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨਵੀ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਅੱਜ ਲੰਡਨ ਵਿੱਚ ਕਿਹਾ ਕਿ ਬਰਤਾਨੀਆ ਨੂੰ ਪੱਛਮੀ ਏਸ਼ੀਆ ਵਿੱਚ ਚੱਲ ਰਹੇ "ਭਿਆਨਕ ਯੁੱਧ" ਵਿੱਚ ਖਿੱਚਣ ਨਹੀਂ ਦੇਣਗੇ। ਉਨ੍ਹਾਂ ਇਹ ਵੀ ਕਿਹਾ ਕਿ ਉਹ ਯੂਰਪੀਅਨ ਸਹਿਯੋਗੀਆਂ ਨਾਲ ਮਿਲ ਕੇ ਹੋਰਮੁਜ਼ ਦੀ ਖਾੜੀ ਨੂੰ ਦੁਬਾਰਾ ਖੋਲ੍ਹਣ ਲਈ ਇੱਕ "ਵਿਵਹਾਰਕ ਯੋਜਨਾ" ਤਿਆਰ ਕਰਨ ਲਈ ਕੰਮ ਕਰ ਰਹੇ ਹਨ।



ਪ੍ਰਧਾਨ ਮੰਤਰੀ ਕੀਰ ਸਟਾਰਮਰ ਸੰਬੋਧਨ ਕਰਦੇ ਹੋਏ

10 ਡਾਊਨਿੰਗ ਸਟਰੀਟ ਤੋਂ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ, ਪ੍ਰਧਾਨ ਮੰਤਰੀ ਨੇ ਕਿਹਾ ਕਿ ਉਹਨਾਂ ਦਾ ਮੁੱਖ ਉਦੇਸ਼ ਆਪਣੇ ਲੋਕਾਂ ਦੀ ਆਪਣੇ ਦੇਸ਼ ਦੀ ਸੁਰੱਖਿਆ ਹੈ। ਅਸੀਂ ਯੁੱਧ ਵਿੱਚ ਸ਼ਾਮਲ ਨਹੀਂ ਹੋਵਾਂਗੇ। ਉਹਨਾਂ ਕਿਹਾ ਕਿ ਬਾਜ਼ਾਰ ਸਥਿਰਤਾ ਨੂੰ ਯਕੀਨੀ ਬਣਾਉਣ" ਲਈ ਹੋਰਮੁਜ਼ ਦੀ ਖਾੜੀ ਨੂੰ ਦੁਬਾਰਾ ਖੋਲ੍ਹਿਆ ਜਾਣਾ ਚਾਹੀਦਾ ਹੈ, ਪਰ ਇਹ "ਕੋਈ ਆਸਾਨ ਕੰਮ ਨਹੀਂ ਹੈ।"

ਉਨ੍ਹਾਂ ਕਿਹਾ ਕਿ ਬਰਤਾਨਵੀ ਖੇਤਰ ਵਿੱਚ ਨੇਵੀਗੇਸ਼ਨ ਦੀ ਆਜ਼ਾਦੀ ਨੂੰ ਬਹਾਲ ਕਰਨ ਲਈ ਇੱਕ "ਵਿਵਹਾਰਕ, ਸਮੂਹਿਕ ਯੋਜਨਾ" ਵਿਕਸਤ ਕਰਨ ਲਈ "ਸਾਡੇ ਸਾਰੇ ਭਾਈਵਾਲਾਂ" ਨਾਲ ਕੰਮ ਕਰ ਰਹੇ ਹਾਂ। ਸਟਾਰਮਰ ਨੇ ਜ਼ੋਰ ਦੇ ਕੇ ਕਿਹਾ ਕਿ ਉਹ ਬਰਤਾਨੀਆ ਨੂੰ "ਭਿਆਨਕ ਯੁੱਧ" ਵਿੱਚ ਨਹੀਂ ਖਿੱਚਣ ਦੇਣਗੇ।ਉਨ੍ਹਾਂ ਕਿਹਾ ਕਿ ਮੈਂ ਇਸ ਯੁੱਧ ਨੂੰ ਜਲਦੀ ਤੋਂ ਜਲਦੀ ਖਤਮ ਹੁੰਦਾ ਦੇਖਣਾ ਚਾਹੁੰਦਾ ਹਾਂ। ਕਿਉਂਕਿ ਇਹ ਜਿੰਨਾ ਚਿਰ ਜਾਰੀ ਰਹੇਗਾ, ਸਥਿਤੀ ਓਨੀ ਹੀ ਖ਼ਤਰਨਾਕ ਹੁੰਦੀ ਜਾਵੇਗੀ। ਸਟਾਰਮਰ ਨੇ ਇਹ ਵੀ ਖੁਲਾਸਾ ਕੀਤਾ ਕਿ ਉਨ੍ਹਾਂ ਨੇ ਐਤਵਾਰ ਨੂੰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਫ਼ੋਨ 'ਤੇ ਗੱਲ ਕੀਤੀ, ਜਿਸ ਦੌਰਾਨ ਦੋਵਾਂ ਨੇ ਕਈ ਮੁੱਦਿਆਂ 'ਤੇ ਚਰਚਾ ਕੀਤੀ ਹੈ।ਟਰੰਪ ਨਾਲ ਆਪਣੇ ਸਬੰਧਾਂ ਬਾਰੇ ਪੁੱਛੇ ਜਾਣ 'ਤੇ, ਸਟਾਰਮਰ ਨੇ ਕਿਹਾ, ਸਾਡੇ ਚੰਗੇ ਸਬੰਧ ਹਨ ਅਤੇ ਉਨ੍ਹਾਂ ਨੇ "ਹੋਰਮੁਜ਼ ਦੀ ਖਾੜੀ ਬਾਰੇ ਖੁੱਲ੍ਹ ਕੇ ਚਰਚਾ ਕੀਤੀ ਹੈ।" ਉਨ੍ਹਾਂ ਅੱਗੇ ਕਿਹਾ ਕਿ ਅਸੀਂ ਦਹਾਕਿਆਂ ਤੋਂ ਮਜ਼ਬੂਤ ਸਹਿਯੋਗੀ ਰਹੇ ਹਾਂ। ਪਰ ਯੂ ਕੇ ਦੇ ਹਿੱਤਾਂ ਵਿੱਚ ਕੰਮ ਕਰਨਾ ਮੇਰਾ ਫਰਜ਼ ਹੈ।"

ਟਰੰਪ ਨੇ ਉੱਤਰੀ ਅਟਲਾਂਟਿਕ ਸੰਧੀ ਸੰਗਠਨ (ਨਾਟੋ) ਨੂੰ ਚੇਤਾਵਨੀ ਦਿੱਤੀ ਹੈ ਕਿ ਜੇ ਸਹਿਯੋਗੀ ਹੋਰਮੁਜ਼ ਖਾੜੀ ਨੂੰ ਸੁਰੱਖਿਅਤ ਕਰਨ ਵਿੱਚ ਮਦਦ ਨਹੀਂ ਕਰਦੇ, ਤਾਂ ਨਾਟੋ ਦਾ ਭਵਿੱਖ ਬਹੁਤ ਭਿਆਨਕ ਹੋਵੇਗਾ।

ਇਹ ਟਕਰਾਅ 28 ਫਰਵਰੀ ਨੂੰ ਸ਼ੁਰੂ ਹੋਇਆ ਸੀ ਜਦੋਂ ਅਮਰੀਕਾ ਅਤੇ ਇਜ਼ਰਾਈਲ ਨੇ ਈਰਾਨ 'ਤੇ ਹਵਾਈ ਹਮਲੇ ਸ਼ੁਰੂ ਕੀਤੇ ਸਨ। ਜਵਾਬ ਵਿੱਚ, ਈਰਾਨ ਨੇ ਖਾੜੀ ਦੇਸ਼ਾਂ ਵਿੱਚ ਅਮਰੀਕੀ ਫੌਜੀ ਠਿਕਾਣਿਆਂ 'ਤੇ ਹਮਲਾ ਕੀਤਾ ਅਤੇ ਅਮਰੀਕਾ ਅਤੇ ਇਜ਼ਰਾਈਲ ਵਿਰੁੱਧ ਦਬਾਅ ਪਾਉਣ ਲਈ ਰਣਨੀਤਕ ਹੋਰਮੁਜ਼ ਖਾੜੀ ਬੰਦ ਕਰ ਦਿੱਤੀ।

# ਲੰਡਨ ਦੇ ਕੈਨਸਿੰਗਟਨ ਪੈਲਿਸ ਵਿੱਚ 26 ਮਾਰਚ ਤੋਂ ਮਹਾਰਾਜਾ ਦਲੀਪ ਸਿੰਘ ਦੀਆਂ ਬੇਟੀਆਂ ਬਾਰੇ ਲੱਗੇਗੀ "ਪੰਜਾਬ ਦੀਆਂ ਆਖ਼ਰੀ ਰਾਜਕੁਮਾਰੀਆਂ" ਪ੍ਰਦਰਸ਼ਨੀ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨਵੀ ਭਾਰਤੀ ਇਤਿਹਾਸਕਾਰ, ਲੇਖਕ ਅਤੇ ਕਲਾ ਸੰਗ੍ਰਹਿਕਾਰ ਪੀਟਰ ਬੈਂਸ ਨੇ ਆਪਣੇ ਵਿਸ਼ਾਲ ਮਹਾਰਾਜਾ ਦਲੀਪ ਸਿੰਘ ਸੰਗ੍ਰਹਿ ਦਾ ਇੱਕ ਵੱਡਾ ਹਿੱਸਾ ਇੱਕ ਨਵੀਂ ਸ਼ਾਹੀ ਪ੍ਰਦਰਸ਼ਨੀ ਲਈ ਦਿੱਤਾ ਹੈ, ਜੋ ਇਸ ਮਹੀਨੇ ਦੇ ਅੰਤ ਵਿੱਚ ਲੰਡਨ ਵਿੱਚ ਲੱਗ ਰਹੀ ਹੈ, ਜੋ ਸਿੱਖ ਸ਼ਾਸਕ ਦੀਆਂ ਧੀਆਂ 'ਤੇ ਰੌਸ਼ਨੀ ਪਾਵੇਗੀ।**

'ਪੰਜਾਬ ਦੀਆਂ ਆਖਰੀ ਰਾਜਕੁਮਾਰੀਆਂ' ਸਿਰਲੇਖ ਹੇਠ ਕੈਨਸਿੰਗਟਨ ਪੈਲੇਸ ਵਿਖੇ ਲੱਗਣ ਵਾਲੀ ਇਹ ਪ੍ਰਦਰਸ਼ਨੀ ਰਾਜਕੁਮਾਰੀ ਸੋਫੀਆ ਦਲੀਪ ਸਿੰਘ ਅਤੇ ਇੰਗਲੈਂਡ ਵਿੱਚ ਔਰਤਾਂ ਦੇ ਵੋਟਿੰਗ ਅਧਿਕਾਰਾਂ ਲਈ ਇੱਕ ਸੰਘਰਸ਼ੀ ਕਾਰਕੁਨ ਵਜੋਂ ਉਸਦੀ ਅਸਾਧਾਰਨ ਜ਼ਿੰਦਗੀ ਦੇ ਆਲੇ-ਦੁਆਲੇ ਘੁੰਮਦੀ ਹੈ। ਉਸਦੀਆਂ ਬਰਤਾਨਵੀ ਭਾਰਤੀ ਰਾਜਕੁਮਾਰੀ ਭੈਣਾਂ, ਉਸਦੀ ਜਰਮਨੀ ਮੂਲ ਦੀ ਮਾਂ ਬੰਬਾ ਮੂਲਰ, ਦਾਦੀ ਮਹਾਰਾਣੀ ਜਿੰਦ ਕੌਰ ਅਤੇ ਧਰਮ ਮਾਤਾ ਮਹਾਰਾਣੀ ਵਿਕਟੋਰੀਆ ਦੇ ਉਸਦੇ ਜੀਵਨ ਵਿੱਚ ਪ੍ਰਭਾਵ ਨੂੰ ਪੇਸ਼ ਕਰੇਗੀ। ਸੋਫੀਆ ਦੀ 150ਵੀਂ ਜਨਮ ਵਰ੍ਹੇਗੰਢ ਮਨਾਉਂਦਿਆਂ ਵਸਤਾਂ ਪ੍ਰਦਰਸ਼ਿਤ ਕੀਤੀਆਂ ਜਾਣਗੀਆਂ। ਹਿਸਟੋਰਿਕ ਰਾਇਲ ਪੈਲੇਸਜ਼ ਨੇ ਕਿਹਾ ਕਿ ਰਾਜਕੁਮਾਰੀ ਸੋਫੀਆ ਦਲੀਪ ਸਿੰਘ ਨੂੰ ਇੱਕ ਮਤਾਧਾਰੀ ਵਜੋਂ ਜਾਣਿਆ ਜਾਂਦਾ ਹੈ ਜਿਸਨੇ ਔਰਤਾਂ ਦੇ ਵੋਟ ਪਾਉਣ ਦੇ ਅਧਿਕਾਰ ਲਈ ਲੜਾਈ ਲੜੀ, ਆਪਣੇ ਅਹੁਦੇ ਦੀ ਵਰਤੋਂ ਕਰਕੇ ਇਸ ਉਦੇਸ਼ ਨੂੰ ਅੱਗੇ ਵਧਾਇਆ।

ਆਪਣੀਆਂ ਭੈਣਾਂ ਕੈਥਰੀਨ ਅਤੇ ਬਾਂਬਾ ਦੇ ਨਾਲ, ਸੋਫੀਆ ਨੂੰ ਉਸਦੇ ਪਰਿਵਾਰ ਦੇ ਦੋਵਾਂ ਪਾਸਿਆਂ ਤੋਂ ਇੱਕ ਅਮੀਰ ਪਰ ਗੁੰਝਲਦਾਰ ਵਿਰਾਸਤ ਵਿਰਸੇ ਵਿੱਚ ਮਿਲੀ। ਔਰਤਾਂ ਨੇ ਇਸ ਨੂੰ ਵੱਖ-ਵੱਖ ਤਰੀਕਿਆਂ ਨਾਲ ਪ੍ਰਗਟ ਕੀਤਾ।


ਮਹਾਰਾਜਾ ਦਲੀਪ ਸਿੰਘ ਦੀਆਂ ਬੇਟੀਆਂ ਦੀ ਯਾਦਗਾਰੀ ਤਸਵੀਰ

ਇਤਿਹਾਸਕਾਰ ਪੀਟਰ ਬੈਂਸ ਦੀ ਨਵੀਂ ਕਿਤਾਬ 'ਦਿ ਲਾਸਟ ਰਾਇਲਜ਼ ਆਫ਼ ਲਾਹੌਰ: ਦ ਦਲੀਪ ਸਿੰਘਜ਼' ਵੀ ਜਾਰੀ ਕੀਤੀ ਜਾ ਰਹੀ ਹੈ। ਜੋ ਕਿ ਨਵੀਂ ਖੋਜੀ ਗਈ ਪੁਰਾਲੇਖ ਸਮੱਗਰੀ ਅਤੇ ਉਨ੍ਹਾਂ ਲੋਕਾਂ ਦੇ ਵਿਸ਼ੇਸ਼ ਬਿਰਤਾਂਤਾਂ ਉਜਾਗਰ ਕਰਦੀ ਹੈ ਜੋ ਸਿੱਖ ਪੰਜਾਬੀ ਸ਼ਾਹੀ ਪਰਿਵਾਰ ਨੂੰ ਨੇੜਿਓਂ ਜਾਣਦੇ ਸਨ।

ਪੀਟਰ ਬੈਂਸ ਨੇ ਕਿਹਾ ਕਿ ਇਹ ਦਲੀਪ ਸਿੰਘ ਪਰਿਵਾਰ 'ਤੇ ਮੇਰੀ ਤੀਜੀ ਕਿਤਾਬ ਹੈ, ਜੋ ਕੈਨਸਿੰਗਟਨ ਪੈਲੇਸ ਵਿਖੇ ਪ੍ਰਦਰਸ਼ਨੀ ਦੇ ਨਾਲ ਮੇਲ ਖਾਂਦੀ ਪ੍ਰਕਾਸ਼ਿਤ ਕੀਤੀ ਗਈ ਹੈ ਅਤੇ ਇਹ ਔਰਤਾਂ ਖਾਸ ਤੌਰ ਤੇ ਸ਼ਾਹੀ ਦਰਬਾਰ ਦੀਆਂ ਔਰਤਾਂ 'ਤੇ ਕੇਂਦਰਿਤ ਹੈ। ਕਿਤਾਬ ਵਿੱਚ ਪੰਜਾਬ ਦੇ ਆਖਰੀ ਸਿੱਖ ਮਹਾਰਾਜਾ, ਲਾਹੌਰ ਰਾਜ, ਪਰਿਵਾਰ ਦੇ ਹਰੇਕ ਮੈਂਬਰ ਬਾਰੇ ਜ਼ਿਕਰ ਹੈ, ਜਿਸ ਵਿੱਚ ਉਨ੍ਹਾਂ ਦੀਆਂ ਪੰਜ ਧੀਆਂ ਅਤੇ ਤਿੰਨ ਪੁੱਤਰ ਸ਼ਾਮਲ ਹਨ।ਕਿਤਾਬ ਗਾਇਕ-ਅਦਾਕਾਰ ਸਤਿੰਦਰ ਸਰਤਾਜ ਦੇ ਪ੍ਰਸਤਾਵਨਾ ਨਾਲ ਸ਼ੁਰੂ ਹੁੰਦੀ ਹੈ।ਪਰਿਵਾਰ ਦੇ ਕਈ ਦਿਲਚਸਪ ਪਹਿਲੂ ਪਹਿਲੀ ਵਾਰ ਸਾਹਮਣੇ ਆਏ ਹਨ, ਜਿਸ ਵਿੱਚ ਕੈਥਰੀਨ ਦੀ ਨਾਜ਼ੀ ਜਰਮਨੀ ਤੋਂ ਭੱਜਣ ਵਾਲੇ ਦਰਜਨਾਂ ਯਹੂਦੀ ਸ਼ਰਨਾਰਥੀਆਂ ਦੀ ਮਦਦ ਕਰਨਾ, ਜਿਸ ਨਾਲ ਉਸਨੂੰ "ਪੰਜਾਬੀ ਸ਼ਿੰਡਲਰ" ਵਜੋਂ ਜਾਣਿਆ ਜਾਂਦਾ ਹੈ।

ਬੈਂਸ ਦੀ ਨਵੀਂ ਕਿਤਾਬ ਵਿੱਚ ਪਹਿਲੇ ਵਿਸ਼ਵ ਯੁੱਧ ਦੌਰਾਨ ਜਰਮਨੀ ਵਿੱਚ ਗਦਰ ਪਾਰਟੀ ਅਤੇ ਭਾਰਤੀ ਇਨਕਲਾਬੀਆਂ ਨਾਲ ਪ੍ਰਿੰਸ ਵਿਕਟਰ ਦਲੀਪ ਸਿੰਘ ਦੇ ਸਬੰਧਾਂ ਬਾਰੇ ਘੱਟ ਜਾਣੇ-ਪਛਾਣੇ ਤੱਥਾਂ ਨੂੰ ਉਜਾਗਰ ਕੀਤਾ ਗਿਆ ਹੈ। ਦਲੀਪ ਸਿੰਘ ਦੇ ਦੂਜੇ ਪੁੱਤਰ, ਪ੍ਰਿੰਸ ਫਰੈਡਰਿਕ ਦੀ ਜ਼ਿੰਦਗੀ ਬਾਰੇ ਅਹਿਮ ਤੱਥ ਸਾਹਮਣੇ ਆਏ ਹਨ ਕਿ ਕਿਵੇਂ ਉਹ ਚਰਚਾਂ ਅਤੇ ਵਿਰਾਸਤੀ ਇਮਾਰਤਾਂ ਨੂੰ ਬੰਦ ਹੋਣ ਤੋਂ ਬਚਾਉਣ ਲਈ ਸਮਰਪਿਤ ਸੀ।

ਪੀਟਰ ਬੈਂਸ ਨੇ ਕਿਹਾ ਕਿ ਕਿਤਾਬ ਵਿੱਚ ਸਭ ਕੁਝ ਪੁਰਾਲੇਖਾਂ ਤੋਂ ਅਸਲ ਦਸਤਾਵੇਜ਼ਾਂ ਤੋਂ ਹੈ ਜਾਂ ਸਿੱਧੇ ਦਲੀਪ ਸਿੰਘ ਦੇ ਨਿੱਜੀ ਕਾਗਜ਼ਾਂ ਤੋਂ ਹੈ ਜੋ ਮੈਂ ਪ੍ਰਾਪਤ ਕੀਤੇ ਹਨ।ਉਹਨਾਂ ਕਿਹਾ ਕਿ ਮੈਂ ਆਪਣੀਆਂ ਪਿਛਲੀਆਂ ਕਿਤਾਬਾਂ ਵਿੱਚ ਉਸਦੇ ਜੀਵਨ ਬਾਰੇ ਡੂੰਘਾਈ ਨਾਲ ਲਿਖਿਆ ਹੈ, ਇਸ ਵਿੱਚ ਇੰਗਲੈਂਡ ਵਿੱਚ ਮਹਾਰਾਜਾ ਦਲੀਪ ਸਿੰਘ ਦਾ ਜੀਵਨ, ਖਾਸ ਕਰਕੇ ਐਲਵੇਡਨ ਅਤੇ ਸਕਾਟਲੈਂਡ ਵਿੱਚ ਬੀਤਾਏ ਦਿਨਾਂ ਨੂੰ ਵਿਸਥਾਰ ਨਾਲ ਦੱਸਿਆ ਹੈ, ਜਿੱਥੇ ਉਸਦੀਆਂ ਬਹੁਤ ਸਾਰੀਆਂ ਜਾਇਦਾਦਾਂ ਸਨ।ਇਸ ਵਿੱਚ ਕੋਈ ਵੀ ਸੁਣੀਆਂ-ਸੁਣਾਈਆਂ ਗੱਲਾਂ ਜਾਂ ਮਿੱਥਾਂ ਨਹੀਂ ਹਨ।

ਮਹਾਰਾਜਾ ਰਣਜੀਤ ਸਿੰਘ ਦੇ ਪੁੱਤਰ ਅਤੇ ਵਾਰਸ, ਦਲੀਪ ਸਿੰਘ, ਨੂੰ 1854 ਵਿੱਚ ਕਿਸ਼ੋਰ ਅਵਸਥਾ ਵਿੱਚ ਇੰਗਲੈਂਡ ਜਲਾਵਤਨ ਕਰ ਦਿੱਤਾ ਸੀ। ਬੈਂਸ ਨੇ ਇੱਕ ਨੌਜਵਾਨ ਵਿਦਿਆਰਥੀ ਵਜੋਂ, ਐਲਵੇਡਨ, ਸਫੋਲਕ ਵਿੱਚ ਇੱਕ ਗਿਰਜਾਘਰ ਵਿੱਚ ਦਲੀਪ ਸਿੰਘ ਦੀ ਕਬਰ 'ਤੇ ਮੌਕਾ ਮਿਲਣ ਤੋਂ ਬਾਅਦ ਆਪਣੇ ਇਤਿਹਾਸ ਨੂੰ ਇਕੱਠਾ ਕਰਨ ਅਤੇ ਦਸਤਾਵੇਜ਼ੀਕਰਨ ਕਰਨ ਲਈ ਅਣਥੱਕ ਮਿਹਨਤ ਕੀਤੀ ਹੈ।ਉਹਨਾਂ ਕਿਹਾ ਕਿ ਭਾਵੇਂ ਉਹ ਚਰਚ ਜਾਣ ਵਾਲੇ ਈਸਾਈ ਬਣ ਗਏ ਸਨ, ਪਰ ਉਹ ਆਪਣੀਆਂ ਜੜ੍ਹਾਂ ਨੂੰ ਕਦੇ ਨਹੀਂ ਭੁੱਲੇ ਅਤੇ ਯੂ ਕੇ ਵਿੱਚ ਬਹੁਤ ਵੱਡਾ ਯੋਗਦਾਨ ਪਾਇਆ। ਕੇਨਸਿੰਗਟਨ ਪੈਲੇਸ ਤੋਂ ਬਾਅਦ ਇਹ ਪ੍ਰਦਰਸ਼ਨੀ ਕੈਨੇਡਾ ਜਾਣ ਦੀ ਉਮੀਦ ਹੈ।

## ਬਰਤਾਨੀਆ ਦੀ ਰੱਖਿਆ ਕਮੇਟੀ ਦੀ ਐਮ ਪੀ ਤਨਮਨਜੀਤ ਸਿੰਘ ਢੇਸੀ ਦੀ ਅਗਵਾਈ ਵਿੱਚ ਮੀਟਿੰਗ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆ ਦੀ ਰੱਖਿਆ ਕਮੇਟੀ ਦੀ ਐਮ ਪੀ ਤਨਮਨਜੀਤ ਸਿੰਘ ਢੇਸੀ ਦੀ ਅਗਵਾਈ ਵਿੱਚ ਇੱਕ ਅਹਿਮ ਮੀਟਿੰਗ ਹੋਈ। ਜਿਸ ਵਿੱਚ ਮੌਜੂਦਾ ਹਾਲਤਾਂ ਅਤੇ ਮੱਧ ਪੂਰਬ ਦੇ ਘਟਨਾਂ ਕ੍ਰਮ ਬਾਰੇ ਚਰਚਾ ਹੋਈ। ਬਰਤਾਨੀਆ ਦੀ ਰੱਖਿਆ ਕਮੇਟੀ ਨੇ ਜਾਰੀ ਬਿਆਨ ਵਿੱਚ ਕਿਹਾ ਕਿ ਕਰਾਸ-ਪਾਰਟੀ ਰੱਖਿਆ ਕਮੇਟੀ ਦੇ ਮੈਂਬਰਾਂ ਨੇ ਬੀਤੇ ਕੱਲ ਈਰਾਨ ਅਤੇ ਆਸ ਪਾਸ ਦੇ ਖੇਤਰ ਵਿੱਚ ਹੋ ਰਹੀਆਂ ਕਾਰਵਾਈਆਂ ਬਾਰੇ ਗੁਪਤ ਜਾਣਕਾਰੀ ਸਾਂਝੀ ਕਰਨ ਲਈ ਰੱਖਿਆ ਮੰਤਰਾਲੇ ਦੇ ਸੀਨੀਅਰ ਅਧਿਕਾਰੀਆਂ ਅਤੇ ਫੌਜੀ ਅਧਿਕਾਰੀਆਂ ਨਾਲ ਮੁਲਾਕਾਤ ਕੀਤੀ। ਰੱਖਿਆ ਕਮੇਟੀ ਨੇ ਕਿਹਾ ਕਿ ਹਾਲਾਂਕਿ ਅਸੀਂ ਉਸ ਚਰਚਾ ਦੇ ਤੱਤਾਂ 'ਤੇ ਟਿੱਪਣੀ ਨਹੀਂ ਕਰ ਸਕਦੇ, ਪਰ ਮੌਜੂਦ ਮੈਂਬਰ ਇਸ ਗੱਲ ਤੋਂ ਸੰਤੁਸ਼ਟ ਸਨ ਕਿ ਹਾਲ ਹੀ ਵਿੱਚ ਫੌਜੀ ਗਤੀਵਿਧੀ ਤੋਂ ਪਹਿਲਾਂ ਯੂ ਕੇ ਦੇ ਫੈਸਲੇ ਲੈਣ ਅਤੇ ਤਿਆਰੀ ਦੇ ਉਪਾਅ ਤਰਕ ਅਧਾਰਤ ਸਨ। ਹਾਲਾਂਕਿ, ਅਸੀਂ ਅੰਤਰਰਾਸ਼ਟਰੀ ਪੱਧਰ ਤੇ ਹੋ ਰਹੀ ਰਾਜਨੀਤਿਕ ਬਿਆਨਬਾਜ਼ੀ ਅਤੇ ਅਮਰੀਕਾ ਅਤੇ ਖੇਤਰੀ ਭਾਈਵਾਲਾਂ ਨੂੰ ਯੂ ਕੇ ਦੇ ਸਮਰਥਨ ਦੀ ਅਸਲੀਅਤ ਵਿਚਕਾਰ ਕਾਫ਼ੀ ਫਰਕ ਵੇਖਿਆ ਹੈ। ਸਥਿਤੀ ਨੇ ਲੰਬੇ ਸਮੇਂ ਤੋਂ ਚੱਲ ਰਹੀਆਂ ਅਤੇ ਗੰਭੀਰ ਚਿੰਤਾਵਾਂ ਨੂੰ ਵੀ ਰੇਖਾਂਕਿਤ ਕੀਤਾ ਹੈ। ਰੋਇਲ ਨੇਵੀ ਕੋਲ ਵਿਸ਼ਵਵਿਆਪੀ ਸੁਰੱਖਿਆ ਦੇ ਵਿਗੜਦੇ ਸਮੇਂ ਸੰਕਟ ਦਾ ਪ੍ਰਭਾਵਸ਼ਾਲੀ ਢੰਗ ਨਾਲ ਜਵਾਬ ਦੇਣ ਦੀ ਸਮਰੱਥਾ ਬਾਰੇ ਵੀ ਚਰਚਾ ਹੋਈ। ਕਮੇਟੀ ਨੇ ਸਰਕਾਰ ਨੂੰ ਤੁਰੰਤ ਰੱਖਿਆ ਨਿਵੇਸ਼ ਯੋਜਨਾ ਜਾਰੀ ਕਰਨ ਅਤੇ ਇਸ ਸੰਸਦ ਦੌਰਾਨ ਰੱਖਿਆ 'ਤੇ ਖਰਚ ਨੂੰ ਜੀ ਡੀ ਪੀ ਦੇ 3% ਤੱਕ ਵਧਾਉਣ ਲਈ ਕਦਮ ਚੁੱਕਣ ਦਾ ਸੱਦਾ ਦਿੱਤਾ।





ਪੰਜਾਬ ਦੀ ਉੱਘੀ ਧਾਰਮਿਕ ਸਖ਼ਸ਼ੀਅਤ ਸੰਤ ਬਾਬਾ ਹਰਨਾਮ ਸਿੰਘ ਰਾਮਪੁਰ ਖੇੜੇ ਵਾਲਿਆਂ ਦੀ 43ਵੀਂ ਯਾਦ ਵਿੱਚ ਹੋਏ ਗੁਰਮਤਿ ਸਮਾਗਮ ਦੌਰਾਨ ਉੱਘੀਆਂ ਧਾਰਮਿਕ ਸ਼ਖ਼ਸੀਅਤਾਂ ਸੰਤ ਬਾਬਾ ਸੇਵਾ ਸਿੰਘ ਕਾਰ ਸੇਵਾ ਖਡੂਰ ਸਾਹਿਬ, ਪ੍ਰਸਿੱਧ ਚਿੰਤਕ ਤੇ ਪੰਥਕ ਬੁਲਾਰੇ ਸ: ਭਗਵਾਨ ਸਿੰਘ ਜੌਹਲ, ਨਿਰਮਲੇ ਮਹਾਂਪੁਰਸ਼ ਸੰਤ ਤੇਜਾ ਸਿੰਘ ਖੁੱਡੇ ਵਾਲਿਆਂ ਦਾ ਸਨਮਾਨ ਕਰਦੇ ਹੋਏ, ਸੰਤ ਬਾਬਾ ਸੇਵਾ ਸਿੰਘ ਰਾਮਪੁਰ ਖੇੜੇ ਵਾਲੇ ।

# ਹਲਿੰਗਡਨ ਬਾਰੋ ਦੀ ਲੇਬਰ ਪਾਰਟੀ ਵੱਲੋਂ ਕੀਤੇ ਸਮਾਗਮ ਵਿੱਚ ਮਈ ਚੋਣਾਂ ਨੂੰ ਲੈ ਕੇ ਸੰਸਦ ਮੈਂਬਰਾਂ ਨੇ ਬਦਲਾਅ ਲਈ ਕੀਤੀ ਅਪੀਲ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੰਡਨ ਬਾਰੋ ਆਫ ਹਲਿੰਗਡਨ ਦੀਆਂ ਸਥਾਨਿਕ ਕੌਂਸਲ ਚੋਣਾਂ ਨੂੰ ਲੈ ਕੇ ਸਰਗਰਮੀਆਂ ਤੇਜ਼ ਹੋ ਗਈਆਂ ਹਨ। ਲੇਬਰ ਪਾਰਟੀ ਵੱਲੋਂ ਬੀਤੇ ਦਿਨੀ ਇੱਕ ਭਾਈਚਾਰਕ ਇਕੱਠ ਸਾਊਥਾਲ ਦੇ ਦਾ ਸੈਂਟਰ ਵਿੱਚ ਕੀਤਾ ਗਿਆ। ਜਿਸ ਵਿੱਚ ਵਿਦੇਸ਼ ਰਾਜ ਮੰਤਰੀ ਸੀਮਾ ਮਲਹੋਤਰਾ, ਐਮ ਪੀ ਡੈਨੀ ਬੀਅਲਸ, ਲੰਡਨ ਅਸੈਂਬਲੀ ਮੈਂਬਰ ਬਾਸਾਮ ਮਹਿਫੂਜ਼, ਬਰਤਾਨਵੀ ਰੱਖਿਆ ਕਮੇਟੀ ਦੇ ਚੇਅਰਮੈਨ ਐਮ ਪੀ ਤਨਮਨਜੀਤ ਸਿੰਘ ਢੇਸੀ, ਐਮ ਪੀ ਡੀਅਰਡਰੇ ਕੋਸਟੀਗਨ ਤੋਂ ਇਲਾਵਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਮੁੱਖ ਸੇਵਾਦਾਰ ਸ: ਗੁਰਮੇਲ ਸਿੰਘ ਮੱਲੀ, ਹਰਜੀਤ ਸਿੰਘ ਸਰਪੰਚ, ਸ਼ਰਨਬੀਰ ਸਿੰਘ ਸੰਘਾ, ਜਸਵੰਤ ਸਿੰਘ ਮੰਡ ਆਦਿ ਸਮੇਤ ਵੱਖ ਵੱਖ ਭਾਈਚਾਰਿਆਂ ਅਤੇ ਸੰਸਥਾਵਾਂ ਦੇ ਆਗੂ ਸ਼ਾਮਿਲ ਹੋਏ। ਕੌਂਸਲਰ ਰਾਜੂ ਸੰਸਾਰਪੁਰੀ, ਕੌਂਸਲਰ ਗੁਰਸ਼ਰਨ ਸਿੰਘ ਮੰਡ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ।

ਬੁਲਾਰਿਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਲੇਬਰ ਪਾਰਟੀ ਵੱਲੋਂ ਨਵੀਂ ਸਰਕਾਰ ਬਣਨ ਤੇ ਬਹੁਤ ਕੁੱਝ ਬਦਲਿਆ ਹੈ, ਰਾਸ਼ਟਰੀ ਸਿਹਤ ਸੰਸਥਾ (ਐਨ ਐਚ ਐਸ), ਰੁਜ਼ਗਾਰ ਦੇ ਮੌਕੇ, ਲੰਡਨ ਵਿੱਚ ਪੁਲਿਸ ਦੀ ਗਸ਼ਤ ਤੇਜ਼ ਤੋਂ ਇਲਾਵਾ ਘਰਾਂ ਦੀ ਸਮੱਸਿਆ ਤੋਂ ਲੈ ਕੇ ਆਮ ਲੋਕਾਂ ਨੂੰ ਪੇਸ਼ ਆਉਣ ਵਾਲੀਆਂ ਮੁਸ਼ਕਿਲਾਂ ਦੇ ਹੱਲ ਲਈ ਯਤਨ ਕੀਤੇ ਜਾ ਰਹੇ ਹਨ। ਬੁਲਾਰਿਆਂ ਨੇ ਕਿਹਾ ਕਿ ਹਲਿੰਗਡਨ ਵਿੱਚ ਬਦਲਾਅ ਲਿਆਉਣ ਲਈ ਸਾਨੂੰ ਮਿਲ ਕੇ ਕੰਮ ਕਰਨੇ ਹੋਣਗੇ। ਕਿਉਂਕਿ ਇਸ ਵਾਰ ਲੋਕਾਂ ਵਿੱਚ ਭਾਰੀ ਉਤਸ਼ਾਹ ਵੇਖਣ ਨੂੰ ਮਿਲ ਰਿਹਾ ਹੈ।

ਇਸ ਮੌਕੇ ਲੇਬਰ ਲੀਡਰ ਸਟੂਅਰਟ ਮੈਥਰਸ, ਕੌਂਸਲਰ ਸੀਤਲ ਪੁੰਜਾ, ਕੌਂਸਲਰ ਜਗਜੀਤ ਸਿੰਘ, ਕੌਂਸਲਰ ਕਮਲਪ੍ਰੀਤ ਕੌਰ, ਕੌਂਸਲਰ ਟੋਨੀ ਗਿੱਲ ਆਦਿ ਤੋਂ ਇਲਾਵਾ ਕੌਂਸਲ ਉਮੀਦਵਾਰ ਭਰਤ ਸਿੰਘ ਥਿੰਦ ਆਦਿ ਹਾਜ਼ਰ ਸਨ। ਸਮਾਗਮ ਵਿੱਚ ਅਜੈਬ ਸਿੰਘ ਪਵਾਰ, ਬਲਵਿੰਦਰ ਸਿੰਘ ਬਿੱਲਾ ਗਿੱਲ ਦੀਨੇਵਾਲੀਆ, ਬਲਜੀਤ ਸਿੰਘ ਮੱਲੀ, ਪ੍ਰਤਾਪ ਸਿੰਘ ਮੋਮੀ, ਕਰਮਜੀਤ ਸਿੰਘ ਕੰਮਾ ਔਜਲਾ, ਇਸ਼ਟਮੀਤ ਸਿੰਘ ਫੁੱਲ, ਗੁਰਪ੍ਰਤਾਪ ਸਿੰਘ ਢਿਲੋਂ, ਕੁਲਵਿੰਦਰ ਕੁਮਾਰ ਪੋਲ, ਸੁਖਵਿੰਦਰ ਸਿੰਘ, ਹਰਜੀਤ ਸਿੰਘ ਢਿਲੋਂ, ਬਲਜਿੰਦਰ ਸਿੰਘ ਜੈਨਪੁਰੀਆ, ਕੁਲਵੰਤ ਸਿੰਘ ਚੱਠਾ, ਫਤਹਿ ਸਿੰਘ, ਨਛੱਤਰ ਕਲਸੀ, ਸੁਖਵਿੰਦਰ ਸਿੰਘ ਜੈਨਪੁਰੀ, ਲਖਵਿੰਦਰ ਸਿੰਘ ਧਾਲੀਵਾਲ, ਕੌਂਸਲਰ ਜਸਬੀਰ ਕੌਰ ਅਨੰਦ, ਕੌਂਸਲ ਲੀਡਰ ਪੀਟਰ ਮੇਸਨ, ਅਮਰਜੀਤ ਕੌਰ, ਕੌਂਸਲਰ ਸ਼ੰਤਨੂੰ ਰਜਾਵਤ, ਰਘਵਿੰਦਰ ਸਿੰਘ ਸਿੱਧੂ, ਐਮੀ ਸਿੱਧੂ, ਪ੍ਰੀਤਮ ਸਿੰਘ ਗਰੇਵਾਲ, ਅਜਮੇਰ ਗਰੇਵਾਲ, ਮਨਜੀਤ ਸਿੰਘ ਸ਼ਾਲਾਪੁਰੀ, ਮਨਜੀਤ ਸਿੰਘ ਗਰੋਵਰ, ਜੈਗ ਸੰਘੇੜਾ ਆਦਿ ਹਾਜ਼ਰ ਸਨ।





ਸੰਸਦ ਮੈਂਬਰ, ਲੇਬਰ ਪਾਰਟੀ ਦੇ ਕਾਰਕੁੰਨ ਅਤੇ ਭਾਈਚਾਰਕ ਆਗੂ

# CUBA CRISIS LEADING TOWARDS HUMANITARIAN EMERGENCY

Cuba is now making headlines. I dont think you can talk about the US and Cuba without talking about Venezuela. And the industry should be paying very close attention for reasons beyond geopolitics. Cuba sits astride two of the most critical shipping lanes the florida straits and the windward passage. Daily, these corriders tanker and bulk traffic between the gulf of mexico, the altantic, and beyond. I have been watching the crisis over the past few months especially the arrest of venezuela president Nicolas Maduro.Venezuela under former president Chavez and successor Nicolas Maduro supported Cuba communist regime including oil, and the Trump administration raided and arrested Madurio on drug trafficking. Analysing the problem and the sanctions exposed on cutting off Venezuela oil already creating acute risk for tanker operators and charters moving fuel towards Cuba. Santions liability is real shipowners need to be reviewing their Cuba realated exposure.The Mariel port is the major one that no one in the media is talking about. Cuba container terminal is a modern, deep water facility purpose built to be Caribbean transhipment hub. If US- CUBA realtions shift through negotiated deal or regime change. Economical collapse and political upheaval historically produce surges in migration through the florida straits. The Cuba story is moving really fast Whether its ends in a negotiating transition or something more dramatic, the martime implications risk today are substantial. Cuba is setting at a severe humanitarian and economical crisis as the Trump administration pressure and its effect on the blockade of oil from Venezuela. Shipments have reduced which has left the country on brink of economical crisis and i may add the Cuba economy is unlikely to recover after the dedradation of essential breakdown to remain. Cuba is worsening disruption to healthcare, sanitation, food distribution, transportation and energy are almost certain. The trumps administration has maintained an oil blockade on sanction Venezuela since December and has effectively exercised complete control over Venezuela oil exports. It has very much pressured Mexico to pause oil exports, that has led to the reduction in Cuba fuel imports. As the result of Trumps administration action have pressure over the past couple of months, fuel shortages have reached crisis levels. Russia is now only the oil imports especially with record high levels to India resulting with the conflict in the middle east, and i may be sceptical if the Trumps administration and Cuba are unlikely to come to a negotiated settlement to resolve the current crisis over the past few months. The implications are deteriorating as the situation will pose significant risk and challenges for foreign travellers.






ਲੰਬੜਦਾਰ ਧਰਮਵੀਰ ਸਿੰਘ ਕਲੇਰ, ਕਵੈਂਟਰੀ

From : LAMBARDAR DHARMVEER SINGH CLAIRE COVENTRY

# ਰਣਜੀਤ ਸਿੰਘ ਐਨਕਾਊਂਟਰ: ਪੋਸਟਮਾਰਟਮ ਰਿਪੋਰਟ ਨੇ ਪੁਲਿਸ ਨੂੰ ਦਿੱਤੀ ਰਾਹਤ

## ✪ ਤਸ਼ੱਦਦ ਨਾਲ ਮੌਤ ਦੇ ਦਾਅਵੇ ਹੋਏ ਖ਼ਾਰਜ ✪ ਪਰਿਵਾਰ ਨੂੰ ਨਹੀਂ ਮਿਲਿਆ ਇਨਸਾਫ਼, ਪਰਿਵਾਰ ਅਸੰਤੁਸ਼ਟ

ਗੁਰਦਾਸਪੁਰ-ਦੋਰਾਂਗਲਾ ਅਧੀਨ ਆਉਂਦੀ ਆਦੀਆਂ ਪੁਲਿਸ ਚੌਕੀ ਤੇ ਹਮਲਾ ਕਰਕੇ ਏਐੱਸਆਈ ਅਤੇ ਹੋਮਗਾਰਡ ਜਵਾਨ ਦੀ ਗੋਲੀਆਂ ਮਾਰ ਕੇ ਹੱਤਿਆ ਕਰਨ ਦੇ ਮਾਮਲੇ 'ਚ ਮਾਸਟਰਮਾਈਂਡ ਰਣਜੀਤ ਸਿੰਘ ਦੇ ਬਹੁਚਰਚਿਤ ਐਨਕਾਊਂਟਰ ਕਾਰਨ ਸਵਾਲਾਂ ਵਿੱਚ ਘਿਰੀ ਪੰਜਾਬ ਪੁਲਿਸ ਨੂੰ ਰਣਜੀਤ ਸਿੰਘ ਦੀ ਪੋਸਟਮਾਰਟਮ ਰਿਪੋਰਟ ਸਾਹਮਣੇ ਆਉਣ ਪਿੱਛੋਂ ਵੱਡੀ ਰਾਹਤ ਮਿਲੀ ਹੈ। ਪੋਸਟਮਾਰਟਮ ਰਿਪੋਰਟ 'ਚ ਖੁਲਾਸਾ ਹੋਇਆ ਕਿ ਰਣਜੀਤ ਸਿੰਘ ਦੀ ਮੌਤ ਗੋਲੀਆਂ ਲੱਗਣ ਕਰਕੇ ਹੋਈ ਹੈ। ਇਹ ਵੀ ਦੱਸਿਆ ਗਿਆ ਕਿ ਜਿਸ ਵੇਲੇ ਗੋਲੀਆਂ ਲੱਗੀਆਂ ਉਸ ਵੇਲੇ ਰਣਜੀਤ ਸਿੰਘ ਜਿਉਂਦਾ ਸੀ। ਇਸ ਖੁਲਾਸੇ ਕਾਰਨ ਰਣਜੀਤ ਸਿੰਘ ਦੇ ਪਰਿਵਾਰਕ ਮੈਂਬਰਾਂ ਅਤੇ ਐਕਸ਼ਨ ਕਮੇਟੀ ਦੇ ਉਸ ਦਾਅਵੇ ਨੂੰ ਢਾਹ ਲੱਗੀ ਹੈ ਜਿਸ 'ਚ ਉਨ੍ਹਾਂ ਕਿਹਾ ਸੀ ਕਿ ਰਣਜੀਤ ਸਿੰਘ ਦੀ ਮੌਤ ਪੁਲਿਸ ਵੱਲੋਂ ਪੁੱਛਗਿਛ ਦੌਰਾਨ ਕੀਤੇ ਗਏ ਬੇਤਹਾਸ਼ਾ ਤਸ਼ੱਦਦ ਕਾਰਨ ਹੋ ਗਈ ਸੀ ਅਤੇ ਹਿਰਾਸਤ ਵਿੱਚ ਹੋਈ ਇਸ ਮੌਤ ਨੂੰ ਛੁਪਾਉਣ ਲਈ ਪੁਲਿਸ ਵੱਲੋਂ ਝੂਠੇ ਐਨਕਾਊਂਟਰ ਦਾ ਡਰਾਮਾ ਰਚਿਆ ਗਿਆ।

ਪੋਸਟਮਾਰਟਮ ਦੀ ਰਿਪੋਰਟ ਅਨੁਸਾਰ ਰਣਜੀਤ ਸਿੰਘ ਨੂੰ 25 ਫਰਵਰੀ 2026 ਨੂੰ ਜ਼ਖਮੀ ਹਾਲਤ 'ਚ ਸਵੇਰੇ ਸਾਢੇ ਸੱਤ ਵਜੇ ਸਿਵਲ ਹਸਪਤਾਲ ਬੱਬਰੀ ਵਿਖੇ ਲਿਆਂਦਾ ਗਿਆ ਜਿਥੇ 15 ਮਿੰਟ ਬਾਅਦ ਉਸਦੀ ਮੌਤ ਹੋ ਗਈ। ਰਣਜੀਤ ਸਿੰਘ ਦਾ ਪੋਸਟਮਾਰਟਮ ਕਈ ਦਿਨਾਂ ਦੇ ਵਿਵਾਦ ਮਗਰੋਂ 3 ਮਾਰਚ ਨੂੰ ਸ਼ਾਮ 4.40 ਮਿਨਟ ਤੇ ਸੀਜੇਐੱਮ ਸੁਰੇਖਾ ਡਡਵਾਲ ਦੀ ਮੌਜੂਦਗੀ ਵਿੱਚ ਹੋਇਆ। 3 ਮੈਂਬਰੀ ਡਾਕਟਰਾਂ ਦੇ ਬੋਰਡ ਵਿੱਚ ਡਾ. ਸੁਖਦੇਵ ਸਿੰਘ, ਮੈਡੀਕਲ ਅਫਸਰ ਡਾ. ਸਤਿੰਦਰਪਾਲ ਸਿੰਘ, ਐਸੋਸੀਏਟ ਪ੍ਰੋਫੈਸਰ ਅਤੇ ਡਾ. ਹਰਸ਼ ਕੁਮਾਰ



ਸੀਨੀਅਰ ਰੈਜੀਡੈਂਟ ਸ਼ਾਮਲ ਸਨ।

ਡਾਕਟਰਾਂ ਵੱਲੋਂ ਕੀਤਾ ਗਿਆ ਇਹ ਪੋਸਟਮਾਰਟਮ 4 ਘੰਟੇ 8 ਮਿੰਟ ਤੱਕ ਚੱਲਿਆ। ਆਪਣੀ ਰਿਪੋਰਟ ਵਿੱਚ ਡਾਕਟਰਾਂ ਨੇ ਖੁਲਾਸਾ ਕੀਤਾ ਕਿ ਰਣਜੀਤ ਸਿੰਘ ਦੇ ਸਰੀਰ ਤੇ ਕੁੱਲ 6 ਜ਼ਖਮਾਂ ਦੇ ਨਿਸ਼ਾਨ ਸਨ। ਇੱਕ ਗੋਲੀ ਲੱਗਣ ਦਾ ਜ਼ਖਮ ਉਸਦੀ ਛਾਤੀ ਦੇ ਸੱਜੇ ਪਾਸੇ ਮੌਜੂਦ ਸੀ। ਇੱਕ ਹੋਰ ਗੋਲੀ ਲੱਗਣ ਦਾ ਜ਼ਖਮ ਉਸਦੀ ਛਾਤੀ ਦੇ ਖੱਬੇ ਪਾਸੇ ਮੌਜੂਦ ਸੀ। ਉਸਦੇ ਮੂੰਹ ਅਤੇ ਨੱਕ ਅਤੇ ਕੰਨ ਵਿੱਚੋਂ ਖੂਨ ਵਗਿਆ ਹੋਇਆ ਸੀ। ਤੀਸਰਾ ਅਤੇ ਚੌਥਾ ਜ਼ਖਮ ਉਸਦੀ ਪਿੱਠ ਦੇ ਸੱਜੇ ਅਤੇ ਖੱਬੇ ਪਾਸੇ ਪਾਏ ਗਏ ਅਤੇ ਇਹ ਜ਼ਖਮ ਗੋਲੀਆਂ ਬਾਹਰ ਨਿਕਲਣ ਕਾਰਨ ਮੌਜੂਦ ਸੀ। ਇਸ ਤੋਂ ਇਲਾਵਾ ਪੰਜਵਾਂ ਜ਼ਖਮ ਖੱਬੇ ਪਾਸੇ ਮੱਥੇ ਉੱਤੇ ਸੀ ਜਿੱਥੇ ਲਾਲੀ ਅਤੇ ਸੋਜ਼ ਸੀ। ਛੇਵਾਂ ਜ਼ਖਮ ਸੱਜੀ ਲੱਤ ਉੱਪਰ ਸੀ। ਇਸ ਰਿਪੋਰਟ ਨਾਲ ਬੇਸ਼ੱਕ ਪੁਲਿਸ ਨੂੰ ਕੁੱਝ ਰਾਹਤ ਮਿਲੀ ਹੋਵੇ ਪਰ ਇਹ ਸਵਾਲ ਅਜੇ ਵੀ ਬਣੇ ਹੋਏ ਹਨ ਕਿ ਜੇਕਰ ਰਣਜੀਤ ਸਿੰਘ ਪੁਲਿਸ ਦੀ ਗੱਡੀ ਪਲਟਣ ਤੋਂ ਬਾਅਦ ਫਰਾਰ ਹੋਇਆ ਤਾਂ ਹੱਥਕੜੀ ਲੱਗੇ ਹੋਣ ਦੇ ਬਾਵਜੂਦ ਉਸਨੇ ਮੋਟਰਸਾਈਕਲ ਅਤੇ ਪਿਸਤੌਲ ਦਾ ਪ੍ਰਬੰਧ ਕਿੱਥੋਂ ਕਰ ਲਿਆ।

ਰਣਜੀਤ ਸਿੰਘ ਗੱਡੀ ਪਲਟਣ ਵਾਲੀ ਥਾਂ ਤੋਂ ਫਰਾਰ ਹੋ ਕੇ ਕਰੀਬ 22 ਕਿਲੋਮੀਟਰ ਪੁਰਾਣਾ ਸ਼ਾਲਾ ਪਹੁੰਚਣ ਵਿੱਚ ਕਾਮਯਾਬ ਹੋ ਗਿਆ ਜਿੱਥੇ ਉਸਨੇ ਘੇਰਾ ਪੈਣ ਤੇ ਪੁਲਿਸ ਉੱਪਰ ਗੋਲੀ ਚਲਾਈ ਅਤੇ ਜਵਾਬੀ ਫਾਇਰਿੰਗ ਵਿੱਚ ਉਹ ਮਾਰਿਆ ਗਿਆ। ਫਿਲਹਾਲ ਇਸ ਪੂਰੇ ਮਾਮਲੇ ਦੀ ਮੈਜਿਸਟਰੇਟ ਜਾਂਚ ਚੱਲ ਰਹੀ ਹੈ ਅਤੇ ਇਹ ਜਾਂਚ ਰਿਪੋਰਟ ਸਾਹਮਣੇ ਆਉਣ ਉਪਰੰਤ ਹੀ ਸਥਿਤੀ ਪੂਰੀ ਤਰ੍ਹਾਂ ਸਾਫ ਹੋ ਸਕੇਗੀ।

ਪਰ ਮ੍ਰਿਤਕ ਦੇ ਪਰਿਵਾਰ ਨੇ ਇਸ ਰਿਪੋਰਟ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਹੈ। ਰਣਜੀਤ ਸਿੰਘ ਦੇ ਤਾਇਆ ਹਰਵਿੰਦਰ ਸਿੰਘ ਮੱਲ੍ਹੀ ਨੇ ਪੁਲਿਸ ਦੀ ਕਹਾਣੀ 'ਤੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ। ਪਰਿਵਾਰ ਦਾ ਕਹਿਣਾ ਹੈ ਕਿ ਉਹ ਕੋਈ ਵੀ ਅੰਤਿਮ ਫੈਸਲਾ ਲੈਣ ਜਾਂ ਟਿੱਪਣੀ ਕਰਨ ਤੋਂ ਪਹਿਲਾਂ ਪੋਸਟਮਾਰਟਮ ਦੀ ਮੁਕੰਮਲ ਵੀਡੀਓਗ੍ਰਾਫੀ ਦੇਖਣਾ ਚਾਹੁੰਦੇ ਹਨ। ਪਰਿਵਾਰ ਦਾ ਦੋਸ਼ ਹੈ ਕਿ ਰਣਜੀਤ ਸਿੰਘ ਨੂੰ ਪੁੱਛਗਿੱਛ ਦੌਰਾਨ ਹਿਰਾਸਤ ਵਿੱਚ ਹੀ ਮਾਰ ਦਿੱਤਾ ਗਿਆ ਸੀ ਅਤੇ ਮੁਕਾਬਲੇ ਦੀ ਕਹਾਣੀ ਬਾਅਦ ਵਿੱਚ ਘੜੀ ਗਈ ਹੈ। ਉਨ੍ਹਾਂ ਸਵਾਲ ਉਠਾਇਆ ਕਿ ਅਜਿਹੀ ਕਿਹੜੀ ਐਮਰਜੈਂਸੀ ਸੀ ਕਿ ਪੁਲਿਸ ਅੱਧੀ ਰਾਤ ਨੂੰ ਹਥਿਆਰਾਂ ਦੀ ਬਰਾਮਦਗੀ ਲਈ ਕਿਸੇ ਮੁਲਜ਼ਮ ਨੂੰ ਬਾਹਰ ਲੈ ਕੇ ਗਈ ?

### ਪੁਲਿਸ ਦੀ ਚੁੱਪ ਅਤੇ ਅਣਸੁਲਝੇ ਸਵਾਲ

ਇਸ ਮਾਮਲੇ ਵਿੱਚ ਪੁਲਿਸ ਦੀ ਭੂਮਿਕਾ ਕਈ ਸਵਾਲਾਂ ਦੇ ਘੇਰੇ ਵਿੱਚ ਹੈ। ਪੁਲਿਸ ਇਸ ਗੱਲ ਦਾ ਜਵਾਬ ਨਹੀਂ ਦੇ ਸਕੀ ਕਿ ਹਥਕੜੀ ਲੱਗੇ ਹੋਏ ਰਣਜੀਤ ਸਿੰਘ ਕੋਲ ਪਿਸਤੌਲ ਅਤੇ ਮੋਟਰਸਾਈਕਲ ਕਿੱਥੋਂ ਆਇਆ। ਪੁਲਿਸ ਮੁਤਾਬਕ ਰਣਜੀਤ ਨੇ ਸੀਆਈਏ ਇੰਚਾਰਜ ਗੁਰਮੀਤ ਸਿੰਘ 'ਤੇ ਗੋਲੀ ਚਲਾਈ ਸੀ, ਪਰ ਇਸ ਦੇ ਹਾਲਾਤ ਅਜੇ ਵੀ ਸਪੱਸ਼ਟ ਨਹੀਂ ਹਨ।

### ਅਦਾਲਤੀ ਦਖ਼ਲਅੰਦਾਜ਼ੀ

ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ, ਚੀਫ਼ ਜੁਡੀਸ਼ਲ ਮੈਜਿਸਟਰੇਟ ਸੁਰੇਖਾ ਡਡਵਾਲ ਦੀ ਨਿਗਰਾਨੀ ਹੇਠ ਪੋਸਟਮਾਰਟਮ ਕਰਵਾਇਆ ਗਿਆ ਸੀ। ਅਦਾਲਤ ਨੇ ਹੇਠ ਲਿਖੇ ਸਬੂਤਾਂ ਦੀ ਮੰਗ ਕੀਤੀ ਹੈ। ਪੁਰਾਣਾਸ਼ਾਲਾ ਵਿੱਚ ਹੋਏ ਮੁਕਾਬਲੇ ਵਾਲੀ ਥਾਂ ਦੇ ਆਲੇ-ਦੁਆਲੇ ਦੀ ਸੀਸੀਟੀਵੀ ਫੁਟੇਜ। ਪੁਲਿਸ ਜੀਪ ਦੇ ਪਲਟਣ ਵਾਲੀ ਥਾਂ (ਜੋ ਮੁਕਾਬਲੇ ਵਾਲੀ ਥਾਂ ਤੋਂ 25 ਕਿਲੋਮੀਟਰ ਦੂਰ ਹੈ) ਦੇ ਵੇਰਵੇ। ਰਣਜੀਤ ਸਿੰਘ ਦਾ ਪਰਿਵਾਰ ਹੁਣ ਕਾਨੂੰਨੀ ਮਾਹਿਰਾਂ ਨਾਲ ਸਲਾਹ ਕਰ ਰਿਹਾ ਹੈ ਤਾਂ ਜੋ ਇਸ ਕਥਿਤ ਮੁਕਾਬਲੇ ਦੀ ਨਿਰਪੱਖ ਜਾਂਚ ਕਰਵਾਈ ਜਾ ਸਕੇ।

# ਪੰਜਾਬ 'ਚ 1500 ਕਰੋੜ ਦਾ 'ਪੰਜੀਰੀ ਘੁਟਾਲਾ'

## ✪ ਮਜੀਠੀਆ ਦੇ ਗੰਭੀਰ ਇਲਜ਼ਾਮਾਂ ਨੇ ਆਪ ਪਾਰਟੀ ਦੀ ਹਿਲਾਈ ਸਿਆਸਤ

ਚੰਡੀਗੜ੍ਹ-ਪੰਜਾਬ ਦੀ ਸਿਆਸਤ ਵਿੱਚ ਅੱਜ ਉਸ ਵੇਲੇ ਵੱਡਾ ਭੂਚਾਲ ਆ ਗਿਆ ਜਦੋਂ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਆਮ ਆਦਮੀ ਪਾਰਟੀ ਦੀ ਸਰਕਾਰ 'ਤੇ ਬੱਚਿਆਂ ਅਤੇ ਮਾਵਾਂ ਦੇ ਰਾਸ਼ਨ ਵਿੱਚ 1000 ਤੋਂ 1500 ਕਰੋੜ ਰੁਪਏ ਦੇ ਘੁਟਾਲੇ ਦਾ ਇਲਜ਼ਾਮ ਲਾਇਆ। ਮਜੀਠੀਆ ਨੇ ਇਸ ਪੂਰੇ ਮਾਮਲੇ ਦੀ ਸੀਬੀਆਈ ਜਾਂਚ ਦੀ ਮੰਗ ਕਰਦਿਆਂ ਸਰਕਾਰ ਨੂੰ ਸਿੱਧੇ ਸਵਾਲਾਂ ਦੇ ਘੇਰੇ ਵਿੱਚ ਖੜ੍ਹਾ ਕੀਤਾ ਹੈ। ਅਕਾਲੀ ਦਲ ਦੇ ਦਫ਼ਤਰ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮਜੀਠੀਆ ਨੇ ਕਈ ਹੈਰਾਨੀਜਨਕ ਖੁਲਾਸੇ ਕੀਤੇ: ਮਜੀਠੀਆ ਅਨੁਸਾਰ, ਸਰਕਾਰ ਨੇ ਪੰਜੀਰੀ ਤਿਆਰ ਕਰਨ ਵਾਲੇ ਵੇਰਕਾ ਦੇ ਪੰਜ ਸਰਕਾਰੀ ਪਲਾਂਟ ਜਾਣਬੁੱਝ ਕੇ ਬੰਦ ਕਰ ਦਿੱਤੇ। ਦੋਸ਼ ਹੈ ਕਿ ਮਾਰਕਫੈੱਡ ਰਾਹੀਂ ਚਾਰ ਪ੍ਰਾਈਵੇਟ ਕੰਪਨੀਆਂ ਨੂੰ ਮਹਿਜ਼ ਇਕ ਘੰਟੇ ਦੇ ਅੰਦਰ ਟੈਂਡਰ ਜਾਰੀ ਕੀਤੇ ਗਏ। ਹੈਰਾਨੀ ਦੀ ਗੱਲ ਇਹ ਹੈ ਕਿ ਇਨ੍ਹਾਂ ਚਾਰਾਂ ਕੰਪਨੀਆਂ ਦਾ ਪਤਾ ਵੀ ਇੱਕੋ ਹੀ ਨਿਕਲਿਆ। ਮਜੀਠੀਆ ਨੇ ਸਵਾਲ ਚੁੱਕਿਆ ਕਿ ਬਲੈਕਲਿਸਟ ਕੀਤੀਆਂ ਕੰਪਨੀਆਂ ਨੂੰ ਮਾਵਾਂ ਅਤੇ ਬੱਚਿਆਂ ਦੀ ਸਿਹਤ ਨਾਲ ਖੇਡਣ ਦਾ ਠੇਕਾ ਕਿਉਂ ਦਿੱਤਾ ਗਿਆ ?

### ਬੱਚਿਆਂ ਦੀ ਸਿਹਤ ਨਾਲ ਖਿਲਵਾੜ: 'ਉੱਲੀ ਲੱਗੀ ਪੰਜੀਰੀ'

ਮਜੀਠੀਆ ਨੇ ਦੋਸ਼ ਲਾਇਆ ਕਿ ਇਹ ਘੁਟਾਲਾ ਸਿਰਫ਼ ਪੈਸਿਆਂ ਤੱਕ ਸੀਮਤ ਨਹੀਂ ਹੈ, ਸਗੋਂ ਨਵਜੰਮੇ ਬੱਚਿਆਂ ਅਤੇ ਦੁੱਧ ਚੁੰਘਾਉਂਦੀਆਂ ਮਾਵਾਂ ਦੀ ਜਾਨ ਨਾਲ ਖੇਡਿਆ ਜਾ ਰਿਹਾ ਹੈ। ਇਹ ਕੰਪਨੀਆਂ ਬੇਹੱਦ ਘਟੀਆ ਮਿਆਰ ਦੀ ਅਤੇ ਉੱਲੀ ਲੱਗੀ ਪੰਜੀਰੀ ਸਪਲਾਈ ਕਰ ਰਹੀਆਂ ਹਨ। ਜਦੋਂ ਇੱਕ



ਸੀਡੀਪੀਓ ਨੇ ਇਸ ਬਾਰੇ ਆਵਾਜ਼ ਉਠਾਈ, ਤਾਂ ਉਸ ਨੂੰ ਇਨਸਾਫ਼ ਦੇਣ ਦੀ ਬਜਾਏ ਮੁਅੱਤਲ ਕਰ ਦਿੱਤਾ ਗਿਆ।

### ਸੰਜੇ ਸਿੰਘ ਅਤੇ ਮੱਧ ਪ੍ਰਦੇਸ਼ ਦਾ ਹਵਾਲਾ

ਮਜੀਠੀਆ ਨੇ 'ਆਪ' ਦੇ ਸੀਨੀਅਰ ਆਗੂ ਸੰਜੇ ਸਿੰਘ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਜੇਕਰ ਉਹ ਮੱਧ ਪ੍ਰਦੇਸ਼ ਵਿੱਚ ਇਸੇ ਤਰ੍ਹਾਂ ਦੇ ਕੇਂਦਰੀ ਪ੍ਰੋਗਰਾਮ ਤਹਿਤ ਹੋਏ ਕਥਿਤ ਘੁਟਾਲੇ ਲਈ ਉੱਥੋਂ ਦੇ ਮੁੱਖ ਮੰਤਰੀ ਦਾ ਅਸਤੀਫ਼ਾ ਮੰਗ ਸਕਦੇ ਹਨ, ਤਾਂ ਪੰਜਾਬ ਵਿੱਚ ਹੋ ਰਹੇ ਇਸੇ ਤਰ੍ਹਾਂ ਦੇ ਭ੍ਰਿਸ਼ਟਾਚਾਰ 'ਤੇ ਉਹ ਚੁੱਪ ਕਿਉਂ ਹਨ ?


**ਪੰਜਾਬ ਟਾਈਮਜ਼ ਅਨੁਸਾਰ ਜਿੱਥੇ ਇੱਕ ਪਾਸੇ ਪੰਜਾਬ ਸਰਕਾਰ ਭ੍ਰਿਸ਼ਟਾਚਾਰ ਮੁਕਤ ਪ੍ਰਸ਼ਾਸਨ ਦੇ ਦਾਅਵੇ ਕਰ ਰਹੀ ਹੈ, ਉੱਥੇ ਹੀ ਮਜੀਠੀਆ ਵੱਲੋਂ ਸਬੂਤਾਂ ਸਹਿਤ ਲਾਏ ਗਏ ਇਹ ਇਲਜ਼ਾਮ ਸਰਕਾਰ ਲਈ ਵੱਡੀ ਮੁਸੀਬਤ ਖੜ੍ਹੀ ਕਰ ਸਕਦੇ ਹਨ।**

ਕੁਰਬਾਣੀ ਤਿਨ੍ਹਾਂ ਗੁਰਸਿਖਾਂ ਭਾਇ ਭਗਤਿ ਗੁਰਪੁਰਬ ਕਰੰਦੇ ॥

## ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਗੁਰੂ ਨਾਨਕ ਰੋਡ ਅਤੇ ਪਾਰਕ ਐਵੇਨਿਊ ਸਾਊਥਾਲ ਵੱਲੋਂ

## ਖਾਲਸਾ ਪੰਥ ਦੇ ਸਿਰਜਨਾ ਦਿਵਸ ਤੇ ਵਿਸਾਖੀ ਸਬੰਧੀ 29 ਮਾਰਚ ਐਤਵਾਰ ਨੂੰ

# ਵਿਸ਼ਾਲ ਨਗਰ ਕੀਰਤਨ ਆਯੋਜਿਤ



ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਗੁਰੂ ਨਾਨਕ ਰੋਡ, ਸਾਊਥਾਲ




ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਪਾਰਕ ਐਵੇਨਿਊ ਸਾਊਥਾਲ

ਗੁਰੂ ਪਿਆਰੀ ਸਾਧ ਸੰਗਤ ਜੀ,

ਵਾਹਿਗੁਰੂ ਜੀ ਕਾ ਖਾਲਸਾ ।। ਵਾਹਿਗੁਰੂ ਜੀ ਕੀ ਫਤਿਹ ।।

ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਗੁਰੂ ਨਾਨਕ ਰੋਡ ਸਾਊਥਾਲ ਅਤੇ ਪਾਰਕ ਐਵੇਨਿਊ ਸਾਊਥਾਲ ਵੱਲੋਂ ਉਪਰ ਦਿੱਤੇ ਅਨੁਸਾਰ ਖਾਲਸਾ ਸਾਜਨਾ ਤੇ ਵਿਸਾਖੀ ਸਬੰਧੀ ਵਿਸ਼ੇਸ਼ ਨਗਰ ਕੀਰਤਨ ਦੇ ਪ੍ਰੋਗਰਾਮ ਆਯੋਜਿਤ ਕੀਤੇ ਜਾ ਰਹੇ ਹਨ। ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਪਰਿਵਾਰਾਂ ਸਮੇਤ ਇਹਨਾਂ ਸਮਾਗਮਾਂ ਵਿੱਚ ਵੱਧ ਤੋਂ ਵੱਧ ਸ਼ਾਮਿਲ ਹੋ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ ।

## ਨਗਰ ਕੀਰਤਨ ਪ੍ਰੋਗਰਾਮ

ਨਗਰ ਕੀਰਤਨ ਆਰੰਭ – ਸਵੇਰੇ 11:00 ਵਜੇ
ਸ੍ਰੀ ਗੁਰੂ ਸਿੰਘ ਸਭਾ, ਗੁਰੂ ਨਾਨਕ ਰੋਡ ਤੋਂ

ਨਗਰ ਕੀਰਤਨ ਸਮਾਪਤ – ਸ਼ਾਮ 5:00 ਵਜੇ
ਸ੍ਰੀ ਗੁਰੂ ਸਿੰਘ ਸਭਾ ਪਾਰਕ ਐਵੇਨਿਊ ਵਿਖੇ

ਸਮਾਗਮਾਂ ਦੌਰਾਨ ਗੁਰੂ ਕੇ ਅਤੁੱਟ ਲੰਗਰ ਵਰਤਣਗੇ

## Southall Nagar Kirtan

**Sunday, 29 MARCH 2026 11AM - 5PM**

Starts at Guru Nanak Road Gurdwara- Finishing at Park Avenue Gurdwara



Starts at Guru Nanak Road Gurdwara- King Street- Past Southall Station- South Road -Uxbridge Road- Green Drive - Finishing at Park Avenue Gurdwara

ਨਗਰ ਕੀਰਤਨ ਮੌਕੇ ਸਟਾਲ ਲਾਉਣ ਦੇ ਚਾਹਵਾਨ ਹੋਰ ਜਾਣਕਾਰੀ ਲਈ, ਇਨ੍ਹਾਂ ਨੰਬਰਾਂ ਉਤੇ ਸੰਪਰਕ ਕਰਨ

+44 7866474262, 02085748901, 02085744311

**ਵਿਸ਼ੇਸ਼ ਨੋਟ**:– ਨਗਰ ਕੀਰਤਨ ਵਿੱਚ ਲੰਗਰ ਆਦਿ ਦੇ ਸਟਾਲ ਲਾਉਣ ਵਾਲੇ ਅਤੇ ਸੰਗਤਾਂ ਸਿਹਤ ਤੇ ਸੁਰੱਖਿਆ ਦਾ ਖਾਸ ਖਿਆਲ ਰੱਖਣ

ਸਾਊਥਾਲ ਅਤੇ ਆਸ ਪਾਸ ਦੇ ਸ਼ਹਿਰਾਂ ਦੀਆਂ ਸੰਗਤਾਂ ਨੂੰ ਵੱਡੀ ਗਿਣਤੀ ਵਿੱਚ ਹੁੰਮ ਹੁੰਮਾ ਕੇ ਪਹੁੰਚਣ ਦੀ ਸਨਿਮਰ ਅਪੀਲ

SRI GURU SINGH SABHA SOUTHALL | @SGSSSOUTHALL | @SGSSSOUTHALL | WWW.SGSS.ORG | INFO@SGSSS.ORG

ਬੇਨਤੀ ਕਰਤਾ – ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਪ੍ਰਬੰਧਕ ਕਮੇਟੀ, ਟਰੱਸਟੀ ਤੇ ਸਮੂਹ ਸਾਧ ਸੰਗਤ

## GURDWARA SRI GURU SINGH SABHA SOUTHALL

2-8 Park Avenue, Southall, Middlesex, UB1 3AG
Tel: 020 8574 8901

Guru Nanak Road, Southall, Middlesex, UB2 4NP
Tel: 020 8574 4311

# ਇੰਗਲੈਂਡ ਦੇ ਕੈਂਟ ਇਲਾਕੇ ਵਿੱਚ ਮੈਨਿੰਜਾਇਟਿਸ ਫੈਲਣ ਨਾਲ ਦੋ ਨੌਜਵਾਨਾਂ ਦੀ ਮੌਤ, 11 ਹੋਰ ਗੰਭੀਰ ਬਿਮਾਰ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਇੰਗਲੈਂਡ ਦੇ ਕੈਂਟ ਇਲਾਕੇ ਵਿੱਚ ਮੈਨਿੰਜਾਇਟਿਸ ਦੇ ਖ਼ਤਰਨਾਕ ਫੈਲਾਅ ਕਾਰਨ ਦੋ ਨੌਜਵਾਨਾਂ ਦੀ ਮੌਤ ਹੋ ਜਾਣ ਅਤੇ ਕਈ ਹੋਰ ਲੋਕਾਂ ਦੇ ਗੰਭੀਰ ਤੌਰ 'ਤੇ ਬਿਮਾਰ ਹੋ ਜਾਣ ਨਾਲ ਸਿੱਖਿਆ ਸੰਸਥਾਵਾਂ ਅਤੇ ਸਿਹਤ ਵਿਭਾਗ ਵਿੱਚ ਚਿੰਤਾ ਦਾ ਮਾਹੌਲ ਬਣ ਗਿਆ ਹੈ। ਤਾਜ਼ਾ ਜਾਣਕਾਰੀ ਮੁਤਾਬਕ ਇਸ ਬਿਮਾਰੀ ਦੇ ਕੁੱਲ 13 ਮਾਮਲੇ ਸਾਹ-ਮਣੇ ਆਏ ਹਨ, ਜਿਨ੍ਹਾਂ ਵਿੱਚੋਂ ਦੋ ਵਿਦਿਆਰਥੀਆਂ ਦੀ ਮੌਤ ਹੋ ਗਈ ਹੈ ਜਦਕਿ 11 ਹੋਰ ਲੋਕ ਗੰਭੀਰ ਹਾਲਤ ਵਿੱਚ ਹਸਪਤਾਲ ਵਿੱਚ ਦਾਖ਼ਲ ਹਨ।

ਮਰਨ ਵਾਲਿਆਂ ਵਿੱਚੋਂ ਇੱਕ ਯੂਨੀਵਰਸਿਟੀ ਆਫ ਕੈਂਟ ਦਾ ਵਿਦਿਆਰਥੀ ਦੱਸਿਆ ਗਿਆ ਹੈ, ਜਦਕਿ ਦੂਜਾ ਫੇਵਰਸ਼ਮ ਦੇ ਕੁਈਨ ਐਲਿਜ਼ਾਬੇਥ ਗ੍ਰੈਮਰ ਸਕੂਲ ਦਾ ਯੀਅਰ-13 ਦਾ ਵਿਦਿਆਰਥੀ ਸੀ। ਸਕੂਲ ਪ੍ਰਬੰਧਕਾਂ ਨੇ ਇਸ ਦੁਖਦਾਈ ਘਟਨਾ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਵਿਦਿਆਰਥੀ ਦੀ ਮੌਤ ਨਾਲ ਸਾਰੇ ਅਧਿਆਪਕ ਅਤੇ ਸਾਥੀ ਵਿਦਿਆਰਥੀ ਗਹਿਰੇ ਦੁੱਖ ਵਿੱਚ ਹਨ। ਸਕੂਲ ਦੀ ਹੈਡਟੀਚਰ ਅਮੀਲੀਆ ਮੈਕਇਲਰੋਇ ਨੇ ਕਿਹਾ ਕਿ ਇਹ ਸਮਾਂ ਸਾਰੇ ਸਕੂਲ ਪਰਿਵਾਰ ਲਈ ਬਹੁਤ ਹੀ ਦੁਖਦਾਈ ਹੈ ਅਤੇ ਪ੍ਰਬੰਧਕਾਂ ਦੀ ਪਹਿਲੀ ਤਰਜੀਹ ਵਿਦਿਆਰਥੀਆਂ ਅਤੇ ਸਟਾਫ਼ ਦੀ ਸੁਰੱਖਿਆ ਅਤੇ ਮਾਨਸਿਕ ਸਹਾਇਤਾ ਯਕੀਨੀ ਬਣਾਉਣਾ ਹੈ।

ਇਸ ਘਟਨਾ ਤੋਂ ਬਾਅਦ ਯੂਕੇ ਹੈਲਥ ਸਿਕਿਉਰਟੀ ਏਜੰਸੀ (UKHSA) ਵੱਲੋਂ ਤੁਰੰਤ ਕਾਰਵਾਈ ਕਰਦਿਆਂ ਕੈਂਟਰਬਰੀ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਵੱਡੇ ਪੱਧਰ 'ਤੇ ਲੋਕਾਂ ਨਾਲ ਸੰਪਰਕ ਕੀਤਾ ਜਾ ਰਿਹਾ ਹੈ। ਸਿਹਤ ਅਧਿਕਾਰੀਆਂ ਮੁਤਾ-ਬਕ ਕਰੀਬ 30 ਹਜ਼ਾਰ ਵਿਦਿਆਰਥੀਆਂ, ਸਕੂਲ ਅਤੇ ਯੂਨੀਵਰਸਿਟੀ ਦੇ ਸਟਾਫ਼ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਸਥਿਤੀ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ ਅਤੇ ਜਿਨ੍ਹਾਂ ਲੋਕਾਂ ਦਾ ਸੰਪਰਕ ਬਿਮਾਰ ਵਿਅਕਤੀਆਂ ਨਾਲ ਹੋਇਆ ਹੋ ਸਕਦਾ ਹੈ, ਉਨ੍ਹਾਂ ਨੂੰ ਸੁਰੱਖਿਆ ਵਜੋਂ ਐਂਟੀਬਾਇਓਟਿਕ ਦਵਾਈਆਂ ਦਿੱਤੀਆਂ ਜਾ ਰਹੀਆਂ ਹਨ।

ਯੂਨੀਵਰਸਿਟੀ ਆਫ ਕੈਂਟ ਦੇ ਕਾਰਜਕਾਰੀ ਵਾਈਸ ਚਾਂਸਲਰ ਜਾਰਜੀਨਾ ਰੈਂਡਸਲੇ ਡੀ ਮੋਰਾ ਨੇ ਵਿਦਿਆਰਥੀਆਂ ਨੂੰ ਭੇਜੇ ਸੰਦੇਸ਼ ਵਿੱਚ ਕਿਹਾ ਕਿ ਇਸ ਦੁਖਦਾਈ ਘਟਨਾ ਦੇ ਮੱਦੇਨਜ਼ਰ ਇਸ ਹਫ਼ਤੇ ਲਈ ਸਾਰੇ ਇਨ-ਪਰਸਨ ਇਮਤਿਹਾਨ ਰੱਦ ਕਰ ਦਿੱਤੇ ਗਏ ਹਨ, ਹਾਲਾਂਕਿ ਯੂਨੀਵਰਸਿਟੀ ਕੈਂਪਸ ਖੁੱਲ੍ਹਾ ਰਹੇਗਾ। ਉਨ੍ਹਾਂ ਕਿਹਾ ਕਿ ਅਜਿਹੀਆਂ ਘਟਨਾਵਾਂ ਲੋਕਾਂ ਨੂੰ ਮਾਨਸਿਕ ਤੌਰ 'ਤੇ ਪ੍ਰਭਾਵਿਤ ਕਰ ਸਕਦੀਆਂ ਹਨ ਅਤੇ ਇਸ ਲਈ ਯੂਨੀਵਰਸਿਟੀ ਵੱਲੋਂ ਵਿਦਿਆਰਥੀਆਂ ਲਈ ਕਾਊਂਸਲਿੰਗ ਅਤੇ ਹੋਰ ਸਹਾਇਤਾ ਉਪਲਬਧ ਕਰਵਾਈ ਜਾ ਰਹੀ ਹੈ।

ਸਿਹਤ ਅਧਿਕਾਰੀਆਂ ਅਨੁਸਾਰ ਇਹ ਮਾਮਲੇ ਸੰਭਵਤ: ਕੈਂਟਰਬਰੀ ਵਿੱਚ ਹੋਏ ਕਿਸੇ ਸਮਾਜਿਕ ਸਮਾਗਮ ਨਾਲ ਜੁੜੇ ਹੋ ਸਕਦੇ ਹਨ, ਜਿਸ ਵਿੱਚ ਕੁਝ ਬਿਮਾਰ ਹੋਏ ਲੋਕ ਸ਼ਾਮਲ ਹੋਏ ਸਨ। ਇਸ ਸਬੰਧ ਵਿੱਚ ਜਾਂਚ ਜਾਰੀ ਹੈ ਤਾਂ ਜੋ ਪਤਾ ਲੱਗ ਸਕੇ ਕਿ ਬਿਮਾਰੀ ਕਿਵੇਂ ਫੈਲੀ।

ਮੈਨਿੰਜਾਇਟਿਸ ਇੱਕ ਗੰਭੀਰ ਇੰਫੈਕਸ਼ਨ ਹੁੰਦੀ ਹੈ ਜੋ ਦਿਮਾਗ ਅਤੇ ਰੀੜ੍ਹ ਦੀ ਹੱਡੀ ਦੇ ਆਲੇ-ਦੁਆਲੇ ਮੌਜੂਦ ਸੁਰੱਖਿਆ ਪਰਤਾਂ ਨੂੰ ਪ੍ਰਭਾਵਿਤ ਕਰਦੀ ਹੈ। ਜੇ ਸਮੇਂ 'ਤੇ ਇਲਾਜ ਨਾ ਮਿਲੇ ਤਾਂ ਇਹ ਬਿਮਾਰੀ ਜਾਨ ਲਈ ਖ਼ਤਰਾ ਬਣ ਸਕਦੀ ਹੈ। ਡਾਕਟਰਾਂ ਮੁਤਾਬਕ ਇਸ ਦੇ ਮੁੱਖ ਲੱਛਣਾਂ ਵਿੱਚ ਤੇਜ਼ ਬੁਖਾਰ, ਸਿਰ ਦਰਦ, ਉਲਟੀਆਂ, ਗਰਦਨ ਦਾ ਕੱਸ ਜਾਣਾ, ਰੋਸ਼ਨੀ ਨਾਲ ਚਿੜਚਿੜਾਪਣ, ਤੇਜ਼ ਸਾਹ ਲੈਣਾ, ਸਰੀਰ 'ਤੇ ਦਾਨੇ ਜਾਂ ਧੱਬੇ ਅਤੇ ਬਹੁਤ ਜ਼ਿਆਦਾ ਨੀਂਦ ਆਉਣਾ ਸ਼ਾਮਲ ਹਨ।

ਸਿਹਤ ਵਿਭਾਗ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇ ਕਿਸੇ ਨੂੰ ਵੀ ਮੈਨਿੰਜਾਇਟਿਸ ਜਾਂ ਸੈਪਟੀਸੀਮੀਆ ਦੇ ਲੱਛਣ ਨਜ਼ਰ ਆਉਣ ਤਾਂ ਤੁਰੰਤ ਨੇੜਲੇ ਏ ਐਂਡ ਈ (A&E) ਵਿਭਾਗ ਵਿੱਚ ਜਾ ਕੇ ਜਾਂ ਐਮਰਜੈਂਸੀ ਨੰਬਰ 999 'ਤੇ ਸੰਪਰਕ ਕਰਕੇ ਡਾਕਟਰੀ ਸਹਾਇਤਾ ਲਈ ਜਾਵੇ।

## ਯੂਰਪ ਅਤੇ ਉੱਤਰੀ ਅਮਰੀਕਾ ਲਈ ਚਲਾਏਗੀ 36 ਵਾਧੂ ਉਡਾਣਾਂ

ਏਅਰ ਇੰਡੀਆ ਨੇ ਮੰਗਲਵਾਰ ਨੂੰ ਐਲਾਨ ਕੀਤਾ ਹੈ ਕਿ ਉਹ 19 ਮਾਰਚ ਤੋਂ 28 ਮਾਰਚ ਦਰਮਿਆਨ ਉੱਤਰੀ ਅਮਰੀਕਾ ਅਤੇ ਯੂਰਪ ਦੇ ਪੰਜ ਮੁੱਖ ਰੂਟਾਂ 'ਤੇ 36 ਵਾਧੂ ਉਡਾਣਾਂ ਚਲਾਏਗੀ। ਪੱਛਮੀ ਏਸ਼ੀਆ (ਮਿਡਲ ਈਸਟ) ਵਿੱਚ ਚੱਲ ਰਹੇ ਤਣਾਅ ਅਤੇ ਸੰਘਰਸ਼ ਕਾਰਨ ਅੰਤਰਰਾਸ਼ਟਰੀ ਯਾਤਰਾ ਦੀ ਵਧਦੀ ਮੰਗ ਨੂੰ ਦੇਖਦੇ ਹੋਏ ਇਹ ਕਦਮ ਚੁੱਕਿਆ ਗਿਆ ਹੈ। ਇਨ੍ਹਾਂ ਉਡਾਣਾਂ ਨਾਲ ਕੁੱਲ 10,012 ਸੀਟਾਂ ਦਾ ਵਾਧਾ ਹੋਵੇਗਾ, ਜਿਸ ਨਾਲ ਸੀਮਤ ਯਾਤਰਾ ਵਿਕਲਪਾਂ ਦੇ ਦੌਰ ਵਿੱਚ ਮੁਸਾਫਰਾਂ ਨੂੰ ਰਾਹਤ ਮਿਲੇਗੀ।

ਏਅਰ ਇੰਡੀਆ ਵੱਲੋਂ ਜਾਰੀ ਬਿਆਨ ਅਨੁਸਾਰ ਇਹ ਵਾਧੂ ਸੇਵਾਵਾਂ ਦਿੱਲੀ-ਲੰਡਨ (ਹੀਥਰੋ), ਮੁੰਬਈ-ਲੰਡਨ (ਹੀਥਰੋ), ਦਿੱਲੀ-ਫਰੈਂਕਫਰਟ, ਦਿੱਲੀ-ਜ਼ਿਊਰਿਖ ਅਤੇ ਦਿੱਲੀ-ਟੋਰਾਂਟੋ ਦੇ ਰੂਟਾਂ 'ਤੇ ਉਪਲਬਧ ਹੋਣਗੀਆਂ। ਇਸ ਤੋਂ ਪਹਿਲਾਂ ਵੀ ਏਅਰ ਇੰਡੀਆ ਨੇ 10 ਤੋਂ 18 ਮਾਰਚ ਦਰਮਿਆਨ ਨੌਂ ਰੂਟਾਂ 'ਤੇ 78 ਵਾਧੂ ਉਡਾਣਾਂ ਚਲਾਉਣ ਦਾ ਐਲਾਨ ਕੀਤਾ ਸੀ। ਇਸ ਦੇ ਨਾਲ ਹੀ, ਏਅਰ ਇੰਡੀਆ ਐਕਸਪ੍ਰੈਸ ਨੇ ਪੱਛਮੀ ਏਸ਼ੀਆ ਖੇਤਰ ਲਈ 48 ਹੋਰ ਉਡਾਣਾਂ ਦਾ ਸੰਚਾਲਨ ਵੀ ਜਾਰੀ ਰੱਖਿਆ ਹੈ।

## ਟਰੰਪ ਨੇ ਬ੍ਰਿਟੇਨ ਸਮੇਤ ਹੋਰ ਦੇਸ਼ਾਂ ਨੂੰ ਹੁਰਮੁਜ਼ ਜਲਡੰਡੀ ਵਿੱਚ ਜੰਗੀ ਜਹਾਜ਼ ਭੇਜਣ ਦੀ ਕੀਤੀ ਅਪੀਲ

**ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਬ੍ਰਿਟੇਨ ਅਤੇ ਹੋਰ ਦੇਸ਼ਾਂ ਨੂੰ ਅਪੀਲ ਕੀਤੀ ਹੈ ਕਿ ਉਹ ਮੱਧ-ਪੂਰਬ ਦੀ ਮਹੱਤਵਪੂਰਨ ਸਮੁੰਦਰੀ ਰਾਹਦਾਰੀ ਹੁਰਮੁਜ਼ ਜਲਡੰਡੀ ਦੀ ਸੁਰੱਖਿਆ ਲਈ ਆਪਣੇ ਜੰਗੀ ਜਹਾਜ਼ ਭੇਜਣ। ਇਹ ਜਲਡੰਡੀ ਦੁਨੀਆ ਦੇ ਸਭ ਤੋਂ ਵੱਡੇ ਤੇਲ ਸਪਲਾਈ ਰਸਤੇ ਵਿੱਚੋਂ ਇੱਕ ਮੰਨੀ ਜਾਂਦੀ ਹੈ, ਜਿੱਥੋਂ ਦੁਨੀਆ ਦੇ ਲਗਭਗ 20 ਫੀਸਦੀ ਤੇਲ ਦੀ ਆਵਾਜਾਈ ਹੁੰਦੀ ਹੈ।**

ਮੀਡੀਆ ਰਿਪੋਰਟਾਂ ਮੁਤਾਬਕ ਅਮਰੀਕਾ ਅਤੇ ਇਸਰਾਈਲ ਵੱਲੋਂ ਇਰਾਨ ਖ਼ਿਲਾਫ਼ ਸ਼ੁਰੂ ਕੀਤੇ ਗਏ ਸੈਨਿਕ ਕਾਰਵਾਈ ਤੋਂ ਬਾਅਦ ਹੁਰਮੁਜ਼ ਜਲਡੰਡੀ ਦੇ ਨੇੜੇ ਕਈ ਤੇਲ ਟੈਂਕਰਾਂ 'ਤੇ ਹਮਲੇ ਹੋਏ ਹਨ। ਜੰਗ ਸ਼ੁਰੂ ਹੋਣ ਤੋਂ ਬਾਅਦ ਹੁਣ ਤੱਕ ਇਸ ਖੇਤਰ ਵਿੱਚ ਘੱਟੋ-ਘੱਟ 16 ਜਹਾਜ਼ਾਂ 'ਤੇ ਹਮਲਿਆਂ ਦੀਆਂ ਰਿਪੋਰਟਾਂ ਮਿਲੀਆਂ ਹਨ, ਜਿਸ ਕਾਰਨ ਵਿਸ਼ਵ ਪੱਧਰ 'ਤੇ ਤੇਲ ਦੀਆਂ ਕੀਮਤਾਂ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ।

ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ 'ਟਰੂਥ ਸੋਸ਼ਲ' 'ਤੇ ਕਿਹਾ ਕਿ ਅਮਰੀਕਾ ਦੇ ਨਾਲ ਮਿਲ ਕੇ ਕਈ ਦੇਸ਼ ਜਲਡੰਡੀ ਦੀ ਸੁਰੱਖਿਆ ਲਈ ਜੰਗੀ ਜਹਾਜ਼ ਭੇਜਣਗੇ। ਉਨ੍ਹਾਂ ਨੇ ਉਮੀਦ ਜਤਾਈ ਕਿ ਚੀਨ, ਫਰਾਂਸ, ਜਪਾਨ, ਦੱਖਣੀ ਕੋਰੀਆ ਅਤੇ ਬ੍ਰਿਟੇਨ ਸਮੇਤ ਹੋਰ ਦੇਸ਼ ਵੀ ਇਸ ਮੁਹਿੰਮ ਵਿੱਚ ਹਿੱਸਾ ਲੈਣਗੇ, ਤਾਂ ਜੋ ਇਸ ਮਹੱਤਵਪੂਰਨ ਸਮੁੰਦਰੀ ਰਸਤੇ ਨੂੰ ਸੁਰੱਖਿਅਤ ਰੱਖਿਆ ਜਾ ਸਕੇ।

ਟਰੰਪ ਨੇ ਇਹ ਵੀ ਦਾਅਵਾ ਕੀਤਾ ਕਿ ਇਰਾਨ ਦੀ ਵੱਡੀ ਹੱਦ ਤੱਕ ਸੈਨਿਕ ਸਮਰੱਥਾ ਤਬਾਹ ਕੀਤੀ ਜਾ ਚੁੱਕੀ ਹੈ, ਪਰ ਫਿਰ ਵੀ ਇਰਾਨ ਵੱਲੋਂ ਡਰੋਨ ਹਮਲੇ, ਸਮੁੰਦਰੀ ਮਾਈਨ ਜਾਂ ਛੋਟੀ ਦੂਰੀ ਵਾਲੀਆਂ ਮਿਸਾਈਲਾਂ ਰਾਹੀਂ ਇਸ ਜਲਡੰਡੀ ਵਿੱਚ ਖ਼ਤਰਾ ਪੈਦਾ ਕੀਤਾ ਜਾ ਸਕਦਾਹੈ।

ਦੂਜੇ ਪਾਸੇ ਬ੍ਰਿਟੇਨ ਦੇ ਰੱਖਿਆ ਮੰਤਰਾਲੇ ਨੇ ਕਿਹਾ ਹੈ ਕਿ ਉਹ ਸਾਥੀ ਦੇਸ਼ਾਂ ਨਾਲ ਮਿਲ ਕੇ ਖੇਤਰ ਵਿੱਚ ਸਮੁੰਦਰੀ ਆਵਾਜਾਈ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਵੱਖ-ਵੱਖ ਵਿਕਲਪਾਂ 'ਤੇ ਵਿਚਾਰ ਕਰ ਰਹੇ ਹਨ।ਇਰਾਨ ਨੇ ਕਿਹਾ ਹੈ ਕਿ ਜਦ ਤੱਕ ਜੰਗ ਜਾਰੀ ਰਹੇਗੀ, ਉਹ ਹੁਰਮੁਜ਼ ਜਲਡੰਡੀ ਨੂੰ ਬੰਦ ਰੱਖਣ ਦੀ ਕੋਸ਼ਿਸ਼ ਕਰੇਗਾ। ਵਿਸ਼ਲੇਸ਼ਕਾਂ ਦੇ ਮੁਤਾਬਕ ਜੇ ਇਹ ਜਲਡੰਡੀ ਪੂਰੀ ਤਰ੍ਹਾਂ ਬੰਦ ਹੋ ਜਾਂਦੀ ਹੈ ਤਾਂ ਇਸ ਦਾ ਅਸਰ ਸਾਰੀ ਦੁਨੀਆ ਦੀ ਤੇਲ ਸਪਲਾਈ ਅਤੇ ਅਰਥਵਿਵਸਥਾ 'ਤੇ ਪੈ ਸਕਦਾ ਹੈ।


VACANCIES
JSR CONTRACTS LTD.

ਮਾਨਚੈਸਟਰ ਦੀਆਂ ਸਾਈਟਾਂ 'ਤੇ ਕਾਰਪੈਂਟਰ ਦਾ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ

Carpenters required at various sites in Manchester

**Job Descriptions:** In this role as an experienced Carpenter, a diverse set of responsibilities during the job, consist of 37.5 hours of dedicated work per week. You will be responsible for cutting, shaping, and assembling wooden elements for the construction of hoardings and other structures using saws, planes, chisels, and other power or hand tools to cut, shape, and drill according to specifications. Your main duties will include setting up shutters as required, ensuring levels are correctly set, and laying and fixing steel. You will assist with pouring and finishing concrete. You will also be responsible for stripping and cleaning shutters for reuse, as well as cutting and cleaning slabs, maintaining and repairing wood-work and fittings, aligning and fixing prepared wood pieces using screws, nails, glue, and dowels to form frames, and carrying out on-site soft strip demolition.

**Annual pay is - £ 30,960.**
**The required training will be provided.**

Person must have CSCS, Asbestos Awareness and Manual Handling
* Overseas candidates must do UK construction industry standard qualifications on arrival and before joining the job.

Contact Mr. Randhawa via email below:
Email: jsrcontractslimited@gmail.com

# ਦਿੱਲੀ ਦੇ ਉਪ ਰਾਜਪਾਲ ਤਰਨਜੀਤ ਸਿੰਘ ਸੰਧੂ ਨੇ ਸ਼ਹੀਦੀ ਅਸਥਾਨ ਟਾਹਲਾ ਸਾਹਿਬ ਵਿਖੇ ਨਤਮਸਤਕ ਹੋ ਕੇ ਕੀਤਾ ਸ਼ੁਕਰਾਨਾ

***ਦਸਤਾਰ ਦੀ ਸ਼ਾਨ ਵਧਾਉਣ ਲਈ ਅਣਥੱਕ ਸੇਵਾ ਕਰਾਂਗਾ ਤੇ ਗੁਰੂ ਦੀ ਮਿਹਰ ਨਾਲ ਹਰ ਚੁਣੌਤੀ ਸਰ ਕਰਾਂਗਾ: ਉਪ ਰਾਜਪਾਲ ਤਰਨਜੀਤ ਸਿੰਘ ਸੰਧੂ**

***ਟਾਹਲਾ ਸਾਹਿਬ ਵਿਖੇ ਬਾਬਾ ਦਰਸ਼ਨ ਸਿੰਘ ਟਾਹਲਾ ਸਾਹਿਬ ਵੱਲੋਂ ਤਰਨਜੀਤ ਸਿੰਘ ਸੰਧੂ ਦਾ ਸਨਮਾਨ**

*ਅੰਮ੍ਰਿਤਸਰ-: ਦਿੱਲੀ ਦੇ ਉਪ ਰਾਜਪਾਲ ਨਿਯੁਕਤ ਹੋਣ ਤੋਂ ਬਾਅਦ ਪਹਿਲੀ ਵਾਰ ਅੰਮ੍ਰਿਤਸਰ ਪਹੁੰਚੇ ਤਰਨਜੀਤ ਸਿੰਘ ਸੰਧੂ ਨੇ ਸ੍ਰੀ ਦਰਬਾਰ ਸਾਹਿਬ ਅਤੇ ਸ਼ਹੀਦੀ ਅਸਥਾਨ ਗੁਰਦੁਆਰਾ ਬਾਬਾ ਦੀਪ ਸਿੰਘ ਜੀ ਟਾਹਲਾ ਸਾਹਿਬ, ਚੱਬਾ ਵਿਖੇ ਮੱਥਾ ਟੇਕ ਕੇ ਗੁਰੂ ਦਾ ਸ਼ੁਕਰਾਨਾ ਅਦਾ ਕੀਤਾ, ਜਿੱਥੇ ਬਾਬਾ ਦਰਸ਼ਨ ਸਿੰਘ ਟਾਹਲਾ ਸਾਹਿਬ ਵੱਲੋਂ ਉਹਨਾਂ ਦਾ ਸਿਰੋਪਾਓ ਨਾਲ ਵਿਸ਼ੇਸ਼ ਸਨਮਾਨ ਕੀਤਾ ਗਿਆ।*



ਇਸ ਤੋਂ ਪਹਿਲਾਂ ਉਹਨਾਂ ਦੇ ਸ਼ੁਕਰਾਨੇ ਦੀ ਅਰਦਾਸ ਗਿਆਨੀ ਸੁਰਤਾ ਸਿੰਘ ਵੱਲੋਂ ਕੀਤੀ ਗਈ। ਉਪਰੰਤ ਉਹਨਾਂ ਗੁਰੂ ਕਾ ਲੰਗਰ ਛਕਿਆ। ਇਸ ਮੌਕੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਹਨਾਂ ਕਿਹਾ ਕਿ ਉਹਨਾਂ ਦੇ ਦਾਦਾ ਸਰਦਾਰ ਤੇਜਾ ਸਿੰਘ ਸਮੁੰਦਰੀ ਵੱਲੋਂ ਨਾ ਕੇਵਲ ਗੁਰਦੁਆਰਾ ਸੁਧਾਰ ਲਹਿਰ ਸਗੋਂ ਦੇਸ਼ ਦੀ ਅਜ਼ਾਦੀ ਦੇ ਸੰਘਰਸ਼ ਵਿਚ ਵੀ ਅਹਿਮ ਭੂਮਿਕਾ ਨਿਭਾਈ ਗਈ ਸੀ ਅਤੇ ਉਹਨਾਂ ਦੇ ਪਿਤਾ ਜੀ, ਉੱਘੇ ਸਿੱਖਿਆ ਸ਼ਾਸਤਰੀ ਸਰਦਾਰ ਬਿਸ਼ਨ ਸਿੰਘ ਸਮੁੰਦਰੀ ਨੂੰ ਵੀ ਗੁਰੂ ਘਰ ਤੋਂ ਹੀ ਮਾਣ-ਸਨਮਾਨ ਮਿਲਿਆ ਸੀ। ਤਰਨਜੀਤ ਸਿੰਘ ਸੰਧੂ ਨੇ ਕਿਹਾ ਕਿ ਉਹਨਾਂ ਦੇ ਰਸਤੇ ਵਿੱਚ ਭਾਵੇਂ ਅਨੇਕਾਂ ਚੁਣੌਤੀਆਂ ਹਨ, ਪਰ ਗੁਰੂ ਘਰ ਦੀ ਕਿਰਪਾ ਨਾਲ ਮਿਲੇ ਮਾਣ-ਸਨਮਾਨ ਨੂੰ ਨਿਮਰਤਾ ਨਾਲ ਸਵੀਕਾਰ ਕਰਦਿਆਂ ਹਰ ਚੁਣੌਤੀ ਨੂੰ ਸੇਵਾ ਅਤੇ ਇਮਾਨਦਾਰੀ ਨਾਲ ਸਰ ਕਰਨ ਦੀ ਕੋਸ਼ਿਸ਼ ਕਰਾਂਗਾ।

ਉਨ੍ਹਾਂ ਅੱਗੇ ਕਿਹਾ, "ਮੇਰੇ ਸਿਰ 'ਤੇ ਦਸਤਾਰ ਸਿਰਫ਼ ਮੇਰੀ ਪਹਿਚਾਣ ਨਹੀਂ, ਸਿੱਖ ਕੌਮ ਦੀ ਸ਼ਾਨ ਹੈ। ਇਸ ਦੀ ਇੱਜ਼ਤ, ਸ਼ਾਨ ਤੇ ਮਾਣ ਨੂੰ ਹੋਰ ਉੱਚਾ ਕਰਨ ਲਈ ਮੈਂ ਹਮੇਸ਼ਾ ਅਣਥੱਕ ਕੋਸ਼ਿਸ਼ ਕਰਦਾ ਰਹਾਂਗਾ।" ਇਸ ਮੌਕੇ ਪੰਜਾਬ ਭਾਜਪਾ ਦੇ ਸੈਕਟਰੀ ਸੂਰਜ ਭਾਰਦਵਾਜ, ਪਰਮਜੀਤ ਸਿੰਘ ਪੰਮੀ, ਪੰਜਾਬ ਭਾਜਪਾ ਦੇ ਬੁਲਾਰੇ ਪ੍ਰੋ. ਸਰਚਾਂਦ ਸਿੰਘ ਖਿਆਲਾ, ਸਾਬਕਾ ਵਿਧਾਇਕ ਹਰਜਿੰਦਰ ਸਿੰਘ ਠੇਕੇਦਾਰ, ਸਾਬਕਾ ਚੇਅਰਮੈਨ ਗੁਰਪ੍ਰਤਾਪ ਸਿੰਘ ਟਿੱਕਾ, ਸਾਬਕਾ ਸੀਨੀਅਰ ਡਿਪਟੀ ਮੇਅਰ ਅਜੈਵੀਰਪਾਲ ਸਿੰਘ ਰੰਧਾਵਾ, ਗੁਰਕੀਰਤ ਸਿੰਘ, ਮਨਿੰਦਰਜੀਤ ਸਿੰਘ ਠੇਕੇਦਾਰ, ਸੁਖਵਿੰਦਰ ਸਿੰਘ ਤੇੜਾ, ਕਸ਼ਮੀਰ ਸਿੰਘ ਪ੍ਰਧਾਨ, ਮੈਨੇਜਰ ਰਣਦੀਪ ਸਿੰਘ, ਬਲਜੀਤ ਸਿੰਘ ਬਿੱਲਾ, ਦਿਲਬਾਗ ਸਿੰਘ ਸਾਈ, ਗੁਰਸੇਵਕ ਸਿੰਘ ਟਾਹਲਾ ਸਾਹਿਬ, ਗੁਰਸਾਹਬ ਸਿੰਘ ਟਾਹਲਾ ਸਾਹਿਬ, ਪਲਵਿੰਦਰ ਸਿੰਘ ਭੋਲਾ ਸੰਧੂ, ਬਲਜੀਤ ਸਿੰਘ ਰਾਜੂ, ਜਸਵਿੰਦਰ ਸਿੰਘ ਅਤੇ ਗੁਰਮੀਤ ਸਿੰਘ ਸੁਲਤਾਨਵਿੰਡ ਵੀ ਮੌਜੂਦ ਸਨ।

## ਤਲਬੀਰ ਗਿੱਲ ਦੇ ਹੱਕ ਚ ਮਜੀਠਾ ਹਲਕੇ ਦੇ ਯੂ. ਕੇ. ਵੱਸਦੇ ਪਰਿਵਾਰਾਂ ਦੀ ਵੱਡੀ ਇਕੱਤਰਤਾ 20 ਨੂੰ


ਤਲਬੀਰ ਸਿੰਘ ਗਿੱਲ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਵਿਧਾਨ ਸਭਾ ਹਲਕਾ ਮਜੀਠਾ ਨਾਲ ਸੰਬੰਧਿਤ ਇੰਗਲੈਂਡ ਅਤੇ ਸਕਾਟਲੈਂਡ ਵਿੱਚ ਵਸਦੇ ਮਜੀਠਾ ਹਲਕੇ ਦੇ ਪਰਿਵਾਰਾਂ, ਵਿਦਿਆਰਥੀਆਂ ਅਤੇ ਸਮਾਜਿਕ ਸ਼ਖ਼ਸੀਅਤਾਂ ਦੀ ਇੱਕ ਵੱਡੀ ਇਕੱਤਰਤਾ 20 ਮਾਰਚ ਦਿਨ ਸ਼ੁੱਕਰਵਾਰ ਨੂੰ ਕਰਵਾਈ ਜਾ ਰਹੀ ਹੈ। ਇਸ ਇਕੱਤਰਤਾ ਵਿੱਚ ਵੱਡੀ ਗਿਣਤੀ ਵਿੱਚ ਮਜੀਠਾ ਹਲਕੇ ਨਾਲ ਸਬੰਧਿਤ ਪਰਵਾਸੀ ਪੰਜਾਬੀਆਂ ਦੇ ਸ਼ਾਮਲ ਹੋਣ ਦੀ ਸੰਭਾਵਨਾ ਹੈ।

ਇਸ ਮੌਕੇ 'ਤੇ ਆਮ ਆਦਮੀ ਪਾਰਟੀ ਦੇ ਹਲਕਾ ਮਜੀਠਾ ਦੇ ਇੰਚਾਰਜ ਸ ਤਲਵੀਰ ਸਿੰਘ ਗਿੱਲ ਦੇ ਹੱਕ ਵਿੱਚ ਸਮਰਥਨ ਪ੍ਰਗਟ ਕੀਤਾ ਜਾਵੇਗਾ। ਇਹ ਇਕੱਤਰਤਾ ਲੈਸਟਰ ਵਿਖੇ ਹੋਵੇਗੀ!! ਪ੍ਰਾਪਤ ਜਾਣਕਾਰੀ ਅਨੁਸਾਰ ਇਸ ਪ੍ਰੋਗਰਾਮ ਦੌਰਾਨ ਸ ਤਲਵੀਰ ਸਿੰਘ ਗਿੱਲ ਔਨਲਾਈਨ ਇੰਗਲੈਂਡ ਅਤੇ ਸਕਾਟਲੈਂਡ ਵਿੱਚ ਵਸਦੇ ਮਜੀਠਾ ਹਲਕੇ ਦੇ ਲੋਕਾਂ ਨੂੰ ਸੰਬੋਧਨ ਕਰਨਗੇ।ਉਹ ਮੌਜੂਦਾ ਰਾਜਨੀਤਿਕ ਹਾਲਾਤਾਂ, ਹਲਕੇ ਦੇ ਵਿਕਾਸ ਅਤੇ ਲੋਕਾਂ ਨਾਲ ਜੁੜੇ ਮੁੱਦਿਆਂ ਬਾਰੇ ਆਪਣੇ ਵਿਚਾਰ ਸਾਂਝੇ ਕਰਨਗੇ।

ਆਯੋਜਕਾਂ ਅਨੁਸਾਰ ਇਸ ਇਕੱਤਰਤਾ ਦਾ ਮੁੱਖ ਮਕਸਦ ਵਿਦੇਸ਼ ਵਿੱਚ ਵੱਸਦੇ ਮਜੀਠਾ ਹਲਕੇ ਦੇ ਲੋਕਾਂ ਨੂੰ ਇੱਕ ਮੰਚ 'ਤੇ ਇਕੱਠਾ ਕਰਨਾ ਅਤੇ ਹਲਕੇ ਨਾਲ ਜੁੜੇ ਵੱਖ-ਵੱਖ ਮਸਲਿਆਂ 'ਤੇ ਵਿਚਾਰ-ਵਟਾਂਦਰਾ ਕਰਨਾ ਹੈ। ਉਨ੍ਹਾਂ ਦੱਸਿਆ ਕਿ ਇਸ ਸਮਾਗਮ ਦੌਰਾਨ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਮਾਮਲਿਆਂ 'ਤੇ ਵੀ ਖੁੱਲ੍ਹ ਕੇ ਚਰਚਾ ਕੀਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਇੰਗਲੈਂਡ ਅਤੇ ਸਕਾਟਲੈਂਡ ਵਿੱਚ ਵੱਸਦਾ ਮਜੀਠਾ ਹਲਕੇ ਦਾ ਭਾਈਚਾਰਾ ਆਪਣੇ ਮੂਲ ਇਲਾਕੇ ਨਾਲ ਗਹਿਰਾ ਨਾਤਾ ਰੱਖਦਾ ਹੈ ਅਤੇ ਹਮੇਸ਼ਾਂ ਆਪਣੇ ਹਲਕੇ ਦੀ ਤਰੱਕੀ, ਲੋਕਾਂ ਦੀ ਭਲਾਈ ਅਤੇ ਖੇਤਰ ਦੇ ਵਿਕਾਸ ਲਈ ਸਰਗਰਮ ਭੂਮਿਕਾ ਨਿਭਾਉਂਦਾ ਆ ਰਿਹਾ ਹੈ। ਇਸ ਇਕੱਤਰਤਾ ਰਾਹੀਂ ਪਰਵਾਸੀਆਂ ਨੂੰ ਇੱਕ ਮੰਚ 'ਤੇ ਇਕੱਠਾ ਕਰਕੇ ਭਵਿੱਖ ਵਿੱਚ ਆਪਸੀ ਸਾਂਝ ਅਤੇ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਆਯੋਜਕਾਂ ਨੇ ਮਜੀਠਾ ਹਲਕੇ ਨਾਲ ਸਬੰਧਿਤ ਇੰਗਲੈਂਡ ਅਤੇ ਸਕਾਟਲੈਂਡ ਵਿੱਚ ਵੱਸਦੇ ਸਾਰੇ ਪਰਿਵਾਰਾਂ, ਵਿਦਿਆਰਥੀਆਂ ਅਤੇ ਭਾਈਚਾਰੇ ਦੇ ਮੈਂਬਰਾਂ ਨੂੰ ਇਸ ਇਕੱਤਰਤਾ ਵਿੱਚ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ ਹੈ ਤਾਂ ਜੋ ਹਲਕੇ ਦੇ ਭਵਿੱਖ ਅਤੇ ਲੋਕ-ਭਲਾਈ ਨਾਲ ਜੁੜੇ ਮੁੱਦਿਆਂ 'ਤੇ ਇਕੱਠੇ ਹੋ ਕੇ ਵਿਚਾਰ ਸਾਂਝੇ ਕੀਤੇ ਜਾ ਸਕਣ।

## ਮਮੂਲੀ ਝਗੜੇ ਮਗਰੋਂ ਪੰਜਾਬੀ ਨੌਜਵਾਨ ਦਾ ਕਤਲ ਮ੍ਰਿਤਕ ਮੱਧ ਪ੍ਰਦੇਸ਼ ਦੇ ਉਜੈਨ ਸ਼ਹਿਰ ਨਾਲ ਸੀ ਸੰਬੰਧਿਤ



ਵੈਨਕੂਵਰ- (ਮਲਕੀਤ ਸਿੰਘ )-ਕਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਸੈਂਟ ਜੋਨ ਇਲਾਕੇ ਵਿੱਚ ਮਮੂਲੀ ਤਕਰਾਰਬਾਜ਼ੀ ਦੌਰਾਨ ਕੁਝ ਅਣਪਛਾਤੀ ਵਿਅਕਤੀਆਂ ਵੱਲੋਂ ਇੱਕ ਪੰਜਾਬੀ ਨੌਜਵਾਨ ਦਾ ਕਤਲ ਕੀਤੇ ਜਾਣ ਦੀ ਸੂਚਨਾ ਹੈ -ਪ੍ਰਾਪਤ ਵੇਰਵਿਆਂ ਅਨੁਸਾਰ ਮੱਧ ਪ੍ਰਦੇਸ਼ ਦੇ ਉਜੈਨ ਸ਼ਾਇਰ ਨਾਲ ਸਬੰਧਿਤ ਗੁਰਪ੍ਰੀਤ ਸਿੰਘ ਨਾਂ ਦਾ ਇੱਕ ਨੌਜਵਾਨ ਉਚੇਰੀ ਪੜ੍ਹਾਈ ਦੇ ਨਾਲ ਨਾਲ ਆਪਣੇ ਸੁਨਹਿਰੀ ਭਵਿੱਖ ਦੇ ਸੁਪਨਿਆਂ ਦੀ ਸਕਾਰਤਾ ਲਈ ਤਕਰੀਬਨ ਡੇਢ ਸਾਲ ਪਹਿਲਾਂ ਹੀ ਭਾਰਤ ਤੋਂ ਕਨੇਡਾ ਪੁੱਜਾ ਸੀ ਅਤੇ ਨੌਰਦਰਨ ਲਾਈਟਸ ਕਾਲਜ ਵਿੱਚ ਬਿਜ਼ਨਸ ਮੈਨੇਜਮੈਂਟ ਦੇ ਪੋਸਟ-ਡਿਗਰੀ ਡਿਪਲੋਮਾ ਪ੍ਰੋਗਰਾਮ ਦੀ ਪੜ੍ਹਾਈ ਕਰ ਰਿਹਾ ਸੀ। ਪੁਲਿਸ ਵੱਲੋਂ ਕਤਲ ਦੀ ਜ਼ਿੰਮੇਵਾਰ ਦੋਸ਼ੀਆਂ ਦੀ ਭਾਲ ਕੀਤੀ ਜਾ ਰਹੀ ਹੈ


ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ


ਕਿੰਗਜ਼ਵੇਅ ਬੈਂਕਿਊਟਿੰਗ ਸੂਈਟ

ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ

ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।
ਸਾਡੀ ਵਧੀਆ ਅਤੇ ਸ਼ਾਨਦਾਰ ਸਰਿਵਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ !


ਸਵ: ਸ੍ਰ. ਉਮਰਾਓ ਅਟਵਾਲ

ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ

KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com

# ਕੋਵੈਂਟਰੀ ਦੇ ਪਾਰਕ 'ਚ ਕੂੜੇ ਦੇ ਡੱਬੇ 'ਚੋਂ ਵਿਅਕਤੀ ਦੀ ਲਾਸ਼ ਮਿਲੀ, ਤਿੰਨ ਗ੍ਰਿਫ਼ਤਾਰ

***ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਇੰਗਲੈਂਡ ਦੇ ਸ਼ਹਿਰ ਕੋਵੈਂਟਰੀ ਵਿੱਚ ਇਕ ਪਾਰਕ ਵਿਚੋਂ ਕੂੜੇ ਦੇ ਡੱਬੇ (ਵੀਲੀ ਬਿਨ) ਵਿੱਚੋਂ ਇੱਕ ਵਿਅਕਤੀ ਦੀ ਲਾਸ਼ ਮਿਲਣ ਤੋਂ ਬਾਅਦ ਪੁਲਿਸ ਨੇ ਤਿੰਨ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਵੈਸਟ ਮਿਡਲੈਂਡਜ਼ ਪੁਲਿਸ ਮੁਤਾ-ਬਕ ਇੱਕ ਪੁਰਸ਼ ਅਤੇ ਇੱਕ ਔਰਤ ਜੋ ਦੋਵੇਂ ਚਾਲੀ ਸਾਲ ਦੇ ਕਰੀਬ ਹਨ ਅਤੇ ਇੱਕ ਨੌਜਵਾਨ ਜੋ ਵੀਹਾਂ ਸਾਲਾਂ ਵਿੱਚ ਹੈ, ਨੂੰ ਕਤਲ ਦੇ ਸ਼ੱਕ ਅਤੇ ਅਪਰਾਧੀ ਦੀ ਮਦਦ ਕਰਨ ਦੇ ਦੋਸ਼ਾਂ ਹੇਠ ਹਿਰਾਸਤ ਵਿੱਚ ਲਿਆ ਗਿਆ ਹੈ।***

ਪੁਲਿਸ ਅਨੁਸਾਰ ਇਹ ਤਿੰਨੇ ਸ਼ੱਕੀ ਵਿਅਕਤੀ ਬਲੈਕਪੂਲ ਤੋਂ ਗ੍ਰਿਫ਼ਤਾਰ ਕੀਤੇ ਗਏ ਹਨ ਅਤੇ ਉਨ੍ਹਾਂ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ। ਪੁਲਿਸ ਨੇ ਦੱਸਿਆ ਕਿ ਮ੍ਰਿਤਕ ਵਿਅਕਤੀ ਦੀ ਪਛਾਣ ਕਰਨ ਅਤੇ ਮੌਤ ਦੇ ਅਸਲ ਕਾਰਨਾਂ ਦਾ ਪਤਾ ਲਗਾਉਣ ਲਈ ਜਾਂਚ ਜਾਰੀ ਹੈ।ਜਾਣਕਾਰੀ ਅਨੁਸਾਰ ਸ਼ੁੱਕਰਵਾਰ ਸ਼ਾਮ ਕਰੀਬ 5 ਵਜੇ ਇੱਕ ਆਮ ਨਾਗਰਿਕ ਵੱਲੋਂ ਪੁਲਿਸ ਨੂੰ ਕੋਵੈਂਟਰੀ ਦੇ ਡਾਈਮਲਰ ਰੋਡ ਨੇੜੇ ਸਥਿਤ ਕੈਸ਼ ਪਾਰਕ ਤੋਂ ਸੂਚਨਾ ਦਿੱਤੀ ਗਈ ਸੀ।




ਪੁਲਿਸ ਜਦੋਂ ਮੌਕੇ 'ਤੇ ਪਹੁੰਚੀ ਤਾਂ ਉਨ੍ਹਾਂ ਨੂੰ ਇੱਕ ਕੂੜੇ ਦੇ ਡੱਬੇ ਵਿੱਚੋਂ ਇਕ ਵਿਅਕਤੀ ਦੀ ਲਾਸ਼ ਮਿਲੀ। ਪੁਲਿਸ ਦਾ ਅੰਦਾਜ਼ਾ ਹੈ ਕਿ ਮ੍ਰਿਤਕ ਦੀ ਉਮਰ ਲਗਭਗ 40 ਤੋਂ 50 ਸਾਲ ਦੇ ਦਰਮਿਆਨ ਹੋ ਸਕਦੀ ਹੈ।ਪੁਲਿਸ ਨੂੰ ਸ਼ੱਕ ਹੈ ਕਿ ਇਸ ਵਿਅਕਤੀ ਨੂੰ ਪਹਿਲਾਂ ਕਿਸੇ ਵਾਹਨ ਨਾਲ ਟੱਕਰ ਮਾਰੀ ਗਈ ਅਤੇ ਬਾਅਦ ਵਿੱਚ ਉਸ ਦੀ ਲਾਸ਼ ਨੂੰ ਪਾਰਕ ਵਿੱਚ ਲਿਆ ਕੇ ਕੂੜੇ ਦੇ ਡੱਬੇ ਵਿੱਚ ਸੁੱਟਿਆ ਗਿਆ। ਮ੍ਰਿਤਕ ਦੀ ਪਛਾਣ ਲਈ ਪੁਲਿਸ ਨੇ ਉਸ ਦੇ ਸਰੀਰ 'ਤੇ ਬਣੇ ਵਿਸ਼ੇਸ਼ ਟੈਟੂਆਂ ਬਾਰੇ ਵੀ ਜਾਣਕਾਰੀ ਜਾਰੀ ਕੀਤੀ ਹੈ। ਇਨ੍ਹਾਂ ਵਿੱਚ ਪਿੱਠ 'ਤੇ ਸੱਪ ਨਾਲ ਲਪੇਟੇ ਹੋਏ ਸਲੀਬ ਦਾ ਨਿਸ਼ਾਨ ਅਤੇ "ਲਿਟਲ ਸਟਾਰਡਸਟ" ਲਿਖਿਆ ਟੈਟੂ ਸ਼ਾਮਲ ਹੈ। ਇਸ ਤੋਂ ਇਲਾਵਾ ਉਸ ਦੀ ਸੱਜੀ ਬਾਂਹ 'ਤੇ "ਨੈਨ" ਸ਼ਬਦ ਦੇ ਨਾਲ ਇੱਕ ਕਲੋਵਰ ਅਤੇ ਆਇਰਿਸ਼ ਝੰਡੇ ਦੇ ਰੰਗਾਂ ਵਾਲਾ ਟੈਟੂ ਵੀ ਬਣਿਆ ਹੋਇਆ ਸੀ।

ਡਿਟੈਕਟਿਵ ਚੀਫ ਇੰਸਪੈਕਟਰ ਫਿਲ ਪੂਲ ਨੇ ਦੱਸਿਆ ਕਿ ਪੁਲਿਸ ਨੂੰ ਹੁਣ ਤੱਕ ਲੋਕਾਂ ਵੱਲੋਂ ਮਿਲੀ ਜਾਣਕਾਰੀ ਲਈ ਧੰਨਵਾਦ ਹੈ ਅਤੇ ਜਾਂਚ ਅਜੇ ਵੀ ਜਾਰੀ ਹੈ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇਕਰ ਕਿਸੇ ਨੇ ਹਾਲ ਹੀ ਵਿੱਚ ਕਿਸੇ ਵਾਹਨ ਨੂੰ ਅਚਾਨਕ ਨੁਕਸਾਨ ਹੋਇਆ ਦੇਖਿਆ ਹੋਵੇ ਜਾਂ ਇਸ ਘਟਨਾ ਬਾਰੇ ਕੋਈ ਵੀ ਜਾਣਕਾਰੀ ਹੋਵੇ ਤਾਂ ਉਹ ਪੁਲਿਸ ਨਾਲ ਸੰਪਰਕ ਕਰਨ।

ਇਲਾਕੇ ਦੇ ਰਹਿਣ ਵਾਲੇ ਅਜ਼ਹਰ ਅਲੀ ਨੇ ਕਿਹਾ ਕਿ ਘਟਨਾ ਤੋਂ ਬਾਅਦ ਪਾਰਕ ਅਤੇ ਆਸਪਾਸ ਦੇ ਇਲਾਕੇ ਵਿੱਚ ਪੁਲਿਸ ਦੀ ਭਾਰੀ ਮੌਜੂਦਗੀ ਦੇਖੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੀ ਘਟਨਾ ਨਾਲ ਸਥਾਨਕ ਭਾਈਚਾਰੇ ਵਿੱਚ ਚਿੰਤਾ ਦਾ ਮਾਹੌਲ ਬਣ ਗਿਆ ਹੈ।ਪੁਲਿਸ ਵੱਲੋਂ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ ਅਤੇ ਪਾਰਕ ਦੇ ਇਲਾਕੇ ਵਿੱਚ ਅਜੇ ਵੀ ਪੁਲਿਸ ਦੀ ਤਾਇਨਾਤੀ ਜਾਰੀ ਹੈ।

# ਬੋਸਟਨ 'ਚ 11 ਭਾਰਤੀ ਨਾਗਰਿਕਾਂ 'ਤੇ ਵੀਜ਼ਾ ਧੋਖਾਧੜੀ ਦਾ ਮਾਮਲਾ ਦਰਜ


ਬੋਸਟਨ- ਅਮਰੀਕਾ ਦੇ ਮੈਸੇਚਿਉਸੇਟਸ ਦੇ ਬੋਸਟਨ ਵਿਚ ਇੱਕ ਵੱਡੇ ਵੀਜ਼ਾ ਧੋਖਾਧੜੀ ਦੇ ਮਾਮਲੇ ਦਾ ਪਰਦਾਫਾਸ਼ ਹੋਇਆ ਹੈ। ਅਮਰੀਕੀ ਅਧਿਕਾਰੀਆਂ ਨੇ 11 ਭਾਰਤੀ ਨਾਗਰਿਕਾਂ ਤੇ ਜਾਅਲੀ ਡਕੈਤੀਆਂ ਕਰਨ ਅਤੇ ਇਮੀਗ੍ਰੇਸ਼ਨ ਲਾਭ ਪ੍ਰਾਪਤ ਕਰਨ ਦੀ ਸਾਜ਼ਿਸ਼ ਰਚਣ ਦਾ ਦੋਸ਼ ਲਗਾਇਆ ਹੈ।

ਅਮਰੀਕੀ ਅਟਾਰਨੀ ਦਫ਼ਤਰ, ਮੈਸੇਚਿਉਸੇਟਸ ਦੇ ਅਨੁਸਾਰ, ਮੁਲਜ਼ਮਾਂ ਨੇ ਕਥਿਤ ਤੌਰ ਤੇ ਸਟੇਜਡ ਡਕੈਤੀਆਂ, ਯਾਨੀ ਕਿ ਪਹਿਲਾਂ ਤੋਂ ਯੋਜਨਾਬੱਧ ਨਕਲੀ ਹਥਿਆਰਬੰਦ ਡਕੈਤੀਆਂ ਨੂੰ ਅੰਜਾਮ ਦਿੱਤਾ। ਇਨ੍ਹਾਂ ਘਟਨਾਵਾਂ ਦਾ ਉਦੇਸ਼ ਇਹ ਦਿਖਾਉਣਾ ਸੀ ਕਿ ਸਟੋਰ ਦੇ ਕਰਮਚਾਰੀ ਹਿੰਸਕ ਅਪਰਾਧ ਦੇ ਸ਼ਿਕਾਰ ਸਨ, ਤਾਂ ਜੋ ਉਹ ਯੂ ਵੀਜ਼ਾ ਲਈ ਅਰਜ਼ੀ ਦੇ ਸਕਣ।

ਇਸਤਗਾਸਾ ਪੱਖ ਦੇ ਅਨੁਸਾਰ, ਮਾਮਲੇ ਦੇ ਦੋਸ਼ੀ ਜਿਤੇਂਦਰਕੁਮਾਰ ਪਟੇਲ (39), ਮਹੇਸ਼ਕੁਮਾਰ ਪਟੇਲ (36), ਸੰਜੇਕੁਮਾਰ ਪਟੇਲ (45), ਦੀਪਿਕਾਬੇਨ ਪਟੇਲ (40), ਰਮੇਸ਼ਭਾਈ ਪਟੇਲ (52), ਅਮਿਤਾਬੇਨ ਪਟੇਲ (43), ਰੌਣਕਕੁਮਾਰ ਪਟੇਲ (28), ਸੰਗੀਤਾਬੇਨ ਪਟੇਲ (36), ਮਿੰਕੇਸ਼ ਪਟੇਲ (42), ਸੋਨਲ ਪਟੇਲ (42) ਅਤੇ ਮਿਤੁਲ ਪਟੇਲ (40) ਫ਼ਲਸਤੁੱਤੇ ਵੀਜ਼ਾ ਧੋਖਾਧੜੀ ਦੀ ਸਾਜ਼ਿਸ਼ ਰਚਣ ਦਾ ਦੋਸ਼ ਲਗਾਇਆ ਗਿਆ ਹੈ।ਬਹੁਤ ਸਾਰੇ ਬਚਾਓ ਪੱਖ ਮੈਸੇਚਿਉਸੇਟਸ, ਓਹਾਇਓ, ਮਿਸੂਰੀ ਅਤੇ ਕੈਂਟਕੀ ਵਿਚ ਰਹਿੰਦੇ ਸਨ। ਕੁਝ ਨੂੰ ਮੈਸੇਚਿਉਸੇਟਸ ਵਿਚ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਬੋਸਟਨ ਦੀ ਸੰਘੀ ਅਦਾਲਤ ਵਿਚ ਪੇਸ਼ ਹੋਣ ਤੋਂ ਬਾਅਦ ਰਿਹਾਅ ਕਰ ਦਿੱਤਾ ਗਿਆ ਸੀ, ਜਦੋਂ ਕਿ ਹੋਰ ਮੁਲਜ਼ਮਾਂ ਨੂੰ ਵੱਖ-ਵੱਖ ਰਾਜਾਂ ਵਿਚ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਉਨ੍ਹਾਂ ਨੂੰ ਬਾਅਦ ਵਿਚ ਬੋਸਟਨ ਅਦਾਲਤ ਵਿਚ ਪੇਸ਼ ਹੋਣਾ ਪਵੇਗਾ।ਜਾਂਚ ਦਸਤਾਵੇਜ਼ਾਂ ਅਨੁਸਾਰ, ਮਾਰਚ 2023 ਤੋਂ, ਇਸ ਗਿਰੋਹ ਨੇ ਮੈਸੇਚਿਉਸੇਟਸ ਵਿਚ ਘੱਟੋ-ਘੱਟ 6 ਸੁਵਿਧਾ ਸਟੋਰਾਂ, ਸ਼ਰਾਬ ਦੀਆਂ ਦੁਕਾਨਾਂ ਅਤੇ ਫਾਸਟ-ਫੂਡ ਰੈਸਟੋਰੈਂਟਾਂ ਵਿਚ ਨਕਲੀ ਹਥਿਆਰਬੰਦ ਡਕੈਤੀਆਂ ਕੀਤੀਆਂ। ਇਸ ਯੋਜਨਾ ਵਿਚ ਇੱਕ ਆਦਮੀ ਨਕਲੀ ਬੰਦੂਕ ਲੈ ਕੇ ਇੱਕ ਦੁਕਾਨ ਵਿਚ ਦਾਖਲ ਹੋਇਆ, ਕੈਸ਼ ਰਜਿਸਟਰ ਤੋਂ ਪੈਸੇ ਲਏ ਅਤੇ ਭੱਜ ਗਿਆ। ਇਹ ਸਾਰੀ ਘਟਨਾ ਦੁਕਾਨ ਦੇ ਸੀ.ਸੀ.ਟੀ.ਵੀ. ਵਿਚ ਰਿਕਾਰਡ ਹੋ ਗਈ।

# ਲੰਡਨ 'ਚ ਭਾਰਤੀ ਰੈਸਟੋਰੈਂਟ ਦਾ ਮਾਲਕ ਗ੍ਰਿਫ਼ਤਾਰ, ਹਲਾਲ ਮੀਟ ਨਾ ਵੇਚਣ ਦੇ ਲਗਾਏ ਸੀ ਪੋਸਟਰ

ਬ੍ਰਿਟੇਨ ਤੋਂ ਮਾਮਲਾ ਸਾਹਮਣੇ ਆਇਆ ਹੈ ਜਿਥੋਂ ਦੀ ਇਕ ਵੀਡੀਓ ਸੋਸ਼ਲ ਮੀਡੀਆ ਤੇ ਕਾਫੀ ਵਾਇਰਲ ਹੋ ਰਹੀ ਹੈ। ਲੰਡਨ ਚ ਭਾਰਤੀ ਰੈਸਟੋਰੈਂਟ ਦਾ ਮਾਲਕ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਉਸ ਵੱਲੋਂ ਹਲਾਲ ਮੀਟ ਨਾ ਵੇਚਣ ਨੂੰ ਲੈ ਕੇ ਇਹ ਹੰਗਾਮਾ ਹੋਇਆ ਹੈ। ਰੈਸਟੋਰੈਂਟ




ਮਾਲਕ ਨੇ ਆਪਣੇ ਰੈਸਟੋਰੈਂਟ ਦੇ ਬਾਹਰ ਪੋਸਟਰ ਲਗਾਏ ਸਨ ਜਿਸ ਨੂੰ ਲੈ ਕੇ ਕੁਝ ਲੋਕ ਵੱਲੋਂ ਪ੍ਰਦਰਸ਼ਨ ਕੀਤਾ ਗਿਆ। ਦੱਸ ਦੇਈਏ ਕਿ ਲੰਡਨ ਵਿਚ ਸਿੱਖ ਵਿਅਕਤੀ ਵੱਲੋਂ ਹਲਾਲ ਮੀਟ ਨਾ ਵੇਚਣ ਜਾਣ ਲਈ ਕਿਹਾ ਗਿਆ ਸੀ ਜਿਸ ਨੂੰ ਲੈ ਕੇ ਕੁਝ ਪਾਕਿਸਤਾਨੀ ਵਿਅਕਤੀਆਂ ਵੱਲੋਂ ਹੰਗਾਮਾ ਕੀਤਾ ਗਿਆ। ਦੂਜੇ ਪਾਸੇ ਵਿਅਕਤੀਆਂ ਰੈਸਟੋਰੈਂਟ ਮਾਲਕ ਨੂੰ ਧਮਕੀਆਂ ਵੀ ਦਿੱਤੀਆਂ ਗਈਆਂ ਜਿਸ ਮਗਰੋਂ ਉਸ ਨੇ ਰੈਸਟੋਰੈਂਟ ਬੰਦ ਕਰਨ ਦਾ ਵੀ ਫੈਸਲਾ ਲਿਆ ਸੀ।ਹਰਮਨ ਸਿੰਘ ਕਪੂਰ ਨਾਂ ਦਾ ਸਿੱਖ ਵਿਅਕਤੀ ਜਿਸ ਦਾ ਇਹ ਰੈਸਟੋਰੈਂਟ ਹੈ, ਉਸ ਵੱਲੋਂ ਕਿਹਾ ਗਿਆ ਕਿ ਮੈਂ ਸਿਰਫ ਆਪਣੇ ਪਰਿਵਾਰ ਦੀ ਰੱਖਿਆ ਕੀਤੀ ਸੀ ਫਿਰ ਵੀ ਮੈਨੂੰ ਗ੍ਰਿਫਤਾਰ ਕੀਤਾ। ਉਸ ਨੇ ਇਲਜ਼ਾਮ ਲਗਾਏ ਗਏ ਕਿ ਮੇਰੀ ਸੁਰੱਖਿਆ ਨੂੰ ਪੁਖਤਾ ਕਰਨ ਦੀ ਬਜਾਏ ਮੇਰੇ ਧਰਮ ਨੂੰ ਨਿਸ਼ਾਨਾ ਬਣਾਇਆ ਗਿਆ ਤੇ ਸਿੱਖ ਹੋਣ ਕਰਕੇ ਮੈਨੂੰ ਟਾਰਗੈਟ ਕੀਤਾ ਗਿਆ ਤੇ ਮੇਰੀ ਗ੍ਰਿਫਤਾਰੀ ਹੋਈ।

# ਅਮਰੀਕਾ-ਯੂਕੇ ਛੱਡ ਕੇ ਸਪੇਨ, ਜਰਮਨੀ ਤੇ ਯੂਏਈ ਬਣੇ ਭਾਰਤੀ ਵਿਦਿਆਰਥੀਆਂ ਦੀ ਪਸੰਦ

**ਚੰਡੀਗੜ੍ਹ : ਭਾਰਤੀ ਵਿਦਿਆਰਥੀਆਂ ਦੇ ਵਿਦੇਸ਼ ਜਾਣ ਬਾਰੇ ਇਕ ਰਿਪੋਰਟ ਵਿਚ ਕੁਝ ਹੈਰਾਨੀਜਨਕ ਤੱਥ ਸਾਹਮਣੇ ਆਏ ਹਨ। ਭਾਰਤੀ ਵਿਦਿਆਰਥੀ ਹੁਣ ਅਮਰੀਕਾ, ਯੂਕੇ ਜਾਂ ਆਸਟਰੇਲੀਆ ਵਰਗੇ ਅੰਗਰੇਜ਼ੀ ਬੋਲਣ ਵਾਲੇ ਦੇਸ਼ਾਂ ਵਿਚ ਪੜ੍ਹਾਈ ਕਰਨ ਨੂੰ ਘੱਟ ਤਰਜੀਹ ਦੇ ਰਹੇ ਹਨ। ਇਸ ਦੀ ਬਜਾਏ ਉਹ ਸਪੇਨ ਅਤੇ ਜਰਮਨੀ ਵਰਗੇ ਯੂਰਪੀਅਨ ਦੇਸ਼ਾਂ ਅਤੇ ਸਿੰਗਾਪੁਰ, ਸੰਯੁਕਤ ਅਰਬ ਅਮੀਰਾਤ (ਯੂਏਈ) ਅਤੇ ਦਖਣੀ ਕੋਰੀਆ ਵਰਗੇ ਏਸ਼ਿਆਈ ਦੇਸ਼ਾਂ ਨੂੰ ਵੱਧ ਤੋਂ ਵੱਧ ਤਰਜੀਹ ਦੇ ਰਹੇ ਹਨ।ਮਾਹਰਾਂ ਨੇ ਇਸ ਚੋਣ ਪਿਛੇ ਕਾਰਨ ਵੀ ਦੱਸੇ ਹਨ। ਐਨਬੀਐਫਸੀ ਆਕਸੀਲੋ ਫਿਨਸਰਵ ਦੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਭਾਰਤੀ ਵਿਦਿਆਰਥੀ ਸਿੱਖਿਆ ਦੀ ਕਿਫ਼ਾਇਤੀ ਅਤੇ ਸ਼ਾਨਦਾਰ ਗੁਣਵੱਤਾ ਕਾਰਨ ਜਰਮਨੀ ਅਤੇ ਸਪੇਨ ਵਰਗੇ ਦੇਸ਼ਾਂ ਦੀ ਚੋਣ ਕਰ ਰਹੇ ਹਨ। ਇਸ ਦਾ ਮਤਲਬ ਇਹ ਨਹੀਂ ਹੈ ਕਿ ਭਾਰਤੀਆਂ ਨੇ ਅਮਰੀਕਾ, ਕੈਨੇਡਾ, ਯੂਕੇ ਅਤੇ ਆਸਟਰੇਲੀਆ ਦੀ ਯਾਤਰਾ ਪੂਰੀ ਤਰ੍ਹਾਂ ਬੰਦ ਕਰ ਦਿਤੀ ਹੈ।ਅਜੇ ਵੀ ਅਜਿਹੇ ਵਿਦਿਆਰਥੀ ਹਨ ਜੋ ਵਿਗਿਆਨ, ਤਕਨਾਲੋਜੀ, ਇੰਜਨੀਅਰਿੰਗ ਅਤੇ ਗਣਿਤ ਵਿਚ ਪੜ੍ਹਾਈ ਕਰਨ ਲਈ ਅਮਰੀਕਾ ਜਾ ਰਹੇ ਹਨ। ਹਾਲਾਂਕਿ, ਵਿਦਿਆਰਥੀ ਅਪਣੇ ਦ੍ਰਿਸ਼ਟੀਕੋਣਾਂ ਦਾ ਵਿਸਥਾਰ ਵੀ ਕਰ ਰਹੇ ਹਨ ਅਤੇ ਨਵੇਂ ਦੇਸ਼ਾਂ ਦਾ ਦੌਰਾ ਵੀ ਕਰ ਰਹੇ ਹਨ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਯੂਰਪੀਅਨ ਅਤੇ ਏਸ਼ਿਆਈ ਦੇਸ਼ਾਂ ਵਿਚ ਪੜ੍ਹਾਈ ਕਰਨ ਦੇ ਮੁੱਖ ਕਾਰਨ ਕਿਫ਼ਾਇਤੀ ਸਿੱਖਿਆ, ਚੋਟੀ ਦੀਆਂ ਯੂਨੀਵਰਸਿਟੀਆਂ ਦੀ ਮੌਜੂਦਗੀ, ਵੀਜ਼ਾ ਲੋੜਾਂ, ਇੰਟਰਨਸ਼ਿਪ, ਰੁਜ਼ਗਾਰ ਦੇ ਮੌਕੇ ਅਤੇ ਵਿਦਿਆਰਥੀ ਸੁਰੱਖਿਆ ਹਨ।ਆਕਸੀਲੋ ਫਿਨਸਰਵ ਦੀ ਸ਼ਵੇਤਾ ਗੁਰੂ ਦਾ ਕਹਿਣਾ ਹੈ, ਅੱਜ ਦੇ ਭਾਰਤੀ ਵਿਦਿਆਰਥੀ ਵਿਦੇਸ਼ੀ ਉਚ ਸਿੱਖਿਆ ਪ੍ਰਤੀ ਅਪਣੇ ਦ੍ਰਿਸ਼ਟੀਕੋਣ ਵਿਚ ਵਧੇਰੇ ਵਿਹਾਰਕ ਹਨ ਅਤੇ ਨਿਵੇਸ਼ ਤੇ ਵਾਪਸੀ ਦੀ ਭਾਲ ਕਰ ਰਹੇ ਹਨ। ਉਨ੍ਹਾਂ ਕਿਹਾ, ਸਪੇਨ, ਜਰਮਨੀ ਅਤੇ ਨਿਊਜ਼ੀਲੈਂਡ ਵਰਗੇ ਦੇਸ਼ਾਂ ਲਈ ਮੰਗ ਵਧੀ ਹੈ ਕਿਉਂਕਿ ਉਹ ਉਚ-ਗੁਣਵੱਤਾ ਵਾਲੀ ਸਿੱਖਿਆ, ਕਿਫ਼ਾਇਤੀ ਸਿੱਖਿਆ, ਸਪੱਸ਼ਟ ਵੀਜ਼ਾ ਪ੍ਰਕਿਰਿਆ, ਅਤੇ ਸ਼ਾਨਦਾਰ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਦੇ ਹਨ, ਖਾਸ ਕਰਕੇ ਵਿਗਿਆਨ, ਤਕਨਾਲੋਜੀ, ਇੰਜਨੀਅਰਿੰਗ ਅਤੇ ਗਣਿਤ ਵਿਚ ਕੋਰਸ ਕਰਨ ਵਾਲਿਆਂ ਲਈ।ਰਿਪੋਰਟ ਵਿਚ ਕਿਹਾ ਗਿਆ ਹੈ ਕਿ ਯੂਰਪੀਅਨ ਅਤੇ ਏਸ਼ਿਆਈ ਦੇਸ਼ਾਂ ਵਿਚ ਇਕ ਪੂਰੇ ਕੋਰਸ ਦੀ ਕੀਮਤ 18 ਤੋਂ 40 ਲੱਖ ਹੈ। ਇਸ ਦੇ ਮੁਕਾਬਲੇ ਬਰਤਾਨੀਆ ਵਰਗੇ ਦੇਸ਼ਾਂ ਵਿਚ ਪੜ੍ਹਾਈ ਕਰਨ ਤੇ 60 ਤੋਂ 90 ਲੱਖ ਰੁਪਏ ਖ਼ਰਚ ਆਉਂਦੇ ਹਨ। ਜਰਮਨੀ ਅਤੇ ਸਪੇਨ ਵਰਗੇ ਦੇਸ਼ਾਂ ਵਿਚ ਵਿਦਿਆਰਥੀ 6 ਤੋਂ 9 ਮਹੀਨਿਆਂ ਅੰਦਰ ਨੌਕਰੀਆਂ ਲੱਭ ਲੈਂਦੇ ਹਨ, ਜਦੋਂ ਕਿ ਅਮਰੀਕਾ ਅਤੇ ਯੂਕੇ ਵਿਚ ਇਹੀ ਸਮਾਂ ਸੀਮਾ 9 ਤੋਂ 15 ਮਹੀਨਿਆਂ ਦੀ ਹੈ। ਇਸੇ ਤਰ੍ਹਾਂ ਯੂਰਪ ਅਤੇ ਏਸ਼ੀਆ ਵਿਚ ਤਨਖ਼ਾਹ 25 ਤੋਂ 45 ਲੱਖ ਰੁਪਏ ਤੱਕ ਹੁੰਦੀ ਹੈ, ਜਦੋਂ ਕਿ ਅਮਰੀਕਾ ਵਰਗੇ ਦੇਸ਼ਾਂ ਵਿਚ ਇਹ 45 ਤੋਂ 75 ਲੱਖ ਰੁਪਏ ਹੈ।**

# ਕੀ ਬੱਚਿਆਂ ਲਈ ਸੋਸ਼ਲ ਮੀਡੀਆ ਬੈਨ ਹੋਣਾ ਚਾਹੀਦਾ ਹੈ ?

**ਨਿਊਜ਼ ਵਿਸ਼ਲੇਸ਼ਣ** ✪ ਪੰਜਾਬ ਸਮੇਤ ਕਈ ਰਾਜਾਂ ਵਿੱਚ ਪਾਬੰਦੀ 'ਤੇ ਚਰਚਾ ✪ ਮਾਪਿਆਂ ਦੀ ਭੂਮਿਕਾ: 'ਸਿਰਫ਼ ਬੈਨ ਨਹੀਂ, ਨਿਗਰਾਨੀ ਹੈ ਜ਼ਰੂਰੀ' ✪ ਸੋਸ਼ਲ ਮੀਡੀਆ ਦੀ ਲਤ: ਸਰਕਾਰਾਂ ਸਖ਼ਤ, ਮਾਹਿਰਾਂ ਦੀ ਵੱਖਰੀ ਰਾਏ



ਭਾਰਤ ਵਿੱਚ ਬੱਚਿਆਂ ਦੇ ਮੋਬਾਈਲ ਅਤੇ ਸੋਸ਼ਲ ਮੀਡੀਆ ਦੀ ਵਰਤੋਂ ਨੂੰ ਲੈ ਕੇ ਇੱਕ ਵੱਡੀ ਬਹਿਸ ਛਿੜ ਗਈ ਹੈ। ਪੰਜਾਬ, ਕਰਨਾਟਕ, ਆਂਧਰਾ ਪ੍ਰਦੇਸ਼ ਅਤੇ ਗੋਆ ਵਰਗੇ ਰਾਜ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਸੋਸ਼ਲ ਮੀਡੀਆ 'ਤੇ ਪਾਬੰਦੀ ਲਗਾਉਣ ਵਾਲੇ ਕਾਨੂੰਨਾਂ 'ਤੇ ਵਿਚਾਰ ਕਰ ਰਹੇ ਹਨ। ਜਿੱਥੇ ਸਰਕਾਰਾਂ ਬੱਚਿਆਂ ਦੀ ਸਿੱਖਣ ਦੀ ਸਮਰੱਥਾ ਅਤੇ ਮਾਨਸਿਕ ਸਿਹਤ ਨੂੰ ਲੈ ਕੇ ਚਿੰਤਤ ਹਨ, ਉੱਥੇ ਹੀ ਮਾਹਿਰਾਂ ਦਾ ਮੰਨਣਾ ਹੈ ਕਿ ਸਿਰਫ਼ ਬੈਨ ਲਗਾਉਣਾ ਹੱਲ ਨਹੀਂ ਹੈ। ਕਰਨਾਟਕ ਦੇ ਮੁੱਖ ਮੰਤਰੀ ਸਿਧਾਰਮਈਆ ਅਨੁਸਾਰ, ਡਿਜੀਟਲ ਉਪਕਰਨਾਂ ਦੀ ਜ਼ਿਆਦਾ ਵਰਤੋਂ ਬੱਚਿਆਂ ਦੀ ਸਿੱਖਣ ਦੀ ਸ਼ਕਤੀ ਨੂੰ ਪ੍ਰਭਾਵਿਤ ਕਰ ਰਹੀ ਹੈ। ਆਸਟ੍ਰੇਲੀਆ ਅਤੇ ਸਪੇਨ ਵਰਗੇ ਦੇਸ਼ ਪਹਿਲਾਂ ਹੀ ਅਜਿਹੇ ਸਖ਼ਤ ਕਾਨੂੰਨ ਲਾਗੂ ਕਰ ਚੁੱਕੇ ਹਨ।

ਪੰਜਾਬ ਸਰਕਾਰ ਬੱਚਿਆਂ ਵਿੱਚ ਵਧਦੀ ਮੋਬਾਈਲ ਅਤੇ ਸੋਸ਼ਲ ਮੀਡੀਆ ਦੀ ਲਤ ਨੂੰ ਲੈ ਕੇ ਕਾਫੀ ਚਿੰਤਤ ਹੈ। ਹਾਲ ਹੀ ਵਿੱਚ (ਮਾਰਚ 2026) ਪੰਜਾਬ ਵਿਧਾਨ ਸਭਾ ਵਿੱਚ ਇਸ ਮੁੱਦੇ 'ਤੇ ਅਹਿਮ ਚਰਚਾ ਹੋਈ ਸੀ। ਪੰਜਾਬ ਦੇ ਸੂਚਨਾ ਤਕਨਾਲੋਜੀ ਮੰਤਰੀ ਅਮਨ ਅਰੋੜਾ ਨੇ ਵਿਧਾਨ ਸਭਾ ਵਿੱਚ ਦੱਸਿਆ ਕਿ ਪੰਜਾਬ ਸਰਕਾਰ ਕੇਂਦਰ ਨੂੰ ਸੋਸ਼ਲ ਮੀਡੀਆ ਦੀ ਵਰਤੋਂ ਲਈ ਉਮਰ ਦੇ ਹਿਸਾਬ ਨਾਲ ਨਿਯਮ ਬਣਾਉਣ ਦੀ ਅਪੀਲ ਕਰੇਗੀ। ਉਨ੍ਹਾਂ ਦਾ ਮੰਨਣਾ ਹੈ ਕਿ ਸਿਰਫ਼ ਪੂਰਨ ਪਾਬੰਦੀ ਲਗਾਉਣ ਦੀ ਬਜਾਏ ਇਹ ਤੈਅ ਹੋਣਾ ਚਾਹੀਦਾ ਹੈ ਕਿ 8-12 ਸਾਲ ਅਤੇ 13-16 ਸਾਲ ਦੇ ਬੱਚਿਆਂ ਲਈ ਕਿਹੜਾ ਕੰਟੈਂਟ ਸਹੀ ਹੈ।

ਪੰਜਾਬ ਸਰਕਾਰ ਇੱਕ ਵਿਆਪਕ ਰਣਨੀਤੀ 'ਤੇ ਕੰਮ ਕਰ ਰਹੀ ਹੈ ਜਿਸ ਵਿੱਚ ਸਰਕਾਰ ਸਕੂਲਾਂ ਅਤੇ ਮਾਪਿਆਂ ਨੂੰ ਨਾਲ ਜੋੜ ਕੇ ਬੱਚਿਆਂ ਨੂੰ ਸਕ੍ਰੀਨ ਤੋਂ ਦੂਰ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਬੱਚਿਆਂ ਦਾ ਧਿਆਨ ਮੋਬਾਈਲ ਤੋਂ ਹਟਾਉਣ ਲਈ ਮੈਦਾਨੀ ਖੇਡਾਂ ਅਤੇ ਬਾਹਰੀ ਗਤੀਵਿਧੀਆਂ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ।

### ਪੰਜਾਬ ਪੁਲਿਸ ਦੀ 'ਸਾਈਬਰ ਜਾਗੋ' ਮੁਹਿੰਮ

ਪੰਜਾਬ ਪੁਲਿਸ ਦੇ ਸਾਈਬਰ ਕਰਾਈਮ ਡਿਵੀਜ਼ਨ ਨੇ 'ਸਾਈਬਰ ਜਾਗੋ' ਨਾਮ ਦਾ ਇੱਕ ਵੱਡਾ ਪ੍ਰੋਗਰਾਮ ਸ਼ੁਰੂ ਕੀਤਾ ਹੈ। ਇਸ ਤਹਿਤ ਸਰਕਾਰੀ ਸਕੂਲਾਂ ਦੇ ਹਜ਼ਾਰਾਂ ਅਧਿਆਪਕਾਂ ਨੂੰ 'ਡਿਜੀਟਲ ਮੈਂਟਰ' ਵਜੋਂ ਸਿਖਲਾਈ ਦਿੱਤੀ ਜਾ ਰਹੀ ਹੈ। ਬੱਚਿਆਂ ਨੂੰ ਸਾਈਬਰ ਹਾਈਜੀਨ, ਸੋਸ਼ਲ ਮੀਡੀਆ ਦੇ ਖ਼ਤਰਿਆਂ ਅਤੇ ਆਨਲਾਈਨ ਧੋਖਾਧੜੀ ਦੀ ਪਛਾਣ ਕਰਨ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ।

### ਪੰਜਾਬ ਸਰਕਾਰ ਵਲੋਂ ਅਸ਼ਲੀਲ ਕੰਟੈਂਟ 'ਤੇ ਸਖ਼ਤੀ

ਪੰਜਾਬ ਰਾਜ ਬਾਲ ਅਧਿਕਾਰ ਕਮਿਸ਼ਨ ਨੇ ਸਾਈਬਰ ਕਰਾਈਮ ਸੈੱਲ ਨੂੰ ਸੋਸ਼ਲ ਮੀਡੀਆ 'ਤੇ ਅਸ਼ਲੀਲ ਜਾਂ ਇਤਰਾਜ਼ਯੋਗ ਕੰਟੈਂਟ ਪਾਉਣ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਹਨ, ਤਾਂ ਜੋ ਬੱਚਿਆਂ ਨੂੰ ਅਜਿਹੇ ਪ੍ਰਭਾਵਾਂ ਤੋਂ ਬਚਾਇਆ ਜਾ ਸਕੇ।

### ਮਾਹਿਰਾਂ ਦੀ ਕੀ ਰਾਇ ਹੈ ?

ਪੇਰੈਂਟਿੰਗ ਮਾਹਿਰ ਡਾ. ਨੇਹਾ ਬੰਸਲ ਅਨੁਸਾਰ 16 ਸਾਲ ਤੱਕ ਬੱਚਿਆਂ ਦਾ 'ਪ੍ਰੀਫ੍ਰੰਟਲ ਕੋਰਟੈਕਸ' (ਫੈਸਲੇ ਲੈਣ ਵਾਲਾ ਹਿੱਸਾ) ਪੂਰੀ ਤਰ੍ਹਾਂ ਵਿਕਸਿਤ ਨਹੀਂ ਹੁੰਦਾ, ਜਿਸ ਕਾਰਨ ਉਹ ਸੋਸ਼ਲ ਮੀਡੀਆ ਦੇ ਦਬਾਅ ਅਤੇ ਟ੍ਰੋਲਿੰਗ ਨੂੰ ਨਹੀਂ ਸੰਭਾਲ ਸਕਦੇ। ਡਿਜੀਟਲ ਉਪਕਰਨਾਂ ਦੀ ਜ਼ਿਆਦਾ ਵਰਤੋਂ ਨਾਲ ਬੱਚਿਆਂ ਵਿੱਚ ਮੋਟਾਪਾ (80% ਤੱਕ ਵਾਧਾ), ਨੀਂਦ ਦੀ ਕਮੀ ਅਤੇ ਚਿੜਚਿੜਾਪਨ ਵਧ ਰਿਹਾ ਹੈ।

ਸਾਈਬਰ ਸੁਰੱਖਿਆ ਮਾਹਿਰ ਅਮਿਤ ਦੂਬੇ ਅਤੇ ਕੰਟੈਂਟ ਕ੍ਰਿਏਟਰ ਅਰਪਿਤਾ ਮੁਖਰਜੀ ਨੇ ਕੁਝ ਅਹਿਮ ਨੁਕਤੇ ਚੁੱਕੇ ਹਨ ਕਿ ਬੱਚੇ ਪਾਬੰਦੀ ਦੇ ਬਾਵਜੂਦ ਵੀਪੀਐਨ ਜਾਂ ਡਾਰਕ ਨੈੱਟ ਰਾਹੀਂ ਸੋਸ਼ਲ ਮੀਡੀਆ ਤੱਕ ਪਹੁੰਚ ਸਕਦੇ ਹਨ। ਜੇਕਰ ਸੋਸ਼ਲ ਮੀਡੀਆ ਬੈਨ ਹੁੰਦਾ ਹੈ, ਤਾਂ ਇਸ਼ਤਿਹਾਰ ਗੇਮਿੰਗ ਪਲੇਟਫਾਰਮਾਂ 'ਤੇ ਸ਼ਿਫਟ ਹੋ ਜਾਣਗੇ, ਜਿੱਥੇ ਨਿਗਰਾਨੀ ਹੋਰ ਵੀ ਮੁਸ਼ਕਲ ਹੈ। ਰਤੀ ਫਾਊਂਡੇਸ਼ਨ ਦੇ ਸਿਧਾਰਥ ਪਿੱਲਈ ਅਨੁਸਾਰ, 62% ਬੱਚੇ ਆਪਣੇ ਮਾਪਿਆਂ ਦੇ ਫ਼ੋਨ ਵਰਤਦੇ ਹਨ, ਜਿਸ ਕਾਰਨ 'ਫੇਸ ਰਿਕੋਗਨੀਸ਼ਨ' ਵਰਗੀ ਤਕਨੀਕ ਫੇਲ੍ਹ ਹੋ ਸਕਦੀ ਹੈ।

ਮਾਹਿਰਾਂ ਦਾ ਕਹਿਣਾ ਹੈ ਕਿ ਸਰਕਾਰ ਨੂੰ ਸਿਰਫ਼ ਪਾਬੰਦੀ ਲਗਾਉਣ ਦੀ ਬਜਾਏ ਟੈਕਨਾਲੋਜੀ ਕੰਪਨੀਆਂ ਦੀ ਜਵਾਬਦੇਹੀ ਤੈਅ ਕਰਨੀ ਚਾਹੀਦੀ ਹੈ ਅਤੇ ਮਾਪਿਆਂ ਨੂੰ ਬੱਚਿਆਂ ਲਈ 'ਡਿਜੀਟਲ ਅਨੁਸ਼ਾਸਨ' ਸਿਖਾਉਣ ਦੀ ਲੋੜ ਹੈ।

## ਬੱਚਿਆਂ ਲਈ ਸੁਰੱਖਿਅਤ ਇੰਟਰਨੈੱਟ ਵਰਤੋਂ ਦੇ ਟਿਪਸ

**ਸਕ੍ਰੀਨ ਟਾਈਮ ਨਿਸ਼ਚਿਤ ਕਰੋ:** ਬੱਚਿਆਂ ਲਈ ਮੋਬਾਈਲ ਜਾਂ ਲੈਪਟਾਪ ਵਰਤਣ ਦਾ ਇੱਕ ਖਾਸ ਸਮਾਂ ਤੈਅ ਕਰੋ। ਕੋਸ਼ਿਸ਼ ਕਰੋ ਕਿ ਖਾਣਾ ਖਾਂਦੇ ਸਮੇਂ ਜਾਂ ਸੌਣ ਤੋਂ ਇੱਕ ਘੰਟਾ ਪਹਿਲਾਂ ਬੱਚੇ ਮੋਬਾਈਲ ਦੀ ਵਰਤੋਂ ਨਾ ਕਰਨ।

**ਪੇਰੈਂਟਲ ਕੰਟਰੋਲ ਦੀ ਵਰਤੋਂ:** ਗੂਗਲ (Google Family Link) ਅਤੇ ਯੂਟਿਊਬ (YouTube Kids) ਵਰਗੇ ਪਲੇਟਫਾਰਮਾਂ 'ਤੇ ਪੇਰੈਂਟਲ ਕੰਟਰੋਲ ਸੈਟਿੰਗਾਂ ਨੂੰ ਐਕਟੀਵੇਟ ਕਰੋ। ਇਸ ਨਾਲ ਤੁਸੀਂ ਇਹ ਦੇਖ ਸਕਦੇ ਹੋ ਕਿ ਬੱਚਾ ਕੀ ਦੇਖ ਰਿਹਾ ਹੈ ਅਤੇ ਗਲਤ ਕੰਟੈਂਟ ਨੂੰ ਬਲੌਕ ਕਰ ਸਕਦੇ ਹੋ।

**ਨਿੱਜੀ ਜਾਣਕਾਰੀ ਸਾਂਝੀ ਨਾ ਕਰਨਾ:** ਬੱਚਿਆਂ ਨੂੰ ਸਮਝਾਓ ਕਿ ਇੰਟਰਨੈੱਟ 'ਤੇ ਕਿਸੇ ਅਣਜਾਣ ਵਿਅਕਤੀ ਨਾਲ ਆਪਣਾ ਨਾਮ, ਸਕੂਲ ਦਾ ਪਤਾ, ਫ਼ੋਨ ਨੰਬਰ ਜਾਂ ਫੋਟੋਆਂ ਸਾਂਝੀਆਂ ਨਹੀਂ ਕਰਨੀਆਂ ਚਾਹੀਦੀਆਂ।


**ਖੁੱਲ੍ਹ ਕੇ ਗੱਲਬਾਤ ਕਰੋ:** ਬੱਚਿਆਂ ਨਾਲ ਦੋਸਤਾਨਾ ਮਾਹੌਲ ਬਣਾਓ ਤਾਂ ਜੋ ਜੇਕਰ ਕੋਈ ਉਨ੍ਹਾਂ ਨੂੰ ਆਨਲਾਈਨ ਤੰਗ ਕਰੇ ਜਾਂ ਕੋਈ ਅਜੀਬ ਚੀਜ਼ ਦਿਖਾਈ ਦੇਵੇ, ਤਾਂ ਉਹ ਬਿਨਾਂ ਡਰੇ ਤੁਹਾਨੂੰ ਦੱਸ ਸਕਣ।

**ਪਾਸਵਰਡ ਦੀ ਸੁਰੱਖਿਆ:** ਬੱਚਿਆਂ ਨੂੰ ਸਿਖਾਓ ਕਿ ਆਪਣੇ ਗੇਮਿੰਗ ਜਾਂ ਸੋਸ਼ਲ ਮੀਡੀਆ ਅਕਾਊਂਟ ਦੇ ਪਾਸਵਰਡ ਕਿਸੇ ਵੀ ਦੋਸਤ ਨਾਲ ਸਾਂਝੇ ਨਾ ਕਰਨ।

**ਸਾਂਝੇ ਹਿੱਸੇ ਵਿੱਚ ਡਿਵਾਈਸ ਦੀ ਵਰਤੋਂ:** ਬੱਚਿਆਂ ਨੂੰ ਇਕੱਲੇ ਕਮਰੇ ਵਿੱਚ ਮੋਬਾਈਲ ਦੇਣ ਦੀ ਬਜਾਏ, ਘਰ ਦੇ ਸਾਂਝੇ ਹਿੱਸੇ (ਜਿਵੇਂ ਲਿਵਿੰਗ ਰੂਮ) ਵਿੱਚ ਬੈਠ ਕੇ ਇੰਟਰਨੈੱਟ ਵਰਤਣ ਲਈ ਕਹੋ। ਇਸ ਨਾਲ ਨਿਗਰਾਨੀ ਰੱਖਣੀ ਸੌਖੀ ਹੁੰਦੀ ਹੈ।

**ਸਾਈਬਰ ਬੁਲਿੰਗ ਬਾਰੇ ਜਾਗਰੂਕਤਾ:** ਬੱਚਿਆਂ ਨੂੰ ਦੱਸੋ ਕਿ ਜੇਕਰ ਕੋਈ ਆਨਲਾਈਨ ਉਨ੍ਹਾਂ ਦਾ ਮਜ਼ਾਕ ਉਡਾਉਂਦਾ ਹੈ ਜਾਂ ਗਲਤ ਸ਼ਬਦਾਵਲੀ ਵਰਤਦਾ ਹੈ, ਤਾਂ ਉਸ ਨੂੰ ਤੁਰੰਤ ਬਲੌਕ ਕਰ ਦੇਣਾ ਚਾਹੀਦਾ ਹੈ ਅਤੇ ਮਾਪਿਆਂ ਨੂੰ ਸੂਚਿਤ ਕਰਨਾ ਚਾਹੀਦਾ ਹੈ। ਬੱਚੇ ਉਹ ਨਹੀਂ ਕਰਦੇ ਜੋ ਤੁਸੀਂ ਕਹਿੰਦੇ ਹੋ, ਉਹ ਉਹ ਕਰਦੇ ਹਨ ਜੋ ਤੁਸੀਂ ਕਰਦੇ ਹੋ। ਇਸ ਲਈ, ਬੱਚਿਆਂ ਸਾਹਮਣੇ ਖੁਦ ਵੀ ਮੋਬਾਈਲ ਦੀ ਘੱਟ ਵਰਤੋਂ ਕਰੋ।

## ਜੰਮੂ-ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਫਾਰੂਕ ਅਬਦੁੱਲਾ 'ਤੇ ਜਾਨਲੇਵਾ ਹਮਲਾ; ਵਾਲ-ਵਾਲ ਬਚੇ



ਜੰਮੂ-ਜੰਮੂ-ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਅਤੇ ਨੈਸ਼ਨਲ ਕਾਨਫਰੰਸ ਦੇ ਸੀਨੀਅਰ ਆਗੂ ਫਾਰੂਕ ਅਬਦੁੱਲਾ 'ਤੇ ਰਾਤ ਦੌਰਾਨ ਇੱਕ ਵਿਆਹ ਸਮਾਗਮ ਦੌਰਾਨ ਹਮਲਾ ਹੋਣ ਦੀ ਸੂਚਨਾ ਮਿਲੀ ਹੈ। ਅਧਿਕਾਰੀਆਂ ਅਨੁਸਾਰ ਇਸ ਹਮਲੇ ਵਿੱਚ ਫਾਰੂਕ ਅਬਦੁੱਲਾ ਵਾਲ-ਵਾਲ ਬਚ ਗਏ ਹਨ। ਘਟਨਾ ਉਸ ਸਮੇਂ ਵਾਪਰੀ ਜਦੋਂ ਫਾਰੂਕ ਅਬਦੁੱਲਾ ਇੱਕ ਨਿੱਜੀ ਵਿਆਹ ਸਮਾਗਮ ਵਿੱਚ ਸ਼ਾਮਲ ਹੋਣ ਗਏ ਹੋਏ ਸਨ। ਉਨ੍ਹਾਂ ਦੇ ਨਾਲ ਜੰਮੂ-ਕਸ਼ਮੀਰ ਦੇ ਉਪ ਮੁੱਖ ਮੰਤਰੀ ਸੁਰਿੰਦਰ ਚੌਧਰੀ ਵੀ ਮੌਜੂਦ ਸਨ। ਸਮਾਗਮ ਦੌਰਾਨ ਇੱਕ ਹਮਲਾਵਰ ਨੇ ਉਨ੍ਹਾਂ ਨੂੰ ਨਿਸ਼ਾਨਾ ਬਣਾ ਕੇ ਗੋਲੀ ਚਲਾਈ, ਪਰ ਖੁਸ਼ਕਿਸਮਤੀ ਨਾਲ ਕੋਈ ਜਾਨੀ ਨੁਕਸਾਨ ਨਹੀਂ ਹੋਇਆ।

ਮੌਕੇ 'ਤੇ ਮੌਜੂਦ ਸੁਰੱਖਿਆ ਕਰਮੀਆਂ ਅਤੇ ਪੁਲੀਸ ਨੇ ਮੁਸਤੈਦੀ ਦਿਖਾਉਂਦੇ ਹੋਏ ਹਮਲਾਵਰ ਕਮਲ ਸਿੰਘ ਜਮਵਾਲ ਨੂੰ ਤੁਰੰਤ ਕਾਬੂ ਕਰ ਲਿਆ। ਮੁੱਢਲੀ ਜਾਂਚ ਵਿੱਚ ਪਾਇਆ ਗਿਆ ਕਿ ਹਮਲਾਵਰ ਘਟਨਾ ਵੇਲੇ ਨਸ਼ੇ ਦੀ ਹਾਲਤ ਵਿੱਚ ਸੀ। ਹਾਈ-ਪ੍ਰੋਫਾਈਲ ਆਗੂਆਂ ਦੀ ਮੌਜੂਦਗੀ ਵਾਲੇ ਸਮਾਗਮ ਵਿੱਚ ਅਜਿਹੀ ਘਟਨਾ ਵਾਪਰਨ ਨਾਲ ਸੁਰੱਖਿਆ ਪ੍ਰਬੰਧਾਂ 'ਤੇ ਸਵਾਲ ਖੜ੍ਹੇ ਹੋ ਗਏ ਹਨ। ਪੁਲੀਸ ਹੁਣ ਇਸ ਗੱਲ ਦੀ ਡੂੰਘਾਈ ਨਾਲ ਜਾਂਚ ਕਰ ਰਹੀ ਹੈ ਕਿ ਹਮਲਾਵਰ ਹਥਿਆਰ ਸਮੇਤ ਸਮਾਗਮ ਦੇ ਅੰਦਰ ਪਹੁੰਚਣ ਵਿੱਚ ਕਿਵੇਂ ਕਾਮਯਾਬ ਹੋਇਆ।

ਦਰਪਣ ਝੂਠ ਨਹੀ ਬੋਲਦਾ
ਪੰਜਾਬ ਟਾਈਮਜ਼ ਮੀਡੀਆ

# ਕਿਉਂ ਉੱਠ ਰਹੇ ਹਨ ਦੇਸ਼ ਦੀ ਸਭ ਤੋਂ ਵੱਡੀ ਏਜੰਸੀ ਸੀਬੀਆਈ ’ਤੇ ਸਵਾਲ

**✪ ਉੱਚ ਅਦਾਲਤਾਂ ਕਿਉਂ ਨਹੀਂ ਭਰੋਸਾ ਕਰ ਰਹੀਆਂ ਸੀਬੀਆਈ ਉਪਰ ✪ ਕੀ ਸੀਬੀਆਈ ਹੁਣ ਸਿਰਫ਼ ‘ਸਰਕਾਰੀ ਹਥਿਆਰ’ ਬਣ ਕੇ ਰਹਿ ਗਈ ਹੈ ? ✪ ਕੀ ਸੀਬੀਆਈ ਨੇ ਜਾਣਬੁੱਝ ਕੇ ਛੱਡੇ ‘ਸੌਦਾ ਸਾਧ’ ਲਈ ਬਚਣ ਦੇ ਰਾਹ ?**

ਕੇਂਦਰੀ ਜਾਂਚ ਬਿਊਰੋ ਨੂੰ ਕਦੇ ਭਾਰਤ ਦੀ ਸਭ ਤੋਂ ਭਰੋਸੇਮੰਦ ਜਾਂਚ ਏਜੰਸੀ ਮੰਨਿਆ ਜਾਂਦਾ ਸੀ। ਜਦੋਂ ਵੀ ਕੋਈ ਵੱਡਾ ਅਪਰਾਧ ਹੁੰਦਾ ਸੀ, ਤਾਂ ਲੋਕ ਇੱਕੋ ਮੰਗ ਕਰਦੇ ਸਨ ਕਿ ਜਾਂਚ ਸੀਬੀਆਈ ਨੂੰ ਸੌਂਪੀ ਜਾਵੇ। ਪਰ ਅੱਜ ਹਾਲਾਤ ਬਦਲ ਚੁੱਕੇ ਹਨ। ਹੁਣ ਸੀਬੀਆਈ ਦੀ ਸਾਖ ਉੱਪਰ ਸਵਾਲ ਸਿਆਸੀ ਪਾਰਟੀਆਂ ਹੀ ਨਹੀਂ, ਸਗੋਂ ਦੇਸ਼ ਦੀਆਂ ਉੱਚ ਅਦਾਲਤਾਂ ਵੀ ਉਠਾ ਰਹੀਆਂ ਹਨ। ਹਾਲ ਹੀ ਵਿੱਚ ਦਿੱਲੀ ਦੀ ਵਿਸ਼ੇਸ਼ ਅਦਾਲਤ ਅਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਫੈਸਲਿਆਂ ਨੇ ਸੀਬੀਆਈ ਦੀ ਕਾਰਜਪ੍ਰਣਾਲੀ ਨੂੰ ਕਟਹਿਰੇ ਵਿੱਚ ਖੜ੍ਹਾ ਕਰ ਦਿੱਤਾ ਹੈ।




ਪੱਤਰਕਾਰ ਰਾਮਚੰਦਰ ਛਤਰਪਤੀ ਹੱਤਿਆ ਕਾਂਡ ਵਿੱਚ ਡੇਰਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਬਰੀ ਕਰਦੇ ਹੋਏ ਹਾਈ ਕੋਰਟ ਨੇ ਸੀਬੀਆਈ ਦੀ ਜਾਂਚ ਬਾਰੇ ਸੁਆਲ ਉਠਾਏ ਹਨ। ਅਦਾਲਤ ਨੇ ਸਾਫ਼ ਕਿਹਾ ਕਿ ਜਾਂਚ ਏਜੰਸੀ ਨੇ ਗਵਾਹਾਂ ਨੂੰ ਪੇਸ਼ ਕਰਨ ਅਤੇ ਸਬੂਤ ਇਕੱਠੇ ਕਰਨ ਵਿੱਚ ‘ਘੋਰ ਲਾਪਰਵਾਹੀ’ ਵਰਤੀ ਹੈ। ਅਦਾਲਤ ਦੇ ਫੈਸਲੇ ਤੋਂ ਬਾਅਦ ਇਹ ਚਰਚਾ ਗਰਮ ਹੈ ਕਿ ਕੀ ਜਾਂਚ ਵਿੱਚ ਕਮੀਆਂ ਜਾਣਬੁੱਝ ਕੇ ਛੱਡੀਆਂ ਗਈਆਂ ਸਨ ? ਹਾਈ ਕੋਰਟ ਨੇ ਨੋਟ ਕੀਤਾ ਕਿ ਸੀਬੀਆਈ ਨੇ ਮੁੱਖ ਗਵਾਹਾਂ ਦੇ ਬਿਆਨਾਂ ਵਿੱਚ ਵਿਰੋਧਾਭਾਸ ਨੂੰ ਨਜ਼ਰਅੰਦਾਜ਼ ਕੀਤਾ ਹੈ। ਜਦੋਂ ਇੱਕ ਗਵਾਹ ਜਾਂਚ ਦੌਰਾਨ ਸੀਬੀਆਈ ਨੂੰ ਕੁਝ ਹੋਰ ਕਹਿੰਦਾ ਹੈ ਅਤੇ ਅਦਾਲਤ ਵਿੱਚ ਜਾ ਕੇ ਕੁਝ ਹੋਰ, ਤਾਂ ਉਸ ਨੂੰ ‘ਵਿਰੋਧਾਭਾਸ’ ਕਿਹਾ ਜਾਂਦਾ ਹੈ। ਸੀਬੀਆਈ ਅਕਸਰ ਅਜਿਹੇ ਗਵਾਹਾਂ ਨੂੰ ਪੇਸ਼ ਕਰਦੀ ਹੈ ਜਿਨ੍ਹਾਂ ਦੇ ਪੁਰਾਣੇ ਬਿਆਨ ਨਵੇਂ ਬਿਆਨਾਂ ਨਾਲ ਮੇਲ ਨਹੀਂ ਖਾਂਦੇ। ਕਈ ਵਾਰ ਸੀਬੀਆਈ ਅਜਿਹੇ ਲੋਕਾਂ ਨੂੰ ਮੁੱਖ ਗਵਾਹ ਬਣਾ ਲੈਂਦੀ ਹੈ ਜਿਨ੍ਹਾਂ ਦਾ ਆਪਣਾ ਪਿਛੋਕੜ ਸ਼ੱਕੀ ਹੁੰਦਾ ਹੈ ਜਾਂ ਜਿਨ੍ਹਾਂ ਦੇ ਬਿਆਨਾਂ ਵਿੱਚ ਤਰਕ ਦੀ ਕਮੀ ਹੁੰਦੀ ਹੈ। ਅਦਾਲਤ ਨੇ ਕਿਹਾ ਕਿ ਜੇਕਰ ਗਵਾਹ ਹੀ ਭਰੋਸੇਯੋਗ ਨਹੀਂ ਹਨ, ਤਾਂ ਸਜ਼ਾ ਕਿਸ ਆਧਾਰ ’ਤੇ ਦਿੱਤੀ ਜਾਵੇ ? ਬਚਾਅ ਪੱਖ ਦੇ ਵਕੀਲ ਜਦੋਂ ਸੀਬੀਆਈ ਦੇ ਗਵਾਹਾਂ ਤੋਂ ਸਵਾਲ ਪੁੱਛਦੇ ਹਨ, ਤਾਂ ਗਵਾਹ ਅਕਸਰ ਟੁੱਟ ਜਾਂਦੇ ਹਨ, ਕਿਉਂਕਿ ਉਨ੍ਹਾਂ ਨੂੰ ਸਹੀ ਤਰੀਕੇ ਨਾਲ ਜਾਂਚ ਦੀਆਂ ਕੜੀਆਂ ਬਾਰੇ ਪਤਾ ਨਹੀਂ ਹੁੰਦਾ। ਸੀਬੀਆਈ ਇਨ੍ਹਾਂ ਕਮੀਆਂ ਨੂੰ ਪਹਿਲਾਂ ਹੀ ਦੂਰ ਕਰਨ ਵਿੱਚ ਨਾਕਾਮ ਰਹਿੰਦੀ ਹੈ। ?ਜਾਂਚ ਦੀ ਕੜੀ ਜੋੜਨ ਵਿੱਚ ਏਜੰਸੀ ਨਾਕਾਮ ਰਹੀ। ਕਾਨੂੰਨ ਦਾ ਇੱਕ ਸਿਧਾਂਤ ਹੈ ਕਿ ਜੇਕਰ ਕੋਈ ਚਸ਼ਮਦੀਦ ਗਵਾਹ ਨਹੀਂ ਹੈ, ਤਾਂ ‘ਸਰਕਮਸਟੈਂਸ਼ੀਅਲ ਐਵੀਡੈਂਸ’ (ਹਾਲਾਤੀ ਸਬੂਤਾਂ) ਦੀ ਕੜੀ ਇੰਨੀ ਮਜ਼ਬੂਤ ਹੋਣੀ ਚਾਹੀਦੀ ਹੈ ਕਿ ਉਹ ਸਿੱਧਾ ਦੋਸ਼ੀ ਵੱਲ ਇਸ਼ਾਰਾ ਕਰੇ। ਸੀਬੀਆਈ ਇੱਥੇ ਅਕਸਰ ਮਾਤ ਖਾ ਜਾਂਦੀ ਹੈ। ਅਦਾਲਤ ਅਨੁਸਾਰ, ਸੀਬੀਆਈ ਇਹ ਸਾਬਤ ਨਹੀਂ ਕਰ ਸਕੀ ਕਿ ਜੇਕਰ ਕੋਈ ਸਾਜ਼ਿਸ਼ ਰਚੀ ਗਈ ਸੀ, ਤਾਂ ਉਹ ਕਿੱਥੇ, ਕਦੋਂ ਅਤੇ ਕਿਨ੍ਹਾਂ ਵਿਚਕਾਰ ਰਚੀ ਗਈ ਸੀ। ਸਿਰਫ਼ ਸ਼ੱਕ ਦੇ ਆਧਾਰ ’ਤੇ ਕਿਸੇ ਨੂੰ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ। ਅੱਜ ਦੇ ਦੌਰ ਵਿੱਚ ਕਾਲ ਡਿਟੇਲਜ਼, ਲੋਕੇਸ਼ਨ ਅਤੇ ਫੋਰੈਂਸਿਕ ਰਿਪੋਰਟਾਂ ਬਹੁਤ ਮਾਇਨੇ ਰੱਖਦੀਆਂ ਹਨ। ਸਾਧ ਰਾਮ ਰਹੀਮ ਕੇਸ ਜਾਂ ਹੋਰ ਮਾਮਲਿਆਂ ਵਿੱਚ ਅਕਸਰ ਇਹ ਦੇਖਿਆ ਗਿਆ ਕਿ ਸੀਬੀਆਈ ਕੋਲ ਅਜਿਹੇ ਠੋਸ ਤਕਨੀਕੀ ਸਬੂਤ ਨਹੀਂ ਹੁੰਦੇ ਜੋ ਗਵਾਹਾਂ ਦੇ ਬਿਆਨਾਂ ਦੀ ਪੁਸ਼ਟੀ ਕਰ ਸਕਣ। ਕਈ ਵਾਰ ਜਾਂਚ ਇੰਨੀ ਦੇਰ ਨਾਲ ਸ਼ੁਰੂ ਹੁੰਦੀ ਹੈ ਜਾਂ ਚੱਲਦੀ ਹੈ ਕਿ ਅਹਿਮ ਸਬੂਤ ਨਸ਼ਟ ਹੋ ਜਾਂਦੇ ਹਨ। ਜਦੋਂ ਸਬੂਤਾਂ ਦੀ ਕੜੀ ਵਿਚਕਾਰੋਂ ਟੁੱਟ ਜਾਂਦੀ ਹੈ, ਤਾਂ ਅਦਾਲਤ ‘ਬੈਨੀਫਿਟ ਆਫ ਡਾਊਟ’ (ਸ਼ੱਕ ਦਾ ਫਾਇਦਾ) ਮੁਲਜ਼ਮ ਨੂੰ ਦੇ ਦਿੰਦੀ ਹੈ।

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਇਹ ਸਪੱਸ਼ਟ ਕੀਤਾ ਕਿ ਜੇਕਰ ਜਾਂਚ ਏਜੰਸੀ ਸਿਰਫ਼ “ਸੁਣੀਆਂ-ਸੁਣਾਈਆਂ ਗੱਲਾਂ” ਜਾਂ “ਕਮਜ਼ੋਰ ਗਵਾਹਾਂ” ਦੇ ਸਿਰ ’ਤੇ ਕੇਸ ਲੜੇਗੀ, ਤਾਂ ਇਨਸਾਫ਼ ਨਹੀਂ ਮਿਲੇਗਾ। ਅਦਾਲਤ ਨੇ ਮਹਿਸੂਸ ਕੀਤਾ ਕਿ ਸੀਬੀਆਈ ਨੇ ਇਸ ਕੇਸ ਨੂੰ ਬਹੁਤ ਹੀ ਹਲਕੇ ਤਰੀਕੇ ਨਾਲ ਲਿਆ ਜਾਂ ਫਿਰ ਜਾਂਚ ਵਿੱਚ ਅਜਿਹੀਆਂ ਖਾਮੀਆਂ ਛੱਡੀਆਂ ਜਿਸ ਨਾਲ ਮੁਲਜ਼ਮ ਨੂੰ ਕਾਨੂੰਨੀ ਰਸਤਾ ਮਿਲ ਗਿਆ। ਦੂਜੇ ਸ਼ਬਦਾਂ ਵਿਚ ਸੀਬੀਆਈ ਨੇ ਅਦਾਲਤ ਅੱਗੇ ਅਜਿਹੀ ਕੋਈ ‘ਅਟੁੱਟ ਸਬੂਤਾਂ ਸਮੇਤ ਕਹਾਣੀ ਪੇਸ਼ ਨਹੀਂ ਕੀਤੀ ਜਿਸ ਵਿੱਚ ਸ਼ੱਕ ਦੀ ਕੋਈ ਗੁੰਜਾਇਸ਼ ਬਚੀ ਹੋਵੇ। ਨਤੀਜੇ ਵਜੋਂ, ਮੁਲਜ਼ਮ ਨੂੰ ਬਰੀ ਕਰਨਾ ਪਿਆ। ਅਦਾਲਤ ਨੇ ਚੇਤਾਵਨੀ ਦਿੱਤੀ ਕਿ ਜੇਕਰ ਸੀਬੀਆਈ ਦਾ ਇਹੀ ਹਾਲ ਰਿਹਾ, ਤਾਂ ਲੋਕਾਂ ਦਾ ਇਸ ਤੋਂ ਭਰੋਸਾ ਪੂਰੀ ਤਰ੍ਹਾਂ ਉੱਠ ਜਾਵੇਗਾ ਅਤੇ ਕੋਈ ਵੀ ਸੀਬੀਆਈ ਜਾਂਚ ਦੀ ਮੰਗ ਨਹੀਂ ਕਰੇਗਾ।

ਦਿੱਲੀ ਦੇ ਕਥਿਤ ਸ਼ਰਾਬ ਨੀਤੀ ਘੁਟਾਲੇ ਵਿੱਚ ਸੀਬੀਆਈ ਨੂੰ ਇੱਕ ਹੋਰ ਵੱਡਾ ਝਟਕਾ ਲੱਗਾ। ਵਿਸ਼ੇਸ਼ ਅਦਾਲਤ ਨੇ ਇੱਥੋਂ ਤੱਕ ਕਹਿ ਦਿੱਤਾ ਕਿ ਏਜੰਸੀ ਨੇ ਮੁਲਜ਼ਮਾਂ ਨੂੰ ਫਸਾਉਣ ਲਈ ‘ਸਬੂਤ ਘੜਨ’ ਦੀ ਕੋਸ਼ਿਸ਼ ਕੀਤੀ। ਅਦਾਲਤ ਇੰਨੀ ਨਾਰਾਜ਼ ਸੀ ਕਿ ਉਸਨੇ ਜਾਂਚ ਅਧਿਕਾਰੀ ਦੇ ਖਿਲਾਫ ਵਿਭਾਗੀ ਜਾਂਚ ਦੇ ਹੁਕਮ ਦੇ ਦਿੱਤੇ ਸਨ। ਹਾਲਾਂਕਿ, ਬਾਅਦ ਵਿੱਚ ਹਾਈ ਕੋਰਟ ਨੇ ਇਸ ਕਾਰਵਾਈ ’ਤੇ ਰੋਕ ਲਗਾ ਦਿੱਤੀ, ਪਰ ਸੀਬੀਆਈ ਦੇ ਅਕਸ ਨੂੰ ਜੋ ਨੁਕਸਾਨ ਹੋਣਾ ਸੀ, ਉਹ ਹੋ ਚੁੱਕਾ ਸੀ।

ਸੀਬੀਆਈ ਦੀ ਸਾਖ ਡਿਗਣ ਦਾ ਸਭ ਤੋਂ ਵੱਡਾ ਕਾਰਨ ਇਸਦੀ ਸਿਆਸੀ ਵਰਤੋਂ ਮੰਨਿਆ ਜਾਂਦਾ ਹੈ। ਜਦੋਂ ਕੇਂਦਰ ਵਿੱਚ ਕਾਂਗਰਸ ਦੀ ਸਰਕਾਰ ਸੀ, ਤਾਂ ਭਾਜਪਾ ਇਸਨੂੰ ‘ਕਾਂਗਰਸ ਬਿਊਰੋ ਆਫ ਇਨਵੈਸਟੀਗੇਸ਼ਨ ਕਹਿੰਦੀ ਸੀ। ਉਸ ਸਮੇਂ ਸੁਪਰੀਮ ਕੋਰਟ ਨੇ ਸੀਬੀਆਈ ਨੂੰ ‘ਪਿੰਜਰੇ ਵਿੱਚ ਬੰਦ ਤੋਤਾ’ ਕਿਹਾ ਸੀ ਜੋ ਆਪਣੇ ਮਾਲਕ ਦੀ ਬੋਲੀ ਬੋਲਦਾ ਹੈ।

2014 ਤੋਂ ਬਾਅਦ ਵਿਰੋਧੀ ਧਿਰ ਦਾ ਦੋਸ਼ ਹੈ ਕਿ ਸੀਬੀਆਈ ਅਤੇ ਈਡੀ ਸਿਰਫ਼ ਵਿਰੋਧੀ ਨੇਤਾਵਾਂ ਨੂੰ ਨਿਸ਼ਾਨਾ ਬਣਾ ਰਹੀਆਂ ਹਨ। ਦਿਲਚਸਪ ਗੱਲ ਇਹ ਹੈ ਕਿ ਹੁਣ ਸਰਕਾਰ ਸੀਬੀਆਈ ਨਾਲੋਂ ਈਡੀ ’ਤੇ ਜ਼ਿਆਦਾ ਭਰੋਸਾ ਕਰਦੀ ਦਿਖ ਰਹੀ ਹੈ, ਕਿਉਂਕਿ ਈਡੀ ਦੇ ਕਾਨੂੰਨ ਵਿੱਚ ਜ਼ਮਾਨਤ ਮਿਲਣੀ ਬਹੁਤ ਮੁਸ਼ਕਿਲ ਹੈ।

ਏਜੰਸੀ ਦੀ ਨਾਕਾਮੀ ਦੇ ਪਿੱਛੇ ਕਈ ਅਹਿਮ ਕਾਰਨ ਹਨ। ਕਈ ਮਾਮਲਿਆਂ ਵਿੱਚ ਸੀਬੀਆਈ ਅਦਾਲਤ ਵਿੱਚ ਠੋਸ ਸਬੂਤ ਪੇਸ਼ ਕਰਨ ਦੀ ਬਜਾਏ ਅਧੂਰੀਆਂ ਚਾਰਜਸ਼ੀਟਾਂ ਦਾਖਲ ਕਰਦੀ ਹੈ। ਜਦੋਂ ਜਾਂਚ ਦਾ ਉਦੇਸ਼ ਇਨਸਾਫ਼ ਦੀ ਬਜਾਏ ਕਿਸੇ ਨੂੰ ਸਿਆਸੀ ਸਬਕ ਸਿਖਾਉਣਾ ਹੁੰਦਾ ਹੈ, ਤਾਂ ਜਾਂਚ ਦੀ ਗੁਣਵੱਤਾ ਡਿੱਗ ਜਾਂਦੀ ਹੈ। ਸੀਬੀਆਈ ਦਾ ਆਪਣਾ ਕੋਈ ਵੱਖਰਾ ਕੈਡਰ ਨਹੀਂ ਹੈ; ਇਸ ਵਿੱਚ ਅਧਿਕਾਰੀ ਡੈਪੂਟੇਸ਼ਨ ’ਤੇ ਆਉਂਦੇ ਹਨ, ਜਿਸ ਕਾਰਨ ਉਹ ਸਰਕਾਰ ਪ੍ਰਤੀ ਵਫ਼ਾਦਾਰ ਰਹਿਣ ਲਈ ਮਜਬੂਰ ਹੁੰਦੇ ਹਨ।

ਜੇਕਰ ਦੇਸ਼ ਦੀ ਸਭ ਤੋਂ ਵੱਡੀ ਜਾਂਚ ਏਜੰਸੀ ਹੀ ਸਵਾਲਾਂ ਦੇ ਘੇਰੇ ਵਿੱਚ ਹੋਵੇਗੀ, ਤਾਂ ਆਮ ਆਦਮੀ ਇਨਸਾਫ਼ ਲਈ ਕਿੱਥੇ ਜਾਵੇਗਾ ? ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੀ ਟਿੱਪਣੀ ਬਹੁਤ ਗੰਭੀਰ ਹੈ- “ਜੇਕਰ ਇਹੀ ਚੱਲਦਾ ਰਿਹਾ, ਤਾਂ ਲੋਕ ਸੀਬੀਆਈ ਜਾਂਚ ਦੀ ਮੰਗ ਕਰਨਾ ਬੰਦ ਕਰ ਦੇਣਗੇ।” ਇਹ ਲੋਕਤੰਤਰ ਲਈ ਖਤਰੇ ਦੀ ਘੰਟੀ ਹੈ।

ਸੀਬੀਆਈ ਲਈ ਇਹ ਆਤਮ-ਮੰਥਨ ਦਾ ਸਮਾਂ ਹੈ। ਜੇਕਰ ਏਜੰਸੀ ਨੇ ਆਪਣੀ ਕਾਰਜਪ੍ਰਣਾਲੀ ਵਿੱਚ ਸੁਧਾਰ ਨਾ ਕੀਤਾ ਅਤੇ ਆਪਣੇ ਆਪ ਨੂੰ ਸਿਆਸੀ ਪ੍ਰਭਾਵ ਤੋਂ ਮੁਕਤ ਨਾ ਕੀਤਾ, ਤਾਂ ਉਹ ਦਿਨ ਦੂਰ ਨਹੀਂ ਜਦੋਂ ਇਸ ਦੀ ਹੋਂਦ ਸਿਰਫ ਫਾਈਲਾਂ ਤੱਕ ਸੀਮਤ ਰਹਿ ਜਾਵੇਗੀ। ਅਦਾਲਤਾਂ ਦੀਆਂ ਫਿਟਕਾਰਾਂ ਇਹ ਸਾਬਤ ਕਰਦੀਆਂ ਹਨ ਕਿ ਕਾਨੂੰਨ ਦੇ ਹੱਥ ਲੰਬੇ ਹੋ ਸਕਦੇ ਹਨ, ਪਰ ਜੇ ਜਾਂਚ ਹੀ ਖੋਖਲੀ ਹੋਵੇ, ਤਾਂ ਦੋਸ਼ੀ ਬਚ ਕੇ ਨਿਕਲ ਹੀ ਜਾਂਦੇ ਹਨ। ਦਿੱਲੀ ਵਿਸ਼ੇਸ਼ ਅਦਾਲਤ ਅਤੇ ਪੰਜਾਬ-ਹਰਿਆਣਾ ਹਾਈਕੋਰਟ ਦੇ ਫੈਸਲਿਆਂ ਨੇ ਇੱਕ ਵਾਰ ਫਿਰ ਇਸ ਗੱਲ ਨੂੰ ਉਜਾਗਰ ਕੀਤਾ ਹੈ ਕਿ ਸੀਬੀਆਈ ਨੂੰ ਆਪਣੇ ਆਪ ਵਿੱਚ ਬਦਲਾਅ ਲਿਆਉਣਾ ਚਾਹੀਦਾ ਹੈ।

## ਇੰਸਟਾਗ੍ਰਾਮ ’ਤੇ ਹਥਿਆਰਾਂ ਵਾਲੀਆਂ ਰੀਲਾਂ ਬਣਾਉਣ ਵਾਲਾ ‘ਝੁਮਰੀ’ ਗ੍ਰਿਫ਼ਤਾਰ

ਨਵੀਂ ਦਿੱਲੀ-ਦਿੱਲੀ ਪੁਲਿਸ ਦੇ ‘ਆਪ੍ਰੇਸ਼ਨ ਸ਼ਸਤਰ’ ਤਹਿਤ ਬੁਰਾੜੀ ਪੁਲਿਸ ਨੇ ਸੋਸ਼ਲ ਮੀਡੀਆ ਰਾਹੀਂ ਦਹਿਸ਼ਤ ਫੈਲਾਉਣ ਵਾਲੇ ਇੱਕ ਕਥਿਤ ‘ਰੀਲਾਂ ਵਾਲੇ ਗੈਂਗਸਟਰ’ ਨੂੰ ਕਾਬੂ ਕੀਤਾ ਹੈ। ਮੁਲਜ਼ਮ ਦੀ ਪਛਾਣ ਦੀਪਕ ਉਰਫ਼ ਝੁਮਰੀ (26) ਵਜੋਂ ਹੋਈ ਹੈ, ਜੋ ਅੰਮ੍ਰਿਤ ਵਿਹਾਰ, ਬੁਰਾੜੀ ਦਾ ਰਹਿਣ ਵਾਲਾ ਹੈ। ਮੁਲਜ਼ਮ ਕੋਲੋਂ ਇੱਕ ਦੇਸੀ ਪਿਸਤੌਲ ਅਤੇ ਇੱਕ ਜ਼ਿੰਦਾ ਕਾਰਤੂਸ ਬਰਾਮਦ ਕੀਤਾ ਗਿਆ ਹੈ। ਦੀਪਕ ਨੇ ਪੁਲਿਸ ਨੂੰ ਦੱਸਿਆ ਕਿ ਉਹ ਇੰਸਟਾਗ੍ਰਾਮ ’ਤੇ ਮਸ਼ਹੂਰ ਹੋਣਾ ਚਾਹੁੰਦਾ ਸੀ। ਉਹ ਇਨ੍ਹਾਂ ਰੀਲਾਂ ਰਾਹੀਂ ਵੱਡੇ ਗੈਂਗਸਟਰਾਂ ਦੇ ਸੰਪਰਕ ਵਿੱਚ ਆ ਕੇ ਪੈਸਾ ਕਮਾਉਣ ਦੀ ਫ਼ਿਰਾਕ ਵਿੱਚ ਸੀ। ਉਸਨੇ ਇਹ ਪਿਸਤੌਲ ਆਪਣੇ ਇੱਕ ਜਾਣਕਾਰ ਹਿਮਾਂਸ਼ੂ ਤੋਂ ਉਧਾਰ ਲਿਆ ਸੀ। ਪੁਲਿਸ ਰਿਕਾਰਡ ਅਨੁਸਾਰ, ਦੀਪਕ ਪਹਿਲਾਂ ਵੀ ਅਪਰਾਧਿਕ ਗਤੀਵਿਧੀਆਂ ਵਿੱਚ ਸ਼ਾਮਲ ਰਿਹਾ ਹੈ। ਉਸ ਵਿਰੁੱਧ ਸਵਰੂਪ ਨਗਰ ਥਾਣੇ ਵਿੱਚ ਚੋਰੀ ਦੇ 3 ਮਾਮਲੇ ਦਰਜ ਹਨ। ਸੋਸ਼ਲ ਮੀਡੀਆ ’ਤੇ ਹਥਿਆਰਾਂ ਦੀ ਨੁਮਾਇਸ਼ ਕਰਨਾ ਜਾਂ ਗੈਂਗਸਟਰ ਕਲਚਰ ਨੂੰ ਉਤਸ਼ਾਹਿਤ ਕਰਨਾ ਕਾਨੂੰਨੀ ਅਪਰਾਧ ਹੈ। ਪੁਲਿਸ ਹੁਣ ਹਥਿਆਰ ਸਪਲਾਈ ਕਰਨ ਵਾਲੇ ਹਿਮਾਂਸ਼ੂ ਦੀ ਭਾਲ ਵਿੱਚ ਛਾਪੇਮਾਰੀ ਕਰ ਰਹੀ ਹੈ।



# ਨਾਸਾ ਦੇ ਮਿਸ਼ਨਾਂ ਤੇ ਵਿਗਿਆਨ ਦੀ ਦੁਨੀਆ ਵਿੱਚ ਸਿੱਖਾਂ ਦੀ ਉੱਚੀ ਉਡਾਣ


## ✪ ਜਸਲੀਨ ਕੌਰ ਜੋਸਨ "ਮੰਗਲ ਮਿਸ਼ਨ 2030 ਦੀ ਪਹਿਲੀ ਸਿੱਖ ਮਹਿਲਾ ਐਸਟ੍ਰੋਨੋਮਰ ✪ ਗੁਰਕਿਰਪਾਲ ਸਿੰਘ "ਨਾਸਾ ਦੇ ਜੈੱਟ ਪ੍ਰੋਪਲਸ਼ਨ ਲੈਬ ਦਾ ਮਾਸਟਰਮਾਈਂਡ" ✪ ਗੁਰਤੇਜ ਸਿੰਘ ਸੰਧੂ "1,380 ਪੇਟੈਂਟਸ ਦੇ ਮਾਲਕ ਅਤੇ ਮਾਈਕਰੋਚਿਪ ਕ੍ਰਾਂਤੀ ਦੇ ਮੋਢੀ"

ਸਿੱਖ ਜਿੱਥੇ ਵੀ ਗਏ, ਉਹਨਾਂ ਨੇ ਨਾ ਸਿਰਫ਼ ਆਪਣੀ ਮਿਹਨਤ ਨਾਲ ਸਫਲਤਾ ਦੇ ਝੰਡੇ ਗੱਡੇ, ਸਗੋਂ ਆਪਣੀ ਪਛਾਣ ਅਤੇ ਸੱਭਿਆਚਾਰ ਨਾਲ ਕਦੇ ਸਮਝੌਤਾ ਨਹੀਂ ਕੀਤਾ। ਅੱਜ ਜਦੋਂ ਅਸੀਂ ਪੁਲਾੜ ਵਿਗਿਆਨ ਦੀ ਗੱਲ ਕਰਦੇ ਹਾਂ, ਤਾਂ ਦੁਨੀਆ ਦੀ ਸਭ ਤੋਂ ਨਾਮੀ ਸੰਸਥਾ 'ਨਾਸਾ' ਵਿੱਚ ਵੀ ਸਿੱਖ ਵਿਗਿਆਨੀਆਂ ਦਾ ਨਾਮ ਬੜੇ ਸਤਿਕਾਰ ਨਾਲ ਲਿਆ ਜਾਂਦਾ ਹੈ। ਇਹ ਸਿਰਫ਼ ਨੌਕਰੀ ਨਹੀਂ, ਸਗੋਂ ਮਨੁੱਖਤਾ ਦੇ ਭਵਿੱਖ ਨੂੰ ਨਵੀਂ ਦਿਸ਼ਾ ਦੇਣ ਦੀ ਦਾਸਤਾਨ ਹੈ।

ਜਦੋਂ ਅਸੀਂ ਨਾਸਾ ਦੇ 'ਮਾਰਸ ਮਿਸ਼ਨ 2030' ਦੀ ਗੱਲ ਕਰਦੇ ਹਾਂ, ਤਾਂ ਇੱਕ ਨਾਮ ਸਭ ਤੋਂ ਉੱਭਰ ਕੇ ਸਾਹਮਣੇ ਆਉਂਦਾ ਹੈ- ਜਸਲੀਨ ਕੌਰ ਜੋਸਨ। ਹਰਿਆਣਾ ਦੇ ਕੁਰੂਕਸ਼ੇਤਰ ਦੇ ਇੱਕ ਛੋਟੇ ਜਿਹੇ ਪਿੰਡ 'ਏਕਤਾ ਵਿਹਾਰ' ਦੀ ਰਹਿਣ ਵਾਲੀ ਜਸਲੀਨ ਨੇ ਸਿੱਧ ਕਰ ਦਿੱਤਾ ਹੈ ਕਿ ਸੁਪਨੇ ਸਰਹੱਦਾਂ ਅਤੇ ਲਿੰਗ ਦੇ ਮੋਹਤਾਜ ਨਹੀਂ ਹੁੰਦੇ। ਉਹ ਨਾਸਾ ਦੇ 2030 ਮਿਸ਼ਨ ਵਿੱਚ ਹਿੱਸਾ ਲੈਣ ਵਾਲੀ ਪਹਿਲੀ ਸਿੱਖ ਮਹਿਲਾ ਅਤੇ ਇਕਲੌਤੀ ਭਾਰਤੀ ਐਸਟ੍ਰੋਨੋਮਰ ਹੈ।

ਉਹ ਇਸ ਮਿਸ਼ਨ ਵਿੱਚ ਇੱਕ ਮੁੱਖ ਇਨਵੈਸਟੀਗੇਟਰ ਵਜੋਂ ਕੰਮ ਕਰ ਰਹੀ ਹੈ ਅਤੇ ਨਾਸਾ ਦੇ ਸਭ ਤੋਂ ਘੱਟ ਉਮਰ ਦੇ ਪੰਜ ਪ੍ਰਮੁੱਖ ਵਿਗਿਆਨੀਆਂ ਵਿੱਚੋਂ ਇੱਕ ਹੈ।

ਕੈਲੀਫੋਰਨੀਆ ਸਥਿਤ ਨਾਸਾ ਦੀ ਸਭ ਤੋਂ



ਮਹੱਤਵਪੂਰਨ ਪ੍ਰਯੋਗਸ਼ਾਲਾ 'ਜੈੱਟ ਪ੍ਰੋਪਲਸ਼ਨ ਲੈਬਾਰਟਰੀ' ਵਿੱਚ ਇੱਕ ਦਸਤਾਰਧਾਰੀ ਸਿੱਖ ਚਿਹਰਾ ਹਮੇਸ਼ਾ ਖਿੱਚ ਦਾ ਕੇਂਦਰ ਰਹਿੰਦਾ ਹੈ- ਉਹ ਹਨ ਗੁਰਕਿਰਪਾਲ ਸਿੰਘ। ਗੁਰਕਿਰਪਾਲ ਸਿੰਘ ਨਾਸਾ ਵਿੱਚ ਬਤੌਰ ਹੈੱਡ ਇੰਜੀਨੀਅਰ ਸੇਵਾਵਾਂ ਨਿਭਾ ਰਹੇ ਹਨ।

ਉਹਨਾਂ ਨੇ 'ਮਾਰਸ ਐਕਸਪਲੋਰੇਸ਼ਨ ਰੋਵਰਸ' ਅਤੇ 'ਕੈਸੀਨੀ' ਵਰਗੇ ਗੁੰਝਲਦਾਰ ਪ੍ਰੋਜੈਕਟਾਂ ਲਈ ਅਜਿਹੇ ਐਲਗੋਰਿਦਮ ਵਿਕਸਿਤ ਕੀਤੇ ਹਨ, ਜੋ ਪੁਲਾੜ ਯਾਨਾਂ ਨੂੰ ਸਹੀ ਦਿਸ਼ਾ ਅਤੇ ਕੰਟਰੋਲ ਪ੍ਰਦਾਨ ਕਰਦੇ ਹਨ। ਉਹਨਾਂ ਦੀ ਲੰਬੇ ਸਮੇਂ ਦੀ ਮਿਹਨਤ ਸਦਕਾ ਹੀ ਅੱਜ ਮੰਗਲ ਗ੍ਰਹਿ 'ਤੇ ਭੇਜੇ ਗਏ ਰੋਵਰ ਸਹੀ ਢੰਗ ਨਾਲ ਕੰਮ ਕਰ ਰਹੇ ਹਨ।



ਵਿਗਿਆਨ ਦੀ ਦੁਨੀਆ ਵਿੱਚ ਇੱਕ ਹੋਰ ਵੱਡਾ ਨਾਮ ਗੁਰਤੇਜ ਸਿੰਘ ਸੰਧੂ ਹੈ, ਜਿਨ੍ਹਾਂ ਦਾ ਕੰਮ ਭਾਵੇਂ ਆਮ ਲੋਕਾਂ ਦੀਆਂ ਅੱਖਾਂ ਤੋਂ ਓਹਲੇ ਹੋਵੇ, ਪਰ ਹਰ ਸਮਾਰਟਫੋਨ ਅਤੇ ਕੰਪਿਊਟਰ ਵਿੱਚ ਉਹਨਾਂ ਦੀ ਮਿਹਨਤ ਬੋਲਦੀ ਹੈ।

ਗੁਰਤੇਜ ਸਿੰਘ ਸੰਧੂ ਦੇ ਨਾਮ ਅਮਰੀਕਾ ਵਿੱਚ 1,380 ਤੋਂ ਵੱਧ ਪੇਟੈਂਟ ਹਨ। ਉਹਨਾਂ ਦਾ ਮੁੱਖ ਕੰਮ ਮਾਈਕਰੋਚਿਪਸ ਨੂੰ ਛੋਟਾ, ਤੇਜ਼ ਅਤੇ ਵਧੇਰੇ ਕੁਸ਼ਲ ਬਣਾਉਣਾ ਹੈ। ਉਹ ਨਾਸਾ ਦੇ 'ਮਾਰਕੋ ਰਿਸਰਚ ਫਾਊਂਡੇਸ਼ਨ' ਵਿੱਚ ਪ੍ਰਮੁੱਖ ਖੋਜਕਰਤਾ ਵਜੋਂ ਜੁੜੇ ਹੋਏ ਹਨ। ਉਹਨਾਂ ਦੀ ਕਾਬਲੀਅਤ ਕਾਰਨ ਹੀ ਉਹਨਾਂ ਨੂੰ ਵੱਕਾਰੀ 'IEEE ਐਂਡਰਿਊ ਐੱਸ. ਗਰੋਵ ਅਵਾਰਡ' ਨਾਲ ਸਨਮਾਨਿਤ ਕੀਤਾ ਗਿਆ। ਸਾਲ



2023 ਵਿੱਚ ਆਈ.ਆਈ.ਟੀ. ਦਿੱਲੀ (IIT Delhi) ਵੱਲੋਂ ਉਹਨਾਂ ਨੂੰ 'ਡਿਸਟਿੰਗਵਿਸ਼ਡ ਐਲੂਮਨਸ' ਚੁਣਿਆ ਗਿਆ, ਜੋ ਉਹਨਾਂ ਦੀ ਵਿਗਿਆਨਕ ਪ੍ਰਾਪਤੀਆਂ ਦੀ ਪੁਸ਼ਟੀ ਕਰਦਾ ਹੈ।

ਇਹ ਵਿਗਿਆਨੀ ਸਿਰਫ਼ ਆਪਣੀ ਨਿੱਜੀ ਸਫਲਤਾ ਦੀ ਕਹਾਣੀ ਨਹੀਂ ਲਿਖ ਰਹੇ, ਸਗੋਂ ਇਹ ਸਾਬਤ ਕਰ ਰਹੇ ਹਨ ਕਿ ਜਦੋਂ ਇੱਕ ਸਿੱਖ ਆਪਣੀ ਪਰੰਪਰਾ ਅਤੇ ਗਿਆਨ ਨੂੰ ਜੋੜਦਾ ਹੈ, ਤਾਂ ਉਹ ਅਸੰਭਵ ਨੂੰ ਸੰਭਵ ਕਰ ਸਕਦਾ ਹੈ। ਭਾਵੇਂ ਉਹ ਵਪਾਰ ਹੋਵੇ ਜਾਂ ਪੁਲਾੜ ਦੀ ਅਥਾਹ ਗਹਿਰਾਈ, ਸਿੱਖਾਂ ਦਾ 'ਬਿਜ਼ਨਸ ਵਿਜ਼ਨ' ਅਤੇ 'ਸਾਇੰਟਿਫਿਕ ਟੈਂਪਰ' ਪੂਰੀ ਦੁਨੀਆ ਲਈ ਇੱਕ ਪ੍ਰੇਰਨਾ ਹੈ।

# ਯੂਐਨਐਸਸੀ ਵਿਚ ਇਰਾਨ ਵਿਰੁੱਧ ਵੱਡੀ ਕਾਰਵਾਈ

## ✪ ਭਾਰਤ ਤੇ ਪਾਕਿਸਤਾਨ ਨੇ ਮਿਲਾਏ ਹੱਥ, ਪਾਸ ਹੋਇਆ ਮਤਾ ✪ ਸਮੁੰਦਰੀ ਵਪਾਰ ਅਤੇ ਖਾੜੀ ਦੇਸ਼ਾਂ ਦੀ ਸੁਰੱਖਿਆ 'ਤੇ ਖ਼ਤਰਾ: ਹੋਰਮੁਜ਼ ਜਲਡਮਰੂਮੱਧ 'ਤੇ ਇਰਾਨ ਨੂੰ ਚਿਤਾਵਨੀ ✪ ਅਮਰੀਕਾ ਦਾ ਸਖਤ ਬਿਆਨ ਅਤੇ ਇਰਾਨ ਦਾ ਪਲਟਵਾਰ: ਕੂਟਨੀਤਕ ਟਕਰਾਅ ਤੇਜ਼

ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਨੇ ਬੀਤੇ ਦਿਨੀਂ ਖਾੜੀ ਦੇਸ਼ਾਂ 'ਤੇ ਇਰਾਨ ਦੁਆਰਾ ਕੀਤੇ ਗਏ ਹਮਲਿਆਂ ਦੀ ਨਿੰਦਾ ਕਰਨ ਵਾਲਾ ਇੱਕ ਅਹਿਮ ਮਤਾ ਪਾਸ ਕੀਤਾ ਹਸੀ। ਇਸ ਘਟਨਾਕ੍ਰਮ ਵਿੱਚ ਸਭ ਤੋਂ ਹੈਰਾਨੀਜਨਕ ਅਤੇ ਵੱਡੀ ਗੱਲ ਇਹ ਰਹੀ ਕਿ ਭਾਰਤ ਅਤੇ ਪਾਕਿਸਤਾਨ ਵਰਗੇ ਗੁਆਂਢੀ ਦੇਸ਼ਾਂ ਨੇ ਇਕੱਠੇ ਮਿਲ ਕੇ ਇਸ ਪ੍ਰਸਤਾਵ ਨੂੰ ਸਹਿ-ਪ੍ਰਾਯੋਜਿਤ ਕੀਤਾ। ਬਹਿਰੀਨ ਵੱਲੋਂ ਪੇਸ਼ ਕੀਤੇ ਗਏ ਇਸ ਮਤੇ ਵਿੱਚ ਖਾੜੀ ਸਹਿਯੋਗ ਪ੍ਰੀਸ਼ਦ ਦੇ ਦੇਸ਼ਾਂ ਅਤੇ ਜਾਰਡਨ 'ਤੇ ਇਰਾਨ ਵੱਲੋਂ ਕੀਤੇ ਗਏ ਮਿਜ਼ਾਈਲ ਅਤੇ ਡਰੋਨ ਹਮਲਿਆਂ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ ਹੈ।

15 ਮੈਂਬਰੀ ਸੁਰੱਖਿਆ ਪਰਿਸ਼ਦ ਵਿੱਚ ਇਸ ਮਤੇ ਦੇ ਪੱਖ ਵਿੱਚ 13 ਵੋਟਾਂ ਪਈਆਂ, ਜਦੋਂ ਕਿ ਰੂਸ ਅਤੇ ਚੀਨ, ਜੋ ਕਿ ਵੀਟੋ ਪਾਵਰ ਰੱਖਣ ਵਾਲੇ ਸਥਾਈ ਮੈਂਬਰ ਹਨ, ਨੇ ਵੋਟਿੰਗ ਵਿੱਚ ਹਿੱਸਾ ਨਹੀਂ ਲਿਆ। ਭਾਰਤ ਨੇ 130 ਤੋਂ ਵੱਧ ਦੇਸ਼ਾਂ ਦੇ ਨਾਲ ਮਿਲ ਕੇ ਇਸ ਕਦਮ ਦਾ ਸਮਰਥਨ ਕੀਤਾ, ਜੋ ਕਿ ਖਾੜੀ ਖੇਤਰ ਵਿੱਚ



ਸਥਿਰਤਾ ਅਤੇ ਅੰਤਰਰਾਸ਼ਟਰੀ ਕਾਨੂੰਨ ਦੀ ਪਾਲਣਾ ਪ੍ਰਤੀ ਭਾਰਤ ਦੀ ਇਰਾਨ ਵਿਰੋਧੀ ਨੀਤੀ ਨੂੰ ਦਰਸਾਉਂਦਾ ਹੈ। ਪਾਸ ਕੀਤੇ ਗਏ ਮਤੇ ਵਿੱਚ ਸਾਫ਼ ਤੌਰ 'ਤੇ ਕਿਹਾ ਗਿਆ ਹੈ ਕਿ ਇਰਾਨ ਨੂੰ ਜੀਸੀਸੀ ਦੇਸ਼ਾਂ ਅਤੇ ਜਾਰਡਨ 'ਤੇ ਕੀਤੇ ਜਾਣ ਵਾਲੇ ਸਾਰੇ ਹਮਲਿਆਂ ਨੂੰ ਤੁਰੰਤ ਅਤੇ ਬਿਨਾਂ ਸ਼ਰਤ ਰੋਕਣਾ ਚਾਹੀਦਾ ਹੈ। ਮਤੇ ਵਿੱਚ ਕੁਝ ਅਹਿਮ ਨੁਕਤਿਆਂ 'ਤੇ ਜ਼ੋਰ ਦਿੱਤਾ ਗਿਆ: ਬਹਿਰੀਨ, ਕੁਵੈਤ, ਓਮਾਨ, ਕਤਰ, ਸਾਊਦੀ ਅਰਬ, ਸੰਯੁਕਤ ਅਰਬ ਅਮੀਰਾਤ ਅਤੇ ਜਾਰਡਨ ਦੀ ਪ੍ਰਭੂਸੱਤਾ ਅਤੇ ਸਿਆਸੀ ਆਜ਼ਾਦੀ ਦਾ ਪੂਰਾ ਸਤਿਕਾਰ ਕੀਤਾ ਜਾਵੇ।

ਇਰਾਨ ਵੱਲੋਂ ਹੋਰਮੁਜ਼ ਜਲਡਮਰੂਮੱਧ ਨੂੰ ਬੰਦ ਕਰਨ ਜਾਂ ਅੰਤਰਰਾਸ਼ਟਰੀ ਸ਼ਿਪਿੰਗ ਵਿੱਚ ਦਖ਼ਲ ਦੇਣ ਦੀਆਂ ਧਮਕੀਆਂ ਦੀ ਨਿੰਦਾ ਕੀਤੀ ਗਈ ਹੈ। ਇਹ ਮਾਰਗ ਵਿਸ਼ਵ ਵਪਾਰ ਅਤੇ ਤੇਲ ਦੀ ਸਪਲਾਈ ਲਈ ਬੇਹੱਦ ਮਹੱਤਵਪੂਰਨ ਹੈ। ਰਿਪੋਰਟ ਅਨੁਸਾਰ ਇਨ੍ਹਾਂ ਹਮਲਿਆਂ ਵਿੱਚ ਰਿਹਾਇਸ਼ੀ ਇਲਾਕਿਆਂ ਅਤੇ ਸਿਵਲ ਬੁਨਿਆਦੀ ਢਾਂਚੇ ਨੂੰ ਨਿਸ਼ਾਨਾ ਬਣਾਇਆ ਗਿਆ ਹੈ, ਜਿਸ ਕਾਰਨ ਆਮ ਲੋਕਾਂ ਦੀ ਜਾਨ ਗਈ ਹੈ। ਮਤੇ ਵਿੱਚ ਉਨ੍ਹਾਂ ਦੇਸ਼ਾਂ ਨਾਲ ਇਕਜੁੱਟਤਾ ਪ੍ਰਗਟਾਈ ਗਈ ਹੈ ਜੋ ਇਨ੍ਹਾਂ ਹਮਲਿਆਂ ਦਾ ਸ਼ਿਕਾਰ ਹੋਏ ਹਨ।

ਸੰਯੁਕਤ ਰਾਸ਼ਟਰ ਵਿੱਚ ਅਮਰੀਕੀ ਰਾਜਦੂਤ ਮਾਈਕ ਵਾਲਟਜ਼ ਨੇ ਇਰਾਨੀ ਸ਼ਾਸਨ ਨੂੰ ਕਰੜੇ ਹੱਥੀਂ ਲੈਂਦਿਆਂ ਕਿਹਾ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਉਨ੍ਹਾਂ ਦੀ ਟੀਮ ਨੇ ਸ਼ਾਂਤੀ ਲਈ ਹਰ ਸੰਭਵ ਕੂਟਨੀਤਕ ਕੋਸ਼ਿਸ਼ ਕੀਤੀ ਸੀ, ਪਰ ਇਰਾਨ ਨੇ ਹਮੇਸ਼ਾ ਹਿੰਸਾ ਅਤੇ ਪ੍ਰਮਾਣੂ ਹਮਲੇ ਦਾ ਰਾਹ ਚੁਣਿਆ। ਉਨ੍ਹਾਂ ਕਿਹਾ ਕਿ ਇਰਾਨ ਨੇ "ਹੱਦ" ਪਾਰ ਕਰ ਦਿੱਤੀ ਹੈ ਅਤੇ ਹੁਣ ਦੁਨੀਆ ਇਸ ਦੇ ਨਤੀਜਿਆਂ ਦਾ ਸਾਹਮਣਾ ਕਰ ਰਹੀ ਹੈ।

ਦੂਜੇ ਪਾਸੇ, ਇਰਾਨ ਨੇ ਇਸ ਮਤੇ ਨੂੰ ਪੂਰੀ ਤਰ੍ਹਾਂ "ਅਨਿਆਂਪੂਰਨ ਅਤੇ ਗੈਰ-ਕਾਨੂੰਨੀ" ਕਰਾਰ ਦਿੱਤਾ ਹੈ। ਸੰਯੁਕਤ ਰਾਸ਼ਟਰ ਵਿੱਚ ਇਰਾਨ ਦੇ ਰਾਜਦੂਤ ਅਮੀਰ ਸਈਦ ਇਰਾਵਾਨੀ ਨੇ ਕਿਹਾ ਕਿ ਇਹ ਸੁਰੱਖਿਆ ਪਰਿਸ਼ਦ ਦੀ ਦੁਰਵਰਤੋਂ ਹੈ। ਉਨ੍ਹਾਂ ਦਾਅਵਾ ਕੀਤਾ ਕਿ ਇਰਾਨ ਦੀਆਂ ਕਾਰਵਾਈਆਂ ਕੇਵਲ ਖੇਤਰ ਵਿੱਚ ਅਮਰੀਕੀ ਫ਼ੌਜੀ ਟਿਕਾਣਿਆਂ ਵਿਰੁੱਧ ਸਨ ਅਤੇ ਇਹ ਕਿਸੇ ਦੇਸ਼ ਦੀ ਪ੍ਰਭੂਸੱਤਾ ਦੇ ਖ਼ਿਲਾਫ਼ ਨਹੀਂ ਸਨ। ਇਰਾਵਾਨੀ ਨੇ ਇਹ ਵੀ ਦੋਸ਼ ਲਾਇਆ ਕਿ ਅਮਰੀਕਾ ਅਤੇ ਇਜ਼ਰਾਈਲ ਦੇ ਹਮਲਿਆਂ ਵਿੱਚ ਹੁਣ ਤੱਕ 1,300 ਤੋਂ ਵੱਧ ਇਰਾਨੀ ਨਾਗਰਿਕ ਮਾਰੇ ਜਾ ਚੁੱਕੇ ਹਨ, ਜਿਸ 'ਤੇ ਵਿਸ਼ਵ ਭਾਈਚਾਰਾ ਚੁੱਪ ਹੈ।

# ਸੱਭਿਆਚਾਰਕ ਨਿਗਲਣ ਦੀ ਮਾਰ: ਕੀ ਬੇਲੀਜ਼ ਵਿੱਚ ਸਿੱਖੀ ਸਿਰਫ਼ 'ਸਰਨੇਮ' ਬਣ ਕੇ ਰਹਿ ਗਈ ਹੈ ?

## ✪ ਕਦੇ ਬੇਲੀਜ਼ ਦੀ ਨਿਆਂ ਪ੍ਰਣਾਲੀ ਅਤੇ ਪੁਲਿਸ ਦੀ ਵਾਗਡੋਰ 'ਸਿੰਘਾਂ' ਦੇ ਹੱਥ ਆਈ ਸੀ ✪ ਗੁਰਦੁਆਰਿਆਂ ਦੀ ਘਾਟ ਅਤੇ ਧੁੰਦਲਾ ਹੁੰਦਾ ਸਿੱਖ ਭਾਈਚਾਰੇ ਦਾ ਵੱਖਰਾ ਵਜੂਦ





ਬੇਲੀਜ਼ ਵਰਗੇ ਛੋਟੇ ਜਿਹੇ ਮੁਲਕ ਵਿੱਚ ਸਿੱਖਾਂ ਦੀ ਮੌਜੂਦਗੀ ਇਤਿਹਾਸਿਕ ਪੱਖੋਂ ਬਹੁਤ ਦਿਲਚਸਪ ਅਤੇ ਮਾਣਮੱਤੀ ਹੈ। ਭਾਵੇਂ ਇਹ ਦੇਸ਼ ਮੱਧ ਅਮਰੀਕਾ ਵਿੱਚ ਇੱਕ ਛੋਟਾ ਜਿਹਾ ਟਾਪੂਨੁਮਾ ਖੇਤਰ ਜਾਪਦਾ ਹੈ, ਪਰ ਇੱਥੇ ਸਿੱਖਾਂ ਨੇ ਆਪਣੀ ਮਿਹਨਤ ਅਤੇ ਦਲੇਰੀ ਨਾਲ ਇੱਕ ਅਹਿਮ ਮੁਕਾਮ ਹਾਸਲ ਕੀਤਾ ਹੈ। ਬੇਲੀਜ਼ ਵਿੱਚ ਸਿੱਖ ਧਰਮ ਦੀਆਂ ਜੜ੍ਹਾਂ ਲਗਭਗ 100 ਸਾਲ ਪੁਰਾਣੀਆਂ ਹਨ। ਜਦੋਂ ਇਹ ਦੇਸ਼ ਬ੍ਰਿਟਿਸ਼ ਹੋਂਡੂਰਾਸ ਦੇ ਨਾਂ ਨਾਲ ਜਾਣਿਆ ਜਾਂਦਾ ਸੀ ਅਤੇ ਅੰਗਰੇਜ਼ਾਂ ਦਾ ਗੁਲਾਮ ਸੀ, ਉਸ ਵੇਲੇ ਭਾਰਤ ਤੋਂ ਸਿੱਖਾਂ ਨੇ ਰੁਜ਼ਗਾਰ ਦੀ ਭਾਲ ਵਿੱਚ ਇੱਥੇ ਪੈਰ ਪਾਇਆ। ਸ਼ੁਰੂਆਤੀ ਦੌਰ ਵਿੱਚ ਆਏ ਸਿੱਖਾਂ ਨੇ ਉੱਥੋਂ ਦੇ ਸਥਾਨਕ ਲੋਕਾਂ ਨਾਲ ਵਿਆਹ ਕਰਵਾਏ ਸਨ ਅਤੇ ਉੱਥੋਂ ਦੇ ਸੱਭਿਆਚਾਰ ਵਿੱਚ ਰਚ-ਮਿਚ ਗਏ ਸਨ। ਅੱਜ ਕਈ ਅਜਿਹੇ ਪਰਿਵਾਰ ਹਨ ਜਿਨ੍ਹਾਂ ਦੇ ਨਾਂ ਪਿੱਛੇ 'ਸਿੰਘ' ਲੱਗਦਾ ਹੈ, ਪਰ ਉਹ ਦਿਖਣ ਵਿੱਚ ਸਥਾਨਕ ਬੇਲੀਜ਼ੀਅਨ ਲੱਗਦੇ ਹਨ। 1930 ਦੇ ਦਹਾਕੇ ਵਿੱਚ ਬਾਵਾ ਸਿੰਘ ਮਾਨ ਉਹ ਪਹਿਲੇ ਸਿੱਖ ਸਨ ਜੋ ਇਸ ਧਰਤੀ 'ਤੇ ਪਹੁੰਚੇ ਸਨ। ਉਨ੍ਹਾਂ ਦਾ ਪਰਿਵਾਰ ਅੱਜ ਵੀ ਬੇਲੀਜ਼ ਦੇ ਸਭ ਤੋਂ ਪ੍ਰਭਾਵਸ਼ਾਲੀ ਪਰਿਵਾਰਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ।

ਸਿੱਖਾਂ ਦੀ ਆਬਾਦੀ ਬੇਲੀਜ਼ ਵਿੱਚ ਮੁੱਠੀ ਭਰ ਹੈ (ਕੁਝ ਸੌ ਦੇ ਕਰੀਬ), ਪਰ ਆਰਥਿਕਤਾ ਵਿੱਚ ਉਨ੍ਹਾਂ ਕਾਫੀ ਵਿਕਾਸ ਕੀਤਾ ਹੈ। ਸਿੱਖਾਂ ਨੇ ਇੱਥੇ ਖੇਤੀਬਾੜੀ, ਰੀਅਲ ਐਸਟੇਟ ਅਤੇ ਰਿਟੇਲ ਕਾਰੋਬਾਰ ਵਿੱਚ ਵੱਡੀਆਂ ਪ੍ਰਾਪਤੀਆਂ ਕੀਤੀਆਂ ਹਨ। ਸਥਾਨਕ ਆਰਥਿਕਤਾ ਜੋ ਕਿ ਖੇਤੀ 'ਤੇ ਨਿਰਭਰ ਹੈ, ਉਸ ਵਿੱਚ ਸਿੱਖ ਕਾਰੋਬਾਰੀਆਂ ਨੇ ਹਜ਼ਾਰਾਂ ਲੋਕਾਂ ਨੂੰ ਰੁਜ਼ਗਾਰ ਦਿੱਤਾ ਹੋਇਆ ਹੈ। ਉਹ ਸਿਰਫ਼ ਵਪਾਰੀ ਨਹੀਂ, ਸਗੋਂ ਬੇਲੀਜ਼ ਦੇ ਨਿਰਮਾਤਾ ਵਜੋਂ ਉੱਭਰੇ ਹਨ। ਗੰਨੇ ਅਤੇ ਚੌਲਾਂ ਦੀ ਖੇਤੀ ਨੂੰ ਬੇਲੀਜ਼ ਵਿੱਚ ਕਾਮਯਾਬ ਬਣਾਉਣ ਲਈ ਪੰਜਾਬੀਆਂ ਦਾ ਵੱਡਾ ਹੱਥ ਰਿਹਾ। ਅੱਜ ਵੀ 'ਸਿੱਖ' ਅਤੇ 'ਹਿੰਦੂ' ਕਾਰੋਬਾਰੀ ਬੇਲੀਜ਼ ਦੇ ਮੁੱਖ ਸ਼ਹਿਰਾਂ ਵਿੱਚ ਪ੍ਰਚੂਨ ਅਤੇ ਹੋਰ ਵਪਾਰਕ ਖੇਤਰਾਂ ਵਿੱਚ ਮੋਹਰੀ ਹਨ। ਪੰਜਾਬੀ ਸੱਭਿਆਚਾਰ ਦਾ ਸਭ ਤੋਂ ਵੱਡਾ ਅਸਰ ਬੇਲੀਜ਼ ਦੇ ਖਾਣੇ 'ਤੇ ਪਿਆ ਹੈ। 'ਟਕਾਰੀ', ਜੋ ਕਿ ਅਸਲ ਵਿੱਚ 'ਕੜ੍ਹੀ' ਜਾਂ 'ਕਰੀ' ਦਾ ਬੇਲੀਜ਼ੀਅਨ ਰੂਪ ਹੈ, ਅੱਜ ਉੱਥੋਂ ਦੇ ਮੁੱਖ ਪਕਵਾਨਾਂ ਵਿੱਚੋਂ ਇੱਕ ਹੈ।

ਬੇਲੀਜ਼ ਵਿੱਚ ਸਿੱਖਾਂ ਨੇ ਸਿਰਫ਼ ਪੈਸਾ ਹੀ ਨਹੀਂ ਕਮਾਇਆ, ਸਗੋਂ ਰਾਜਨੀਤਿਕ ਸ਼ਕਤੀ ਵੀ ਹਾਸਲ ਕੀਤੀ ਸੀ। ਬਾਵਾ ਸਿੰਘ ਦੇ ਪੁੱਤਰ ਜਾਰਜ ਬੀ. ਸਿੰਘ ਬੇਲੀਜ਼ ਦੇ ਮੁੱਖ ਜੱਜ ਰਹਿ ਚੁੱਕੇ ਹਨ, ਜੋ ਕਿ ਕਿਸੇ ਵੀ ਦੇਸ਼ ਵਿੱਚ ਇੱਕ ਬਹੁਤ ਵੱਡਾ ਸੰਵਿਧਾਨਕ ਅਹੁਦਾ ਹੈ। ਉਨ੍ਹਾਂ ਨੇ ਸਾਲੀਸਿਟਰ ਜਨਰਲ ਅਤੇ ਡਾਇਰੈਕਟਰ ਆਫ਼ ਪਬਲਿਕ ਪ੍ਰੋਸੀਕਿਊਸ਼ਨ ਵਜੋਂ ਵੀ ਸੇਵਾ ਕੀਤੀ ਸੀ। ਪਰ ਉਨ੍ਹਾਂ ਨੇ ਬਾਅਦ ਵਿੱਚ ਈਸਾਈ ਧਰਮ ਅਪਣਾ ਲਿਆ ਸੀ।

ਜਾਰਜ ਸਿੰਘ ਦੇ ਸਪੁੱਤਰ ਡੱਗ ਸਿੰਘ ਬੇਲੀਜ਼ ਦੀ ਰਾਜਨੀਤੀ ਵਿੱਚ ਇੱਕ ਪ੍ਰਭਾਵਸ਼ਾਲੀ ਨਾਂ ਰਹੇ ਹਨ। ਉਹ ਦੇਸ਼ ਦੇ ਪੁਲਿਸ ਅਤੇ ਜਨਤਕ ਸੁਰੱਖਿਆ ਮੰਤਰੀ ਰਹੇ ਹਨ। ਇਸ ਤੋਂ ਇਲਾਵਾ ਉਨ੍ਹਾਂ ਨੇ ਸੋਸ਼ਲ ਸਕਿਉਰਿਟੀ ਬੋਰਡ ਦੇ ਚੇਅਰਮੈਨ ਵਜੋਂ ਵੀ ਅਹਿਮ ਭੂਮਿਕਾ ਨਿਭਾਈ ਸੀ। ਬੇਲੀਜ਼ ਵਿੱਚ ਫਿਲਹਾਲ ਇੱਕ ਮੁੱਖ ਗੁਰਦੁਆਰਾ ਸਾਹਿਬ ਹੈ, ਜੋ ਕਿ ਸੰਗਮਰਮਰ ਨਾਲ ਬਣਿਆ ਹੋਇਆ ਹੈ। ਇਹ ਸਿਰਫ਼ ਇੱਕ ਇਬਾਦਤਗਾਹ ਨਹੀਂ, ਸਗੋਂ ਸਿੱਖਾਂ ਦਾ ਸਮਾਜਿਕ ਕੇਂਦਰ ਵੀ ਹੈ। ਇੱਥੇ ਹਰ ਐਤਵਾਰ ਸੰਗਤ ਜੁੜਦੀ ਹੈ। ਨਵੀਂ ਪੀੜ੍ਹੀ ਨੂੰ ਪੰਜਾਬੀ ਅਤੇ ਸਿੱਖ ਇਤਿਹਾਸ ਨਾਲ ਜੋੜਨ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਂਦੇ ਹਨ। ਲੰਗਰ ਦੀ ਪ੍ਰਥਾ ਰਾਹੀਂ ਸਥਾਨਕ ਗਰੀਬ ਲੋਕਾਂ ਦੀ ਮਦਦ ਕੀਤੀ ਜਾਂਦੀ ਹੈ, ਜਿਸ ਨਾਲ ਬੇਲੀਜ਼ ਦੇ ਲੋਕਾਂ ਵਿੱਚ ਸਿੱਖਾਂ ਪ੍ਰਤੀ ਬਹੁਤ ਸਤਿਕਾਰ ਹੈ।

ਬੇਲੀਜ਼ ਵਿੱਚ ਵਿਚ ਸਿੱਖਾਂ ਦੀ ਗਿਣਤੀ ਬਹੁਤ ਘੱਟ ਸੀ ਅਤੇ ਕੋਈ ਵੱਡਾ ਸੰਗਠਿਤ ਗੁਰਦੁਆਰਾ ਨਹੀਂ ਸੀ, ਇਸ ਲਈ ਦੂਜੀ ਅਤੇ ਤੀਜੀ ਪੀੜ੍ਹੀ ਨੇ ਹੌਲੀ-ਹੌਲੀ ਉੱਥੋਂ ਦੇ ਸਥਾਨਕ ਰੀਤੀ-ਰਿਵਾਜਾਂ ਨੂੰ ਅਪਣਾ ਲਿਆ। ਕਈ ਸਿੱਖ ਪਰਿਵਾਰਾਂ ਨੇ ਈਸਾਈ ਧਰਮ ਅਪਣਾ ਲਿਆ, ਪਰ ਉਨ੍ਹਾਂ ਨੇ ਆਪਣਾ ਸਰਨੇਮ 'ਸਿੰਘ' ਬਰਕਰਾਰ ਰੱਖਿਆ। ਅੱਜ ਬੇਲੀਜ਼ ਵਿੱਚ 'ਸਿੰਘ' ਸਰਨੇਮ ਵਾਲੇ ਕਈ ਅਜਿਹੇ ਲੋਕ ਹਨ ਜੋ ਦਿਖਣ ਵਿੱਚ ਮਿਸ਼ਰਿਤ ਨਸਲ ਦੇ ਲੱਗਦੇ ਹਨ ਪਰ ਆਪਣੇ ਪੰਜਾਬੀ ਪਿਛੋਕੜ ਨੂੰ ਜਾਣਦੇ ਹਨ।

ਪਿਛਲੇ ਕੁਝ ਸਾਲਾਂ ਵਿੱਚ ਭਾਰਤ ਤੋਂ ਨਵੇਂ ਸਿੱਖ ਨੌਜਵਾਨ ਕਾਰੋਬਾਰ ਦੇ ਮਕਸਦ ਨਾਲ ਬੇਲੀਜ਼ ਜਾ ਰਹੇ ਹਨ। ਕਿਉਂਕਿ ਬੇਲੀਜ਼ ਦੀ ਆਬਾਦੀ ਬਹੁਤ ਘੱਟ ਹੈ, ਇਸ ਲਈ ਇੱਥੇ ਨਵੇਂ ਕਾਰੋਬਾਰਾਂ ਲਈ ਬਹੁਤ ਥਾਂ ਹੈ। ਬੇਲੀਜ਼ ਵਿੱਚ ਅਪਰਾਧ ਦਰ ਕਾਫ਼ੀ ਜ਼ਿਆਦਾ ਹੈ। ਇਸ ਦੇ ਬਾਵਜੂਦ, ਸਿੱਖ ਆਪਣੀ ਬਹਾਦਰ ਫਿਤਰਤ ਕਾਰਨ ਉੱਥੇ ਟਿਕੇ ਹੋਏ ਹਨ ਅਤੇ ਵਧ ਰਹੇ ਹਨ। ਕਈ ਸਿੱਖ ਬੇਲੀਜ਼ ਨੂੰ ਅਮਰੀਕਾ ਜਾਂ ਕੈਨੇਡਾ ਜਾਣ ਲਈ ਇੱਕ ਪੜਾਅ ਵਜੋਂ ਵਰਤਦੇ ਹਨ।

1990 ਦੇ ਦਹਾਕੇ ਵਿੱਚ, ਬੇਲੀਜ਼ ਸਿੱਖਾਂ ਲਈ ਇੱਕ ਅਹਿਮ 'ਟ੍ਰਾਂਜ਼ਿਟ ਪੁਆਇੰਟ' ਬਣ ਗਿਆ ਸੀ। ਕਈ ਸਿੱਖ ਪੰਜਾਬ ਤੋਂ ਆਰਥਿਕ ਤੰਗੀ ਕਾਰਨ ਅਮਰੀਕਾ ਜਾਣਾ ਚਾਹੁੰਦੇ ਸਨ। ਸਿੱਧਾ ਵੀਜ਼ਾ ਨਾ ਮਿਲਣ ਕਾਰਨ, ਉਹ ਕਿਊਬਾ ਜਾਂ ਹੋਰ ਦੇਸ਼ਾਂ ਰਾਹੀਂ ਬੇਲੀਜ਼ ਪਹੁੰਚਦੇ ਸਨ ਅਤੇ ਉੱਥੋਂ ਗੈਰ-ਕਾਨੂੰਨੀ ਤਰੀਕੇ ਨਾਲ ਸਰਹੱਦਾਂ ਪਾਰ ਕਰਕੇ ਉੱਤਰੀ ਅਮਰੀਕਾ ਜਾਣ ਦੀ ਕੋਸ਼ਿਸ਼ ਕਰਦੇ ਸਨ। ਇਸ ਕਾਰਨ ਵੀ ਬੇਲੀਜ਼ ਵਿੱਚ ਸਿੱਖਾਂ ਦੀ ਆਵਾਜਾਈ ਕਾਫ਼ੀ ਵਧੀ ਸੀ।, ਪਰ ਜਿਹੜੇ ਉੱਥੇ ਰੁਕ ਜਾਂਦੇ ਹਨ, ਉਹ ਉੱਥੋਂ ਦੇ ਸਿਸਟਮ 'ਤੇ ਛਾ ਜਾਂਦੇ ਹਨ।

# ਸਿੱਧੂ ਮੂਸੇਵਾਲਾ ਕਤਲ ਕਾਂਡ : ਸੁਪਰੀਮ ਕੋਰਟ ਵੱਲੋਂ ਪਵਨ ਬਿਸ਼ਨੋਈ ਤੇ ਜਗਤਾਰ ਨੂੰ ਜ਼ਮਾਨਤ

## ✪ ਕੇਸ ਵਿੱਚ ਪਹਿਲੀ ਵਾਰ ਮੁਲਜ਼ਮਾਂ ਨੂੰ ਮਿਲੀ ਰਾਹਤ

ਮਾਨਸਾ/ਨਵੀਂ ਦਿੱਲੀ-ਮਰਹੂਮ ਪੰਜਾਬੀ ਗਾਇਕ ਸ਼ੁਭਦੀਪ ਸਿੰਘ ਸਿੱਧੂ (ਸਿੱਧੂ ਮੂਸੇਵਾਲਾ) ਦੇ ਕਤਲ ਮਾਮਲੇ ਵਿੱਚ ਇੱਕ ਵੱਡੀ ਕਾਨੂੰਨੀ ਹਲਚਲ ਹੋਈ ਹੈ। ਸੁਪਰੀਮ ਕੋਰਟ ਨੇ ਇਸ ਹਾਈ ਪ੍ਰੋਫਾਈਲ ਕੇਸ ਵਿੱਚ ਨਾਮਜ਼ਦ ਦੋ ਮੁਲਜ਼ਮਾਂ, ਪਵਨ ਬਿਸ਼ਨੋਈ ਅਤੇ ਜਗਤਾਰ ਸਿੰਘ ਨੂੰ ਜ਼ਮਾਨਤ ਦੇ ਦਿੱਤੀ ਹੈ। ਮੂਸੇਵਾਲਾ ਕਤਲ ਕਾਂਡ ਦੇ 34 ਤੋਂ ਵੱਧ ਮੁਲਜ਼ਮਾਂ ਵਿੱਚੋਂ ਇਹ ਪਹਿਲੀ ਵਾਰ ਹੈ ਕਿ ਕਿਸੇ ਮੁਲਜ਼ਮ ਨੂੰ ਅਦਾਲਤ ਵੱਲੋਂ ਰਾਹਤ ਮਿਲੀ ਹੈ। ਇਸ ਤੋਂ ਪਹਿਲਾਂ ਹੇਠਲੀਆਂ ਅਦਾਲਤਾਂ ਅਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ



ਇਨ੍ਹਾਂ ਦੀਆਂ ਜ਼ਮਾਨਤ ਪਟੀਸ਼ਨਾਂ ਰੱਦ ਕਰ ਦਿੱਤੀਆਂ ਸਨ। ਦੋਵੇਂ ਮੁਲਜ਼ਮ ਇਸ ਵੇਲੇ ਪੰਜਾਬ ਦੀ ਗੋਬਿੰਦਗੜ੍ਹ ਜੇਲ੍ਹ ਵਿੱਚ ਬੰਦ ਹਨ।

ਮਾਨਸਾ ਪੁਲਿਸ ਦੀ ਜਾਂਚ ਮੁਤਾਬਕ ਇਨ੍ਹਾਂ ਦੋਵਾਂ ਉਪਰ ਦੋਸ਼ ਹੈ ਕਿ ਪਵਨ ਨੇ ਰਾਜਸਥਾਨ ਦੇ ਸ਼ੂਟਰਾਂ ਨੂੰ ਵਾਰਦਾਤ ਲਈ 'ਬਲੈਰੋ' ਗੱਡੀ ਮੁਹੱਈਆ ਕਰਵਾਈ ਸੀ। ਜਗਤਾਰ 'ਤੇ ਸਿੱਧੂ ਮੂਸੇਵਾਲਾ ਦੀ ਰੇਕੀ (ਜਾਸੂਸੀ) ਕਰਨ ਦੇ ਦੋਸ਼ ਲੱਗੇ ਸਨ। ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੇ ਇਸ ਜ਼ਮਾਨਤ 'ਤੇ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਸੁਪਰੀਮ ਕੋਰਟ ਵਿੱਚ ਪਰਿਵਾਰ ਵੱਲੋਂ ਕੋਈ ਪੱਖ ਨਹੀਂ ਰੱਖਿਆ ਗਿਆ ਸੀ ਅਤੇ ਉੱਥੇ ਮਾਨਸਾ ਪੁਲਿਸ ਨੇ ਹੀ ਚਾਰਾਜੋਈ ਕੀਤੀ ਹੈ। ਉਨ੍ਹਾਂ ਦੀਆਂ ਗੱਲਾਂ ਤੋਂ ਸਪੱਸ਼ਟ ਹੈ ਕਿ ਪਰਿਵਾਰ ਇਨ੍ਹਾਂ ਮੁਲਜ਼ਮਾਂ ਨੂੰ ਮਿਲੀ ਰਾਹਤ ਤੋਂ ਜਾਣੂ ਹੈ ਪਰ ਉਹ ਅਜੇ ਵੀ ਇਨਸਾਫ਼ ਦੀ ਉਡੀਕ ਵਿੱਚ ਹਨ।

# ਸੁਖਬੀਰ ਬਾਦਲ ਦੀ ਸੀਐਮ ਮਾਨ ਨੂੰ ਚੁਣੌਤੀ

# “ਇੱਕ ਵੀ ਅਜਿਹਾ ਆਈਟੀ ਪ੍ਰੋਜੈਕਟ ਦੱਸੋ ਜੋ ਤੁਸੀਂ ਪੰਜਾਬ ਲਿਆਏ ਹੋਵੋ”

## ✪ ਕਿਹਾ ਕਿ ਆਈਟੀ ਸਿਟੀ ਅਕਾਲੀ ਦਲ ਦੀ ਦੇਣ

ਬਾਘਾ ਪੁਰਾਣਾ/ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਤਿੱਖਾ ਹਮਲਾ ਕਰਦਿਆਂ ਉਨ੍ਹਾਂ ਨੂੰ ਪੰਜਾਬ ਵਿੱਚ ਨਿਵੇਸ਼ ਅਤੇ ਵਿਕਾਸ ਦੇ ਮੁੱਦੇ 'ਤੇ ਘੇਰਿਆ ਹੈ। 'ਪੰਜਾਬ ਬਚਾਓ ਮੁਹਿੰਮ' ਤਹਿਤ ਬਾਘਾ ਪੁਰਾਣਾ ਵਿੱਚ ਇੱਕ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਸੁਖਬੀਰ ਬਾਦਲ ਨੇ ਕਿਹਾ ਕਿ ਮੌਜੂਦਾ ਸਰਕਾਰ ਪਿਛਲੀ ਅਕਾਲੀ ਸਰਕਾਰ ਦੇ ਪ੍ਰਜੈਕਟਾਂ ਦਾ ਸਿਹਰਾ ਆਪਣੇ ਸਿਰ ਬੰਨ੍ਹ ਕੇ ਲੋਕਾਂ ਨੂੰ ਗੁਮਰਾਹ ਕਰ ਰਹੀ ਹੈ। ਸੁਖਬੀਰ ਬਾਦਲ ਨੇ ਦਾਅਵਾ ਕੀਤਾ ਕਿ ਮੁਹਾਲੀ ਨੂੰ 'ਆਈਟੀ ਹੱਬ' ਵਜੋਂ ਵਿਕਸਤ ਕਰਨਾ ਅਕਾਲੀ ਦਲ ਦੀ ਸੋਚ ਸੀ। ਉਨ੍ਹਾਂ ਮੁੱਖ ਮੰਤਰੀ ਨੂੰ ਸਵਾਲ ਕੀਤੇ। ਇਨਫੋਸਿਸ ਵਰਗੀਆਂ ਵੱਡੀਆਂ ਕੰਪਨੀਆਂ ਅਕਾਲੀ ਸਰਕਾਰ ਸਮੇਂ ਪੰਜਾਬ ਆਈਆਂ ਸਨ। SB, IISER ਅਤੇ IIT ਵਰਗੀਆਂ ਵਿਸ਼ਵ ਪੱਧਰੀ ਸੰਸਥਾਵਾਂ ਅਕਾਲੀ ਦਲ ਦੇ ਰਾਜ ਵਿੱਚ ਸਥਾਪਿਤ ਹੋਈਆਂਉਨ੍ਹਾਂ ਦੋਸ਼ ਲਾਇਆ ਕਿ 'ਆਪ' ਸਰਕਾਰ ਪੁਰਾਣੇ ਪ੍ਰਜੈਕਟਾਂ ਦੇ ਮੁੜ ਨੀਂਹ ਪੱਥਰ ਰੱਖਣ ਲਈ ਕੰਪਨੀ ਮੁਖੀਆਂ ਨੂੰ ਤੰਗ-ਪ੍ਰੇਸ਼ਾਨ ਕਰ ਰਹੀ ਹੈ।

### "ਵੋਟਾਂ ਖਰੀਦਣ ਲਈ ਲਿਆ ਜਾ ਰਿਹਾ ਕਰਜ਼ਾ"

ਮੁੱਖ ਮੰਤਰੀ ਦੀਆਂ ਤਸਵੀਰਾਂ 'ਤੇ ਹੋ ਰਹੇ ਖਰਚੇ ਦੀ ਨਿਖੇਧੀ ਕਰਦਿਆਂ ਸੁਖਬੀਰ ਬਾਦਲ ਨੇ ਕਿਹਾ ਕਿ ਸਰਕਾਰ ਨੇ ਇਸ਼ਤਿਹਾਰਬਾਜ਼ੀ 'ਤੇ 4400 ਕਰੋੜ ਰੁਪਏ ਉਡਾ ਦਿੱਤੇ ਹਨ, ਜਦਕਿ ਕਿਸਾਨ ਮੁਆਵਜ਼ੇ ਲਈ ਭਟਕ ਰਹੇ ਹਨ। ਔਰਤਾਂ ਨੂੰ 1000 ਰੁਪਏ ਦੇਣ ਦੇ ਫੈਸਲੇ ਨੂੰ ਉਨ੍ਹਾਂ ਨੇ 52,000 ਕਰੋੜ ਦਾ ਕਰਜ਼ਾ ਲੈ ਕੇ 'ਨਗਦੀ ਬਦਲੇ ਵੋਟਾਂ ਖਰੀਦਣ' ਦੀ ਕੋਸ਼ਿਸ਼ ਕਰਾਰ ਦਿੱਤਾ।



### ਅਕਾਲੀ ਦਲ ਦੇ ਵੱਡੇ ਐਲਾਨ (ਸੱਤਾ ਵਿੱਚ ਆਉਣ 'ਤੇ)

ਸੁਖਬੀਰ ਬਾਦਲ ਨੇ ਆਉਣ ਵਾਲੀਆਂ ਚੋਣਾਂ ਦੇ ਮੱਦੇਨਜ਼ਰ ਕਈ ਅਹਿਮ ਵਾਅਦੇ ਕੀਤੇ: ਗੈਂਗਸਟਰਾਂ ਅਤੇ ਨਸ਼ਾ ਤਸਕਰਾਂ ਵਿਰੁੱਧ ਸਖ਼ਤ ਕਾਨੂੰਨ ਲਿਆ ਕੇ ਉਨ੍ਹਾਂ ਦੀਆਂ ਜਾਇਦਾਦਾਂ ਜ਼ਬਤ ਕੀਤੀਆਂ ਜਾਣਗੀਆਂ। ਪੰਜਾਬ ਦਾ ਪਾਣੀ ਰਾਜਸਥਾਨ ਜਾਣ ਤੋਂ ਰੋਕ ਕੇ ਸੂਬੇ ਦੇ ਖੇਤਾਂ ਵੱਲ ਮੋੜਿਆ ਜਾਵੇਗਾ। ਸਰਕਾਰੀ ਤੇ ਪ੍ਰਾਈਵੇਟ ਮੈਡੀਕਲ/ਇੰਜੀਨੀਅਰਿੰਗ ਕਾਲਜਾਂ ਵਿੱਚ ਮੈਰੀਟੋਰੀਅਸ ਸਕੂਲਾਂ ਦੇ ਬੱਚਿਆਂ ਲਈ 50% ਸੀਟਾਂ ਰਾਖਵੀਆਂ ਹੋਣਗੀਆਂ। ਉੱਦਮੀ ਬਣਨ ਲਈ ਨੌਜਵਾਨਾਂ ਨੂੰ 10 ਲੱਖ ਰੁਪਏ ਦਾ ਵਿਆਜ ਮੁਕਤ ਕਰਜ਼ਾ ਦਿੱਤਾ ਜਾਵੇਗਾ। ਦਰਿਆਵਾਂ ਵਿੱਚ ਗੰਦਾ ਪਾਣੀ ਪਾਉਣ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਹੋਵੇਗੀ ਤਾਂ ਜੋ ਮਾਲਵਾ ਵਿੱਚ ਕੈਂਸਰ ਵਰਗੀਆਂ ਬਿਮਾਰੀਆਂ 'ਤੇ ਨਕੇਲ ਪਾਈ ਜਾ ਸਕੇ।

## ਚੌਧਰੀ ਮੋਹਨ ਲਾਲ ਬੰਗਾ ਭਾਜਪਾ ਛੱਡ ਕੇ ਅਕਾਲੀ ਦਲ ਬਾਦਲ ਵਿੱਚ ਸ਼ਾਮਲ



ਬਾਘਾ ਪੁਰਾਣਾ ਦੀ ਪੰਜਾਬ ਬਚਾਓ ਰੈਲੀ ਵਿੱਚ ਸ਼੍ਰੋਮਣੀ ਅਕਾਲੀ ਦਲ ਨੂੰ ਉਸ ਸਮੇਂ ਹੁੰਗਾਰਾ ਮਿਲਿਆ ਜਦੋਂ ਭਾਜਪਾ ਦੇ ਸਾਬਕਾ ਮੰਤਰੀ ਚੌਧਰੀ ਸਵਰਨਾ ਰਾਮ ਦੇ ਪੁੱਤਰ ਤੇ ਦੋ ਵਾਰ ਵਿਧਾਇਕ ਰਹੇ ਚੌਧਰੀ ਮੋਹਨ ਲਾਲ ਬੰਗਾ ਭਾਜਪਾ ਛੱਡ ਕੇ ਸ਼੍ਰੋਮਣੀਅਕਾਲੀ ਦਲ ਵਿੱਚ ਸ਼ਾਮਲ ਹੋ ਗਏ। ਇਸ ਮੌਕੇ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਬਿਕਰਮ ਸਿੰਘ ਮਜੀਠੀਆ ਅਤੇ ਸੀਨੀਅਰ ਲੀਡਰਸ਼ਿਪ ਨੇ ਉਨ੍ਹਾਂ ਨੂੰ ਅਕਾਲੀ ਦਲ ਸ਼ਾਮਲ ਹੋਣ ਤੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ।

# ਪਰਗਟ ਸਿੰਘ ਵਲੋਂ ਕੇਜਰੀਵਾਲ ਦੀ ਸਖ਼ਤ ਆਲੋਚਨਾ

## ✪ "ਦਰਬਾਰ ਸਾਹਿਬ ਮੱਥਾ ਟੇਕਣ ਤੋਂ ਪਹਿਲਾਂ ਬੇਅਦਬੀ ਦੇ ਇਨਸਾਫ਼ ਦਾ ਹਿਸਾਬ ਦੇਣ ਚਾਹੀਦਾ ਸੀ"

ਜਲੰਧਰ-ਕਾਂਗਰਸ ਦੇ ਸੀਨੀਅਰ ਆਗੂ ਅਤੇ ਵਿਧਾਇਕ ਪਰਗਟ ਸਿੰਘ ਨੇ ਆਮ ਆਦਮੀ ਪਾਰਟੀ (ਆਪ) ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਦੇ ਸ੍ਰੀ ਦਰਬਾਰ ਸਾਹਿਬ ਦੌਰੇ ਦੌਰਾਨ ਉਨ੍ਹਾਂ ਵਿਰੁੱਧ ਤਿੱਖਾ ਮੋਰਚਾ ਖੋਲ੍ਹ ਦਿੱਤਾ ਹੈ। ਪਰਗਟ ਸਿੰਘ ਨੇ ਕੇਜਰੀਵਾਲ ਨੂੰ ਸਵਾਲ ਕੀਤਾ ਹੈ ਕਿ ਉਹ ਪੰਜਾਬੀਆਂ ਨੂੰ ਆਪਣੀ ਉਸ 'ਪਹਿਲੀ ਗਾਰੰਟੀ' ਬਾਰੇ ਜਵਾਬ ਦੇਣ, ਜਿਸ ਵਿੱਚ ਉਨ੍ਹਾਂ ਨੇ ਬੇਅਦਬੀ ਕੇਸਾਂ ਵਿੱਚ ਤੁਰੰਤ ਇਨਸਾਫ਼ ਦਿਵਾਉਣ ਦਾ ਵਾਅਦਾ ਕੀਤਾ ਸੀ। ਪਰਗਟ ਸਿੰਘ ਨੇ ਸਰਕਾਰ ਦੀ ਕਾਰਗੁਜ਼ਾਰੀ 'ਤੇ ਸਵਾਲ ਚੁੱਕਦਿਆਂ ਕਿਹਾ: ਕਿ ਸਰਕਾਰ ਵੱਲੋਂ ਪੰਜ ਬਜਟ ਪੇਸ਼ ਕੀਤੇ ਜਾ ਚੁੱਕੇ ਹਨ, ਪਰ ਬੇਅਦਬੀ ਕਾਂਡ ਦੀ ਜਾਂਚ ਵਿੱਚ "ਇੱਕ ਇੰਚ" ਵੀ ਪ੍ਰਗਤੀ ਨਹੀਂ ਹੋਈ। ਉਨ੍ਹਾਂ ਸਵਾਲ ਕੀਤਾ ਕਿ ਡੇਰਾ ਮੁਖੀ ਰਾਮ ਰਹੀਮ ਵਿਰੁੱਧ ਕੇਸ ਚਲਾਉਣ ਦੀ ਪ੍ਰਵਾਨਗੀ ਸਰਕਾਰ ਵੱਲੋਂ ਕਿਉਂ ਰੋਕ ਕੇ ਰੱਖੀ ਗਈ ਹੈ?

'ਆਪ' ਅਤੇ ਭਾਜਪਾ ਦੀ ਕਥਿਤ ਮਿਲੀਭੁਗਤ-ਕਾਂਗਰਸੀ ਆਗੂ ਨੇ ਗੰਭੀਰ ਇਲਜ਼ਾਮ ਲਗਾਉਂਦਿਆਂ ਕਿਹਾ ਕਿ "ਆਮ ਆਦਮੀ ਪਾਰਟੀ ਅਤੇ ਭਾਜਪਾ ਕਥਿਤ ਤੌਰ 'ਤੇ ਮਿਲ ਕੇ ਬੇਅਦਬੀ ਦੇ ਦੋਸ਼ੀਆਂ ਦੀ ਪੁਸ਼ਤਪਨਾਹੀ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਦੋਵੇਂ ਪਾਰਟੀਆਂ ਨੇ ਮਿਲ ਕੇ ਦੋਸ਼ੀਆਂ ਨੂੰ ਸ਼ਹਿ ਦਿੱਤੀ ਹੈ, ਜਿਸ ਕਾਰਨ ਸਿੱਖ ਕੌਮ ਅਜੇ ਵੀ ਇਨਸਾਫ਼ ਲਈ ਭਟਕ ਰਹੀ ਹੈ। ਸਰਕਾਰ ਦਾਅਵੇ ਕਰ ਰਹੀ ਹੈ ਕਿ ਸਾਰੀਆਂ ਗਾਰੰਟੀਆਂ ਪੂਰੀਆਂ ਹੋ ਗਈਆਂ ਹਨ, ਪਰ ਪੰਜਾਬੀਆਂ ਲਈ ਸਭ ਤੋਂ ਮਹੱਤਵਪੂਰਨ 'ਪਹਿਲੀ ਗਾਰੰਟੀ' (ਬੇਅਦਬੀ ਦਾ ਇਨਸਾਫ਼) ਅਜੇ ਵੀ ਅਧੂਰੀ ਹੈ।"



ਪਰਗਟ ਸਿੰਘ ਨੇ ਕਿਹਾ ਕਿ ਕੇਜਰੀਵਾਲ ਨੂੰ ਪਵਿੱਤਰ ਅਸਥਾਨ 'ਤੇ ਨਤਮਸਤਕ ਹੋਣ ਤੋਂ ਪਹਿਲਾਂ ਇਹ ਸਪੱਸ਼ਟ ਕਰਨਾ ਚਾਹੀਦਾ ਹਸੀ ਕਿ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਮਾਮਲਿਆਂ ਵਿੱਚ ਹੁਣ ਤੱਕ ਕੀ ਕਾਰਵਾਈ ਕੀਤੀ ਹੈ। ਉਨ੍ਹਾਂ ਸਰਕਾਰ ਦੇ ਉਨ੍ਹਾਂ ਦਾਅਵਿਆਂ ਨੂੰ ਵੀ ਨਿਖੇਧੀ ਕੀਤੀ ਜਿਨ੍ਹਾਂ ਵਿੱਚ ਕਿਹਾ ਜਾ ਰਿਹਾ ਹੈ ਕਿ ਹੁਣ ਪੰਜਾਬ ਵਿੱਚ ਕੋਈ ਕੰਮ ਬਾਕੀ ਨਹੀਂ ਰਿਹਾ। ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੇ ਸ੍ਰੀ ਹਰਿਮੰਦਰ ਸਾਹਿਬ ਦੀ ਯਾਤਰਾ ਕਾਰਣ ਪੰਜਾਬ ਦੀ ਸਿਆਸਤ ਇੱਕ ਵਾਰ ਫਿਰ ਭੱਖ ਗਈ ਹੈ ਅਤੇ ਵਿਰੋਧੀ ਧਿਰਾਂ ਬੇਅਦਬੀ ਦੇ ਮੁੱਦੇ 'ਤੇ ਸਰਕਾਰ ਨੂੰ ਘੇਰ ਰਹੀਆਂ ਹਨ।

### ਸ਼੍ਰੋਮਣੀ ਕਮੇਟੀ ਪ੍ਰਧਾਨ ਧਾਮੀ ਦੀ ਪ੍ਰਿੰਸੀਪਲਾਂ ਨਾਲ ਅਹਿਮ ਮੀਟਿੰਗ

# ਸਿੱਖਿਆ ਦੇ ਮਿਆਰ ਨੂੰ ਸੁਧਾਰਨ ਲਈ ਦਿੱਤੀ ਚੇਤਾਵਨੀ

ਚੰਡੀਗੜ੍ਹ/ਮੋਹਾਲੀ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਚੱਲ ਰਹੇ ਵਿਦਿਅਕ ਅਦਾਰਿਆਂ ਦੀ ਸਥਿਤੀ ਨੂੰ ਲੈ ਕੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅੱਜ ਇੱਕ ਅਹਿਮ ਮੀਟਿੰਗ ਕੀਤੀ। ਚੰਡੀਗੜ੍ਹ ਸਥਿਤ ਉਪ-ਦਫ਼ਤਰ ਵਿਖੇ ਹੋਈ ਇਸ ਮੀਟਿੰਗ ਵਿੱਚ ਕਾਲਜਾਂ ਦੇ ਪ੍ਰਿੰਸੀਪਲਾਂ ਨਾਲ ਅਕਾਦਮਿਕ, ਪ੍ਰਬੰਧਕੀ ਅਤੇ ਵਿੱਤੀ ਮੁੱਦਿਆਂ 'ਤੇ ਡੂੰਘੀ ਚਰਚਾ ਕੀਤੀ ਗਈ। ਮੀਟਿੰਗ ਦੌਰਾਨ ਐਡਵੋਕੇਟ ਧਾਮੀ ਨੇ ਸਿੱਖਿਆ ਦੇ ਡਿਗਦੇ ਮਿਆਰ ਅਤੇ ਕੁਝ ਸੰਸਥਾਵਾਂ ਦੀ ਕਮਜ਼ੋਰ ਵਿੱਤੀ ਹਾਲਤ 'ਤੇ ਚਿੰਤਾ ਪ੍ਰਗਟਾਈ। ਮੀਟਿੰਗ ਦੇ ਮੁੱਖ ਪਹਿਲੂ ਹੇਠ ਲਿਖੇ ਅਨੁਸਾਰ ਹਨ। ਐਡਵੋਕੇਟ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਉੱਚ ਗੁਣਵੱਤਾ ਵਾਲੀ ਸਿੱਖਿਆ ਪ੍ਰਦਾਨ ਕਰਨ ਲਈ ਵਚਨਬੱਧ ਹੈ ਅਤੇ ਇਸ ਮਿਸ਼ਨ ਨੂੰ ਮਜ਼ਬੂਤੀ ਨਾਲ ਅੱਗੇ ਵਧਾਇਆ ਜਾਵੇਗਾ। ਉਨ੍ਹਾਂ ਸਪਸ਼ਟ ਕੀਤਾ ਕਿ ਪ੍ਰਿੰਸੀਪਲਾਂ ਅਤੇ ਅਧਿਆਪਕਾਂ ਦੀ ਇਹ ਜ਼ਿੰਮੇਵਾਰੀ ਹੈ ਕਿ ਉਹ ਨਾ ਸਿਰਫ਼ ਮਿਆਰੀ ਸਿੱਖਿਆ ਦੇਣ, ਸਗੋਂ ਸੰਸਥਾ ਦੀ ਸਾਖ ਨੂੰ ਵੀ ਬਰਕਰਾਰ ਰੱਖਣ। ਕਿਸੇ ਵੀ ਸੰਸਥਾ ਦੇ ਵਜੂਦ ਲਈ ਵਿਦਿਆਰਥੀਆਂ ਦੀ ਲੋੜੀਂਦੀ ਗਿਣਤੀ ਅਤੇ ਵਿੱਤੀ ਮਜ਼ਬੂਤੀ ਲਾਜ਼ਮੀ ਹੈ। "ਜੇਕਰ ਸੰਸਥਾਵਾਂ ਦੀ ਹਾਲਤ ਵਿੱਚ ਸੁਧਾਰ ਨਾ ਆਇਆ, ਤਾਂ ਭਵਿੱਖ ਵਿੱਚ ਕਠੋਰ ਫੈਸਲੇ ਲੈਂਦਿਆਂ ਕਮਜ਼ੋਰ ਅਦਾਰਿਆਂ ਨੂੰ ਦੂਜੀਆਂ ਸੰਸਥਾਵਾਂ ਵਿੱਚ ਮਿਲਾਇਆ ਜਾ ਸਕਦਾ ਹੈ।"




ਪ੍ਰਧਾਨ ਧਾਮੀ ਨੇ ਸਖ਼ਤ ਸ਼ਬਦਾਂ ਵਿੱਚ ਕਿਹਾ ਕਿ ਜੋ ਵਿਦਿਅਕ ਅਦਾਰੇ ਮੌਜੂਦਾ ਸਮੇਂ ਵਿੱਚ ਕਮਜ਼ੋਰ ਚੱਲ ਰਹੇ ਹਨ, ਉਨ੍ਹਾਂ ਦੇ ਸਟਾਫ ਨੂੰ ਵਧੇਰੇ ਮਿਹਨਤ ਕਰਨੀ ਪਵੇਗੀ। ਉਨ੍ਹਾਂ ਸੰਕੇਤ ਦਿੱਤਾ ਕਿ ਪ੍ਰਬੰਧਕੀ ਪੱਧਰ 'ਤੇ ਵੱਡੇ ਬਦਲਾਅ ਕੀਤੇ ਜਾ ਸਕਦੇ ਹਨ ਤਾਂ ਜੋ ਸਿੱਖਿਆ ਦੇ ਉੱਚ ਮਿਆਰ ਨੂੰ ਕਾਇਮ ਰੱਖਿਆ ਜਾ ਸਕੇ। ਇਸ ਮੀਟਿੰਗ ਵਿਚ ਸੀਨੀਅਰ ਆਗੂ ਤੇ ਅਧਿਕਾਰੀ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਅੰਤ੍ਰਿੰਗ ਮੈਂਬਰ ਬੀਬੀ ਹਰਜਿੰਦਰ ਕੌਰ, ਅਮਰਜੀਤ ਸਿੰਘ ਚਾਵਲਾ, ਸੁਰਜੀਤ ਸਿੰਘ, ਗੁਰਬਖਸ਼ ਸਿੰਘ ਖਾਲਸਾ, ਸਕੱਤਰ ਵਿੱਦਿਆ ਸੁਖਮਿੰਦਰ ਸਿੰਘ ਸ਼ਾਮਲ ਸਨ।

# ਅਮਰੀਕਾ 'ਚ ਭਾਰਤੀ ਮੂਲ ਦੇ ਸਾਵਨੀ ਭਰਾਵਾਂ ਨੂੰ ਹੋ ਸਕਦੀ ਹੈ 400 ਸਾਲ ਤੋਂ ਵੱਧ ਦੀ ਸਜ਼ਾ!

## ਖਾਸ ਖਬਰ ✪ ਡਾਲਰਾਂ ਦੀ ਧੋਖਾਧੜੀ: 30 ਮਿਲੀਅਨ ਡਾਲਰ ਦੇ ਮੈਡੀਕਲ ਘੁਟਾਲੇ ਦਾ ਪਰਦਾਫਾਸ਼

ਅਮਰੀਕਾ ਵਿੱਚ ਕਰੋੜਾਂ ਡਾਲਰਾਂ ਦੀ ਧੋਖਾਧੜੀ ਦੇ ਮਾਮਲੇ ਵਿੱਚ ਭਾਰਤੀ ਮੂਲ ਦੇ ਦੋ ਭਰਾਵਾਂ, ਭਾਸਕਰ ਸਾਵਨੀ ਅਤੇ ਅਰੁਣ ਸਾਵਨੀ ਨੂੰ ਦੋਸ਼ੀ ਕਰਾਰ ਦਿੱਤਾ ਗਿਆ ਹੈ। ਇਹ ਮਾਮਲਾ ਕਾਫੀ ਹੈਰਾਨ ਕਰਨ ਵਾਲਾ ਹੈ ਕਿਉਂਕਿ ਇਸ ਵਿੱਚ ਨਾ ਸਿਰਫ ਪੈਸੇ ਦੀ ਹੇਰਾਫੇਰੀ ਹੋਈ, ਸਗੋਂ ਲੋਕਾਂ ਦੀ ਸਿਹਤ ਨਾਲ ਵੀ ਖਿਲਵਾੜ ਕੀਤਾ ਗਿਆ। ਪੈਨਸਿਲਵੇਨੀਆ ਵਿੱਚ 'ਸਾਵਨੀ ਗਰੁੱਪ' ਚਲਾਉਣ ਵਾਲੇ ਇਹਨਾਂ ਭਰਾਵਾਂ ਵਿੱਚੋਂ ਭਾਸਕਰ ਸਾਵਨੀ ਇੱਕ ਡੈਂਟਿਸਟ ਹੈ, ਜਦਕਿ ਅਰੁਣ ਸਾਵਨੀ ਬਿਜ਼ਨਸ ਆਪਰੇਸ਼ਨ ਸੰਭਾਲਦਾ ਸੀ। ਇਸ ਗਰੁੱਪ ਨੇ ਸਿਸਟਮ ਦੀਆਂ ਕਮੀਆਂ ਦਾ ਫਾਇਦਾ ਚੁੱਕ ਕੇ ਕਈ ਤਰ੍ਹਾਂ ਦੇ ਅਪਰਾਧ ਕੀਤੇ:

ਲਗਭਗ 30 ਮਿਲੀਅਨ ਡਾਲਰ ਦੇ ਫਰਜ਼ੀ ਮੈਡੀਕੇਡ ਦਾਅਵੇ ਕੀਤੇ ਗਏ। ਦੂਜੇ ਡਾਕਟਰਾਂ ਦੇ ਨੰਬਰ ਵਰਤ ਕੇ ਝੂਠੇ ਬਿੱਲ ਬਣਾਏ ਗਏ ਅਤੇ ਬਿਨਾਂ ਲਾਇਸੈਂਸ ਵਾਲੇ ਡੈਂਟਿਸਟਾਂ ਤੋਂ ਕੰਮ ਕਰਵਾਇਆ ਗਿਆ। ਸਭ ਤੋਂ ਵੱਡਾ ਖੁਲਾਸਾ ਇਹ ਹੋਇਆ ਕਿ ਮਰੀਜ਼ਾਂ ਦੇ ਜਿਸਮ ਵਿੱਚ ਅਜਿਹੇ ਡੈਂਟਲ ਇਮਪਲਾਂਟ ਲਗਾਏ ਗਏ ਜੋ ਐਫਡੀਏ ਦੁਆਰਾ ਮਨਜ਼ੂਰ ਨਹੀਂ ਸਨ ਅਤੇ ਜਿਨ੍ਹਾਂ 'ਤੇ "ਇਨਸਾਨਾਂ ਲਈ ਨਹੀਂ" ਦਾ ਲੇਬਲ ਲੱਗਾ ਹੋਇਆ ਸੀ। ਭਾਰਤੀ ਅਤੇ ਹੋਰ ਵਿਦੇਸ਼ੀ ਕਾਮਿਆਂ ਦੇ ਨਾਂ 'ਤੇ ਫਰਜ਼ੀ



ਵੀਜ਼ਾ ਅਰਜ਼ੀਆਂ ਦਿੱਤੀਆਂ ਗਈਆਂ ਅਤੇ ਉਨ੍ਹਾਂ ਦੀ ਤਨਖਾਹ ਦਾ ਇੱਕ ਹਿੱਸਾ ਜ਼ਬਰਦਸਤੀ ਵਾਪਸ ਲਿਆ ਗਿਆ। ਕਰੋੜਾਂ ਡਾਲਰ ਦੀ ਆਮਦਨ ਛੁਪਾਈ ਗਈ ਅਤੇ ਨਿੱਜੀ ਖਰਚਿਆਂ (ਜਿਵੇਂ ਬੱਚਿਆਂ ਦੀ ਫੀਸ ਅਤੇ ਘਰ ਦੀ ਸਾਂਭ-ਸੰਭਾਲ) ਨੂੰ ਬਿਜ਼ਨਸ ਖਰਚਾ ਦਿਖਾਇਆ ਗਿਆ।

ਇਹਨਾਂ ਭਰਾਵਾਂ ਨੂੰ ਸੈਂਕੜੇ ਸਾਲਾਂ ਦੀ ਸਜ਼ਾ ਹੋ ਸਕਦੀ ਹੈ, ਜਿਸ ਦਾ ਅੰਤਿਮ ਫੈਸਲਾ ਜੁਲਾਈ 2026 ਵਿੱਚ ਸੁਣਾਇਆ ਜਾਵੇਗਾ:

| ਦੋਸ਼ੀ | ਸੰਭਾਵੀ ਸਜ਼ਾ | ਫੈਸਲੇ ਦੀ ਤਰੀਕ |
|---|---|---|
| ਭਾਸਕਰ ਸਾਵਨੀ | 420 ਸਾਲ | 8 ਜੁਲਾਈ, 2026 |
| ਅਰੁਣ ਸਾਵਨੀ | 415 ਸਾਲ | 9 ਜੁਲਾਈ, 2026 |

ਜਾਂਚ ਦੌਰਾਨ ਇਹ ਵੀ ਪਤਾ ਲੱਗਾ ਕਿ ਦੋਸ਼ ਲੱਗਣ ਦੇ ਬਾਵਜੂਦ ਇਹ ਭਰਾ ਸੋਸ਼ਲ ਮੀਡੀਆ 'ਤੇ ਵੱਡੇ ਅਧਿਕਾਰੀਆਂ ਨਾਲ ਆਪਣੀਆਂ ਮੁਲਾਕਾਤਾਂ ਦੀਆਂ ਫੋਟੋਆਂ ਪਾ ਕੇ ਆਪਣਾ ਰਸੂਖ ਦਿਖਾਉਣ ਦੀ ਕੋਸ਼ਿਸ਼ ਕਰਦੇ ਰਹੇ ਸਨ।

# ਕੈਨੇਡਾ ਭੇਜਣ ਅਤੇ ਵਰਕ ਪਰਮਿੱਟ ਦੇ ਨਾਂ 'ਤੇ 28 ਲੱਖ ਦੀ ਠੱਗੀ

## ✪ ਕਪੂਰਥਲਾ ਦੇ ਇੰਮੀਗ੍ਰੇਸ਼ਨ ਮਾਲਕ ਵਿਰੁੱਧ ਕੇਸ ਦਰਜ

ਫਿਰੋਜ਼ਪੁਰ-ਵਿਦੇਸ਼ ਭੇਜਣ ਅਤੇ ਉੱਥੇ ਰੁਜ਼ਗਾਰ ਦਿਵਾਉਣ ਦੇ ਨਾਂ 'ਤੇ ਭੋਲੇ-ਭਾਲੇ ਲੋਕਾਂ ਨੂੰ ਲੁੱਟਣ ਵਾਲੇ ਏਜੰਟਾਂ ਦਾ ਜਾਲ ਲਗਾਤਾਰ ਫੈਲ ਰਿਹਾ ਹੈ। ਤਾਜ਼ਾ ਮਾਮਲਾ ਫਿਰੋਜ਼ਪੁਰ ਦੇ ਥਾਣਾ ਕੁੱਲਗੜ੍ਹੀ ਤੋਂ ਸਾਹਮਣੇ ਆਇਆ ਹੈ, ਜਿੱਥੇ ਇੱਕ ਪਰਿਵਾਰ ਨਾਲ 28 ਲੱਖ ਰੁਪਏ ਦੀ ਵੱਡੀ ਠੱਗੀ ਮਾਰੀ ਗਈ ਹੈ। ਸ਼ਿਕਾਇਤਕਰਤਾ ਸਵਰਨ ਸਿੰਘ (ਵਾਸੀ ਬਸਤੀ ਢਾਬ ਵਾਲੀ) ਨੇ ਪੁਲਿਸ ਨੂੰ ਦੱਸਿਆ ਕਿ ਉਸ ਨੇ ਆਪਣੀ ਨੂੰਹ ਸਮਾਇਲਦੀਪ ਕੌਰ ਨੂੰ ਕੈਨੇਡਾ ਭੇਜਣ ਲਈ 'ਸਾਂਝ ਇੰਮੀਗ੍ਰੇਸ਼ਨ ਕਪੂਰਥਲਾ' ਦੇ ਮਾਲਕ ਸੁਰਜੀਤ ਸਿੰਘ ਨਾਲ ਰਾਬਤਾ ਕੀਤਾ ਸੀ।

ਮੁਲਜ਼ਮ ਨੇ ਵਰਕ ਪਰਮਿੱਟ ਦਿਵਾਉਣ ਦੇ ਬਹਾਨੇ ਵੱਖ-ਵੱਖ ਸਮਿਆਂ 'ਤੇ ਕੁੱਲ 28 ਲੱਖ ਰੁਪਏ ਵਸੂਲੇ। ਏਜੰਟ ਵੱਲੋਂ ਦਿੱਤੇ ਗਏ ਐੱਲ. ਐੱਮ. ਆਈ. ਏ. ਅਤੇ ਵਰਕ ਪਰਮਿੱਟ ਜਾਂਚ ਦੌਰਾਨ ਜਾਅਲੀ ਪਾਏ ਗਏ। ਪੀੜਤ ਪਰਿਵਾਰ ਅਨੁਸਾਰ ਜਦੋਂ ਸਮਾਇਲਦੀਪ ਕੌਰ ਆਪਣੇ ਪਤੀ ਨਾਲ ਕੈਨੇਡਾ ਪਹੁੰਚੀ, ਤਾਂ ਉੱਥੇ ਜਾ ਕੇ ਉਨ੍ਹਾਂ ਦੇ ਹੋਸ਼ ਉੱਡ ਗਏ। ਜਿਸ ਫਰਮ ਦਾ ਪਤਾ ਐਗਰੀਮੈਂਟ ਵਿੱਚ ਦਿੱਤਾ ਗਿਆ ਸੀ, ਉੱਥੇ ਅਜਿਹੀ ਕੋਈ ਵੀ ਕੰਪਨੀ ਜਾਂ ਕੰਮ ਵਾਲੀ ਥਾਂ ਮੌਜੂਦ ਨਹੀਂ ਸੀ। ਮੁਲਜ਼ਮ ਨੇ ਨਾ ਤਾਂ ਵਾਅਦੇ ਮੁਤਾਬਕ ਕੰਮ ਦਿਵਾਇਆ ਅਤੇ ਨਾ ਹੀ ਬਾਅਦ ਵਿੱਚ ਪੈਸੇ ਵਾਪਸ ਕੀਤੇ।

ਪੁਲਿਸ ਕਾਰਵਾਈ-ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਮਲਕੀਤ ਕੁਮਾਰ ਨੇ ਦੱਸਿਆ ਕਿ ਪੀੜਤ ਵੱਲੋਂ 9 ਸਤੰਬਰ 2025 ਨੂੰ ਦਿੱਤੀ ਗਈ ਦਰਖ਼ਾਸਤ ਦੀ ਡੂੰਘਾਈ ਨਾਲ ਪੜਤਾਲ ਕਰਨ ਤੋਂ ਬਾਅਦ ਦੋਸ਼ੀ ਸੁਰਜੀਤ ਸਿੰਘ ਖ਼ਿਲਾਫ਼ ਮਾਮਲਾ ਦਰਜ ਕੀਤਾ ਗਿਆ ਹੈ।

# ਵਿਆਹ ਦਾ ਝਾਂਸਾ ਦੇ ਕੇ ਮੁਟਿਆਰ ਨਾਲ ਜਿਨਸੀ ਸ਼ੋਸ਼ਣ

## ✪ ਸ਼ਾਤਰ ਠੱਗ ਨੇ 24 ਲੱਖ ਰੁਪਏ ਵੀ ਹੜੱਪੇ



ਲੁਧਿਆਣਾ-ਉਦਯੋਗਿਕ ਨਗਰ ਲੁਧਿਆਣਾ ਵਿੱਚ ਪਿਆਰ ਅਤੇ ਵਿਆਹ ਦਾ ਝਾਂਸਾ ਦੇ ਕੇ ਇੱਕ ਮੁਟਿਆਰ ਦੀ ਪੱਤ ਰੋਲਣ ਅਤੇ ਉਸ ਨਾਲ ਲੱਖਾਂ ਰੁਪਏ ਦੀ ਧੋਖਾਧੜੀ ਕਰਨ ਦਾ ਸਨਸਨੀਖੇਜ਼ ਮਾਮਲਾ ਸਾਹਮਣੇ ਆਇਆ ਹੈ। ਪੁਲਿਸ ਨੇ ਸ਼ਿਕਾਇਤ ਦੇ ਅਧਾਰ 'ਤੇ ਮੁਲਜ਼ਮ ਵਿਰੁੱਧ ਗੰਭੀਰ ਧਾਰਾਵਾਂ ਤਹਿਤ ਕੇਸ ਦਰਜ ਕਰ ਲਿਆ ਹੈ। ਥਾਣਾ ਡਵੀਜ਼ਨ ਨੰਬਰ 4 ਦੀ ਪੁਲਿਸ ਨੇ ਪੀੜਤਾ ਦੇ ਬਿਆਨਾਂ ਅਤੇ ਜਾਂਚ ਤੋਂ ਬਾਅਦ ਮੁਲਜ਼ਮ ਮੁਹੰਮਦ ਅਕਬਰ ਜ਼ੈਦੀ ਵਿਰੁੱਧ ਮਾਮਲਾ ਦਰਜ ਕੀਤਾ ਹੈ।

ਪੁਲਿਸ ਜਾਂਚ ਵਿੱਚ ਸਾਹਮਣੇ ਆਏ ਮੁੱਖ ਤੱਥ ਇਸ ਪ੍ਰਕਾਰ ਹਨ:

ਵਿਆਹ ਦਾ ਝਾਂਸਾ: ਮੁਲਜ਼ਮ ਨੇ ਪੀੜਤ ਮੁਟਿਆਰ ਨੂੰ ਆਪਣੇ ਪਿਆਰ ਦੇ ਜਾਲ ਵਿੱਚ ਫਸਾਇਆ ਅਤੇ ਵਿਆਹ ਦਾ ਸੁਪਨਾ ਦਿਖਾਇਆ।

ਜਿਨਸੀ ਸ਼ੋਸ਼ਣ: ਵਿਆਹ ਦਾ ਭਰੋਸਾ ਦੇ ਕੇ ਮੁਲਜ਼ਮ ਲੰਬੇ ਸਮੇਂ ਤੱਕ ਪੀੜਤਾ ਨਾਲ ਸਰੀਰਕ ਸਬੰਧ ਬਣਾਉਂਦਾ ਰਿਹਾ ਅਤੇ ਉਸ ਦਾ ਜਿਨਸੀ ਸ਼ੋਸ਼ਣ ਕੀਤਾ।

24 ਲੱਖ ਦੀ ਠੱਗੀ: ਸਰੀਰਕ ਸ਼ੋਸ਼ਣ ਦੇ ਨਾਲ-ਨਾਲ ਮੁਲਜ਼ਮ ਨੇ ਪੀੜਤਾ ਨੂੰ ਭਰੋਸੇ ਵਿੱਚ ਲੈ ਕੇ ਉਸ ਕੋਲੋਂ 24 ਲੱਖ ਰੁਪਏ ਦੀ ਮੋਟੀ ਰਕਮ ਵੀ ਠੱਗ ਲਈ।

ਕਿਵੇਂ ਹੋਇਆ ਖੁਲਾਸਾ?-ਜਦੋਂ ਪੀੜਤਾ ਨੇ ਮੁਲਜ਼ਮ 'ਤੇ ਵਿਆਹ ਕਰਨ ਲਈ ਦਬਾਅ ਬਣਾਇਆ ਅਤੇ ਆਪਣੇ ਦਿੱਤੇ ਹੋਏ ਪੈਸਿਆਂ ਦਾ ਹਿਸਾਬ ਮੰਗਿਆ, ਤਾਂ ਮੁਲਜ਼ਮ ਆਪਣੀ ਗੱਲ ਤੋਂ ਮੁਕਰ ਗਿਆ। ਉਸ ਨੇ ਪੀੜਤਾ ਨਾਲ ਵਿਆਹ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ, ਜਿਸ ਤੋਂ ਬਾਅਦ ਮੁਟਿਆਰ ਨੇ ਇਨਸਾਫ਼ ਲਈ ਪੁਲਿਸ ਦਾ ਦਰਵਾਜ਼ਾ ਖੜਕਾਇਆ। ਪੁਲਿਸ ਅਧਿਕਾਰੀਆਂ ਅਨੁਸਾਰ ਮਾਮਲੇ ਦੀ ਡੂੰਘਾਈ ਨਾਲ ਪੜਤਾਲ ਕੀਤੀ ਗਈ ਹੈ। ਮੁਲਜ਼ਮ ਮੁਹੰਮਦ ਅਕਬਰ ਜ਼ੈਦੀ ਫਿਲਹਾਲ ਫ਼ਰਾਰ ਦੱਸਿਆ ਜਾ ਰਿਹਾ ਹੈ। ਪੁਲਿਸ ਨੇ ਉਸ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਸ਼ੁਰੂ ਕਰ ਦਿੱਤੀ ਹੈ।

# 'ਹਨੀ ਟ੍ਰੈਪ' ਲਗਾ ਕੇ ਲੁੱਟਣ ਵਾਲੇ 11 ਮੈਂਬਰੀ ਗਿਰੋਹ ਦਾ ਪਰਦਾਫਾਸ਼

## ✪ ਪਤੀ-ਪਤਨੀ ਅਤੇ ਸਕੀਆਂ ਭੈਣਾਂ ਸਮੇਤ 8 ਔਰਤਾਂ ਗ੍ਰਿਫ਼ਤਾਰ

ਬਠਿੰਡਾ-ਬਠਿੰਡਾ ਪੁਲਿਸ ਨੇ ਸ਼ਹਿਰ ਵਿੱਚ ਭੋਲੇ-ਭਾਲੇ ਲੋਕਾਂ ਨੂੰ ਆਪਣੇ ਜਾਲ ਵਿੱਚ ਫਸਾ ਕੇ ਲੁੱਟਣ ਵਾਲੇ ਇੱਕ ਵੱਡੇ 'ਹਨੀ ਟ੍ਰੈਪ' ਗਿਰੋਹ ਨੂੰ ਕਾਬੂ ਕਰਨ ਵਿੱਚ ਸਫ਼ਲਤਾ ਹਾਸਲ ਕੀਤੀ ਹੈ। ਪੁਲਿਸ ਨੇ ਇਸ ਮਾਮਲੇ ਵਿੱਚ ਕੁੱਲ 11 ਮੈਂਬਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਨ੍ਹਾਂ ਵਿੱਚ 8 ਔਰਤਾਂ ਅਤੇ 3 ਮਰਦ ਸ਼ਾਮਲ ਹਨ।


ਪੁਲਿਸ ਅਧਿਕਾਰੀਆਂ ਨੇ ਪ੍ਰੈੱਸ ਕਾਨਫਰੰਸ ਦੌਰਾਨ ਦੱਸਿਆ ਕਿ ਇਹ ਗਿਰੋਹ ਬੇਹੱਦ ਸ਼ਾਤਰ ਤਰੀਕੇ ਨਾਲ ਕੰਮ ਕਰਦਾ ਸੀ। ਰਾਤ ਸਮੇਂ ਰੇਲਵੇ ਸਟੇਸ਼ਨ ਜਾਂ ਬੱਸ ਸਟੈਂਡ 'ਤੇ ਆਉਣ ਵਾਲੇ ਯਾਤਰੀ, ਹਸਪਤਾਲਾਂ ਵਿੱਚ ਮਰੀਜ਼ਾਂ ਦੇ ਨਾਲ ਆਏ ਤਿਮਾਰਦਾਰ ਅਤੇ ਮਜਬੂਰੀ ਵਿੱਚ ਸ਼ਹਿਰ ਰੁਕਣ ਵਾਲੇ ਲੋਕ ਇਨ੍ਹਾਂ ਦਾ ਮੁੱਖ ਨਿਸ਼ਾਨਾ ਹੁੰਦੇ ਸਨ। ਗਿਰੋਹ ਦੀਆਂ ਔਰਤਾਂ ਭੀੜ-ਭਾੜ ਵਾਲੇ ਇਲਾਕਿਆਂ ਜਾਂ ਸੜਕਾਂ ਦੇ ਕਿਨਾਰੇ ਖੜ੍ਹ ਕੇ ਰਾਹਗੀਰਾਂ ਨੂੰ ਗੱਲਾਂ ਵਿੱਚ ਫਸਾਉਂਦੀਆਂ ਸਨ ਅਤੇ 'ਧੰਦੇ' ਦੇ ਬਹਾਨੇ




ਉਨ੍ਹਾਂ ਨੂੰ ਸੁੰਨਸਾਨ ਥਾਵਾਂ 'ਤੇ ਲੈ ਜਾਂਦੀਆਂ ਸਨ। ਜਿਵੇਂ ਹੀ ਪੀੜਤ ਸੁੰਨਸਾਨ ਜਗ੍ਹਾ 'ਤੇ ਪਹੁੰਚਦਾ, ਪਹਿਲਾਂ ਤੋਂ ਮੌਜੂਦ ਗਿਰੋਹ ਦੇ ਮਰਦ ਸਾਥੀ ਅਚਾਨਕ ਆ ਕੇ ਪੀੜਤ ਨੂੰ ਡਰਾਉਂਦੇ-ਧਮਕਾਉਂਦੇ ਅਤੇ ਉਸ ਕੋਲੋਂ ਪੈਸੇ, ਮੋਬਾਈਲ ਤੇ ਹੋਰ ਕੀਮਤੀ ਸਾਮਾਨ ਲੁੱਟ ਲੈਂਦੇ ਸਨ। ਪੁਲਿਸ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਇਸ ਅਪਰਾਧਿਕ ਗਿਰੋਹ ਵਿੱਚ ਪਰਿਵਾਰਕ ਮੈਂਬਰ ਵੀ ਸ਼ਾਮਲ ਸਨ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਵਿੱਚ ਇੱਕ ਪਤੀ-ਪਤਨੀ ਦੀ ਜੋੜੀ, ਦੋ ਸਕੀਆਂ ਭੈਣਾਂ ਹਨ। ਇਹ ਸਾਰੇ ਮਿਲ ਕੇ ਕਾਫ਼ੀ ਸਮੇਂ ਤੋਂ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿੱਚ ਵਾਰਦਾਤਾਂ ਨੂੰ ਅੰਜਾਮ ਦੇ ਰਹੇ ਸਨ।

ਪੁਲਿਸ ਨੇ ਮੁਲਜ਼ਮਾਂ ਕੋਲੋਂ ਵਾਰਦਾਤਾਂ ਵਿੱਚ ਵਰਤਿਆ ਜਾਣ ਵਾਲਾ ਇੱਕ ਈ-ਰਿਕਸ਼ਾ ਵੀ ਬਰਾਮਦ ਕੀਤਾ ਹੈ। ਫੜੇ ਗਏ ਮਰਦ ਮੁਲਜ਼ਮਾਂ ਵਿੱਚੋਂ ਇੱਕ ਵਿਅਕਤੀ ਵਿਰੁੱਧ ਪਹਿਲਾਂ ਵੀ ਚੇਨ ਸਨੈਚਿੰਗ (ਝਪਟਮਾਰੀ) ਦਾ ਮਾਮਲਾ ਦਰਜ ਹੈ। ਪੁਲਿਸ ਹੁਣ ਬਾਕੀ ਮੁਲਜ਼ਮਾਂ ਦੇ ਪੁਰਾਣੇ ਰਿਕਾਰਡ ਦੀ ਪੜਤਾਲ ਕਰ ਰਹੀ ਹੈ। ਪੁਲਿਸ ਨੇ ਸਾਰੇ 11 ਮੁਲਜ਼ਮਾਂ ਖ਼ਿਲਾਫ਼ ਮਾਮਲਾ ਦਰਜ ਕਰਕੇ ਪੁੱਛਗਿੱਛ ਸ਼ੁਰੂ ਕਰ ਦਿੱਤੀ ਹੈ। ਅਧਿਕਾਰੀਆਂ ਨੂੰ ਉਮੀਦ ਹੈ ਕਿ ਪੁੱਛਗਿੱਛ ਦੌਰਾਨ ਕਈ ਹੋਰ ਲੁੱਟ-ਖੋਹ ਦੀਆਂ ਵਾਰਦਾਤਾਂ ਦੇ ਖੁਲਾਸੇ ਹੋ ਸਕਦੇ ਹਨ।

# ਗਲਾਸਗੋ ’ਚ 175 ਸਾਲ ਪੁਰਾਣੀ ਇਤਿਹਾਸਕ ਇਮਾਰਤ ਅੱਗ ਨਾਲ ਸੜ ਕੇ ਸੁਆਹ





ਗਲਾਸਗੋ, (ਹਰਜੀਤ ਦੁਸਾਂਝ ਪੁਆਦੜਾ)-ਗਲਾਸਗੋ ਦੇ ਸੈਂਟਰ ’ਚ ਯੂਨੀਅਨ ਸਟਰੀਟ ਤੇ ਗੋਰਡਨ ਸਟਰੀਟ ਦੇ ਕੋਨੇ ’ਤੇ 175 ਸਾਲਾਂ ਤੋਂ ਵੱਧ ਸਮੇਂ ਤੋਂ ਪੁਰਾਣੀ ਇਮਾਰਤ ਅੱਗ ’ਚ ਝੁਲਸ ਕੇ ਤਬਾਹ ਹੋ ਗਈ। ਇਸ ਇਮਾਰਤ ਦੀ ਗਰਾਊਂਡ ਫ਼ਲੋਰ ’ਤੇ ਇਕ ਵੇਪ ਸ਼ਾਪ ’ਚ ਲੱਗੀ ਤੇ ਪਲਾਂ ’ਚ ਇਸ ਵਿਸ਼ਾਲ ਇਮਾਰਤ ਦੀ ਸਿਖਰਲੀ ਮੰਜ਼ਿਲ ਤੱਕ ਫੈਲ ਗਈ।

ਅੱਗ ਬੁਝਾਊ ਦਸਤੇ ਅੱਗ ’ਤੇ ਕਾਬੂ ਪਾਉਣ ਲਈ ਰਾਤ ਭਰ ਜੂਝਦੇ ਰਹੇ । ਇਸ ਦੌਰਾਨ ਸਕਾਟਲੈਂਡ ਦੇ ਸਭ ਤੋਂ ਵਿਅਸਤ ਰੇਲਵੇ ਸਟੇਸ਼ਨ ਨੂੰ ਅਸਥਾਈ ਤੌਰ ’ਤੇ ਬੰਦ ਕਰ ਦਿੱਤਾ ਗਿਆ। ਅੱਗ ਏਨੀ ਭਿਆਨਕ ਸੀ ਕਿ ਫਾਇਰ ਬ੍ਰਿਗੇਡ ਦੀਆਂ 18 ਗੱਡੀਆਂ ਤੇ 250 ਕਾਮਿਆਂ ਨੇ ਸਾਰੀ ਰਾਤ ਦੀ ਮੁਸ਼ੱਕਤ ਤੋਂ ਬਾਅਦ ਅੱਗ ’ਤੇ ਕਾਬੂ ਪਾਇਆ। ਗਲਾਸਗੋ ਦੇ ਸੈਂਟਰਲ ਰੇਲਵੇ ਸਟੇਸ਼ਨ ਨਾਲ ਇੰਨਾ ਨੇੜਿਓਂ ਜੁੜੀ ਹੋਈ ਸੀ ਕਿ ਬਹੁਤ ਸਾਰੇ ਲੋਕਾਂ ਨੂੰ ਲੱਗਿਆ ਕਿ ਰੇਲਵੇ ਸਟੇਸ਼ਨਨੂੰ ਹੀ ਅੱਗ ਲੱਗ ਗਈ। 1851 ’ਚ ਉਸਾਰੀ ਗਈ ਇਹ ਵਿਰਾਸਤੀ ਇਮਾਰਤ ਨੂੰ ਵਿਕਟੋਰੀਆ ਬਿਲਡਿੰਗ ਕਿਹਾ ਜਾਂਦਾ ਸੀ ਜੋ ਕਿ ਮਹਾਰਾਣੀ ਵਿਕਟੋਰੀਅਨ ਯੁੱਗ ਦਾ ਨਿਰਮਾਣ ਸੀ। ਇਹ ਗਲਾਸਗੋ ਰੇਲਵੇ ਸਟੇਸ਼ਨ ਦੇ ਨਿਰਮਾਣ ਤੋਂ ਲਗਭਗ ਤਿੰਨ ਦਹਾਕੇ ਪਹਿਲਾਂ ਬਣੀ ਸੀ ਤੇ ਇਸਨੂੰ ਬ੍ਰਾਊਨ ਤੇ ਕੈਰਿਕ ਦੇ ਆਰਕੀਟੈਕਟ ਜੇਮਜ਼ ਬ੍ਰਾਊਨ ਵਲੋਂ ਡਿਜ਼ਾਈਨ ਕੀਤਾ ਗਿਆ ਸੀ। ਇਹ ਇਮਾਰਤ ਗਲਾਸਗੋ ਦੇ ਲੋਕਾਂ ਦਾ ਇਕ ਮੁੱਖ ਹਿੱਸਾ ਸੀ। ਲੋਕ ਰੇਲਵੇ ਸਟੇਸ਼ਨ ਨੂੰ ਇਸ ਦੀ ਅੱਗਿਓ ਹੋ ਕੇ ਜਾਂਦੇ ਤੇ ਇਸ ’ਚ ਬਹੁਤ ਸਾਰੇ ਕਾਰੋਬਾਰਾਂ ਚੱਲ ਰਹੇ ਸਨ ਜੋ ਕਿ ਇਹ ਇਕ ਵੱਡਾ ਨੁਕਸਾਨ ਹੈ।

ਇਸ ਹਾਦਸੇ ’ਚ ਕਿਸੇ ਦੇ ਜ਼ਖ਼ਮੀ ਜਾਂ ਫੱਟੜ ਹੋਣ ਦੀਖ਼ਬਰ ਨਹੀਂ ਹੈ, ਕਿਉਂਕਿ ਸਮੇਂ ਸਿਰ ਲੋਕਾਂ ਨੂੰ ਇਮਾਰਤ ’ਚ ਬਾਹਰ ਕੱਢ ਲਿਆ ਗਿਆ। ਘਟਨਾ ਸਥਾਨ ’ਤੇ ਸਕਾਟਲੈਂਡ ਦੇ ਪਹਿਲੇ ਮੰਤਰੀ ਜੌਹਨ ਸਵਿੰਨੀ ਪਹੁੰਚੇ ਤੇ ਮੌਕੇ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਗਲਾਸਗੋ ਕੌਂਸਲ ਨੂੰ ਨੁਕਸਾਨ ਦੀ ਭਰਪਾਈ ਕਰਨ ਲਈ ਵਾਅਦਾ ਕੀਤਾ ਤੇ ਇਸ ਦੀ ਜਾਂਚ ਦੇ ਨਿਰਦੇਸ਼ ਦਿੱਤੇ।

# ਔਰਤ ਦਿਵਸ ’ਤੇ ਕਲਾ ਪ੍ਰਦਰਸ਼ਨੀ ਵਿੱਚ ਗਲਾਸਗੋ ਸ਼ਹਿਰ ਦੀਆਂ ਪ੍ਰਵਾਸੀ ਔਰਤਾਂ ਨੂੰ ਪੇਸ਼ ਕੀਤਾ



ਗਲਾਸਗੋ ਦੀ ਰਣਜੀਤ ਰਸੋਈ ਦੀ ਮਾਲਕਣ ਰਣਜੀਤ ਕੌਰ

ਗਲਾਸਗੋ, (ਹਰਜੀਤ ਦੁਸਾਂਝ ਪੁਆਦੜਾ)-ਅੰਤਰਰਾਸ਼ਟਰੀ ਮਹਿਲਾ ਦਿਵਸ ’ਤੇ ਗਲਾਸਗੋ ਦੇ ਪ੍ਰਸਿੱਧ ਕਲਾਕਾਰ ਜੇਰਾਰਡ ਬਰਨਜ਼ ਨੇ ਆਪਣੇ ਬਣਾਏ ਹੋਏ 15 ਚਿੱਤਰਾਂ(ਪੇਂਟਿੰਗ) ਦੇ ਪੋਰਟਰੇਟ ਦੀ ‘ਮਦਰ ਗਲਾਸਗੋ’ ਦੇ ਨਾਮ ਹੇਠ ਗਲਾਸਗੋ ਦੀ ਕੈਂਪਬੈਲ ਸਟਰੀਟ ’ਚ ਸਥਿਤ ਦ ਕਲੈਕਟਿਵ ਵਿਖੇ ਪ੍ਰਦਰਸ਼ਨੀ ਲਗਾਈ । ਇਸ ਵਿੱਚ ਵੱਖ-ਵੱਖ ਦੇਸ਼ਾਂ ਤੋਂ ਗਲਾਸਗੋ ਆ ਕੇ ਵਸੀਆਂ ਕਾਮਯਾਬ ਹੋਈਆਂ ਔਰਤਾਂ ਦੇ ਚਿੱਤਰਾਂ ਨੂੰ ਪੇਸ਼ ਕੀਤਾ ਗਿਆ ਹੈ ਜਿਹਨਾਂ ਵਿੱਚ ਫਰਾਂਸ ਦੀ ਬੈਲੇ ਡਾਂਸਰ ਕਲੇਅਰ ਸੁਏਟ ਤੋਂ ਲੈ ਕੇ ਭਾਰਤ ਦੀ ਰਣਜੀਤ ਕੌਰ, ਜੋ ਕਿ ਗਲਾਸਗੋ ਦੇ ਦੱਖਣ ਵਿੱਚ ਆਪਣਾ ਰੈਸਟੋਰੈਂਟ ਰਣਜੀਤ ਕਿਚਨ ਚਲਾ ਰਹੀ ਹੈ।

ਸਾਰੀਆਂ 15 ਔਰਤਾਂ ਜਿਨ੍ਹਾਂ ਦੇ ਚਿੱਤਰਾਂ ਦੀ ਪ੍ਰਦਰਸ਼ਨੀ ਲਗਾਈ ਗਈ ਹੈ, ਉਹ ਗਲਾਸਗੋ ਦੇ ਵਿਭਿੰਨ ਸੱਭਿਆਚਾਰਕ ਦਾ ਹਿੱਸਾ ਹਨ ਅਤੇ ਗਲਾਸਗੋ ਦੀ ਤਰੱਕੀ ਯੋਗਦਾਨ ਵਿੱਚ ਵੱਖ-ਵੱਖ ਭੂਮਿਕਾ ਨਿਭਾਉਂਦੀਆਂ ਹਨ। ਕ੍ਰਮਵਾਰ 15 ਔਰਤਾਂ ਦੇ ਚਿੱਤਰ ਜਿਨ੍ਹਾਂ ਵਿੱਚ ਜਪਾਨ ਦੀ ਮਾਇਆ ਇਵਾਬੂਚੀ ਜੋਕਿ ਆਰਐਸਐਨਓ ਨਾਲ ਵਾਇਲਨ ਵਜਾਉਣ ਵਾਲੀ ਪਹਿਲੀ ਔਰਤ ਹੈ। ਫਰਾਂਸ ਦੀ ਕਲੇਅਰ ਸੁਏਟ ਜੋਕਿ ਸਕਾਟਿਸ਼ ਬੈਲੇ ਡਾਂਸਰ ਹੈ। ਇਟਲੀ ਦੀ ਜੀਨਾ ਯੂਸੀਬੀ ਜੋਕਿ 87 ਸਾਲਾ ਉੱਦਮੀ ਔਰਤ ਅਤੇ ਯੂਸੀਬੀ ਦੇ ਰੈਸਟੋਰੈਂਟ ਦੇ ਜਿਓਵਾਨਾ ਦੀ ਮਾਲਕ ਹੈ। ਭਾਰਤ ਦੀ ਰਣਜੀਤ ਕੌਰ ਜੋ ਕਿ ਗਲਾਸਗੋ ਦੇ ਦੱਖਣ ਵਿੱਚ “ਰਣਜੀਤ ਦੀ ਰਸੋਈ” ਰੈਸਟੋਰੈਂਟ ਦੀ ਮਾਲਕ ਹੈ। ਨਾਈਜੀਰੀਆ ਇਸੀਓਮਾ ਓਜੇਓਗਵੂ ਜੋਕਿ ਗਲਾਸਗੋ ਹਸਪਤਾਲ ’ਚ ਸਟਾਫ ਨਰਸ ਹੈ। ਈਰਾਨ ਦੀ ਸਮੀਰਾ ਚੇਰਾਗੀ ਜੋਕਿ ਵਰਤਮਾਨ ਵਿੱਚ ਬੈੱਲ ਅਤੇ ਬੈਨ ਪ੍ਰਿੰਟਰਾਂ ਵਿੱਚ ਕੰਮ ਕਰ ਰਹੀ ਹੈ। ਚੀਨ ਦੀ ਮਿਸ ਸ਼ਿਆਂਗ ਸ਼ੰਘਾਈ ਚੈਂਬਰ ਆਫ਼ ਕਾਮਰਸ ਗਲਾਸਗੋ ਦੀ ਮੈਂਬਰ ਹੈ। ਆਇਰਲੈਂਡ ਦੀ ਰੀਟਾ ਡਾਸਨ ਐਮਬੀਈ ਕੈਥੋਲਿਕ ਨੰਨ ਹੈ ਅਤੇ ਗਲਾਸਗੋ ਦੇ ਕਲਾਈਡਬੈਂਕ ਵਿੱਚ ਸੇਂਟ ਐਂਡਰਿਊਜ਼ ਹਾਸਪਾਈਸ ਚਲਾਉਂਦੀ ਹੈ। ਸਵੀਡਨ ਦੀ ਈਵਾ ਬੋਲੈਂਡਰ ਜੋਕਿ ਗਲਾਸਗੋ ਦੀ ਸਾਬਕਾ ਲਾਰਡ ਪ੍ਰੋਵੋਸਟ ਅਤੇ ਹੁਣ ਗਲਾਸਗੋ ਵਿੱਚ ਕੌਂਸਲਰ ਹੈ। ਪਾਕਿਸਤਾਨ ਦੀ ਸਾਈਦਾ ਸਦਾਫ ਜ਼ੈਦੀ ਜੋਕਿ ਕਲਾਕਾਰ ਹੈ। ਭਾਰਤ ਦੀ ਸ਼੍ਰੀਮਤੀ ਕੋਹਲੀ ਸਕਾਟਲੈਂਡ ਵਿੱਚ ਸ਼ਾਂਤੀ ਦੀ ਪਹਿਲੀ ਸਿੱਖ ਜਸਟਿਸ ਅਤੇ ਪ੍ਰਸਿੱਧ ਕਲਾਕਾਰ ਸੰਜੀਵ ਕੋਹਲੀ ਦੀ ਮਾਂ ਹੈ। ਅਮਰੀਕਾ ਦੀ ਐਬੀ ਬੋਡੀ ਜੋਕਿ ਬੀਟਸਨ ਕੈਂਸਰ ਚੈਰਿਟੀ ਨਾਲ ਕੰਮ ਕਰਦੀ ਹੈ। ਉੱਤਰੀ ਆਇਰਲੈਂਡ ਦੀ ਲੋਰੇਨ ਹਰਬੀਸਨ ਖੇਡਾਂ ਦੀਆਂ ਖ਼ਬਰਾਂ ਨਾਲ ਸੰਬੰਧ ਰੱਖਦੀ ਹੈ। ਸਪੇਨ ਦੀ ਸਿਵੀਆ ਗੋਰਡੀਲੋ “ਅਬੇਲੋ ਵਰਨੋਸ” ਭਾਸ਼ਾ ਸਕੂਲ ਚਲਾਉਂਦੀ ਹੈ। ਇੱਕ ਯੂਕਰੇਨੀ ਬੱਚੀ ਦੀ ਪੇਂਟਿੰਗ ਹੈ ਜੋਕਿ ਹਾਲ ਹੀ ਵਿੱਚ ਗਲਾਸਗੋ ਸ਼ਰਨਾਰਥੀ ਆਈ ਹੈ। ਜੈਰਾਰਡ ਬਰਨਜ਼ ਨੇ ਕਿਹਾ ਕਿ ਗਲਾਸਗੋ ਸ਼ਰਨਾਰਥੀਆਂ ਲਈ ਹਮੇਸ਼ਾ ਸਵਾਗਤਯੋਗ ਸ਼ਹਿਰ ਰਿਹਾ ਹੈ। ਇਨ੍ਹਾਂ 15 ਔਰਤਾਂ ਵਿੱਚ ਸਾਰੀਆਂ ਵੱਖ-ਵੱਖ ਦੇਸ਼ਾਂ ਅਤੇ ਸੱਭਿਆਚਾਰਾਂ ਤੋਂ ਹਨ, ਜਿਨ੍ਹਾਂ ਨੇ ਗਲਾਸਗੋ ਸ਼ਹਿਰ ਨੂੰ ਆਪਣਾ ਘਰ ਬਣਾਇਆ ਹੈ ਅਤੇ ਅਜਿਹੇ ਕੰਮ ਕਰਕੇ ਸ਼ਹਿਰ ਦਾ ਨਾਮ ਚਮਕਾਇਆ ਬਣਾਇਆ ਹੈ। “ਮਦਰ ਗਲਾਸਗੋ” ਔਰਤਾਂ ਦੀ ਪਛਾਣ, ਆਪਣੀ ਹੋਂਦ ਅਤੇ ਗਲਾਸਗੋ ਦੇ ਵਿਭਿੰਨ ਭਾਈਚਾਰਿਆਂ ਦੀ ਤਸਵੀਰ ਹੈ।

# ਅਮਰੀਕਾ ਵੱਲੋਂ ਹੁਣ ਤੱਕ ਈਰਾਨ ਨਾਲ ਜੰਗ ‘ਤੇ ਲਗਭਗ 12 ਅਰਬ ਡਾਲਰ ਖਰਚ

ਵਾਸ਼ਿੰਗਟਨ- ਈਰਾਨ ਅਤੇ ਅਮਰੀਕਾ ਵਿਚਕਾਰ ਜਾਰੀ ਫੌਜੀ ਟਕਰਾਅ ਦੇ ਵਿਚਕਾਰ, ਵ੍ਹਾਈਟ ਹਾਊਸ ਨੇ ਇਸ ਜੰਗ ਤੇ ਹੋਣ ਵਾਲੇ ਭਾਰੀ ਖਰਚੇ ਦਾ ਖੁਲਾਸਾ ਕੀਤਾ ਹੈ। ਰਾਸ਼ਟਰੀ ਆਰਥਿਕ ਕੌਂਸਲ ਦੇ ਨਿਰਦੇਸ਼ਕ ਕੇਵਿਨ ਹੈਸੈਟ ਨੇ ਐਤਵਾਰ ਨੂੰ ਦੱਸਿਆ ਕਿ ਅਮਰੀਕਾ ਹੁਣ ਤੱਕ ਈਰਾਨ ਨਾਲ ਜੰਗ ਤੇ ਲਗਭਗ 12 ਅਰਬ ਅਮਰੀਕੀ ਡਾਲਰ ਖਰਚ ਕਰ ਚੁੱਕਾ ਹੈ।ਹੈਸੈਟ ਨੇ ਇਹ ਜਾਣਕਾਰੀ ਮਸ਼ਹੂਰ ਪ੍ਰੋਗਰਾਮ ਫੇਸ ਦ ਨੇਸ਼ਨ ਵਿਚ ਗੱਲਬਾਤ ਦੌਰਾਨ ਦਿੱਤੀ। ਜਦੋਂ ਉਨ੍ਹਾਂ ਨੂੰ ਜੰਗ ਤੇ ਹੋਣ ਵਾਲੇ ਹੁਣ ਤੱਕ ਦੇ ਖਰਚੇ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਨੇ ਨਵੀਂ ਰਿਪੋਰਟ ਦੇ ਹਵਾਲੇ ਨਾਲ 12 ਅਰਬ ਡਾਲਰ ਦੀ ਸੰਖਿਆ ਦੀ ਪੁਸ਼ਟੀ ਕੀਤੀ।ਇਹ ਪੁੱਛੇ ਜਾਣ ਤੇ ਕਿ ਕੀ ਅਮਰੀਕਾ ਨੂੰ ਜੰਗ ਜਾਰੀ ਰੱਖਣ ਲਈ ਅਮਰੀਕੀ ਸੰਸਦ (ਕਾਂਗਰਸ) ਤੋਂ ਹੋਰ ਪੈਸੇ ਮੰਗਣ ਦੀ ਲੋੜ ਪਵੇਗੀ, ਹੈਸੈਟ ਨੇ ਜਵਾਬ ਦਿੱਤਾ ਕਿ ਫਿਲਹਾਲ ਅਮਰੀਕਾ ਕੋਲ ਉਹ ਸਭ ਕੁਝ ਮੌਜੂਦ ਹੈ, ਜਿਸਦੀ ਉਸਨੂੰ ਲੋੜ ਹੈ। ਉਨ੍ਹਾਂ ਨੇ ਅੱਗੇ ਕਿਹਾ ਕਿ ਭਵਿੱਖ ਵਿਚ ਹੋਰ ਫੰਡਾਂ ਦੀ ਮੰਗ ਕਰਨੀ ਹੈ ਜਾਂ ਨਹੀਂ, ਇਹ ਇੱਕ ਅਜਿਹਾ ਵਿਸ਼ਾ ਹੈ, ਜਿਸ ਦੀ ਪੜਤਾਲ ਪ੍ਰਬੰਧਨ ਅਤੇ ਬਜਟ ਦਫ਼ਤਰ (ਓ.ਐੱਮ.ਬੀ.) ਦੇ ਨਿਰਦੇਸ਼ਕ ਰਸੇਲ ਵਾਟ ਕਰਨਗੇ। ਈਰਾਨ ਅਤੇ ਅਮਰੀਕਾ ਵਿਚਕਾਰ ਵਧਦੇ ਤਣਾਅ ਅਤੇ ਇਸ ਜੰਗੀ ਖਰਚੇ ਨੇ ਅਮਰੀਕਾ ਦੀ ਅੰਦਰੂਨੀ ਰਾਜਨੀਤੀ ਅਤੇ ਆਰਥਿਕ ਨੀਤੀਆਂ ਤੇ ਨਵੀਂ ਚਰਚਾ ਛੇੜ ਦਿੱਤੀ ਹੈ।

– ਲੇਖਕ –
ਗਿ: ਗੁਰਬਖ਼ਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743



**ਕਿਸ਼ਤ–29**

# ਗੁਰੂ ਬੈਠਾ ਅਮਰੁ ਸਰੂਪ ਹੋਇ



ਗੁਰਦੁਆਰਾ ਜਨਮ ਅਸਥਾਨ ਸ੍ਰੀ ਗੁਰੂ ਰਾਮਦਾਸ ਜੀ ਚੂਨਾ ਮੰਡੀ ਲਾਹੌਰ

ਜਿਤਨੇ ਤੀਰਥ ਦੇਵੀ ਥਾਪੇ
ਸਭਿ ਤਿਤਨੇ ਲੋਚਹਿ ਧੂਰਿ
ਸਾਧੂ ਕੀ ਤਾਈ॥
ਹਰਿ ਕਾ ਸੰਤੁ ਮਿਲੈ ਗੁਰ ਸਾਧੂ
ਲੈ ਤਿਸ ਕੀ ਧੂਰਿ ਮੁਖਿ ਲਾਈ॥3॥
ਜਿਤਨੀ ਸ੍ਰਿਸਟਿ ਤੁਮਰੀ ਮੇਰੇ ਸੁਆਮੀ
ਸਭ ਤਿਤਨੀ ਲੋਚੈ ਧੂਰਿ ਸਾਧੂ ਕੀ ਤਾਈ॥
ਨਾਨਕ ਲਿਲਾਟ ਹੋਵੈ ਜਿਸੁ ਲਿਖਿਆ
ਤਿਸੁ ਸਾਧੂ ਧੂਰਿ ਦੇ
ਹਰਿ ਪਾਰਿ ਲੰਘਾਈ॥4॥2॥
ਗੁ.ਗ੍ਰ.ਸਾ.1263

ਅੰਤਰਿ ਅਗਨਿ ਸਬਲ ਅਤਿ
ਬਿਖਿਆ ਹਿਵ ਸੀਤਲ ਸਬਦੁ ਗੁਰ ਦੀਜੈ॥
ਤਨਿ ਮਨਿ ਸਾਂਤਿ ਹੋਇ ਅਧਿਕਾਈ
ਰੋਗੁ ਕਾਟੈ ਸੂਖਿ ਸਵੀਜੈ॥
ਗੁ.ਗ੍ਰ.ਸਾ. ਪੰਨਾ 1326

ਗੁਰੂ ਅਰਜਨ ਸਾਹਿਬ ਜੀ:
ਤੀਰਥਿ ਨਾਇ ਕਹਾ ਸੁਚਿ ਸੈਲੁ॥
ਮਨ ਕਉ ਬਿਆਪੈ ਹਉਮੈ ਮੈਲੁ॥
ਗੁ.ਗ੍ਰ.ਸਾ. ਪੰਨਾ 1149

ਗੁਰਦੇਵ ਤੀਰਥ ਅੰਮ੍ਰਿਤ ਸਰੋਵਰੁ
ਗੁਰ ਗਿਆਨ ਮਜਨੁ ਅਪਰੰਪਰਾ॥
ਗੁ.ਗ੍ਰ.ਸਾ. ਪੰਨਾ 262

ਗੁਰੁ ਤੀਰਥੁ ਗੁਰੁ ਪਾਰਜਾਤੁ
ਗੁਰੁ ਮਨਸਾ ਪੂਰਣਹਾਰੁ॥
ਗੁਰੁ ਦਾਤਾ ਹਰਿ ਨਾਮੁ ਦੇਇ
ਉਧਰੈ ਸਭੁ ਸੰਸਾਰੁ॥
ਗੁਰੁ ਸਮਰਥੁ ਗੁਰੁ ਨਿਰੰਕਾਰੁ
ਗੁਰੁ ਊਚਾ ਅਗਮ ਅਪਾਰੁ॥
ਗੁਰ ਕੀ ਮਹਿਮਾ ਅਗਮ ਹੈ
ਕਿਆ ਕਥੈ ਕਥਨਹਾਰੁ॥3॥
ਗੁ.ਗ੍ਰ.ਸਾ. ਪੰਨਾ 52

ਗੁਰ ਕੀ ਮਹਿਮਾ ਕਿਆ ਕਹਉ
ਗੁਰ ਬਿਬੇਕ ਸਤ ਸਰੁ॥
ਓਹ ਆਦਿ ਜੁਗਾਦੀ
ਜੁਗਹ ਜੁਗ ਪੂਰਾ ਪਰਮੇਸਰੁ॥
ਗੁ.ਗ੍ਰ.ਸਾ. ਪੰਨਾ 397

ਗੁਰ ਕੀ ਰੇਣੁ ਨਿਤ ਮਜਨੁ ਕਰਉ॥
ਜਨਮ ਜਨਮ ਕੀ ਹਉਮੈ ਮਲੁ ਹਰਉ॥2॥
ਗੁ.ਗ੍ਰ.ਸਾ. ਪੰਨਾ 240

ਗੁਰੂ ਤੇਗ ਬਹਾਦਰ ਸਾਹਿਬ ਜੀ:
ਕਹਾ ਭਇਓ ਤੀਰਥ ਬ੍ਰਤ ਕੀਏ
ਰਾਮ ਸਰਨਿ ਨਹੀ ਆਵੈ॥
ਗੁ.ਗ੍ਰ.ਸਾ. 830

ਜਾ ਮੈ ਭਜਨੁ ਰਾਮ ਕੋ ਨਾਹੀ॥
ਤਿਹ ਨਰ ਜਨਮੁ ਅਕਾਰਥੁ ਖੋਇਆ
ਯਹ ਰਾਖਹੁ ਮਨ ਮਾਹੀ॥1॥ ਰਹਾਉ॥
ਤੀਰਥ ਕਰੈ ਬ੍ਰਤ ਫੁਨਿ ਰਾਖੈ
ਨਹ ਮਨੂਆ ਬਸਿ ਜਾ ਕੋ॥
ਨਿਹਫਲ ਧਰਮੁ ਤਾਹਿ ਤੁਮ ਮਾਨਹੁ
ਸਾਚੁ ਕਹਤ ਮੈ ਯਾ ਕਉ॥1॥
ਗੁ.ਗ੍ਰ.ਸਾ. ਪੰਨਾ 831

ਗੁਰੂ ਗੋਬਿੰਦ ਸਿੰਘ ਜੀ:
ਤੀਰਥ ਕੋਟਿ ਕੀਏ ਇਸਨਾਨ
ਦੀਏ ਬਹੁ ਦਾਨ ਮਹਾ ਬ੍ਰਤ ਧਾਰੇ॥
.. ਦੀਨ ਦਇਆਲ ਅਕਾਲ ਭਜੇ ਬਿਨੁ
ਅੰਤ ਕਉ ਅੰਤ ਕੇ ਧਾਮ ਸਿਧਾਰੇ॥10॥

**ਸੁਧਾ ਸਵਈਏ**

ਭੱਟ ਕਲਸਹਾਰ ਜੀ:
ਅਗਮ ਅਗੋਚਰ ਗਤਿ ਗੰਭੀਰ
ਸਤਿਗੁਰਿ ਪਰਚਾਯਉ॥
ਗੁਰ ਪਰਚੈ ਪਰਵਾਣੁ
ਰਾਜ ਮਹਿ ਜੋਗੁ ਕਮਾਯਉ॥
ਧੰਨਿ ਧੰਨਿ ਗੁਰੁ ਧੰਨਿ
ਅਭਰ ਸਰ ਸੁਭਰ ਭਰਾਯਉ॥
ਗੁ.ਗ੍ਰ.ਸਾ. ਪੰਨਾ 1408

ਗੁਰੂ ਸਾਹਿਬ ਦੀ ਤੀਰਥ ਯਾਤਰਾ ਆਰੰਭ ਕਰਨ ਤੋਂ ਪਹਿਲਾਂ ਅਸੀਂ ਇਸ ਦਾ ਮੰਤਵ ਆਪਣੇ ਵਿਦਵਾਨਾਂ ਦੇ ਲਫ਼ਜ਼ਾਂ ਰਾਹੀਂ ਬਿਆਨ ਕਰ ਕੇ ਅੱਗੇ ਚਲਦੇ ਹਾਂ।

ਅਸਲ ਤੱਥ ਜਿਵੇਂ ਉਨ੍ਹਾਂ ਦੇ ਉਤਰਾਧਿਕਾਰੀ ਨੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤਾ ਹੈ, ਇਹ ਸੀ ਕਿ 'ਗੁਰੂ ਜੀ ਨੇ ਸਭ ਲੋਕਾਂ ਨੂੰ ਬਚਾਉਣ ਲਈ ਪਵਿੱਤਰ ਅਸਥਾਨਾਂ ਦੀ ਯਾਤਰਾ ਕੀਤੀ। ਉਨ੍ਹਾਂ ਨੇ ਪ੍ਰਚਲਤ ਰਸਮਾਂ ਰਿਵਾਜਾਂ ਦੀ ਪਾਲਣਾ ਨਹੀਂ ਕੀਤੀ। ਗੁਰੂ ਜੀ ਅਤੇ ਉਨ੍ਹਾਂ ਦੇ ਸਿੱਖਾਂ ਨੂੰ ਯਾਤਰਾ ਟੈਕਸ ਦੀ ਅਦਾਇਗੀ ਤੋਂ ਛੋਟ ਵੀ ਇਹ ਪ੍ਰਗਟ ਕਰਦੀ ਹੈ ਕਿ ਸਿੱਖਾਂ ਨਾਲ ਹਿੰਦੂ ਯਾਤਰੂਆਂ ਤੋਂ ਵੱਖਰੀ ਕਿਸਮ ਦਾ ਵਰਤਾਉ ਕੀਤਾ ਜਾਂਦਾ ਸੀ। ਸਿਖ ਇਤਿਹਾਸ ਪ੍ਰੋ. ਤੇਜਾ ਸਿੰਘ ਜੀ ਅਤੇ ਡਾ. ਗੰਡਾ ਸਿੰਘ ਜੀ

'ਗੁਰੂ ਰਾਮਦਾਸ ਜੀ ਨੇ ਗੁਰੂ ਬਣਨ 'ਤੇ ਤੁਖਾਰੀ ਰਾਗ ਵਿਚ ਇਕ ਛੰਤ ਲਿਖਿਆ, ਜਿਸ ਵਿਚ ਇਹ ਸਮਝਾਇਆ ਕਿ ਗੁਰੂ ਅਮਰਦਾਸ ਜੀ ਤੀਰਥਾਂ ਦੇ ਇਸ਼ਨਾਨ ਲਈ ਨਹੀਂ ਗਏ ਸਨ; ਉਹ ਤਾਂ ਓਥੇ ਆਏ ਹਿੰਦੂਆਂ ਨੂੰ ਇਹ ਦੱਸਣ ਗਏ ਸਨ ਕਿ ਗੁਰੂ ਦੇ ਦੱਸੇ ਰਾਹ ਉੱਤੇ ਤੁਰਨਾ ਹੀ ਅਸਲ ਤੀਰਥ-ਇਸ਼ਨਾਨ ਹੈ, ਪਰਮਾਤਮਾ ਦਾ ਸਿਮਰਨ ਕਰੋ ਅਤੇ ਉਸ ਨੂੰ ਸਾਰੀ ਖ਼ਲਕਤ ਵਿਚ ਵੇਖ ਕੇ ਸਭ ਨਾਲ ਪਿਆਰ ਕਰੋ, ਕਿਸੇ ਨੂੰ ਨੀਵਾਂ ਜਾਣ ਕੇ ਉਸ ਤੋਂ ਨਫ਼ਰਤ ਨਾ ਕਰੋ'।ਜੀਵਨ ਬ੍ਰਿਤਾਂਤ ਗੁਰੂ ਰਾਮਦਾਸ ਜੀ. ਪ੍ਰੋ. ਸਾਹਿਬ ਸਿੰਘ ਜੀ

'ਛੰਤ ਦੇ ਆਰੰਭ ਵਿਚ ਹੀ ਗੁਰੂ ਰਾਮਦ-ਾਸ ਜੀ ਨੇ ਲਿਖ ਦਿੱਤਾ ਕਿ ਜਿਸ ਮਨੁੱਖ ਨੂੰ ਗੁਰੂ ਸਤਿਗੁਰੂ ਦਾ ਦਰਸ਼ਨ ਹੋ ਗਿਆ, ਉਸ ਦਾ ਮਾਨੋ ਤੀਰਥ ਇਸ਼ਨਾਨ ਹੋ ਗਿਆ। ਇਹ ਹੀ ਉਸ ਦਾ ਪੁਰਬ ਅਭੀਚੁ ਹੈ। ਵੈਰੀ ਨੱਸ ਗਏ। ਖੋਟੀ ਮੱਤ ਦੀ ਮੈਲ ਕੱਟੀ ਗਈ। ਆਤਮਕ ਹਨੇਰਾ ਦੂਰ ਹੋ ਗਿਆ:

ਨਾਵਣੁ ਪੁਰਬੁ ਅਭੀਚੁ
ਗੁਰ ਸਤਿਗੁਰ ਦਰਸੁ ਭਇਆ।
ਦੁਰਮਤਿ ਮੈਲੁ ਹਰੀ
ਅਗਿਆਨ ਅੰਧੇਰੁ ਗਇਆ॥

ਗੁਰੂ ਅਮਰਦਾਸ ਜੀ ਦੇ ਕੁਰੁਖੇਤਰ, ਪੁਰਬੁ ਅਭੀਚੁ ਤੇ ਪੁੱਜਣ ਨਾਲ ਹੀ ਪਵਿੱਤਰ ਦਿਹਾੜਾ ਬਣ ਗਿਆ:

ਹਰਿ ਆਪਿ ਕਰਤੈ ਪੁਰਬੁ ਕੀਆ
ਸਤਿਗੁਰੂ ਕੁਲਖੇਤਿ ਨਾਵਣਿ ਗਇਆ॥

ਸੋ ਇਹ ਭੁਲੇਖਾ ਨਹੀਂ ਰਹਿਣਾ ਚਾਹੀਦਾ ਕਿ ਗੁਰੂ ਜੀ ਗੰਗਾ ਜਾਂ ਤੀਰਥ ਤੇ ਹੁਣ ਇਸ਼ਨਾਨ ਜਾਂ ਕਿਸੇ ਜਾਤੀ ਨੂੰ ਖ਼ੁਸ਼ ਕਰਨ ਲਈ ਗਏ ਜਾਂ ਕਿਸੇ ਦੇ ਕਹਿਣ 'ਤੇ ਗਏ।ਪਰਬਤੁ ਮੇਰਾਣੁ, ਪਿੰ. ਸਤਿਬੀਰ ਸਿੰਘ ਜੀ

**ਸਭ ਲੋਕ ਉਧਰਣ ਅਰਥਾ**

ਉਪਰੋਕਤ ਵਿਚਾਰ ਉਪਰੰਤ ਅਸੀਂ ਵੇਖਦੇ ਹਾਂ ਕਿ ਹਜ਼ੂਰ ਪਾਤਸ਼ਾਹ ਜੀ ਨੇ ਆਪਣੇ ਪਹਿਲਾਂ ਬਣਾਏ ਹੋਏ ਪ੍ਰੋਗਰਾਮ ਅਨੁਸਾਰ 22 ਅਕਤੂਬਰ 1557 ਸੰਨ ਨੂੰ ਆ ਰਹੇ ਸੂਰਜ ਗ੍ਰਹਿਣ ਨੂੰ ਮੁਖ ਰੱਖਦਿਆਂ ਕੁਰਖੇਤਰ ਪਹੁੰਚਣ ਲਈ ਤਿਆਰੀ ਕਰ ਲਈ। ਇਸ ਪ੍ਰਤੀ ਨਿਕਟਵਰਤੀ ਸਿੱਖਾਂ ਨੂੰ ਵੀ ਇਸ ਤੋਂ ਗਿਆਤ ਕਰਵਾ ਦਿੱਤਾ ਅਰ ਕਿਹਾ ਕਿ ਜੋ ਸਾਡੇ ਨਾਲ ਜਾਣਾ ਚਾਹੁੰਦੇ ਹਨ ਸਮੇਂ ਸਿਰ ਤਿਆਰ ਹੋ ਜਾਉ। ਇਨ੍ਹਾਂ ਵਿਚ ਗੁਰੂ ਪ੍ਰਵਾਰ ਚੋਂ ਮਾਤਾ ਮਨਸਾ ਦੇਵੀ ਜੀ, ਸ੍ਰੀ (ਗੁਰੂ) ਰਾਮਦਾਸ ਜੀ ਅਰ ਸ੍ਰੀ ਮਾਤ ਭਾਨੀ ਜੀ, ਗੁਰੂ ਕੇ ਸੇਵਕ ਭਾਈ ਬੱਲੂ, ਭਾਈ ਪਾਰੋ ਜੀ ਅਤੇ ਰਬਾਬੀ ਭਾਈ ਬਲਵੰਡ ਅਰ ਸੱਤਾ ਜੀ ਆਦਿ ਹੋਰ ਸਿੱਖ ਵੀ ਤਿਆਰ ਹੋਏ।

**ਇਤਿਹਾਸਕ ਹਵਾਲੇ:**

ਸੰਮਤ ਸੋਲਾਂ ਸੈ ਚਉਦਾਂ ਮਾਹ ਮਹੀਨੇ।
**ਕੁਰਖੇਤ੍ਰ ਜਾਵਣ ਨੂੰ ਸਾਹਿਬ ਰਿਦਾ ਕੀਨੇ।48॥**
ਸੂਰਜ ਗ੍ਰਹਿਣ ਦਾ ਮੇਲਾ ਆਇਆ।
ਸਾਹਿਬ ਕਰਿ ਸਾਥ ਨਾਲਿ ਚਲਾਇਆ।
ਬੀਬੀ ਭਾਨੀ ਅਤੇ ਰਾਮਦਾਸ।
ਮਾਤਾ ਮਨਸਾ ਦੇਈ ਅਤੇ ਸਭੇ
ਸਿਖ ਸਾਥ।49॥ ਬੰ.ਨਾ. ਚਰਣ ਤੀਜਾ

ਸ੍ਰੀ ਸਤਿਗੁਰ ਸਾਹਿਬ ਦਇਆਲ ਮੂਰਤ ਪਰਉਪਕਾਰ ਕੇ ਨਮਿਤ ਹਰਿਦੁਆਰ ਕੋ ਜਾਨੇ ਕੀ ਤਿਆਰੀ ਕਰੀ। ਤਬ ਸਰਬਤ ਸਿਖ ਸੰਗਤ ਸਤਿਗੁਰੂ ਕੇ ਚਰਨੋ ਸਾਥ ਚਲੀ। ਪ੍ਰਿਥਮੇ ਕੁਰਛੇਤ੍ਰ ਕੋ ਜਾਇ ਪ੍ਰਾਪਤ ਭਏ। ਤਾ ਸਰਬਤ ਕੋ ਦਰਸਨ ਭਇਆ।ਮ.ਪ੍ਰ.ਵਾਰਤਕ

ਸਤਿਗੁਰ ਧਰ ਮਨ ਪਰਉਪਕਾਰ।
ਤੀਰਥ ਜਾਤ੍ਰਾ ਕੀਆ ਵਿਚਾਰ।
ਸੁਨ ਸੰਗਤ ਸਿਖ ਸਗਲ ਜੁਰ ਆਏ।
ਆਇ ਹਜੂਰ ਗੁਰ ਦਰਸਨ ਪਾਏ।7॥
ਗ੍ਰਹ-ਲੋਕ ਸੰਗ ਸਭ ਭਏ ਤਿਆਰ।
ਮਹਾ ਪੁਰਬ ਹੋਆ ਸੁਖਸਾਰ।
ਪ੍ਰਿਥਮ ਕੁਰਖੇਤ੍ਰ ਕੋ ਸਤਿਗੁਰ ਚਲੇ।
ਸਭ ਭਜਨ ਕਰਤ ਸੰਗਤ ਮਗ ਢੁਲੇ।8॥
8॥ ਮ.ਪ੍ਰ.

ਪਹਿਲਾ ਪੜਾਅ ਬਿਆਸ ਪਾਰ ਸੁਲਤਾਨ-ਪੁਰ ਕੀਤਾ, ਇਥੋਂ ਹਜ਼ੂਰ ਨੂੰ ਭਾਈ ਪਾਰੋ ਆਪਣੇ ਨਗਰ ਡੱਲੇ ਲੈ ਗਏ।ਉਪਰੰਤ ਨੂਰਮਹਿਲ ਠਹਿਰ, ਸਤਲੁਜ ਦਰਿਆ ਪਾਰ ਕਰ ਕੇ ਮਾਲਵੇ ਵਿਚ ਦਾਖ਼ਲ ਹੋਏ ਅਰ ਅੰਬਾਲੇ ਨੂੰ ਰੁਖ਼ ਕਰ ਕੇ ਚੱਲੇ। ਥਾਂ ਥਾਂ 'ਤੇ ਹਜ਼ੂਰ ਸਵੇਰ ਸ਼ਾਮ ਦੀਵਾਨ ਸਜਾਉਂਦੇ ਅਰ ਦਰਸ਼ਨ ਕਰਨ ਆਏ ਜਗਿਆਸੂਆਂ ਨਾਲ ਵਿਚਾਰ ਸਾਂਝੇ ਕਰਦੇ ਹੋਏ ਅੰਬਾਲੇ ਪੜਾਅ ਕਰ ਕੇ ਪਿਹੋਵੇ ਪਹੁੰਚੇ।

**ਪਿਹੋਵਾ/ ਪਹੋਆ**

ਕੁਰਖੇਤਰ ਤੋਂ 18 ਮੀਲ ਪਹਿਲਾਂ ਸੁਰਸਤੀ ਨਦੀ ਕਿਨਾਰੇ ਪਿਹੋਵਾ ਇਕ ਪ੍ਰਸਿਧ ਸਨਾਤਨੀ ਤੀਰਥ ਹੈ। ਕਿਹਾ ਜਾਂਦਾ ਹੈ ਕਿ ਮਹਾਂਭਾਰਤ ਦੀ ਲੜਾਈ ਤੋਂ ਬਾਦ ਪਾਂਡਵਾਂ ਨੇ ਏਥੇ ਆ ਕੇ ਪਿੱਤਰਾਂ ਦੀ ਗਤੀ ਕਰਾਈ ਸੀ। ਧਾਰਨਾ ਹੈ ਕਿ ਜੇ ਕਿਸੇ ਕਾਰਨ ਪ੍ਰਾਣੀ ਦੇ ਚਲਾਣੇ ਸਮੇਂ ਉਸ ਦੇ ਸਿਰ੍ਹਾਣੇ ਦੀਵਾ ਬਾਲ ਕੇ ਨਾ ਰੱਖਿਆ ਜਾ ਸੱਕੇ ਜਾਂ ਹੋਰ ਮਿਥੀ ਹੋਈ ਕਿਰਿਆ ਨਾ ਕਰਾਈ ਜਾਵੇ ਤਾਂ ਉਸ ਦੀ ਗਤੀ ਕਰਾਉਣ ਏਥੇ ਆਉਣਾ ਪੈਂਦਾ ਹੈ। ਇਥੇ ਆ ਕੇ ਲੋਕ, ਜਿਵੇਂ ਬ੍ਰਾਹਮਣ ਕਹਿੰਦੇ, ਆਪਣੇ ਪਿੱਤਰਾਂ ਨਮਿੱਤ ਲੋਕ ਪਿੰਡ ਭਰਾਉਂਦੇ ਜਾਂ ਬ੍ਰਾਹਮਣਾਂ ਨੂੰ ਦਾਨ ਦੇਂਦੇ, ਆਦਿ।

ਪਾਠਕਾਂ ਨੂੰ ਯਾਦ ਹੋਵੇਗਾ ਕਿ ਇਥੇ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਵੀ ਚਰਨ ਪਾਏ ਸਨ। ਉਸ ਸਮੇਂ ਇਥੇ 'ਪ੍ਰਿਥੁਦਕ' ਤਲਾਅ ਵਿਚ ਰੱਥ ਦੇ ਪਹੀਏ ਦੇ ਆਕਾਰ ਦਾ ਸੋਨੇ ਦਾ ਪਹੀਆ ਖੜਾ ਕੀਤਾ ਹੋਇਆ ਸੀ ਜਿਸ ਬਾਬਤ ਇਹ ਘਟਨਾ ਫ਼ੈਲਾਈ ਹੋਈ ਸੀ ਕਿ ਇਸ ਤਲਾਅ ਵਿਚ ਸ਼ਨਾਨ ਕਰਦਿਆਂ ਇਕ ਮਾਈ ਦੀ ਕੰਨ ਦੀ ਵਾਲੀ ਡਿੱਗ ਪਈ ਜਿਸ ਦਾ ਆਕਾਰ ਅਗਲੀ ਸਵੇਰ ਇਸ ਪਹੀਏ ਜਿੱਡਾ ਹੋ ਗਿਆ। ਸਰਲ ਸੁਭਾਅ ਲੋਕਾਂ ਵਿਚ ਪ੍ਰਚਾਰ ਕੀਤਾ ਗਿਆ ਇਸ ਤਲਾਅ ਵਿਚ ਸ਼ਨਾਨ ਕਰ ਕੇ ਜੋ ਵੀ ਕੋਈ ਬ੍ਰਾਹਮਣਾਂ ਨੂੰ ਦਾਨ ਦੇਵੇਗਾ ਉਹ ਦਾਨ ਕੰਨ ਦੀ ਵਾਲੀ ਤੋਂ ਰੱਥ ਦੇ ਪਹੀਏ ਜਿੰਨਾ ਪ੍ਰਫੁੱਲਤ ਹੋ ਜਾਵੇਗਾ। ਉਸ ਸਮੇਂ ਮੌਜੂਦ ਬ੍ਰਾਹਮਣਾਂ ਜਦੋਂ ਅਜਿਹੀ ਮਨੌਤ ਸੁਣਾ ਕੇ ਹਜ਼ੂਰ ਨੂੰ ਇਹ ਸਾਰਾ ਕਿਰਿਆ-ਕਰਮ ਕਰਾਉਣ ਲਈ ਪ੍ਰੇਰਿਆ ਤਾਂ ਪਾਤਸ਼ਾਹ ਜੀ ਨੇ ਇਥੇ ਸ਼ਬਦ ਉਚਾਰਣ ਕਰ ਕੇ ਹਾਜ਼ਰ ਸਭਨਾਂ ਦੇ ਭਰਮ ਨਵਿਰਤ ਕੀਤੇ ਸਨ:

ਚਲਦਾ.....

# ਮਨੁੱਖ ਤੇ ਮਨੁੱਖਤਾ ਵਿਰੁੱਧ : ਯੁੱਧ



ਗੁਰਮੀਤ ਸਿੰਘ ਪਲਾਹੀ
-9815802070



ਦੂਜੇ ਸੰਸਾਰ ਮਹਾਂਯੁੱਧ ਸਮੇਂ ਅਮਰੀਕਾ ਦੇ ਮਸ਼ਹੂਰ ਸੈਨਿਕ ਜਨਰਲ ਡਵਾਈਟ ਡੀ. ਆਇਜ਼ਨਹਾਵਰ, ਜੋ ਬਾਅਦ ਵਿੱਚ ਅਮਰੀਕਾ ਦੇ 34ਵੇਂ ਰਾਸ਼ਟਰਪਤੀ ਵੀ ਬਣੇ, ਨੇ ਕਿਹਾ ਸੀ ਕਿ ਯੁੱਧ ਅੱਤਿਆਚਾਰੀ, ਬੇਅਰਥ ਅਤੇ ਬੇਵਕੂਫ਼ੀ ਭਰਿਆ ਹੁੰਦਾ ਹੈ। ਅਮਰੀਕਾ ਅਤੇ ਇਜ਼ਰਾਇਲ ਵੱਲੋਂ ਇਰਾਨ ਦੇ ਵਿਰੁੱਧ 28 ਫਰਵਰੀ 2026 ਨੂੰ ਬਿਨਾਂ ਸੋਚੇ ਸਮਝੇ ਯੁੱਧ ਸ਼ੁਰੂ ਕੀਤਾ ਗਿਆ ਹੈ। ਇਸ ਯੁੱਧ ਦੇ ਨਤੀਜੇ ਦੁਨੀਆਂ ਨੂੰ ਲੰਮੇ ਸਮੇਂ ਤੱਕ ਭੁਗਤਣੇ ਪੈਣਗੇ।

ਦੋ ਹਫ਼ਤਿਆਂ ਦੇ ਇਸ ਭਿਆਨਕ ਯੁੱਧ ਵਿੱਚ ਇਰਾਨ ਤਬਾਹ ਹੋਇਆ ਲੱਗਦਾ ਹੈ, ਪਰ ਕੀ ਇਰਾਨ ਯੁੱਧ ਹਾਰ ਗਿਆ ਹੈ? ਯੁੱਧ ਦੇ ਪਹਿਲੇ ਦਿਨ ਹੀ ਇਰਾਨ ਦਾ ਪ੍ਰਮੁੱਖ ਆਯਤੁੱਲਾ ਅਲੀ ਖਾਮਨੇਈ ਸਮੇਤ ਉਸਦੇ ਕਈ ਉੱਚ ਕੋਟੀ ਦੇ ਸਾਥੀ ਸਮੇਤ ਮਾਰਿਆ ਗਿਆ। ਪਰ ਵੱਡੀ ਤੇਜ਼ੀ ਨਾਲ ਇਰਾਨ ਨੇ ਆਪਣਾ ਨਵਾਂ ਨੇਤਾ ਚੁਣ ਲਿਆ। ਹੁਣ ਤੱਕ ਹਜ਼ਾਰਾਂ ਇਰਾਨੀ ਮਾਰੇ ਗਏ ਹਨ ਅਤੇ ਦਸ ਹਜ਼ਾਰ ਤੋਂ ਵੱਧ ਜ਼ਖ਼ਮੀ ਹੋਏ ਹਨ।

ਇੱਕ ਅਮਰੀਕੀ ਟੋਮਾਹਾਕ ਮਿਸਾਈਲ ਇੱਕ ਇਰਾਨੀ ਸਕੂਲ ਉੱਤੇ ਡਿੱਗੀ, ਜਿਸ ਵਿੱਚ 168 ਬੱਚੇ ਅਤੇ 14 ਅਧਿਆਪਕ ਮਾਰੇ ਗਏ। ਆਖ਼ਿਰ ਉਹਨਾਂ ਦਾ ਕੀ ਕਸੂਰ ਸੀ?

ਇਜ਼ਰਾਇਲ ਨੇ ਅਮਰੀਕਾ ਨੂੰ ਉਕਸਾਇਆ ਕਿ ਇਰਾਨ ਨੇ ਵੱਡੀ ਮਾਤਰਾ ਵਿੱਚ ਯੂਰੇਨੀਅਮ ਇਕੱਠਾ ਕਰ ਲਿਆ ਹੈ ਅਤੇ ਉਸਨੇ ਪਰਮਾਣੂ ਹਥਿਆਰਾਂ ਦੇ ਨਿਰਮਾਣ ਨੂੰ ਲਗਭਗ ਪੂਰਾ ਕਰ ਲਿਆ ਹੈ।

ਇਸ ਸਬੰਧ ਵਿੱਚ ਕਤਰ ਦੇਸ਼ ਨੇ ਗੱਲਬਾਤ ਲਈ ਭੂਮਿਕਾ ਨਿਭਾਉਣ ਦਾ ਯਤਨ ਕੀਤਾ। ਓਮਾਨ ਦੇ ਵਿਦੇਸ਼ ਮੰਤਰੀ ਨੇ ਵਾਸ਼ਿੰਗਟਨ ਪਹੁੰਚ ਕੇ ਇਰਾਨ ਦਾ ਇਹ ਵਾਇਦਾ ਅਮਰੀਕਾ ਦੇ ਰਾਸ਼ਟਰਪਤੀ ਤੱਕ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਕਿ ਇਰਾਨ ਯੂਰੇਨੀਅਮ ਦਾ ਕੋਈ ਭੰਡਾਰਨ ਨਾ ਰੱਖਣ ਲਈ ਸਹਿਮਤ ਹੋ ਗਿਆ ਹੈ ਅਤੇ ਉਸਨੇ ਕਦੇ ਵੀ ਪਰਮਾਣੂ ਹਥਿਆਰ ਨਾ ਰੱਖਣ ਦੀ ਕਸਮ ਖਾਧੀ ਹੈ। ਪਰ ਇਸ ਵਾਇਦੇ ਨੂੰ ਦਰਕਿਨਾਰ ਕਰਦਿਆਂ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅਚਾਨਕ ਗੱਲਬਾਤ ਖ਼ਤਮ ਕਰ ਦਿੱਤੀ ਅਤੇ ਇਰਾਨ ਉੱਤੇ ਹਮਲੇ ਦਾ ਹੁਕਮ ਚਾੜ੍ਹ ਦਿੱਤਾ। ਕੀ ਇਹ ਜਾਇਜ਼ ਹੈ?

ਅਮਰੀਕਾ, ਇਜ਼ਰਾਇਲ ਅਤੇ ਇਰਾਨ ਦੇ ਦਰਮਿਆਨ ਚੱਲ ਰਹੇ ਇਸ ਯੁੱਧ ਦੇ ਪਿੱਛੇ ਸਿਰਫ਼ ਪਰਮਾਣੂ ਹਥਿਆਰ ਰੱਖਣ ਦੀ ਗੱਲ ਹੀ ਨਹੀਂ ਹੈ, ਸਗੋਂ ਨਸਲੀ ਅਤੇ ਧਾਰਮਿਕ ਭਾਵਨਾਵਾਂ ਵੀ ਕੰਮ ਕਰ ਰਹੀਆਂ ਹਨ। ਇਜ਼ਰ-ਾਇਲ ਇੱਕ ਸਾਮਰਾਜਵਾਦੀ ਦੇਸ਼ ਦੇ ਰੂਪ ਵਿੱਚ ਦੁਨੀਆ ਸਾਹਮਣੇ ਆਇਆ ਹੈ। ਇਸ ਵੇਲੇ ਅਮਰੀਕਾ ਉਹਨਾਂ ਸਾਰੇ ਸਿਧਾਂਤਾਂ ਨੂੰ ਛਿੱਕੇ ਟੰਗ ਕੇ, ਜਿਨ੍ਹਾਂ ਉੱਤੇ ਉਸ ਦੀ ਨੀਂਹ ਰੱਖੀ ਗਈ ਸੀ, ਇਜ਼ਰਾਇਲ ਨਾਲ ਰਲ ਕੇ ਵਿਸਥਾਰਵਾਦੀ ਨੀਤੀਆਂ ਨੂੰ ਲਾਗੂ ਕਰਨ ਦੇ ਰਾਹ ਪੈ ਗਿਆ ਹੈ। ਦੁਨੀਆ ਭਰ ਵਿੱਚ ਹਥਿਆਰਾਂ ਦਾ ਵੱਡਾ ਵਪਾਰੀ ਅਤੇ ਹੈਂਕੜਬਾਜ਼ ਥਾਣੇਦਾਰ ਵਜੋਂ ਵੀ ਉਸਦੀ ਵੱਡੀ ਭੂਮਿਕਾ ਹੈ।

ਪਰ ਸਵਾਲ ਇਹ ਹੈ ਕਿ ਅਮਰੀਕਾ ਨੇ ਵੀਅਤਨਾਮ ਨਾਲ ਯੁੱਧ ਲੜ ਕੇ ਕੀ ਪ੍ਰਾਪਤ ਕੀਤਾ ਸੀ? ਉੱਥੇ ਲੰਮਾ ਯੁੱਧ ਚੱਲਿਆ ਅਤੇ ਅਖ਼ੀਰ ਅਮਰੀਕਾ ਨੂੰ ਵੀਅਤਨਾਮ ਦੇ ਲੋਕਾਂ ਦੇ ਦ੍ਰਿੜ ਵਿਸ਼ਵਾਸ ਕਾਰਨ ਉੱਥੋਂ ਵਾਪਸ ਮੁੜਨਾ ਪਿਆ। ਰੂਸ ਨੇ ਚਾਰ ਸਾਲ ਪਹਿਲਾਂ ਯੂਕਰੇਨ ਉੱਤੇ ਹਮਲਾ ਕੀਤਾ, ਪਰ ਉਹ ਹੁਣ ਤੱਕ ਯੁੱਧ ਜਿੱਤ ਨਹੀਂ ਸਕਿਆ। ਇਸ ਦੌਰਾਨ ਰੂਸ ਉੱਤੇ ਕਰਜ਼ੇ ਦਾ ਬੋਝ ਵਧਿਆ, ਤੇਲ ਤੋਂ ਹੋਣ ਵਾਲੀ ਕਮਾਈ ਘੱਟ ਗਈ ਹੈ ਅਤੇ ਰੂਸੀ ਸੈਨਿਕਾਂ ਨੂੰ ਹੁਣ ਕਿਰਾਏ ਦੇ ਵਿਦੇਸ਼ੀ ਸੈਨਿਕਾਂ ਦਾ ਸਹਾਰਾ ਲੈਣਾ ਪੈ ਰਿਹਾ ਹੈ।

ਇਰਾਨ ਨਾਲ ਅਮਰੀਕੀ ਯੁੱਧ ਵੀ ਉਦੋਂ ਤੱਕ ਚੱਲੇਗਾ ਜਿੰਨਾ ਚਿਰ ਤੱਕ ਅਮਰੀਕੀ ਮਸ਼ੀਨਾਂ ਕੰਮ ਕਰ ਰਹੀਆਂ ਹਨ। ਜਦ ਤੱਕ ਮਸ਼ੀਨਾਂ ਦੀ ਪੂਰਤੀ ਹੁੰਦੀ ਰਹੇਗੀ, ਅਮਰੀਕਾ ਆਪਣੀ ਜੰਗ ਜਾਰੀ ਰੱਖ ਸਕਦਾ ਹੈ। ਪਰ ਇਸ ਨਾਲ ਉਹ ਕਿਹੜੇ ਨਿਸ਼ਾਨੇ ਦੀ ਪੂਰਤੀ ਕਰ ਸਕੇਗਾ? ਵੇਖਣ ਵਾਲੀ ਗੱਲ ਇਹ ਹੈ ਕਿ ਜਦੋਂ ਵੀ ਕੋਈ ਦੇਸ਼ ਯੁੱਧ ਸ਼ੁਰੂ ਕਰਦਾ ਹੈ, ਤਾਂ ਉਸ ਨੂੰ ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਉਸਨੇ ਯੁੱਧ ਕਦੋਂ ਰੋਕਣਾ ਹੈ। ਇੱਕ ਗੱਲ ਜੋ ਸੋਲ੍ਹਾਂ ਆਨੇ ਸੱਚ ਹੈ-ਯੁੱਧ ਵਿੱਚ ਮਨੁੱਖਤਾ ਨੂੰ ਵੱਡੀ ਕੀਮਤ ਤਾਰਨੀ ਪੈਂਦੀ ਹੈ। ਇਸ ਕੀਮਤ ਦਾ ਅੰਦਾਜ਼ਾ ਲਗਾਉਣਾ ਮੁਸ਼ਕਲ ਹੈ।

ਅਸਲ 'ਚ ਇਹ ਯੁੱਧ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਹੈਂਕੜਬਾਜ਼ ਸੋਚ ਦਾ ਨਤੀਜਾ ਹੈ। ਜੇਕਰ ਸੋਚਿਆ ਜਾਵੇ ਤਾਂ ਅਮਰੀਕਾ ਦੇ ਕੋਲ ਇਹ ਤੈਅ ਕਰਨ ਦਾ ਅਧਿਕਾਰ ਕਿਸ ਨੇ ਦਿੱਤਾ ਕਿ ਕਿਸ ਦੇਸ਼ ਕੋਲ ਪਰਮਾਣੂ ਹਥਿਆਰ ਹੋਣ ਚਾਹੀਦੇ ਹਨ ਅਤੇ ਕਿਸ ਕੋਲ ਨਹੀਂ? ਸਵਾਲ ਇਹ ਵੀ ਉੱਠਦਾ ਹੈ ਕਿ ਕੀ ਅਮਰੀਕਾ ਭਾਰਤ, ਪਾਕਿਸਤਾਨ ਜਾਂ ਉੱਤਰੀ ਕੋਰੀਆ ਦੀ ਪਰਮਾਣੂ ਸਮਰੱਥਾ ਵਿੱਚ ਵੀ ਦਖ਼ਲ ਦੇ ਕੇ ਉਹਨਾਂ ਨੂੰ ਤਬਾਹ ਕਰਨ ਦਾ ਫ਼ੈਸਲਾ ਕਰੇਗਾ? ਜੇਕਰ ਐਸਾ ਹੋਇਆ ਤਾਂ ਇਸ ਦਾ ਸਿੱਟਾ ਕੀ ਨਿਕਲੇਗਾ?

ਜਿਸ ਖ਼ਤਰਨਾਕ ਸਥਿਤੀ ਵਿੱਚ ਅੱਜ ਦੁਨੀਆ ਇਸ ਜੰਗ ਕਾਰਨ ਫਸ ਚੁੱਕੀ ਹੈ, ਉਸ ਸਥਿਤੀ ਵਿੱਚੋਂ ਬਾਹਰ ਨਿਕਲਣਾ ਮੁਸ਼ਕਲ ਜਾਪਦਾ ਹੈ। ਟਰੰਪ ਦੀ ਮਨਮਾਨੀ ਕਾਰਨ ਪੈਦਾ ਹੋਏ ਇਸ ਟਕਰਾਅ ਦੇ ਸਿੱਟੇ ਵਜੋਂ ਤੇਲ ਦੀਆਂ ਕੀਮਤਾਂ ਤੇਜ਼ੀ ਨਾਲ ਵਧ ਰਹੀਆਂ ਹਨ। ਅਮਰੀਕਾ ਵਿੱਚ ਮਹਿੰਗਾਈ ਵਧ ਗਈ ਹੈ। ਭਾਰਤ ਵਿੱਚ ਗੈਸ ਸਿਲੰਡਰਾਂ ਦੀ ਕਮੀ ਵੇਖਣ ਨੂੰ ਮਿਲ ਰਹੀ ਹੈ ਅਤੇ ਉਹਨਾਂ ਦੀਆਂ ਕੀਮਤਾਂ ਵੀ ਵਧ ਰਹੀਆਂ ਹਨ। ਇੱਥੋਂ ਤੱਕ ਕਿ ਸ਼ੇਅਰ ਬਾਜ਼ਾਰ ਵੀ ਡਿੱਗਦਾ ਨਜ਼ਰ ਆ ਰਿਹਾ ਹੈ।

ਇੱਕ ਅੰਦਾਜ਼ੇ ਮੁਤਾਬਕ ਇਸ ਯੁੱਧ ਉੱਤੇ ਹਰ ਦਿਨ ਅਰਬਾਂ ਡਾਲਰ ਖ਼ਰਚ ਹੋ ਰਹੇ ਹਨ। ਵਾਤਾਵਰਣ ਜਿਸ ਢੰਗ ਨਾਲ ਦੂਸ਼ਿਤ ਹੋ ਰਿਹਾ ਹੈ, ਉਸਦਾ ਅੰਦਾਜ਼ਾ ਲਗਾਉਣਾ ਵੀ ਮੁਸ਼ਕਲ ਹੈ। ਹਵਾਈ ਸਫ਼ਰ ਮਹਿੰਗਾ ਹੋ ਚੁੱਕਾ ਹੈ ਅਤੇ ਪੂਰੀ ਦੁਨੀਆ ਦਹਿਸ਼ਤ ਦੇ ਮਾਹੌਲ ਵਿੱਚ ਜਿਊ ਰਹੀ ਹੈ ਅਤੇ ਜੰਗ ਦੇ ਖਿਡਾਰੀ ਆਪਣੇ ਹਥਿਆਰ ਵੇਚ ਕੇ ਨਫ਼ਾ ਕਮਾ ਰਹੇ ਹਨ। ਪਰ ਇਹ ਕਦੋਂ ਤੱਕ ਸੰਭਵ ਹੈ?

ਵੈਨਜ਼ੁਏਲਾ ਵਿੱਚ ਉਥੋਂ ਦੇ ਰਾਸ਼ਟਰਪਤੀ ਨੂੰ ਹਟਾਉਣ ਤੋਂ ਬਾਅਦ ਉਸਦੇ ਪੈਰ ਧਰਤੀ ਤੋਂ ਉੱਪਰ ਉੱਠੇ ਨਜ਼ਰ ਆਉਂਦੇ ਹਨ। ਟਰੰਪ ਨੇ ਸੋਚਿਆ ਤਾਂ ਇਹ ਸੀ ਕਿ ਇਰਾਨ ਦੇ ਖਾਮੀਨੀ ਨੂੰ ਮਾਰਨ ਤੋਂ ਬਾਅਦ ਇਰਾਨ ਗੋਡਿਆਂ ਭਾਰ ਹੋ ਜਾਏਗਾ, ਲਿਫ਼ ਜਾਏਗਾ,ਢਹਿ ਜਾਏਗਾ। ਪਰ ਇਰਾਨ ਨੇ ਜਿਸ ਢੰਗ ਨਾਲ ਅਮਰੀਕਾ-ਇਜ਼ਰ-ਾਇਲ ਸੈਨਾ ਦਾ ਮੁਕਾਬਲਾ ਕੀਤਾ ਹੈ, ਉਸ ਤੋਂ ਇੰਝ ਲੱਗਦਾ ਹੈ ਕਿ ਟਰੰਪ ਇਸ ਨਵੇਂ ਯੁੱਧ ਦੀ ਦਲਦਲ ਵਿੱਚ ਫਸ ਗਏ ਹਨ, ਜਿੱਥੋਂ ਲੰਮਾ ਸਮਾਂ ਸ਼ਾਇਦ ਉਹ ਨਿਕਲ ਹੀ ਨਾ ਸਕਣ।

ਪੰਦਰਾਂ ਦਿਨਾਂ ਦੇ ਯੁੱਧ ਤੋਂ ਬਾਅਦ ਟਰੰਪ ਦੇ ਆਪਣੇ ਨਿਸ਼ਾਨੇ ਵਿੱਚ ਬਦਲਾਅ ਆ ਗਿਆ ਹੈ। ਉਸ ਦਾ ਧਿਆਨ ਇਰਾਨ ਦੇ ਪਰਮਾਣੂ ਹਥਿਆਰਾਂ ਦੇ ਖ਼ਾਤਮੇ ਤੋਂ ਹਟ ਕੇ ਇਰਾਨ ਦੀ ਸੈਨਿਕ ਸਮਰੱਥਾ ਨੂੰ ਪੂਰੀ ਤਰ੍ਹਾਂ ਤਬਾਹ ਕਰਨ ਵੱਲ, ਇਰਾਨ ਵਿੱਚ ਸੱਤਾ ਦੀ ਤਬਦੀਲੀ ਅਤੇ ਆਖ਼ਿਰਕਾਰ ਇਰਾਨ ਨੂੰ ਬਿਨਾਂ ਕਿਸੇ ਸ਼ਰਤ ਦੇ ਆਤਮ ਸਮਰਪਣ ਕਰਨ ਵੱਲ ਕੇਂਦਰਿਤ ਹੋ ਗਿਆ ਹੈ। ਉਸ ਨੇ ਇਰਾਨ ਦੀ ਜਨਤਾ ਨੂੰ ਕਿਹਾ ਹੈ ਕਿ ਤੁਸੀਂ ਆਪਣੀ ਸਰਕਾਰ ਦੀ ਵਾਗਡੋਰ ਆਪਣੇ ਹੱਥਾਂ ਵਿੱਚ ਲੈ ਲਵੋ। ਇਹ ਤੁਹਾਡੀ ਸਾਰਿਆਂ ਦੀ ਸਰਕਾਰ ਹੋਵੇਗੀ। ਪਰ ਟਰੰਪ ਦੀਆਂ ਇਹਨਾਂ ਆਸਾਂ ਨੂੰ ਬੂਰ ਨਹੀਂ ਪਿਆ। ਉਸ ਦਾ ਇਹ ਬਿਆਨ ਬੇਅਸਰ ਰਿਹਾ।

ਬਿਨਾਂ ਸ਼ੱਕ ਇਰਾਨ ਵਿੱਚ ਕੱਟੜਪੰਥੀ ਇਸਲਾਮੀ ਨਿਜ਼ਾਮ ਰਾਜ ਕਰਦਾ ਹੈ। ਉਥੋਂ ਦੇ ਸਾਧੂ-ਸੰਤ ਧਰਮ ਅਤੇ ਮਜ਼ਹਬ ਦੇ ਦਾਇਰੇ ਵਿੱਚੋਂ ਨਿਕਲ ਕੇ ਸਿਆਸਤ ਅਤੇ ਸ਼ਾਸਨ ਵਿੱਚ ਦਖ਼ਲ ਦਿੰਦੇ ਹਨ, ਜਿਸ ਦਾ ਨਤੀਜਾ ਆਮ ਜਨਤਾ, ਖ਼ਾਸ ਕਰਕੇ ਇਰਾਨੀ ਔਰਤਾਂ ਨੂੰ ਭੁਗਤਣਾ ਪੈਂਦਾ ਹੈ। ਇਰਾਨ ਦੇ ਸ਼ਾਸਕਾਂ ਨੇ ਹਮਾਸ ਅਤੇ ਹਿਜ਼ਬੁੱਲਾ ਜਿਹੀਆਂ ਆਤੰਕੀ ਸੈਨਾਵਾਂ ਅਮਰੀਕਾ-ਇਜ਼ਰਾਇਲ ਵਰਗੇ ਮੁਲਕਾਂ ਵਿਰੁੱਧ ਲੜਨ ਲਈ ਤਿਆਰ ਕੀਤੀਆਂ ਹਨ। ਇਹਨਾਂ ਸੈਨਾਵਾਂ ਨੇ ਲਿਬਨਾਨ ਅਤੇ ਸੀਰੀਆ ਜਿਹੇ ਪ੍ਰਗਤੀਸ਼ੀਲ ਦੇਸ਼ਾਂ ਨੂੰ ਬਰਬਾਦ ਕੀਤਾ ਹੈ। ਪਿਛਲੇ ਮਹੀਨੇ ਜਦੋਂ ਇਰਾਨ ਦੇ ਆਮ ਲੋਕਾਂ ਨੇ ਸਰਕਾਰ ਦੇ ਵਿਰੁੱਧ ਪ੍ਰਦਰਸ਼ਨ ਕੀਤੇ ਤਾਂ ਖਾਮੀਨੀ ਸਰਕਾਰ ਨੇ ਨਿਹੱਥੇ ਲੋਕਾਂ ਤੇ ਗੋਲੀਆਂ ਚਲਾਉਣ ਦੇ ਹੁਕਮ ਦਿੱਤੇ। ਕਿਹਾ ਜਾਂਦਾ ਹੈ ਕਿ ਇਸ ਅੰਦੋਲਨ ਦੌਰਾਨ 20 ਤੋਂ 30 ਹਜ਼ਾਰ ਲੋਕ ਮਾਰ ਦਿੱਤੇ ਗਏ।

ਪਰ ਇਸ ਸਭ ਕੁਝ ਦੇ ਦਰਮਿਆਨ ਅਮਰੀਕਾ-ਇਜ਼ਰਾਇਲ ਦਾ ਇਰਾਨ ਅਤੇ ਖਾੜੀ ਮੁਲਕਾਂ ਨੂੰ ਯੁੱਧ ਵਿੱਚ ਧੱਕਣਾ ਯੂਐਨਓ ਦੇ ਚਾਰਟਰ ਦੇ ਆਰਟੀਕਲ 2(4), ਜੋ ਕਿ ਕਿਸੇ ਵੀ ਮੁਲਕ ਦੀ ਇਲਾਕਾਈ ਅਖੰਡਤਾ ਅਤੇ ਸਿਆਸੀ ਆਜ਼ਾਦੀ ਦੀ ਸੰਭਾਵਨਾ ਨੂੰ ਨਕਾਰਦਾ ਹੈ, ਦੀ ਸਿੱਧੀ ਉਲੰਘਣਾ ਹੈ।

ਇਜ਼ਰਾਇਲ 1948 ਵਿੱਚ ਬਰਤਾਨੀਆ ਅਤੇ ਅਮਰੀਕਾ ਸਮੇਤ ਹੋਰ ਸਮਰਾਜੀ ਸ਼ਕਤੀਆਂ ਵੱਲੋਂ ਫਲਸਤੀਨ ਦੀ ਧਰਤੀ 'ਤੇ ਕਬਜ਼ਾ ਕਰਕੇ ਹੋਂਦ ਵਿੱਚ ਲਿਆਂਦਾ ਗਿਆ ਸੀ। ਉਦੋਂ ਤੋਂ ਹੁਣ ਤੱਕ ਇਜ਼ਰਾਇਲ ਅਮਰੀਕਾ ਲਈ ਇੱਕ ਗੈਂਗਸਟਰ ਦੀ ਤਰ੍ਹਾਂ ਕੰਮ ਕਰ ਰਿਹਾ ਹੈ ਅਤੇ ਅਰਬ ਦੇਸ਼ਾਂ ਦੇ ਭੰਡਾਰਾਂ ਤੇ ਕਬਜ਼ਾ ਕਰਨ ਲਈ ਅਮਰੀਕੀ ਅੱਡੇ ਦੇ ਤੌਰ 'ਤੇ ਕੰਮ ਕਰ ਰਿਹਾ ਹੈ।

ਇਜ਼ਰਾਇਲ ਦੁਨੀਆ ਵਿੱਚ ਵੱਡੇ ਹਥਿਆਰ ਸੌਦਾਗਰ ਦੇ ਤੌਰ 'ਤੇ ਉਭਰਿਆ ਹੈ। ਅਮਰੀਕਾ ਵੱਲੋਂ ਵਪਾਰ ਲਈ ਧੌਂਸ ਨੀਤੀ, ਵਿਸਥਾਰਵਾਦੀ ਸੋਚ ਅਤੇ ਥਾਣੇਦਾਰਾਂ ਵਾਲੀ ਪ੍ਰਵਿਰਤੀ ਅੱਜ ਸੰਸਾਰਕ ਅਮਨ ਲਈ ਵੱਡਾ ਖਤਰਾ ਬਣੀ ਹੋਈ ਹੈ ਅਤੇ ਵੱਸਦੇ-ਰਸਦੇ ਸੰਸਾਰ ਨੂੰ ਯੁੱਧ ਵੱਲ ਧੱਕ ਰਹੀ ਹੈ। ਯੁੱਧ ਕਦੇ ਵੀ ਇਨਸਾਨੀ ਭਲਾਈ ਵਾਲਾ ਨਹੀਂ ਹੋ ਸਕਦਾ, ਭਾਵੇਂ ਕਿ ਇਹ ਮਜ਼ਬੂਰੀ ਵਜੋਂ ਹੀ ਕਿਉਂ ਨਾ ਲੜਿਆ ਗਿਆ ਹੋਵੇ। ਯੁੱਧ ਮਨੁੱਖ ਦਾ ਦੁਸ਼ਮਣ ਹੈ।

ਭਾਵੇਂ ਕਿਹਾ ਜਾਂਦਾ ਹੈ ਕਿ ਜਿਸ ਕੋਲ ਤਾਕਤ ਹੈ ਉਸ ਦਾ ਰਾਜ ਚੱਲਦਾ ਹੈ, ਪਰ ਲੋਕ-ਸ਼ਕਤੀ ਇੱਕ ਐਸੀ ਤਾਕਤ ਹੈ ਜਿਸ ਅੱਗੇ ਵੱਡੇ-ਵੱਡੇ ਤਾਨਾਸ਼ਾਹ ਵੀ ਝੁਕਣ ਲਈ ਮਜ਼ਬੂਰ ਹੋ ਜਾਂਦੇ ਹਨ।ਯੁੱਧ ਕਿਸੇ ਮਸਲੇ ਦਾ ਸਥਾਈ ਹੱਲ ਨਹੀਂ ਹੈ। ਹਜ਼ਾਰਾਂ-ਲੱਖਾਂ ਲੋਕ ਯੁੱਧ ਦੀ ਭੇਟ ਚੜ੍ਹ ਜਾਂਦੇ ਹਨ। ਹਿੰਸਾ ਕਾਰਨ ਲੋਕ ਮਾਨਸਿਕ ਬਿਮਾਰੀਆਂ ਅਤੇ ਭੁੱਖਮਰੀ ਦਾ ਸ਼ਿਕਾਰ ਹੋ ਜਾਂਦੇ ਹਨ। ਲੱਖਾਂ ਲੋਕ ਘਰੋਂ ਬੇਘਰ ਹੋ ਜਾਂਦੇ ਹਨ। ਉਹਨਾਂ ਦੇ ਬੱਚੇ ਸਿੱਖਿਆ ਅਤੇ ਸਿਹਤ ਸਹੂਲਤਾਂ ਤੋਂ ਵਿਰਵੇ ਰਹਿ ਜਾਂਦੇ ਹਨ।

ਇਹ ਯੁੱਧ ਹੀ ਹਨ ਜੋ ਕਿਸੇ ਖਿੱਤੇ ਦੇ ਵਿਨਾਸ਼ ਦਾ ਕਾਰਨ ਹੋ ਨਿਬੜਦੇ ਹਨ। ਆਧੁਨਿਕ ਯੁੱਧ ਹੁਣ ਕੇਵਲ ਸੀਮਾਵਾਂ ਤੱਕ ਸੀਮਿਤ ਨਹੀਂ ਰਹੇ, ਸਗੋਂ ਸ਼ਹਿਰਾਂ ਦੇ ਵਿੱਚੋਂ-ਵਿੱਚ ਲੜੇ ਜਾ ਰਹੇ ਹਨ।

ਰੂਸ-ਯੂਕਰੇਨ ਅਤੇ ਅਮਰੀਕਾ-ਇਜ਼ਰਾਇਲ ਯੁੱਧ ਇਸ ਦੀ ਵੱਡੀ ਉਦਾਹਰਨ ਹਨ। ਦੁਨੀਆ ਦੇ ਦੇਸ਼ ਆਪਣੀ ਸੁਰੱਖਿਆ ਦੇ ਡਰ ਤੋਂ ਸਿਹਤ ਅਤੇ ਸਿੱਖਿਆ ਸਹੂਲਤਾਂ ਤੇ ਖ਼ਰਚਾ ਘਟਾ ਕੇ ਜੰਗੀ ਸਮਾਨ ਖਰੀਦਣ ਤੇ ਵੱਧ ਖ਼ਰਚ ਕਰਨ ਲੱਗੇ ਹਨ।2024 ਵਿੱਚ ਵਿਸ਼ਵ ਦੀਆਂ ਸੈਨਾਵਾਂ 'ਤੇ 2.7 ਟ੍ਰਿਲੀਅਨ ਡਾਲਰ ਖਰਚੇ ਦਾ ਅਨੁਮਾਨ ਹੈ। ਯੁੱਧ ਅਸਲ ਵਿੱਚ ਵਿਕਾਸ ਦਾ ਉਲਟਾ ਪਹੀਆ ਸਾਬਤ ਹੋਇਆ ਹੈ, ਜੋ ਵਿਨਾਸ਼ ਦਾ ਕਾਰਨ ਬਣਦਾ ਹੈ।

ਯੁੱਧ ਮਾਨਵੀ ਕਦਰਾਂ-ਕੀਮਤਾਂ ਅਤੇ ਸੰਵੇਦਨਾਵਾਂ ਦੇ ਖ਼ਾਤਮੇ ਦਾ ਕਾਰਨ ਹੈ। ਯੁੱਧ ਹੀ ਹੈ ਜੋ ਮਾਨਸਿਕ ਵਿਕਾਸ ਉੱਤੇ ਸਥਾਈ ਤੌਰ 'ਤੇ ਨਕਾਰਾਤਮਕ ਪ੍ਰਭਾਵ ਪਾਉਂਦਾ ਹੈ।

ਯੁੱਧ ਵਿੱਚ ਬੱਚੇ ਅਤੇ ਔਰਤਾਂ ਭੁੱਖਮਰੀ ਅਤੇ ਹਿੰਸਾ ਦਾ ਸਭ ਤੋਂ ਵੱਧ ਸ਼ਿਕਾਰ ਹੁੰਦੇ ਹਨ। ਨਵੀਆਂ ਤਕਨੀਕਾਂ, ਖ਼ਾਸ ਕਰਕੇ ਆਰਟੀਫ਼ੀਸ਼ੀਅਲ ਇੰਟੈਲੀਜੈਂਸ ਅਤੇ ਡਰੋਨ ਯੁੱਧ ਮਨੁੱਖਤਾ ਲਈ ਵੱਡੇ ਘਾਤਕ ਸਾਬਤ ਹੋ ਰਹੇ ਹਨ।ਮਨੁੱਖ ਦੀ ਹੋਂਦ ਬਚਾਈ ਰੱਖਣ ਲਈ ਵਿਨਾਸ਼ਕਾਰੀ ਯੁੱਧ ਵਿਰੁੱਧ ਅਮਨ ਸਮੇਂ ਦੀ ਲੋੜ ਹੈ।

# ਜਦੋਂ ਗ਼ਦਰੀ ਬਾਬਾ ਬਲਵੰਤ ਸਿੰਘ ਖੁਰਦਪੁਰ ਨੂੰ ਫਾਂਸੀ ਦਿੱਤੀ ਗਈ

**30 ਮਾਰਚ ਸ਼ਹੀਦੀ ਦਿਨ 'ਤੇ ਵਿਸ਼ੇਸ਼**



– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com

ਦੂਜੇ ਲਾਹੌਰ ਸਾਜਿਸ਼ ਕੇਸ ਵਿੱਚ ਲਾਹੌਰ ਜੇਲ੍ਹ ਵਿੱਚ ਫਾਂਸੀ ਦਾ ਰੱਸਾ ਚੁੰਮਣ ਵਾਲਾ ਮਹਾਨ ਸ਼ਹੀਦ ਭਾਈ ਬਲਵੰਤ ਸਿੰਘ ਕੈਨੇਡੀਅਨ (ਖੁਰਦਪੁਰ) ਅਜਿਹਾ ਸੂਰਬੀਰ ਯੋਧਾ ਸੀ, ਜਿਸ ਨੇ ਭਰ ਜਵਾਨੀ ਵਿੱਚ ਸ਼ਹਾਦਤ ਦਾ ਜਾਮ ਪੀਤਾ। ਭਾਈ ਬਲਵੰਤ ਸਿੰਘ ਦਾ ਜਨਮ ਜਲੰਧਰ ਜਿਲ੍ਹੇ ਦੇ ਉਘੇ ਪਿੰਡ ਖੁਰਦਪੁਰ (ਜਲੰਧਰ-ਹੁਸ਼ਿਆਰਪੁਰ ਰੋਡ 'ਤੇ ਸਥਿਤ) ਵਿਖੇ ਸ. ਬੁੱਧ ਸਿੰਘ ਦੇ ਗ੍ਰਹਿ ਵਿਖੇ 14 ਸਤੰਬਰ, 1882 ਨੂੰ ਹੋਇਆ। ਖੁਰਦਪੁਰ ਦੇ ਨਜਦੀਕੀ ਕਸਬੇ ਆਦਮਪੁਰ ਦੇ ਮਿਡਲ ਸਕੂਲ ਵਿੱਚ ਮੁੱਢਲੀ ਸਿੱਖਿਆ ਪ੍ਰਾਪਤੀ ਲਈ ਦਾਖਲਾ ਲਿਆ। ਪਰ ਉਸ ਸਮੇਂ ਸਮਾਜ ਵਿੱਚ ਬਾਲ-ਵਿਆਹ ਦੀ ਰਸਮ ਪ੍ਰਚੱਲਤ ਸੀ, ਪਰਿਵਾਰ ਵੱਲੋਂ ਇਨ੍ਹਾਂ ਦੀ ਸ਼ਾਦੀ ਬਚਪਨ ਵਿੱਚ ਹੀ ਕਰ ਦਿੱਤੀ ਗਈ। ਵਿਆਹ ਉਪਰੰਤ ਪੜ੍ਹਾਈ ਵਿੱਚ-ਵਿਚਾਲੇ ਹੀ ਛੱਡ ਦਿੱਤੀ ਗਈ। ਭਰ ਜਵਾਨੀ ਵਿੱਚ ਪੈਰ ਧਰਦਿਆਂ ਉਸ ਸਮੇਂ ਦੀ ਅੰਗ੍ਰੇਜ਼ ਹਕੂਮਤ ਦੀ ਭਾਰਤੀ ਫੌਜ ਵਿੱਚ ਭਰਤੀ ਹੋ ਗਏ। ਜਦੋਂ ਭਾਈ ਬਲਵੰਤ ਸਿੰਘ ਦੀ ਪਲਟਨ ਮਰਦਾਨ (ਪਾਕਿਸਤਾਨ) ਵਿੱਚ ਸੀ ਤਾਂ ਇਨ੍ਹਾਂ ਦੀ ਸ਼ਖ਼ਸੀਅਤ ਉੱਤੇ ਪੰਜਾਬ ਦੀ ਪ੍ਰਸਿੱਧ ਧਾਰਮਿਕ ਹਸਤੀ ਬਾਬਾ ਕਰਮ ਸਿੰਘ ਹੋਤੀ ਮਰਦਾਨ ਦੀ ਸੰਗਤ ਦਾ ਅਜਿਹਾ ਅਸਰ ਹੋਇਆ ਕਿ ਆਪ ਜੀ ਦਾ ਨਿਸ਼ਚਾ ਤੇ ਵਿਸ਼ਵਾਸ ਸਿੱਖ ਧਰਮ ਵਿੱਚ ਦ੍ਰਿੜ੍ਹ ਹੋ ਗਿਆ। ਅੰਗ੍ਰੇਜ਼ ਹਕੂਮਤ ਦੀ ਗੁਲਾਮੀ ਦਾ ਅਹਿਸਾਸ ਵੀ ਹੋ ਗਿਆ। 23 ਸਾਲ ਦੀ ਉਮਰ ਵਿੱਚ ਫੌਜ ਦੀ ਨੌਕਰੀ ਛੱਡ ਕੇ ਛੇਤੀ ਹੀ 1906 ਵਿੱਚ ਕੈਨੇਡਾ ਚਲੇ ਗਏ। ਉਥੇ ਜਾ ਕੇ ਵੈਨਕੂਵਰ ਵਿੱਚ ਪਹਿਲਾ ਗੁਰਦੁਆਰਾ ਸਾਹਿਬ ਬਨਾਉਣ ਵਿੱਚ ਭਰਪੂਰ ਯੋਗਦਾਨ ਪਾਇਆ। ਕੈਨੇਡਾ ਦੇ ਇਸ ਸ਼ਹਿਰ ਦੀ ਸਿੱਖ ਸੰਗਤ ਨੇ ਇਨ੍ਹਾਂ ਨੂੰ ਸਿੱਖ ਸਿਧਾਂਤਾਂ ਵਿੱਚ ਪ੍ਰਪੱਕ ਵੇਖਦਿਆਂ ਗੁਰੂ ਘਰ ਦਾ ਗ੍ਰੰਥੀ ਨਿਯੁੱਕਤ ਕਰ ਦਿੱਤਾ। ਇਸੇ ਕਰਕੇ ਭਾਈ ਸ਼ਬਦ ਆਪ ਜੀ ਦੇ ਨਾਂਅ ਨਾਲ ਪੱਕੇ ਤੌਰ 'ਤੇ ਜੁੜ ਗਿਆ।

ਕੈਨੇਡਾ ਸਰਕਾਰ ਨੇ 1908 ਈ: ਵਿੱਚ ਫੈਸਲਾ ਕੀਤਾ ਕਿ ਬ੍ਰਿਟਿਸ਼ ਕੋਲੰਬੀਆ (ਬੀ. ਸੀ.) ਵਿੱਚ ਰਹਿਣ ਵਾਲੇ ਹਿੰਦੁਸਤਾਨੀਆਂ ਨੂੰ ਅਮਰੀਕਾ ਦੀ ਹੌਂਡਰਸ ਕਾਲੋਨੀ ਵਿੱਚ ਅਬਾਦ ਕੀਤਾ ਜਾਵੇ। ਪਰ ਭਾਈ ਬਲਵੰਤ ਸਿੰਘ ਨੇ ਆਪਣੇ ਸਾਥੀਆਂ ਸਮੇਤ ਇਸ ਸਰਕਾਰੀ ਨੀਤੀ ਦੀ ਵਿਰੋਧਤਾ ਕੀਤੀ। 1909 ਈ: ਵਿੱਚ ਹਿੰਦੁਸਤਾਨ ਐਸੋਸੀਏਸ਼ਨ ਦੀ ਸਥਾਪਨਾ ਕੀਤੀ ਗਈ। ਇਸ ਐਸੋਸੀਏਸ਼ਨ ਦੇ ਸਾਰੇ ਪ੍ਰਵਾਸੀ ਭਾਰਤੀਆਂ ਨੇ ਕੈਨੇਡਾ ਨਾ ਆਉਣ ਦੀਆਂ ਬੰਦਿਸ਼ਾਂ ਵਿਰੁੱਧ ਅਵਾਜ ਉਠਾਈ। ਭਾਈ ਬਲਵੰਤ ਸਿੰਘ ਕੈਨੇਡੀਅਨ ਅਤੇ ਉਨ੍ਹਾਂ ਦੇ ਸਾਥੀ ਸਾਰੇ ਪ੍ਰਵਾਸੀ ਭਾਰਤੀਆਂ ਨੂੰ ਗੁਲਾਮੀ ਦਾ ਅਹਿਸਾਸ ਕਰਵਾਉਣਾ ਅੰਗ੍ਰੇਜ਼ ਹਕੂਮਤ ਦਾ ਸਿਆਸੀ ਪੈਂਤੜਾ ਹੀ ਸੀ। 1911 ਈ: ਵਿੱਚ ਬਾਬਾ ਬਲਵੰਤ ਸਿੰਘ ਆਪਣੇ ਸਾਥੀ ਭਾਈ ਭਾਗ ਸਿੰਘ ਭਿੱਖੀਵਿੰਡ ਨਾਲ ਵਾਪਸ ਹਿੰਦੁਸਤਾਨ ਅਨੇਕਾਂ ਔਕੜਾਂ ਤੇ ਮੁਸੀਬਤਾਂ ਦਾ ਸਾਹਮਣਾ ਕਰ ਕੇ ਪੁੱਜੇ। ਪਰ ਇਨ੍ਹਾਂ ਮੁਸੀਬਤਾਂ ਤੇ ਕਠਿਨਾਈਆਂ ਦੇ ਬਾਵਜੂਦ 1912 ਈ: ਵਿੱਚ ਆਪਣੇ ਪਰਿਵਾਰ ਸਮੇਤ ਜਨਵਰੀ 1912 ਵਿੱਚ ਵੈਨਕੂਵਰ ਪਹੁੰਚਣ ਵਿੱਚ ਸਫ਼ਲ ਹੋ ਗਏ।

22 ਫ਼ਰਵਰੀ, 1913 ਈ: ਖ਼ਾਲਸਾ ਦੀਵਾਨ ਸੁਸਾਇਟੀ ਅਤੇ ਯੂਨਾਈਟਡ ਇੰਡੀਆ ਲੀਗ ਦੀ ਸਾਂਝੀ ਇਕੱਤਰਤਾ ਵਿੱਚ ਇਹ ਫੈਸਲਾ ਸਰਬ ਸੰਮਤੀ ਨਾਲ ਕੀਤਾ ਗਿਆ ਕਿ ਇੰਗਲੈਂਡ ਅਤੇ ਹਿੰਦੁਸਤਾਨ ਦੋਵਾਂ ਦੇਸ਼ਾਂ ਵਿੱਚ ਜਾ ਕੇ ਬ੍ਰਿਟਿਸ਼ ਸਰਕਾਰ ਨੂੰ ਆਪਣੀਆਂ ਮੁਸ਼ਕਲਾਂ ਨੂੰ ਦੂਰ ਕਰਨ ਲਈ ਮੰਗ ਪੱਤਰ ਦਿੱਤਾ ਜਾਵੇ। ਇਸ ਕਾਰਜ ਲਈ ਭਾਈ ਬਲਵੰਤ ਸਿੰਘ, ਭਾਈ ਨੰਦ ਸਿੰਘ ਤੇ ਭਾਈ ਨਰਾਇਣ ਸਿੰਘ 'ਤੇ ਆਧਾਰਿਤ ਇਕ ਪ੍ਰਤੀਨਿੱਧ ਮੰਡਲ ਦੋਵਾਂ ਦੇਸ਼ਾਂ ਵਿੱਚ ਭੇਜਣ ਲਈ ਸਮਾਂ ਨਿਸ਼ਚਿਤ ਕੀਤਾ ਗਿਆ। ਪਰ ਦੋਵਾਂ ਦੇਸ਼ਾਂ ਵਿੱਚ ਅੰਗ੍ਰੇਜ਼ ਸਰਕਾਰ ਨੇ



**ਭਾਈ ਬਲਵੰਤ ਸਿੰਘ ਕੈਨੇਡੀਅਨ (ਖੁਰਦਪੁਰ)**

ਕੋਈ ਸਹਿਯੋਗ ਨਾ ਦਿੱਤਾ। ਕੈਨੇਡਾ ਪਰਤਣ ਸਮੇਂ ਭਾਈ ਬਲਵੰਤ ਸਿੰਘ ਦਾ ਮਿਲਾਪ ਮੁਸੀਬਤਾਂ ਦਾ ਟਾਕਰਾ ਕਰ ਰਹੇ ਕਾਮਾਗਾਟਾਮਾਰੂ ਜਹਾਜ਼ ਵਾਲੇ ਬਾਬਾ ਗੁਰਦਿੱਤ ਸਿੰਘ ਸਰਹਾਲੀ ਨਾਲ ਹੋਇਆ। ਭਾਈ ਬਲਵੰਤ ਸਿੰਘ ਨੇ ਕੈਨੇਡਾ ਦੇ ਪ੍ਰਵਾਸੀ ਭਾਰਤੀਆਂ ਖਾਸ ਕਰਕੇ ਸਿੱਖਾਂ ਵੱਲੋਂ ਬਾਬਾ ਗੁਰਦਿੱਤ ਸਿੰਘ ਨੂੰ ਹਰ ਸਮੇਂ ਹਰ ਹਾਲਾਤ ਵਿੱਚ ਸਹਿਯੋਗ ਦੇਣ ਦਾ ਵਾਅਦਾ ਕੀਤਾ। ਕਾਮਾਗਾਟਾਮਾਰੂ ਜਹਾਜ਼ ਦੇ ਮੁਸਾਫਿਰਾਂ ਨੂੰ ਕੈਨੇਡਾ ਵਿੱਚ ਦਾਖ਼ਲ ਨਾ ਹੋਣ ਦੇ ਵਿਰੋਧ ਵਿੱਚ ਸਾਰੇ ਪ੍ਰਵਾਸੀ ਭਾਰਤੀਆਂ ਵਿੱਚ ਅਤਿ ਦਾ ਗੁੱਸਾ ਸੀ। ਇਨ੍ਹਾਂ ਸਾਰੇ ਪ੍ਰਵਾਸੀਆਂ ਨੇ ਗ਼ਦਰ ਪਾਰਟੀ ਨਾਲ ਸੰਪਰਕ ਬਣਾਇਆ। ਪਰ ਅੰਗ੍ਰੇਜ਼ ਹਕੂਮਤ ਦਾ ਵਤੀਰਾ ਹੋਰ ਵੀ ਸਖ਼ਤ ਹੋ ਗਿਆ।

ਕੈਨੇਡੀਅਨ ਹਕੂਮਤ ਦੇ ਇਮੀਗ੍ਰੇਸ਼ਨ ਇੰਸਪੈਕਟਰ ਵਿਲੀਅਮ ਹਾਪਨਿਕਸ ਨੇ 5 ਸਤੰਬਰ, 1914 ਈ: ਨੂੰ ਵੈਨਕੂਵਰ ਦੇ ਗੁਰਦੁਆਰਾ ਕੰਪਲੈਕਸ ਵਿੱਚ ਦੋ ਨੌਜਵਾਨਾਂ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ। ਇਨ੍ਹਾਂ ਸ਼ਹਾਦਤਾਂ ਦੇ ਰੋਸ ਵਜੋਂ 21 ਅਕਤੂਬਰ 1914 ਈ: ਨੂੰ ਪ੍ਰਵਾਸੀ ਭਾਰਤੀ ਭਾਈ ਸੇਵਾ ਸਿੰਘ ਨੇ ਸ਼ਹਿਰ ਦੀ ਕਚਹਿਰੀ ਵਿੱਚ ਹੀ ਵਿਲੀਅਮ ਹਾਪਨਿਕਸ ਨੂੰ ਗੋਲੀਆਂ ਨਾਲ ਉਡਾ ਦਿੱਤਾ। ਇਸ ਕਤਲ ਦੀ ਸਾਜਿਸ਼ ਵਿੱਚ ਅਤੇ ਸ਼ੱਕ 'ਤੇ ਆਧਾਰਿਤ ਭਾਈ ਬਲਵੰਤ ਸਿੰਘ ਖੁਰਦਪੁਰ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ। ਪਰ ਕੋਈ ਗਵਾਹੀ ਨਾ ਮਿਲਣ ਕਰਕੇ ਛੱਡਣਾ ਪਿਆ। ਇਸ ਤੋਂ ਪਿੱਛੋਂ ਭਾਈ ਬਲਵੰਤ ਸਿੰਘ ਨੂੰ ਕੈਨੇਡਾ ਵਿੱਚੋਂ ਕੱਢ ਦਿੱਤਾ ਗਿਆ।

ਕੈਨੇਡਾ ਤੋਂ ਵਾਪਸੀ ਸਮੇਂ ਭਾਈ ਬਲਵੰਤ ਸਿੰਘ ਸ਼ਿੰਘਾਈ ਪੁੱਜੇ ਅਤੇ ਪੂਰੇ ਹਿੰਦੁਸਤਾਨ ਦੇ ਲੋਕਾਂ ਦੀਆਂ ਔਕੜਾਂ ਨੂੰ ਦੇਖਦਿਆਂ ਗਦਰ ਲਹਿਰ ਦੇ ਹੱਕ ਵਿੱਚ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਭਾਈ ਬਲਵੰਤ ਸਿੰਘ 1915 ਈ: ਵਿੱਚ ਥਾਈਲੈਂਡ ਗਏ। ਇਥੇ ਹੀ ਅਮਰੀਕਾ ਤੋਂ ਇਥੇ ਪੁੱਜੇ, ਸਾਰੇ ਗਦਰੀ ਬਾਬਿਆਂ ਨੂੰ ਮਿਲੇ। ਇਹ ਸਾਰੇ ਗਦਰੀ ਬਾਬੇ ਬਰਮਾ ਵਿਖੇ ਅੰਗ੍ਰੇਜ਼ਾਂ ਦੇ ਵਿਰੋਧ ਵਿੱਚ ਬਗਾਵਤ ਖੜ੍ਹੀ ਕਰਨਾ ਚਾਹੁੰਦੇ ਸਨ। ਇਥੇ ਪੁੱਜ ਕੇ ਭਾਈ ਬਲਵੰਤ ਸਿੰਘ ਕੈਨੇਡੀਅਨ ਸਖ਼ਤ ਬਿਮਾਰ ਹੋ ਗਏ । ਜਦੋਂ ਹਸਪਤਾਲ ਪੁੱਜੇ ਤਾਂ ਇਥੋਂ ਇਨ੍ਹਾਂ ਨੂੰ ਬਿਮਾਰੀ ਦੀ ਹਾਲਤ ਵਿੱਚ ਹੀ ਗ੍ਰਿਫ਼ਤਾਰ ਕਰ ਲਿਆ ਗਿਆ। ਬਿਮਾਰੀ ਦੌਰਾਨ ਹੀ ਹਿੰਦੁਸਤਾਨ ਭੇਜ ਦਿੱਤਾ ਗਿਆ।

ਹਿੰਦੁਸਤਾਨ ਪਹੁੰਚ ਕੇ ਭਾਈ ਬਵਲੰਤ ਸਿੰਘ ਵਰਗੇ ਸੂਰਬੀਰ ਤੇ ਅਣਖੀ ਯੋਧੇ 'ਤੇ ਦੂਜੇ ਲਾਹੌਰ ਸਾਜਿਸ਼ ਕੇਸ ਅਧੀਨ ਮੁਕੱਦਮਾ ਚਲਾਇਆ ਗਿਆ। ਅੰਤ 30 ਮਾਰਚ, 1917 ਈ: ਵਿੱਚ ਇਸ ਅਣਖੀਲੇ ਨੌਜਵਾਨ ਨੂੰ ਲਾਹੌਰ ਜੇਲ੍ਹ ਵਿੱਚ ਫਾਂਸੀ ਦੇ ਫੰਦੇ 'ਤੇ ਲਟਕਾਇਆ ਗਿਆ। ਪੰਜਾਬ ਦੀ ਜਰਖੇਜ਼ ਧਰਤੀ ਦਾ ਜੰਮਿਆ ਜਾਇਆ ਭਾਈ ਬਲਵੰਤ ਸਿੰਘ ਖੁਰਦਪੁਰ (ਕੈਨੇਡੀਅਨ) 35 ਕੁ ਸਾਲ ਦੀ ਭਰ ਜਵਾਨੀ ਵਿੱਚ ਹਿੰਦੁਸਤਾਨ ਦੇ ਗਲੋਂ ਗੁਲਾਮੀ ਦੇ ਤੌਕ ਨੂੰ ਲਾਹੁਣ ਲਈ ਸ਼ਹਾਦਤ ਦਾ ਜਾਮ ਪੀ ਗਿਆ। ਅੱਜ ਕੇਵਲ ਉਨ੍ਹਾਂ ਦੀ ਯਾਦ ਹੀ ਬਾਕੀ ਹੈ।

ਮੋਬਾਈਲ: 98143-24040

# ਕੌਮਾਂਤਰੀ ਇਸਤਰੀ ਦਿਵਸ ਮੌਕੇ ਪ੍ਰਾਪਤੀਆਂ ਲਈ ਔਰਤਾਂ ਦਾ ਸਨਮਾਨ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਐਸੋਸੀਏਸ਼ਨ ਆਫ ਇੰਡੋ ਅਮੈਰੀਕਨਜ ਨੇ ਕੌਂਸਲੇਟ ਜਨਰਲ ਆਫ ਇੰਡੀਆ ਸਨਫਰਾਂਸਿਸਕੋ ਦੇ ਸਹਿਯੋਗ ਨਾਲ 'ਨਾਰੀ 2026- ਕੌਮਾਂਤਰੀ ਇਸਤਰੀ ਦਿਵਸ' ਮਨਾਇਆ ਜਿਸ ਦੌਰਾਨ ਵੱਖ ਵੱਖ ਖੇਤਰਾਂ ਵਿਚ ਪ੍ਰਾਪਤੀਆਂ ਲਈ 48 ਔਰਤਾਂ ਦਾ ਸਨਮਾਨ ਕੀਤਾ ਗਿਆ। ਇਸ ਦੇ ਨਾਲ ਹੀ ਤਿੰਨ ਅਹਿਮ ਸਖਸ਼ੀਅਤਾਂ ਕੈਲੀਫੋਰਨੀਆ ਦੇ ਲੈਫਟੀਨੈਂਟ ਗਵਰਨਰ ਐਲੇਨੀ ਕੋਨਾਲਾਕਿਸ, ਸਾਬਕਾ ਯੂ ਐਸ ਅੰਬੈਸਡਰ ਸ਼ੇਫਾਲੀ ਰਾਜ਼ਦਾਨ ਦੁੱਗਲ ਤੇ ਸਮਾਜ ਸੇਵੀ ਨੀਰੂ ਖੋਸਲਾ ਨੂੰ ਲਾਈਫਟਾਈਮ ਅਚੀਵਮੈਂਟ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਆਪਣੇ ਸੰਬੋਧਨ ਵਿੱਚ ਲੈਫਟੀਨੈਂਟ ਗਵਰਨਰ ਕੋਨਾਲਾਕਿਸ ਨੇ ਕਿਹਾ ਕਿ ਇਸ ਕਿਸਮ ਦੇ ਇਕੱਠ ਸਮਾਜਕ ਰਿਸ਼ਤਿਆਂ ਵਿਚ ਇਕ ਨਵੀਂ ਰੂਹ ਫੂਕਦੇ ਹਨ ਜਿਸ ਨਾਲ ਆਪਸੀ ਪਿਆਰ ਤੇ ਮਿਲਵਰਤਣ ਦੇ ਨਵੇਂ ਰਾਹ ਖੁਲਦੇ ਹਨ । ਲੋਕ ਸੇਵਾ, ਤਕਨੀਕ, ਸਿਹਤ ਸੰਭਾਲ,ਉਦ-ਮਤਾ, ਸਿੱਖਿਆ ਤੇ ਸਮਾਜਿਕ ਅਗਵਾਈ ਦੇ ਖੇਤਰ ਵਿੱਚ ਜਿਨਾਂ ਔਰਤਾਂ ਦੀਆਂ ਪ੍ਰਾਪਤੀਆਂ ਨੂੰ ਮਾਨਤਾ ਦਿੱਤੀ ਤੇ ਸਨਮਾਨਿਤ ਕੀਤਾ ਗਿਆ ਉਨਾਂ ਵਿਚ ਪ੍ਰਾਥਿਮਾ ਰੈਡੀ ਕੋਪੁਲਾ, ਕੈਥਰੀਨ ਸਟੇਫਾਨੀ, ਪੈਨੀ ਕੋਲਟਰ, ਕ੍ਰਿਸਟਾਈਨ ਪੇਲੋਸੀ, ਰੰਗਾਨਾਥਨ, ਸੋਨਿਤਾ ਲੋਨਟੋਹ, ਲਿਲੀ ਮੀ, ਸ਼ੈਰੀ ਹੂ, ਅਨੀਤਾ ਮਨਵਾਨੀ, ਨੋਰੀਨ ਕਿੰਗ, ਹਨਾਹ ਕੈਨ, ਮਮਤਾ ਭੰਡਾਰੀ. ਡਾ ਨੀਲਿਮਾ ਰਾਘਵਨ ਤੇ ਹੋਰ ਸ਼ਾਮਿਲ ਹਨ। ਗੀਤਾ ਰਾਮਾਕ੍ਰਿਸ਼ਨਨ ਮੈਮੋਰੀਅਲ ਐਵਾਰਡ ਸ਼੍ਰੀਮਾ ਰੰਗਾਨਾਥਨ ਨੂੰ ਦਿੱਤਾ ਗਿਆ। ਇਸ ਮੌਕੇ ਵੱਖ ਵੱਖ ਬੁਲਾਰਿਆਂ ਨੇ ਇਸਤਰੀ ਦਿਵਸ ਦੀ ਮਹੱਤਤਾ ਬਾਰੇ ਚਾਨਣਾ ਪਾਇਆ ਤੇ ਸਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ ।

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**672. ਜੋ ਪ੍ਰਭੂ ਨਾਮ ਧਨ ਦੇ ਵਣਜ/ਵਪਾਰ ਤੋਂ ਬਿਨਾਂ ਕੋਈ ਹੋਰ ਵਪਾਰ ਕਰਦੇ ਹਨ ਉਹਨਾਂ ਨੂੰ ਕੀ ਮਿਲਦਾ ਹੈ?**

ਜਿਹੜੇ ਜੀਵ-ਵਣਜਾਰੇ (ਪ੍ਰਭੂ ਦੇ ਨਾਮ ਤੋਂ ਬਿਨਾ) ਹੋਰ ਹੋਰ ਵਣਜ ਕਰਦੇ ਹਨ, ਉਹ ਮੋਹਣੀ ਮਾਇਆ ਦੀਆਂ ਬੇਅੰਤ ਲਹਿਰਾਂ ਵਿਚ ਫਸ ਕੇ ਲੰਬਾ (ਜੰਮਣ ਮਰਨ ਦਾ) ਦੁਖ ਸਹਾਰਦੇ ਹਨ । "ਹੋਰੁ ਵਣਜੁ ਕਰਹਿ ਵਾਪਾਰੀਏ ਅਨੰਤ ਤਰੰਗੀ ਦੁਖੁ ਮਾਇਆ ॥ ਅੰਗ 165" । ਪ੍ਰਭੂ ਦੇ ਨਾਮ ਤੋਂ ਬਿਨਾ ਹੋਰ ਵਣਜਾਂ ਨੂੰ ਖੋਟਾ ਵਣਜ ਗਿਣਿਆ ਗਿਆ ਹੈ। ਖੋਟਾ ਵਪਾਰ ਕਰਨ ਨਾਲ ਮਨ ਤੇ ਤਨ ਖੋਟੇ ਹੋ ਜਾਂਦੇ ਹਨ (ਭਾਵ, ਖੋਟ ਮਨੁੱਖ ਦੇ ਅੰਦਰ ਰਚ ਜਾਂਦਾ ਹੈ) । ਜਿਵੇਂ ਫਾਹੀ ਵਿਚ ਫਸਿਆ ਹੋਇਆ ਹਿਰਨ ਦੁਖੀ ਹੁੰਦਾ ਹੈ, ਤਿਵੇਂ (ਖੋਟ ਦੀ ਫਾਹੀ ਵਿਚ ਫਸ ਕੇ) ਜੀਵ ਨੂੰ ਬਹੁਤ ਦੁਖ ਹੁੰਦਾ ਹੈ ਤੇ ਉਹ ਨਿੱਤ ਰੋਂਦਾ ਹੈ । "ਖੋਟੈ ਵਣਜਿ ਵਣੰਜਿਐ ਮਨੁ ਤਨੁ ਖੋਟਾ ਹੋਇ ॥ ਫਾਹੀ ਫਾਥੇ ਮਿਰਗ ਜਿਉ ਦੂਖੁ ਘਣੋ ਨਿਤ ਰੋਇ ॥2॥ ਅੰਗ 22" । ਹਰ ਕੋਈ ਵਣਜ ਕਰਦਾ ਹੈ, ਪਰ ਬਿਨਾ ਨਾਮ ਦੇ (ਵਣਜ ਤੋਂ) ਸਭ ਘਾਟਾ ਹੀ ਘਾਟਾ ਹੈ । "ਸਭੁ ਕੋ ਵਣਜੁ ਕਰੇ ਵਾਪਾਰਾ ॥ ਵਿਣੁ ਨਾਵੈ ਸਭੁ ਤੋਟਾ ਸੰਸਾਰਾ ॥ ਅੰਗ 1063" ।

**673. ਕੀ ਕੀ ਲੇਖੈ ਵਿਚ ਹੈ?**

ਸਭ ਜੀਵਾਂ ਦੇ ਸਿਰ ਤੇ ਧੁਰ ਦਰਗਾਹ ਤੋਂ ਲੇਖ ਲਿਖਿਆ ਹੋਇਆ ਹੈ, ਲੇਖੈ ਬਿਨਾ ਕੋਈ ਨਹੀਂ ਹੈ ਜੀਉ । "ਸਰਬ ਜੀਆ ਸਿਰਿ ਲੇਖੁ ਧੁਰਾਹੂ ਬਿਨੁ ਲੇਖੈ ਨਹੀ ਕੋਈ ਜੀਉ ॥ ਅੰਗ 598" । ਬੋਲਣਾ ਤੇ ਖਾਣਾ ਖਾਣਾ ਲੇਖੈ ਵਿਚ ਹੈ । "ਲੇਖੈ ਬੋਲਣੁ ਬੋਲਣਾ ਲੇਖੈ ਖਾਣਾ ਖਾਉ ॥ ਅੰਗ 15" । ਬੋਲਣਾ ਚਲਣਾ ਲੇਖੈ ਵਿਚ ਹੈ, ਕਿਉਂ ਝੂਠੇ ਦਾਵੇ ਕਰਦਾ ਹੈਂ? "ਲੇਖੈ ਬੋਲਣੁ ਲੇਖੈ ਚਲਣੁ ਕਾਇਤੁ ਕੀਚਹਿ ਦਾਵੇ ॥ ਅੰਗ 1238" । ਰਸਤੇ ਤੇ ਤੁਰਨਾ ਤੇ ਸੁਣ ਕੇ ਵੇਖਣਾ ਲੇਖੈ ਵਿਚ ਹੈ । "ਲੇਖੈ ਵਾਟ ਚਲਾਈਆ ਲੇਖੈ ਸੁਣਿ ਵੇਖਾਉ ॥ ਅੰਗ 15" । ਸਾਹ ਲੈਣਾ ਲੇਖੇ ਵਿਚ ਹੈ, ਪੜਿਆਂ ਤੋਂ ਕੀ ਪੁੱਛਣ ਜਾਣਾ; ਭਾਵ ਪੜ੍ਹੇ ਲਿਖਿਆਂ ਨੂੰ ਪੁੱਛਣ ਦੀ ਲੋੜ ਨਹੀਂ । ਲੇਖੈ ਸਾਹ ਲਵਾਈਅਹਿ ਪੜੇ ਕਿ ਪੁਛਣ ਜਾਉ ॥1॥ ਅੰਗ 15" । ਹੇ ਪ੍ਰਭੂ! ਤੂੰ ਸਾਰੇ ਜੀਵਾਂ ਨੂੰ ਪ੍ਰਿਤਪਾਲਦਾ ਹੈਂ, ਸਾਡਾ ਹਰ ਸਾਹ ਤੇ ਹਰ ਬੁਰਕੀ ਲੇਖੈ ਵਿਚ ਹੈ । "ਤੂ ਸਰਬ ਜੀਆ ਪ੍ਰਿਤਪਾਲਹੀ ਲੇਖੈ ਸਾਸ ਗਿਰਾਸ ॥ ਅੰਗ 20" । ਅਤੇ "ਲੇਖੈ ਤੇਰੈ ਸਾਸ ਗਿਰਾਸ ॥2॥ ਅੰਗ 354" । ਹੇ ਮਨ! ਤੇਰਾ ਚਲਣਾ, ਬੈਠਣਾ ਤੇ ਸਾਹ ਲੈਣਾ ਲੇਖੈ ਵਿਚ ਹੈ । "ਰੇ ਮਨ ਲੇਖੈ ਚਾਲਹਿ ਲੇਖੈ ਬੈਸਹਿ ਲੇਖੈ ਲੈਦਾ ਸਾਹਾ॥ ਅੰਗ 402" । ਹੇ ਨਾਨਕ ਇਕ ਪ੍ਰਭੂ ਦੀ ਪ੍ਰੇਮਾ ਭਗਤੀ ਹੀ ਲੇਖੈ ਵਿਚ ਹੈ (ਭਾਵ ਉਹੀ ਕੰਮ ਆਉਣੀ ਹੈ) ਹੋਰ ਸਭ ਕੁਛ ਹਉਮੈ ਵਿਚ ਹੀ ਝਖ ਮਾਰਨਾ ਹੈ । "ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥1॥ ਅੰਗ 467" ।

**674. ਪ੍ਰਭੂ ਲੇਖਾ ਕਿਹਨਾਂ ਤੋਂ ਨਹੀਂ ਲੈਂਦਾ?**

ਪ੍ਰਭੂ ਜੀਵਾਂ ਤੋਂ ਉਹਨਾਂ ਦੇ ਕੀਤੇ ਕਰਮਾਂ ਦਾ ਲੇਖਾ (ਹਿਸਾਬ ਕਿਤਾਬ) ਮੰਗਦਾ ਹੈ । ਸਤਿਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ, ਹੇ ਮਨ! ਸੱਚੀ ਸਿੱਖਿਆ ਸੁਣ, ਤੇਰੇ ਕੀਤੇ ਅਮਲਾਂ ਦੇ ਲੇਖੇ ਵਾਲ਼ੀ ਕਿਤਾਬ ਕੱਢ ਕੇ ਬੈਠਾ ਹੋਇਆ ਰੱਬ ਤੈਥੋਂ ਲੇਖਾ ਮੰਗੇਗਾ । "ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ॥ ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ ॥ ਅੰਗ 953" ।, "ਸਾਹਿਬੁ ਲੇਖਾ ਮੰਗਸੀ ਦੁਨੀਆ ਦੇਖਿ ਨ ਭੁਲੁ ॥ ਅੰਗ 1090" ।, "ਠਾਕੁਰੁ ਲੇਖਾ ਮਗਨਹਾਰੁ ॥ ਅੰਗ 1196" । ਅਤੇ ਹੇ ਫਰੀਦ! ਚਾਰ (ਪਹਿਰ ਦਿਨ) ਤੂੰ ਦੌੜ-ਭੱਜ ਕੇ ਵਿਅਰਥ ਗੁਜ਼ਾਰ ਦਿੱਤਾ ਹੈ, ਤੇ ਚਾਰ (ਪਹਿਰ ਰਾਤ) ਸੌਂ ਕੇ ਗਵਾ ਦਿੱਤੀ ਹੈ । ਰੱਬ ਲੇਖਾ ਮੰਗੇਗਾ ਕਿ (ਜਗਤ ਵਿਚ) ਤੂੰ ਕਿਹੜੇ ਕੰਮ ਲਈ ਆਇਆ ਸੀ । "ਫਰੀਦਾ ਚਾਰਿ ਗਵਾਇਆ ਹੰਢਿ ਕੈ ਚਾਰਿ ਗਵਾਇਆ ਸੰਮਿ ॥ ਲੇਖਾ ਰਬੁ ਮੰਗੇਸੀਆ ਤੂ ਆਂਹੋ ਕੇਰ੍ਹੇ ਕੰਮਿ ॥38॥ ਅੰਗ 1379" । ਲੇਕਿਨ, ਜਿਸ ਨੂੰ ਠਾਕੁਰ-ਪ੍ਰਭੂ ਨੇ ਸਿਰੋਪਾ ਬਖ਼ਸ਼ਿਆ ਹੈ, ਉਸ ਨੂੰ ਪ੍ਰਭੂ ਨੇ ਮੁੜ ਕੇ (ਉਸ ਦੇ ਕਰਮਾਂ ਦਾ) ਲੇਖਾ ਪੁੱਛਣ ਵਾਸਤੇ ਨਹੀਂ ਸੱਦਿਆ । "ਅਪੁਨੈ ਠਾਕੁਰਿ ਜੋ ਪਹਿਰਾਇਆ ॥ ਬਹੁਰਿ ਨ ਲੇਖਾ ਪੁਛਿ ਬੁਲਾਇਆ ॥ ਅੰਗ 101" । ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਜਿਸ ਮਨੁੱਖ ਨੇ (ਸਭ ਦੇ) ਸ਼ਾਹ ਪਰਮਾਤਮਾ ਦੀ ਸੇਵਾ-ਭਗਤੀ ਕੀਤੀ ਹੈ, ਉਸ ਪਾਸੋਂ ਉਹ ਸ਼ਾਹ-ਪ੍ਰਭੂ ਲੇਖਾ ਬਿਲਕੁਲ ਨਹੀਂ ਮੰਗਦਾ; ਭਾਵ ਕਰਮਾਂ ਦਾ ਹਿਸਾਬ ਕਿਤਾਬ ਨਹੀਂ ਪੁੱਛਦਾ। "ਜਨ ਨਾਨਕ ਸਾਹੁ ਹਰਿ ਸੇਵਿਆ ਫਿਰਿ ਲੇਖਾ ਮੂਲਿ ਨ ਲੇਈ ॥4॥1॥7॥45॥ ਅੰਗ 165" । ਜਿਸਤੇ ਪ੍ਰਭੂ ਆਪਣੀ ਬਖਸ਼ਿਸ਼ ਕਰਦਾ ਹੈ, ਪ੍ਰਭੂ ਉਸਦਾ ਲੇਖਾ ਨਹੀਂ ਗਿਣਦਾ । "ਜਾ ਕਉ ਅਪੁਨੀ ਕਰੈ ਬਖਸੀਸ ॥ ਤਾ ਕਾ ਲੇਖਾ ਨ ਗਨੈ ਜਗਦੀਸ॥ ਅੰਗ 277" । ਅਤੇ "ਲੇਖਾ ਕੋਇ ਨ ਪੁਛਈ ਜਾ ਹਰਿ ਬਖਸੰਦਾ ॥ ਅੰਗ 1096" । ਮੇਰੇ ਮਾਲਕ-ਪ੍ਰਭੂ ਨੇ ਜਿਨ੍ਹਾਂ ਉਤੇ ਕਿਰਪਾ ਕੀਤੀ, ਉਹਨਾਂ ਦਾ ਲੇਖਾ ਨਹੀਂ ਗਿਣਿਆ । "ਜਿਨ ਕਉ ਕ੍ਰਿਪਾ ਕਰੀ ਮੇਰੈ ਠਾਕੁਰਿ ਤਿਨ ਕਾ ਲੇਖਾ ਨ ਗਣਿਆ ॥ ਅੰਗ 577" । ਜਿਸਤੇ ਤੇਰੀ ਮਿਹਰ ਦੀ ਨਜ਼ਰ ਹੁੰਦੀ ਹੈ ਉਸ ਤੋਂ ਲੇਖਾ ਨਹੀਂ ਪੁੱਛਿਆ ਜਾਂਦਾ । "ਜਿਸ ਨੋ ਤੇਰੀ ਨਦਰਿ ਨ ਲੇਖਾ ਪੁਛੀਐ ॥ ਅੰਗ 961" । ਹੇ ਪ੍ਰਭੂ! ਓਹੀ ਮਨੁੱਖ ਤੈਨੂੰ ਮਿਲਦਾ ਹੈ, ਜਿਸ ਨੂੰ ਤੂੰ ਆਪ ਮੇਲਦਾ ਹੈਂ ਤੇ ਜਿਸ ਦਾ ਲੇਖਾ ਛੱਡ ਕੇ ਤੂੰ ਆਪ ਬਖ਼ਸ਼ ਲੈਂਦਾ ਹੈਂ । "ਜਿਸੁ ਤੂੰ ਮੇਲਹਿ ਸੋ ਤੁਧੁ ਮਿਲੈ ਤੂੰ ਆਪੇ ਬਖਸਿ ਲੈਹਿ ਲੇਖਾ ਛਡੇ ॥ ਅੰਗ 317" । ਹੇ ਨਾਨਕ! ਜਿਸ ਹਰੀ ਤੇ ਸਤਿਗੁਰੂ ਦਾ ਦਰਸ਼ਨ ਸਫਲਾ ਹੁੰਦਾ ਹੈ, ਉਹਨਾਂ ਦੀ ਸੇਵਾ ਕਰੋ (ਤਾਕਿ) ਫਿਰ ਕੋਈ ਲੇਖਾ ਨਾ ਮੰਗੇ । ਭਾਵ ਜਿਹੜਾ ਹਰੀ ਗੁਰੂ ਦੀ ਸੇਵਾ (ਸ਼ਬਦ ਵਿਚਾਰ) ਕਰਦਾ ਹੈ, ਉਸਦਾ ਲੇਖਾ ਨਹੀਂ ਮੰਗਿਆ ਜਾਂਦਾ । "ਨਾਨਕ ਸੇਵਾ ਕਰਹੁ ਹਰਿ ਗੁਰ ਸਫਲ ਦਰਸਨ ਕੀ ਫਿਰਿ ਲੇਖਾ ਮੰਗੈ ਨ ਕੋਈ॥2॥ ਅੰਗ 306" । ਹੇ ਨਾਨਕ! ਜਿਨ੍ਹਾਂ ਨੂੰ ਸਤਿਗੁਰੂ ਮਿਲ ਗਿਆ, ਉਹਨਾਂ ਦਾ ਲੇਖਾ ਨਿੱਬੜ ਜਾਂਦਾ ਹੈ; ਭਾਵ ਲੇਖਾ ਗਿਣਿਆ ਨਹੀਂ ਜਾਂਦਾ । "ਨਾਨਕ ਜਿਨ੍ ਕਉ ਸਤਿਗੁਰੁ ਮਿਲਿਆ ਤਿਨ੍ ਕਾ ਲੇਖਾ ਨਿਬੜਿਆ ॥18॥1॥2॥ ਅੰਗ 435"। ਗੁਰੂ ਨੇ ਨਾਨਕ ਨੂੰ ਪ੍ਰਭੂ ਦੀ ਭਗਤੀ ਦੇ ਖ਼ਜ਼ਾਨੇ ਸੌਂਪ ਕੇ ਫਿਰ ਉਸ ਤੋਂ ਲੇਖਾ ਬਿਲਕੁਲ ਨਹੀਂ ਲਿਆ । "ਭਗਤਿ ਭੰਡਾਰ ਗੁਰਿ ਨਾਨਕ ਕਉ ਸਉਪੇ ਫਿਰਿ ਲੇਖਾ ਮੂਲਿ ਨ ਲਇਆ ॥4॥3॥14॥ ਅੰਗ 612"। ਸਤਿਗੁਰੂ ਨਾਨਕ ਦੇਵ ਜੀ ਬਚਨ ਕਰਦੇ ਹਨ ਜਦੋਂ ਮਨ ਵਿਚੋਂ ਹੰਕਾਰ ਖਤਮ ਹੋ ਗਿਆ ਤਾਂ ਕਿਹੜਾ ਲੇਖਾ ਮੰਗਣਾ ਹੋਇਆ? ਭਾਵ ਜਦੋਂ ਹਉਮੈ ਖਤਮ ਹੋ ਗਈ ਤਾਂ ਲੇਖਾ ਵੀ ਖਤਮ ਹੋ ਗਿਆ । "ਭਣਤਿ ਨਾਨਕੁ ਲੇਖਾ ਮਾਗੈ ਕਵਨਾ ਜਾ ਚੂਕਾ ਮਨਿ ਅਭਿਮਾਨਾ ॥ ਅੰਗ 993" । ਗੁਰੂ ਦੇ ਸ਼ਬਦ ਦੀ ਰਾਹੀਂ ਜਿਹੜਾ ਸਦਾ ਉਸ ਗੁਣ-ਦਾਤੇ ਦੀ ਸਿਫ਼ਤਿ-ਸਾਲਾਹ ਕਰਦਾ ਹੈ, ਉਸ ਦਾ ਲੇਖਾ ਕੋਈ ਨਹੀਂ ਮੰਗਦਾ । "ਸਦਾ ਸਬਦਿ ਸਾਲਾਹੀ ਗੁਣਦਾਤਾ ਲੇਖਾ ਕੋਇ ਨ ਮੰਗੈ ਤਾਹਾ ਹੇ ॥9॥ ਅੰਗ 1053" । ਐਸਾ ਸਤਿਗੁਰੂ ਲੋੜ ਲਓ, ਜਿਸ ਜਿੱਡਾ ਵੱਡਾ ਹੋਰ ਕੋਈ ਨਹੀਂ । ਉਸ ਗੁਰੂ ਦੀ ਸ਼ਰਨ ਪਿਆਂ ਲੇਖਾ ਕੋਈ ਨਹੀਂ ਮੰਗਦਾ ਤੇ ਲੇਖੇ ਤੋਂ ਛੁੱਟ ਜਾਈਦਾ ਹੈ । "ਐਸਾ ਸਤਿਗੁਰੁ ਲੋੜਿ ਲਹੁ ਜਿਸੁ ਜੇਵਡੁ ਅਵਰੁ ਨ ਕੋਇ ॥ ਤਿਸੁ ਸਰਣਾਈ ਛੂਟੀਐ ਲੇਖਾ ਮੰਗੈ ਨ ਕੋਇ ॥ ਅੰਗ 1089" । ਮੇਰਾ ਮਾਲਕ-ਪ੍ਰਭੂ ਜਿਸ ਮਨੁੱਖ ਨੂੰ ਆਪਣਾ ਨਾਮ ਦਿੰਦਾ ਹੈ, ਉਸ ਦਾ ਸਾਰਾ ਲੇਖਾ ਛੁਡਾ ਦਿੰਦਾ ਹੈ । "ਜਿਸ ਨੋ ਨਾਮੁ ਦੇਇ ਮੇਰਾ ਸੁਆਮੀ ਤਿਸੁ ਲੇਖਾ ਸਭੁ ਛਡਾਵੀਐ ਰੇ ॥2॥ ਅੰਗ 1118" । ਜੇ ਹਰਿ-ਨਾਮ ਦਾ ਲੇਖਾ ਪੜ੍ਹੀਏ ਤਾਂ ਫਿਰ ਹਿਸਾਬ ਕਿਤਾਬ (ਦੇ ਲੇਖੇ) ਦਾ ਲੇਖ (ਜੀਵ ਦੇ ਮਸਤਕ ਤੇ) ਨਹੀਂ ਲਿਖਿਆ ਜਾਂਦਾ । ਕੋਈ ਪੁੱਛ ਪੜਤਾਲ ਨਹੀਂ ਕਰ ਸਕਦਾ ਤੇ ਪ੍ਰਭੂ ਦੇ ਦਰ ਤੇ ਸਦਾ ਆਸਰਾ ਮਿਲਦਾ ਹੈ। ਜਮ ਕਾਲ (ਚੋਟ ਕਰਨ ਦੀ ਥਾਂ) ਭੇਟਾ ਦੇ ਕੇ ਮਿਲਦਾ ਹੈ, ਭਾਵ ਆਦਰ-ਸਤਿਕਾਰ ਕਰਦਾ ਹੈ, ਤੇ ਸਦਾ ਲਈ ਸੇਵਕ ਬਣ ਜਾਂਦਾ ਹੈ । "ਲੇਖਾ ਪੜੀਐ ਹਰਿ ਨਾਮੁ ਫਿਰਿ ਲੇਖੁ ਨ ਹੋਈ ॥ ਪੁਛਿ ਨ ਸਕੈ ਕੋਇ ਹਰਿ ਦਰਿ ਸਦ ਢੋਈ ॥ ਜਮਕਾਲੁ ਮਿਲੈ ਦੇ ਭੇਟ ਸੇਵਕੁ ਨਿਤ ਹੋਈ ॥ ਅੰਗ 1248" ।

ਚਲਦਾ...

ਪੰਜਾਬ ਟਾਈਮਜ਼
PANJAB TIMES (EST 1965)

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

FOR SUBSCRIPTION
(PLEASE TICK ONE RELEVANT BOX)

6 MONTHS ---- £105 ☐
1 YEAR ---- £205 ☐

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ । ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ ।

NAME........................................................................................
ADDRESS....................................................................................
..........................................POST CODE..........................................
TEL...........................................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85


Post with payments to: SUBSCRIPTION
PANJAB TIMES BRIDLE GATE LANE, ALVASTON, DERBY, DE24 0QW, U.K.
or call on / WHATSAPP NO : 07966 388 388
www.panjabtimes.uk Email: Panjabtimes@aol.com

ਵਿਆਹ ਸ਼ਾਦੀ ਦੇ ਇਸ਼ਤਿਹਾਰ ਪੰਜਾਬ ਟਾਈਮਜ਼ ਵਿੱਚ

ਯੂ ਕੇ ਵਿਚ 1965 ਤੋਂ ਛਪ ਰਿਹਾ ਹਫ਼ਤਾਵਾਰ ਪੰਜਾਬ ਟਾਈਮਜ਼ ਸਭ ਤੋਂ ਪੁਰਾਣਾ ਪੇਪਰ ਹੈ । ਇਹ ਪੇਪਰ ਨਿਊਜ਼ ਏਜੰਟਾਂ ਅਤੇ ਗਰੋਸਰੀ ਦੀਆਂ ਦੁਕਾਨਾਂ ਤੋਂ ਦੋ ਪੌਂਡ ਦਾ ਮਿਲਦਾ ਹੈ । ਇਸ ਵਿਚ ਵਿਆਹ ਸ਼ਾਦੀ ਸਬੰਧੀ ਇਸ਼ਤਿਹਾਰਾਂ ਵਾਲਾ ਵਿਸ਼ੇਸ਼ ਪੰਨਾ ਹੁੰਦਾ ਹੈ । ਰਿਸ਼ਤੇ ਨਾਤੇ ਵਾਲੇ ਕਾਲਮ ਵਿੱਚ ਇਸ਼ਤਿਹਾਰ ਦੇਣ ਨਾਲ ਬੱਚਿਆਂ ਲਈ ਯੋਗ ਜੀਵਨ ਸਾਥੀ ਮਿਲ ਸਕਦਾ ਹੈ ।

ਪੰਜਾਬ ਟਾਈਮਜ਼ ਵਿੱਚ ਇਸ਼ਤਿਹਾਰ ਦੇਣ ਵਾਸਤੇ ਅੱਜ ਹੀ ਸੰਪਰਕ ਕਰੋ:
ਜਾਣਕਾਰੀ ਲਈ ਸੰਪਰਕ: M: 07966 388 388

ਲੇਖਕ – ਜਥੇਦਾਰ
ਮਹਿੰਦਰ ਸਿੰਘ ਯੂ ਕੇ
ਮੋਬਾਈਲ ਫੋਨ:
07989 927477



# ਅਕਾਲੀ ਫੂਲਾ ਸਿੰਘ ਜੀ ਨੂੰ ਯਾਦ ਕਰਦਿਆਂ ਜਥੇਦਾਰ ਅਕਾਲੀ ਫੂਲਾ ਸਿੰਘ ਜੀ

**ਸੰਮਤ 1857 (1800 ਈਸਵੀ) ਨੂੰ ਅਕਾਲੀ ਫੂਲਾ ਸਿੰਘ ਜਥੇ ਸਮੇਤ ਸ੍ਰੀ ਅੰਮ੍ਰਿਤਸਰ ਸਾਹਿਬ ਆ ਗਏ ਅਤੇ ਆਪ ਜੀ ਨੇ ਇੱਥੇ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਹੋਰਨਾਂ ਗੁਰਦੁਆਰਿਆਂ ਅੰਦਰ ਜੋ ਗੁਰਮਤਿ ਵਿਰੁੱਧ ਕੁਰੀਤੀਆਂ ਪ੍ਰਚੱਲਤ ਹੋ ਗਈਆਂ ਸਨ, ਉਹ ਬੰਦ ਕਰਵਾਈਆਂ ਅਤੇ ਗੁਰਮਤਿ ਅਨੁਸਾਰੀ ਨਵੇਂ ਸਿਰਿਉਂ ਸੇਵਾ ਸ਼ੁਰੂ ਕਰਵਾਈ। ਆਪ ਜੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਅੰਮ੍ਰਿਤਸਰ ਦੇ ਸਾਰੇ ਗੁਰਦੁਆਰਿਆਂ ਅਤੇ ਸਰੋਵਰਾਂ ਦਾ ਪ੍ਰਬੰਧ ਆਪਣੀ ਨਿਗਰਾਨੀ ਹੇਠ ਕਰ ਕੇ ਸੁਧਾਰ ਕੀਤਾ । ਇਹਨਾਂ ਹੀ ਦਿਨਾਂ ਵਿੱਚ 1801 ਈ. ਨੂੰ ਮਹਾਰਾਜਾ ਰਣਜੀਤ ਸਿੰਘ ਨੇ ਸ੍ਰੀ ਅੰਮ੍ਰਿਤਸਰ ਨੂੰ ਖ਼ਾਲਸਾ ਰਾਜ ਨਾਲ ਮਿਲਾਉਣ ਲਈ ਚੜ੍ਹਾਈ ਕਰ ਦਿੱਤੀ । ਇੱਥੇ ਇਹ ਦੱਸਣਾ ਕੁਥਾਂਹ ਨਹੀਂ ਹੋਵੇਗਾ ਕਿ ਭੰਗੀਆਂ ਮਿਸਲ ਦੇ ਸਰਦਾਰ ਮਹਾਰਾਜਾ ਰਣਜੀਤ ਸਿੰਘ ਦੇ ਪਿਤਾ ਮਹਾਂ ਸਿੰਘ ਦੇ ਸਮੇਂ ਤੋਂ ਹੀ ਉਹਨਾਂ ਦੇ ਵਿਰੋਧੀ ਸਨ ਅਤੇ ਅਜੇ ਤਕ ਉਹ ਮਹਾਰਾਜਾ ਰਣਜੀਤ ਸਿੰਘ ਦੇ ਅਨੁਸਾਰੀ ਨਹੀਂ ਸੀ ਹੋਏ ।**



ਤੇਗ਼ ਦੇ ਧਨੀ, ਬਚਨ ਕੇ ਬਲੀ ਸੰਤ-ਸਿਪਾਹੀ, ਸੁਤੰਤਰ, ਨਿਰਭੈ ਅਤੇ ਨਿਰਵੈਰ ਯੋਧੇ ਅਕਾਲੀ ਬਾਬਾ ਫੂਲਾ ਸਿੰਘ ਦਾ ਜਨਮ ਇਲਾਕਾ ਬਾਂਗਰ ਦੇ ਛੋਟੇ ਜਿਹੇ ਪਿੰਡ ਸ਼ੀਹਾਂ ਵਿਖੇ ਨਿਸ਼ਾਨਾਵਾਲੀਆ ਮਿਸਲ ਦੇ ਸੇਵਾਦਾਰ ਸ. ਈਸ਼ਰ ਸਿੰਘ ਦੇ ਘਰ 1761 ਈਸਵੀ ਨੂੰ ਹੋਇਆ । ਅਕਾਲੀ ਜੀ ਦੀ ਮਾਤਾ ਵੀ ਨਾਮ ਬਾਣੀ ਨਾਲ ਜੁੜੇ ਪੂਰਨ ਗੁਰਸਿੱਖ ਪਰਿਵਾਰ ਵਿੱਚੋਂ ਸਨ । ਸ. ਈਸ਼ਰ ਸਿੰਘ ਦੇ ਘਰ ਦੋ ਪੁੱਤਰ ਪੈਦਾ ਹੋਏ—ਫੂਲਾ ਸਿੰਘ ਅਤੇ ਸੰਤ ਸਿੰਘ । ਬਾਬਾ ਫੂਲਾ ਸਿੰਘ ਨੇ ਗ੍ਰਿਹਸਥ ਨਹੀਂ ਸੀ ਧਾਰਨ ਕੀਤਾ । ਸ. ਈਸ਼ਰ ਸਿੰਘ ਦੇ ਦੂਜੇ ਪੁੱਤਰ ਸੰਤ ਸਿੰਘ ਦੀ ਅੰਸ਼-ਵੰਸ਼ ਸ੍ਰੀ ਤਰਨ ਤਾਰਨ ਸਾਹਿਬ ਨਿਹੰਗਾਂ ਦੀ ਬਾਹੀ ਵਿੱਚ ਰਹਿੰਦੀ ਹੈ। ਬਾਬਾ ਫੂਲਾ ਸਿੰਘ ਦੇ ਪਿਤਾ ਸ. ਈਸ਼ਰ ਸਿੰਘ ਜੀ ਵੱਡੇ ਘੱਲੂਘਾਰੇ ਦੀ ਲੜਾਈ ਵਿੱਚ ਗੰਭੀਰ ਜ਼ਖ਼ਮੀ ਹੋ ਗਏ ਸਨ, ਇਲਾਜ ਕਰਨ ਦੇ ਬਾਵਜੂਦ ਵੀ ਸ. ਈਸ਼ਰ ਸਿੰਘ ਦੇ ਜ਼ਖ਼ਮ ਠੀਕ ਨਾ ਹੋ ਸਕੇ ਅਤੇ ਉਹਨਾਂ ਨੇ ਆਪਣਾ ਅੰਤਿਮ ਸਮਾਂ ਨੇੜੇ ਵੇਖ ਕੇ ਬਾਲਕ ਫੂਲਾ ਸਿੰਘ ਦੇ ਪਾਲਣ ਪੋਸ਼ਣ ਦੀ ਅਤੇ ਸ਼ਸਤਰ ਅਤੇ ਸ਼ਾਸਤਰ ਵਿੱਦਿਆ ਦਿਵਾਉਣ ਦੀ ਜ਼ਿੰਮੇਵਾਰੀ ਆਪਣੇ ਸਤਸੰਗੀ ਅਕਾਲੀ ਨਰੈਣ ਸਿੰਘ ਨੂੰ ਸੌਂਪ ਦਿੱਤੀ । ਅਕਾਲੀ ਨਰੈਣ ਸਿੰਘ ਜੀ ਮਿਸਲ ਸ਼ਹੀਦਾਂ ਦੇ ਰਤਨ ਰੂਪ ਵਜੋਂ ਜਾਣੇ ਜਾਂਦੇ ਸਨ ।

ਅਕਾਲੀ ਬਾਬਾ ਨਰੈਣ ਸਿੰਘ ਜੀ ਨੇ ਬਾਲਕ ਫੂਲਾ ਸਿੰਘ ਜੀ ਨੂੰ ਦਸ ਕੁ ਵਰ੍ਹਿਆਂ ਦੀ ਆਯੂ ਤਕ ਹੀ ਸ਼ਾਸਤਰ ਵਿੱਦਿਆ ਵਿੱਚ ਨਿਪੁੰਨ ਕਰ ਦਿੱਤਾ । ਬਾਲਕ ਫੂਲਾ ਸਿੰਘ ਜੀ ਏਨੀ ਤੀਖਣ ਬੁੱਧੀ ਦੇ ਮਾਲਕ ਸਨ ਕਿ ਉਹਨਾਂ ਨੇ ਨਿੱਤਨੇਮ ਤੋਂ ਬਿਨਾਂ ਹੋਰ ਵੀ ਬਹੁਤ ਸਾਰੀਆਂ ਬਾਣੀਆਂ ਜ਼ੁਬਾਨੀ ਕੰਠ ਕਰ ਲਈਆਂ ਸਨ । ਬਾਲਕ ਫੂਲਾ ਸਿੰਘ ਨੂੰ ਬਾਣੀ ਨਾਲ਼ ਇੰਨਾ ਲਗਾਉ ਸੀ ਕਿ ਖੇਡ ਕੁੱਦ ਦੀ ਅਲਬੇਲੀ ਅਵਸਥਾ ਵਿੱਚ ਵੀ ਜਦ ਕਿਸੇ ਨੂੰ ਦਿੱਸਦੇ, ਗੁਰਬਾਣੀ ਪੜ੍ਹਦੇ ਹੀ ਦਿੱਸਦੇ । ਅਕਾਲੀ ਬਾਬਾ ਨਰੈਣ ਸਿੰਘ ਜੀ ਨੇ ਜਦੋਂ ਵੇਖਿਆ ਕਿ ਫੂਲਾ ਸਿੰਘ ਧਾਰਮਿਕ ਵਿੱਦਿਆ ਵਿੱਚ ਨਿਪੁੰਨ ਹੋ ਗਏ ਹਨ ਤਾਂ ਉਹਨਾਂ ਨੇ ਫੂਲਾ ਸਿੰਘ ਨੂੰ ਸ਼ਸਤਰ ਵਿੱਦਿਆ ਵੀ ਦੇਣੀ ਆਰੰਭ ਕਰ ਦਿੱਤੀ, ਜੋ ਉਸ ਵੇਲ਼ੇ ਹਰ ਇੱਕ ਸਿੱਖ ਬੱਚੇ ਲਈ ਅਤੀ ਜ਼ਰੂਰੀ ਹੁੰਦੀ ਸੀ । ਘੋੜ ਸਵਾਰੀ, ਤੀਰ ਅੰਦਾਜ਼ੀ, ਨੇਜ਼ੇ ਬਾਜ਼ੀ ਅਤੇ ਢਾਲ-ਤਲਵਾਰ ਦੇ ਕਰਤੱਵਾਂ ਦੀ ਵੀ ਫੂਲਾ ਸਿੰਘ ਨੇ ਦ੍ਰਿੜ੍ਹਤਾ ਤੇ ਦਲੇਰੀ ਨਾਲ਼ ਜਲਦੀ ਹੀ ਨਿਪੁੰਨਤਾ ਹਾਸਲ ਕਰ ਲਈ ਸੀ । ਅਕਾਲੀ ਨਰੈਣ ਸਿੰਘ ਆਪਣੇ ਸਾਰੇ ਸ਼ਸਤਰ ਵਿੱਦਿਆ ਦੇ ਵਿਦਿਆਰਥੀਆਂ ਨੂੰ ਹੋਲੇ-ਮਹੱਲੇ ਦੀ ਪਰੰਪਰਾ ਅਨੁਸਾਰ ਫ਼ਰਜ਼ੀ ਮੈਦਾਨੇ-ਜੰਗ ਵਿੱਚ ਲੈ ਜਾਂਦੇ ਅਤੇ ਸਾਰੇ ਵਿਦਿਆਰਥੀਆਂ ਨੂੰ ਦੋ ਹਿੱਸਿਆਂ ਵਿੱਚ ਵੰਡ ਕੇ ਮਸਨੂਈ ਯੁੱਧ ਕਰਵਾਉਂਦੇ । ਇਸ ਜੰਗੀ ਅਭਿਆਸ ਵਿੱਚ ਫੂਲਾ ਸਿੰਘ ਦੀ ਸ਼ਸਤਰ ਵਿੱਦਿਆ ਦੇ ਜੌਹਰ ਵੇਖ ਕੇ ਅਕਾਲੀ ਨਰੈਣ ਸਿੰਘ ਜੀ ਬਹੁਤ ਖ਼ੁਸ਼ ਹੁੰਦੇ, ਇਸ ਕਰਕੇ ਫੂਲਾ ਸਿੰਘ ਨੇ ਨਰੈਣ ਸਿੰਘ ਦੇ ਦਿਲ ਵਿੱਚ ਵਿਸ਼ੇਸ਼ ਥਾਂ ਬਣਾ ਲਈ ਸੀ ।

ਇਹਨਾਂ ਦਿਨਾਂ ਵਿੱਚ ਹੀ ਫੂਲਾ ਸਿੰਘ ਜੀ ਦੀ ਮਾਤਾ ਦੇ ਪੌੜੀਆਂ ਤੋਂ ਡਿੱਗਣ ਨਾਲ ਗੰਭੀਰ ਸੱਟਾਂ ਲੱਗ ਗਈਆਂ ਸਨ, ਜਿਸ ਕਰਕੇ ਉਹਨਾਂ ਦੇ ਬਚਣ ਦੀ ਕੋਈ ਉਮੀਦ ਨਾ ਰਹੀ, ਮਾਤਾ ਜੀ ਨੇ ਆਪਣਾ ਅੰਤਿਮ ਸਮਾਂ ਨੇੜੇ ਵੇਖ ਕੇ ਆਪਣੇ ਧਰਮੀ ਪੁੱਤਰ ਫੂਲਾ ਸਿੰਘ ਨੂੰ ਜੋ ਸਿੱਖਿਆ ਦਿੱਤੀ, ਬਾਬਾ ਪ੍ਰੇਮ ਸਿੰਘ ਹੋਤੀ ਨੇ ਬੜੇ ਸੁੰਦਰ ਲਫ਼ਜ਼ਾਂ ਵਿੱਚ ਹੇਠ ਲਿਖੇ ਅਨੁਸਾਰ ਦਰਜ ਕੀਤਾ ਹੈ : 'ਤੂੰ ਆਪਣੇ ਬਲੀ ਪਿਤਾ ਦਾ ਪੁੱਤਰ ਹੈਂ ਤੇ ਮਹਾਨ ਤੇਜੱਸਵੀ ਯੋਧੇ ਤੇਗ਼ਾਧਾਰੀ ਗੁਰੂ ਦਾ ਸਿੱਖ ਹੈਂ, ਉਹਨਾਂ ਦੇ ਹੀ ਪਾਏ ਪੂਰਨਿਆਂ 'ਤੇ ਤੁਰਨ ਲਈ ਤੱਤਪਰ ਰਹੀਂ ਤੇ ਆਪਣੀ ਸੰਗਤ ਦੇ ਅਪਾਰ ਗੂੜ੍ਹੇ ਰੰਗ ਨਾਲ਼ ਹੋਰ ਬਲੀ ਬੀਰ ਤੇ ਉਮੰਗੀ ਯੋਧੇ ਪੈਦਾ ਕਰੀਂ, ਜੋ ਧਰਮ, ਕੌਮ ਤੇ ਦੀਨਾਂ ਦੀ ਰਾਖੀ ਲਈ ਆਪਣਾ ਆਪ ਲਾ ਦੇਣਾ ਸਧਾਰਨ ਜਿਹੀ ਖੇਡ ਹੀ ਸਮਝਣ, ਤੂੰ ਸੱਚਿਆਈ ਨਾਲ਼ ਸਦੀਵੀ ਪਿਆਰ ਕਰੀਂ, ਸਤਿਗੁਰ ਦੀ ਬਾਣੀ ਚਿੱਤ ਧਰੀਂ, ਆਪ ਜਪੀਂ ਤੇ ਹੋਰਨਾਂ ਨੂੰ ਜਪਾਵੀਂ, ਪੰਥ ਲਈ ਜੀਣਾ, ਪੰਥ ਲਈ ਮਰਨਾ, ਧਰਮ ਦੇ ਵਾਧੇ ਅਤੇ ਪੰਥ ਦੀ ਸੇਵਾ ਵਿੱਚ ਹੀ ਆਪਣਾ ਕਲਿਆਣ ਸਮਝਣਾ । ਮੋਹ ਮਾਇਆ ਤੇ ਨਿਰਲੇਪ ਰਹਿ ਕੇ ਮਨ ਗੁਰੂ ਚਰਨਾਂ ਵਿੱਚ ਜੋੜੀ ਰੱਖਣਾ, ਤੂੰ ਸਿੱਖ ਹੈਂ, ਹੋਰ ਵਧੀਕ ਕੀ ਦੱਸਾਂ, ਬਸ ਸਿੱਖੀ ਜੀਵਨ ਬਤੀਤ ਕਰੀਂ ਤਾਂ ਕਿ ਮੇਰੀ ਕੁੱਖ ਨੂੰ ਦਾਗ਼ ਨਾ ਲੱਗੇ । ਪੁੱਤਰ ਮੈਂ ਤੈਨੂੰ ਗੁਰੂ ਦੇ ਹਵਾਲੇ ਛੱਡ ਕੇ ਜਾ ਰਹੀ ਹਾਂ ਤੇ ਏਨਾ ਆਖ ਕੇ ਮਾਤਾ ਨੇ ਸਦਾ ਲਈ ਅੱਖਾਂ ਮੀਟ ਲਈਆਂ ਅਤੇ ਗੁਰੂ ਚਰਨਾਂ ਵਿੱਚ ਜਾ ਬਿਰਾਜੀ ।

ਆਪਣੀ ਮਾਤਾ ਦੇ ਸਸਕਾਰ ਅਤੇ ਅੰਤਿਮ ਅਰਦਾਸ ਤੋਂ ਬਾਅਦ ਧਾਰਮਿਕ ਰਸਮਾਂ ਦੀ ਸਮਾਪਤੀ ਕਰਨ ਤੋਂ ਬਾਅਦ ਫੂਲਾ ਸਿੰਘ ਪੱਕੇ ਤੌਰ 'ਤੇ ਅਕਾਲੀ ਨਰੈਣ ਸਿੰਘ ਦੇ ਡੇਰੇ 'ਤੇ ਆ ਗਏ, ਇੱਥੇ ਆ ਕੇ ਫੂਲਾ ਸਿੰਘ ਨੇ ਅਕਾਲੀ ਸ਼ਸਤਰ ਬਸਤਰ ਪਹਿਨ ਲਏ ਅਤੇ ਮਿਸਲ-ਸ਼ਹੀਦਾਂ ਵਿੱਚ ਸ਼ਾਮਲ ਹੋ ਗਏ । ਇਨ੍ਹੀਂ ਦਿਨੀਂ ਅਕਾਲੀ ਨਰੈਣ ਸਿੰਘ ਜੀ ਅਨੰਦਪੁਰ ਵਿਖੇ ਰਹਿੰਦੇ ਸਨ, ਫੂਲਾ ਸਿੰਘ ਜੀ ਨੇ ਅਕਾਲੀ ਨਰੈਣ ਸਿੰਘ ਦੇ ਜਥੇ ਨਾਲ ਰਲ ਕੇ ਅਨੰਦਪੁਰ ਇਤਿਹਾਸਕ ਗੁਰਦੁਆਰਿਆਂ ਦੀ ਸੇਵਾ-ਸੰਭਾਲ ਕਰਦੇ ਰਹੇ ।ਫੂਲਾ ਸਿੰਘ ਜੀ ਦਾ ਜੰਗੀ ਅਭਿਆਸ, ਸ਼ੁੱਧ ਆਚਰਣ, ਧਾਰਮਿਕ ਜੋਸ਼, ਸੇਵਾ, ਸਿਮਰਨ, ਦ੍ਰਿੜ੍ਹਤਾ, ਤੇ ਦਲੇਰੀ ਦਾ ਜਥੇ ਵਿੱਚ ਇੰਨਾ ਪ੍ਰਭਾਵ ਵੱਧ ਗਿਆ ਕਿ ਅਕਾਲੀ ਨਰੈਣ ਸਿੰਘ ਜੀ ਤੋਂ ਬਾਅਦ ਫੂਲਾ ਸਿੰਘ ਜੀ ਜਥੇ ਦੇ ਜਥੇਦਾਰ ਥਾਪੇ ਗਏ ਅਤੇ ਇਸ ਤੋਂ ਬਾਅਦ ਆਪ ਜੀ ਜਥੇਦਾਰ ਅਕਾਲੀ ਫੂਲਾ ਸਿੰਘ ਦੇ ਨਾਂ ਨਾਲ ਪ੍ਰਸਿੱਧ ਹੋਏ ਅਤੇ ਆਪਣੇ ਆਪ ਨੂੰ ਸਮੁੱਚੇ ਪੰਥ ਦਾ ਸੇਵਾਦਾਰ ਸਮਝਦੇ ਰਹੇ ।

ਸੰਮਤ 1857 (1800 ਈਸਵੀ) ਨੂੰ ਅਕਾਲੀ ਫੂਲਾ ਸਿੰਘ ਜਥੇ ਸਮੇਤ ਸ੍ਰੀ ਅੰਮ੍ਰਿਤਸਰ ਸਾਹਿਬ ਆ ਗਏ ਅਤੇ ਆਪ ਜੀ ਨੇ ਇੱਥੇ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਹੋਰਨਾਂ ਗੁਰਦੁਆਰਿਆਂ ਅੰਦਰ ਜੋ ਗੁਰਮਤਿ ਵਿਰੁੱਧ ਕੁਰੀਤੀਆਂ ਪ੍ਰਚੱਲਤ ਹੋ ਗਈਆਂ ਸਨ, ਉਹ ਬੰਦ ਕਰਵਾਈਆਂ ਅਤੇ ਗੁਰਮਤਿ ਅਨੁਸਾਰੀ ਨਵੇਂ ਸਿਰਿਉਂ ਸੇਵਾ ਸ਼ੁਰੂ ਕਰਵਾਈ । ਆਪ ਜੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਅੰਮ੍ਰਿਤਸਰ ਦੇ ਸਾਰੇ ਗੁਰਦੁਆਰਿਆਂ ਅਤੇ ਸਰੋਵਰਾਂ ਦਾ ਪ੍ਰਬੰਧ ਆਪਣੀ ਨਿਗਰਾਨੀ ਹੇਠ ਕਰ ਕੇ ਸੁਧਾਰ ਕੀਤਾ । ਇਹਨਾਂ ਹੀ ਦਿਨਾਂ ਵਿੱਚ 1801 ਈ. ਨੂੰ ਮਹਾਰਾਜਾ ਰਣਜੀਤ ਸਿੰਘ ਨੇ ਸ੍ਰੀ ਅੰਮ੍ਰਿਤਸਰ ਨੂੰ ਖ਼ਾਲਸਾ ਰਾਜ ਨਾਲ ਮਿਲਾਉਣ ਲਈ ਚੜ੍ਹਾਈ ਕਰ ਦਿੱਤੀ । ਇੱਥੇ ਇਹ ਦੱਸਣਾ ਕੁਥਾਂਹ ਨਹੀਂ ਹੋਵੇਗਾ ਕਿ ਭੰਗੀਆਂ ਮਿਸਲ ਦੇ ਸਰਦਾਰ ਮਹਾਰਾਜਾ ਰਣਜੀਤ ਸਿੰਘ ਦੇ ਪਿਤਾ ਮਹਾਂ ਸਿੰਘ ਦੇ ਸਮੇਂ ਤੋਂ ਹੀ ਉਹਨਾਂ ਦੇ ਵਿਰੋਧੀ ਸਨ ਅਤੇ ਅਜੇ ਤਕ ਉਹ ਮਹਾਰਾਜਾ ਰਣਜੀਤ ਸਿੰਘ ਦੇ ਅਨੁਸਾਰੀ ਨਹੀਂ ਸੀ ਹੋਏ ।

ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਭੰਗੀਆਂ ਮਿਸਲ ਦੇ ਸਰਦਾਰਾਂ 'ਤੇ ਚੜ੍ਹਾਈ ਕੀਤੀ ਤਾਂ ਲੜਾਈ ਆਰੰਭ ਹੁੰਦਿਆਂ ਹੀ ਅਕਾਲੀ ਫੂਲਾ ਸਿੰਘ ਦੋਹਾਂ ਸਿੱਖ ਫ਼ੌਜਾਂ ਦੇ ਵਿਚਕਾਰ ਹੋ ਖਲੋਤੇ ਅਤੇ ਦੋਹਾਂ ਸਿੱਖ ਸਰਦਾਰਾਂ ਨੂੰ ਘਰ ਵਿੱਚ ਲੜਨ ਤੋਂ ਮਨ੍ਹਾਂ ਕਰ ਦਿੱਤਾ । ਆਪ ਜੀ ਨੇ ਦੋਹਾਂ ਧਿਰਾਂ ਵਿੱਚ ਸੁਲ੍ਹਾ ਕਰਵਾ ਦਿੱਤੀ, ਭੰਗੀ ਸਰਦਾਰ ਰਣਜੀਤ ਸਿੰਘ ਦੇ ਅਨੁਸਾਰੀ ਹੋ ਗਏ ਅਤੇ ਮਹਾਰਾਜਾ ਰਣਜੀਤ ਸਿੰਘ ਨੇ ਉਹਨਾਂ ਦੇ ਗੁਜ਼ਾਰੇ ਲਈ ਬਹੁਤ ਸਾਰੀ ਜਾਗੀਰ ਬਖ਼ਸ਼ ਦਿੱਤੀ । ਅਕਾਲੀ ਫੂਲਾ ਸਿੰਘ ਦੀ ਦੂਰ-ਅੰਦੇਸ਼ੀ ਨੇ ਖ਼ਾਲਸਾ ਪੰਥ ਵਿੱਚ ਅਕਾਲੀ ਜੀ ਦਾ ਰੁੱਤਬਾ ਹੋਰ ਵੀ ਉੱਚਾ ਕਰ ਦਿੱਤਾ । ਸਮਾਂ ਤੇ ਸਥਾਨ ਆਗਿਆ ਨਹੀਂ ਦਿੰਦਾ ਕਿ ਖ਼ਾਲਸਾ ਰਾਜ ਦੇ ਵਾਧੇ ਲਈ ਕਸੂਰ, ਮੁਲਤਾਨ ਅਤੇ ਕਸ਼ਮੀਰ ਨੂੰ ਖ਼ਾਲਸਾ ਰਾਜ ਵਿੱਚ ਮਿਲਾਉਣ ਲਈ ਅਕਾਲੀ ਜੀ ਵੱਲੋਂ ਮਹਾਰਾਜਾ ਰਣਜੀਤ ਸਿੰਘ ਦੀ ਕੀਤੀ ਜੰਗੀ ਸਹਾਇਤਾ ਦਾ ਵਿਸਥਾਰ ਲਿਖਿਆ ਜਾ ਸਕੇ। ਇੱਥੇ ਜ਼ਿਕਰਯੋਗ ਹੈ ਕਿ ਅਕਾਲੀ ਫੂਲਾ ਸਿੰਘ ਜੀ ਨੇ ਖ਼ਾਲਸਾ ਰਾਜ ਦੇ ਵਾਧੇ ਲਈ ਮਹਾਰਾਜਾ ਰਣਜੀਤ ਸਿੰਘ ਦੀ ਜੰਗੀ ਮਦਦ ਪੂਰਨ ਸੁਤੰਤਰ ਹੋ ਕੇ ਕੀਤੀ ਅਤੇ ਉਸ ਦੀ ਅਧੀਨਗੀ ਨਹੀਂ ਕਬੂਲ ਕੀਤੀ । ਜਥੇਦਾਰ ਅਕਾਲੀ ਫੂਲਾ ਸਿੰਘ ਜੀ ਨੇ ਮੀਰੀ-ਪੀਰੀ ਦੇ ਮਾਲਕ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਜਣਹਾਰ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਿਧਾਂਤ ਅਤੇ ਪਰੰਪਰਾ ਨੂੰ ਕਾਇਮ ਰੱਖਿਆ ਕਿ ਸ੍ਰੀ ਅਕਾਲ ਤਖ਼ਤ ਨਾ ਮੁਗ਼ਲਾਂ ਦੀ ਦਿੱਲੀ ਹਕੂਮਤ ਦੇ ਅਧੀਨ ਹੋਇਆ ਅਤੇ ਨਾ ਹੀ ਕਿਸੇ ਸਿੱਖ ਰਾਜੇ ਦੇ ਅਧੀਨ ਹੈ, ਅਕਾਲ ਤਖ਼ਤ ਦੀ ਹੋਂਦ ਤੇ ਮਰਿਆਦਾ ਸੁਤੰਤਰ ਹੈ । ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖ ਪੰਥ ਦੀਆਂ ਧਾਰਮਿਕ ਅਤੇ ਰਾਜਨੀਤਕ ਰੁਚੀਆਂ ਦਾ ਸੁਮੇਲ ਹੈ ।

ਅਕਾਲੀ ਫੂਲਾ ਸਿੰਘ ਜੀ ਖ਼ਾਲਸਾ ਰਾਜ ਦੇ ਉਸਰੱਈਏ ਅਤੇ ਮੁੱਦਈ ਹੋਣ ਕਰ ਕੇ ਆਪ ਜੀ ਦਾ ਮਹਾਰਾਜਾ ਰਣਜੀਤ ਸਿੰਘ ਨਾਲ਼ ਹੇਠ ਲਿਖੇ ਕਾਰਨਾਂ ਕਰ ਕੇ ਮਤਭੇਦ ਹੋ ਗਏ :

1. ਮਹਾਰਾਜਾ ਰਣਜੀਤ ਸਿੰਘ ਦਾ ਡੋਗਰਿਆਂ ਨੂੰ ਜ਼ਿੰਮੇਵਾਰੀਆਂ ਤੇ ਅਹੁਦੇ ਦੇਣਾ।
2. ਮਿਸਰ ਗੰਗਾ ਰਾਮ ਦੀਆਂ ਮਨ ਭਾਉਂਦੀਆਂ ਕਾਰਵਾਈਆਂ ।
3. ਇਸੇ ਮਿਸਰ (ਬ੍ਰਾਹਮਣ) ਦਾ ਆਪਣੇ ਸਾਕਾਂ-ਸੰਬੰਧੀਆਂ ਨੂੰ ਆਪਣੇ ਖ਼ਾਲਸਾ ਦਰਬਾਰ ਵਿੱਚ ਭਰਤੀ ਕਰ ਕੇ ਫ਼ੌਜ ਵਿੱਚ ਉੱਚੇ ਅਹੁਦਿਆਂ 'ਤੇ ਤਾਇਨਾਤ ਕਰਨਾ ।
4. ਇਹਨਾਂ ਲੋਕਾਂ ਦਾ ਸ਼ਹਿਜ਼ਾਦਾ ਖੜਕ ਸਿੰਘ ਤੇ ਮਹਾਰਾਜਾ ਰਣਜੀਤ ਸਿੰਘ ਵਿੱਚ ਫੁੱਟ ਪੁਆਉਣ ਲਈ ਯਤਨ ਕਰਦੇ ਰਹਿਣਾ।
5. ਕੌਰ ਸ਼ੇਰ ਸਿੰਘ ਤੋਂ ਮਹਾਰਾਜੇ ਦਾ ਦਿਲ ਬਦਜ਼ਨ ਕਰਦੇ ਰਹਿਣਾ ।

**ਬਾਕੀ ਹਿਸਾ ਅਗਲੇ ਹਫ਼ਤੇ ਪੜ੍ਹੋ**

# ਸੰਪਾਦਕ ਦੇ ਨਾਮ ਪੱਤਰ

ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਜੀ,
ਮੁੱਖ ਸੇਵਾਦਾਰ ਸ੍ਰੀ ਅਕਾਲ ਤਖਤ ਸਾਹਿਬ।
ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਿਹ।
ਵਿਸ਼ਾ:- ਨਵੇਂ ਸਾਲ ਦਾ ਕੈਲੰਡਰ
ਸਤਿਕਾਰ ਯੋਗ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਜੀ,

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਜਾਰੀ ਕੀਤੇ ਗਏ ਸੰਮਤ 558 ਨਾਨਕਸ਼ਾਹੀ ਦੇ ਕੈਲੰਡਰ ਸਬੰਧੀ ਬੇਨਤੀ ਇਹ ਹੈ ਕਿ, ਇਹ ਕੈਲੰਡਰ 'ਨਾਨਕਸ਼ਾਹੀ ਕੈਲੰਡਰ' ਕਿਵੇਂ ਹੈ? ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ 6 ਮਾਰਚ ਨੂੰ, ਆਪ ਜੀ ਦੀ ਅਗਵਾਈ ਵਿੱਚ ਜਾਰੀ ਕੀਤੇ ਗਏ ਕੈਲੰਡਰ ਨੂੰ ਵਾਚਣ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਇਹ ਕੈਲੰਡਰ, ਚੰਦਰ-ਸੂਰਜੀ ਬਿਕ੍ਰਮੀ (ਦ੍ਰਿਕਗਿਣਤ ਸਿਧਾਂਤ, ਚਿਤ੍ਰਾਂਦੀ, ਪੂਰਨਮੰਤਾ) ਕੈਲੰਡਰ ਹੈ। ਅਕਾਲ ਤਖਤ ਸਾਹਿਬ ਵੱਲੋਂ ਇਸ ਨੂੰ 'ਨਾਨਕਸ਼ਾਹੀ ਕੈਲੰਡਰ' ਕਹਿਣਾ ਕੋਰਾ ਝੂਠ ਹੈ, ਅਤੇ ਇਹ ਝੂਠ ਆਪ ਜੀ ਵੱਲੋ ਬੋਲਿਆ ਗਿਆ ਹੈ।

"ਜਥੇਦਾਰ ਨੇ ਕਿਹਾ ਕਿ ਗੁਰਪੁਰਬ ਅਤੇ ਹੋਰ ਇਤਿਹਾਸਕ ਦਿਹਾੜੇ ਨਾਨਕਸ਼ਾਹੀ ਕੈਲੰਡਰ ਅਨੁਸਾਰ ਮਨਾਉਣਾ ਹਰ ਸਿੱਖ ਦਾ ਫ਼ਰਜ਼ ਹੈ। ਉਨ੍ਹਾਂ ਸਿੱਖ ਜਗਤ ਨੂੰ ਨਾਨਕਸ਼ਾਹੀ ਕੈਲੰਡਰ ਹਰ ਗੁਰੂ-ਘਰ ਅਤੇ ਆਪੋ-ਅਆਪਣੇ ਘਰਾਂ ਵਿੱਚ ਲਗਾਉਣ ਦੀ ਅਪੀਲ ਵੀ ਕੀਤੀ"।

ਸਤਿਕਾਰ ਯੋਗ ਸਿੰਘ ਸਾਹਿਬ ਜੀ, 'ਨਾਨਕਸ਼ਾਹੀ ਕੈਲੰਡਰ' ਸੂਰਜੀ ਕੈਲੰਡਰ (ਰੁੱਤੀ ਸਾਲ) ਹੈ। ਇਸ ਦੇ ਸਾਲ ਦੀ ਲੰਬਾਈ, ਗੁਰਬਾਣੀ ਦੀ ਪਾਵਨ ਪੰਗਤੀ "ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ" (ਪੰਨਾ 1108) ਉੱਪਰ ਅਧਾਰਿਤ ਹੈ। ਅੱਜ ਦੇ ਵਿਗਿਆਨਿਕ ਯੁੱਗ ਮੁਤਾਬਕ ਸਾਲ ਦੀ ਇਹ ਲੰਬਾਈ 365.2422 ਦਿਨ ਬਣਦੀ ਹੈ। ਇਸ ਦੇ ਮਹੀਨਿਆਂ ਦੀ ਤਰਤੀਬ ਉਹੀ ਹੈ ਜੋ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਪਾਵਨ ਬਾਣੀ; ਬਾਰਾਮਾਹ; ਵਿੱਚ ਦਰਜ ਹੈ। ਇਸ ਦੇ ਪਹਿਲੇ 5 ਮਹੀਨਿਆਂ ਦੇ 31-31 ਦਿਨ ਅਤੇ ਮਗਰਲੇ 7 ਮਹੀਨਿਆਂ ਦੇ 30-30 ਦਿਨ ਹਨ। ਹਰ ਮਹੀਨੇ ਦਾ ਆਰੰਭ ਅਤੇ ਦਿਨਾਂ ਦੀ ਗਿਣਤੀ ਸਦਾ ਵਾਸਤੇ ਪੱਕੀ ਕਰ ਦਿੱਤੀ ਗਈ ਹੈ। ਇਸ ਦੇ ਦਿਨ ਦਾ ਆਰੰਭ ਰਾਤ 12 ਵਜੇ ਤੋਂ ਹੁੰਦਾ ਹੈ।

ਸਿੰਘ ਸਾਹਿਬ ਜੀ, ਜਿਹੜਾ ਕੈਲੰਡਰ (ਚੰਦਰ-ਸੂਰਜੀ ਬਿਕ੍ਰਮੀ, ਦ੍ਰਿਕਗਿਣਤ ਸਿਧਾਂਤ) ਆਪ ਜੀ ਵੱਲੋਂ 6 ਮਾਰਚ ਨੂੰ ਜਾਰੀ ਕੀਤਾ ਗਿਆ ਹੈ, ਉਸ ਦੇ ਸਾਲ ਦੀ ਲੰਬਾਈ 365.2563 ਦਿਨ ਹੈ। ਇਹ ਲੰਬਾਈ, ਨਵੰਬਰ 1964 ਈ: ਹਿੰਦੂ ਵਿਦਵਾਨਾਂ ਨੇ ਨਿਰਧਾਰਿਤ ਕੀਤੀ ਸੀ। ਇਸ ਤੋਂ ਪਹਿਲਾ (ਗੁਰੂ ਕਾਲ ਵੇਲੇ) ਇਸ ਕੈਲੰਡਰ ਦੇ ਸਾਲ ਦੀ 365.2587 ਦਿਨ ਸੀ। ਇਸ ਨੂੰ ਸੂਰਜੀ ਸਿਧਾਂਤ ਕਹਿੰਦੇ ਸਨ। ਇਸ ਦੇ ਮਹੀਨੇ ਦਾ ਆਰੰਭ ਸੂਰਜ ਦੇ ਰਾਸ਼ੀ ਬਦਲੀ ਕਰਨ ਵੇਲੇ ਤੋਂ ਗਿਣਿਆ ਜਾਂਦਾ ਹੈ। ਇਹੀ ਕਾਰਨ ਹੈ ਕਿ ਇਸ ਦੇ ਮਹੀਨੇ ਦਾ ਆਰੰਭ ਅਤੇ ਮਹੀਨੇ ਦੇ ਦਿਨਾਂ ਦੀ ਗਿਣਤੀ, ਹਰ ਸਾਲ ਬਦਲਦੀ ਰਹਿੰਦੀ ਹੈ। ਇਸ ਦੇ ਦਿਨ ਦਾ ਆਰੰਭ ਸੂਰਜ ਚੜਨ ਵੇਲੇ ਤੋਂ ਮੰਨਿਆ ਜਾਂਦਾ ਹੈ। ਆਪਣੇ ਦੇਸ਼ ਵਿੱਚ ਪੂਰਬ ਤੋਂ ਪੱਛਮ ਦਿਸ਼ਾ ਵਿੱਚ ਸੂਰਜ ਚੜਨ ਦੇ ਸਮੇਂ ਵਿੱਚ ਲਗ-ਭਗ ਡੇਢ ਘੰਟੇ ਦਾ ਅੰਤਰ ਹੈ।

ਸਿੰਘ ਸਾਹਿਬ ਜੀ, ਬਾਣੀ ਦੀ ਪਾਵਨ ਪੰਗਤੀ, "ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ" (ਪੰਨਾ 1108) ਮੁਤਾਬਕ ਸੂਰਜ ਦਾ ਰੱਥ (ਝੁਨਏ ਸ਼ੋਲਸਟਿਚਏ) ਗੁਰੂ ਨਾਨਕ ਸਾਹਿਬ ਜੀ ਦੇ ਸਮੇ 16 ਹਾੜ ਸੰਮਤ 1526 ਬਿਕ੍ਰਮੀ, 12 ਜੂਨ 1469 ਈ: (ਜੂਲੀਅਨ) ਮੁਤਾਬਕ 21 ਜੂਨ (ਗਰੈਗੋਰੀਅਨ) ਨੂੰ ਫਿਰਿਆ ਸੀ। ਇਸ ਸਾਲ ਸੂਰਜ ਦਾ ਰੱਥ 21 ਜੂਨ 2026 ਈ: ਮੁਤਾਬਕ 7 ਹਾੜ ਨੂੰ ਫਿਰੇਗਾ। ਇਸ ਤੋਂ ਇਹ ਸਪੱਸ਼ਟ ਹੈ ਕਿ ਗੁਰੂ ਨਾਨਕ ਜੀ ਦੇ ਸਮੇਂ ਤੋਂ ਅੱਜ ਤਾਈ, ਸਾਲ ਦੀ ਲੰਬਾਈ ਵਿੱਚ ਅੰਤਰ ਹੋਣ ਕਾਰਨ 9 ਦਿਨਾਂ ਦਾ ਫ਼ਰਕ ਪੈ ਚੁੱਕਾ ਹੈ। ਜੇ ਸਾਲ ਦੀ ਲੰਬਾਈ ਨੂੰ ਨਾ ਸੋਧਿਆ ਗਿਆ ਤਾਂ ਇਹ ਫ਼ਰਕ ਵੱਧਦਾ ਹੀ ਜਾਵੇਗਾ ਅਤੇ ਗੁਰਬਾਣੀ ਵਿੱਚ ਦਰਜ ਰੁੱਤਾਂ ਦਾ ਸਬੰਧ ਮਹੀਨਿਆਂ ਨਾਲੋਂ ਟੁੱਟ ਜਾਵੇਗਾ। ਸਤਿਕਾਰ ਯੋਗ ਸਿੰਘ ਸਾਹਿਬ ਜੀ, ਜਦੋਂ ਸਾਨੂੰ ਪਤਾ ਹੈ ਕਿ ਸਾਡੇ ਕੈਲੰਡਰੀ ਸਾਲ ਦੀ ਲੰਬਾਈ, 20 ਮਿੰਟ 24 ਸਕਿੰਟ ਵੱਧ ਹੈ, ਤਾਂ ਉਸ ਨੂੰ ਸਹੀ ਕਰਨ ਨਾਲ ਗੁਰਮਤਿ ਦੇ ਕਿਹੜੇ ਸਿਧਾਂਤ ਦੀ ਅਵੱਗਿਆ ਹੋਵੇਗੀ?

ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ ਵਿੱਚ ਚੰਦ ਦਾ ਮਹੀਨਾ ਅਤੇ ਸੂਰਜੀ ਮਹੀਨਾ ਇਕੱਠੇ ਚਲਦੇ ਹਨ। ਮਹੀਨਾ ਚੰਦ ਦਾ ਹੁੰਦਾ ਹੈ ਅਤੇ ਸਾਲ ਸੂਰਜੀ। ਚੰਦ ਦੇ ਨਵੇਂ ਸਾਲ ਦਾ ਆਰੰਭ ਚੇਤ ਸੁਦੀ ਏਕਮ ਤੋਂ (19 ਮਾਰਚ) ਤੋਂ ਹੋਵੇਗਾ। ਚੰਦ ਦੇ ਇਕ ਮਹੀਨੇ ਦੀ ਲੰਬਾਈ 29.53 ਦਿਨ ਅਤੇ ਸਾਲ ਦੀ ਲੰਬਾਈ 354.37 ਦਿਨ ਮੰਨੀ ਗਈ ਹੈ। ਭਾਵ ਚੰਦ ਦਾ ਸਾਲ ਸੂਰਜੀ ਸਾਲ ਤੋਂ 11 ਦਿਨ ਛੋਟਾ ਹੁੰਦਾ ਹੈ। ਜਦੋਂ ਇਕ ਸਾਲ ਵਿੱਚ 11 ਦਿਨ, ਦੂਜੇ ਸਾਲ 22 ਦਿਨ ਅਤੇ ਤੀਜੇ ਸਾਲ 33 ਦਿਨ, ਸੂਰਜੀ ਸਾਲ ਤੋਂ ਪਿੱਛੇ ਰਹਿ ਜਾਂਦਾ ਹੈ ਤਾਂ, ਚੰਦ ਦੇ ਸਾਲ ਨੂੰ, ਸੂਰਜੀ ਸਾਲ ਦੇ ਨੇੜੇ ਤੇੜੇ ਰੱਖਣ ਲਈ, ਇਕ ਵਾਧੂ ਮਹੀਨਾ ਜੋੜ ਦਿੱਤਾ ਜਾਂਦਾ ਹੈ। ਇਸ ਨੂੰ ਮਲ-ਮਾਸ ਕਹਿੰਦੇ ਹਨ। ਇਸ ਮਹੀਨੇ ਵਿੱਚ ਕੋਈ ਵੀ ਸ਼ੁਭ ਕੰਮ ਨਹੀਂ ਕੀਤਾ ਜਾਂਦਾ। ਇਸ ਸਾਲ ਵਿੱਚ, ਸਾਲ ਦੇ 13 ਮਹੀਨੇ ਅਤੇ 384/385 ਦਿਨ ਹੋ ਜਾਂਦੇ ਹਨ।

ਗਿਆਨੀ ਗੜਗੱਜ ਜੀ, ਜਿਹੜਾ ਕੈਲੰਡਰ ਆਪ ਜੀ ਨੇ ਜਾਰੀ ਕੀਤਾ ਹੈ ਉਸ ਨੂੰ ਧਿਆਨ ਨਾਲ ਵੇਖੋ। ਇਸ ਵਿੱਚ ਜੇਠ ਦਾ ਮਹੀਨਾ ਦੋ ਵਾਰ ਦਰਜ ਹੈ। ਜੇਠ ਦਾ ਆਰੰਭ 2 ਮਈ 2026 ਈ: ਤੋਂ ਹੋਵੇਗਾ ਅਤੇ ਅੰਤ 29 ਜੂਨ ਨੂੰ ਹੋਵੇਗਾ। ਇਸ ਸਮੇਂ ਵਿੱਚੋਂ 17 ਮਈ ਤੋਂ 15 ਜੂਨ ਤਾਂਈ ਮਲ ਮਾਸ ਹੋਵੇਗਾ। ਇਨ੍ਹਾਂ ਦਿਨ੍ਹਾਂ ਵਿੱਚ ਕੋਈ ਸ਼ੁਭ ਦਿਹਾੜਾ ਨਹੀਂ ਮਨਾਇਆ ਜਾਂਦਾ। ਪਹਿਲੇ ਜੇਠ ਦੇ ਸੁਦੀ ਪੱਖ ਵਿੱਚ ਆਉਂਣ ਵਾਲੇ ਦਿਹਾੜੇ, ਦੂਜੇ ਜੇਠ ਦੇ ਸੁਦੀ ਪੱਖ ਵਿੱਚ

## ਦਮਦਮੀ ਟਕਸਾਲ ਦਾ ਕੈਲੰਡਰ

### ਗੁਰਪੁਰਬ ਪੁਰਾਤਨ ਰਵਾਇਤ ਅਨੁਸਾਰ

| ਗੁਰੂ ਸਾਹਿਬਾਨ | ਪ੍ਰਕਾਸ਼ ਪੁਰਬ | ਗੁਰਿਆਈ | ਜੋਤੀ ਜੋਤ |
|---|---|---|---|
| ਸ੍ਰੀ ਗੁਰੂ ਨਾਨਕ ਦੇਵ ਜੀ | 24 ਨਵੰਬਰ | ਪ੍ਰਕਾਸ਼ ਤੋਂ | 5 ਅਕਤੂਬਰ |
| ਸ੍ਰੀ ਗੁਰੂ ਅੰਗਦ ਦੇਵ ਜੀ | 18 ਅਪ੍ਰੈਲ | 1 ਅਕਤੂਬਰ | 22 ਮਾਰਚ |
| ਸ੍ਰੀ ਗੁਰੂ ਅਮਰਦਾਸ ਜੀ | 30 ਅਪ੍ਰੈਲ | 19 ਮਾਰਚ | 26 ਸਤੰਬਰ |
| ਸ੍ਰੀ ਗੁਰੂ ਰਾਮਦਾਸ ਜੀ | 27 ਅਕਤੂ. | 24 ਸਤੰਬਰ | 14 ਸਤੰਬਰ |
| ਸ੍ਰੀ ਗੁਰੂ ਅਰਜਨ ਦੇਵ ਜੀ | 9 ਅਪ੍ਰੈਲ | 13 ਸਤੰਬਰ | 18 ਜੂਨ |
| ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | 30 ਜੂਨ | 10 ਮਈ | 23 ਮਾਰਚ |
| ਸ੍ਰੀ ਗੁਰੂ ਹਰਿ ਰਾਏ ਸਾਹਿਬ ਜੀ | 31 ਜਨਵਰੀ | 17 ਮਾਰਚ | 3 ਨਵੰਬਰ |
| ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | 7 ਅਗਸਤ | 3 ਨਵੰਬਰ | 1 ਅਪ੍ਰੈਲ |
| ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ | 7 ਅਪ੍ਰੈਲ | 31 ਮਾਰਚ | 14 ਦਸੰਬਰ |
| ਸ੍ਰੀ ਗੁਰੂ ਗੋਬਿੰਦ ਸਿੰਘ ਜੀ | ---- | 12 ਦਸੰਬਰ | 14 ਨਵੰਬਰ |

ਮੀਰੀ ਪੀਰੀ ਦਿਵਸ (ਪਾ: 6) 24 ਜੁਲਾਈ
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ 12 ਸਤੰਬਰ
ਗੁਰਗੱਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਨੰਦੇੜ) 11 ਨਵੰਬਰ

ਮਨਾਏ ਜਾਣਗੇ। ਇਹੀ ਕਾਰਨ ਹੈ ਕਿ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਜੇਠ ਸੁਦੀ 4 (20 ਮਈ) ਨੂੰ ਨਹੀਂ ਮਨਾਇਆ ਜਾਵੇਗਾ। ਕਿਉਂਕਿ ਇਹ ਪਹਿਲੇ ਜੇਠ ਦਾ ਸੁਦੀ ਪੱਖ ਹੋਣ ਕਾਰਨ ਅਸ਼ੁਭ ਹੈ। ਦੂਜੀ ਜੇਠ ਸੁਦੀ 4 ,18 ਜੂਨ ਨੂੰ ਆਵੇਗੀ। ਇਹ ਦੂਜੇ ਜੇਠ ਦਾ ਸ਼ੁਭ ਪੱਖ ਹੋਣ ਕਾਰਨ, ਗੁਰੂ ਜੀ ਦਾ ਸ਼ਹੀਦੀ ਦਿਹਾੜਾ 18 ਜੂਨ ਨੂੰ ਮਨਾਇਆ ਜਾਵੇਗਾ। ਇਸ ਕਾਰਨ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਗੁਰਗੱਦੀ ਦਿਵਸ ਅਤੇ ਗੁਰੂ ਅਰਜਨ ਪਾਤਸ਼ਾਹ ਜੀ ਦਾ ਸ਼ਹੀਦੀ ਦਿਹਾੜੇ ਦਾ ਅੰਤਰ ਜੋ 10 ਦਿਨ ਹੈ। ਇਸ ਸਾਲ ਇਹ 39 ਦਿਨ ਹੋ ਜਾਵੇਗਾ।

ਗਿਆਨੀ ਕੁਲਦੀਪ ਸਿੰਘ ਜੀ, ਇਸ ਨੂੰ ਇਤਿਹਾਸ ਵਿਗਾੜਨ ਦਾ ਕੋਝਾਂ ਯਤਨ ਕਿਉਂ ਨਾ ਮੰਨਿਆ ਜਾਵੇ? ਕੀ ਗੁਰਬਾਣੀ ਅਜੇਹੇ ਭਰਮ ਨੂੰ ਮੰਨਦੀ ਹੈ ਕਿ ਪੂਰਾ ਮਹੀਨਾ ਹੀ ਅਸ਼ੁਭ ਹੈ? ਕੀ ਇਹ ਗੁਰਮਤਿ ਹੈ ਜਾਂ ਬਿਪਰਵਾਦ? ਸਿੰਘ ਸਾਹਿਬ ਜੀ, ਸ਼੍ਰੋਮਣੀ ਕਮੇਟੀ ਵੱਲੋ ਛਾਪੇ ਗਏ ਅਤੇ ਆਪ ਜੀ ਵੱਲੋ ਜਾਰੀ ਕੀਤੇ ਗਏ ਨਵੇਂ ਸਾਲ ਦੇ ਕੈਲੰਡਰ ਨੂੰ ਧਿਆਨ ਨਾਲ ਵੇਖਣ ਤੇ ਵੀ 'ਹੋਲਾ-ਮਹੱਲਾ' ਦੀ ਤਾਰੀਖ ਨਹੀਂ ਮਿਲੀ। ਇਸ ਦਾ ਕੀ ਕਾਰਨ ਹੈ ਜੀ? ਕੀ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ, ਗੁਰੂ ਗੋਬਿੰਦ ਸਿੰਘ ਜੀ ਵੱਲੋਂ ਆਰੰਭ ਕੀਤਾ ਗਿਆ ਹੋਲਾ ਮਹੱਲਾ ਮਨਾਉਣਾ ਬੰਦ ਕਰ ਦਿੱਤਾ ਹੈ? ਇਹ ਕਿਸ ਸ਼ਾਜਿਸ ਅਧੀਨ ਕੀਤਾ ਗਿਆ ਹੈ?

ਗਿਆਨੀ ਕੁਲਦੀਪ ਸਿੰਘ ਜੀ, ਜੇ ਥੋੜਾ ਹੋਰ ਬਰੀਕੀ ਨਾਲ ਵੇਖਿਆ ਜਾਵੇ ਤਾਂ ਆਪ ਜੀ ਵੱਲੋਂ 6 ਮਾਰਚ ਨੂੰ ਜਾਰੀ ਕੀਤੇ ਗਏ ਕੈਲੰਡਰ ਨੂੰ, 'ਚੰਦਰ-ਸੂਰਜੀ ਬਿਕ੍ਰਮੀ' ਕੈਲੰਡਰ ਕਹਿਣਾ ਵੀ ਸਹੀ ਨਹੀਂ ਹੈ। ਕਿਉਂਕਿ ਉਸ ਵਿੱਚ ਸੂਰਜੀ ਮਹੀਨਾ ਵੈਸਾਖ, ਪਹਿਲਾ ਮਹੀਨਾ ਹੁੰਦਾ ਹੈ ਅਤੇ ਚੇਤ ਬਾਰਵਾਂ। ਸ਼੍ਰੋਮਣੀ ਕਮੇਟੀ ਨੇ ਆਪਣੀ ਮਰਜੀ ਨਾਲ ਹੀ ਚੇਤ ਨੂੰ ਪਹਿਲਾ ਮਹੀਨਾ ਕਰ ਦਿੱਤਾ ਹੈ। ਇਸ ਸਾਲ ਦੇ ਕੈਲੰਡਰ ਵਿੱਚ ਬਹੁਤ ਵੱਡੀ ਗਲਤੀ ਇਹ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਗੱਦੀ ਦਿਵਸ ਜੇਠ ਵਦੀ 8/25 ਜੇਠ (8 ਜੂਨ) ਦਾ ਦਰਜ ਕਰ ਦਿੱਤਾ ਹੈ। ਸਿੰਘ ਸਾਹਿਬ ਜੀ, ਇਹ ਜੇਠ (ਅਸ਼ੁਭ) ਵਦੀ 8 ( 8 ਜੂਨ) ਮਲ ਮਾਸ ਦੀ ਹੈ। ਤੁਸੀਂ ਆਪਣੀ ਮਰਜੀ ਨਾਲ ਕਿਸੇ ਦਿਹਾੜੇ ਦੀ ਤਿੱਥ ਕਿਵੇਂ ਬਦਲ ਸਕਦੇ ਹੋ? ਦਮਦਮੀ ਟਕਸਾਲ ਦਾ ਕੈਲੰਡਰ, ਬਾਲਾ ਪ੍ਰੀਤਮ ਜੰਤਰੀ (ਤਖਤ ਪਟਨਾ ਸਾਹਿਬ), ਦੁਸ਼ਟ ਦਮਨ ਜੰਤਰੀ (ਤਖਤ ਹਜੂਰ ਸਾਹਿਬ) ਇਨ੍ਹਾਂ ਜੰਤਰੀਆਂ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਗੱਦੀ ਦਿਵਸ ਜੇਠ (ਸ਼ੁਭ) ਵਦੀ 8 /27 ਵੈਸਾਖ (10 ਮਈ) ਦਾ ਦਰਜ ਹੈ। ਕੀ ਹੁਣ ਪੰਜਾਬ ਤੋਂ ਬਾਹਰਲੇ ਦੋਵੇ ਤਖਤ ਅਤੇ ਦਮਦਮੀ ਟਕਸਾਲ, ਇਹ ਦਿਹਾੜਾ 27 ਵੈਸਾਖ (10 ਮਈ) ਨੂੰ ਮਨਾਉਣਗੇ ਅਤੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠਲੇ ਤਿੰਨ ਤਖਤ ਜੇਠ (ਅਸ਼ੁਭ) ਵਦੀ 8 /25 ਜੇਠ (8 ਜੂਨ) ਨੂੰ ਮਨਾਉਣਗੇ? ਦੋ-ਦੋ ਗੁਰਪੁਰਬ ਤਾਂ ਤੁਹਾਡੇ ਕੈਲੰਡਰ ਨੇ ਵੀ ਕਰ ਦਿੱਤੇ ਹਨ। ਇਸ ਕੈਲੰਡਰ ਵਿੱਚ, ਇਕ ਦਿਨ ਵਿੱਚ ਦੋ ਤਿੱਥਾਂ 20 ਅਪ੍ਰੈਲ (ਵੈਸਾਖ ਵਦੀ ਤੀਜ ਅਤੇ ਚੌਥ) ਦੋ ਦਿਨਾਂ ਵਿੱਚ ਇਕ ਤਿੱਥ ਜੇਠ ਸੁਦੀ 4 (ਮਈ 5 ਅਤੇ 6) ਅਕਸਰ ਆ ਜਾਦੀਆਂ ਹਨ ਇਹ ਹੀ ਕਾਰਨ ਹੈ ਕਿ ਇਸ ਕੈਲੰਡਰ ਨੂੰ, ਦੋ ਮੈਂਬਰੀ ਕੈਲੰਡਰ ਵਿਗਾੜੂ ਕਮੇਟੀ (ਧੁੰਮਾ ਅਤੇ ਮੱਕੜ) ਦੇ ਨਾਮ ਨਾਲ 'ਧੁਮੱਕੜਸ਼ਾਹੀ ਕੈਲੰਡਰ' ਕਿਹਾ ਜਾਂਦਾ ਹੈ।



ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਜੀ, ਕੀ 'ਧੁਮੱਕੜਸ਼ਾਹੀ ਕੈਲੰਡਰ' ਨੂੰ, 'ਨਾਨਕਸ਼ਾਹੀ ਕੈਲੰਡਰ' ਦੱਸਕੇ ਰਲੀਜ ਕਰਨਾ, ਆਪ ਜੀ ਨੂੰ ਸ਼ੋਭਾ ਦਿੰਦਾ ਹੈ?

ਉਸਾਰੂ ਸੇਧਾਂ ਦੀ ਉਡੀਕ ਵਿੱਚ

ਸਰਬਜੀਤ ਸਿੰਘ ਸੈਕਰਾਮੈਂਟੋ
1 ਚੇਤ ਸੰਮਤ 558 ਨ:ਸ:
(14 ਮਾਰਚ 2026)

# Life After Seventy: The Age of Wisdom, Humor, and Contribution

**IQBAL SINGH LALPURA**
**Mobile 9780003333**





Modern society sometimes treats seventy as the age when a person should slow down, step aside, and quietly watch life from the sidelines. But anyone who has studied history or simply observed life carefully ,knows that this assumption is not only wrong but also unfair. In truth, the years after seventy can become the most meaningful period of life, a time when wisdom, humor, and experience combine to create powerful contributions to society.

Every human being carries two simple desires in the heart: to live with love and dignity, and to be remembered after death. No one wishes to vanish from the memory of the world as if his life had no meaning. Whether a person is a farmer, a teacher, a soldier, or a scholar, everyone hopes that when people speak about them after they are gone, they will say: “He lived well and served others.”

But history teaches us that only a few people are remembered for generations. The rest are gradually forgotten as time moves forward. Why does this happen? The answer is simple. Those who live only for themselves disappear from memory, but those who live for society leave a legacy.

This truth is beautifully expressed in the teachings of Guru Nanak Dev Ji. Gurbani reminds us again and again that life is temporary, but truthful living and service to humanity make a person immortal in the hearts of people. Saints, protectors of society, and those who stand for righteousness are remembered long after their physical life ends.

For those who have crossed seventy years of age, this message carries a special meaning. By this time, a person has lived through several decades of social and political changes, family responsibilities, successes, and failures. In other words, they have collected the most powerful resource known to mankind ie experience.

Experience is something that cannot be purchased, borrowed, or quickly learned. It is earned slowly through life itself. That is why elders are sometimes compared to walking libraries of wisdom.

The Sikh tradition offers many inspiring examples that also bring a smile to the face. One such example is the life of Guru Amar Das, the third Sikh Guru. Before becoming Guru, he spent many years serving with humility. According to Sikh history, even in advanced age he would wake up before dawn and walk miles to fetch water for the bath of Guru Angad Dev. Imagine a man past sixty cheerfully walking long distances every morning carrying heavy water pitchers.

If such a person were living today, someone might advise him, “Baba ji, please take rest. You are already retired!” But Guru Amar Das proved that dedication and service have no retirement age. In fact, he became Guru at the age of seventy-three and led the Sikh community with extraordinary wisdom and organizational ability.

One might jokingly say that Guru Amar Das started his most important job after most people today apply for a pension.

Another powerful example is Baba Deep Singh, the great Sikh warrior and saint. Baba Deep Singh was around seventy-five years old when he took up arms to defend the sanctity of Sri Harmandir Sahib from invading forces. When he marched toward Amritsar with his companions, someone might have asked him with concern, “Baba ji, is this not the age for resting at home?”

History records his immortal reply: that life must be lived in service of truth and righteousness. His courage at that age became legendary. Today, centuries later, his name still inspires millions.

The lesson is clear: seventy is not the end of usefulness; it can be the beginning of greatness.

Of course, this does not mean that everyone after seventy should pick up a sword like Baba Deep Singh. In modern times, the most powerful weapon available to elders is not steel but knowledge.

Knowledge and experience together form a powerful force. A single thoughtful article written by someone who has observed life for decades can influence more minds than a hundred speeches. When elders write, speak, and guide younger generations, they pass on a treasure that cannot be found in textbooks.

Punjab, in particular, needs such wisdom today. The state has produced great saints, warriors, scholars, and reformers. Yet modern challenges—economic difficulties, social divisions, and changing values—require thoughtful guidance.

Elders possess the long view of history. They remember events, policies, and movements that younger generations know only from books. They understand the consequences of decisions and the patterns that repeat themselves in society. This perspective is invaluable.

Instead of withdrawing from public life, elders can become mentors, writers, and thoughtful commentators. They can share insights through newspapers, books, community meetings, and conversations with young people. Sometimes even a simple story told to grandchildren carries more wisdom than a long lecture.

There is also another benefit of reaching seventy ,one develops a healthy sense of humor about life.

At this stage, a person has seen enough ups and downs to know that many things we once considered extremely important were actually temporary. Promotions, political debates, and social rivalries often appear less serious when viewed through the lens of decades.

One elderly gentleman once joked, “When I was young, I wanted to change the world. At fifty, I wanted to change my city. At seventy, I am trying to change the television channel before I fall asleep.”

Humor like this is not a sign of weakness; it is a sign of wisdom. It shows that the person has learned to look at life with balance.

The later years can also be among the happiest if lived wisely. Responsibilities become lighter. Children become independent. There is more time for reading, reflection, writing, travel, and spiritual growth.

Many great thinkers produced remarkable work in their later years. Experience gives depth to ideas. Thoughts become clearer because they are not driven by ambition but by understanding.

Gurbani also reminds us that life should ultimately move toward spiritual awareness. The teachings of Guru Nanak Dev Ji encourage humility, service, and remembrance of the Divine. When these principles guide life, old age becomes a period of peace rather than anxiety.

Every person must eventually leave this world. This is the universal law of nature. But the real question is what remains after we are gone.

Some leave behind wealth that disappears within a few years. Others leave behind ideas, values, and inspiration that last for centuries.

Saints and those who serve and protect society remain alive in the collective memory of humanity. Their stories are told to future generations because their lives carried meaning beyond personal comfort.

For people who have crossed seventy, the opportunity is therefore immense. Instead of thinking that life’s work is finished, they can realize that their most valuable contribution may still lie ahead.

The power of knowledge, experience, and moral courage is far greater than physical strength. These qualities can guide society, inspire youth, and help communities move toward wisdom and harmony.

Punjab needs that guidance. Younger generations need examples of thoughtful leadership grounded in history, ethics, and service.

Why not use the powerful weapon of knowledge that a lifetime has provided?

Life after seventy can thus become not a period of decline, but a stage of influence, laughter, wisdom, and service—a time when a person not only enjoys life but also ensures that when they depart from this world, they are remembered with respect and gratitude.

*Former Chairman National Commission for Minorities Government of India*

# K 2 K, "ਕੌਰ ਤੋਂ ਖਾਨ" : ਸਿੱਖ ਬੇਟੀਆਂ ਦੀ ਪਹਿਚਾਣ ਅਤੇ ਸੁਰੱਖਿਆ ਸਾਹਮਣੇ ਖੜੀ ਵਿਸ਼ਵ ਚੁਣੌਤੀ

**ਪ੍ਰੋ. ਸਰਚਾਂਦ ਸਿੰਘ ਖਿਆਲਾ**



ਪਿਛਲੇ ਕੁਝ ਸਾਲਾਂ ਦੌਰਾਨ ਵਿਦੇਸ਼ਾਂ ਵਿੱਚ ਵੱਸਦੇ ਸਿੱਖ ਭਾਈਚਾਰੇ, ਖ਼ਾਸ ਕਰਕੇ ਬ੍ਰਿਟੇਨ ਅਤੇ ਪਾਕਿਸਤਾਨ ਵਿੱਚ ਸਾਹਮਣੇ ਆ ਰਹੀਆਂ ਕੁਝ ਘਟਨਾਵਾਂ ਨੇ "K2K" ਅਰਥਾਤ "ਕੌਰ ਤੋਂ ਖਾਨ" ਦੀ ਚਰਚਾ ਨੂੰ ਮੁੜ ਕੇਂਦਰ ਵਿੱਚ ਲਿਆ ਦਿੱਤਾ ਹੈ। ਮੁਟਿਆਰ ਸਿੱਖ ਕੁੜੀਆਂ ਨੂੰ ਪਹਿਲਾਂ ਪਿਆਰ ਅਤੇ ਭਰੋਸੇ ਦੇ ਜਾਲ ਵਿੱਚ ਫਸਾ ਕੇ, ਗਰੂਮਿੰਗ, ਬਲੈਕਮੇਲ ਅਤੇ ਫਿਰ ਮਨੋਵਿਗਿਆਨਕ ਦਬਾਅ ਅਤੇ ਧਾਰਮਿਕ ਪ੍ਰਭਾਵ ਰਾਹੀਂ ਉਨ੍ਹਾਂ ਦੀ ਪਹਿਚਾਣ ਬਦਲਣ ਦੀ ਕੋਸ਼ਿਸ਼ ਨਾਲ ਜੁੜੇ ਇਹ ਮਾਮਲੇ ਕੇਵਲ ਧਾਰਮਿਕ ਪਹਿਚਾਣ ਹੀ ਨਹੀਂ, ਸਗੋਂ ਮਹਿਲਾ ਸੁਰੱਖਿਆ, ਮਨੁੱਖੀ ਅਧਿਕਾਰਾਂ ਅਤੇ ਵਿਸ਼ਵ ਨੈਤਿਕਤਾ ਲਈ ਵੀ ਗੰਭੀਰ ਪ੍ਰਸ਼ਨ ਖੜ੍ਹੇ ਕਰ ਰਹੇ ਹਨ।

ਨੌਜਵਾਨ ਸਿੱਖ ਕੁੜੀਆਂ ਨੂੰ ਨਿਸ਼ਾਨਾ ਬਣਾਉਣ ਵਾਲੇ ਕਥਿਤ ਗਰੂਮਿੰਗ ਗੈਂਗਾਂ ਦੇ ਪਿੱਛੇ ਕੁਝ ਇਸਲਾਮਿਕ ਕੱਟੜਪੰਥੀਆਂ ਦੀ ਭੂਮਿਕਾ ਬਾਰੇ ਸ਼ਨਾਖ਼ਤ ਇੱਕ ਗੰਭੀਰ ਵਿਸ਼ਵ ਪੱਧਰੀ ਚਿੰਤਾ ਦਾ ਵਿਸ਼ਾ ਹੈ।

ਇਹਨਾਂ ਮਾਮਲਿਆਂ ਨੇ ਸਾਨੂੰ ਇੱਕ ਹੋਰ ਗੰਭੀਰ ਸਚਾਈ ਵੱਲ ਧਿਆਨ ਦਿਵਾਇਆ ਹੈ ਕਿ ਅੱਜ ਦੇ ਡਿਜ਼ੀਟਲ ਯੁੱਗ ਵਿੱਚ ਨੌਜਵਾਨ ਪੀੜ੍ਹੀ ਸਿਰਫ਼ ਸਮਾਜਕ ਜਾਂ ਧਾਰਮਿਕ ਚੁਣੌਤੀਆਂ ਨਾਲ ਹੀ ਨਹੀਂ, ਸਗੋਂ ਸੋਸ਼ਲ ਮੀਡੀਆ ਦੀਆਂ ਖ਼ਤਰਨਾਕ ਚਾਲਾਂ ਨਾਲ ਵੀ ਸਾਹਮਣਾ ਕਰ ਰਹੀ ਹੈ।

ਇੱਕ ਘਟਨਾ, ਜੋ ਜਨਵਰੀ 2026 ਵਿੱਚ ਬ੍ਰਿਟੇਨ ਦੇ ਪੱਛਮੀ ਲੰਡਨ ਵਿੱਚ ਵਾਪਰੀ, ਜਿਸ ਨੇ ਇਸ ਚਿੰਤਾ ਨੂੰ ਹੋਰ ਗਹਿਰਾ ਕਰ ਦਿੱਤਾ। ਲਗਭਗ ਦੋ ਸੌ ਬ੍ਰਿਟਿਸ਼ ਸਿੱਖ ਇੱਕ 16 ਸਾਲਾ ਕੁੜੀ ਨੂੰ ਬਚਾਉਣ ਲਈ ਇਕੱਠੇ ਹੋਏ, ਜਿਸ ਬਾਰੇ ਦਾਅਵਾ ਕੀਤਾ ਗਿਆ ਕਿ ਉਸ ਨੂੰ ਇੱਕ 34 ਸਾਲਾ ਵਿਅਕਤੀ ਨੇ ਹੰਸਲੋ ਦੇ ਇੱਕ ਫਲੈਟ ਵਿੱਚ ਕੈਦ ਕਰਕੇ ਰੱਖਿਆ ਹੋਇਆ ਸੀ ਅਤੇ ਕਈ ਸਾਲਾਂ ਤੋਂ ਮਨੋਵਿਗਿਆਨਕ ਤਰੀਕਿਆਂ ਨਾਲ ਉਸ 'ਤੇ ਧਰਮ ਪਰਿਵਰਤਨ ਲਈ ਦਬਾਅ ਬਣਾਇਆ ਜਾ ਰਿਹਾ ਸੀ।

ਜਿਵੇਂ ਹੀ ਇਸ ਘਟਨਾ ਨਾਲ ਸੰਬੰਧਿਤ ਵੀਡੀਓਜ਼ ਸੋਸ਼ਲ ਮੀਡੀਆ 'ਤੇ ਵਾਇਰਲ ਹੋਈਆਂ, "K2K" ਵਾਲਾ ਮੁੱਦਾ ਮੁੜ ਚਰਮ ਸੀਮਾ 'ਤੇ ਆ ਗਿਆ। ਇਹ ਵੀ ਬਹੁਤ ਹੀ ਚਿੰਤਾਜਨਕ ਹੈ ਕਿ ਕਈ ਮੌਕਿਆਂ 'ਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਸਮੇਂ 'ਤੇ ਪ੍ਰਭਾਵਸ਼ਾਲੀ ਕਾਰਵਾਈ ਕਰਨ ਵਿੱਚ ਅਸਫਲ ਰਹੀਆਂ। ਜੇਕਰ ਪੁਲੀਸ ਵੱਲੋਂ ਸਮੇਂ ਸਿਰ ਦਖ਼ਲ ਦਿੱਤਾ ਜਾਂਦਾ ਤਾਂ ਸ਼ਾਇਦ ਸਿੱਖ ਭਾਈਚਾਰੇ ਨੂੰ ਖ਼ੁਦ ਮੈਦਾਨ ਵਿੱਚ ਉਤਰ ਕੇ ਦਖ਼ਲ ਦੇਣ ਦੀ ਲੋੜ ਨਾ ਪੈਂਦੀ।

ਇਹ ਸਿਰਫ਼ ਇਕ ਘਟਨਾ ਨਹੀਂ, ਸਗੋਂ ਇੱਕ ਵੱਡੇ ਪ੍ਰਸ਼ਨ ਵੱਲ ਇਸ਼ਾਰਾ ਕਰਦੀ ਹੈ ਕਿ, ਕੀ ਆਧੁਨਿਕ ਲੋਕਤੰਤਰਿਕ ਸਮਾਜਾਂ ਵਿੱਚ ਘੱਟ ਗਿਣਤੀਆਂ ਦੀਆਂ ਬੇਟੀਆਂ ਸੱਚਮੁੱਚ ਸੁਰੱਖਿਅਤ ਹਨ?

ਬ੍ਰਿਟੇਨ ਵਿੱਚ ਸਿੱਖ ਕੁੜੀਆਂ ਨੂੰ ਨਿਸ਼ਾਨਾ ਬਣਾਉਣ ਦੀਆਂ ਘਟਨਾਵਾਂ 1997 ਤੋਂ ਹੀ ਦਰਜ ਹੋ ਰਹੀਆਂ ਹਨ। 2010 ਦੇ ਦਹਾਕੇ ਦੀ ਸ਼ੁਰੂਆਤ ਵਿੱਚ ਬ੍ਰਿਟੇਨ ਅਤੇ ਯੂਰਪ ਵਿੱਚ ਵੱਸਦੇ ਕੁਝ ਸਿੱਖ ਪਰਿਵਾਰਾਂ ਨੇ ਖ਼ੁਲਾਸਾ ਕੀਤਾ ਕਿ ਕੁਝ ਨੌਜਵਾਨ ਕੁੜੀਆਂ ਨੂੰ ਸੋਸ਼ਲ ਮੀਡੀਆ, ਕਾਲਜਾਂ ਜਾਂ ਦੋਸਤੀ ਦੇ ਰਿਸ਼ਤਿਆਂ ਰਾਹੀਂ ਫਸਾਇਆ ਜਾ ਰਿਹਾ ਹੈ।

ਇਸ ਵਕਤ ਬ੍ਰਿਟੇਨ ਵਿੱਚ ਕੁਝ ਸਿੱਖ ਕਾਰਕੁਨਾਂ ਅਤੇ ਸੰਸਥਾਵਾਂ ਨੇ ਇਸ ਮਸਲੇ 'ਤੇ ਖੁੱਲ੍ਹੀ ਚਰਚਾ ਸ਼ੁਰੂ ਕੀਤੀ ਅਤੇ ਇਸ ਨੂੰ "Grooming Pattern" ਦੇ ਰੂਪ ਵਿੱਚ ਵੇਖਣਾ ਸ਼ੁਰੂ ਕੀਤਾ। Sikh Awareness Society ਸਮੇਤ ਕਈ ਸੰਸਥਾਵਾਂ ਨੇ ਚੇਤਾਵਨੀ ਦਿੱਤੀ ਹੈ ਕਿ ਕੁਝ ਥਾਵਾਂ 'ਤੇ ਗਰੂਮਿੰਗ ਨੈੱਟਵਰਕ ਨੌਜਵਾਨ ਕੁੜੀਆਂ ਨੂੰ "Love Bombing", ਭਾਵਨਾਤਮਕ ਮੈਨਿਪੁਲੇਸ਼ਨ ਅਤੇ ਮਨੋਵਿਗਿਆਨਕ ਦਬਾਅ ਰਾਹੀਂ ਆਪਣੇ ਜਾਲ ਵਿੱਚ ਫਸਾਉਂਦੇ ਹਨ। ਇਹ ਪ੍ਰਕਿਰਿਆ ਹੌਲੀ-ਹੌਲੀ ਅੱਗੇ ਵਧਦੀ ਹੈ—ਪਹਿਲਾਂ ਦੋਸਤੀ, ਫਿਰ ਪਿਆਰ ਦਾ ਦਿਖਾਵਾ ਅਤੇ ਆਖ਼ਰ ਵਿੱਚ ਪਹਿਚਾਣ ਅਤੇ ਧਰਮ ਬਦਲਣ ਦਾ ਦਬਾਅ।

ਪਾਕਿਸਤਾਨ ਵਿੱਚ ਘੱਟ ਗਿਣਤੀ ਭਾਈਚਾਰਿਆਂ ਦੀ ਹਾਲਾਤ ਬ੍ਰਿਟੇਨ ਤੋਂ ਵੀ ਬਦਤਰ ਤੇ ਚਿੰਤਾਜਨਕ ਹੈ, ਜਿੱਥੇ ਘਟ ਗਿਣਤੀਆਂ ਦੀਆਂ ਬੇਟੀਆਂ ਨਾਲ ਜੁੜੀਆਂ ਜ਼ਬਰਦਸਤੀ ਧਰਮ ਪਰਿਵਰਤਨ ਦੀਆਂ ਘਟਨਾਵਾਂ ਕਈ ਵਾਰ ਅੰਤਰਰਾਸ਼ਟਰੀ ਚਰਚਾ ਦਾ ਵਿਸ਼ਾ ਬਣ ਚੁੱਕੀਆਂ ਹਨ।

ਇਸ ਸੰਦਰਭ ਵਿੱਚ ਭਾਰਤੀ ਨਾਗਰਿਕ ਸਰਬਜੀਤ ਕੌਰ ਦਾ ਮਾਮਲਾ ਹਾਲੀਆ ਸਮੇਂ ਵਿੱਚ ਕਾਫ਼ੀ ਚਰਚਾ ਦਾ ਕੇਂਦਰ ਬਣਿਆ ਹੈ। ਪਿਛਲੇ ਸਾਲ ਨਵੰਬਰ ਮਹੀਨੇ ਵਿੱਚ ਪੰਜਾਬ ਤੋਂ ਗੁਰਦੁਆਰਾ ਦਰਸ਼ਨਾਂ ਲਈ ਪਾਕਿਸਤਾਨ ਗਈ ਸਰਬਜੀਤ ਕੌਰ ਬਾਰੇ ਪਹਿਲਾਂ ਇਹ ਖ਼ਬਰ ਸਾਹਮਣੇ ਆਈ ਕਿ ਉਸ ਨੇ ਆਪਣੀ ਮਰਜ਼ੀ ਨਾਲ ਧਰਮ ਪਰਿਵਰਤਨ ਕਰਕੇ "ਨੂਰ" ਨਾਮ ਰੱਖ ਲਿਆ ਅਤੇ ਪਾਕਿਸਤਾਨੀ ਨਾਗਰਿਕ ਨਾਸਰ ਹੁਸੈਨ ਨਾਲ ਨਿਕਾਹ ਕਰਵਾ ਲਿਆ। ਇਸ ਖ਼ਬਰ ਦੇ ਸਾਹਮਣੇ ਆਉਂਦੇ ਹੀ ਪੰਜਾਬ ਅਤੇ ਵਿਦੇਸ਼ਾਂ ਵਿੱਚ ਵੱਸਦੇ ਸਿੱਖ ਭਾਈਚਾਰੇ ਵਿੱਚ ਤਿੱਖਾ ਰੋਸ ਪੈਦਾ ਹੋਇਆ। ਕਈ ਲੋਕਾਂ ਨੇ ਇਸ ਨੂੰ ਸਿੱਖ ਪਹਿਚਾਣ ਲਈ ਚਿੰਤਾਜਨਕ ਮੰਨਦਿਆਂ ਸਰਬਜੀਤ ਬਾਰੇ ਕੜੀ ਪ੍ਰਤੀਕਿਰਿਆ ਦਿੱਤੀ।

ਪਰ ਹੁਣ ਸਾਹਮਣੇ ਆ ਰਹੀਆਂ ਜਾਣਕਾਰੀਆਂ ਨੇ ਇਸ ਮਾਮਲੇ ਨੂੰ ਇੱਕ ਨਵਾਂ ਮੋੜ ਦੇ ਦਿੱਤਾ ਹੈ। ਇਹ ਘਟਨਾ ਹੁਣ ਕਈਆਂ ਲਈ "ਕੌਰ ਤੋਂ ਖਾਨ" ਦੀ ਪ੍ਰਵਿਰਤੀ ਦਾ ਇੱਕ ਹੋਰ ਉਦਾਹਰਨ ਬਣ ਕੇ ਉੱਭਰ ਰਹੀ ਹੈ। ਸਰਬਜੀਤ ਕੌਰ ਦੇ ਮੁਤਾਬਕ ਨਾਸਰ ਹੁਸੈਨ ਨਾਲ ਉਸ ਦਾ ਰਾਬਤਾ ਸੋਸ਼ਲ ਮੀਡੀਆ ਰਾਹੀਂ ਬਣਿਆ। ਪਹਿਲਾਂ ਦੋਸਤੀ ਅਤੇ ਪਿਆਰ ਦੇ ਨਾਂ 'ਤੇ ਉਸ ਨਾਲ ਨਜ਼ਦੀਕੀਆਂ ਬਣਾਈਆਂ ਗਈਆਂ ਅਤੇ ਬਾਅਦ ਵਿੱਚ ਉਸ ਦੀਆਂ ਨਿੱਜੀ ਅਤੇ ਅਸ਼ਲੀਲ ਤਸਵੀਰਾਂ ਹਾਸਲ ਕਰ ਲਈਆਂ ਗਈਆਂ। ਇਨ੍ਹਾਂ ਤਸਵੀਰਾਂ ਦੇ ਆਧਾਰ 'ਤੇ ਉਸ ਨੂੰ ਬਲੈਕਮੇਲ ਕੀਤਾ ਗਿਆ ਅਤੇ ਦਬਾਅ ਹੇਠ ਪਾਕਿਸਤਾਨ ਬੁਲਾਇਆ ਗਿਆ। ਉੱਥੇ ਪਹੁੰਚਣ ਤੋਂ ਬਾਅਦ ਉਸ ਨੂੰ ਬੰਧਕ ਬਣਾ ਕੇ ਜ਼ਬਰਦਸਤੀ ਧਰਮ ਪਰਿਵਰਤਨ ਕਰਵਾਇਆ ਗਿਆ ਅਤੇ ਨਿਕਾਹਨਾਮੇ 'ਤੇ ਦਸਤਖ਼ਤ ਕਰਵਾਏ ਗਏ। ਹਾਲਾਂਕਿ ਇਹ ਮਾਮਲਾ ਇਸ ਵੇਲੇ ਅਦਾਲਤ ਵਿੱਚ ਸੁਣਵਾਈ ਅਧੀਨ ਹੈ ਅਤੇ ਅੰਤਿਮ ਫ਼ੈਸਲਾ ਅਦਾਲਤ ਵੱਲੋਂ ਹੀ ਹੋਵੇਗਾ, ਪਰ ਇਹ ਘਟਨਾ ਇੱਕ ਵੱਡੇ ਸਮਾਜਕ ਸਵਾਲ ਨੂੰ ਜ਼ਰੂਰ ਜਨਮ ਦਿੰਦੀ ਹੈ।

ਜੇਕਰ ਕਿਸੇ ਨੌਜਵਾਨ ਕੁੜੀ ਨੂੰ ਪਹਿਲਾਂ ਸੋਸ਼ਲ ਮੀਡੀਆ ਰਾਹੀਂ ਫਸਾਇਆ ਜਾਵੇ, ਫਿਰ ਨਿੱਜੀ ਜਾਣਕਾਰੀ ਜਾਂ ਤਸਵੀਰਾਂ ਦੇ ਆਧਾਰ 'ਤੇ ਬਲੈਕਮੇਲ ਕਰਕੇ ਉਸ ਦੀ ਪਹਿਚਾਣ ਅਤੇ ਧਰਮ ਬਦਲਣ ਲਈ ਮਜਬੂਰ ਕੀਤਾ ਜਾਵੇ, ਤਾਂ ਇਹ ਸਿਰਫ਼ ਇਕ ਵਿਅਕਤੀ ਦੀ ਤਰਾਸਦੀ ਨਹੀਂ ਰਹਿੰਦੀ—ਇਹ ਪੂਰੇ ਸਮਾਜ ਲਈ ਗੰਭੀਰ ਚਿੰਤਾ ਦਾ ਵਿਸ਼ਾ ਬਣ ਜਾਂਦੀ ਹੈ।

ਇਸ ਤੋਂ ਪਹਿਲਾਂ 2019 ਵਿੱਚ ਨਨਕਾਣਾ ਸਾਹਿਬ ਦੇ ਗ੍ਰੰਥੀ ਦੀ ਨਾਬਾਲਗ ਧੀ ਜਗਜੀਤ ਕੌਰ ਨੂੰ ਅਗਵਾ ਕਰਕੇ ਉਸ ਦਾ ਜ਼ਬਰਦਸਤੀ ਧਰਮ ਪਰਿਵਰਤਨ ਕਰਵਾਇਆ ਗਿਆ ਅਤੇ ਉਸ ਦਾ ਨਾਮ ਆਇਸ਼ਾ ਰੱਖ ਕੇ ਮੁਹੰਮਦ ਹਸਨ ਨਾਲ ਨਿਕਾਹ ਕਰਾਇਆ ਗਿਆ। ਇਸ ਮਾਮਲੇ ਨੇ ਵਿਸ਼ਵ ਪੱਧਰ 'ਤੇ ਚਿੰਤਾ ਪੈਦਾ ਕੀਤੀ ਸੀ।

ਇਸ ਤੋਂ ਬਾਅਦ ਹਸਨ ਅਬਦਾਲ ਦੇ ਗੁਰਦੁਆਰਾ ਪੰਜਾ ਸਾਹਿਬ ਦੇ ਗ੍ਰੰਥੀ ਪ੍ਰੀਤਮ ਸਿੰਘ ਦੀ ਨਾਬਾਲਗ ਧੀ ਬੁਲਬੁਲ ਕੌਰ ਦੇ ਅਗਵਾ ਹੋਣ ਦੀ ਘਟਨਾ ਨੇ ਵੀ ਸਿੱਖ ਭਾਈਚਾਰੇ ਨੂੰ ਗਹਿਰੇ ਝਟਕੇ ਦਿੱਤੇ ਸਨ।

ਪਾਕਿਸਤਾਨ ਦਾ ਨਿਜ਼ਾਮ ਧਰਮ ਪਰਿਵਰਤਨ ਦੇ ਮਾਮਲਿਆਂ ਪ੍ਰਤੀ ਬੇਬਸ ਅਤੇ ਲਾਚਾਰ ਦਿੱਖ ਰਿਹਾ ਹੈ । ਜਿਸ ਕਾਰਨ ਘਟ ਗਿਣਤੀਆਂ ਨੂੰ ਸੁਰੱਖਿਆ ਪ੍ਰਦਾਨ ਕਰਨ 'ਚ ਪੂਰੀ ਤਰਾਂ ਨਾਕਾਮ ਹੋ ਚੁੱਕਿਆ ਹੈ। ਪਾਕਿਸਤਾਨ 'ਚ 18 ਸਾਲ ਤੋਂ ਘਟ ਉਮਰ ਵਾਲਿਆਂ ਦੇ ਧਰਮ ਪਰਿਵਰਤਨ ਨੂੰ ਗੈਰ ਕਾਨੂੰਨੀ ਠਹਿਰਾਉਣ ਦੇ ਮਕਸਦ ਨਾਲ ਬਣਾਏ ਗਏ 'ਧਰਮ ਪਰਵਰਤਨ ਵਿਰੋਧੀ ਕਾਨੂੰਨ ਬਿੱਲ' ਨੂੰ ਵਿਸ਼ੇਸ਼ ਸੰਸਦੀ ਕਮੇਟੀ ਨੇ ਕੁਝ ਸਾਲ ਪਹਿਲਾਂ ਮੌਲਵੀਆਂ, ਕੱਟੜਪੰਥੀਆਂ ਅਤੇ ਧਾਰਮਿਕ ਮਾਮਲਿਆਂ ਬਾਰੇ ਮੰਤਰਾਲੇ ਦੇ ਵਿਰੋਧ ਕਾਰਨ ਰੱਦ ਕਰਦਿਆਂ ਘਟ ਗਿਣਤੀਆਂ ਨੂੰ ਪੂਰੀ ਤਰਾਂ ਖੂੰਜੇ ਲਗਾ ਦਿੱਤਾ ਸੀ। ਇਸ ਨਾਲ ਘਟ ਗਿਣਤੀਆਂ ਦੇ ਮਨੁੱਖੀ ਅਤੇ ਧਾਰਮਿਕ ਅਧਿਕਾਰਾਂ ਦੀ ਸੁਰੱਖਿਆ ਦਾ ਕੌਮਾਂਤਰੀ ਪੱਧਰ 'ਤੇ ਝੂਠਾ ਰਾਗ ਅਲਾਪਣ ਵਾਲੇ ਪਾਕਿਸਤਾਨ ਦੀ ਸਾਰੀ ਸਚਾਈ ਸਾਹਮਣੇ ਆ ਗਈ ਸੀ।

ਉਕਤ ਸੰਸਦੀ ਮੀਟਿੰਗ ਦੌਰਾਨ ਘਟ ਗਿਣਤੀ ਭਾਈਚਾਰੇ ਨਾਲ ਸੰਬੰਧਿਤ ਹਿੰਦੂ ਸਿੱਖ ਸੰਸਦ ਮੈਂਬਰਾਂ ਦਾ ਪੱਖ ਤਾਂ ਸੁਣਿਆ ਨਹੀਂ ਗਿਆ ਪਰ ਸਿੰਧ 'ਚ ਜਬਰੀ ਧਰਮ ਪਰਿਵਰਤਨ ਲਈ ਦੋਸ਼ੀ ਮੌਲਵੀ ਨੂੰ ਬ੍ਰੀਫਿੰਗ ਲਈ ਉਚੇਚਾ ਸੱਦਿਆ ਗਿਆ। ਜਿਨ੍ਹਾਂ ਲਈ ਧਰਾਤਲ ਨਾ ਕੇਵਲ 'ਨਾਗਵਾਰ' ਹੈ, ਸਗੋਂ ਇਸ ਵਿਸ਼ੇ 'ਤੇ ਕਾਨੂੰਨ ਬਣਾਉਣਾ ਇਸਲਾਮ ਅਤੇ ਸ਼ਰੀਅਤ ਦੇ ਵਿਰੁੱਧ ਕਰਾਰ ਦਿੱਤਾ ਗਿਆ। ਹਿੰਦੂਆਂ ਪ੍ਰਤੀ ਅਜਿਹਾ ਨਕਾਰਾਤਮਿਕ ਵਤੀਰਾ ਇਹ ਦੱਸਦਾ ਹੈ ਕਿ ਉਨ੍ਹਾਂ ਲਈ ਘਟ ਗਿਣਤੀਆਂ ਦੀ ਸੁਰੱਖਿਆ ਕੋਈ ਗੰਭੀਰ ਮੁੱਦਾ ਨਹੀਂ ।

ਘਟ ਗਿਣਤੀਆਂ ਦੀ ਸੁਰੱਖਿਆ ਨੂੰ ਲੈ ਕੇ ਇਸੇ ਤਰਾਂ ਦਾ ਬਿੱਲ 2013 ਤੇ 2016 'ਚ ਸੂਬਾ ਸਿੰਧ ਦੀ ਅਸੈਂਬਲੀ 'ਚ ਲਿਆਂਦਾ ਗਿਆ, ਫਿਰ 2019 'ਚ ਤਾਂ ਇਸ ਨੂੰ ਪਾਸ ਤਕ ਕੀਤਾ ਗਿਆ ਪਰ ਤੁਰੰਤ ਬਾਅਦ ਹੀ ਸੂਬਾ ਗਵਰਨਰ ਵੱਲੋਂ ਇਹ ਕਹਿੰਦਿਆਂ ਰੱਦ ਕਰ ਦਿੱਤਾ ਗਿਆ ਕਿ ਇਸਲਾਮ 'ਚ ਧਰਮ ਪਰਵਰਤਨ ਕਰਾਉਣਾ ਗੁਨਾਹ ਨਹੀਂ ਸਗੋਂ ਸਵਾਬ ਭਾਵ ਪੁੰਨ ਦਾ ਕੰਮ ਹੈ । ਧਰਮ ਪਰਿਵਰਤਨ ਲਈ ਜੋ ਧੱਕਾ ਕੀਤਾ ਜਾ ਰਿਹਾ ਹੈ ਉਹ ਇਸਲਾਮ ਦੀ 'ਸੇਵਾ' ਹਨ।

ਸਿੱਖ ਧਰਮ ਵਿੱਚ "ਕੌਰ" ਸਿਰਫ਼ ਇੱਕ ਨਾਮ ਨਹੀਂ, ਸਗੋਂ ਇੱਕ ਆਦਰਸ਼ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਿਰਜਣਾ ਕਰਦਿਆਂ ਸਿੱਖ ਮਹਿਲਾ ਨੂੰ "ਕੌਰ" ਦਾ ਸਨਮਾਨ ਦਿੱਤਾ, ਜੋ ਸਮਾਨਤਾ, ਆਤਮ-ਗੌਰਵ, ਆਜ਼ਾਦੀ ਅਤੇ ਸ਼ਕਤੀ ਦਾ ਪ੍ਰਤੀਕ ਹੈ। ਇਸ ਲਈ ਜਦੋਂ ਕਿਸੇ ਸਿੱਖ ਬੇਟੀ ਦੀ ਪਹਿਚਾਣ ਨੂੰ ਧੋਖੇ, ਦਬਾਅ ਜਾਂ ਜ਼ਬਰ ਰਾਹੀਂ ਬਦਲਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਤਾਂ ਇਹ ਸਿਰਫ਼ ਇੱਕ ਵਿਅਕਤੀ ਦਾ ਮਸਲਾ ਨਹੀਂ ਰਹਿੰਦਾ—ਇਹ ਸਮਾਜਕ ਮਰਿਆਦਾ, ਸਭਿਆਚਾਰਕ ਅਸਤਿਤਵ ਅਤੇ ਧਾਰਮਿਕ ਪਹਿਚਾਣ ਨਾਲ ਜੁੜਿਆ ਮਾਮਲਾ ਬਣ ਜਾਂਦਾ ਹੈ।

ਪਰ "K2K" ਦੀ ਚਰਚਾ ਨੂੰ ਕੇਵਲ ਧਾਰਮਿਕ ਟਕਰਾਅ ਦੇ ਤੌਰ 'ਤੇ ਵੀ ਨਹੀਂ ਦੇਖਣਾ ਚਾਹੀਦਾ। ਜੇ ਕਿਸੇ ਨਾਬਾਲਗ ਜਾਂ ਨੌਜਵਾਨ ਕੁੜੀ ਨੂੰ ਗਰੂਮਿੰਗ, ਧੋਖੇ, ਮਨੋਵਿਗਿਆਨਕ ਦਬਾਅ ਜਾਂ ਬਲੈਕਮੇਲ ਰਾਹੀਂ ਪ੍ਰਭਾਵਿਤ ਕੀਤਾ ਜਾਂਦਾ ਹੈ, ਤਾਂ ਇਹ ਸਿੱਧਾ ਮਹਿਲਾ ਸੁਰੱਖਿਆ ਅਤੇ ਮਨੁੱਖੀ ਅਧਿਕਾਰਾਂ ਦਾ ਮਸਲਾ ਵੀ ਬਣ ਜਾਂਦਾ ਹੈ।

ਸਿੱਖ ਸੰਸਥਾਵਾਂ ਦੁਨੀਆ ਭਰ ਵਿੱਚ ਜਾਗਰੂਕਤਾ ਮੁਹਿੰਮਾਂ, ਕਾਨੂੰਨੀ ਸੁਧਾਰਾਂ ਅਤੇ ਸਮਾਜਕ ਸਿੱਖਿਆ ਪ੍ਰੋਗਰਾਮਾਂ ਦੀ ਮੰਗ ਕਰ ਰਹੀਆਂ ਹਨ। ਮਾਪਿਆਂ ਨੂੰ ਵੀ ਆਪਣੇ ਬੱਚਿਆਂ ਨਾਲ ਖੁੱਲ੍ਹਾ ਸੰਵਾਦ ਬਣਾਉਣਾ ਪਵੇਗਾ ਅਤੇ ਨੌਜਵਾਨ ਪੀੜ੍ਹੀ ਨੂੰ ਆਪਣੇ ਇਤਿਹਾਸ, ਗੁਰਮਤਿ ਅਤੇ ਸਾਂਸਕ੍ਰਿਤਿਕ ਜੜ੍ਹਾਂ ਨਾਲ ਜੋੜਨਾ ਪਵੇਗਾ।

ਸਿੱਖ ਇਤਿਹਾਸ ਸਾਨੂੰ ਅਨਿਆਇ ਦੇ ਵਿਰੁੱਧ ਡਟ ਕੇ ਖੜ੍ਹਨ ਦੀ ਪ੍ਰੇਰਣਾ ਦਿੰਦਾ ਹੈ। ਗੁਰੂ ਤੇਗ਼ ਬਹਾਦਰ ਜੀ ਤੋਂ ਲੈ ਕੇ ਅੱਜ ਤੱਕ ਸਿੱਖ ਪਰੰਪਰਾ ਨੇ ਧਰਮ ਦੀ ਆਜ਼ਾਦੀ ਅਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਅਸਧਾਰਨ ਕੁਰਬਾਨੀਆਂ ਦਿੱਤੀਆਂ ਹਨ। ਇਸ ਲਈ ਅੱਜ ਵੀ ਇਹ ਸਾਡੀ ਨੈਤਿਕ ਜ਼ਿੰਮੇਵਾਰੀ ਹੈ ਕਿ ਜਿੱਥੇ ਵੀ ਕਿਸੇ ਦੀ ਪਹਿਚਾਣ, ਆਜ਼ਾਦੀ ਜਾਂ ਮਰਿਆਦਾ ਨੂੰ ਖ਼ਤਰਾ ਹੋਵੇ, ਉੱਥੇ ਸਚਾਈ ਅਤੇ ਨਿਆਂ ਦੀ ਆਵਾਜ਼ ਬੁਲੰਦ ਕੀਤੀ ਜਾਵੇ।

"ਕੌਰ ਤੋਂ ਖਾਨ" ਦੀ ਚਰਚਾ ਸਾਨੂੰ ਇਹ ਯਾਦ ਦਿਵਾਉਂਦੀ ਹੈ ਕਿ ਮਹਿਲਾ ਦੀ ਆਜ਼ਾਦੀ, ਧਾਰਮਿਕ ਪਹਿਚਾਣ ਅਤੇ ਮਨੁੱਖੀ ਮਰਿਆਦਾ ਕਿਸੇ ਵੀ ਸਭਿਆਚਾਰਕ ਸਮਾਜ ਦੀ ਸਭ ਤੋਂ ਵੱਡੀ ਕਸੌਟੀ ਹੁੰਦੀ ਹੈ।

ਜੇ ਅਸੀਂ ਇਸ ਕਸੌਟੀ 'ਤੇ ਖਰੇ ਉੱਤਰਨਾ ਚਾਹੁੰਦੇ ਹਾਂ ਤਾਂ ਸਮਾਜ, ਰਾਜ ਅਤੇ ਅੰਤਰਰਾਸ਼ਟਰੀ ਭਾਈਚਾਰੇ ਨੂੰ ਮਿਲ ਕੇ ਅਜਿਹੀਆਂ ਪ੍ਰਵਿਰਤੀਆਂ ਦਾ ਡਟ ਕੇ ਮੁਕਾਬਲਾ ਕਰਨਾ ਪਵੇਗਾ।

ਸਵਾਲ ਅਜੇ ਵੀ ਖੜ੍ਹਾ ਹੈ — ਕੀ ਦੁਨੀਆ ਵਿੱਚ ਸਿੱਖ ਬੇਟੀਆਂ ਸੱਚਮੁੱਚ ਸੁਰੱਖਿਅਤ ਹਨ?

ਅਤੇ ਜੇ ਨਹੀਂ, ਤਾਂ ਕੀ ਅਸੀਂ ਇਸ ਚੁਣੌਤੀ ਦਾ ਸਾਹਮਣਾ ਕਰਨ ਲਈ ਤਿਆਰ ਹਾਂ?

**ਸੰਦੀਪ ਕੁਮਾਰ**
7009807121
ਐਮ.ਸੀ.ਏ, ਐਮ.ਏ
ਮਨੋਵਿਗਿਆਨ ਰੂਪਨਗਰ
liberalthinker1621@gmial.com



# ਸੱਤਵਾਂ ਦਰਿਆ - ਭੇਸਧਾਰੀਆਂ ਦਾ....!




**ਸਾਡੀ ਸਭਿਆਚਾਰਕ ਵਿਰਾਸਤ, ਸਾਡੀ ਮਾਂ-ਬੋਲੀ, ਸਾਡੇ ਧਰਮ ਅਤੇ ਸੱਭਿਆਚਾਰ, ਸਭ ਕੁਝ ਇਸ ਨਕਲੀ ਦਿੱਖ ਅਤੇ ਚਰਿੱਤਰਕ ਘਾਟ ਦੇ ਹੇਠਾਂ ਦੱਬਦਾ ਜਾ ਰਿਹਾ ਹੈ। ਪੰਜਾਬ, ਜੋ ਸਦਾ ਹੀ ਧਰਮ, ਬਹਾਦਰੀ ਅਤੇ ਸੱਚਾਈ ਦੀ ਪਛਾਣ ਰਿਹਾ, ਅੱਜ ਇਸ ਸੱਤਵੇਂ ਦਰਿਆ ਦੇ ਵਹਾਅ ਕਾਰਨ ਆਪਣੀ ਪਛਾਣ ਗੁਆਉਂਦਾ ਨਜ਼ਰ ਆ ਰਿਹਾ ਹੈ। ਇਸ ਦਾ ਅਸਰ ਸਿਰਫ਼ ਅੱਜ ਦੀ ਪੀੜ੍ਹੀ 'ਤੇ ਨਹੀਂ, ਸਗੋਂ ਆਉਣ ਵਾਲੀਆਂ ਪੀੜ੍ਹੀਆਂ 'ਤੇ ਵੀ ਪਵੇਗਾ। ਜੇਕਰ ਅਸੀਂ ਹੁਣ ਨਾ ਜਾਗੇ, ਤਾਂ ਕੱਲ੍ਹ ਨੂੰ ਸਾਡੇ ਬੱਚੇ ਇਹਨਾਂ ਭੇਸਧਾਰੀਆਂ ਦੇ ਨਕਲੀ ਸੰਸਾਰ ਨੂੰ ਹੀ ਸੱਚ ਮੰਨ ਲੈਣਗੇ। ਇਸ ਸਮੱਸਿਆ ਦਾ ਹੱਲ ਸਿਰਫ਼ ਸਰਕਾਰ ਜਾਂ ਕਾਨੂੰਨ ਦੇ ਹੱਥ ਵਿੱਚ ਨਹੀਂ ਹੈ। ਸਮਾਜ ਦੇ ਹਰ ਹਿੱਸੇ ਭਾਵ ਸਿੱਖਿਆ ਵਿਭਾਗ, ਧਾਰਮਿਕ ਸੰਸਥਾਵਾਂ, ਪਰਿਵਾਰ ਅਤੇ ਮੀਡੀਆ ਨੂੰ ਮਿਲ ਕੇ ਇਸ ਪ੍ਰਵਿਰਤੀ ਨੂੰ ਰੋਕਣ ਲਈ ਕਦਮ ਚੁੱਕਣੇ ਪੈਣਗੇ।**

ਪੰਜਾਬ, ਪੰਜ ਦਰਿਆਵਾਂ ਦੀ ਧਰਤੀ, ਜਿਸ ਦੀ ਮਿੱਟੀ ਵਿੱਚ ਸਦੀਆਂ ਤੋਂ ਬਹਾਦਰੀ, ਸਾਹਸ ਅਤੇ ਸੱਚਾਈ ਦੀਆਂ ਕਹਾਣੀਆਂ ਸਮਾਈਆਂ ਹੋਈਆਂ ਹਨ। ਇਹ ਉਹ ਧਰਤੀ ਹੈ ਜਿਸ ਨੇ ਮਾਂ ਦੀ ਇੱਜ਼ਤ ਲਈ ਸਿਰ ਕਟਾਉਣ ਵਾਲੇ, ਧਰਮ ਦੀ ਰਾਖੀ ਲਈ ਸਬਕ ਸਿਖਾਉਣ ਵਾਲੇ ਅਤੇ ਦੇਸ਼ ਦੀ ਹਿਫਾਜ਼ਤ ਲਈ ਛਾਤੀ ਤਾਣ ਕੇ ਖੜ੍ਹੇ ਹੋਣ ਵਾਲੇ ਸੂਰਮੇ ਪੈਦਾ ਕੀਤੇ। ਪਰ ਸਮਾਂ ਬਦਲਦਾ ਹੈ ਅਤੇ ਇਸ ਦੇ ਨਾਲ ਹੀ ਸਾਡੀ ਇਹ ਪਵਿੱਤਰ ਧਰਤੀ ਵੀ ਆਪਣੇ ਆਪ ਨੂੰ ਬਦਲਦੇ ਹੋਏ ਮਹਿਸੂਸ ਕਰ ਰਹੀ ਹੈ। ਜਿੱਥੇ ਇੱਕ ਸਮੇਂ ਸਤਲੁਜ, ਬਿਆਸ, ਰਾਵੀ, ਚਨਾਬ ਅਤੇ ਜੇਹਲਮ ਦੇ ਪਾਣੀ ਪੰਜਾਬ ਦੀ ਰੂਹ ਨੂੰ ਸਿੰਜਦੇ ਸਨ, ਉੱਥੇ ਹੀ ਪਿਛਲੇ ਕੁਝ ਦਹਾਕਿਆਂ ਵਿੱਚ ਨਸ਼ਿਆਂ ਦਾ ਛੇਵਾਂ ਦਰਿਆ ਵਗਣ ਲੱਗ ਪਿਆ, ਜਿਸ ਨੇ ਸਾਡੀ ਜਵਾਨੀ ਦੀ ਜੜ੍ਹਾਂ ਨੂੰ ਕਮਜ਼ੋਰ ਕਰ ਦਿੱਤਾ ਅਤੇ ਹੁਣ, ਇਸ ਤੋਂ ਵੀ ਅੱਗੇ, ਇੱਕ ਸੱਤਵਾਂ ਦਰਿਆ ਉੱਭਰ ਆਇਆ ਹੈ- ਭੇਸਧਾਰੀਆਂ ਦਾ ਦਰਿਆ। ਇਹ ਵਿਸ਼ਾ ਕਿਸੇ ਨੂੰ ਠੇਸ ਪਹੁੰਚਾਉਣ ਲਈ ਨਹੀਂ, ਸਗੋਂ ਸਮਾਜ ਦੀ ਬਦਲਦੀ ਤਸਵੀਰ ਅਤੇ ਚਰਿੱਤਰਕ ਪਤਨ ਦੀ ਦਰਦਨਾਕ ਹਕੀਕਤ ਨੂੰ ਉਜਾਗਰ ਕਰਨ ਲਈ ਲਿਖਿਆ ਗਿਆ ਹੈ।

ਇੱਕ ਸਮਾਂ ਸੀ ਜਦੋਂ ਪੰਜਾਬ ਦਾ ਨੌਜਵਾਨ ਆਪਣੀ ਮਾਂ ਦੀ ਇੱਜਤ ਦੀ ਲਾਜ ਰੱਖਣ ਲਈ ਬਾਜ਼ਾਂ ਵਾਂਗ ਉੱਡਦਾ ਸੀ। ਉਸ ਦੇ ਅੰਦਰ ਇੱਕ ਅਜਿਹੀ ਤਾਕਤ ਸੀ, ਜੋ ਨਾ ਸਿਰਫ਼ ਆਪਣੇ ਘਰ-ਪਰਿਵਾਰ, ਸਗੋਂ ਪੂਰੇ ਦੇਸ਼ ਦੀ ਸੁਰੱਖਿਆ ਲਈ ਖੜ੍ਹੀ ਹੋ ਜਾਂਦੀ ਸੀ। ਪਰ ਅੱਜ ਦਾ ਨੌਜਵਾਨ ਇੱਕ ਅਜਿਹੀ ਦਿਸ਼ਾ ਵੱਲ ਲਿਜਾਇਆ ਜਾ ਰਿਹਾ ਹੈ, ਜਿੱਥੇ ਉਹ ਨਾ ਤਾਂ ਆਪਣੀ ਪੁਰਾਣੀ ਪਛਾਣ ਨੂੰ ਬਰਕਰਾਰ ਰੱਖ ਸਕਿਆ ਹੈ ਅਤੇ ਨਾ ਹੀ ਕੋਈ ਨਵੀਂ ਪਛਾਣ ਨੂੰ ਸਥਾਪਤ ਕਰ ਸਕਿਆ ਹੈ। ਸਮਾਜ ਵਿੱਚ ਅਜਿਹੀ ਨੌਜਵਾਨੀ ਵਧਦੀ ਜਾ ਰਹੀ ਹੈ, ਜੋ ਨਾ ਮੁੰਡਾ ਰਿਹਾ ਅਤੇ ਨਾ ਹੀ ਕੁੜੀ। ਸੋਸ਼ਲ ਮੀਡੀਆ ਦੇ ਦੌਰ ਵਿੱਚ ਇਹ ਨੌਜਵਾਨ ਆਪਣੇ ਆਪ ਨੂੰ "ਮਿਡ-ਕਰੈਕਟਰ" ਦੇ ਰੂਪ ਵਿੱਚ ਪੇਸ਼ ਕਰ ਰਹੇ ਹਨ ਭਾਵ ਨਾ ਤਾਂ ਉਹ ਪੁਰਸ਼ੀ ਗੁਣਾਂ ਦੀ ਪਛਾਣ ਰੱਖਦੇ ਹਨ ਅਤੇ ਨਾ ਹੀ ਇਸਤਰੀ ਸੰਵੇਦਨਾਵਾਂ ਦੇ ਮਾਪਦੰਡਾਂ 'ਤੇ ਖਰੇ ਉਤਰਦੇ ਹਨ। ਸਰੀਰਕ ਤੌਰ 'ਤੇ ਪੂਰੀ ਤਰ੍ਹਾਂ ਸੰਪੂਰਨ ਹੋਣ ਦੇ ਬਾਵਜੂਦ, ਉਹ ਆਪਣੇ ਆਪ ਨੂੰ ਕਿਸੇ ਹੋਰ ਰੂਪ ਵਿੱਚ ਪੇਸ਼ ਕਰਨ ਦੀ ਕੋਸ਼ਿਸ਼ ਕਰ ਰਹੇ ਹਨ, ਜੋ ਸਮਾਜ ਲਈ ਇੱਕ ਗੰਭੀਰ ਚਿੰਤਾ ਦਾ ਵਿਸ਼ਾ ਬਣ ਗਿਆ ਹੈ।

ਇੱਥੇ ਇਹ ਸਮਝਣਾ ਜ਼ਰੂਰੀ ਹੈ ਕਿ ਜੇਕਰ ਕੋਈ ਵਿਅਕਤੀ ਪ੍ਰਕਿਰਤੀ ਦੇ ਨਿਯਮਾਂ ਅਨੁਸਾਰ ਜਨਮ ਤੋਂ ਹੀ ਦੂਜੇ ਲਿੰਗ ਦੇ ਲੱਛਣਾਂ ਨਾਲ ਪੈਦਾ ਹੁੰਦਾ ਹੈ, ਤਾਂ ਇਹ ਇੱਕ ਅਲੱਗ ਮਾਮਲਾ ਹੈ। ਅਜਿਹੇ ਲੋਕਾਂ ਦੀ ਜ਼ਿੰਦਗੀ ਹਰ ਪਲ ਇੱਕ ਸੰਘਰਸ਼ ਹੁੰਦੀ ਹੈ। ਉਨ੍ਹਾਂ ਦੀਆਂ ਮੁਸ਼ਕਿਲਾਂ, ਸਮਾਜਕ ਦਬਾਅ ਅਤੇ ਅੰਦਰੂਨੀ ਤਣਾਅ ਨੂੰ ਸਮਝਣ ਦੀ ਲੋੜ ਹੈ। ਉਨ੍ਹਾਂ ਨੂੰ ਇੱਜ਼ਤ ਅਤੇ ਹਮਦਰਦੀ ਦੀ ਨਜ਼ਰ ਨਾਲ ਦੇਖਣਾ ਸਾਡਾ ਫ਼ਰਜ਼ ਹੈ। ਪਰ ਜੋ ਲੋਕ ਸਰੀਰਕ ਤੌਰ 'ਤੇ ਬਿਲਕੁਲ ਠੀਕ ਹਨ ਅਤੇ ਸਿਰਫ਼ ਪੈਸੇ, ਮਸ਼ਹੂਰੀ ਜਾਂ ਸੋਸ਼ਲ ਮੀਡੀਆ 'ਤੇ ਧਿਆਨ ਖਿੱਚਣ ਦੇ ਲਾਲਚ ਵਿੱਚ ਆਪਣੇ ਆਪ ਨੂੰ "ਮਿਡ-ਕਰੈਕਟਰ " ਦੇ ਰੂਪ ਵਿੱਚ ਪੇਸ਼ ਕਰਦੇ ਹਨ, ਉਹ ਇੱਕ ਅਜਿਹੀ ਖੇਡ ਖੇਡ ਰਹੇ ਹਨ, ਜੋ ਸਮਾਜ ਦੀਆਂ ਨੀਹਾਂ ਨੂੰ ਹਿਲਾ ਰਹੀ ਹੈ। ਇਸ ਸਾਰੇ ਮਾਮਲੇ ਦੀ ਜੜ੍ਹ ਪੈਸੇ ਅਤੇ ਪ੍ਰਸਿੱਧੀ ਦੀ ਭੁੱਖ ਹੈ। ਸੋਸ਼ਲ ਮੀਡੀਆ ਨੇ ਇੱਕ ਅਜਿਹਾ ਪਲੇਟਫਾਰਮ ਮੁਹੱਈਆ ਕਰਵਾ ਦਿੱਤਾ ਹੈ, ਜਿੱਥੇ ਇਨਸਾਨ ਆਪਣੇ ਅਸਲੀ ਰੂਪ ਨੂੰ ਤਿਆਗ ਕੇ ਇੱਕ ਨਕਲੀ ਸ਼ਖਸੀਅਤ ਬਣਾ ਸਕਦਾ ਹੈ। ਅੱਜ ਦੇ ਦੌਰ ਵਿੱਚ ਕੁੜੀਆਂ ਮੁੰਡਿਆਂ ਵਾਲੀ ਜ਼ਿੰਦਗੀ ਜੀ ਰਹੀਆਂ ਹਨ ਅਤੇ ਮੁੰਡੇ ਕੁੜੀਆਂ ਵਾਲੀ। ਉਨ੍ਹਾਂ ਦੀਆਂ ਰੀਲਾਂ, ਉਨ੍ਹਾਂ ਦੇ ਭੇਸ, ਉਨ੍ਹਾਂ ਦੀਆਂ ਗੱਲਾਂ, ਸਭ ਕੁਝ ਚਰਿੱਤਰ ਦੀਆਂ ਸੀਮਾਵਾਂ ਤੋਂ ਪਰੇ ਜਾ ਚੁੱਕਾ ਹੈ। ਸਭ ਤੋਂ ਦੁਖਦਾਈ ਗੱਲ ਇਹ ਹੈ ਕਿ ਅਜਿਹੇ ਚਰਿੱਤਰ ਦੇ ਲੋਕ ਸਿਰਫ ਫੇਮ, ਪੈਸੇ ਦੀ ਲਾਲਸਾ ਅਤੇ ਆਪਣੇ ਆਪਣੇ ਨੂੰ ਸਮਾਜ ਤੋਂ ਅਲੱਗ ਦਿਖਾਉਣ ਦੇ ਇਸ ਟਰੈਂਡ ਦੇ ਪਿੱਛੇ ਭੱਜ ਰਹੇ ਹਨ। ਅਜਿਹੇ ਚਰਿੱਤਰ ਦੇ ਮਾਲਕ ਲੋਕਾਂ ਨੂੰ ਇਸ ਗੱਲ ਦਾ ਵੀ ਕੋਈ ਅਸਰ ਨਹੀਂ ਹੁੰਦਾ ਕਿ ਸਮਾਜ ਵਿੱਚ ਇਹਨਾਂ ਦੇ ਇਸ ਵਰਤਾਰੇ ਕਰਕੇ ਲੋਕ ਇਹਨਾਂ ਨੂੰ ਟੈਂਪੂ, ਸਟੂਲਾ, ਮਿੱਠਾ ਅਤੇ ਕਈ ਹੋਰ ਅਜਿਹੀ ਭੱਦੀ ਸ਼ਬਦਾਬਲੀ ਵਾਲੇ ਨਾਵਾਂ ਦੀ ਵਰਤੋਂ ਕਰਦੇ ਹੋਏ ਤੰਜ ਕੱਸਦੇ ਹਨ।

ਇਹ ਟਰੈਂਡ ਤੇਜ਼ੀ ਨਾਲ ਫੈਲ ਰਿਹਾ ਹੈ ਅਤੇ ਨੌਜਵਾਨ ਆਪਣੀ ਅਸਲੀ ਪਛਾਣ ਨੂੰ ਭੁੱਲਦੇ ਜਾ ਰਹੇ ਹਨ। ਉਹ "ਭੇਸਧਾਰੀ ਸੰਸਕ੍ਰਿਤੀ" ਲਾਲਸਾ ਦੇ ਜਾਲ ਵਿੱਚ ਫਸ ਰਹੇ ਹਨ, ਜਿੱਥੇ ਉਨ੍ਹਾਂ ਦਾ ਇੱਕੋ-ਇੱਕ ਟੀਚਾ "ਲਾਈਕਸ" ਅਤੇ "ਫਾਲੋਅਰਜ਼" ਬਣ ਗਿਆ ਹੈ। ਜਿਹੜੇ ਨੌਜਵਾਨ ਆਉਣ ਵਾਲੀ ਪੀੜ੍ਹੀ ਲਈ ਮਿਸਾਲ ਬਣਨੇ ਸਨ, ਉਹ ਅੱਜ ਆਪਣੇ ਆਪ ਵਿੱਚ ਇੱਕ ਤਮਾਸ਼ਾ ਬਣ ਗਏ ਹਨ। ਉਹ ਸੋਚਦੇ ਹਨ ਕਿ ਉਹ "ਟ੍ਰੈਂਡਿੰਗ" ਵਿੱਚ ਹਨ, ਪਰ ਅਸਲ ਵਿੱਚ ਉਨ੍ਹਾਂ ਦੀ ਚਰਿੱਤਰਕ ਮੌਤ ਹੋ ਚੁੱਕੀ ਹੈ। ਸਮਾਜ ਵਿੱਚ ਜਦੋਂ ਅਜਿਹੇ ਲੋਕਾਂ ਨੂੰ ਵਿਸ਼ੇਸ਼ ਮਹਿਮਾਨ ਵਜੋਂ ਸੱਦਿਆ ਜਾਂਦਾ ਹੈ, ਤਾਂ ਸਵਾਲ ਉੱਠਦਾ ਹੈ, ਕਿਸ ਅਧਾਰ 'ਤੇ? ਕੀ ਆਪਣੇ ਚਰਿੱਤਰ ਨਾਲ ਸਮਝੌਤਾ ਕਰਨਾ ਅਤੇ ਆਤਮਾ ਨੂੰ ਮਾਰ ਕੇ "ਲਾਈਕਸ" ਇਕੱਠੇ ਕਰਨਾ ਹੁਣ ਸਮਾਜ ਵਿੱਚ ਇੱਜ਼ਤ ਦਾ ਮਾਪਦੰਡ ਬਣ ਗਿਆ ਹੈ? ਜੇਕਰ ਅਜਿਹਾ ਹੀ ਚੱਲਦਾ ਰਿਹਾ, ਤਾਂ ਅਸੀਂ ਆਪਣੀ ਅਗਲੀ ਪੀੜ੍ਹੀ ਲਈ ਕਿਹੋ ਜਿਹੀ ਮਿਸਾਲ ਛੱਡਾਂਗੇ? ਇਸ ਦੇ ਨਾਲ ਹੀ ਇੱਕ ਹੋਰ ਖ਼ਤਰਨਾਕ ਰੁਝਾਨ ਵੀ ਸਾਹਮਣੇ ਆ ਰਿਹਾ ਹੈ। ਮੁੰਡੇ ਆਪਸ ਵਿੱਚ ਰਿਸ਼ਤੇ ਬਣਾ ਰਹੇ ਹਨ ਅਤੇ ਕੁੜੀਆਂ, ਕੁੜੀਆਂ ਨਾਲ ਵਿਆਹ ਦੀ ਗੱਲ ਕਰ ਰਹੀਆਂ ਹਨ। ਇਹ ਸਿਰਫ਼ ਨੈਤਿਕ ਮੁੱਲਾਂ ਦੀ ਉਲੰਘਣਾ ਹੀ ਨਹੀਂ, ਸਗੋਂ ਸਮਾਜਕ ਸੰਸਕਾਰਾਂ ਦੀ ਤੌਹੀਨ ਵੀ ਹੈ। ਇਹ ਪ੍ਰਵਿਰਤੀ ਸਾਡੀ ਸਭਿਆਚਾਰਕ ਜੜ੍ਹਾਂ ਨੂੰ ਕਮਜ਼ੋਰ ਕਰ ਰਹੀ ਹੈ। ਜੇਕਰ ਅਸੀਂ ਅੱਜ ਚੁੱਪ ਰਹੇ, ਤਾਂ ਕੱਲ੍ਹ ਨੂੰ ਇਹੀ ਲੋਕ ਸਮਾਜ ਨੂੰ ਰਾਹ ਦਿਖਾਉਣ ਵਾਲੇ ਬਣ ਜਾਣਗੇ। ਫਿਰ ਅਸੀਂ ਆਪਣੇ ਬੱਚਿਆਂ ਨੂੰ ਸੱਚ ਅਤੇ ਝੂਠ ਦੀ ਪਛਾਣ ਕਿਵੇਂ ਸਿਖਾਵਾਂਗੇ? ਅਜਿਹੇ ਸਮੇਂ ਵਿੱਚ ਸਾਨੂੰ ਆਪਣੀ ਜ਼ਿੰਮੇਵਾਰੀ ਸਮਝਣ ਦੀ ਲੋੜ ਹੈ।

ਇਹ ਸੱਤਵਾਂ ਦਰਿਆ- ਭੇਸਧਾਰੀਆਂ ਦਾ ਦਰਿਆ, ਨਸ਼ਿਆਂ ਦੇ ਦਰਿਆ ਤੋਂ ਵੀ ਜ਼ਿਆਦਾ ਖ਼ਤਰਨਾਕ ਹੈ। ਨਸ਼ੇ ਸਰੀਰ ਨੂੰ ਖੋਖਲਾ ਕਰਦੇ ਹਨ, ਪਰ ਇਹ ਭੇਸਧਾਰੀ ਸੰਸਕ੍ਰਿਤੀ, ਮਨ, ਚਰਿੱਤਰ ਅਤੇ ਆਤਮਾ ਨੂੰ ਤਬਾਹ ਕਰ ਰਹੀ ਹੈ। ਜੋ ਲੋਕ ਸੋਸ਼ਲ ਮੀਡੀਆ 'ਤੇ ਆਪਣੇ ਆਪ ਨੂੰ ਦਇਆ ਦੇ ਪਾਤਰ ਬਣਾ ਕੇ ਮਸ਼ਹੂਰੀ ਹਾਸਲ ਕਰਦੇ ਹਨ, ਉਹ ਉਨ੍ਹਾਂ ਸੱਚੇ ਲੋਕਾਂ ਦੀ ਬੇਇੱਜ਼ਤੀ ਕਰ ਰਹੇ ਹਨ, ਜੋ ਪ੍ਰਕਿਰਤੀ ਦੇ ਭਾਣੇ ਅਨੁਸਾਰ ਅਜਿਹੇ ਰੂਪ ਵਿੱਚ ਜਨਮ ਲੈਂਦੇ ਹਨ ਅਤੇ ਆਪਣੀ ਜ਼ਿੰਦਗੀ ਨੂੰ ਇੱਜ਼ਤ ਨਾਲ ਜੀਉਂਦੇ ਹਨ। ਇਹ ਉਨ੍ਹਾਂ ਲਈ ਇੱਕ ਤੰਜ ਬਣ ਜਾਂਦਾ ਹੈ, ਜਿਨ੍ਹਾਂ ਨੇ ਸਮਾਜਕ ਤਾਣੇ-ਬਾਣੇ ਵਿੱਚ ਰਹਿੰਦਿਆਂ ਆਪਣੀ ਲੜਾਈ ਲੜੀ। ਸਾਡੀ ਸਭਿਆਚਾਰਕ ਵਿਰਾਸਤ, ਸਾਡੀ ਮਾਂ-ਬੋਲੀ, ਸਾਡੇ ਧਰਮ ਅਤੇ ਸੱਭਿਆਚਾਰ, ਸਭ ਕੁਝ ਇਸ ਨਕਲੀ ਦਿੱਖ ਅਤੇ ਚਰਿੱਤਰਕ ਘਾਟ ਦੇ ਹੇਠਾਂ ਦੱਬਦਾ ਜਾ ਰਿਹਾ ਹੈ। ਪੰਜਾਬ, ਜੋ ਸਦਾ ਹੀ ਧਰਮ, ਬਹਾਦਰੀ ਅਤੇ ਸੱਚਾਈ ਦੀ ਪਛਾਣ ਰਿਹਾ, ਅੱਜ ਇਸ ਸੱਤਵੇਂ ਦਰਿਆ ਦੇ ਵਹਾਅ ਕਾਰਨ ਆਪਣੀ ਪਛਾਣ ਗੁਆਉਂਦਾ ਨਜ਼ਰ ਆ ਰਿਹਾ ਹੈ। ਇਸ ਦਾ ਅਸਰ ਸਿਰਫ਼ ਅੱਜ ਦੀ ਪੀੜ੍ਹੀ 'ਤੇ ਨਹੀਂ, ਸਗੋਂ ਆਉਣ ਵਾਲੀਆਂ ਪੀੜ੍ਹੀਆਂ 'ਤੇ ਵੀ ਪਵੇਗਾ। ਜੇਕਰ ਅਸੀਂ ਹੁਣ ਨਾ ਜਾਗੇ, ਤਾਂ ਕੱਲ੍ਹ ਨੂੰ ਸਾਡੇ ਬੱਚੇ ਇਹਨਾਂ ਭੇਸਧਾਰੀਆਂ ਦੇ ਨਕਲੀ ਸੰਸਾਰ ਨੂੰ ਹੀ ਸੱਚ ਮੰਨ ਲੈਣਗੇ।

ਇਸ ਸਮੱਸਿਆ ਦਾ ਹੱਲ ਸਿਰਫ਼ ਸਰਕਾਰ ਜਾਂ ਕਾਨੂੰਨ ਦੇ ਹੱਥ ਵਿੱਚ ਨਹੀਂ ਹੈ। ਸਮਾਜ ਦੇ ਹਰ ਹਿੱਸੇ ਭਾਵ ਸਿੱਖਿਆ ਵਿਭਾਗ, ਧਾਰਮਿਕ ਸੰਸਥਾਵਾਂ, ਪਰਿਵਾਰ ਅਤੇ ਮੀਡੀਆ ਨੂੰ ਮਿਲ ਕੇ ਇਸ ਪ੍ਰਵਿਰਤੀ ਨੂੰ ਰੋਕਣ ਲਈ ਕਦਮ ਚੁੱਕਣੇ ਪੈਣਗੇ। ਸਿੱਖਿਆ ਰਾਹੀਂ ਨੌਜਵਾਨਾਂ ਨੂੰ ਆਪਣੀ ਅਸਲੀ ਪਛਾਣ ਦੀ ਕੀਮਤ ਸਮਝਾਉਣ ਦੀ ਲੋੜ ਹੈ। ਧਾਰਮਿਕ ਸਥਾਨਾਂ 'ਤੇ ਚਰਿੱਤਰ ਅਤੇ ਨੈਤਿਕਤਾ ਦੀ ਸਿੱਖਿਆ ਦਿੱਤੀ ਜਾਣੀ ਚਾਹੀਦੀ ਹੈ। ਪਰਿਵਾਰਾਂ ਨੂੰ ਆਪਣੇ ਬੱਚਿਆਂ ਨਾਲ ਖੁੱਲ੍ਹ ਕੇ ਗੱਲ ਕਰਨੀ ਪਵੇਗੀ, ਤਾਂ ਜੋ ਉਹ ਸੋਸ਼ਲ ਮੀਡੀਆ ਦੇ ਇਸ ਭੰਵਰ ਵਿੱਚ ਨਾ ਫਸਣ ਅਤੇ ਮੀਡੀਆ ਨੂੰ ਚਾਹੀਦਾ ਹੈ ਕਿ ਉਹ ਅਜਿਹੇ ਲੋਕਾਂ ਨੂੰ ਮਹਿਮਾਨ ਬਣਾਉਣ ਦੀ ਬਜਾਏ ਸਮਾਜ ਦੇ ਅਸਲੀ ਨਾਇਕਾਂ ਨੂੰ ਅੱਗੇ ਲਿਆਵੇ।

ਸਮਾਪਤੀ ਵਜੋਂ ਇਹੀ ਕਹਿਣਾ ਚਾਹਾਂਗਾ ਕਿ ਮਸ਼ਹੂਰੀ ਦੇ ਨਸ਼ੇ ਅਤੇ ਪੈਸੇ ਦੀ ਲਾਲਸਾ ਵਿੱਚ ਅਸੀਂ ਆਪਣਾ ਚਰਿੱਤਰ ਗੁਆ ਬੈਠੇ, ਤਾਂ ਸਾਡੇ ਕੋਲ ਬਚੀ-ਖੁਚੀ ਇੱਜ਼ਤ ਵੀ ਨਹੀਂ ਰਹੇਗੀ। ਇਹ " ਭੇਸਧਾਰੀਆਂ ਦਾ ਦਰਿਆ "ਅਜੇ ਵੀ ਰੁਕ ਸਕਦਾ ਹੈ, ਬਸ਼ਰਤੇ ਅਸੀਂ ਹੌਂਸਲਾ, ਸੱਚ ਦੀ ਪਛਾਣ ਅਤੇ ਸਮਝਦਾਰੀ ਨਾਲ ਕੰਮ ਲਈਏ। ਪੰਜਾਬ ਦੀ ਆਪਣੀ ਪੁਰਾਣੀ ਸ਼ਾਨ ਵਾਪਸ ਲਿਆਉਣ ਲਈ ਸਾਨੂੰ ਸਾਰਿਆਂ ਨੂੰ ਇਕੱਠੇ ਹੋਣਾ ਪਵੇਗਾ, ਨਹੀਂ ਤਾਂ ਇਹ ਸੱਤਵਾਂ ਦਰਿਆ ਸਾਡੀ ਸਭਿਆਚਾਰਕ ਵਿਰਾਸਤ ਨੂੰ ਬਹਾ ਕੇ ਲੈ ਜਾਵੇਗਾ।


* * * * * * *

ਲੜੀਵਾਰ ਨਾਵਲ
ਸ਼ਿਵਚਰਨ ਜੱਗੀ (ਕੁੱਸਾ)

ਫੋਨ : 07853 317 891
Email: jaggikussa@yahoo.de

**ਲੜੀ ਜੋੜਨ ਲਈ ਪਿਛਲਾ ਅੰਕ ਦੇਖੋ**
**ਕਿਸ਼ਤ 64**

# ਇੱਕ ਮੇਰੀ ਅੱਖ ਕਾਸ਼ਣੀ...




**ਪੂਰੇ ਨੌਂ ਮਹੀਨੇ ਬਾਅਦ ਅਮਨ ਨੇ ਇੱਕ ਸੋਹਣੀ ਸੁਣੱਖੀ ਬੱਚੀ ਨੂੰ ਜਨਮ ਦਿੱਤਾ। ਇਹ ਅਮਨ ਦਾ ਇੱਕ ਤਰ੍ਹਾਂ ਨਾਲ਼ 'ਦੂਸਰਾ ਜਨਮ' ਸੀ। ਉਹ ਪੂਰੇ ਚੌਦਾਂ ਘੰਟੇ ਘੁਲ਼ਦੀ ਰਹੀ, ਤਾਂ ਜਾ ਕੇ ਬੇਟੀ ਨੇ ਜਨਮ ਲਿਆ ਸੀ। ਜਦ ਇੱਕ ਨਰਸ ਨੇ ਲਿਆ ਕੇ ਬੱਚੀ ਉਸ ਦੀ ਗੋਦ ਵਿੱਚ ਰੱਖੀ ਤਾਂ ਬੱਚੀ ਨੂੰ ਤੱਕ ਕੇ ਅਮਨ ਦੇ ਮਨ ਵਿੱਚ ਇੱਕ ਖ਼ੁਸ਼ੀ, ਇੱਕ ਖੇੜਾ ਪਸਰ ਗਿਆ। ਨੰਨ੍ਹੀ ਬੱਚੀ ਬਿਲਕੁਲ ਅਮਨ ਵਰਗੀ ਸੀ। ਹੁਣ ਇਕੱਲੀ ਅਮਨ ਨੂੰ ਜਿਉਣ ਦਾ ਇੱਕ 'ਮਕਸਦ' ਮਿਲ਼ ਗਿਆ ਸੀ। ਹੁਣ ਸਾਰੀ ਦੁਨੀਆਂ ਨੂੰ ਜਾਣਦੀ ਸੀ ਉਸ ਦੀ 'ਜੁੱਤੀ'।**
**ਅਮਨ ਅਜੇ ਹਸਪਤਾਲ਼ ਹੀ ਸੀ।**

## ਕਾਂਡ 27

ਅਮਨ ਦੁਖੀ ਹੋ ਜਾਂਦੀ ਕਿ ਅਜੇ ਕੱਲ੍ਹ ਦੀ ਜੁਆਕੜੀ ਐ, ਇਹਦੀ ਕੋਈ ਦਾਰੂ ਪੀਣ ਦੀ ਉਮਰ ਐ...? ਪਰ ਉਹ ਚੁੱਪ ਰਹਿੰਦੀ। ...ਜਦੋਂ ਇਹਦੇ ਮਾਂ ਪਿਉ ਨੀ ਰੋਕਦੇ, ਮੈਂ ਕਿਉਂ 'ਹੱਫੀ' ਬਣਾਂ...? ਮੇਰੀ ਕੀਤੀ ਗੱਲ ਤਾਂ 'ਪੁੱਠੀ' ਹੀ ਪੈਣੀ ਸੀ...। ਇਹਦੇ ਮਾਂ ਬਾਪ ਇਹ ਵੀ ਕਹਿ ਸਕਦੇ ਨੇ ਕਿ ਸਾਡੀ ਧੀ ਐ, ਜੋ ਚਾਹੇ ਕਰੇ, ਤੈਨੂੰ ਕੀ ਤਕਲੀਫ਼ ਐ...? ਇਹ ਗੱਲਾਂ ਸੋਚ ਕੇ ਉਹ ਚੁੱਪ ਹੀ ਰਹਿੰਦੀ। "ਇੱਕ ਚੁੱਪ ਸੌ ਸੁੱਖ" ਵਾਲ਼ੀ ਕਹਾਵਤ ਉਸ ਨੇ ਲੜ ਬੰਨ੍ਹੀਂ ਹੋਈ ਸੀ।

ਇੱਕ ਦਿਨ ਪੀਤੀ ਦਾਰੂ ਵਿੱਚ ਵੈਸੇ ਹੀ ਮਿੱਲੀ ਦੇ ਮੂੰਹੋਂ ਨਿਕਲ਼ ਗਿਆ, "ਪਾਬੀ ਜੀ, ਥਾਨੂੰ ਨਹੀਂ ਪਤਾ ਕਿ ਰੌਨੀਂ ਦੀ ਇੱਕ 'ਗਰਲ ਫ਼ਰਿੰਡ' ਉਆ...। ਉਹ ਤਾਂ ਉਸ ਨਾਲ਼ ਯੂਰਪ ਵੀ ਜਾਂਦਾ ਰਹਿੰਦਾ ਸੀ...। ਇਸੇ ਲਈ ਤਾਂ ਰੌਨੀਂ ਦਾ ਪਹਿਲੀ 'ਪਾਬੀ' ਨਾਲ਼ 'ਡਾਇਵੋਰਸ' ਹੋਇਆ ਸੀ...। ਤੈਨੂੰ ਨੀ ਪਤਾ...?" ਸ਼ਰਾਬ ਦੇ ਨਸ਼ੇ ਵਿੱਚ ਮਿੱਲੀ ਭੋਲ਼ੇ ਭਾਅ ਹੀ ਗੱਲ ਕਰ ਗਈ ਸੀ। ਵੈਸੇ ਉਸ ਨੇ ਕੁਛ 'ਲਾ ਕੇ' ਨਹੀਂ ਆਖਿਆ ਸੀ। ਸੁਤੇ ਸਹਿਜ ਹੀ ਉਸ ਦੇ ਮੂੰਹੋਂ ਨਿਕਲ਼ ਗਿਆ ਸੀ। ਅਮਨ ਦਾ ਸਰੀਰ ਜਰਖਲਿਆ ਗਿਆ ਸੀ। ਉਸ ਨੂੰ ਕੋਈ ਆਸ ਉਮੀਦ ਨਹੀਂ ਸੀ ਕਿ ਇਤਨਾ ਵੱਡਾ 'ਰਹੱਸ' ਉਸ ਕੋਲ਼ੋਂ ਛੁਪਾ ਕੇ ਰੱਖਿਆ ਜਾਵੇਗਾ...? ਪਰ ਇਹ ਰਹੱਸ ਉਸ ਤੋਂ ਛੁਪਾ ਕੇ 'ਕਿਉਂ' ਰੱਖਿਆ ਗਿਆ...? ਇਸ ਨਾਲ਼ ਪ੍ਰੀਵਾਰ ਨੂੰ ਕੀ 'ਫ਼ਾਇਦਾ' ਸੀ...? ਉਸ ਦੇ ਦਿਮਾਗ ਵਿੱਚ ਸੋਚਾਂ ਦਾ 'ਘਮਸਾਣ' ਛਿੜਿਆ ਹੋਇਆ ਸੀ। ਜੇ ਰੌਨੀਂ ਕੋਲ਼ ਕੋਈ ਮਿੱਤਰ ਕੁੜੀ ਸੀ, ਤਾਂ ਪ੍ਰੀਵਾਰ ਨੇ ਉਸ ਦੀ ਸ਼ਾਦੀ ਕਿਉਂ ਕੀਤੀ...? ਮੇਰੀ ਜ਼ਿੰਦਗੀ ਕਿਉਂ ਉਜਾੜੀ...? ਮੇਰੀਆਂ ਭਾਵਨਾਵਾਂ ਦਾ 'ਘਾਣ' ਕਿਉਂ ਕੀਤਾ...? ਇਹ ਹਰਾਮਜ਼ਾਦਾ ਨਾਲ਼ੇ ਆਪਣੀ 'ਗਰਲ ਫ਼ਰਿੰਡ' ਨਾਲ਼ ਐਸ਼ਾਂ ਕਰਦਾ ਫ਼ਿਰਦੈ, ਤੇ ਨਾਲ਼ੇ ਮੈਨੂੰ ਵੀ 'ਪ੍ਰੈਗਨੈਂਟ' ਕਰ ਮਾਰਿਆ...? ਮੇਰਾ, ਅਤੇ ਹੋਣ ਵਾਲ਼ੇ ਇਸ ਬੱਚੇ ਦਾ ਤਾਂ ਕੋਈ 'ਭਵਿੱਖ' ਨਾ ਹੋਇਆ...? ਇਸੇ ਲਈ ਹਫ਼ਤਾ-ਹਫ਼ਤਾ ਘਰ ਨੀ ਸੀ ਵੜਦਾ, ਆਪਦੀ 'ਗਰਲ ਫ਼ਰਿੰਡ' ਨਾਲ਼ ਯੂਰਪ ਦੇ ਦੇਸ਼ਾਂ ਵਿੱਚ 'ਖੇਹ' ਜਿਉਂ ਖਾਣੀ ਸੀ। ਉਸ ਦਾ ਦਿਮਾਗ 'ਗਧੀਗੇੜ' ਵਿੱਚ ਪਿਆ ਹੋਇਆ ਸੀ।

ਉਸ ਨੇ ਇਹ ਗੱਲ ਸੋਨੀ ਬਾਂਸਲ ਨਾਲ਼ 'ਸਾਂਝੀ' ਕੀਤੀ।

-"ਅਮਨ, ਕੋਈ ਗੱਲ ਕਰਨ ਦਾ ਕੋਈ ਸਮਾਂ ਹੁੰਦੈ...! ਹੁਣ ਕੁਛ ਨਾ ਬੋਲੀਂ, ਬੱਸ ਬੱਚਾ ਹੋਣ ਤੱਕ ਉਡੀਕ ਕਰ..! ਬੱਚਾ ਹੋਣ ਤੋਂ ਬਾਅਦ ਸਾਰੇ ਪ੍ਰੀਵਾਰ ਦਾ ਵਰਤਾਓ ਤੇ ਵਿਵਹਾਰ ਦੇਖਾਂਗੇ, ਹੁਣ ਕੁਛ ਨੀ ਬੋਲਣਾ..! ਹੁਣ ਬੋਲ ਕੇ ਤੈਨੂੰ ਕੋਈ ਫ਼ਾਇਦਾ ਨਹੀਂ ਹੋਣਾ..! ਲਿਆਕਤੀ ਬੰਦਾ ਓਹੀ ਹੁੰਦੈ, ਜੋ ਵਕਤ ਨੂੰ ਵਿਚਾਰ ਕੇ ਤੁਰੇ...!" ਸੋਨੀ ਦੀ ਦਿੱਤੀ ਮੱਤ ਕਾਰਨ ਅਮਨ ਫ਼ਿਰ ਦਿਲ ਧਰ ਗਈ।

ਹੁਣ ਉਸ ਨੇ ਵੀ ਰੌਨੀਂ ਵੱਲ ਧਿਆਨ ਦੇਣਾ ਬੰਦ ਕਰ ਦਿੱਤਾ ਅਤੇ ਆਪਣੇ 'ਨਸੀਬ' ਨਾਲ਼ ਸਿੱਧੀ ਹੋਈ ਗਈ। ...ਜੋ ਜੋ ਕਰਮਾਂ 'ਚ ਲਿਖਿਐ, ਉਹੀ ਮਿਲ਼ਣੈ, ਤੇ ਓਹੀ ਹੋ ਕੇ ਰਹਿਣੈ...!

## ਕਾਂਡ 28

ਪੂਰੇ ਨੌਂ ਮਹੀਨੇ ਬਾਅਦ ਅਮਨ ਨੇ ਇੱਕ ਸੋਹਣੀ ਸੁਣੱਖੀ ਬੱਚੀ ਨੂੰ ਜਨਮ ਦਿੱਤਾ। ਇਹ ਅਮਨ ਦਾ ਇੱਕ ਤਰ੍ਹਾਂ ਨਾਲ਼ 'ਦੂਸਰਾ ਜਨਮ' ਸੀ। ਉਹ ਪੂਰੇ ਚੌਦਾਂ ਘੰਟੇ ਘੁਲ਼ਦੀ ਰਹੀ, ਤਾਂ ਜਾ ਕੇ ਬੇਟੀ ਨੇ ਜਨਮ ਲਿਆ ਸੀ। ਜਦ ਇੱਕ ਨਰਸ ਨੇ ਲਿਆ ਕੇ ਬੱਚੀ ਉਸ ਦੀ ਗੋਦ ਵਿੱਚ ਰੱਖੀ ਤਾਂ ਬੱਚੀ ਨੂੰ ਤੱਕ ਕੇ ਅਮਨ ਦੇ ਮਨ ਵਿੱਚ ਇੱਕ ਖ਼ੁਸ਼ੀ, ਇੱਕ ਖੇੜਾ ਪਸਰ ਗਿਆ। ਨੰਨ੍ਹੀ ਬੱਚੀ ਬਿਲਕੁਲ ਅਮਨ ਵਰਗੀ ਸੀ। ਹੁਣ ਇਕੱਲੀ ਅਮਨ ਨੂੰ ਜਿਉਣ ਦਾ ਇੱਕ 'ਮਕਸਦ' ਮਿਲ਼ ਗਿਆ ਸੀ। ਹੁਣ ਸਾਰੀ ਦੁਨੀਆਂ ਨੂੰ ਜਾਣਦੀ ਸੀ ਉਸ ਦੀ 'ਜੁੱਤੀ'।

ਅਮਨ ਅਜੇ ਹਸਪਤਾਲ਼ ਹੀ ਸੀ।

ਡਾਕਟਰਾਂ ਨੇ ਉਸ ਨੂੰ ਇੱਕ ਹਫ਼ਤਾ ਹੋਰ ਹਸਪਤਾਲ ਵਿੱਚ ਰਹਿਣ ਲਈ ਕਿਹਾ ਸੀ। ਅਮਨ ਸਿਹਤ ਪੱਖੋਂ ਕਮਜ਼ੋਰ ਬਹੁਤ ਸੀ।

ਰੌਨੀਂ ਦੇ ਪ੍ਰੀਵਾਰ ਦੇ ਮਨ 'ਤੇ ਕੋਈ ਖ਼ੁਸ਼ੀ ਦਾ ਪ੍ਰਭਾਵ ਨਹੀਂ ਸੀ।

ਉਹ ਓਪਰਿਆਂ ਵਾਂਗ ਆਏ, ਫ਼ੁੱਲ ਅਤੇ ਕੱਪੜੇ ਦੇ ਕੇ ਚਲੇ ਗਏ। ਮਿੱਲੀ ਆਪਣੀਆਂ ਦੋਸਤ ਕੁੜੀਆਂ ਨਾਲ਼ 'ਭਤੀਜੀ' ਨੂੰ ਦੇਖਣ ਆਈ। ਮਿੱਲੀ ਪੂਰੀ ਖ਼ੁਸ਼ ਸੀ, "ਜਮਾਂ ਪਾਬੀ ਜੀ ਵਰਗੀ ਆ...!" ਉਸ ਨੇ ਖ਼ੁਸ਼ੀ ਨਾਲ਼ ਝੂੰਮ ਕੇ ਕਿਹਾ ਸੀ ਅਤੇ ਬੱਚੀ ਨੂੰ ਚੁੱਕ ਕੇ 'ਪਿਆਰ' ਕੀਤਾ ਸੀ। ਉਸ ਦੇ ਨਾਲ਼ ਦੀਆਂ ਕੁੜੀਆਂ ਵੀ ਖ਼ੁਸ਼ ਸਨ।

-"ਪਾਬੀ ਜੀ ਰੌਨੀਂ ਨੀ ਆਇਆ...?" ਮਿੱਲੀ ਨੇ ਪੁੱਛਿਆ।

-"...........!" ਅਮਨ ਨੇ 'ਨਾਂਹ' ਵਿੱਚ ਸਿਰ ਹਿਲਾਇਆ। ਕਮਜ਼ੋਰੀ ਕਾਰਨ ਉਸ ਤੋਂ ਬੋਲਿਆ ਨਹੀਂ ਗਿਆ ਸੀ।

-"ਸੱਚ ਏ ਸਟੂਪੈਡ ਗਾਏ...!" ਮਿੱਲੀ ਨੇ ਦਰਦ ਜਿਹਾ ਮੰਨਿਆਂ। ਉਸ ਨੇ ਮੋਬਾਇਲ ਫ਼ੋਨ ਕੱਢ ਕੇ ਉਸ ਨੂੰ ਮਿਲਾਉਣਾ ਚਾਹਿਆ। ਪਰ ਅਮਨ ਨੇ ਇਸ਼ਾਰੇ ਨਾਲ਼ ਰੋਕ ਦਿੱਤਾ।

-"ਜਿਸ ਦਿਨ ਸਮਾਂ ਹੋਊ, ਆ ਜਾਣਗੇ ਮਿੱਲੀ...! ਉਹਨਾਂ ਨੂੰ ਪ੍ਰੇਸ਼ਾਨ ਨਾ ਕਰ, ਪਲੀਜ਼..!" ਉਸ ਨੇ 'ਮੁਰਦਈ' ਜਿਹੀ ਅਵਾਜ਼ ਵਿੱਚ ਕਿਹਾ। ਮਿੱਲੀ ਨੇ ਫ਼ੋਨ ਵਾਪਸ ਜੇਬ ਵਿੱਚ ਪਾ ਲਿਆ। ਉਸ ਦੀਆਂ ਸਹੇਲੀਆਂ ਵੀ 'ਕੁਝ' ਸਮਝ ਕੇ ਚੁੱਪ ਜਿਹੀਆਂ ਕਰ ਗਈਆਂ।

ਜਦ ਮਿੱਲੀ ਅਤੇ ਉਸ ਦੀ ਸਹੇਲੀਆਂ ਗਈਆਂ ਤਾਂ ਪਲ ਕੁ ਮਗਰੋਂ ਹੀ ਸੋਨੀਂ ਬਾਂਸਲ ਆ ਗਈ। ਉਸ ਦੇ ਹੱਥ ਵਿੱਚ ਢੇਰ ਸਾਰੇ ਕੱਪੜੇ, ਫ਼ੁੱਲਾਂ ਦੇ ਦੋ ਗੁਲਦਸਤੇ, ਮਠਿਆਈ ਅਤੇ ਚਾਕਲੇਟ ਦੇ ਡੱਬੇ ਸਨ।

ਉਸ ਨੂੰ ਦੇਖ ਕੇ ਅਮਨ ਦੀ ਰੂਹ ਖਿੜ ਗਈ। ਉਸ ਨੇ ਉਠ ਕੇ ਬੈਠਣ ਦੀ ਕੋਸ਼ਿਸ਼ ਕੀਤੀ। ਪਰ ਸੋਨੀਂ ਨੇ ਰੋਕ ਦਿੱਤੀ।

ਅਜੇ ਸੋਨੀਂ ਨੇ ਅਮਨ ਦਾ ਮੂੰਹ ਮਿੱਠਾ ਕਰਵਾਇਆ ਹੀ ਸੀ, ਸ਼ਰਾਬ ਨਾਲ਼ 'ਟੂੰਨ' ਰੌਨੀਂ ਸਾਹਿਬ ਆ ਬਹੁੜੇ। ਉਸ ਦੇ ਨਾਲ਼ ਇੱਕ ਅੱਧਖੜ੍ਹ ਜਿਹੀ ਗੋਰੀ ਔਰਤ ਸੀ। ਉਸ ਦੀ ਵੀ ਦਾਰੂ ਪੀਤੀ ਲੱਗਦੀ ਸੀ, ਜਿਸ ਕਰ ਕੇ ਉਹ ਬੁੱਲ੍ਹ ਜਿਹੇ ਉਟੇਰਦੀ ਸੀ। ਇਹ ਸਾਰਾ 'ਡਰਾਮਾ' ਦੇਖ ਕੇ ਸੋਨੀ ਬਾਂਸਲ ਦੀਆਂ ਚੜ੍ਹ ਮੱਚੀਆਂ ਸਨ। ਪਰ ਉਹ ਚੁੱਪ ਰਹੀ।

-"ਮੋਨਾਂ ਡਾਰਲਿੰਗ, ਮੀਟ ਮਾਈ 'ਫ਼ਾਕੀਨ' ਸੈਕਿੰਡ ਇੰਡੀਅਨ ਵਾਈਫ਼...!" ਰੌਨੀਂ ਉਜੱਡਾਂ ਵਾਂਗ ਬੋਲਿਆ। ਉਸ ਦੇ ਬੋਲਣ ਦੇ ਲਹਿਜੇ ਤੋਂ ਮਹਿਸੂਸ ਹੁੰਦਾ ਸੀ ਕਿ ਉਹ ਅਮਨ ਦੀ 'ਬੇਇੱਜ਼ਤੀ' ਕਰਨ ਦੇ ਰੌਂਅ ਵਿੱਚ ਸੀ। ਉਸ ਦੇ ਕਹਿਣ 'ਤੇ 'ਮੋਨਾਂ ਡਾਰਲਿੰਗ' ਮੁਸਕਰਾਈ ਤਾਂ ਉਸ ਦੇ ਸਿਗਰਟਾਂ ਦੇ ਧੂੰਏਂ ਨਾਲ਼ ਹੋਏ ਕਾਲ਼ੇ ਦੰਦ ਚਹਾਕੇ।

-"ਹਰ ਨੇਮ ਇਜ਼, ਅਮਨ...! ਅਮਨ ਮੀਨਸ 'ਪੀਸ'...!" ਉਹ ਹੱਸਿਆ।

-"ਅਮਨ, ਮੇਰੀ ਬੇਬੀ ਕਿੱਥੇ ਐ...? ਮੈਂ ਅੱਜ ਉਸ ਦਾ ਨਾਂ ਰੱਖਣੈਂ..। ਪਤਾ ਕੀ ਨਾਂ ਰੱਖਣੈਂ...?" ਰੌਨੀਂ ਅਲ਼ਕ ਬਲ਼ਦ ਵਾਂਗ ਭੂਲਦਾ ਬੋਲਿਆ।

-"......................!" ਅਮਨ ਚੁੱਪ ਸੀ। ਪਰ ਸੋਨੀ ਭਰੀ ਪੀਤੀ ਬੈਠੀ ਸੀ। ਪਰ ਉਹ ਵੀ ਚੁੱਪ ਸੀ।

-"ਉਸ ਦਾ ਨਾਂ ਮੈਂ ਆਪਣੀ ਐਸ ਮਾਸ਼ੂਕ ਦੇ ਨਾਂ ਉਪਰ ਰੱਖਣੈ, ਮੋਨਾਂ...!" ਰੌਨੀਂ ਦੇ ਜ਼ੋਰ ਦੇ ਕੇ 'ਮੋਨਾਂ' ਕਹਿਣ 'ਤੇ ਮੋਨਾਂ ਡਾਰਲਿੰਗ ਫ਼ਿਰ ਮੁਸਕਰਾਈ। ਉਸ ਦੇ ਭੇਡ ਦੇ ਛੱਤਰਿਆਂ ਵਰਗੇ ਵਾਲ਼ ਕੰਡੇਰਨੇ ਵਾਂਗ ਖੜ੍ਹੇ ਸਨ। ਉਹਨਾਂ ਦੇ 'ਅਸ਼ਨੇ-ਪਸ਼ਨੇ' ਜਿਹੇ ਦੇਖ ਕੇ ਗੁੱਸੇ ਵਿੱਚ 'ਦਧਨ' ਹੋਈ ਸੋਨੀਂ ਉਠ ਕੇ ਹਸਪਤਾਲ਼ ਦੇ ਦਫ਼ਤਰ ਅੰਦਰ ਚਲੀ ਗਈ। ਉਸ ਨੇ ਸਟਾਫ਼ ਦੀ 'ਹੈੱਡ' ਨਾਲ਼ ਗੱਲ ਕੀਤੀ ਅਤੇ ਵਾਪਸ ਆ ਗਈ।

ਜਦ ਸੋਨੀਂ ਕਮਰੇ ਅੰਦਰ ਆਈ ਤਾਂ ਰੌਨੀਂ ਅਮਨ ਦੀ ਬਾਂਹ ਫ਼ੜੀ ਖੜ੍ਹਾ ਸੀ।

ਸੋਨੀਂ ਦੇ ਕਹਿਣ 'ਤੇ ਇੱਕ ਨਿਗਰਾਨ ਡਾਕਟਰ ਅਤੇ ਦੋ ਸਟਾਫ਼ ਨਰਸਾਂ ਆ ਕੇ ਕਮਰੇ ਦੇ ਇੱਕ ਖੂੰਜੇ ਖੜ੍ਹ ਕੇ ਸ਼ਰਾਬੀ ਰੌਨੀਂ ਦੀਆਂ 'ਘਤਿੱਤਾਂ' ਦੇਖਣ ਲੱਗ ਪਏ ਅਤੇ ਇੱਕ ਨਰਸ ਨੇ ਆਪਣੇ ਮੋਬਾਇਲ ਫ਼ੋਨ ਨਾਲ਼ 'ਗੁਪਤ' ਵੀਡੀਓ ਰਿਕਾਰਡਿੰਗ ਸ਼ੁਰੂ ਕਰ ਦਿੱਤੀ।

-"ਤੈਨੂੰ ਪਤੈ 'ਨੋਮਨਕਲੈਚਰ' ਕੀ ਹੁੰਦੈ...? ਬੇਬੀ ਦਾ ਨਾਂ ਰੱਖਣੈ, ਮੋਨਾਂ...!"

-"...................!"

-"ਤੂੰ ਬੋਲਦੀ ਨੀ...? ਤੈਨੂੰ ਲੱਗਦੈ ਮੈਂ ਸਟੂਪਿੱਡ ਬੰਦਾ ਇਆਂ...?" ਉਸ ਨੇ ਬੜੀ ਬੇਕਿਰਕੀ ਨਾਲ਼ ਅਮਨ ਦੀ ਬਾਂਹ ਫ਼ੜ ਕੇ ਝੰਜੋੜੀ ਤਾਂ ਸੋਨੀ ਉਠ ਖੜ੍ਹੀ ਹੋਈ।

-"ਸਟੌਪ ਇੱਟ...! ਸਟੌਪ ਦਿੱਸ ਨੌਨਸੈਂਸ...!"

-"ਹੇਅ...!" ਰੌਨੀਂ ਸੋਨੀਂ ਨੂੰ ਟੁੱਟ ਕੇ ਪਿਆ, "ਹੂ ਦਾ ਹੈੱਲ ਆਰ ਯੂ ਅਗਲੀ ਲੇਡੀ...? ਡੋਂਟ ਇੰਟਰਫ਼ੀਅਰ ਇਨ ਅਵਰ ਮੈਟਰ, ਆਈ ਐਮ ਹਰ 'ਫ਼ਾਕਿਨ' ਹੱਸਬੈਂਡ ਐਂਡ ਸ਼ੀ ਇੱਜ ਮਾਈ 'ਫ਼ਾਕਿਨ' ਵਾਈਫ਼....!"

-"ਓਹ...! ਹੱਸਬੈਂਡ...? ਦਾਰੂ ਪੀ ਕੇ ਤੇਰੀ ਅੰਗਰੇਜ਼ੀ ਨੂੰ ਲ਼ਤਰੋ ਕੁਛ ਜ਼ਿਆਦਾ ਹੀ ਚੱਲਣ ਲੱਗ ਪਈ ਕੁੱਤਿਆ...?

(ਚਲਦਾ)....


**ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ! -ਸੰਪਾਦਕ**

**ਅਗਲੇ ਦੋ ਹਫ਼ਤੇ ਤੋਂ ਗੁਰਨਾਮ ਬਾਵਾ ਦਾ ਨਾਵਲ "ਬੰਦੂਕ ਤੋਂ ਕਲਮ ਤੱਕ" ਪਾਠਕਾਂ ਦੀ ਨਜ਼ਰ ਕਰਾਂਗੇ**

ਗੁਰਨਾਮ ਬਾਵਾ ਦਾ ਨਵਾਂ ਨਾਵਲ "ਬੰਦੂਕ ਤੋਂ ਕਲਮ ਤੱਕ" ਪੰਜਾਬ ਟਾਈਮਜ਼ ਵਿਚ ਅਗਲੇ ਹਫ਼ਤੇ ਤੋਂ ਲੜੀਵਾਰ ਛਾਪਿਆ ਜਾਵੇਗਾ। ਇਹ ਨਾਵਲ ਉਹਨਾਂ ਨੇ 1984 ਤੋਂ ਬਾਅਦ ਦੇ ਪੰਜਾਬ ਦੇ ਕਾਲੇ ਦੌਰ ਬਾਰੇ ਚਾਨਣਾ ਪਾਉਂਦਾ ਹੈ। ਉਮੀਦ ਹੈ ਪਾਠਕ ਪਸੰਦ ਕਰਨਗੇ। ਨਾਵਲ ਬਾਰੇ ਆਪਣੇ ਵਿਚਾਰ ਜ਼ਰੂਰ ਭੇਜੋ। ਧੰਨਵਾਦ ਸਹਿਤ,
ਨਾਵਲ ਮੰਗਵਾਉਣ ਲਈ ਸੰਪਰਕ :
ਲੇਖਕ ਗੁਰਨਾਮ ਬਾਵਾ: 91 830736430
ਵਿਰਾਸਤ ਪ੍ਰਕਾਸ਼ਨ: 91 7888929853
ਸ਼ਾਇਰ ਜਗਦੀਸ਼ ਰਾਣਾ: 91 7986207849
ਸੰਪਾਦਕ ਪੰਜਾਬ ਟਾਈਮਜ਼

# ਈਰਾਨ ਵਿੱਚ ਸੱਤਾ ਪਲਟ ਦਾ ਰਾਗ ਬੰਦ ਕਰਕੇ ਹੁਣ ਟਰੰਪ ਨੂੰ ਗੱਲਬਾਤ ਦੀ ਨੀਤੀ ਕਿਉਂ ਅਪਨਾਉਣੀ ਪੈ ਰਹੀ ਹੈ ?

ਅਪੂਰਵਾਨੰਦ



ਅਮਰੀਕਾ-ਇਜ਼ਰਾਈਲ ਅਤੇ ਈਰਾਨ ਦੇ ਸੰਘਰਸ਼ ਦਰਮਿਆਨ ਕੀ ਹੁਣ ਟਰੰਪ ਦੀ ਰਣਨੀਤੀ ਬਦਲ ਰਹੀ ਹੈ ? ਸੱਤਾ ਪਰਿਵਰਤਨ ਦੀ ਗੱਲ ਕਹਿ ਕੇ ਹਮਲਾ ਕਰਨ ਵਾਲੇ ਡੋਨਾਲਡ ਟਰੰਪ ਨੂੰ ਹੁਣ ਗੱਲਬਾਤ ਦੀ ਗੱਲ ਕਿਉਂ ਕਰਨੀ ਪੈ ਰਹੀ ਹੈ ? ਡੋਨਾਲਡ ਟਰੰਪ ਨੇ ਕਿਹਾ ਸੀ ਕਿ ਈਰਾਨ ਦੀ ਨਵੀਂ ਲੀਡਰਸ਼ਿਪ ਗੱਲ ਕਰਨ ਲਈ ਤਿਆਰ ਹੈ ਅਤੇ ਉਸ ਨੂੰ ਵੀ ਇਸ ਵਿੱਚ ਕੋਈ ਦਿੱਕਤ ਨਹੀਂ ਹੈ। ਇਹ ਉਹੀ ਟਰੰਪ ਹੈ ਜੋ ਕੱਲ੍ਹ ਤੱਕ ਇਹ ਕਹਿ ਰਿਹਾ ਸੀ ਕਿ ਅਮਰੀਕਾ ਅਤੇ ਇਜ਼ਰਾਈਲ ਦੇ ਹਮਲੇ ਤੋਂ ਬਾਅਦ ਈਰਾਨ ਦੀ ਜਨਤਾ ਸੱਤਾ ਪਲਟ ਦੇਵੇਗੀ। ਈਰਾਨ ਦੇ ਸਰਵਉੱਚ ਨੇਤਾ ਆਇਤੁੱਲਾ ਅਲੀ ਖ਼ਾਮੇਨੇਈ ਅਤੇ ਈਰਾਨ ਸਰਕਾਰ ਦੇ ਕਈ ਪ੍ਰਮੁੱਖ ਅਧਿਕਾਰੀਆਂ ਦੀ ਹੱਤਿਆ 'ਤੇ ਡੀਂਗਾਂ ਮਾਰਦੇ ਹੋਏ ਟਰੰਪ ਨੇ ਕਿਹਾ ਸੀ ਕਿ ਅਸੀਂ ਇੱਕੋ ਨਿਸ਼ਾਨੇ ਵਿੱਚ 48 ਨੂੰ ਉਡਾ ਦਿੱਤਾ।

ਟਰੰਪ ਨੇ ਇਸ ਹਮਲੇ ਤੋਂ ਬਾਅਦ ਅਮਰੀਕਾ ਵਿੱਚ ਈਰਾਨੀਆਂ ਦੇ ਜਸ਼ਨ ਦੀ ਵੀ ਚਰਚਾ ਕੀਤੀ। ਪਰ ਇਹ ਸਾਫ਼ ਹੋ ਗਿਆ ਹੈ ਕਿ ਟਰੰਪ ਨੂੰ ਉਸੇ ਈਰਾਨੀ ਲੀਡਰਸ਼ਿਪ ਨਾਲ ਗੱਲ ਕਰਨ ਲਈ ਮਜ਼ਬੂਰ ਹੋਣਾ ਪਿਆ ਹੈ, ਜਿਸ ਨੂੰ ਸੱਤਾ ਤੋਂ ਬੇਦਖ਼ਲ ਕਰਨ ਦਾ ਦਾਅਵਾ ਕਰਦੇ ਹੋਏ ਇਹ ਹਮਲਾ ਕੀਤਾ ਗਿਆ ਸੀ। ਇਸ ਜੰਗ ਵਿੱਚ ਟਰੰਪ ਦੇ ਨਾਲ ਨੇਤਨਯਾਹੂ ਵੀ ਹੈ। ਨੇਤਨਯਾਹੂ ਨੇ ਈਰਾਨ ਦੀ ਜਨਤਾ ਨੂੰ ਅਪੀਲ ਕੀਤੀ ਸੀ ਕਿ ਉਹ ਸਰਕਾਰ ਨੂੰ ਉਖਾੜ ਸੁੱਟਣ। ਪਰ ਅਜਿਹਾ ਹੋਇਆ ਨਹੀਂ। ਸਰਕਾਰ ਬਣੀ ਹੋਈ ਹੈ।

ਟਰੰਪ ਦਾ ਕਹਿਣਾ ਹੈ ਕਿ ਗੱਲਬਾਤ ਵਿੱਚ ਈਰਾਨ ਨੂੰ ਉਹ ਸਭ ਦੇਣਾ ਚਾਹੀਦਾ ਹੈ ਜੋ ਉਸ ਤੋਂ ਮੰਗਿਆ ਜਾ ਰਿਹਾ ਹੈ। ਪਰ ਅਮਰੀਕਾ ਜਾਂ ਇਜ਼ਰਾਈਲ ਨੂੰ ਕੀ ਚਾਹੀਦਾ ਹੈ, ਇਹ ਸਾਫ਼ ਨਹੀਂ ਹੈ। ਇਨ੍ਹਾਂ ਦੋਵਾਂ ਮੁਲਕਾਂ ਨੇ ਈਰਾਨ 'ਤੇ ਹਮਲਾ ਉਸ ਵੇਲੇ ਕੀਤਾ ਜਦੋਂ ਉਹ ਅੰਤਰਰਾਸ਼ਟਰੀ ਵਿਚੋਲੇ ਦੀ ਨਿਗਰਾਨੀ ਹੇਠ ਅਮਰੀਕਾ ਨਾਲ ਗੱਲਬਾਤ ਕਰ ਰਿਹਾ ਸੀ। ਵਿਚੋਲੇ ਦੇਸ਼ ਓਮਾਨ ਦੇ ਵਿਦੇਸ਼ ਮੰਤਰੀ ਨੇ ਕਿਹਾ ਸੀ ਕਿ ਗੱਲਬਾਤ ਸਕਾਰਾਤਮਕ ਰਸਤੇ 'ਤੇ ਹੈ ਅਤੇ ਈਰਾਨ ਤੇ ਅਮਰੀਕਾ ਦੇ ਨੁਮਾਇੰਦੇ ਕਈ ਥਾਵਾਂ 'ਤੇ ਇਕ-ਦੂਜੇ ਨਾਲ ਸਹਿਮਤ ਹਨ। ਠੀਕ ਇਸੇ ਸਮੇਂ ਅਮਰੀਕਾ ਅਤੇ ਇਜ਼ਰਾਈਲ ਨੇ ਈਰਾਨ 'ਤੇ ਹਮਲਾ ਕਰ ਦਿੱਤਾ। ਯਾਨੀ ਗੱਲਬਾਤ, ਸਮਝੌਤੇ ਵਗੈਰਾ ਨਾਲ ਨਾ ਤਾਂ ਟਰੰਪ ਨੂੰ ਕੋਈ ਲੈਣਾ-ਦੇਣਾ ਸੀ ਅਤੇ ਨਾ ਹੀ ਟਰੰਪ ਦੇ ਦੋਸਤ ਜਾਂ ਮਾਲਕ ਨੇਤਨਯਾਹੂ ਨੂੰ। ਨੇਤਨਯਾਹੂ ਅਮਰੀਕਾ ਦਾ ਮਾਲਕ ਹੈ, ਇਹ ਅਮਰੀਕਾ ਦੇ ਹੀ ਲੋਕ ਕਹਿ ਰਹੇ ਹਨ। ਅਮਰੀਕਾ ਪੂਰੀ ਤਰ੍ਹਾਂ ਜ਼ਯੋਨਵਾਦੀ ਇਜ਼ਰਾਈਲੀ ਗਿਰੋਹ ਦੇ ਚੁੰਗਲ ਵਿੱਚ ਹੈ ਅਤੇ ਉਸੇ ਦੇ ਇਸ਼ਾਰੇ 'ਤੇ ਉਹ ਫੈਸਲੇ ਕਰਦਾ ਹੈ।

## ਈਰਾਨ ਦਾ ਪ੍ਰਮਾਣੂ ਬੰਬ ਕਿੱਥੇ ਗਿਆ ?

ਜੇਕਰ ਅਮਰੀਕਾ ਨੂੰ ਈਰਾਨ ਦੇ ਪ੍ਰਮਾਣੂ ਊਰਜਾ ਪ੍ਰੋਜੈਕਟ ਤੋਂ ਇਸ ਲਈ ਇਤਰਾਜ਼ ਹੈ ਕਿ ਉਹ ਪ੍ਰਮਾਣੂ ਬੰਬ ਬਣਾ ਸਕਦਾ ਹੈ, ਤਾਂ ਈਰਾਨ ਨੇ 15 ਸਾਲ ਪਹਿਲਾਂ ਹੀ ਇਹ ਵਾਅਦਾ ਕਰ ਦਿੱਤਾ ਸੀ ਕਿ ਉਹ ਪ੍ਰਮਾਣੂ ਬੰਬ ਨਹੀਂ ਬਣਾਏਗਾ। ਇਸ ਫੈਸਲੇ ਲਈ ਆਇਤੁੱਲਾ ਹੀ ਜ਼ਿੰਮੇਵਾਰ ਸਨ। ਉਨ੍ਹਾਂ ਨੇ ਇਹ ਵੀ ਕਿਹਾ ਸੀ ਕਿ ਅੰਤਰਰਾਸ਼ਟਰੀ ਏਜੰਸੀਆਂ ਉਨ੍ਹਾਂ ਦੇ ਪ੍ਰਮਾਣੂ ਊਰਜਾ ਪ੍ਰੋਜੈਕਟ ਦੀ ਜਾਂਚ ਕਰ ਸਕਦੀਆਂ ਹਨ। ਈਰਾਨ ਨੇ ਅੱਜ ਤੱਕ ਬੰਬ ਨਹੀਂ ਬਣਾਇਆ ਹੈ। ਪਰ ਅਮਰੀਕਾ ਨੂੰ ਇਸ ਨਾਲ ਕੋਈ ਲੈਣਾ-ਦੇਣਾ ਨਹੀਂ। ਪਿਛਲੇ ਸਾਲ ਵੀ ਉਸ ਨੇ ਇਹੀ ਕਹਿ ਕੇ ਈਰਾਨ 'ਤੇ ਹਮਲਾ ਕੀਤਾ ਸੀ ਕਿ ਉਹ ਉਸ ਦੀ ਗੱਲ ਨਹੀਂ ਮੰਨ ਰਿਹਾ। ਉਸ ਵੇਲੇ ਵੀ ਹਮਲਾ ਰੋਕ ਕੇ ਅਮਰੀਕਾ ਨੂੰ ਈਰਾਨ ਨਾਲ ਗੱਲ ਕਰਨੀ ਪਈ ਸੀ।

ਅਜੇ ਉਸ ਹਮਲੇ ਨੂੰ ਸਾਲ ਵੀ ਨਹੀਂ ਬੀਤਿਆ। ਅਜਿਹਾ ਕੀ ਹੋਇਆ ਕਿ ਇਜ਼ਰਾਈਲ ਅਤੇ ਅਮਰੀਕਾ ਨੇ ਈਰਾਨ 'ਤੇ ਦੁਬਾਰਾ ਹਮਲਾ ਕੀਤਾ ? ਇਰਾਦਾ ਸਾਫ਼ ਸੀ: ਸੱਤਾ ਪਰਿਵਰਤਨ। ਖ਼ਾਮੇਨੇਈ ਅਤੇ ਈਰਾਨ ਦੀ ਚੋਟੀ ਦੀ ਲੀਡਰਸ਼ਿਪ ਦੀ ਹੱਤਿਆ ਤਖਤਾਪਲਟ ਦੀ ਯੋਜਨਾ ਦਾ ਹਿੱਸਾ ਹੈ।

ਈਰਾਨ ਦੇ ਇਤਿਹਾਸ ਨੂੰ ਜਾਣਨ ਵਾਲੇ ਵਾਰ-ਵਾਰ ਕਹਿ ਰਹੇ ਸਨ ਕਿ ਈਰਾਨ ਇਰਾਕ ਜਾਂ ਲੀਬੀਆ ਨਹੀਂ ਹੈ। ਇੱਥੇ ਸਰਵਉੱਚ ਨੇਤਾ ਦੇ ਨਾ ਰਹਿਣ 'ਤੇ ਵੀ ਨਿਰੰਤਰਤਾ ਅਤੇ ਸਥਿਰਤਾ ਬਣਾਈ ਰੱਖਣ ਲਈ ਪੁਖ਼ਤਾ ਅਤੇ ਪੇਚੀਦਾ ਵਿਵਸਥਾ ਹੈ। ਇਸੇ ਲਈ ਆਇਤੁੱਲਾ ਦੀ ਹੱਤਿਆ ਤੋਂ ਬਾਅਦ ਵੀ ਸਰਕਾਰ ਸਥਿਰ ਜਾਪਦੀ ਹੈ। ਈਰਾਨ 'ਤੇ ਹਮਲਾ ਸ਼ੁਰੂ ਹੋਣ ਤੋਂ ਬਾਅਦ ਅਤੇ ਹਮਲੇ ਦੇ ਵਿਚਕਾਰ ਈਰਾਨ ਦੇ ਵਿਦੇਸ਼ ਮੰਤਰੀ ਨੇ ਕਿਹਾ ਸੀ ਕਿ ਉਹ ਹਮੇਸ਼ਾ ਗੱਲ ਕਰਨ ਲਈ ਤਿਆਰ ਹਨ ਤਾਂ ਜੋ ਉਨ੍ਹਾਂ ਦੇ ਮੁਲਕ ਈਰਾਨ 'ਤੇ ਇਹ ਹਮਲਾ ਰੁਕੇ। ਉਹ ਅਮਨ ਚਾਹੁੰਦੇ ਹਨ।

ਈਰਾਨ ਨੇ ਆਪਣੇ ਉੱਪਰ ਹਮਲੇ ਦੇ ਜਵਾਬ ਵਿੱਚ ਆਪਣੇ ਆਸ-ਪਾਸ ਦੇ ਮੁਲਕਾਂ ਅਤੇ ਸਾਈਪ੍ਰਸ ਤੱਕ ਵਿੱਚ ਅਮਰੀਕੀ ਫੌਜੀ ਟਿਕਾਣਿਆਂ 'ਤੇ ਮਿਜ਼ਾਈਲਾਂ ਦਾਗਣੀਆਂ ਜਾਰੀ ਰੱਖੀਆਂ ਹਨ। ਈਰਾਨੀ ਮਿਜ਼ਾਈਲਾਂ ਇਜ਼ਰਾਈਲ ਵਿੱਚ ਵੀ ਅਫੜਾ-ਦਫੜੀ ਮਚਾ ਰਹੀਆਂ ਹਨ। ਅਮਰੀਕਾ ਦੇ ਫੌਜੀ ਇਨ੍ਹਾਂ ਹਮਲਿਆਂ ਵਿੱਚ ਮਾਰੇ ਜਾ ਰਹੇ ਹਨ। ਈਰਾਨ ਨੂੰ ਜਾਣਨ ਵਾਲਿਆਂ ਦਾ ਕਹਿਣਾ ਹੈ ਕਿ ਈਰਾਨ ਆਪਣੇ ਉੱਪਰ ਹੋਣ ਵਾਲੇ ਹਮਲਿਆਂ ਨੂੰ ਝੱਲ ਵੀ ਸਕਦਾ ਹੈ ਅਤੇ ਲੰਬੇ ਸਮੇਂ ਤੱਕ ਜਵਾਬੀ ਕਾਰਵਾਈ ਵੀ ਕਰਦਾ ਰਹਿ ਸਕਦਾ ਹੈ। ਕੀ ਇਨ੍ਹਾਂ ਹਮਲਿਆਂ ਤੋਂ ਘਬਰਾ ਕੇ ਅਮਰੀਕਾ ਨੂੰ ਹੁਣ ਸੱਤਾ ਪਲਟ ਦਾ ਰਾਗ ਬੰਦ ਕਰਕੇ ਗੱਲਬਾਤ ਦਾ ਰਾਹ ਅਪਨਾਉਣਾ ਪੈ ਰਿਹਾ ਹੈ ? ਜਿਵੇਂ ਉਸ ਨੂੰ ਪਿਛਲੇ ਸਾਲ ਕਰਨਾ ਪਿਆ ਸੀ ?

## ਯੂਰਪ ਦੇ ਦੇਸ਼ਾਂ ਦਾ ਰਵੱਈਆ



ਸਭ ਤੋਂ ਹਾਸੋਹੀਣੀ ਅਤੇ ਭਿਆਨਕ ਗੱਲ ਇਹ ਹੈ ਕਿ ਯੂਰਪ ਦੇ ਦੇਸ਼ ਅਮਰੀਕਾ ਅਤੇ ਇਜ਼ਰਾਈਲ ਦੇ ਹਮਲੇ ਦੀ ਨਿੰਦਾ ਕਰਨਾ ਤਾਂ ਦੂਰ, ਈਰਾਨ ਦੀ ਨਿੰਦਾ ਕਰ ਰਹੇ ਹਨ। ਉਹ ਈਰਾਨ 'ਤੇ ਦੋਸ਼ ਲਗਾ ਰਹੇ ਹਨ ਕਿ ਉਹ ਗੁਆਂਢੀ ਮੁਲਕਾਂ 'ਤੇ ਹਮਲਾ ਕਰ ਰਿਹਾ ਹੈ। ਪਰ ਈਰਾਨ ਨੇ ਸਾਫ਼ ਕੀਤਾ ਹੈ ਕਿ ਉਹ ਇਨ੍ਹਾਂ ਮੁਲਕਾਂ ਵਿੱਚ ਕਾਇਮ ਅਮਰੀਕੀ ਫੌਜੀ ਟਿਕਾਣਿਆਂ 'ਤੇ ਹਮਲਾ ਕਰ ਰਿਹਾ ਹੈ ਅਤੇ ਇਨ੍ਹਾਂ ਮੁਲਕਾਂ ਨਾਲ ਉਸ ਦੀ ਕੋਈ ਦੁਸ਼ਮਣੀ ਨਹੀਂ ਹੈ। ਮੱਧ ਪੂਰਬ ਦੇ ਇਹ ਦੇਸ਼ ਅਮਰੀਕਾ ਦੇ ਪਿੱਛਲੱਗੂ ਹੀ ਹਨ ਅਤੇ ਉਨ੍ਹਾਂ ਨੇ ਆਪਣੇ ਇੱਥੇ ਅਮਰੀਕਾ ਨੂੰ ਫੌਜੀ ਟਿਕਾਣੇ ਕਾਇਮ ਕਰਨ ਦੀ ਇਜਾਜ਼ਤ ਦੇ ਕੇ ਪਹਿਲਾਂ ਹੀ ਦਿਖਾ ਦਿੱਤਾ ਹੈ ਕਿ ਉਨ੍ਹਾਂ ਨੂੰ ਆਪਣੀ ਪ੍ਰਭੂਸੱਤਾ ਦੀ ਪਰਵਾਹ ਨਹੀਂ ਹੈ। ਈਰਾਨ ਠੀਕ ਹੀ ਕਹਿ ਰਿਹਾ ਹੈ ਕਿ ਇਨ੍ਹਾਂ ਟਿਕਾਣਿਆਂ ਦੀ ਵਰਤੋਂ ਉਸ 'ਤੇ ਹਮਲੇ ਲਈ ਕੀਤੀ ਜਾ ਰਹੀ ਹੈ ਅਤੇ ਇਸ ਲਈ ਉਸ ਨੂੰ ਆਤਮ-ਰੱਖਿਆ ਵਿੱਚ ਜਵਾਬੀ ਹਮਲੇ ਦਾ ਅਧਿਕਾਰ ਹੈ।

ਅਮਰੀਕਾ ਦੀ ਢੀਠਤਾ ਦੇਖਣ ਵਾਲੀ ਹੈ ਕਿ ਉਹ ਈਰਾਨ 'ਤੇ ਹੀ ਦੋਸ਼ ਲਗਾ ਰਿਹਾ ਹੈ ਕਿ ਉਸ ਨੇ ਉਸ ਦੇ ਮਿੱਤਰ ਦੇਸ਼ਾਂ 'ਤੇ ਬਿਨਾਂ ਕਿਸੇ ਉਕਸਾਵੇ ਦੇ ਹਮਲਾ ਕੀਤਾ ਹੈ। ਕੋਈ ਉਕਸਾਵਾ ਨਹੀਂ ? ਯਾਨੀ ਈਰਾਨ 'ਤੇ ਬੰਬ ਸੁੱਟੇ ਜਾਂਦੇ ਰਹਿਣ, ਉਸ ਦੇ ਲੋਕਾਂ ਤੇ ਨੇਤਾਵਾਂ ਦੀ ਹੱਤਿਆ ਹੁੰਦੀ ਰਹੇ ਅਤੇ ਉਹ ਖ਼ਾਮੋਸ਼ ਰਹੇ ?

## ਅਮਰੀਕਾ ਦਾ ਇਰਾਦਾ ਕੀ ?

ਕੀ ਇਹ ਇਰਾਦਾ ਹੈ ਕਿ ਅਮਰੀਕਾ ਈਰਾਨ ਦੇ ਲੋਕਾਂ ਨੂੰ ਇੱਕ ਮਾਨਵੀ ਸਰਕਾਰ ਦੇਣਾ ਚਾਹੁੰਦਾ ਹੈ ? ਕਿ ਉਹ ਈਰਾਨ ਵਿੱਚ ਲੋਕਤੰਤਰ ਬਹਾਲ ਕਰਨਾ ਚਾਹੁੰਦਾ ਹੈ ? ਇਸ ਤੋਂ ਵੱਡਾ ਮਜ਼ਾਕ ਹੋਰ ਕੀ ਹੋ ਸਕਦਾ ਹੈ ? ਅਮਰੀਕਾ ਦਾ ਇਰਾਦਾ ਬਿਲਕੁਲ ਸਾਫ਼ ਹੈ: ਉਹ ਚਾਹੁੰਦਾ ਹੈ ਕਿ ਪੂਰੀ ਦੁਨੀਆ ਉਸ ਦੇ ਪੈਰਾਂ ਹੇਠ ਰਹੇ। ਅਤੇ ਉਸ ਦੇ ਲਠੈਤ ਇਜ਼ਰਾਈਲ ਨੂੰ ਪੂਰਾ ਮੱਧ ਪੂਰਬ ਚਾਹੀਦਾ ਹੈ। ਅਮਰੀਕਾ ਇਸ ਵੇਲੇ ਦੁਨੀਆ ਦਾ ਸਭ ਤੋਂ ਹਿੰਸਕ ਅਤੇ ਅਪਰਾਧੀ ਦੇਸ਼ ਹੈ। ਉਸ ਦੀ ਬਰਾਬਰੀ ਵਿੱਚ ਸਿਰਫ਼ ਇਜ਼ਰਾਈਲ ਹੈ। ਯੂਰਪ ਦੇ ਦੇਸ਼ਾਂ ਨੇ ਆਪਣੇ ਆਚਰਣ ਨਾਲ ਸਾਫ਼ ਕਰ ਦਿੱਤਾ ਹੈ ਕਿ ਉਨ੍ਹਾਂ ਦੀ ਆਪਣੀ ਕੋਈ ਆਵਾਜ਼ ਨਹੀਂ, ਕਿ ਉਹ ਪੂਰੀ ਤਰ੍ਹਾਂ ਅਮਰੀਕਾ ਦੇ ਗੁਲਾਮ ਦੇਸ਼ ਹਨ।


## ਭਾਰਤ ਦਾ ਰਵੱਈਆ

ਭਾਰਤ ਦੀ ਕੀ ਹਾਲਤ ਹੈ ? ਇਹ ਲਾਈਨਾਂ ਲਿਖੇ ਜਾਣ ਤੱਕ ਉਸ ਨੇ ਈਰਾਨ 'ਤੇ ਹਮਲੇ ਦੀ ਨਿੰਦਾ ਨਹੀਂ ਕੀਤੀ ਹੈ। ਉਸ ਨੇ ਇੱਕ ਰਾਜ ਪ੍ਰਮੁੱਖ ਦੀ ਦੂਜੇ ਮੁਲਕਾਂ ਦੁਆਰਾ ਕੀਤੀ ਗਈ ਹੱਤਿਆ ਦੀ ਨਿੰਦਾ ਨਹੀਂ ਕੀਤੀ। ਪਰ, ਉਸ ਦੇ ਪ੍ਰਧਾਨ ਮੰਤਰੀ ਨੇ ਸੰਯੁਕਤ ਅਰਬ ਅਮੀਰਾਤ 'ਤੇ ਹਮਲੇ ਦੀ ਨਿੰਦਾ ਜ਼ਰੂਰ ਕੀਤੀ ਹੈ। ਕੀ ਭਾਰਤ ਅਮਰੀਕਾ ਅਤੇ ਇਜ਼ਰਾਈਲ ਦੇ ਨਾਲ ਹੈ ? ਈਰਾਨ 'ਤੇ ਉਨ੍ਹਾਂ ਦੇ ਹਮਲੇ ਦੇ ਕੁਝ ਦਿਨ ਪਹਿਲਾਂ ਭਾਰਤ ਦੇ ਪ੍ਰਧਾਨ ਮੰਤਰੀ ਇਜ਼ਰਾਈਲ ਦੀ ਰਾਜਧਾਨੀ ਵਿੱਚ ਯੁੱਧ ਅਪਰਾਧੀ ਨੇਤਨਯਾਹੂ ਨਾਲ ਗਲਵੱਕੜੀਆਂ ਪਾਉਂਦੇ ਅਤੇ ਹਾਸੇ-ਠੱਠੇ ਕਰਦੇ ਦੇਖੇ ਗਏ ਸਨ। ਕੀ ਚਲਦੇ-ਚਲਦੇ ਉਨ੍ਹਾਂ ਦੇ ਕੰਨ ਵਿੱਚ ਨੇਤਨਯਾਹੂ ਨੇ ਫੁਸਫੁਸਾ ਦਿੱਤਾ ਸੀ ਕਿ ਉਹ ਈਰਾਨ 'ਤੇ ਹਮਲਾ ਕਰਨ ਜਾ ਰਿਹਾ ਹੈ ? ਕੀ ਇਸ ਹਮਲੇ ਵਿੱਚ ਭਾਰਤ ਦੀ ਖ਼ਾਮੋਸ਼ ਸਹਿਮਤੀ ਹੈ ?

ਜੋ ਵੀ ਹੋਵੇ, ਇਹ ਸਾਫ਼ ਹੈ ਕਿ ਬ੍ਰਿਕਸ ਸਮੂਹ ਦੇ ਦੇਸ਼ਾਂ ਵਿੱਚ ਭਾਰਤ ਇਕੱਲਾ ਦੇਸ਼ ਹੈ ਜਿਸ ਨੇ ਈਰਾਨ 'ਤੇ ਹਮਲੇ ਦੀ ਨਿੰਦਾ ਨਹੀਂ ਕੀਤੀ ਹੈ। ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਇਸ ਤਰ੍ਹਾਂ ਪੂਰੀ ਦੁਨੀਆ ਵਿੱਚ ਭਾਰਤ ਦਾ ਸਿਰ ਨੀਵਾਂ ਕਰ ਦਿੱਤਾ ਹੈ। ਪਰ ਕੀ ਭਾਜਪਾ ਨੂੰ ਇਸ ਦੀ ਪਰਵਾਹ ਹੈ ? ਉਸ ਦਾ ਸੁਪਨਾ ਤਾਂ ਇਹੀ ਹੈ ਕਿ ਉਹ ਦੱਖਣੀ ਏਸ਼ੀਆ ਦਾ ਇਜ਼ਰਾਈਲ ਬਣ ਸਕੇ।

ਦੁਨੀਆ ਇਸ ਵੇਲੇ ਖ਼ਤਰਨਾਕ ਮੋੜ 'ਤੇ ਖੜ੍ਹੀ ਹੈ। ਈਰਾਨ 'ਤੇ ਹਮਲੇ ਕਾਰਨ ਜੋ ਜੰਗ ਸ਼ੁਰੂ ਹੋਈ ਹੈ, ਉਹ ਫੈਲ ਸਕਦੀ ਹੈ। ਜ਼ਰੂਰੀ ਨਹੀਂ ਕਿ ਉਹ ਜਲਦੀ ਖ਼ਤਮ ਹੋ ਜਾਵੇ। ਆਇਤੁੱਲਾ ਦੀ ਹੱਤਿਆ ਮਹਿਜ਼ ਇੱਕ ਰਾਜ ਪ੍ਰਮੁੱਖ ਦੀ ਹੱਤਿਆ ਨਹੀਂ ਹੈ। ਸ਼ੀਆ ਭਾਈਚਾਰੇ ਵਿੱਚ ਆਇਤੁੱਲਾ ਦਾ ਦਰਜਾ ਪੋਪ ਵਰਗਾ ਹੈ। ਉਨ੍ਹਾਂ ਦੀ ਹੱਤਿਆ ਨਸਰੱਲਾ ਦੀ ਹੱਤਿਆ ਵਰਗੀ ਨਹੀਂ। ਉਸ ਨਾਲ ਅਮਰੀਕਾ ਦੇ ਖ਼ਿਲਾਫ਼ ਪੂਰੀ ਦੁਨੀਆ ਵਿੱਚ ਜੋ ਨਫ਼ਰਤ ਅਤੇ ਕੜਵਾਹਟ ਪੈਦਾ ਹੋਈ ਹੈ, ਉਸ ਦੇ ਨਤੀਜੇ ਨਿਕਲਣਗੇ ਹੀ। ਇਹ ਸਭ ਉਦੋਂ ਹੀ ਰੁਕ ਸਕਦਾ ਹੈ ਜਦੋਂ ਦੁਨੀਆ ਦੇ ਸਭ ਤੋਂ ਵੱਡੇ ਗੁੰਡੇ ਅਮਰੀਕਾ ਅਤੇ ਉਸ ਦੇ ਲਠੈਤ ਇਜ਼ਰਾਈਲ 'ਤੇ ਦੁਨੀਆ ਲਗਾਮ ਲਗਾ ਸਕੇ। ਉਸ ਦੀ ਹਿੰਮਤ ਕਿਸ ਕੋਲ ਹੈ ?

## ਸਿਹਤ ਤੇ ਸੁੰਦਰਤਾ



# ਖਾਧ ਪਦਾਰਥ ਜੋ ਸ਼ੂਗਰ ਤੋਂ ਬਚਾਉਣ



### ਮੇਵੇ

ਤੁਸੀਂ ਆਪਣੀ ਸਿਹਤ ਨੂੰ ਵਧੀਆ ਬਣਾਉਣ ਲਈ ਬਾਦਾਮ ਅਤੇ ਅਖਰੋਟ ਜਿਹੇ ਮੇਵਿਆਂ ਨੂੰ ਸਨੈਕ ਦੇ ਤੌਰ 'ਤੇ ਲੈ ਸਕਦੇ ਹੋ। ਇਨ੍ਹਾਂ 'ਚ ਮਜ਼ਬੂਤ ਫਾਈਬਰ ਅਤੇ ਪ੍ਰੋਟੀਨ ਦੀ ਉੱਚ ਮਾਤਰਾ ਨਾਲ ਹਾਈ ਬਲੱਡ ਸ਼ੂਗਰ ਦਾ ਪੱਧਰ ਘੱਟ ਕੀਤਾ ਜਾ ਸਕਦਾ ਹੈ।

ਮਾਹਿਰ ਕਹਿੰਦੇ ਹਨ ਕਿ ਅਜਿਹੇ ਮੇਵੇ ਕ੍ਰੋਮੀਅਮ ਦਾ ਇਕ ਚੰਗਾ ਸ੍ਰੋਤ ਹਨ। ਕ੍ਰੋਮੀਅਮ ਦੀ ਕਮੀ ਦਾ ਸਬੰਧ ਗੁਲੂਕੋਜ਼ ਟਾਲਰੈਂਸ 'ਚ ਗੜਬੜ ਅਤੇ ਇੰਸੂਲਿਨ ਸੈਂਸਟੀਵਿਟੀ ਦੀ ਕਮੀ ਨਾਲ ਜਿਨ੍ਹਾਂ ਲੋਕਾਂ ਨੂੰ ਸ਼ੂਗਰ ਹੁੰਦੀ ਹੈ, ਉਨ੍ਹਾਂ 'ਚ ਕੁਝ ਮਾਤਰਾ ਤਕ ਕ੍ਰੋਮੀਅਮ ਦਾ ਵਧਿਆ ਹੋਇਆ ਪੱਧਰ ਸ਼ੂਗਰ ਲੈਵਲ ਨੂੰ ਸੁਧਾਰਦਾ ਹੈ। ਫਿਰ ਵੀ ਇਸ ਦੇ ਵਾਧੂ ਸੇਵਨ ਤੋਂ ਬਚਣਾ ਚਾਹੀਦਾ ਹੈ।

### ਇਸ ਤਰ੍ਹਾਂ ਕਰੋ ਸੇਵਨ

ਇਕ ਮੁੱਠੀ ਭਰ ਬਾਦਾਮ ਲਓ ਜਾਂ ਰਾਤ ਭਰ ਪਾਣੀ 'ਚ ਭਿਓ ਕੇ ਰੱਖੋ ਅਤੇ ਇਨ੍ਹਾਂ ਨੂੰ ਆਪਣੇ ਵੱਖ-ਵੱਖ ਪਕਵਾਨਾਂ 'ਚ ਸ਼ਾਮਲ ਕਰੋ।

### ਕਰੇਲਾ



ਭਾਰਤੀ ਉਪ ਮਹਾਦੀਪ 'ਚ ਕਰੇਲਾ ਬਹੁਤ ਹੀ ਲੋਕਪ੍ਰਿਯ ਸਬਜ਼ੀ ਹੈ। ਇਹ ਇਸ ਲਈ ਵੀ ਪ੍ਰਸਿੱਧ ਹੈ ਕਿਉਂਕਿ ਸ਼ੂਗਰ ਰੋਗੀਆਂ ਲਈ ਬਹੁਤ ਸਹਾਇਕ ਹੁੰਦਾ ਹੈ।

ਕਰੇਲਾ ਬਲੱਡ ਪ੍ਰੈਸ਼ਰ ਦੇ ਪੱਧਰ ਨੂੰ ਕੰਟਰੋਲ ਕਰਨ 'ਚ ਸਹਾਇਕ ਹੁੰਦਾ ਹੈ। ਇਹ ਇੰਸੂਲਿਨ ਦੇ ਨਿਰਮਾਣ 'ਚ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਇਸ ਦੇ ਬੀਜਾਂ 'ਚ ਮੌਜੂਦ ਬਨਸਪਤੀ ਇੰਸੂਲਿਨ ਪੈਪਟਾਈਡਿਸ ਇੰਸੂਲਿਨ ਜਿਹਾ ਹੀ ਹੁੰਦਾ ਹੈ ਜੋ ਕੁਦਰਤੀ ਤੌਰ 'ਤੇ ਉਹ ਹੀ ਕੰਮ ਕਰਦਾ ਹੈ ਜੋ ਮਨੁੱਖ ਦੇ ਪੈਕ੍ਰਿਯਾਟਿਕ ਦੇ ਗਲੈਂਡਸ ਤੋਂ ਨਿਕਲਦਾ ਹੈ।

ਮਾਹਿਰ ਦੱਸਦੇ ਹਨ ਕਿ ਕਰੇਲੇ 'ਚ ਸ਼ੂਗਰ ਵਿਰੋਧੀ ਤਿੰਨ ਤੱਤ ਮੌਜੂਦ ਹੁੰਦੇ ਹਨ ਜਿਨ੍ਹਾਂ ਚੈਰੇਂਟਿਨ, ਵਿਸਾਈਨ ਅਤੇ ਪੋਲਿਪੈਪਟਾਈਡ ਹੀ ਸ਼ਾਮਲ ਹੈ।

ਕਰੇਲੇ ਨੂੰ ਡੀਪ ਫ੍ਰਾਈ ਨਹੀਂ ਕਰਨਾ ਚਾਹੀਦਾ ਕਿਉਂਕਿ ਇਸ ਨਾਲ ਇਸ ਦਾ ਪੋਸ਼ਕ ਮੁੱਲ ਘੱਟ ਹੋ ਜਾਂਦਾ ਹੈ। ਇਸ ਦੀ ਐਂਟੀਡਾਇਬਟਿਕ ਵੈਲਿਊ ਪ੍ਰਾਪਤ ਕਰਨ ਲਈ ਇਸ ਨੂੰ ਹਲਕੇ ਢੰਗ ਨਾਲ ਫ੍ਰਾਈ ਕਰੋ। ਤੁਸੀਂ ਕਰੇਲਿਆਂ ਨੂੰ ਭਰ ਕੇ ਜਾਂ ਚਿਪਸ ਦੀ ਤਰ੍ਹਾਂ ਫ੍ਰਾਈ ਕਰਕੇ ਵੀ ਇਸ ਦੀ ਵਰਤੋਂ ਕਰ ਸਕਦੇ ਹੋ। ਇਸ ਦੇ ਨਾਲ ਹੀ ਕਰੇਲੇ ਦਾ ਜੂਸ ਵੀ ਲਾਹੇਵੰਦ ਹੈ।

### ਜਾਮਣ

ਜਾਮਣ ਭਾਰਤ ਦਾ ਇਕ ਲੋਕਪ੍ਰਿਯ ਫਲ ਹੈ ਅਤੇ ਕਈ ਸਦੀਆਂ ਤੋਂ ਇਸ ਦੀ ਵਰਤੋਂ ਸ਼ੂਗਰ ਕੰਟਰੋਲ ਲਈ ਕੀਤੀ ਜਾ ਰਹੀ ਹੈ।

ਇੰਡੀਅਨ ਜਨਰਲ ਆਫ ਫਾਰਮੇਕੋਲਾਜੀ ਅਤੇ ਭਾਭਾ ਐਟਮਿਕ ਰਿਸਰਚ ਸੈਂਟਰ ਵਲੋਂ ਕੀਤੀਆਂ ਗਈਆਂ ਖੋਜਾਂ 'ਚ ਕਿਹਾ ਗਿਆ ਹੈ ਕਿ ਜਾਮਣ ਦੇ ਬੀਜਾਂ 'ਚ ਜੈਂਬੋਲਿਨ ਨਾਂ ਦਾ ਗੁਲੂਕੋਜ਼ ਮੌਜੂਦ ਹੁੰਦਾ ਹੈ ਜੋ ਗੁਲੂਕੋਜ਼ ਦੇ ਵਧੇ ਹੋਏ ਉਤਪਾਦਨ ਦੇ ਮਾਮਲੇ 'ਚ ਸਟਾਰਚ ਦੀ ਸ਼ੂਗਰ 'ਚ ਤਬਦੀਲੀ 'ਤੇ ਕੰਟਰੋਲ ਰੱਖਦਾ ਹੈ। ਡਾ. ਸੁਜੀਤ ਝਾਅ ਅਨੁਸਾਰ ਜਾਮਣ ਦੇ ਮੁੱਖ ਤੱਤ ਸ਼ੂਗਰ ਦੇ ਵਿਕਾਸ ਨੂੰ ਰੋਕਣ 'ਚ ਸਹਾਇਕ ਹੋ ਸਕਦੇ ਹਨ। ਭਾਵੇਂ ਜ਼ਿਆਦਾ ਮਿੱਠੇ ਫਲ ਸ਼ੂਗਰ ਦੇ ਰੋਗੀਆਂ ਲਈ ਚੰਗੇ ਨਹੀਂ ਮੰਨੇ ਜਾਂਦੇ ਪਰ ਜਾਮਣ ਫਿਰ ਵੀ ਇਸ ਦਾ ਇਕ ਅਪਵਾਦ ਹੈ ਕਿਉਂਕਿ ਇਸ 'ਚ ਕਾਰਬੋਹਾਈਡ੍ਰੇਟਸ ਦੀ ਮਾਤਰਾ ਘੱਟ ਅਤੇ ਫਾਈਬਰ ਦੀ ਮਾਤਰਾ ਜ਼ਿਆਦਾ ਹੁੰਦੀ ਹੈ।



## * ਚੂੰਝਾਂ-ਪੌਂਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ



*ਵਰਕ ਆਰਡਰ ਜਾਰੀ ਹੋਣ ਦੇ ਬਾਵਜੂਦ ਨਗਰ ਨਿਗਮ ਵਲੋਂ ਸੜਕ ਦਾ ਕੰਮ ਸ਼ੁਰੂ ਨਹੀਂ ਕੀਤਾ ਜਾ ਰਿਹਾ- ਇਕ ਖ਼ਬਰ

-ਫ਼ਾਈਲ ਨੂੰ ਪਹੀਏ ਲੱਗਣਗੇ ਫਿਰ ਹੀ ਅਗਾਂਹ ਨੂੰ ਤੁਰੂ।



*ਚੋਣਾਂ ਦੇ ਮੌਸਮ ਵਿਚ ਹੀ ਸਾਧ ਰਾਮ ਰਹੀਮ ਨੂੰ ਹਾਈ ਕੋਰਟ ਵਲੋਂ ਕਲੀਨ ਚਿਟ ਕਿਉਂ?-ਇਕ ਸਵਾਲ

-ਅੱਗੋਂ ਪਿੱਛੋਂ ਰਗੜ ਕੇ ਗੋਡੇ 'ਤੇ ਲਾਉਣਾ ਸਾਧ ਨੂੰ ਅਗਲਿਆਂ ਨੇ।



*ਭਾਰਤ 'ਚ ਸਾਡੇ ਭਾਈਵਾਲ 'ਕਹਿਣਾ ਮੰਨਣ ਵਾਲੇ ਹਨ'- ਅਮਰੀਕਾ

-ਘੜੇ ਦੀਆਂ ਮੱਛੀਆਂ।



*ਘਬਰਾਉਣ ਦੀ ਜ਼ਰੂਰਤ ਨਹੀਂ, ਇਸ ਸੰਕਟ ਵਿਚੋਂ ਵੀ ਨਿਕਲਾਂਗੇ- ਮੋਦੀ

-ਚੜ੍ਹ ਜਾ ਬੱਚਾ ਸੂਲੀ, ਰਾਮ ਭਲੀ ਕਰੇਗਾ।

*ਰਾਜ ਸਭਾ ਮੈਂਬਰ ਸੰਤ ਸੀਚੇਵਾਲ ਨੇ ਪੰਜਾਬ ਦੇ ਰੁਕੇ ਹੋਏ ਵਿਕਾਸ ਫੰਡ ਜਾਰੀ ਕਰਨ ਦੀ ਕੀਤੀ ਮੰਗ- ਇਕ ਖ਼ਬਰ



-ਮੇਰੀ ਰੱਖ ਲਈ ਸੁੱਥਣ 'ਚੋਂ ਟਾਕੀ, ਟੁੱਟ ਪੈਣੇ ਦਰਜੀ ਨੇ।



*ਪੰਜਾਬ 'ਚ ਅਸੀਂ ਆਪਣੇ ਬਲਬੂਤੇ 'ਤੇ ਹੀ ਸਤਾਈ ਦੀ ਚੋਣ ਲੜਾਂਗੇ- ਅਮਿਤ ਸ਼ਾਹ

-ਘੜਾ ਚੁੱਕ ਲਊਂ ਪੱਟਾਂ 'ਤੇ ਹੱਥ ਧਰ ਕੇ, ਖਸਮਾਂ ਨੂੰ ਖਾਣ ਕੁੜੀਆਂ।



*ਅਮਿਤ ਸ਼ਾਹ ਦਾ ਭਾਸ਼ਨ ਸਿਵਾਇ ਖਾਲੀ ਸਿਆਸੀ ਨਾਹਰਿਆਂ ਦੇ ਕੁਝ ਨਹੀਂ- ਬਾਜਵਾ

-ਖਾਲੀ ਘੋੜੀ ਹਿਣਕਦੀ, ਉੱਤੇ ਨਹੀਂ ਦੀਂਹਦਾ ਵੀਰ।



*ਸਰਕਾਰ ਦੀਆਂ ਨੀਤੀਆਂ ਕਾਰਨ ਲੋਕ ਕਿੰਨਾ ਕੁ ਬਰਦਾਸ਼ਤ ਕਰਨਗੇ- ਪ੍ਰਿਅੰਕਾ ਗਾਂਧੀ

-ਬੀਬੀ, ਸਰਕਾਰ ਜਿੰਨਾ ਚਿਰ ਦਾਲ ਚੌਲ ਦਿੰਦੀ ਰਹੂ।



*ਟਰੰਪ ਨੇ 13 ਦਿਨਾਂ ਦੇ ਯੁੱਧ 'ਚ ਫੂਕ ਦਿਤੇ 26 ਅਰਬ ਡਾਲਰ- ਇਕ ਖ਼ਬਰ

-ਢਿੱਡ ਢਿੱਲ ਲਿਆ ਬੋਸਕੀ ਵਰਗਾ, ਰੋੜਾਂ ਵਾਲੀ ਕੰਧ ਟੱਪ ਕੇ।



*ਸਾਨੂੰ ਡਬਲ ਇੰਜਨ ਦੀ ਲੋੜ ਨਹੀਂ, ਪੰਜਾਬ ਆਪਣੇ ਪੈਰਾਂ 'ਤੇ ਖੜ੍ਹਾ ਹੋਣਾ ਜਾਣਦੈ- ਭਗਵੰਤ ਮਾਨ

-ਤੇਰੀ ਰੰਨ ਦਾ ਨਾ ਭਰਨਾ ਪਾਣੀ, ਤੇਰੀ ਨਾ ਮੁਥਾਜ ਝੱਲਣੀ।



*ਅਮਿਤ ਸ਼ਾਹ 'ਜੁਮਲਿਆਂ' ਦੀ ਬਜਾਇ ਪੰਜਾਬ ਦੇ ਹਿਤਾਂ ਲਈ ਕੁਝ ਕਰ ਕੇ ਜਾਣ- ਅਮਨ ਅਰੋੜਾ

-ਉਹ ਫਿਰੇ ਨੱਥ ਘੜਾਉਣ ਨੂੰ, ਉਹ ਫਿਰੇ ਨੱਕ ਵਢਾਉਣ ਨੂੰ।



*ਸੁਖਪਾਲ ਖਹਿਰਾ ਨੂੰ ਕਾਂਗਰਸ ਹਾਈ ਕਮਾਂਡ ਪਾਰਟੀ 'ਚੋਂ ਬਰਖ਼ਾਸਤ ਕਰੇ- ਹਰਪਾਲ ਚੀਮਾ

-ਲੂਣਾ ਆਖਦੀ ਰਾਜੇ ਸਲਵਾਨ ਤਾਈਂ, ਛੇਤੀ ਪੂਰਨ ਨੂੰ ਕਰੋ ਹਲਾਲ ਮੀਆਂ।




*2027 'ਚ ਦੁਬਾਰਾ ਬਣੇਗੀ 'ਆਪ' ਦੀ ਸਰਕਾਰ- ਭਗਵੰਤ ਮਾਨ

-ਪਾਪ ਪੁੰਨ ਨੀਂ ਜਿੰਦੜੀਏ ਤੇਰੇ, ਤੱਕੜੀ 'ਤੇ ਤੋਲੇ ਜਾਣਗੇ।

*ਭਾਰਤ ਦੁਨੀਆਂ 'ਚ ਹਥਿਆਰਾਂ ਦਾ ਦੂਜਾ ਵੱਡਾ ਖ਼ਰੀਦਾਰ- ਇਕ ਖ਼ਬਰ

-ਢਿੱਡੋਂ ਭੁੱਖੀ ਤੇ ਘੀਸੀ 'ਤੇ ਜ਼ੋਰ।



*ਇਰਾਨ ਦਾ ਨਵਾਂ ਸੁਪਰੀਮ ਲੀਡਰ ਵੀ ਛੇਤੀ ਹੀ ਮਾਰਿਆ ਜਾਵੇਗਾ- ਟਰੰਪ

-ਜੀਹਨੇ ਕਾਲ ਪਾਵੇ ਨਾਲ ਬੰਨ੍ਹਿਆ, ਇਕ ਦਿਨ ਹੋਇਆ ਚਲਦਾ।


* * * * * * *

# ਨਹੀਂ ਰਿਹਾ ਕਬੱਡੀ ਦਾ ਪਿਆਰਾ "ਪਿਆਰਾ ਸਿੰਘ ਰੰਧਵਾ"

ਲੇਖਕ: ਮਨਪ੍ਰੀਤ ਸਿੰਘ ਬੱਧਨੀ ਕਲਾਂ
ਪੰਜਾਬ ਟਾਈਮਜ਼ ਪ੍ਰਤੀਨਿਧ ਯੂ ਕੇ
ਫੋਨ: +447899798363
ਈ ਮੇਲ: msbadhni@yahoo.co.uk














ਪਿਆਰਾ ਸਿੰਘ ਰੰਧਾਵਾ ਵੱਖ ਵੱਖ ਸਮਿਆਂ ਤੇ ਮਹਾਰਾਣੀ ਐਲਿਜ਼ਾਬੈੱਥ, ਪਹਿਲਵਾਨ ਅਤੇ ਅਦਾਕਾਰ ਦਾਰਾ ਸਿੰਘ, ਸੁਨੀਲ ਦੱਤ, ਸੰਜੇ ਦੱਤ ਆਦਿ ਨਾਲ



ਪਿਆਰਾ ਸਿੰਘ ਰੰਧਾਵਾ

ਇੰਗਲੈਂਡ ਦੀ ਕਬੱਡੀ ਦੀ ਜਦੋਂ ਵੀ ਗੱਲ ਤੁਰਦੀ ਹੈ ਤਾਂ ਉਹਨਾਂ ਖਿਡਾਰੀਆਂ ਅਤੇ ਪ੍ਰਮੋਟਰਾਂ ਦੀ ਗੱਲ ਜਰੂਰ ਹੁੰਦੀ ਹੈ। ਜਿਹਨਾਂ ਨੇ ਕਬੱਡੀ ਸ਼ੁਰੂ ਕੀਤੀ, ਕਬੱਡੀ ਖੇਡੀ ਫਿਰ ਖਿਡਾਈ। ਕਬੱਡੀ ਦਾ ਸ਼ੌਂਕ ਅਵੱਲਾ ਹੀ ਹੈ, ਜਿਸ ਨੂੰ ਇੱਕ ਵਾਰ ਚੇਟਕ ਲੱਗ ਜਾਵੇ। ਫਿਰ ਉਹ ਘੱਟ ਹੀ ਘਰੇ ਬੈਠਦਾ। ਕਬੱਡੀ ਦੇ ਗਰਾਊਂਡ ਵਿੱਚ ਜਿਸ ਦਾ ਇੱਕ ਵਾਰ ਗੇੜਾ ਲੱਗ ਜਾਵੇ, ਉਹ ਕਬੱਡੀ ਤੋਂ ਬਿਨ੍ਹਾ ਰਹਿ ਨਹੀਂ ਸਕਦਾ। ਪੰਜਾਬੀਆਂ ਨੂੰ ਕਬੱਡੀ ਨਾਲ ਗੂੜਾ ਪ੍ਰੇਮ ਹੈ। ਭਾਵੇਂ ਕਿ ਕੁਝ ਸਮੇਂ ਤੋਂ ਕਬੱਡੀ ਮੁਸ਼ਕਿਲਾਂ ਵਿੱਚੋਂ ਗੁਜ਼ਰ ਰਹੀ ਹੈ, ਪਰ ਫਿਰ ਵੀ ਕਬੱਡੀ ਨਾਲੋਂ ਪੰਜਾਬੀਆਂ ਨੂੰ ਤੋੜਨਾ ਸੌਖਾ ਨਹੀਂ ਹੈ।

ਇੰਗਲੈਂਡ ਦੇ ਪੁਰਾਣੇ ਕਬੱਡੀ ਖਿਡਾਰੀਆਂ, ਪ੍ਰਮੋਟਰਾਂ ਵਿੱਚੋਂ ਲੈਸਟਰ ਵਾਲਾ ਪਿਆਰਾ ਸਿੰਘ ਰੰਧਾਵਾ ਦਾ ਵੀ ਵੱਡਾ ਨਾਮ ਸੀ। ਜੋ ਬੀਤੇ ਦਿਨੀ 9 ਮਾਰਚ 2026 ਨੂੰ ਇਸ ਫਾਨੀ ਦੁਨੀਆਂ ਨੂੰ ਅਲਵਿਦਾ ਕਹਿ ਕੇ ਆਪਣੀ ਸੰਸਾਰਕ ਯਾਤਰਾ ਪੂਰੀ ਕਰਕੇ ਚਲਾ ਗਿਆ। ਪਿਆਰਾ ਦਾ ਜਨਮ ਜਲੰਧਰ ਜਿਲ੍ਹੇ ਦੇ ਪਿੰਡ ਸੈਦੋਵਾਲ ਨੇੜੇ ਨੂਰਮਹਿਲ 2 ਅਗਸਤ 1953 ਨੂੰ ਹੋਇਆ। 6 ਸਾਲ ਦੀ ਉਮਰ ਵਿੱਚ ਉਹ 1961 ਵਿੱਚ ਇੰਗਲੈਂਡ ਆਏ ਜਿੱਥੇ ਉਹਨਾਂ ਆਪਣੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਆਮ ਪੰਜਾਬੀਆਂ ਵਾਂਗ ਮੇਹਨਤ ਕਰਦਿਆਂ ਅੱਗੇ ਵਧੇ। ਕੱਪੜੇ ਦੀ ਫੈਕਟਰੀ ਵਿੱਚ ਕੰਮ ਕੀਤਾ ਅਤੇ 1976 ਤੋਂ ਆਪਣਾ ਕਾਰੋਬਾਰ ਸ਼ੁਰੂ ਕੀਤਾ।

ਕਬੱਡੀ ਦੀ ਗੱਲ ਕਰੀਏ ਤਾਂ ਪਿਆਰੇ ਨੇ ਸ਼ੁਰੂ ਵਿੱਚ ਕਰਾਟੇ ਸਿੱਖਣੇ ਸ਼ੁਰੂ ਕੀਤੇ ਅਤੇ ਕਬੱਡੀ ਤਾਂ 1974 ਤੋਂ ਖੇਡਣੀ ਸ਼ੁਰੂ ਕੀਤੀ ਅਤੇ ਉਹ ਬਤੌਰ ਜਾਫੀ ਮੈਦਾਨ ਵਿੱਚ ਆਪਣਾ ਲੋਹਾ ਮਨਾਇਆ ਕਰਦਾ ਸੀ, ਕਹਿੰਦੇ ਕਹਾਉਂਦੇ ਰੇਡਰ ਨੂੰ ਵਖ਼ਤ ਪਾ ਦਿੰਦਾ ਸੀ।

ਸ਼ਿੰਗਾਰਾ ਸਿੰਘ ਨਾਲ ਗੱਲ ਚੱਲੀ ਤਾਂ ਉਹਨਾਂ ਦੱਸਿਆ ਕਿ 1977 ਵਿੱਚ ਫਿੜ੍ਹ ਵਾਲਸਾਲ ਵੱਲੋਂ ਇੰਗਲੈਂਡ ਵਿੱਚ ਖੇਡਣ ਆਇਆ, ਉਸ ਸਮੇਂ ਪਿਆਰੇ ਅਤੇ ਉਸ ਦੇ ਸਾਥੀਆਂ ਦੀ ਸਾਂਝ ਫਿੜ੍ਹ ਨਾਲ ਹੋਈ। ਜਿਸ ਦੀ ਮਿਸਾਲ ਇਹ ਹੈ ਕਿ 1982 ਵਿੱਚ ਲੈਸਟਰ ਵੱਲੋਂ ਕੈਨੇਡਾ ਕੱਪ ਖੇਡਣ ਗਏ ਕੱਪ ਜਿੱਤ ਕੇ ਮੁੜੇ। 1984 ਵਿੱਚ ਫਿੜ੍ਹ ਨੂੰ ਲੈਸਟਰ ਵੱਲੋਂ ਖੇਡਣਾ ਸੀ ਪਰ ਸ੍ਰੀ ਦਰਬਾਰ ਸਾਹਿਬ ਤੇ ਹੋਏ ਹਮਲੇ ਕਾਰਨ ਟੂਰਨਾਮੈਂਟ ਨਹੀਂ ਹੋ ਸਕੇ। ਪਿਆਰੇ ਰੰਧਾਵੇ ਦੇ ਨਾਲ ਬਲਦੇਵ ਜੰਬੋ, ਮੌਂਟੀ, ਫੌਜੀ ਅਤੇ ਸਾਥੀ ਖਿਡਾਰੀਆਂ ਨੇ ਲੰਮਾਂ ਸਮਾਂ ਇੰਗਲੈਂਡ ਦੇ ਗਰਾਊਂਡਾਂ ਵਿੱਚ ਆਪਣਾ ਲੋਹਾ ਮਨਵਾਇਆ।

ਪਿਆਰਾ ਸਿੰਘ ਰੰਧਾਵਾ ਹਮੇਸ਼ਾਂ ਦਾਰਾ ਸਿੰਘ ਨੂੰ ਆਪਣਾ ਰੋਲ ਮਾਡਲ ਮੰਨਦਾ ਸੀ, ਉਹਨਾਂ ਦੀਆਂ ਯਾਦਗਰੀ ਤਸਵੀਰਾਂ ਦੀ ਇਸ ਗੱਲ ਦੀ ਗਵਾਹੀ ਭਰਦੀਆਂ ਹਨ। ਸੁਨੀਲ ਦੱਤ ਵਰਗੇ ਅਦਾਕਾਰ ਜਦੋਂ ਕਿਸੇ ਦੀ ਤਾਰੀਫ ਕਰਨ ਤਾਂ ਉਸ ਸਖਸ਼ੀਅਤ ਦੇ ਕੰਮਾਂ ਨੂੰ ਦਾਦ ਦੇਣੀ ਬਣਦੀ ਹੈ। ਮਹਾਰਾਣੀ ਐਲਿਜ਼ਾਬੈੱਥ ਦੇ ਗੁਰਦੁਆਰਾ ਲੈਸਟਰ ਵਿਖੇ ਨਤਮਸਤਕ ਹੋਣ ਮੌਕੇ ਵੀ ਪਿਆਰਾ ਸਿੰਘ ਦੀ ਮੌਜੂਦਗੀ ਭਾਈਚਾਰਕ ਸਰਗਰਮੀ ਦੀ ਗਵਾਹ ਹੈ।

ਪਿਆਰੇ ਦੇ ਹਸੂੰ ਹਸੂੰ ਕਰਦੇ ਚਿਹਰੇ ਅਤੇ ਗਰਾਊਂਡ ਵਿੱਚ ਖਿਡਾਰੀਆਂ ਨੂੰ ਹੱਲਾਸ਼ੇਰੀ ਦੇਣ ਵਾਲੇ ਉਸ ਦੇ ਅੰਦਾਜ਼ ਕਦੇ ਭੁਲਾਏ ਨਹੀਂ ਜਾ ਸਕਦੇ। ਨਰਮ ਸੁਭਾਅ ਵਾਲੇ ਪਿਆਰੇ ਨੂੰ ਇੰਗਲੈਂਡ ਦੀਆਂ ਗਰਾਊਂਡਾਂ ਵਿੱਚ ਹਮੇਸ਼ਾਂ ਯਾਦ ਰੱਖਿਆ ਜਾਵੇਗਾ।

ਪਿਆਰਾ ਸਿੰਘ ਰੰਧਾਵਾ ਨੇ ਕਬੱਡੀ ਦੇ ਨਾਲ ਨਾਲ ਸਮਾਜ ਲਈ ਵੀ ਅੱਗੇ ਹੋ ਕੇ ਆਪਣਾ ਯੋਗਦਾਨ ਪਾਇਆ ਹੈ। ਉਹਨਾਂ ਦੀਆਂ ਸੇਵਾਵਾਂ ਲਈ ਲੈਸਟਰ ਕਬੱਡੀ ਕਲੱਬ ਵੱਲੋਂ ਕੁਲਵੰਤ ਸਿੰਘ ਸੰਘਾ, ਕੁਲਬੀਰ ਸਿੰਘ ਖੱਖ, ਨਿਰਮਲ ਸਿੰਘ ਲੱਡੂ ਅਤੇ ਸਾਥੀਆਂ ਨੇ 2024 ਵਿੱਚ ਵਿਸ਼ੇਸ਼ ਸਨਮਾਨ ਕੀਤਾ ਗਿਆ। ਸੈਦੋਂਵਾਲ ਪਿੰਡ ਵਾਸੀਆਂ ਨੇ ਵੀ ਪਿਆਰੇ ਨੂੰ ਸਨਮਾਨਿਤ ਕੀਤਾ। ਸੈਦੋਂਵਾਲ ਅਤੇ ਲੈਸਟਰ ਵਿੱਚ ਉਹਨਾਂ ਭਾਈਚਾਰਕ ਸਰਗਰਮੀਆਂ ਵਿੱਚ ਹਮੇਸ਼ਾਂ ਅੱਗੇ ਹੋ ਕੇ ਕੰਮ ਕੀਤਾ।

ਲੈਸਟਰ ਕਬੱਡੀ ਕਲੱਬ ਨੂੰ ਹੀ ਨਹੀਂ ਬਲਕਿ ਸਮੁੱਚੀ ਇੰਗਲੈਂਡ ਕਬੱਡੀ ਫੈਡਰੇਸ਼ਨ ਨੂੰ ਪਿਆਰਾ ਸਿੰਘ ਰੰਧਾਵਾ ਦੇ ਚਲੇ ਜਾਣ ਨਾਲ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਉਹ ਆਪਣੇ ਪਿੱਛੇ ਪਤਨੀ, ਤਿੰਨ ਬੇਟੇ ਅਤੇ ਉਹਨਾਂ ਦਾ ਹੱਸਦਾ ਵੱਸਦਾ ਪ੍ਰੀਵਾਰ ਛੱਡ ਗਏ ਹਨ। ਮੈਂ ਮਨਪ੍ਰੀਤ ਸਿੰਘ ਬੱਧਨੀ ਕਲਾਂ ਅਤੇ ਅਦਾਰਾ ਪੰਜਾਬ ਟਾਈਮਜ਼ ਪ੍ਰੀਵਾਰ ਨਾਲ ਹਮਦਰਦੀ ਪ੍ਰਗਟ ਕਰਦੇ ਹੋਏ ਪਿਆਰਾ ਸਿੰਘ ਰੰਧਾਵਾ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕਰਦੇ ਹਾਂ ਅਤੇ ਸ਼ਰਧਾ ਦੇ ਫੁੱਲ ਭੇਟ ਕਰਦੇ ਹਾਂ।

ਇੰਗਲੈਂਡ ਕਬੱਡੀ ਫੈਡਰੇਸ਼ਨ ਅਤੇ ਲੈਸਟਰ ਕਬੱਡੀ ਕਲੱਬ ਵੱਲੋਂ ਪਿਆਰਾ ਸਿੰਘ ਰੰਧਾਵਾ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਉਹਨਾਂ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕੀਤੀ ਜਾਂਦੀ ਹੈ। ਵਾਹਿਗੁਰੂ ਵਿੱਛੜੀ ਰੂਹ ਨੂੰ ਆਪਣੇ ਚਰਨਾ ਵਿੱਚ ਨਿਵਾਸ ਬਖ਼ਸ਼ੇ ਅਤੇ ਪ੍ਰੀਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੇ।





ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਨੁਮਾਇੰਦਿਆਂ ਨਾਲ, ਮਨਪ੍ਰੀਤ ਸਿੰਘ ਬੱਧਨੀ ਕਲਾਂ ਅਤੇ ਸੋਖਾ ਢੇਸੀ ਨਾਲ ਲੈਸਟਰ ਕਬੱਡੀ ਟੂਰਨਾਮੈਂਟ 2008 ਦੀ ਯਾਦਗਰੀ ਤਸਵੀਰ

## ਨਰਪਿੰਦਰ ਕੌਰ ਮਾਨ ਦਾ ਮਹਿਲਾ ਦਿਵਸ ਮੌਕੇ ਐਮਪੀਜ਼ ਪੁਰਸਕਾਰ ਨਾਲ ਸਨਮਾਨ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੰਡਨ ਬਾਰੋ ਆਫ ਹੰਸਲੋ ਵਿਖੇ ਕਰਵਾਏ ਅੰਤਰਰਾਸ਼ਟਰੀ ਮਹਿਲਾ ਦਿਵਸ ਮੌਕੇ ਵੱਖ-ਵੱਖ ਖੇਤਰਾਂ ਵਿੱਚ ਯੋਗਦਾਨ ਪਾਉਣ ਵਾਲੀਆਂ ਮਹਿਲਾਵਾਂ ਦਾ ਸਨਮਾਨ ਕੀਤਾ ਗਿਆ। ਬਰਤਾਨੀਆ ਦੀ ਵਿਦੇਸ਼ ਰਾਜ ਮੰਤਰੀ ਸੀਮਾ ਮਲਹੋਤਰਾ, ਐਮ ਪੀ ਰੂਥ ਕੈਡਬਰੀ, ਹੰਸਲੋ ਮੇਅਰ ਐਮੀ ਆਦਿ ਨੇ ਪੁਰਸਕਾਰਾਂ ਦੀ ਵੰਡ ਕੀਤੀ। ਇਸ ਮੌਕੇ ਹੰਸਲੋ ਅਤੇ ਆਸ ਪਾਸ ਦੇ ਖੇਤਰਾਂ ਵਿੱਚ ਚੰਗੇ ਸਮਾਜ ਦੀ ਸਿਰਜਣਾ ਲਈ ਕੰਮ ਕਰਦੀਆਂ ਮਹਿਲਾਵਾਂ ਇਕੱਤਰ ਹੋਈਆਂ। ਬੀਤੇ ਲੰਮੇਂ ਸਮੇਂ ਤੋਂ ਲੋੜਵੰਦ ਅਤੇ ਸਵੈ ਇੱਛੁਤ ਬਰਤਾਨੀਆ ਛੱਡ ਕੇ ਜਾਣ ਵਾਲੇ ਲੋਕਾਂ ਦੀ ਮਦਦ ਕਰਨ ਵਾਲੀ ਨਰਪਿੰਦਰ ਕੌਰ ਮਾਨ ਨੂੰ ਐਮਪੀ ਜੱਜ ਸ਼ਪੈਸ਼ਲ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਯੂਨਾਈਟਡ ਹਿਊਮੈਨੇਟੇਰੀਅਨਜ਼ ਸਿੱਖ ਏਡ ਦੀ ਡਾਇਰੈਕਟਰ ਨਰਪਿੰਦਰ ਕੌਰ ਮਾਨ ਬੀਤੇ ਦੋ ਦਹਾਕਿਆਂ ਤੋਂ ਸਮਾਜ ਸੇਵਾ ਕਰ ਰਹੀ ਹੈ, ਉਸ ਨੇ ਬਰਤਾਨਵੀ ਅਤੇ ਭਾਰਤ ਸਰਕਾਰ ਵਿੱਚਕਾਰ ਇੱਕ ਪੁਲ ਵਾਂਗ ਕੰਮ ਕਰਦਿਆਂ ਕਈ ਉਹਨਾਂ ਭਾਰਤੀਆਂ ਦੀਆਂ ਲਾਸ਼ਾਂ ਨੂੰ ਉਹਨਾਂ ਦੇ ਪ੍ਰੀਵਾਰਾਂ ਕੋਲ ਭੇਜਣ ਵਿੱਚ ਮਦਦ ਕੀਤੀ ਹੈ, ਜਿਹਨਾਂ ਦਾ ਯੂ ਕੇ ਵਿੱਚ ਕੋਈ ਨਹੀਂ ਸੀ।**



**ਨਰਪਿੰਦਰ ਕੌਰ ਮਾਨ ਦਾ ਸਨਮਾਨ ਕਰਨ ਮੌਕੇ ਮੰਤਰੀ ਸੀਮਾ ਮਲਹੋਤਰਾ ਅਤੇ ਹੋਰ**

# ਗੁਰੂ ਸਾਹਿਬਾਨ ਨਾਲ ਸੰਬੰਧਿਤ ਗੁਰਦੁਆਰਾ ਸਾਹਿਬਾਨ ਦਾ ਇਤਿਹਾਸ

# ਗੁਰਦੁਆਰਾ ਕੋਸ਼

–ਡਾ: ਜਸਬੀਰ ਸਿੰਘ ਸਰਨਾ
–ਦਿਲਜੀਤ ਸਿੰਘ ਬੇਦੀ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

## ਹਜ਼ਰੋਂ

ਪਾਕਿਸਤਾਨ ਦੇ ਲਾਹੌਰ–ਮੁਲਤਾਨ ਸੜਕ ਉੱਤੇ ਇਕ ਕਸਬਾ ਪੱਤੋਕੀ ਪੈਂਦਾ ਹੈ। ਪੱਤੋਕੀ ਤਕਰੀਬਨ ਰਾਵੀ ਵਾਲੀ ਦਿਸ਼ਾ ਵੱਲ 20 ਕਿਲੋਮੀਟਰ ਦੂਰ ਹੈ। ਪੱਤੋਕੀ ਤੋਂ ਪਿੰਡ ਹਜਰੋਂ ਵੱਲ ਪੱਕੀ ਸੜਕ ਜਾਂਦੀ ਹੈ। ਪਿੰਡ ਦੇ ਪੂਰਬ ਵੱਲ ਗੁਰੂ ਅਰਜਨ ਸਾਹਿਬ ਦਾ ਇਤਿਹਾਸਕ ਗੁਰਦੁਆਰਾ, ਗੁਰਦੁਆਰਾ ਪੰਜਵੀਂ ਪਾਤਸ਼ਾਹੀ ਹੈ। ਦੋ ਭਰਾਵਾਂ ਜਾਤਰੀ ਤੇ ਹਜ਼ਰੋਂ ਵਿੱਚਕਾਰ ਚੱਲ ਰਹੀ ਜ਼ਮੀਨ ਦੀ ਹੱਦਬੰਦੀ ਦਾ ਝਗੜਾ ਨਿਬੇੜਿਆ। ਇਥੇ ਦੋਹਾਂ ਪਿੰਡਾਂ ਵਿੱਚ ਹੱਦਬੰਦੀ ਕੀਤੀ ਅਤੇ ਆਪਣੇ ਪਵਿੱਤਰ ਚਰਨ ਪਾਏ। ਗੁਰਦੁਆਰਾ ਸਾਹਿਬ ਦੀ ਇਮਾਰਤ ਪਹਿਲਾਂ ਸਾਧਾਰਨ ਸੀ, ਪਰ ਮਗਰੋਂ ਪਿੰਡ ਵਾਸੀਆਂ ਨੇ ਨਵੀਂ ਬਣਾਈ ਹੈ। 1847 ਤੋਂ ਬਾਅਦ ਬੰਦ ਪਿਆ ਹੈ ਅਤੇ ਸਰੋਵਰ ਛੱਪੜ ਦਾ ਰੂਪ ਧਾਰਨ ਕਰ ਗਿਆ ਹੈ।

ਪੁਸਤਕ ਸੂਚੀ:– 1. ਇਕਬਾਲ ਕੇਸਰ–ਪਾਕਿਸਤਾਨ ਵਿੱਚ ਸਿੱਖਾਂ ਦੇ ਇਤਿਹਾਸਕ ਪਵਿੱਤਰ ਅਸਥਾਨ, ਲਾਹੌਰ, 1998

## ਹੰਢਿਆਇਆ

ਹੰਢਿਆਇਆ ਨੂੰ ਹੰਢਿਆਯਾ ਵੀ ਆਖਿਆ ਜਾਂਦਾ ਹੈ। ਹੰਢਿਆਇਆ ਬਰਨਾਲੇ ਦੇ ਦੱਖਣ–ਪੱਛਮ ਵੱਲ ਛੇ ਕਿਲੋਮੀਟਰ ਦੂਰ ਹੈ। ਬਰਨਾਲਾ ਦਾ ਅਕਸ਼ਾਂਸ਼ 300–22 ਅਤੇ ਰੇਖਾਂਸ਼ ਦੇਸ਼ਾਂਤਰ 750–32 ਹੈ। ਇਹ ਪਹਿਲਾਂ ਪੰਜਾਬ ਦੇ ਜ਼ਿਲ੍ਹਾ ਸੰਗਰੂਰ ਅਤੇ ਅੱਜ–ਕੱਲ੍ਹ ਨਵੇਂ ਬਣੇ ਜ਼ਿਲ੍ਹਾ ਬਰਨਾਲਾ ਵਿੱਚ ਆਉਂਦਾ ਹੈ। ਇਸ ਪਿੰਡ ਵਿੱਚ ਗੁਰੂ ਤੇਗ ਬਹਾਦਰ ਸਾਹਿਬ ਨੇ ਚਰਨ ਪਾਏ ਹਨ।

ਮੁਕਾਮੀ ਰਵਾਇਤ ਅਨੁਸਾਰ ਗੁਰੂ ਸਾਹਿਬ ਇਥੇ 1722 ਬਿਕਰਮੀ (1665 ਸੀ. ਈ.) ਨੂੰ ਆਏ ਅਤੇ ਇਕ ਤਲਾਬ ਦੇ ਕੰਢੇ ਬ੍ਰਿਛ ਹੇਠ ਬੈਠੇ ਸਨ। ਪਹਿਲਾਂ ਪਿੰਡ ਵਾਲਿਆਂ ਕੋਈ ਧਿਆਨ ਨਾ ਦਿੱਤਾ। ਫਿਰ ਇਕ ਬੰਦਾ ਆਇਆ, ਜਿਸ ਨੇ ਪਿੰਡ ਵਿੱਚ ਫੈਲੀ ਇਕ ਬਿਮਾਰੀ ਬਾਰੇ ਦੱਸਿਆ। ਉਸ ਨੇ ਆਪਣਾ ਬਿਮਾਰ ਬੱਚਾ ਵੀ ਨਾਲ ਲੈ ਆਂਦਾ ਸੀ। ਗੁਰੂ ਸਾਹਿਬ ਨੇ ਉਸ ਬੱਚੇ ਨੂੰ ਤਲਾਬ ਵਿੱਚ ਨਵ੍ਹਾ ਕੇ ਆਰੋਗ ਕੀਤਾ। ਪਹਿਲਾਂ ਉਸ ਆਦਮੀ ਕਿਹਾ ਕਿ ਜਾਨਵਰਾਂ ਆਦਿ ਨੂੰ ਤਾਲਾਬ ਵਿੱਚ ਪਿੰਡ ਵਾਲਿਆਂ ਨੇ ਨਵ੍ਹਾ ਕੇ ਗੰਦਾ ਕਰ ਦਿੱਤਾ ਹੈ। ਜਦੋਂ ਗੁਰੂ ਸਾਹਿਬ ਨੇ ਉਪਦੇਸ਼ ਦਿੱਤਾ ਕਿ ਜੋ ਵੀ ਤਲਾਬ ਵਿੱਚ ਇਸ਼ਨਾਨ ਕਰੇਗਾ, ਉਹ ਆਰੋਗ ਹੋ ਜਾਵੇਗਾ ਤਾਂ ਸਾਰੇ ਪਿੰਡ ਦੇ ਲੋਕੀਂ ਆ ਕੇ ਤਲਬ ਵਿੱਚ ਇਸ਼ਨਾਨ ਕਰਕੇ ਅਰੋਗ ਹੋ ਗਏ। ਲੋਕਾਂ ਨੇ ਗੁਰੂ ਸਾਹਿਬ ਦੀ ਬੜੀ ਸੇਵਾ ਕੀਤੀ ਅਤੇ ਉਨ੍ਹਾਂ ਦਾ ਆਸ਼ੀਰਵਾਦ ਪ੍ਰਾਪਤ ਕੀਤਾ।

ਇਸ ਤਲਾਬ ਨੂੰ ਹੁਣ ਸਰੋਵਰ ਵਿੱਚ ਬਦਲ ਦਿੱਤਾ ਗਿਆ ਹੈ, ਜੋ 64X64 ਮੀਟਰ ਹੈ ਅਤੇ ਆਰੋਗ ਹੋਣ ਦੀ ਸਮਰੱਥਾ ਰੱਖਦਾ ਹੈ। ਹੁਣ ਗੁਰਦੁਆਰਾ, ਗੁਰਦੁਆਰਾ ਗੁਰੂਸਰ ਸਾਹਿਬ ਪੱਕਾ ਪਾਤਸ਼ਾਹੀ ਨੌਵੀਂ ਕਰਕੇ ਪ੍ਰਸਿੱਧ ਹੈ। ਅਜੋਕੀ ਇਮਾਰਤ ਮਹਾਰਾਜਾ ਕਰਮ ਸਿੰਘ (1798–1745) ਆਫ਼ ਪਟਿਆਲਾ ਨੇ ਬਣਾਈ ਹੈ, ਜਿਸ ਵਿੱਚ ਇਕ ਵੱਡੀ ਹਵੇਲੀ, ਚਾਰ ਦੀਵਾਰੀ ਅੰਦਰ ਇਮਾਰਤ ਅਤੇ ਇਕ ਵੱਡੀ ਲੱਕੜੀ ਦੀ ਡਿਉੜੀ ਬਣੀ ਹੈ। ਪ੍ਰਕਾਸ਼ ਅਸਥਾਨ ਗੁੰਬਦਦਾਰ 5X5 ਮੀਟਰ ਉੱਚੀ ਕੁਰਸੀ 'ਤੇ ਬਣਿਆ ਹੈ। ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਵਿੱਚਕਾਰਲੇ ਕਮਰੇ ਵਿੱਚ ਹੁੰਦਾ ਹੈ। 1962 ਵਿੱਚ ਵੱਡੇ ਦੀਵਾਨ ਹਾਲ ਦਾ ਵਿਸਥਾਰ ਕੀਤਾ ਗਿਆ ਹੈ। ਗੁਰਦੁਆਰੇ ਨਾਲ ਪਹਿਲਾਂ 250 ਏਕੜ ਜ਼ਮੀਨ ਸੀ, ਜੋ ਹੁਣ ਕੇਵਲ 90 ਏਕੜ ਰਹਿ ਗਈ ਹੈ। ਇਸ ਗੁਰਦੁਆਰੇ ਦਾ ਪ੍ਰਬੰਧ ਸਿੱਧਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰਦੀ ਹੈ। ਇਹ ਗੁਰਦੁਆਰਾ ਨੋਟੀਫਾਈਡ ਹੈ ਅਤੇ ਗੁਰਦੁਆਰਾ ਐਕਟ ਦੇ ਸੈਕਸ਼ਨ 87 ਅਧੀਨ ਹੈ। ਮੱਸਿਆ 'ਤੇ ਭਾਰੀ ਜੋੜ–ਮੇਲਾ ਹੁੰਦਾ ਹੈ।

ਪੁਸਤਕ ਸੂਚੀ:–1. ਕਾਨ੍ਹ ਸਿੰਘ ਨਾਭਾ–ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990 2. ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ, ਅੰਮ੍ਰਿਤਸਰ, 1968 3. ਤਾਰਾ ਸਿੰਘ–ਸ੍ਰੀ ਗੁਰ ਤੀਰਥ ਸੰਗ੍ਰਹਿ, ਕਨਖੱਲ, 1975 4. ਹਰਬੰਸ ਸਿੰਘ (ਸੰ.)– ਦੀ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਜਿਲਦ ਦੂਜੀ, ਪਟਿਆਲਾ, 1996



ਗੁਰਦੁਆਰਾ ਸੁਖਚੈਨਆਣਾ ਸਾਹਿਬ ਫਗਵਾੜਾ

## (ਸੁਖੀਚੈਨਆਣਾ ਸਾਹਿਬ ਫਗਵਾੜਾ)

ਪੰਜਾਬ ਦੇ ਕਪੂਰਥਲਾ ਜ਼ਿਲ੍ਹਾ ਵਿੱਚ ਪਿੰਡ ਹਦੀਆਬਾਦ ਆਉਂਦਾ ਹੈ। ਇਹ ਫਗਵਾੜੇ ਤੋਂ 1.5 ਕਿਲੋਮੀਟਰ ਪੱਛਮ ਦਿਸ਼ਾ ਵੱਲ ਹੈ। ਇਸ ਪਿੰਡ ਵਿੱਚ ਗੁਰਦੁਆਰਾ ਛੇਵੀਂ ਪਾਤਸ਼ਾਹੀ ਗੁਰੂ ਹਰਿਗੋਬਿੰਦ ਸਾਹਿਬ ਨਾਲ ਸੰਬੰਧਿਤ ਹੈ। ਗੁਰੂ ਸਾਹਿਬ ਫਗਵਾੜੇ ਠਹਿਰਨ ਸਮੇਂ 1635 ਵਿੱਚ ਇਸੇ ਨਗਰ ਆਏ ਸਨ। ਫਗਵਾੜੇ ਦਾ ਅਕਸ਼ਾਂਸ਼ 310–14 ਅਤੇ ਰੇਖਾਂਸ਼ ਦੇਸ਼ਾਂਤਰ 750–46 ਹੈ। ਗੁਰੂ ਹਰਿਰਾਇ ਸਾਹਿਬ ਵੀ ਇਸ ਪਿੰਡ ਆਏ ਦੱਸੇ ਜਾਂਦੇ ਹਨ। ਅਜੋਕੀ ਤਿੰਨ ਮੰਜ਼ਲੀ ਇਮਾਰਤ ਦਾ ਨੀਂਹ ਪੱਥਰ 5 ਮਾਰਚ 1950 ਨੂੰ ਰੱਖਿਆ ਗਿਆ ਹੈ। ਇਸ ਦੇ ਉਪਰ ਅੱਠ ਨੁੱਕਰਾਂ ਵਾਲਾ ਗੁੰਬਦ ਹੈ। ਪ੍ਰਮੁੱਖ ਹਾਲ ਵਿੱਚ ਇਕ ਨੁੱਕਰ 'ਤੇ ਪ੍ਰਕਾਸ਼ ਅਸਥਾਨ ਹੈ, ਜਿਸ ਉਪਰ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ। ਇਸ ਦੇ ਨਾਲ ਹੀ ਸਰੋਵਰ ਹੈ। ਇਸ ਗੁਰਦੁਆਰਾ ਦਾ ਪ੍ਰਬੰਧ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰਦੀ ਹੈ। ਇਹ ਗੁਰਦੁਆਰਾ ਐਕਟ ਦੇ ਸੈਕਸ਼ਨ 87 ਅਧੀਨ ਹੈ ਅਤੇ ਇਸ ਦਾ ਪ੍ਰਬੰਧ ਗੁਰਦੁਆਰਾ ਸੁਖਚੈਨਆਣਾ ਸਾਹਿਬ ਫਗਵਾੜਾ ਨਾਲ ਸੰਬੰਧਿਤ ਹੈ। ਕੀਰਤਨ ਦਾ ਪ੍ਰਵਾਹ ਰੋਜ਼ ਚੱਲਦਾ ਹੈ ਅਤੇ ਪ੍ਰਮੁੱਖ ਗੁਰਪੁਰਬਾਂ 'ਤੇ ਭਾਰੀ ਜੋੜ–ਮੇਲੇ ਹੁੰਦੇ ਹਨ। ਸੱਤ ਏਕੜ ਜ਼ਮੀਨ ਰਿਆਸਤ ਵੱਲੋਂ ਮੁਆਫ਼ ਸੀ।

ਪੁਸਤਕ ਸੂਚੀ:–1. ਕਾਨ੍ਹ ਸਿੰਘ ਨਾਭਾ–ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990 2. ਹਰਬੰਸ ਸਿੰਘ (ਸੰ.)– ਦੀ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਜਿਲਦੀ ਦੂਜੀ, ਪਲਿਆਲਾ, 1996

## ਹਫ਼ਤਮਦਰ

ਪਾਕਿਸਤਾਨ ਦੇ ਜ਼ਿਲ੍ਹਾ ਸ਼ੇਖੂਪੁਰਾ ਅਤੇ ਤਹਿਸੀਲ ਨਨਕਾਣਾ ਸਾਹਿਬ ਵਿੱਚ ਪਿੰਡ ਹਫ਼ਤਮਦਰ ਆਉਂਦਾ ਹੈ। ਭਾਈ ਫੇਰੂ ਖੁੰਡਾ ਸੜਕ ਉੱਤੇ ਜਾਤਰੀ ਤੋਂ ਅੱਗੇ ਹੈ। ਪ੍ਰਮੁੱਖ ਸੜਕ ਤੋਂ ਕੋਈ ਪੰਜ ਕਿਲੋਮੀਟਰ ਨਿੱਕੀ ਜਿਹੀ ਸੜਕ ਪਿੰਡ ਵਿੱਚ ਜਾਂਦੀ ਹੈ। ਗੁਰ–ਦੁਆਰੇ ਨੂੰ ਗੁਰਦੁਆਰਾ ਸੱਚੀ ਮੰਜੀ ਪਹਿਲੀ ਪਾਤਸ਼ਾਹੀ ਵੀ ਆਖਿਆ ਜਾਂਦਾ ਹੈ। ਗੁਰੂ ਨਾਨਕ ਸਾਹਿਬ ਦਾ ਪਲੰਘ ਗਿੱਲ ਜ਼ਿਮੀਂਦਾਰ ਕੋਲ ਸੀ। ਗੁਰੂ ਅਰਜਨ ਸਾਹਿਬ ਨੇ ਵੀ ਇਥੇ ਚਰਨ ਪਾਏ ਅਤੇ ਪ੍ਰੇਮੀ ਸਿੱਖਾਂ ਨੂੰ ਇਕ ਸੋਟਾ ਬਖ਼ਸ਼ਿਸ਼ ਕੀਤਾ। ਗੁਰੂ ਅਮਰਦਾਸ ਸਾਹਿਬ ਦੇ ਇਕ ਜੋੜੇ ਦਾ ਪੈਰ ਵੀ ਇਥੇ ਸੀ ਅਤੇ ਦੂਜਾ ਧੁਨੀ (ਜ਼ਿਲ੍ਹਾ ਹਾਫ਼ਿਜ਼ਾਬਾਦ) ਵਿੱਚ ਸੀ। ਸਵਾ ਰੁਪਈਆ ਲੈ ਕੇ ਦਰਸ਼ਨ ਕਰਵਾਏ ਜਾਂਦੇ ਸਨ। ਹੁਣ ਗੁਰਦੁਆਰਾ ਸਾਹਿਬ ਦੀ ਇਮਾਰਤ ਢਹਿ ਚੁੱਕੀ ਹੈ। ਕੁਝ ਦੀਵਾਰਾਂ ਹੀ ਸੁਰੱਖਿਅਤ ਹਨ, ਜਿਨ੍ਹਾਂ ਵਿੱਚ ਲੋਕੀਂ ਆਣ ਕੇ ਰਹਿ ਰਹੇ ਹਨ।

ਪੁਸਤਕ ਸੂਚੀ:–1. ਇਕਬਾਲ ਕੇਸਰ–ਪਾਕਿਸਤਾਨ ਵਿੱਚ ਸਿੱਖਾਂ ਦੇ ਇਤਿਹਾਸਕ ਪਵਿੱਤਰ ਅਸਥਾਨ, ਲਾਹੌਰ, 1998

## ਹਰਗਣਾ

ਪੰਜਾਬ ਦੇ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਿੱਚ ਪਿੰਡ ਹਰਗਣਾ ਆਉਂਦਾ ਹੈ, ਜੋ ਬੱਸੀ ਪਠਾਣਾਂ ਤੋਂ ਅੱਠ ਕਿਲੋਮੀਟਰ ਦੂਰ ਹੈ। ਬੱਸੀ ਪਠਾਣਾਂ ਦਾ ਅਕਸ਼ਾਂਸ਼ 300–42 ਅਤੇ ਰੇਖਾਂਸ਼ ਦੇਸ਼ਾਂਤਰ 760–25 ਹੈ। ਇਸ ਪਿੰਡ ਵਿੱਚ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਇਤਿਹਾਸਕ ਅਸਥਾਨ ਮੰਜੀ ਸਾਹਿਬ ਬਣਿਆ ਹੋਇਆ ਹੈ। ਗੁਰੂ ਸਾਹਿਬ ਕੁਰੂਕਸ਼ੇਤਰ ਤੋਂ ਅਨੰਦਪੁਰ ਜਾਣ ਸਮੇਂ 1702–03 ਨੂੰ ਇਥੇ ਆ ਕੇ ਠਹਿਰੇ ਸਨ। ਪੁਰਾਣੀਆਂ ਇਮਾਰਤਾਂ ਅਜੇ ਵੀ ਸੁਰੱਖਿਅਤ ਹਨ, ਜਿਨ੍ਹਾਂ ਨੂੰ ਗੁਰੂ ਕਾ ਲੰਗਰ ਅਤੇ ਰਿਹਾਇਸ਼ ਵਾਸਤੇ ਇਸਤੇਮਾਲ ਕੀਤਾ ਜਾਂਦਾ ਹੈ। ਪੁਰਾਣੀ ਮੰਜੀ ਸਾਹਿਬ ਦੀ ਥਾਂ ਹੁਣ ਨਵਾਂ ਗੁਰਦੁਆਰਾ ਸਾਹਿਬ ਤਾਮੀਰ ਕੀਤਾ ਗਿਆ ਹੈ, ਜੋ ਸੰਤ ਇੰਦਰ ਸਿੰਘ (ਦੇਹਾਂਤ 1943) ਦੀ ਨਿਗਰਾਨੀ ਹੇਠ ਤਿਆਰ ਹੋਇਆ, ਜਿਨ੍ਹਾਂ ਚਾਲੀ ਸਾਲ ਇਸ ਗੁਰਦੁਆਰੇ ਦੀ ਸੇਵਾ ਕੀਤੀ। ਇਸ ਗੁਰ–ਦੁਆਰੇ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਨਾਮਜਦ ਕਮੇਟੀ ਕਰਦੀ ਹੈ। ਇਹ ਗੁਰਦੁਆਰਾ ਨੋਟੀਫਾਈਡ ਹੈ ਅਤੇ ਗੁਰਦੁਆਰਾ ਐਕਟ ਦੇ ਸੈਕਸ਼ਨ 87 ਅਧੀਨ ਹੈ।

**ਪੁਸਤਕ ਸੂਚੀ:– 1. ਹਰਬੰਸ ਸਿੰਘ (ਸੰ.)– ਦੀ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਜਿਲਦ ਦੂਜੀ, ਪਟਿਆਲਾ, 1996**

## ਹਰਪਾਲਪੁਰ

ਪੰਜਾਬ ਦੇ ਜ਼ਿਲ੍ਹਾ ਪਟਿਆਲਾ ਦਾ ਇਕ ਪਿੰਡ ਹਰਪਾਲਪੁਰ ਹੈ, ਜੋ ਰਾਜਪੁਰਾ ਦੇ ਦੱਖਣ ਵੱਲ 20 ਕਿਲੋਮੀਟਰ ਦੂਰ ਹੈ। ਇਸ ਪਿੰਡ ਵਿੱਚ ਗੁਰੂ ਤੇਗ ਬਹਾਦਰ ਸਾਹਿਬ ਦਾ ਇਤਿਹਾਸਕ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ ਬਣਿਆ ਹੋਇਆ ਹੈ।

ਮੁਕਾਮੀ ਰਵਾਇਤ ਅਨੁਸਾਰ ਗੁਰੂ ਤੇਗ ਬਹਾਦਰ ਸਾਹਿਬ 23 ਜਨਵਰੀ 1675 ਨੂੰ ਇਥੇ ਆਏ ਸਨ। ਗੁਰੂ ਸਾਹਿਬ ਇਕ ਬੋਹੜ ਦੇ ਦਰਖ਼ਤ ਹੇਠ, ਜੋ ਪਿੰਡ ਦੇ ਉੱਤਰ ਵੱਲ 100 ਮੀਟਰ ਦੂਰ ਸੀ, ਬੈਠੇ ਸਨ। ਅਜੋਕੀ ਮਨਮੋਹਣੀ ਇਮਾਰਤ ਬਾਅਦ ਵਿੱਚ ਬਣੀ ਸੀ। ਬੋਹੜ ਦਾ ਦਰਖ਼ਤ ਹੁਣ ਮੌਜੂਦ ਨਹੀਂ । ਪੁਰਾਣੀ ਇਮਾਰਤ 1933 ਵਿੱਚ ਢਹਿ ਕੇ ਸੰਤ ਸੁੰਦਰ ਸਿੰਘ (ਦੇਹਾਂਤ 26 ਅਪ੍ਰੈਲ, 1935) ਨੇ ਨਵੀਂ ਇਮਾਰਤ ਉਸਾਰੀ ਹੈ। ਇਸ ਇਮਾਰਤ ਵਿੱਚ ਇਕ ਵੱਡਾ ਹਾਲ, ਪ੍ਰਕਾਸ਼ ਅਸਥਾਨ, 1947 ਬਾਅਦ ਹੀ ਮੁਕੰਮਲ ਹੋਇਆ ਸੀ। ਗੁਰਦੁਆਰੇ ਉਪਰ ਸ਼ਾਨਦਾਰ ਚਿੱਟੇ ਗੁੰਬਦ ਨਜ਼ਰੀਂ ਪੈਂਦੇ ਹਨ, ਜਿਸ ਉਪਰ ਸੋਨੇ ਦਾ ਕਲਸ਼ ਦੂਰੋਂ ਮਨ ਮੋਹ ਲੈਂਦਾ ਹੈ। ਗੁਰਦੁਆਰੇ ਦਾ ਪ੍ਰਬੰਧ ਨਾਮਜਦ ਕਮੇਟੀ ਕਰਦੀ ਹੈ, ਜੋ ਕੀਰਤਨ ਅਤੇ ਗੁਰਬਾਣੀ ਲਈ ਇਕ ਸਕੂਲ ਚਲਾਉਂਦੀ ਹੈ। ਸਰਕਾਰ ਦੀ ਸਹਾਇਤਾ ਨਾਲ ਪ੍ਰਾਇਮਰੀ ਸਕੂਲ ਵੀ ਚੱਲਦਾ ਹੈ। ਇਹ ਗੁਰਦੁਆਰਾ ਨੋਟੀਫਾਈਡ ਹੈ ਅਤੇ ਗੁਰ–ਦੁਆਰਾ ਐਕਟ ਦੇ ਸੈਕਸਨ 87 ਅਧੀਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਾਂਭ–ਸੰਭਾਲ ਕਰ ਰਹੀ ਹੈ।

ਪੁਸਤਕ ਸੂਚੀ:–1. ਕਾਨ੍ਹ ਸਿੰਘ ਨਾਭਾ–ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990 2. ਹਰਬੰਸ ਸਿੰਘ (ਸੰ.)– ਦੀ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਜਿਲਦ ਦੂਜੀ, ਪਟਿਆਲਾ, 1996

ਬਾਕੀ ਅਗਲੇ ਹਫ਼ਤੇ ਪੜ੍ਹੋ


– ਲੇਖਕ –
ਗਿਆਨੀ
ਗੁਰਦਿੱਤ ਸਿੰਘ



ਲੜੀ ਜੋੜਨ ਲਈ ਪਿਛਲਾ ਅੰਕ ਦੇਖੋ
ਕਿਸ਼ਤ–34

# ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ

**ਭਗਤ ਕਬੀਰ ਜੀ ਦੀ ਬਾਣੀ ਦੂਜੇ ਭਗਤਾਂ ਨਾਲੋਂ ਮਾਤਰਾ ਵਿੱਚ ਤਾਂ ਵਧੇਰੇ ਹੈ ਹੀ, ਕਬੀਰ ਜੀ ਦਾ ਜੀਵਨ ਵੱਡ-ਉਮਰਾ ਅਤੇ ਤਜਰਬਿਆਂ ਦਾ ਭੰਡਾਰ ਹੋਣ ਕਾਰਨ ਉਨ੍ਹਾਂ ਦੀ ਪ੍ਰਾਪਤੀ ਦੇ ਕਈ ਪੜਾ ਦਰਸਾਉਣ ਕਰਕੇ, ਮਹੱਤਵਪੂਰਣ ਭੀ ਹੈ । ਕਬੀਰ ਜੀ ਨਿਸੰਗਤਾ ਨਾਲ ਆਪਣੀ ਧਰਮ ਨਿਸ਼ਠਾ-ਜਦੋਂ ਤੱਕ ਪਰਮ ਸ਼ਾਂਤੀ ਪ੍ਰਾਪਤ ਨਾ ਹੋਈ, ਬਦਲਦੇ ਰਹੇ, ਜੀਵਨ ਵਿੱਚ ਵੱਖੋ ਵੱਖਰੇ ਤਜਰਬੇ ਕਰਦੇ ਰਹੇ, ਅਜੇਹੀਆਂ ਅਵਸਥਾਂ ਦੇ ਦ੍ਰਿਸ਼ ਅਤੇ ਵਰਣਨ ਉਨ੍ਹਾਂ ਦੀ ਬਾਣੀ ਵਿੱਚ ਮਿਲਦੇ ਹਨ । ਕਬੀਰ ਜੀ ਦੀ ਰਚਨਾ ਵਿੱਚ ਮਿਲਦੀਆਂ ਅੰਤਰੀਵ ਵਿਰੋਧਤਾਈਆਂ ਅਨੁਭਵੀ ਮਾਰਗ ਦੇ ਬਦਲਦੇ ਰਹਿਣ ਦੀ ਟੋਹ ਦਿੰਦੀਆਂ ਹਨ, ਨਾਲ ਹੀ ਉਸ ਅਤ੍ਰਿਪਤੀ ਦੇ ਬਿਉਰੇ ਹਨ ਜਿਸ ਦੇ ਅਹਿਸਾਸ ਨੇ ਉਨ੍ਹਾਂ ਨੂੰ ਸੰਪੂਰਨ ਤ੍ਰਿਪਤੀ ਦੇ ਸਿਖਰ ਉੱਤੇ ਪਹੁੰਚਾਇਆ।**




(6) ਸਾਹਿਬ ਜੁਲਹਿਦੀ ਅਲਾਹ ਕਾ
ਸਵਰੂਪ, ਕਾਸ਼ੀ ਨਗਰ ਬਿਚ ਆਏ ਅਨੂਪ॥
ਜੜੇ ਤੋਕ ਬੇੜੀ ਗਲੇ ਮੈਂ ਜੰਜੀਰ ਲੋਧੀ
ਸਿਕੰਦਰ ਦਈ ਹੈ ਜੋ ਪੀਰ।
ਡਾਰਯ ਗੰਗਾ ਬੀਚ ਦੀਨਾ ਡਬੋਯਾ,
ਰਾਖਨਹਾਰ ਸਮਰਥ ਝੜੇ ਤੋਕ ਤੋਹਿ।
(7) ਹਾਥੀ ਖੂਨੀ ਬੇਗ ਲੀਨਹਾ ਬੁਲਾਇ।
ਮੁਸ਼ਕ ਬਾਂਧ ਡਾਰਥਾ ਹਾਥੀ ਕੇ ਜੂ ਪਾਇ।
ਹਾਥੀ ਦਰਸ ਸਿੰਹ ਦਰਸ਼ਨ ਦਿਆਲ।
ਕੁਰਨਿਸ਼ ਕਰੀ ਦੇਖ ਬੰਕਾ ਨਾ ਬਾਲ।
ਫੀਲਬਾਨ ਕੁਰਬਾਨ ਦੀਨਾ ਦੀਦਾਰ।
ਹਾਥੀ ਉਲਟ ਮੋੜ ਲੀਨਾ ਮਹਾਰ।
ਕਹਤਾ ਸਿਕੰਦਰ ਬਲਾਵੋ ਜੋ ਫੀਲ।
ਕਰੋ ਏਗ ਤੜਫਤ ਲਗਾਵੋ ਨਾ ਡੀਲ।
ਦੇਖਕੈ ਸਿਕੰਦਰ ਦੀਵਾਨ ਯਹਿ ਸਿੰਘ।
ਆਏ ਚਿੰਦਾਨੰਦ ਕਲਾ ਕੋਟ ਰੰਗ।
ਦੁੰਦਕਾਰ ਗੂੰਜੇ ਚਲੇ ਭਾਗ ਫੀਲ।
ਦੇਖਿਆ ਸਿਕੰਦਰ ਦਰਸ ਧਿਆਨ ਨੀਲ॥
ਚਰਨ ਧੋਅ ਪੀਏ ਸਿਕੰਦਰ ਸਿਤਾਬ।
ਤੂੰਹੀ ਅਰਬ ਮੱਕਾ ਤੂੰਹੀ ਹੈ ਕਿਤਾਬ।
(ਸ੍ਰੀ ਗਰੀਬ ਦਾਸ ਜੀ ਕੀ ਬਾਣੀ ਪ੍ਰ. ਸੰ. 376)

ਉਪਰੋਕਤ ਟਿੱਪਣੀਆਂ ਦੇ ਕੇ ਗੰਗਾ ਸ਼ਰਣ ਜੀ, ਨਿਚੋੜਵੀਂ ਗੱਲ ਲਿਖਦੇ ਹਨ:

ਸੰਬੋਧਕ ਸ੍ਰੀ ਸਵਾਮੀ ਚੇਤਨਦਾਸ ਜੀ ਮਹਾਰਾਜ, ਡਾ. ਸ਼ਿਆਮ ਸੁੰਦਰ ਦਾਸ ਸ਼ਾਸਤ੍ਰੀ, ਸ੍ਰੀ ਸਵਾਮੀ ਧਰਮ ਸਨੇਹੀ ਜੀ ਮਹਾਰਾਜ, ਪਰਮਹੰਸ ਸ੍ਰ: 2021 ਸੰਨ 1964 ਈਸਵੀ ਇਤਿਆਦਿ ਉਲੇਖ ਬਹੁਤ ਹੈ, ਜਿਸਕਾ ਸੰਗ੍ਰਹਿ ਇਕ ਸਥਾਨ ਪਰ ਕਰਨਾ ਸੰਭਵ ਨਹੀਂ ਹੈ। ਪਹਿਲੇ ਕੇ ਸਭੀ ਸੰਤ ਲੋਗੋਂ ਨੇ ਯਹੀ ਲਿਖਾ ਹੈ ਸਦਗੁਰ ਕਬੀਰ ਜੋ ਸਿਕੰਦਰ ਲੋਧੀ ਸਵਯੰ ਕਾਸ਼ੀ ਮੇਂ ਆਕਰ ਮਿਲਾਯਾ ਔਰ ਇਧਰ ਕੇ ਭੀ ਬਹੁਤ ਵਿਦਵਾਨੋਂ ਕੋ ਮਿਲਾ ਨਹੀਂ ਮਾਨਤੇ, ਯਹ ਉਨਕੀ ਭੂਲ ਹੈ। ਆਪਕੋ ਸ਼ਾਂਤਚਿਤ ਹੋਕਰ ਸੋਚਨਾ ਚਾਹਿਏ, ਸਦਗੁਰ ਕਬੀਰ ਨੇ ਆਪਣੀ ਪ੍ਰੀਖਸ਼ਾ ਕਾ ਸਵਯੰ ਉਲੇਖ ਕੀਆ ਹੈ:

ਮਨ ਨਾ ਡਿਗੈ ਤਨੁ ਕਾਹੇ ਕਉ ਡਰਾਇ॥
ਚਰਨ ਕਮਲ ਚਿਤੁ ਰਹਿਓ ਸਮਾਇ॥
ਰਹਾਉ॥
ਗੰਗਾ ਕੀ ਲਹਰਿ ਮੇਰੀ ਟੁਟੀ ਜੰਜੀਰ॥
ਮ੍ਰਿਗਛਾਲਾ ਪਰ ਬੈਠੇ ਕਬੀਰ॥
ਕਹਿ ਕੰਬੀਰ ਕੋਊ ਸੰਗ ਨਾ ਸਾਥ।
ਜਲ ਥਲ ਰਾਖਨ ਹੈ ਰਘੁਨਾਥ॥3॥20॥19॥
(ਭੈਰਉ ਕਬੀਰ, ਪੰਨਾ 1162)

ਉਪਰ ਦਿੱਤੀਆਂ ਇਨ੍ਹਾਂ ਲਿਖਤਾਂ ਦਾ ਭਾਵ ਹੈ ਕਿ ਆਰੰਭ ਕਾਲ ਤੋਂ ਕਬੀਰ ਜੀ ਦਾ ਹਾਲ ਲਿਖਣ ਵਾਲੇ ਉਨ੍ਹਾਂ ਨੂੰ ਸਿਕੰਦਰ ਲੋਧੀ ਦਾ ਸਮਕਾਲੀ ਮੰਨਦੇ ਰਹੇ ਹਨ ਅਤੇ ਚਲਾਣੇ ਦਾ ਸੰਮਤ 1575 ਹੀ ਪ੍ਰਮਾਣਿਕ ਹੈ।

## ਕਬੀਰ ਪੰਥੀ ਸਾਹਿਤ ਅਤੇ ਪਰੰਪਰਾ

## ਬਾਰੇ ਵਿਦਵਾਨਾਂ ਦੇ ਲੇਖ:

ਸਵਾਮੀ ਰਾਮਾਨੰਦ ਜੀ ਕਾ ਕਾਲ ਮਿਲ ਜਾਨੇ ਸੇ ਸਦਗੁਰ ਕਬੀਰ ਜੀ ਕਾ ਕਾਲ ਭੀ ਮਿਲ ਜਾਤਾ ਹੈ। ਸਦਗੁਰ ਕਬੀਰ ਨੇ ਸਵਾਮੀ ਰਾਮਾਨੰਦ ਕਾ ਦਰਸ਼ਨ ਉਨ ਕੀ 65 ਵਰਸ਼ ਕੀ ਅਵਸਥਾ ਮੇਂ ਕੀਯਾ ਥਾ। 65 ਵਰਸ਼ ਕੇ ਲੋਕ ਆਜ ਭੀ ਰਿਸ਼ਟ ਪੁਸ਼ਟ ਮਿਲਤੇ ਹੈਂ। ਸਤਿਗੁਰ ਕਬੀਰ ਕਾ ਕਾਲ ਬਿਕ੍ਰਮੀ ਸੰਮਤ 1455 ਸੇ ਬਿਕ੍ਰਮੀ ਸੰਮਤ 1575 ਤੱਕ ਹੈ ਜੋ ਬਿਲਕੁੱਲ ਸਹੀ ਹੈ। ਇਸ ਕੇ ਵਿਪਰੀਤ ਉਨ ਕਾ ਜਨਮ ਕਾਲ ਆਗੇ ਪੀਛੇ ਖੀਚਨੇ ਪਰ ਘਟਨਾਓਂ ਕਾ ਵਿਵਰਣ ਤਰਕਮਈ ਨਹੀਂ ਰਹਿਤਾ। ਇਸ ਸੇ ਜਨ ਸਮ੍ਰਿਤ ਏਵੰ ਇਤਿਹਾਸਕ ਲੇਖੋਂ ਕਾ ਅਨੁਕਰਨ ਹੋ ਜਾਤਾ ਹੈ। ਉਕਤ ਨਿਸ਼ਚਯ ਕੋ ਸਤ ਕੀ ਕਸੌਟੀ ਪਰ ਕਸ ਕਰ ਹੀ ਲਿਖਾ ਗਯਾ ਹੈ। ਸੰਤ ਸ਼੍ਰੋਮਣੀ ਮਹਾਤਮਾ ਕਬੀਰ ਕੇ ਪੰਡਤ ਦੁਖਹਰਣ ਦਵਾਰਾ ਹੋਤੀ ਹੈ। ਕੁਛ ਲੋਗ ਸ਼ੇਖ ਤਕੀ ਕੀ ਬਾਤ ਕਰਤੇ ਹੈਂ। ਕਬੀਰ ਕੀ ਰਚਨਾ ਹੈ:-

ਕਬੀਰ ਰਾਮਾਨੰਦ ਕੋ
ਸਤਿਗੁਰ ਭਏ ਸਹਾਇ॥
ਜਗ ਮੇਂ ਯੁਕਤ ਮਾਨੁਖ ਹੈ
ਸੋ ਸਭ ਦੇਹ ਬਤਾਇ॥
ਸਤਿਗੁਰ ਕੇ ਪ੍ਰਤਾਪ ਸੇ ਮਿਟ
ਗਯੋ ਸਭਿ ਦੁਖ ਦੰਦ॥
ਕਹਿ ਕਬੀਰ ਦੁਬਧਾ ਮਿਟੀ ਗੁਰ ਮਿਲਿਆ ਰਾਮਾਨੰਦ॥ (ਕਬੀਰ ਚਰਿਤ੍ਰ ਸਫ਼ਾ 34)

## ਚੰਦਰਬਲੀ ਪਾਂਡੇ ਨੇ ਆਪਣੀ ਪੁਸਤਕ ਵਿਚਾਰ ਵਿਮ੍ਰਸ਼ ਵਿੱਚ ਦੱਸਿਆ ਹੈ :-

ਯਦਿ ਗੈਜ਼ਟੀਅਰ ਦੇਖੇਂ, ਪਤਾ ਚਲਤਾ ਹੈ ਕਿ 1570 ਈਸਵੀ ਕੇ ਲੱਗਭੱਗ ਵਹਾਂ ਮੁਸਲਮਾਨੋਂ ਕਾ ਪ੍ਰਵੇਸ਼ ਹੂਆ। ਭਾਸ਼ਾ ਕੀ ਕਸੌਟੀ ਪਰ ਕਸਨੇ ਸੇ ਭੀ ਕਬੀਰ ਫਾਰਸੀ ਪ੍ਰਭਾਵੀ ਨਿਕਲਤੇ ਹੈਂ। ਪ੍ਰਸਿੱਧ ਹੈ ਕਿ ਹਿਦੂਓਂ ਮੇਂ ਫਾਰਸੀ ਪ੍ਰਭਾਵ ਸਿਕੰਦਰ ਲੋਧੀ ਕੇ ਆਗ੍ਰਹਿ ਸੇ ਹੂਆ ਥਾ। (ਸਫ਼ਾ 12)

ਚੰਦਰਬਲੀ ਪਾਂਡੇ ਨੇ ਕਬੀਰ ਜੀ ਦੇ ਉਨ੍ਹਾਂ ਸ਼ਬਦਾਂ ਦੀ ਸੂਚੀ ਦਿੱਤੀ, ਜਿਨ੍ਹਾਂ ਵਿੱਚ ਫਾਰਸੀ ਸ਼ਬਦਾਵਲੀ ਦੀ ਵਰਤੋਂ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਆਈ ਕਬੀਰ ਬਾਣੀ ਵਿੱਚ ਫਾਰਸੀ ਪ੍ਰਭਾਵ ਵਾਲੇ ਪਦ ਆਮ ਤੌਰ 'ਤੇ ਮਿਲਦੇ ਹਨ। ਹਿੰਦੀ ਵਿੱਚ, ਗੋਬਿੰਦ ਤ੍ਰਿਗੁਣਾਇਤ ਨੇ ਆਪਣੀਆਂ ਦੋਵੇਂ ਪੁਸਤਕਾਂ ਵਿੱਚ ਇਸੇ ਸੰਮਤ 1575 ਨੂੰ ਸਵੀਕਾਰ ਕੀਤਾ ਹੈ:-

ਮੈਂ ਉਨਕੀ ਆਯੂ 120 ਵਰਸ਼ ਮਾਨਤਾ ਹੂੰ। ਇਸ ਦ੍ਰਿਸ਼ਟੀ ਸੇ ਉਨਕੀ ਨਿਧਨ ਤਿਥੀ 1575 ਹੋਤੀ ਹੈ। ਹਮ ਕਬੀਰ ਜੀ ਕੀ ਨਿਧਨ ਤਿਥੀ 1575 ਮਾਨਤੇ ਹੈਂ। (ਸਫ਼ਾ 49 ਕਬੀਰ ਕੀ ਵਿਚਾਰਧਾਰਾ)

ਕਬੀਰ ਦਰਸ਼ਨ ਗ੍ਰੰਥ ਦੇ ਲੇਖਕ ਡਾ. ਰਾਮ ਜੀ ਲਾਲ ਸਹਾਇਕ ਲਖਨਊ ਦੇ ਗ੍ਰੰਥ ਦੀਆਂ ਆਰੰਭਕ ਲਾਈਨਾਂ ਹਨ:-

ਮਹਾਤਮਾ ਕਬੀਰ ਕਾ ਅਸਤਿਤ੍ਵ ਸਿਕੰਦਰ ਲੋਧੀ (1545-1575 ਰਾਜਕਾਲ) ਕੇ ਸਮਯ ਥਾ।

ਕਬੀਰ ਪੰਥੀ ਰਸਾਲਾ (ਮਾਸਕਪਤ੍ਰ) ਜਮਾਲਪੁਰ ਮੁੰਗੇਰ ਤੋਂ ਛੱਪਦਾ ਰਿਹਾ ਹੈ। ਇਸ ਪਰਚੇ ਦੇ ਵਿਸ਼ੇਸ਼ ਅੰਕ ਨੰਬਰ 7, 1970 ਦੇ ਪਰਚੇ ਦੇ ਸਫ਼ੇ 29 ਕਾਲਮ ਪਹਿਲੇ ਵਿੱਚ ਲਿਖਿਆ ਹੈ:

ਉਨਕੇ ਅੰਤਰ ਧਯਾਨ ਤਿਥੀ ਕੇ
ਵਿਸ਼ਯ ਮੇਂ ਯਹਿ ਪ੍ਰਚਲਿਤ ਹੈ:
ਸੰਬਤ ਸਤਾਰਹ ਸੈ ਪਚਤਰ ਮਗਹਰ
ਕੀਓ ਗਉਨ।
ਮਾਘ ਸੁਦੀ ਏਕਾਦਸ਼ੀ ਮਿਲੀ
ਪਵਨ ਮੇਂ ਪਉਨ। (26)

ਦੂਸਰੇ ਕਾਲਮ ਵਿੱਚ (ਸਫ਼ਾ 26) ਗੁਰੂ ਨਾਨਕ ਅਤੇ ਕਬੀਰ ਜੀ ਦਾ ਮੇਲ ਹੋਇਆ ਲਿਖਿਆ ਹੈ। ਇਨ੍ਹਾਂ ਪ੍ਰਮਾਣਾਂ ਤੋਂ ਸਿੱਧ ਹੈ ਕਬੀਰ ਜੀ ਦਾ ਚਲਾਣਾ 1575 ਵਿੱਚ ਹੋਇਆ। ਜਿਸ ਅਨੁਸਾਰ ਉਹ ਗੁਰੂ ਨਾਨਕ ਜੀ ਦੇ ਉਣੰਜਾ ਸਾਲ ਸਮਕਾਲੀ ਰਹੇ। ਗੁਰੂ ਜੀ 30 ਸਾਲ ਦੀ ਉਮਰ ਦੇ ਨੇੜੇ ਯਾਤਰਾ ਉੱਤੇ ਚੜ੍ਹੇ। ਉਪਰਲੀ ਚਰਚਾ ਦਾ ਉਦੇਸ਼ ਇਹ ਹੈ, ਗੁਰੂ ਨਾਨਕ ਜੀ ਅਤੇ ਕਬੀਰ ਜੀ ਦੇ ਮਿਲਣ ਜੁਲਣ ਦਾ ਸਮਾਂ ਵੀਹ ਵਰ੍ਹੇ ਤੋਂ ਵਧੇਰੇ ਦਾ ਹੈ। ਪੰਜਾਹ ਸਾਲ ਸਮਕਾਲੀ ਹੋਣ ਦੇ ਰੂਪ ਵਿੱਚ ਸੰਸਾਰ ਵਿੱਚ ਦੋਨਾਂ ਦੇ ਵਿਚਰਣ ਦਾ ਬਣਦਾ ਹੈ।

## ਕਬੀਰ ਬਾਣੀ ਦਾ ਵਿਸ਼ੈ ਵਿਸ਼ਲੇਸ਼ਣ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਭਗਤ ਕਬੀਰ ਜੀ ਦੀ ਬਾਣੀ ਸਭਨਾਂ ਭਗਤਾਂ ਤੋਂ ਵਧੀਕ ਹੈ। ਗੁਰੂ ਗ੍ਰੰਥ ਸਾਹਿਬ ਵਿੱਚ 30 ਰਾਗ, ਆਦਿ ਬੀੜ ਦੇ ਸੰਪਾਦਨ ਸਮੇਂ ਨਿਯਮਤ ਕੀਤੇ ਗਏ ਸਨ। (ਜੈਜਾਵੰਤੀ ਇਕੱਤੀਵਾਂ ਰਾਗ ਗੁਰੂ ਤੇਗ ਬਹਾਦਰ ਜੀ ਦਾ ਪਿੱਛੋਂ ਦਸ਼ਮੇਸ਼ ਜੀ ਨੇ ਸ਼ਾਮਿਲ ਕੀਤਾ ਸੀ) 17 ਰਾਗਾਂ ਵਿੱਚ ਕਬੀਰ ਜੀ ਦੀ ਬਾਣੀ ਹੈ, ਉਨ੍ਹਾਂ ਰਾਗਾਂ ਦੇ ਨਾਮ ਇਹ ਹਨ:- 1. ਸਿਰੀ ਰਾਗੁ 2. ਗਉੜੀ 3. ਆਸਾ 4. ਗੂਜਰੀ 5. ਸੋਰਠਿ 6. ਧਨਾਸਰੀ 7. ਤਿਲੰਗ 8. ਸੂਹੀ 9. ਬਿਲਾਵਲ 10. ਗੋਂਡ 11. ਰਾਮਕਲੀ 12. ਮਾਰੂ 13. ਕੇਦਾਰਾ 14. ਭੈਰਉ 15. ਬਸੰਤ 16. ਸਾਰੰਗ 17. ਪ੍ਰਭਾਤੀ॥

ਸਵਾ ਦੋ ਸੌ ਪਦਾ, ਢਾਈ ਸੌ ਸਲੋਕ (ਅੰਦਾਜ਼ਨ) ਗੁਰੂ ਗ੍ਰੰਥ ਸਾਹਿਬ ਵਿੱਚ ਕਬੀਰ ਜੀ ਦੇ ਪ੍ਰਾਪਤ ਹਨ। ਉਨ੍ਹਾਂ ਦੀ ਇਸ ਬਾਣੀ ਨੂੰ ਸਭ ਤੋਂ ਪ੍ਰਾਚੀਨ ਤੇ ਪ੍ਰਮਾਣਿਕ ਮੰਨਿਆ ਜਾਂਦਾ ਹੈ। (ਕਬੀਰ ਜੀ ਦੀ ਇਸ ਬਾਣੀ ਨੂੰ ਵਾਸਤਵਕ ਰਚਨਾ ਪ੍ਰਮਾਣਿਕ ਮੰਨਿਆ ਜਾਂਦਾ ਹੈ। ਸੰਤ ਪਰੰਪਰਾ 175)

ਭਗਤ ਕਬੀਰ ਜੀ ਦੀ ਬਾਣੀ ਦੂਜੇ ਭਗਤਾਂ ਨਾਲੋਂ ਮਾਤਰਾ ਵਿੱਚ ਤਾਂ ਵਧੇਰੇ ਹੈ ਹੀ, ਕਬੀਰ ਜੀ ਦਾ ਜੀਵਨ ਵੱਡ-ਉਮਰਾ ਅਤੇ ਤਜਰਬਿਆਂ ਦਾ ਭੰਡਾਰ ਹੋਣ ਕਾਰਨ ਉਨ੍ਹਾਂ ਦੀ ਪ੍ਰਾਪਤੀ ਦੇ ਕਈ ਪੜਾ ਦਰਸਾਉਣ ਕਰਕੇ, ਮਹੱਤਵਪੂਰਣ ਭੀ ਹੈ। ਕਬੀਰ ਜੀ ਨਿਸੰਗਤਾ ਨਾਲ ਆਪਣੀ ਧਰਮ ਨਿਸ਼ਠਾ-ਜਦੋਂ ਤੱਕ ਪਰਮ ਸ਼ਾਂਤੀ ਪ੍ਰਾਪਤ ਨਾ ਹੋਈ, ਬਦਲਦੇ ਰਹੇ, ਜੀਵਨ ਵਿੱਚ ਵੱਖੋ ਵੱਖਰੇ ਤਜਰਬੇ ਕਰਦੇ ਰਹੇ, ਅਜੇਹੀਆਂ ਅਵਸਥਾਂ ਦੇ ਦ੍ਰਿਸ਼ ਅਤੇ ਵਰਣਨ ਉਨ੍ਹਾਂ ਦੀ ਬਾਣੀ ਵਿੱਚ ਮਿਲਦੇ ਹਨ। ਕਬੀਰ ਜੀ ਦੀ ਰਚਨਾ ਵਿੱਚ ਮਿਲਦੀਆਂ ਅੰਤਰੀਵ ਵਿਰੋਧਤਾਈਆਂ ਅਨੁਭਵੀ ਮਾਰਗ ਦੇ ਬਦਲਦੇ ਰਹਿਣ ਦੀ ਟੋਹ ਦਿੰਦੀਆਂ ਹਨ, ਨਾਲ ਹੀ ਉਸ ਅਤ੍ਰਿਪਤੀ ਦੇ ਬਿਉਰੇ ਹਨ ਜਿਸ ਦੇ ਅਹਿਸਾਸ ਨੇ ਉਨ੍ਹਾਂ ਨੂੰ ਸੰਪੂਰਨ ਤ੍ਰਿਪਤੀ ਦੇ ਸਿਖਰ ਉੱਤੇ ਪਹੁੰਚਾਇਆ।

ਸਾਧਨਾ ਭਗਤੀ ਦੇ ਅੰਗ, ਸਿਮਰਨ, ਸੇਵਾ, ਨਿਰਮਾਣਤਾ, ਬਿਰਹਾ, ਸਰਣਾਗਤੀ, ਮਨ ਦੀਆਂ ਬਦਲਦੀਆਂ ਅਵਸਥਾਂ, ਹਠ-ਯੋਗ ਦੇ ਕਰਮ, ਫਿਰ ਪਰਮ ਅਨੰਦ ਦੀ ਪ੍ਰਾਪਤੀ ਦੇ ਰਹੱਸ ਕਬੀਰ ਜੀ ਦੀ ਬਾਣੀ ਵਿੱਚ ਕਈ ਰੰਗਾਂ ਵਿੱਚ ਆਏ ਹਨ। ਕਬੀਰ ਜੀ ਨੇ ਆਪਣੀ ਜਾਤੀ ਤੇ ਨਿੱਜੀ ਪਰਵਾਰਕ ਵਿਥਿਆ ਦੀ ਜਾਣਕਾਰੀ ਭੀ ਦਿੱਤੀ ਹੈ। ਉਨ੍ਹਾਂ ਦੇ ਧੰਦੇ ਅਤੇ ਉਸ ਲਈ ਵਰਤੇ ਜਾਣ ਵਾਲੇ ਸੰਦਾਂ ਜਾਂ ਉਪਕਰਣਾਂ ਤੱਕ ਦਾ ਜ਼ਿਕਰ ਆਉਂਦਾ ਹੈ।

ਚਲਦਾ......

# ‘ਆਪ’ ਵਿਧਾਇਕਾ ਅਨਮੋਲ ਗਗਨ ਮਾਨ ਦੇ ਪਤੀ ਸਣੇ ਤਿੰਨ ਨੂੰ ਦੋ-ਦੋ ਸਾਲ ਦੀ ਕੈਦ



ਡੇਰਾਬੱਸੀ ਦੀ ਇੱਕ ਅਦਾਲਤ ਨੇ ਸਾਲ 2018 ਦੇ ਚੈੱਕ ਬਾਊਂਸ ਮਾਮਲੇ ਵਿੱਚ ਇੱਕ ਹਾਊਸਿੰਗ ਪ੍ਰੋਜੈਕਟ ਫਰਮ ਦੇ ਤਿੰਨ ਭਾਈਵਾਲਾਂ ਨੂੰ ਦੋ-ਦੋ ਸਾਲ ਦੀ ਕੈਦ ਅਤੇ 10,000 ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਸਜ਼ਾ ਪਾਉਣ ਵਾਲਿਆਂ ਵਿੱਚ ਖਰੜ ਤੋਂ ਆਮ ਆਦਮੀ ਪਾਰਟੀ (ਆਪ) ਦੀ ਵਿਧਾਇਕਾ ਅਨਮੋਲ ਗਗਨ ਮਾਨ ਦੇ ਪਤੀ ਸ਼ਹਿਬਾਜ਼ ਸਿੰਘ ਸੋਹੀ ਵੀ ਸ਼ਾਮਲ ਹਨ। ਹਾਲਾਂਕਿ, ਅਦਾਲਤ ਨੇ ਫੈਸਲੇ ਤੋਂ ਤੁਰੰਤ ਬਾਅਦ ਤਿੰਨਾਂ ਮੁਲਜ਼ਮਾਂ- ਸ਼ਹਿਬਾਜ਼ ਸਿੰਘ ਸੋਹੀ (ਸੈਕਟਰ-3 ਨਿਵਾਸੀ), ਨਛੱਤਰ ਸਿੰਘ (ਨਾਰਾਇਣਗੜ੍ਹ) ਅਤੇ ਜਤਿੰਦਰ ਸਿੰਘ (ਜ਼ੀਰਕਪੁਰ), ਨੂੰ ਜ਼ਮਾਨਤ ਦੇ ਦਿੱਤੀ ਹੈ।

### ਕੀ ਹੈ ਪੂਰਾ ਮਾਮਲਾ?

ਪੰਚਕੂਲਾ ਦੇ ਸੈਕਟਰ-21 ਨਿਵਾਸੀ ਕਮਲਜੀਤ ਸਿੰਘ ਨੇ M/S Plaitnum Smart Biuldcon LLP ਅਤੇ ਇਸ ਦੇ ਤਿੰਨ ਭਾਈਵਾਲਾਂ ਵਿਰੁੱਧ ਨੇਗੋਸ਼ੀਏਬਲ ਇੰਸਟ੍ਰੂਮੈਂਟ ਐਕਟ ਦੀ ਧਾਰਾ 138/142 ਅਤੇ ਆਈ.ਪੀ.ਸੀ. ਦੀ ਧਾਰਾ 420 ਤਹਿਤ ਸ਼ਿਕਾਇਤ ਦਰਜ ਕਰਵਾਈ ਸੀ। ਸ਼ਿਕਾਇਤਕਰਤਾ ਅਨੁਸਾਰ, ਉਕਤ ਫਰਮ ਨੇ ਰਾਜਪੁਰਾ ਦੀ ਸਿਲਵਰ ਸਿਟੀ ਵਿੱਚ ਪਲਾਟਾਂ ਦੀ ਵਿਕਰੀ ਸਬੰਧੀ ਇੱਕ ਸੌਦਾ ਕੀਤਾ ਸੀ, ਜੋ ਸਿਰੇ ਨਹੀਂ ਚੜ੍ਹ ਸਕਿਆ। ਇਸ ਦੇ ਬਦਲੇ ਮੁਲਜ਼ਮਾਂ ਨੇ ਉਸ ਨੂੰ 3.5 ਕਰੋੜ ਰੁਪਏ ਦਾ ਚੈੱਕ ਦਿੱਤਾ ਸੀ, ਜੋ ਬੈਂਕ ਵਿੱਚ ਲਗਾਉਣ ਤੇ ਬਾਊਂਸ ਹੋ ਗਿਆ।

# ਡੰਗ ਮਨਚੰਦੇ ਦੇ



ਤੇਜਿੰਦਰ ਮਨਚੰਦਾ ਪ੍ਰਦੇਸੀ
rajinder.pardesi7@gmail.com

ਭਾਗਵਾਨੇ! ਸਿਲੰਡਰ ਤਾਂ ਮਿਲਿਆ ਨਹੀਂ! ਰਸੋਈ ਦੀ ਖਿੜਕੀ ਤੇ ਲਾਉਣ ਲਈ ਸਿਲੰਡਰ ਵਾਲੀ ਫੋਟੋ ਵਾਲਾ ਪਰਦਾ ਹੀ ਲੈ ਆਇਆ ਹਾਂ! ਇਹ ਹੀ ਲਾ ਲੈ!!!



# ਆਓ ਘਰੇ ਬੈਠੇ ਆਪਣੀ ਮਾਂ ਬੋਲੀ ਪੰਜਾਬੀ ਸਿੱਖੀਏ

ਪੰਜਾਬ ਟਾਈਮਜ਼ ਨੂੰ ਲਗਾਤਾਰ ਸਹਿਯੋਗ ਦੇਣ ਵਾਲੇ ਸਾਡੇ ਬਹੁਤ ਹੀ ਸੁਹਿਰਦ ਸੱਜਣਾਂ ਦੇ ਸੁਝਾਅ ’ਤੇ ਇਹ ਨਵਾਂ ਕਾਲਮ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸ਼ੁਰੂ ਕੀਤਾ ਗਿਆ ਹੈ। ਇਸ ਵਿੱਚ ਹਰ ਹਫ਼ਤੇ ਅਗਲਾ ਨਵਾਂ ਪਾਠ ਲਈ ਦਿੱਤਾ ਜਾਂਦਾ ਹੈ ....


**ਜਿਸ ਕਿਤਾਬ ਤੋਂ ਇਹ ਸਬਕ ਸ਼ੁਰੂ ਕੀਤਾ ਗਿਆ ਹੈ, ਇਸ ਦੇ ਚਾਰ ਭਾਗ (ਲੈਵਲ) ਹਨ। ਇਥੇ ਇਹ ਸਬਕ ਪਹਿਲੇ ਭਾਗ ਵਿੱਚੋਂ ਹੈ .....**

**ਹੁਣ ਤੁਸੀਂ ਕੀ ਕਰਨਾ ਹੈ?**

ਆਪਣੇ ਬੱਚੇ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਓ ਤੇ ਅੱਖਰ ਬੋਲਣੇ ਦੱਸੋ। ਪੂਰਾ ਹਫਤਾ ਹਰ ਰੋਜ਼ ਇੱਕ ਵਾਰ ਬੱਚੇ ਨਾਲ ਕੁੱਝ ਮਿੰਟ ਸਮਾਂ ਜ਼ਰੂਰ ਬਿਤਾਓ, ਉਹ ਜਲਦੀ ਹੀ ਸਿੱਖਣਾ ਸ਼ੁਰੂ ਕਰ ਦੇਵੇਗਾ। ਇੰਝ ਆਪਾਂ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਅਤੇ ਵਿਰਸੇ ਨਾਲ ਜੋੜ ਸਕਾਂਗੇ।

**ਜਿਹਨਾਂ ਨੇ ਬੱਚਿਆਂ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕੀਤੀ ਹੈ, ਸਾਨੂੰ ਇਸ ਬਾਰੇ ਲਿਖ ਕੇ ਸੁਝਾਅ ਜ਼ਰੂਰ ਭੇਜੋ ...**

ਘਰ ਬੈਠੇ ਆਪ ਵੀ ਗੁਰਮੁਖੀ (ਪੰਜਾਬੀ) ਸਿੱਖ ਸਕਦੇ ਹੋ ਤੇ ਆਪਣੇ ਬੱਚਿਆਂ ਨੂੰ ਵੀ ਇਹਨਾਂ ਕਿਤਾਬਾਂ ਦੀ ਮਦਦ ਨਾਲ ਸਿਖਾ ਸਕਦੇ ਹੋ। 4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ ’ਤੇ ਡਿਸਕਾਊਂਟ ਦਿੰਦੇ ਹਾਂ।




ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ ’ਤੇ ਸੰਪਰਕ ਕਰ ਸਕਦੇ ਹੋ

PANJAB TIMES, Bridle Gate Lane, Alvaston, Derby, DE24 0QW, U.K.
Email:panjabtimes@gmail.com, www.panjabtimes.uk
WhatsApp No. 07966 388 388

## ਆਓ ਹੇਠਾਂ ਦਿੱਤੇ ਅੱਖਰਾਂ ਨੂੰ ਜੋੜ ਕੇ ਪੜ੍ਹਨਾ ਤੇ ਲਿਖਣਾ ਸਿਖੀਏ...

ਘਰ ਦਾ ਕੰਮ

Mukta: ਮੁਕਤਾ

Mukta is symbol-free i.e. has no vowel-symbol.
The sound of Vowels (a,e,i,o,u) in words like:
Her, Sir, Ton, Bus, Jug
ਹਰ, ਸਰ, ਟਨ, ਬਸ, ਜਗ

Go to fremontkhalsaschool.org, Click on Sabad Bhandar in the menu on the left, find & write two letter Mukta words which have either of the following letters in it.

ਤ, ਥ, ਦ, ਧ, ਨ

ਸਿਖਿਆ - ਗੁਰਮੁਖੀ Page 51 Level I

# ਭਰਿਆ ਮੇਲਾ ਛੱਡਣਾ ਚੰਗਾ ਕਿਉਂ ਹੁੰਦਾ ਐ ?

ਤਰਲੋਚਨ ਸਿੰਘ ਦੁਪਾਲ ਪੁਰ
001-408-905-5517
tsdupalpuri@yahoo.com


ਭਰੇ ਭਕੁੰਨੇ ਪ੍ਰਵਾਰ ਵਿੱਚੋਂ ਕਿਸੇ ਸਿਆਣੇ ਦੇ ਅਕਾਲ ਚਲਾਣਾ ਕਰ ਜਾਣ 'ਤੇ ਘਰ ਦੇ ਜੀਆਂ ਨੂੰ ਆਂਢ ਗੁਆਂਢ ਵਾਲ਼ੇ ਧਰਵਾਸ ਦਿੰਦਿਆਂ ਅਕਸਰ ਕਹਿੰਦੇ ਨੇ-'ਕੋਈ ਨਾ ਭਾਈ,ਭਰਿਆ ਮੇਲਾ ਛੱਡ ਕੇ ਗਿਆ ਐ!' ਇੱਕ ਵਾਰ ਇਸ ਮੁਹਾਵਰੇ ਦਾ ਅਮਲੀ ਰੂਪ ਦੇਖਣ ਬਾਅਦ ਹੀ ਮੈਨੂੰ ਅਨੁਭਵ ਹੋਇਆ ਕਿ ਵਾਕਿਆ ਹੀ ਭਰਿਆ ਮੇਲਾ ਛੱਡਣਾ ਕਿੰਨਾਂ ਬਿਹਤਰ ਹੁੰਦਾ ਹੈ।

ਹੋਇਆ ਇੰਜ ਕਿ ਬਾਦਲ ਦਲ ਨਾਲ ਸਮਝੌਤੇ ਤੋਂ ਬਾਅਦ ਟੌਹੜਾ ਸਾਹਬ ਨੇ ਸ਼੍ਰੋਮਣੀ ਕਮੇਟੀ ਦਾ ਮੁੜ ਪ੍ਰਧਾਨ ਬਣਨ 'ਤੇ ਮੈਨੂੰ ਸ੍ਰੀ ਅਨੰਦ ਪੁਰ ਸਾਹਬ ਦੇ ਗੁਰਦੁਆਰਿਆਂ ਦੀ ਜਾਇਦਾਦ-ਸਬ ਕਮੇਟੀ ਦਾ ਵੀ ਮੈਂਬਰ ਨਿਯਤ ਕਰ ਦਿੱਤਾ।

ਹੋਲਾ ਮਹੱਲਾ ਤਾਂ ਵੈਸੇ ਆਪਾਂ ਪਹਿਲਾਂ ਵੀ ਲਗਭਗ ਬਿਨਾਂ ਨਾਗਾ ਹੀ ਦੇਖਦੇ ਰਹੇ ਹਾਂ ਪਰ ਇਕ ਸਾਲ ਸਬ-ਕਮੇਟੀ ਦਾ ਮੈਂਬਰ ਹੋਣ ਸਦਕਾ ਸਾਰੇ ਪ੍ਰਬੰਧਾਂ ਦੀ ਦੇਖ-ਰੇਖ ਕਰਨ ਹਿਤ ਮੈਂ ਪੰਜ ਛੇ ਦਿਨ ਸ੍ਰੀ ਅਨੰਦ ਪੁਰ ਸਾਹਬ ਜੋੜ-ਮੇਲੇ ਵਿਚ ਘੁੰਮਦਾ ਫਿਰਦਾ ਰਿਹਾ। ਚਾਰੇ ਪਾਸੇ ਰੌਣਕਾਂ ਹੀ ਰੌਣਕਾਂ ਦਾ ਖੁਦ ਅੰਗ ਬਣਕੇ ਪੰਥਕ ਜਾਹੋ ਜਲਾਲ ਦਾ ਖੂਬ ਅਨੰਦ ਮਾਣਦਾ ਰਿਹਾ!

ਦੂਸਰੇ ਚਾਰ-ਪੰਜ ਸਾਥੀ ਮੈਂਬਰ ਸਾਹਿਬਾਨ ਮਹੱਲੇ ਵਾਲੇ ਦਿਨ ਹੀ ਘਰੋ ਘਰੀਂ ਵਾਪਸ ਮੁੜ ਗਏ। ਮੈਨੇਜ਼ਰ ਨੇ ਮੈਨੂੰ ਜੋਰ ਪਾ ਕੇ ਕਿਹਾ ਕਿ ਮੈਂਬਰ ਸਾਹਬ ਮਿਹਰਬਾਨੀ ਕਰਕੇ ਤੁਸੀਂ ਜਰੂਰ ਰੁਕ ਜਾਉ ਕਿਉਂ ਕਿ ਗੋਲ਼ਕਾਂ ਦੀ ਗਿਣਤੀ ਤੋਂ ਇਲਾਵਾ ਹੋਰ ਕਈ ਦਫਤਰੀ ਕਾਗਜ਼-ਪੱਤਰਾਂ 'ਤੇ ਮੈਂਬਰ ਦੀ ਹਾਜ਼ਰੀ/ ਸਾਈਨ ਜਰੂਰੀ ਹੁੰਦੇ ਹਨ।

ਲਉ ਜੀ ਹੋਲੇ ਦੀ ਆਖਰੀ ਸ਼ਾਨ ਮਹੱਲੇ ਤੋਂ ਦੂਜੇ ਜਾਂ ਤੀਜੇ ਦਿਨ ਸ਼ਾਮ ਨੂੰ ਵਾਪਸੀ ਮੌਕੇ ਜਦ ਮੈਂ ਤਖਤ ਸਾਹਿਬ 'ਤੇ ਮੱਥਾ ਟੇਕਣ ਗਿਆ ਤਾਂ ਜੋੜ-ਮੇਲੇ ਦੌਰਾਨ ਸੰਗਤਾਂ ਦੇ ਹੜ੍ਹ ਦੀ ਥਾਂਹ ਉੱਥੇ ਇੱਕਾ-ਦੁੱਕਾ ਮਾਈ ਭਾਈ ਫਿਰਦੇ ਦੇਖ ਕੇ ਮੈਂ ਭੁਚੱਕਾ ਜਿਹਾ ਹੀ ਰਹਿ ਗਿਆ! ਫਿਰ ਜਦ ਤਖਤ ਸਾਹਿਬ ਵਾਲ਼ੀ ਘਾਟੀ ਉੱਤਰ ਕੇ ਬੱਸ ਅੱਡੇ ਵੱਲ੍ਹ ਨੂੰ ਤੁਰਿਆ ਉੱਥੇ ਨੀਲੀਆਂ ਪੀਲ਼ੀਆਂ ਦਸਤਾਰਾਂ ਦੁਮਾਲਿਆਂ ਅਤੇ ਰੰਗ ਬਰੰਗੀਆਂ ਚੁੰਨੀਆਂ ਪਹਿਨੀਂ ਠਾਠਾਂ ਮਾਰਦੀ ਸੰਗਤ ਨਦਾਰਦ! ਸੁੰਨੀਆਂ ਸੜਕਾਂ ਅਤੇ ਚਾਟ-ਭੱਲੇ ਤੇ ਗੋਲ਼ ਗੱਪਿਆਂ ਵਾਲ਼ਿਆਂ ਵਲੋਂ ਸੁੱਟੀਆਂ ਲਿੱਬੜੀਆਂ-ਤਿਬੜੀਆਂ ਅਖਬਾਰਾਂ ਨੂੰ ਸੁੰਘਦੇ-ਚੱਟਦੇ ਫਿਰਦੇ ਕੁੱਤੇ ਦੇਖ ਕੇ ਮੈਂ ਬੇਚੈਨ ਹੀ ਹੋ ਗਿਆ!



ਮਨ-ਚਿੱਤ ਨੂੰ ਖਾਲਸਈ ਹੁਲਾਸ ਨਾਲ ਭਰਨ ਵਾਲ਼ੀਆਂ ਸੰਗਤਾਂ ਦਾ ਸਮੁੰਦਰ ਅੱਜ ਕਿੱਧਰ ਵਗ ਗਿਆ? ਸ੍ਰੀ ਕੇਸ ਗੜ੍ਹ ਸਾਹਿਬ ਦੇ ਚੌਗਿਰਦੇ ਵਿਚ ਗੂੰਜਦੀਆਂ ਢੱਡ-ਸਾਰੰਗੀਆਂ ਅਤੇ ਕੰਨੀਂ ਪੈਂਦੀਆਂ ਜੋਸ਼ੀਲੀਆਂ ਵਾਰਾਂ ਦਾ ਵਿਸਮਾਦੀ ਗਾਇਨ ਸਭ ਅਲੋਪ ! ਗਰਮਾਂ ਗਰਮ ਪਕੌੜੇ, ਦੇਸੀ ਘਿਉ ਦੀਆਂ ਜਲੇਬਾਂ ਅਤੇ ਕੜ੍ਹੀ-ਚੌਲ਼ ਛਕੋ ਜੀ ਦੇ ਸੱਦੇ ਵੀ ਖਾਮੋਸ਼ ਹੋ ਚੁੱਕੇ ਸਨ।

ਸਰੋਵਰ ਦੇ ਮੋਹਰਲੇ ਗਰਾਊਂਡ ਵਿਚ ਲਿਬੜੇ ਤਿਬੜੇ ਪਾਟੇ ਲਿਫਾਫੇ ਅਤੇ ਰੱਦੀ ਕਾਗਜ਼,ਚੱਲ ਰਹੀ ਉਦਾਸ ਹਵਾ ਕਾਰਨ ਉੜਦੇ ਹੋਏ ਦੇਖ ਕੇ ਮੈਂ ਹੋਰ ਉਦਾਸ ਹੋ ਗਿਆ।

ਮੇਲੇ ਦੌਰਾਨ ਪੰਜ ਛੇ ਦਿਨ ਏਧਰ ਓਧਰ ਘੁੰਮਦਿਆਂ ਕਿੱਥੇ ਮੈਨੂੰ ਜਾਣਦੇ ਪਛਾਣਦੇ ਸੱਜਣ ਉਡ ਉਡ ਮਿਲ਼ਦੇ ਰਹੇ...ਗੱਜ ਵੱਜ ਫਤਹਿ ਬੁਲਾਉਂਦੇ ਗਲਵਕੜੀਆਂ ਪਾਉਂਦੇ ਰਹੇ ਤੇ ਕਿੱਥੇ ਅੱਜ ਮੈਂ ਉਸੇ ਅਨੰਦ ਪੁਰ ਸਾਹਬ ਦੀ ਸੜ੍ਹਕ ਉੱਤੇ ਸੁੰਨ੍ਹ-ਵੱਟਾ ਜਿਹਾ ਬਣਿਆਂ ਇਕੱਲਾ ਹੀ ਤੁਰਿਆ ਜਾ ਰਿਹਾ ਸਾਂ!

ਅਖੀਰ ਆਪਣੇ ਭਾਈਆ ਜੀ ਵਲੋਂ ਮਿਲ਼ੀ ਹੋਈ ਸਿੱਖਿਆ ਮੁਤਾਬਕ ਮੈਂ ਬੱਸ ਅੱਡੇ ਪਹੁੰਚ ਪਿੱਛੇ ਨੂੰ ਘੁੰਮਿਆਂ ਛੇਏ ਹੱਥ ਜੋੜ ਕੇ ਸ੍ਰੀ ਕੇਸ ਗੜ੍ਹ ਸਾਹਿਬ ਦੇ ਝੂਲਦੇ ਨਿਸ਼ਾਨ ਸਾਹਿਬ ਨੂੰ ਨਮਸਕਾਰ ਕਰਦਿਆਂ ਵਿਦਾਇਗੀ ਵਾਲ਼ੀ ਫਤਹਿ ਬੁਲਾਈ ਅਤੇ ਮਨ ਹੀ ਮਨ ਸੋਚਿਆ ਕਿ ਅੱਗੇ ਤੋਂ ਭਰਿਆ ਮੇਲਾ ਛੱਡ ਕੇ ਹੀ ਘਰ ਨੂੰ ਵਾਪਸੀ ਕਰਿਆ ਕਰਨੀ ਹੈ !

ਉਦਾਸੀ ਤੇ ਵੈਰਾਗ ਨਾਲ ਮੁਰਝਾਇਆ ਚਿਹਰਾ ਲੈ ਕੇ ਮੈਂ ਗੜ੍ਹਸ਼ੰਕਰ ਜਾਣ ਵਾਲ਼ੀ ਬੱਸ ਵਿਚ ਦੱਸ ਬਾਰਾਂ ਕੁ ਹੋਰ ਸਵਾਰੀਆਂ ਨਾਲ ਜਾ ਬੈਠਿਆ!

# ਚੇਤ ਤੇ ਝਾਤੀ ਪਾਉਂਦਿਆਂ



ਸੁਖਪਾਲ ਸਿੰਘ ਗਿੱਲ
ਅਬਿਆਣਾ ਕਲਾਂ
9878111445

ਕੁਦਰਤ ਦੇ ਚਲਦੇ ਪਰਵਾਹ ਅਨੁਸਾਰ ਰੁੱਤਾਂ, ਤਿੱਥਾਂ ਦਿਨ, ਮਹੀਨੇ ਬਦਲਦੇ ਰਹਿੰਦੇ ਹਨ। ਇਸੇ ਲੜੀ ਦੇ ਤਹਿਤ ਨਾਨਕਸ਼ਾਹੀ ਕੈਲੰਡਰ ਦਾ ਪਹਿਲਾ ਮਹੀਨਾ ਚੇਤ, ਮਾਰਚ ਦੇ ਅੱਧ ਵਿੱਚ ਸ਼ੁਰੂ ਹੁੰਦਾ ਹੈ, ਅਤੇ ਵੈਸਾਖ ਮਹੀਨੇ ਦੀ ਸੰਗਰਾਂਦ ਤੱਕ ਚੱਲਦਾ ਹੈ। ਇਹ ਮਹੀਨਾ ਪ੍ਰਕਿਰਤੀ ਦੇ ਤਰ੍ਹਾਂ-ਤਰ੍ਹਾਂ ਦੇ ਬਦਲਾਓ ਲਿਖਦਾ ਰਹਿੰਦਾ ਹੈ। ਇਸ ਮਹੀਨੇ ਤੇ ਕਿਸਾਨ ਦੀ ਕਿਸਮਤ ਦੇ ਵੱਖ-ਵੱਖ ਉਤਰਾਅ-ਚੜਾਓ ਲਿਖੇ ਹੋਏ ਹਨ। ਫਸਲੀ ਲਿਹਾਜ਼ ਖਾਸ ਤੌਰ ਤੇ ਹਾੜੀ ਦੀ ਰਾਣੀ ਕਣਕ ਦਾ ਕਾਫੀ ਹਿੱਸਾ ਇਸ ਮਹੀਨੇ ਅਧੀਨ ਤਰ੍ਹਾਂ ਤਰ੍ਹਾਂ ਦੇ ਰੰਗ ਬਦਲਦਾ ਹੈ। ਮੌਸਮ ਦੇ ਲਿਹਾਜ਼ ਨਾਲ ਵੱਖਰੀ ਕਿਸਮ ਦੀ ਇਬਾਰਤ ਲਿਖਦਾ ਹੈ। ਗਰਮੀ ਦਾ ਅਹਿਸਾਸ ਦਿਨੋਂ ਦਿਨ ਵੱਧਦਾ ਜਾਂਦਾ ਹੈ। ਪ੍ਰਕਿਰਤੀ ਦੇ ਪੱਖ ਤੋਂ ਇਲਾਵਾ ਚੇਤ ਮਹੀਨਾ ਧਾਰਮਿਕ ਪੱਖੋਂ ਵੀ ਕਾਫੀ ਕੁਝ ਸਮਾਈ ਬੈਠਾ ਹੈ। ਹਿੰਦੂ ਧਰਮ ਵਿੱਚ ਇਸ ਮਹੀਨੇ ਦਾ ਕਾਫੀ ਮਹੱਤਵ ਹੈ। ਇਸ ਮਹੀਨੇ ਵਰਤ ਵੀ ਰੱਖੇ ਜਾਂਦੇ ਹਨ। ਨਵਰਾਤਰੇ ਇਸੀ ਮਹੀਨੇ ਹੀ ਆਉਂਦੇ ਹਨ। ਜਿਨਾਂ ਨੂੰ ਚੇਤ ਦੇ ਨਰਾਤੇ ਕਿਹਾ ਜਾਂਦਾ ਹੈ। ਧਾਰਮਿਕ ਪੱਖੋਂ ਇਹਨਾਂ ਨਰਾਤਿਆਂ ਵਿੱਚ ਕਾਫੀ ਕੁਝ ਕੀਤਾ ਜਾਂਦਾ ਹੈ। ਚੇਤ ਦੇ ਨਰਾਤਿਆਂ ਵਿੱਚ ਦੁਰਗਾ ਪੂਜਾ ਕੀਤੀ ਜਾਂਦੀ ਹੈ। ਸਾਡੀ ਪਵਿੱਤਰ ਗੁਰਬਾਣੀ ਵਿੱਚ ਬਾਰਹਾ ਮਾਹਾ ਸਾਹਿਬ ਵਿੱਚ ਇਸ ਦਾ ਖਾਸ ਵਰਣਨ ਹੈ:-

"ਚੇਤਿ ਗੋਵਿੰਦੁ ਅਰਾਧੀਐ
ਹੋਵੈ ਅਨੰਦੁ ਘਣਾ,
ਸੰਤ ਜਨਾ ਮਿਲਿ ਪਾਈਐ
ਰਸਨਾ ਨਾਮੁ ਭਣਾ"

ਚੇਤ ਮਹੀਨੇ ਦੇ ਨਰਾਤਿਆਂ ਦਾ ਵਰਣਨ ਕਿਸਾਨ ਇਸ ਤਰ੍ਹਾਂ ਕਰਦਾ ਹੈ ਕਿ ਆਪਣੇ ਡੰਗਰ ਪਸ਼ੂ ਰਾਤ ਨੂੰ ਜੋ ਸਿਆਲਾਂ ਵਿੱਚ ਅੰਦਰ ਬੰਨੇ ਜਾਂਦੇ ਹਨ ਇਸ ਮਹੀਨੇ ਗਰਮੀ ਦੀ ਸੁਰੂਆਤ ਨਾਲ ਇਹਨਾਂ ਨਰਾਤਿਆਂ ਵਿੱਚ ਬਾਹਰ ਬੰਨਣ ਲੱਗ ਜਾਂਦੇ ਹਨ। ਧਰਤੀ ਵੀ ਵੰਨ-ਸਵਨੀ ਲੱਗਦੀ ਹੈ। ਇਸ ਮਹੀਨੇ "ਰੁੱਤ ਨਵਿਆਂ ਦੀ ਆਈ ਏ" ਦੇ ਅਨੁਸਾਰ ਪੁਰਾਣੇ ਪੱਤੇ ਝੜ ਜਾਂਦੇ ਹਨ। ਨਵੇਂ ਪੱਤੇ ਆਉਂਦੇ ਹਨ। ਸਾਹਿਤਕਾਰਾਂ ਨੂੰ ਵੀ ਨਵਾਂ -ਨਵਾਂ ਸਾਹਿਤ ਲਿਖਣ ਦਾ ਹੁਲਾਰਾ ਮਿਲਦਾ ਹੈ। ਸਾਹਿਤ ਦਾ ਪ੍ਰਾਕ੍ਰਿਤੀ ਨਾਲ ਵੀ ਗੂੜਾ ਸਬੰਧ ਹੈ। ਸਾਹਿਤ ਦੀਆਂ ਸਤਰਾਂ ਵਿੱਚ ਇਸਦਾ ਪ੍ਰਸੰਗਿਕ ਵਰਣਨ ਮਿਲਦਾ ਹੈ:-

"ਫੱਗਣ ਖੰਭ ਲਪੇਟ ਕੇ
ਗੁੰਮਿਆਂ ਵਿੱਚ ਅਨੰਤ,
ਚੇਤ ਤੇ ਝਾਤੀ ਪਾਉਂਦੀਆਂ
ਚਾਮਲ ਗਈ ਬਸੰਤ"

ਚੇਤ ਮਹੀਨੇ ਤੋਂ ਬਾਅਦ ਵੈਸਾਖ ਮਹੀਨੇ ਵਿਸਾਖੀ ਦੀ ਉਡੀਕ ਲਾਉਂਦੇ ਕਿਸਾਨ "ਮਾਰਦਾ ਦਮਾਮੇ ਜੱਟ ਮੇਲੇ ਆ ਗਿਆ" ਦਾ ਵਰਕਾ ਲਿਖਣ ਦੇ ਨੇੜੇ ਹੁੰਦੇ ਹਨ। ਪੁੰਗਰ ਦੀ ਪ੍ਰਕਿਰਤੀ ਨਾਲ ਮੌਸਮ ਅਤੇ ਸਾਹਿਤ ਦਾ ਕਾਫੀ ਮੇਲ ਹੁੰਦਾ ਹੈ। ਇਸ ਲਈ ਕਲਮਾਂ ਨੂੰ ਹੁਲਾਰਾ ਮਿਲਦਾ ਹੈ। ਪ੍ਰਕਿਰਤੀ ਨੂੰ ਬਦਲਿਆ ਨਹੀਂ ਜਾ ਸਕਦਾ। ਇਸੇ ਲਈ ਹਰ ਸਾਲ ਮਹੀਨਾ ਠੀਕ ਉਸੇ ਤਰ੍ਹਾਂ ਦੇ ਪ੍ਰਭਾਵ ਛੱਡਦਾ ਹੈ। "ਤਬਦੀਲੀ ਕੁਦਰਤ ਦਾ ਨਿਯਮ ਹੈ" ਦੇ ਤੱਥ ਨੂੰ ਵੀ ਇਸ ਮਹੀਨੇ ਸਹੀ ਸਾਬਤ ਹੁੰਦਾ ਦੇਖਿਆ ਜਾ ਸਕਦਾ ਹੈ। ਤੂਤ, ਨਿੰਬੂ ਜਾਤੀ, ਪਾਪੂਲਰ,ਬੇਰ ਅਤੇ ਹੋਰ ਬੂਟਿਆਂ ਤੇ ਇਸ ਮਹੀਨੇ ਦੇ ਪ੍ਰਭਾਵ ਨਾਲ ਵੱਖਰੀ ਕਿਸਮ ਦੀ ਰੌਣਕ ਦੇਖੀ ਜਾ ਸਕਦੀ ਹੈ। ਨਵੀਆਂ ਕਰੂੰਬਲਾਂ ਅਤੇ ਨਵੇਂ ਫੁੱਲ ਨਿਕਲਦੇ ਰਹਿੰਦੇ ਹਨ। ਇਹਨਾਂ ਨਾਲ ਸਵਰਗ ਦਾ ਭੁਲੇਖਾ ਪੈਂਦਾ ਹੈ।

"ਬਾਗਾਂ ਉੱਤੇ ਰੰਗ ਫੇਰਿਆ ਬਹਾਰ ਨੇ,
ਬੇਰੀਆਂ ਲਿਫਾਈਆਂ ਟਾਹਣੀਆਂ ਦੇ ਭਾਰ ਨੇ,
ਪੁੰਗਰੀਆਂ ਵੇਲਾਂ ਵੇਲਾਂ ਰੁੱਖੀ ਚੜੀਆਂ,
ਫੁੱਲਾਂ ਹੇਠੋਂ ਫਲਾਂ ਨੇ ਪਰੋਈਆਂ ਲੜੀਆਂ"

ਸਾਲ ਦਾ ਪਹਿਲਾ ਦੇਸੀ ਮਹੀਨਾ ਹੋਣ ਕਰਕੇ ਇਹ ਮਹੀਨਾ ਪਲੈਟੋ ਦੇ ਵਿਚਾਰ "ਕਿਸੇ ਕੰਮ ਦਾ ਆਰੰਭ ਹੀ ਉਸਦਾ ਸਭ ਤੋਂ ਅਹਿਮ ਅੰਗ ਹੈ" ਇਸ ਤੋਂ ਸਪਸ਼ਟ ਹੈ ਕਿ ਇਹ ਮਹੀਨਾ ਸਾਲ ਭਰ ਵੱਖਰੀ ਇਬਾਰਤ ਲਿਖਣ ਲਈ ਬਾਕੀ ਮਹੀਨਿਆਂ ਨੂੰ ਹੁਲਾਰਾ ਅਤੇ ਸੁਨੇਹਾ ਦਿੰਦਾ ਰਹਿੰਦਾ ਹੈ। ਇਸ ਮਹੀਨੇ ਤੋਂ ਮਨੁੱਖ ਨੂੰ ਸਮਝਣਾ ਚਾਹੀਦਾ ਹੈ ਕਿ ਪ੍ਰਕਿਰਤੀ ਦੇ ਮਾਮਲਿਆਂ ਵਿੱਚ ਆਪਣੀ ਆਪਣੀਆਂ ਧਾਰਨਾਵਾਂ ਨੂੰ ਪ੍ਰਕਿਰਤੀ ਦੇ ਅਨੁਕੂਲ ਦਰਜ ਕਰੇ। ਇਹ ਮਹੀਨਾ ਰੁੱਤਾਂ, ਧਾਰਮਿਕਤਾ, ਸੱਭਿਆਚਾਰਕ ਅਤੇ ਆਰਥਿਕਤਾ ਦਾ ਮੇਲ ਕਰਾਉਂਦਾ ਹੈ। ਇਸ ਮਹੀਨੇ ਕਿਸਾਨ ਵਰਗ ਹਾੜੀ ਦੀ ਕਟਾਈ ਲਈ ਤਿਆਰ ਹੁੰਦੇ ਹਨ। ਵਿਸਾਖੀ ਅਤੇ ਕਣਕ ਦਹਿਲੀਜ਼ ਉੱਤੇ ਖੜੀ ਹੁੰਦੀ ਹੈ। ਧਰਤੀ ਅਤੇ ਪ੍ਰਕਿਰਤੀ ਨਵੇਂ-ਨਵੇਂ ਰੰਗ ਬਦਲਦੀ ਹੈ। ਮਾਹੀ ਨੂੰ ਮੁਖਾਤਿਬ ਹੋ ਕੇ ਫਿਰੋਜ਼ਦੀਨ ਸ਼ਰਫ ਨੇ ਇਹ ਮਹੀਨਾ ਇਉਂ ਚਿਤਰਿਆ ਸੀ-

"ਚੇਤਰ ਚੈਨ ਨ ਆਵੇ ਦਿਲ ਨੂੰ,
ਤੇਰੇ ਬਾਝੋਂ ਪਿਆਰੇ ਜੀ ਹਾਂ ਮੈਂ,
ਤੇਰੇ ਦਰ ਦੀ ਬਰਦੀ
ਮਲੇ ਤੇਰੇ ਦੁਆਰ ਹੈ ਜੀ,
ਤੇਰੇ ਬਾਝੋਂ ਡੁੱਬਦਾ ਬੇੜੀ
ਕਿਹੜਾ ਮੇਰੀ ਤਾਰੇ ਜੀ,
ਸ਼ਰਫ ਬੈਠੀ ਦੀ ਆਸ ਪੁਜਾਈ,
ਦੇਵੀਂ ਝੱਬ ਦੀਦਾਰੇ ਜੀ"

ਚੇਤਰ ਮਹੀਨਾ ਜਾਂਦਾ ਆਪਣੀਆਂ ਪੈੜਾਂ ਪਾ ਕੇ ਵਿਸਾਖੀ ਦੀ ਰੌਣਕ ਦੇ ਵਿਹੜੇ ਚਲਾ ਜਾਂਦਾ ਹੈ। ਇਸ ਨਾਲ ਸਮਾਜਿਕ ਖੁਸ਼ਹਾਲੀ ਦੀ ਆਸ ਨੂੰ ਬੂਰ ਪੈਂਦਾ ਹੈ।

# ਕਾਵਿ-ਕਿਆਰੀ

## ਚੁੱਲ੍ਹਾ

ਹਾਲੇ ਵੀ ਚੁੱਲ੍ਹੇ ਨੂੰ ਧਿਆ ਲਓ,
ਰੁੱਸੇ ਹੋਏ ਚੁੱਲ੍ਹੇ ਨੂੰ ਮਨਾ ਲਓ।
ਕਿਉਂ ਬੇਕਦਰੀ ਕਰ ਦਿੱਤੀ ਸੀ,
ਸਿਲੰਡਰਾਂ ਤੋਂ ਖਹਿੜਾ ਛੁਡਵਾ ਲਓ,
ਹਾਲੇ ਵੀ ਚੁੱਲ੍ਹੇ ਨੂੰ ਧਿਆ ਲਓ।

ਹੱਡਾਂ ਦਾ ਆਰਾਮ ਨਾ ਭਾਲਓ,
ਥੋੜ੍ਹੇ-ਮੋਟੇ ਤਾਂ ਹੱਥ ਹਿਲਾ ਲਓ।
ਹੋਰ ਜੇ ਕੁਝ ਨਹੀਂ ਕਰ ਸਕਦੇ ਤਾਂ
ਭਾਅ ਨੂੰ ਲੱਗੀ ਅੱਗ ਬੁਝਾ ਲਓ।
ਹਾਲੇ ਵੀ ਚੁੱਲ੍ਹੇ ਨੂੰ ਧਿਆ ਲਓ।

ਬਾਲਣ ਇਕੱਠਾ ਕਰਕੇ ਰੱਖ ਲਓ,
ਭੁੱਬਲ ਪਾਥੀ ਦੱਬਕੇ ਰੱਖ ਲਓ।
ਫੂਕਾਂ ਮਾਰ ਜਦ ਮਰਜ਼ੀ ਸੁਲਗਾ ਲਓ,
ਹਾਲੇ ਵੀ ਚੁੱਲ੍ਹੇ ਨੂੰ ਧਿਆ ਲਓ।

ਮਿੱਟੀ ਪੁੱਟ ਲਿਆਓ ਕਿਧਰੋਂ,
ਪਾਣੀ ਥੋੜ੍ਹਾ ਵਿੱਚ ਮਿਲਾ ਲਓ,
ਨਵਾਂ ਬਣਾਕੇ ਚੁੱਲ੍ਹਾ ਧਰ ਲਓ,
ਪਾਂਡੂ ਫੇਰ ਇਸਨੂੰ ਚਮਕਾ ਲਓ।
ਹਾਲੇ ਵੀ ਚੁੱਲ੍ਹੇ ਨੂੰ ਧਿਆ ਲਓ।

ਪਾਥੀਆਂ ਪੱਥ ਬਣਾ ਲਓ ਗਹਾਰੇ,
ਉੱਪਰੋਂ ਗੋਹੇ ਦਾ ਲੇਪ ਚੜ੍ਹਾ ਲਓ,
ਲਿਆ ਕਿਧਰੋਂ ਕਾਹੀਂ ਦੀਆਂ ਭਰੀਆਂ,
ਮੀਂਹ-ਕਣੀ ਤੁਸੀਂ ਬਚਾ ਲਓ।
ਹਾਲੇ ਵੀ ਚੁੱਲ੍ਹੇ ਨੂੰ ਧਿਆ ਲਓ।

ਖੁਰਚਣਾ, ਫੂਕਣੀ, ਚਿਮਟਾ ਰੱਖ ਲਓ,
ਭਰੀ ਡੱਕਿਆਂ ਚਿਣਕੇ ਰੱਖ ਲਓ।
ਤਵਾ, ਪਰਾਂਤ, ਬੋਈਆ ਤੇ ਪੋਣੇ
ਕੋਲ ਚੁੱਲ੍ਹੇ ਦੇ ਚਮਕਾ ਕੇ ਰੱਖ ਲਓ।
ਮੱਠੀ ਅੱਗ ਨੂੰ ਤੇਜ ਜੇ ਕਰਨਾ,
ਭੰਨ ਕੇ ਪਾਥੀ ਇੱਕ ਹੋਰ ਲਗਾ ਲਓ
ਹਾਲੇ ਵੀ ਚੁੱਲ੍ਹੇ ਨੂੰ ਧਿਆ ਲਓ।

ਇਹ ਨਹੀਂ ਮੁੱਕਣੇ ਕੰਮ ਜਿੰਦਗੀ ਦੇ,
ਜਿੰਨੇ ਮਰਜ਼ੀ ਤੁਸੀਂ ਮੁਕਾ ਲਓ।
ਤਪਣਾ ਪੈਣਾ ਭੱਠੀ ਵਾਂਗੂੰ,
ਬਸ ਆਪਣੇ ਮਨ ਨੂੰ ਸਮਝਾ ਲਓ,
ਆਪਣੇ ਹੱਥੀਂ ਕਾਜ ਸੰਵਾਰੋ,
ਆਪਣਾ ਪੱਲਾ ਆਪ ਬਚਾ ਲਓ
ਹਾਲੇ ਵੀ ਚੁੱਲ੍ਹੇ ਨੂੰ ਧਿਆ ਲਓ



ਰਛਪਾਲ ਸਿੰਘ ਰੈਸਲ
ਹਰੀਦਾਸ ਕਲੋਨੀ
ਨਾਭਾ (ਪਟਿਆਲਾ)
94178-97576

## ਸ਼ੁੱਭ ਦਿਹਾੜਾ

–ਤਰਲੋਚਨ ਸਿੰਘ
ਚੰਨ ਜੰਡਿਆਲਵੀ ਯੂ.ਕੇ.



ਭਾਗਾਂ ਭਰਿਆ ਸ਼ੁਭ ਦਿਨ ਚੜ੍ਹਿਆ 11 ਮਾਰਚ ਬੁੱਧਵਾਰ 2026!
ਮੈਂ ਤੇ ਮੇਰਾ ਪੁੱਤਰ ਸੁਖਵਿੰਦਰ, ਡਰਬੀ ਪਹੁੰਚੇ ਰੱਬ ਸਬੱਬੀ!!

ਘੁੰਮ ਘੁਮਾਂਦੇ ਜਾ ਵੜ ਗਏ ਪੰਜਾਬ ਟਾਈਮਜ਼ ਦੇ ਦਫ਼ਤਰ ਯਾਰ!
ਸ੍ਰ: ਰਜਿੰਦਰ ਸਿੰਘ ਪੁਰੇਵਾਲ ਸਾਨੂੰ ਵੇਖਕੇ ਹੋ ਗਏ ਪੱਬਾਂ ਭਾਰ!!

ਹੱਥ ਜੋੜਕੇ ਫਤੇ ਬੁਲਾਈ, ਫਿਰ ਨਵੀਆਂ ਪੁਸਤਕਾਂ ਕੀਤੀਆਂ ਭੇਟ!
ਚਾਹ ਪੀਤੀ ਤੇ ਬਿਸਕੁੱਟ ਖਾਧੇ, ਸੱਚਮੁੱਚ ਭਰ ਗਿਆ ਖਾਲੀ ਪੇਟ!!

ਦੋ ਤਿੰਨ ਜੀ ਬੰਦੇ ਹੋਰ ਸਨ, ਦੋ ਭਾਈ ਸਾਹਿਬ ਇਕ ਭੈਣ!
ਆਪੋ ਆਪਣੇ ਕੰਮ ਵਿੱਚ ਰੁੱਝੇ, ਰਚਨਾਵਾਂ ਦਾ ਲੁਤਫ਼ ਲੈਣ!!

ਪੰਜਾਬ ਟਾਈਮਜ਼ ਐਵਾਰਡ ਨਾਲ–ਦਾਸ ਦਾ ਕੀਤਾ ਸਨਮਾਨ!
ਬੋਲ ਪਿਆ ਦਿਲ ਮੇਰਾ ਆਪ ਮੁਹਾਰੇ,
ਚੜ੍ਹਦੀ ਕਲਾ ਵਿੱਚ ਰੱਖੀਂ ਹੇ ਮੇਰੇ ਭਗਵਾਨ!!

ਸਾਡੀ ਮਾਂ ਬੋਲੀ ਪੰਜਾਬੀ ਜਿੰਦਾਬਾਦ, ਚੰਨ ਜੰਡਿਆਲਵੀ ਹਰ ਦਮ ਆਖੇ!
ਜੱਗ ਵਿੱਚ ਨਾਮ ਕਮਾਵਣ ਰੱਜਕੇ, ਪੰਜਾਬੀ ਮਾਂ ਬੋਲੀ ਦੇ ਰਾਖੇ!!


## ਗਲਾਸੀ ਭਰ ਗਲਾਸੀ ਪੀ

ਗਲਾਸੀ ਭਰ ਗਲਾਸੀ ਪੀ, ਭਾਵੇਂ ਮਰ 'ਤੇ ਭਾਵੇਂ ਜੀ,
ਮੈਨੂੰ ਹੈ ਤੇਰੇ ਨਾਲ਼ ਕੀ, ਕਾਹਨੂੰ ਮੈਂ ਤੜਪਾਵਾਂ ਜੀਅ?

ਹੁਣ ਕੋਲ਼ ਤੇਰੇ ਕੋਈ ਖੜ੍ਹਦਾ ਨਹੀਂ,
ਤੇਰਾ ਦਰਦ ਹੁਣ ਕੋਈ ਜਰਦਾ ਨਹੀਂ,
ਤੇਰੀ ਹਾਮੀ ਹੁਣ ਕੋਈ ਭਰਦਾ ਨਹੀਂ,
ਤੇਰੇ ਰੋਅਬ ਤੋਂ ਹੁਣ ਕੋਈ ਡਰਦਾ ਨਹੀਂ।
ਐਵੇਂ ਆਕੜ ਕੇ ਕਰੇਂਗਾ ਕੀ?
ਗਲਾਸੀ ਭਰ ਗਲਾਸੀ ਪੀ, ਭਾਵੇਂ ਮਰ 'ਤੇ ਭਾਵੇਂ ਜੀ,
ਮੈਨੂੰ ਹੈ ਤੇਰੇ ਨਾਲ਼ ਕੀ, ਕਾਹਨੂੰ ਮੈਂ ਤੜਪਾਵਾਂ ਜੀਅ?

ਤੈਨੂੰ ਸਾਰੇ ਸਮਝਾ ਕੇ ਥੱਕੇ ਨੇ,
ਤੇਰੀ ਆਦਤ ਤੋਂ ਸਭ ਅੱਕੇ ਨੇ,
ਤੇਰੇ ਰਿਸ਼ਤੇ ਸਾਰੇ ਹੁਣ ਕੱਚੇ ਨੇ,
ਕੋਈ ਰਹੇ ਨਾ ਤੇਰੇ ਸਕੇ ਨੇ।
ਹੁਣ ਆਪਣਾ ਕਿਸੇ ਨੂੰ ਕਹੇਂਗਾ ਕੀ?
ਗਲਾਸੀ ਭਰ ਗਲਾਸੀ ਪੀ, ਭਾਵੇਂ ਮਰ 'ਤੇ ਭਾਵੇਂ ਜੀ,
ਮੈਨੂੰ ਹੈ ਤੇਰੇ ਨਾਲ਼ ਕੀ, ਕਾਹਨੂੰ ਮੈਂ ਤੜਪਾਵਾਂ ਜੀਅ?


ਤੇਰੇ ਫੇਫੜੇ ਸਾਰੇ ਹੁਣ ਗਲ਼ ਗਏ ਨੇ,
ਤੇਰੇ ਗੁਰਦੇ ਕੰਮ ਕਰਨੋ ਟਲ਼ ਗਏ ਨੇ,
ਹੱਥ ਤੇਰੇ ਕੰਬਣ ਲੱਗ ਗਏ ਨੇ,
ਅੰਗ ਕਹਿਣਾ ਮੰਨਣੋ ਹਟ ਗਏ ਨੇ।
ਹੁਣ ਗਲਾਸੀ ਤੂੰ ਫੜੇਂਗਾ ਕੀ?
ਗਲਾਸੀ ਭਰ ਗਲਾਸੀ ਪੀ, ਭਾਵੇਂ ਮਰ 'ਤੇ ਭਾਵੇਂ ਜੀ,
ਮੈਨੂੰ ਹੈ ਤੇਰੇ ਨਾਲ਼ ਕੀ, ਕਾਹਨੂੰ ਮੈਂ ਤੜਪਾਵਾਂ ਜੀਅ?



ਹੈ ਸਮਾਂ ਅਜੇ ਵੀ ਮੰਨਣ ਦਾ,
ਹੱਥੋਂ ਕਿਰਦੀ ਜਾਨ ਨੂੰ ਥੰਮ੍ਹਣ ਦਾ,
ਧੀਵੇਂ ਪਾਣੀ ਨੂੰ ਲੰਘਣ ਦਾ,
ਟੁੱਟਦੇ ਬੇੜੇ ਨੂੰ ਬੰਨ੍ਹਣ ਦਾ।
ਜੇ ਡੁੱਬ ਗਿਆ ਤਾਂ ਕਰੇਂਗਾ ਕੀ?
ਗਲਾਸੀ ਭਰ ਗਲਾਸੀ ਪੀ, ਭਾਵੇਂ ਮਰ 'ਤੇ ਭਾਵੇਂ ਜੀ,
ਮੈਨੂੰ ਹੈ ਤੇਰੇ ਨਾਲ਼ ਕੀ, ਕਾਹਨੂੰ ਮੈਂ ਤੜਪਾਵਾਂ ਜੀਅ?

ਰਵਿੰਦਰ ਸਿੰਘ ਕੁੰਦਰਾ ਕੋਵੈਂਟਰੀ ਯੂ ਕੇ


## ਹਸ਼ਰ ਹੰਕਾਰਿਆਂ ਦਾ



ਤਰਲੋਚਨ ਸਿੰਘ 'ਦੁਪਾਲ ਪੁਰ'
001-408-905-5517

ਕੁੱਦ ਪੈਂਦਾ ਏ ਅਕਸਰ ਹੀ ਹਾਕਮਾਂ ਨੂੰ
ਆਕੜ ਅਤੇ ਹੰਕਾਰ ਦਾ ਝੱਲ ਭਾਈ।
ਜਿੱਤਦਾ ਜਾਪਦਾ ਹੁੰਦਾ ਹੈ ਕੁਫ਼ਰ ਭਾਵੇਂ
ਰਹਿੰਦਾ ਆਖ਼ਰ ਨੂੰ ਸੱਚ ਅਟੱਲ ਭਾਈ।
ਜ਼ੁਲਮੋਂ ਸਿਤਮ ਦਾ ਚੱਲ ਰਿਹਾ ਦੌਰ ਹੋਵੇ
ਲੱਗੇ 'ਮਾਨਵਤਾ' ਸੀਨੇ 'ਤੇ ਸੱਲ ਭਾਈ।
ਅਣਖੀ ਲੋਕ ਤਾਂ ਕਦੇ ਵੀ ਝੱਲਦੇ ਨਹੀਂ
ਠੋਸੀ ਧੌਂਸ ਦੇ ਨਾਲ਼ ਕੋਈ ਗੱਲ ਭਾਈ।
ਉਹ ਝੱਲੇ ਗਾ 'ਬੋਝ' ਸ਼ਰਮਿੰਦਗੀ ਦਾ
ਝੂਠ ਬੋਲ ਜੋ ਦੁਨੀਆਂ ਨੂੰ ਚਾਰਿਆ ਜੀ।
ਦੇਖੋ ਫੋਲ ਇਤਿਹਾਸ ਇਹ 'ਕੂਕਦਾ' ਐ
ਜਾਂਦਾ ਅੰਤ ਹੰਕਾਰਿਆ ਮਾਰਿਆ ਜੀ।

## ਮੇਰੀ ਜੰਗ



ਜੀਣਾ ਕਿੰਨਾ ਵੀ ਔਖਾ ਹੋਵੇ
ਪਰ ਖੁਦ ਨੂੰ ਮਾਰਨਾ ਸੌਖਾ ਨਹੀਂ ਹੁੰਦਾ
ਸਮਝਾਵੇ ਕੋਈ ਹਾਏ! ਕਿਉਂ ਇਹ ਜੰਗ?
ਰੋਜ਼ੀ, ਰੋਟੀ ਤੋਂ ਵੱਧ ਕੀ ਏ ਮੇਰੀ ਮੰਗ?
ਕਿਸੇ ਕੋਨੇ ਉੱਤੇ ਕੌਣ ਬੈਠਾ?
ਜ਼ਮੀਨ ਦਾ ਕੁੱਲ ਮਾਪ ਕਿੱਡਾ?
ਪੂਰਾ ਇਲਮ ਮੈਨੂੰ ਵੀ ਕਿੱਥੇ ਇਸ ਦਾ
ਸੁਣਿਐ ਗੋਲ ਆਕਾਰ ਹੈ ਇਸ ਦਾ
ਦੋ ਰੋਟੀਆਂ ਦਾ ਗੋਲ ਜਾਂ ਤਿਰਛਾ
ਆਕਾਰ ਨਾਪਣ ਵਿਚ
ਮੇਰੀ ਉਮਰ ਦਾ ਦਿਨ
ਕਿਰ ਜਾਂਦਾ ਬੇਸ਼ਕ ਦਿਨ
ਪਰ ਮੈਂ ਹਰ ਉਗਦੇ ਸੂਰਜ ਵਿਚੋਂ
ਉਮੀਦ ਦੀ ਨਵੀਂ ਕਿਰਨ ਫੜ ਲੈਨਾਂ
ਜਿਉਣ ਦੀ ਜੱਦੋ-ਜਹਿਦ ਵਿਚ ਵੀ
ਹੱਸ ਲੈਨਾਂ, ਗਾ ਲੈਨਾਂ, ਨੱਚ ਲੈਨਾਂ
ਮੈਂ ਮਰ ਮਰ ਕੇ ਜੀ ਲੈਨਾਂ
ਤੇ ਜੀ ਜੀ ਕੇ ਮਰ ਲੈਨਾਂ
ਆਪਣੀ ਮਰਜ਼ੀ ਨਾਲ
ਸਿਰਫ਼ ਆਪਣੀ ਮਰਜ਼ੀ ਨਾਲ
ਮੈਨੂੰ ਹੱਕ ਹੈ ਜੀਣ ਦਾ
ਪਰ ਤੁਹਾਨੂੰ ਕੀ ਹੱਕ ਹੈ
ਮੇਰੀ ਹੱਕ ਦੀ ਰੋਟੀ ਦੇ ਟੁਕੜੇ ਕਰਨ ਦਾ
ਮੇਰੀ ਚਾਦਰ ਨੂੰ ਲੀਰੋ ਲੀਰ ਕਰਨ ਦਾ
ਮਰਨਾ ਸੱਚੀਂ ਸੌਖਾ ਨਹੀਂ
ਬੇਸ਼ੱਕ ਜੀਣਾ ਔਖਾ ਵੀ ਹੋਵੇ
ਮੈਥੋਂ ਤਾਂ ਰੋਟੀ ਦੀ ਗੋਲਾਈ ਵੀ
ਨਹੀਂ ਜਾਂਦੀ ਮਾਪੀ
ਜ਼ਮੀਨ... ਕੁਰਸੀ ਤੇ ਜੰਗ
ਕਿੱਥੋਂ ਸਮਝ ਆਉਣਗੇ ਮੈਨੂੰ?
ਮੈਂ ਆਮ ਆਦਮੀ ਹਾਂ, ਸਿਰਫ਼ ਆਮ
ਅਜ਼ਲ ਤੋਂ ਕਿਆਮਤ ਤੱਕ
ਜੀਣ ਦਿਉ ਮੈਨੂੰ ਸਿਰਫ਼ ਮੇਰੇ
ਹੱਕ ਦੀ ਰੋਜ਼ੀ, ਰੋਟੀ ਲਈ।
ਮਨਿੰਦਰ ਕੌਰ
* * * * * * *

# ਮੁੱਖ ਮੰਤਰੀ ਭਗਵੰਤ ਮਾਨ ਦੀਆਂ 'ਟਿੱਪਣੀਆਂ' 'ਤੇ ਹੰਗਾਮਾ

## ✪ ਹਰਸਿਮਰਤ ਕੌਰ ਬਾਦਲ ਨੇ ਮਹਿਲਾ ਕਮਿਸ਼ਨ ਕੋਲ ਦਰਜ ਕਰਵਾਈ ਸ਼ਿਕਾਇਤ

ਨਵੀਂ ਦਿੱਲੀ/ਚੰਡੀਗੜ੍ਹ-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਔਰਤਾਂ ਬਾਰੇ ਕੀਤੀਆਂ ਗਈਆਂ ਕਥਿਤ ਟਿੱਪਣੀਆਂ ਨੂੰ ਲੈ ਕੇ ਸਿਆਸੀ ਮਾਹੌਲ ਗਰਮਾ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਦੀ ਸੀਨੀਅਰ ਆਗੂ ਤੇ ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਇਸ ਮਾਮਲੇ ਵਿੱਚ ਰਾਸ਼ਟਰੀ ਮਹਿਲਾ ਕਮਿਸ਼ਨ ਕੋਲ ਪਹੁੰਚ ਕੀਤੀ ਹੈ। ਉਨ੍ਹਾਂ ਨੇ ਮੁੱਖ ਮੰਤਰੀ ਵਿਰੁੱਧ ਔਰਤਾਂ ਦੇ ਅਪਮਾਨ ਦੇ ਦੋਸ਼ ਹੇਠ ਐਫਆਈਆਰ ਦਰਜ ਕਰਨ ਦੀ ਮੰਗ ਕੀਤੀ ਹੈ।





### ਕੀ ਹੈ ਪੂਰਾ ਮਾਮਲਾ?

ਘਟਨਾ ਅੰਤਰਰਾਸ਼ਟਰੀ ਮਹਿਲਾ ਦਿਵਸ ਮੌਕੇ ਲੁਧਿਆਣਾ ਦੀ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵਿਖੇ ਹੋਏ ਇੱਕ ਪ੍ਰੋਗਰਾਮ ਦੀ ਹੈ। ਬੀਬਾ ਬਾਦਲ ਦਾ ਦੋਸ਼ ਹੈ ਕਿ ਮੁੱਖ ਮੰਤਰੀ ਨੇ ਆਪਣੀ ਤਕਰੀਰ ਦੌਰਾਨ ਆਪਣੇ ਕਾਲਜ ਦੇ ਦਿਨਾਂ ਦਾ ਜ਼ਿਕਰ ਕਰਦਿਆਂ ਕੁੜੀਆਂ ਦੇ ਪਹਿਰਾਵੇ 'ਤੇ ਇਤਰਾਜ਼ਯੋਗ ਟਿੱਪਣੀਆਂ ਕੀਤੀਆਂ।

ਮਾਨ ਨੇ ਕਥਿਤ ਤੌਰ 'ਤੇ ਕਿਹਾ ਕਿ ਉਹ ਪੀਲੇ ਕੱਪੜੇ ਪਾਉਣ ਵਾਲੀ ਕੁੜੀ ਨੂੰ 'ਭਰਿੰਡ', ਹਰੇ ਕੱਪੜਿਆਂ ਵਾਲੀ ਨੂੰ 'ਪਾਕਿਸਤਾਨ ਦਾ ਝੰਡਾ' ਅਤੇ ਬੈਂਗਣੀ ਕੱਪੜੇ ਪਾਉਣ ਵਾਲੀ ਨੂੰ 'ਪਟੋਲਾ' ਕਹਿ ਕੇ ਸੰਬੋਧਨ ਕਰਦੇ ਸਨ। ਉਨ੍ਹਾਂ ਇਹ ਵੀ ਕਿਹਾ ਕਿ ਉਹ ਆਪਣੇ ਦੋਸਤਾਂ ਨੂੰ ਕੁੜੀਆਂ ਬਾਰੇ ਕਹਿੰਦੇ ਸਨ, "ਇਹ ਤੁਹਾਡੀ ਭਾਬੀ ਹੈ।"

### ਹਰਸਿਮਰਤ ਕੌਰ ਬਾਦਲ ਦੇ ਤਰਕ

ਹਰਸਿਮਰਤ ਕੌਰ ਬਾਦਲ ਨੇ ਇਨ੍ਹਾਂ ਸ਼ਬਦਾਂ ਨੂੰ ਔਰਤਾਂ ਦਾ ਮਾਨਸਿਕ ਅਤੇ ਜਿਨਸੀ ਸ਼ੋਸ਼ਣ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ: ਇੱਕ ਪਾਸੇ ਅਸੀਂ 'ਨੰਨ੍ਹੀ ਛਾਂ' ਵਰਗੀਆਂ ਮੁਹਿੰਮਾਂ ਰਾਹੀਂ ਔਰਤਾਂ ਦਾ ਸਤਿਕਾਰ ਵਧਾਉਣ ਦੀ ਕੋਸ਼ਿਸ਼ ਕਰ ਰਹੇ ਹਾਂ, ਦੂਜੇ ਪਾਸੇ ਸੂਬੇ ਦੇ ਮੁੱਖ ਮੰਤਰੀ ਨੌਜਵਾਨਾਂ ਨੂੰ ਕੁੜੀਆਂ ਨੂੰ ਤੰਗ ਕਰਨ ਦਾ ਗਲਤ ਸੰਦੇਸ਼ ਦੇ ਰਹੇ ਹਨ। ਕੀ ਇਹ ਇੱਕ ਮੁੱਖ ਮੰਤਰੀ ਨੂੰ ਸ਼ੋਭਾ ਦਿੰਦਾ ਹੈ?" ਬੀਬਾ ਬਾਦਲ ਨੇ ਰਾਸ਼ਟਰੀ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਨੂੰ ਮਿਲ ਕੇ ਮੰਗ ਕੀਤੀ ਹੈ ਕਿ ਭਗਵੰਤ ਮਾਨ ਵਿਰੁੱਧ ਭਾਰਤੀ ਨਿਆਂ ਸੰਹਿਤਾ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਜਾਵੇ।

ਮਹਿਲਾ ਕਮਿਸ਼ਨ ਦੀ ਚੇਅਰਪਰਸਨ ਨੇ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰਨ ਅਤੇ ਬਣਦੀ ਕਾਰਵਾਈ ਕਰਨ ਦਾ ਭਰੋਸਾ ਦਿੱਤਾ ਹੈ। ਹਾਲਾਂਕਿ, ਹਰਸਿਮਰਤ ਬਾਦਲ ਨੇ ਖਦਸ਼ਾ ਜਤਾਇਆ ਕਿ ਮੁੱਖ ਮੰਤਰੀ ਦੇ ਅਹੁਦੇ ਕਾਰਨ ਕਮਿਸ਼ਨ 'ਤੇ ਦਬਾਅ ਪਾਇਆ ਜਾ ਸਕਦਾ ਹੈ, ਪਰ ਉਨ੍ਹਾਂ ਸਪੱਸ਼ਟ ਕੀਤਾ ਕਿ ਉਹ ਪੰਜਾਬ ਦੀਆਂ ਧੀਆਂ ਦੇ ਸਨਮਾਨ ਲਈ ਇਹ ਲੜਾਈ ਜਾਰੀ ਰੱਖਣਗੇ।

# ਵੀ.ਆਈ.ਪੀ. ਡਿਊਟੀਆਂ ਦਾ ਬੋਝ ਤੇ ਨਫਰੀ ਦੀ ਕਮੀ

## ✪ ਥੱਕੀ ਹੋਈ ਪੰਜਾਬ ਪੁਲਸ: "12-12 ਘੰਟੇ ਡਿਊਟੀ, ਨਾ ਛੁੱਟੀ, ਨਾ ਸਕੂਨ-ਕਿਵੇਂ ਹੋਵੇਗੀ ਸੂਬੇ ਦੀ ਰਾਖੀ?"



ਚੰਡੀਗੜ੍ਹ-ਪੰਜਾਬ ਵਿੱਚ ਕਾਨੂੰਨ-ਵਿਵਸਥਾ ਨੂੰ ਬਰਕਰਾਰ ਰੱਖਣ ਦੀ ਅਹਿਮ ਜ਼ਿੰਮੇਵਾਰੀ ਨਿਭਾਉਣ ਵਾਲੀ ਪੰਜਾਬ ਪੁਲਸ ਅੱਜ ਖੁਦ ਇੱਕ ਵੱਡੇ ਸੰਕਟ ਵਿੱਚੋਂ ਗੁਜ਼ਰ ਰਹੀ ਹੈ। ਸੂਬੇ ਦੇ ਵੱਖ-ਵੱਖ ਥਾਣਿਆਂ ਅਤੇ ਚੌਕੀਆਂ ਵਿੱਚ ਨਫਰੀ ਦੀ ਭਾਰੀ ਘਾਟ ਕਾਰਨ ਮੌਜੂਦਾ ਮੁਲਾਜ਼ਮਾਂ 'ਤੇ ਕੰਮ ਦਾ ਬੋਝ ਇਸ ਕਦਰ ਵਧ ਗਿਆ ਹੈ ਕਿ ਉਨ੍ਹਾਂ ਦੀ ਸਰੀਰਕ ਅਤੇ ਮਾਨਸਿਕ ਸਿਹਤ 'ਤੇ ਸਵਾਲੀਆ ਨਿਸ਼ਾਨ ਖੜ੍ਹੇ ਹੋ ਰਹੇ ਹਨ। ਸਰਕਾਰਾਂ ਵੱਲੋਂ ਅਕਸਰ ਸੂਬੇ ਵਿੱਚ ਅਮਨ-ਚੈਨ ਅਤੇ ਪੁਲਸ ਦੀ ਮਜ਼ਬੂਤੀ ਦੇ ਵੱਡੇ-ਵੱਡੇ ਦਾਅਵੇ ਕੀਤੇ ਜਾਂਦੇ ਹਨ, ਪਰ ਜ਼ਮੀਨੀ ਪੱਧਰ 'ਤੇ ਹਾਲਾਤ ਚਿੰਤਾਜਨਕ ਹਨ:

ਸਟਾਫ ਦੀ ਕਮੀ: ਕਈ ਥਾਣਿਆਂ ਵਿੱਚ ਜਿੱਥੇ 10 ਤੋਂ 12 ਮੁਲਾਜ਼ਮਾਂ ਦੀ ਲੋੜ ਹੈ, ਉੱਥੇ ਸਿਰਫ਼ 4-5 ਮੁਲਾਜ਼ਮਾਂ ਨਾਲ ਹੀ ਕੰਮ ਸਾਰਿਆ ਜਾ ਰਿਹਾ ਹੈ।

ਡਿਊਟੀ ਦੇ ਲੰਬੇ ਘੰਟੇ: ਨਫਰੀ ਘੱਟ ਹੋਣ ਕਾਰਨ ਮੁਲਾਜ਼ਮਾਂ ਨੂੰ ਰੋਜ਼ਾਨਾ 12 ਤੋਂ 15 ਘੰਟੇ ਡਿਊਟੀ ਕਰਨੀ ਪੈ ਰਹੀ ਹੈ।

ਛੁੱਟੀਆਂ ਦੀ ਘਾਟ: ਪਰਿਵਾਰਕ ਜ਼ਿੰਮੇਵਾਰੀਆਂ ਅਤੇ ਛੁੱਟੀਆਂ ਨਾ ਮਿਲਣ ਕਾਰਨ ਮੁਲਾਜ਼ਮਾਂ ਵਿੱਚ ਨਿਰਾਸ਼ਾ ਅਤੇ ਤਣਾਅ ਵਧ ਰਿਹਾ ਹੈ।

### ਬਹੁ-ਪੱਖੀ ਜ਼ਿੰਮੇਵਾਰੀਆਂ ਦਾ ਬੋਝ

ਪੁਲਸ ਮੁਲਾਜ਼ਮਾਂ ਨੂੰ ਸਿਰਫ਼ ਅਪਰਾਧ ਰੋਕਣ ਤੱਕ ਹੀ ਸੀਮਿਤ ਨਹੀਂ ਰੱਖਿਆ ਗਿਆ, ਸਗੋਂ ਉਨ੍ਹਾਂ 'ਤੇ ਕਈ ਹੋਰ ਡਿਊਟੀਆਂ ਦਾ ਵੀ ਦਬਾਅ ਹੈ:

ਸਿਆਸੀ ਆਗੂਆਂ ਅਤੇ ਉੱਚ ਅਧਿਕਾਰੀਆਂ ਦੀ ਸੁਰੱਖਿਆ ਵਿੱਚ ਵੱਡੀ ਨਫਰੀ ਤਾਇਨਾਤ ਰਹਿੰਦੀ ਹੈ। ਸੂਬੇ ਵਿੱਚ ਲਗਾਤਾਰ ਹੁੰਦੇ ਸਮਾਗਮਾਂ ਲਈ ਵਾਧੂ ਫੋਰਸ ਦੀ ਲੋੜ ਪੈਂਦੀ ਹੈ। ਵੱਖ-ਵੱਖ ਧਰਨਿਆਂ ਅਤੇ ਚੋਣ ਡਿਊਟੀਆਂ ਕਾਰਨ ਥਾਣਿਆਂ ਦਾ ਰੂਟੀਨ ਕੰਮ ਪ੍ਰਭਾਵਿਤ ਹੁੰਦਾ ਹੈ।

ਰਿਟਾਇਰਡ ਪੁਲਸ ਅਧਿਕਾਰੀਆਂ ਅਨੁਸਾਰ, ਜੇਕਰ ਪੁਲਸ ਖੁਦ ਮਾਨਸਿਕ ਦਬਾਅ ਹੇਠ ਹੋਵੇਗੀ, ਤਾਂ ਉਸ ਤੋਂ ਲੋਕਾਂ ਦੀ ਸੁਰੱਖਿਆ ਦੀ ਉਮੀਦ ਕਰਨਾ ਬੇਮਾਨੀ ਹੈ। ਤਣਾਅ ਕਾਰਨ ਡਿਊਟੀ ਦੌਰਾਨ ਗਲਤੀਆਂ ਹੋਣ ਦੀ ਸੰਭਾਵਨਾ ਵਧ ਜਾਂਦੀ ਹੈ, ਜਿਸ ਦਾ ਖ਼ਮਿਆਜ਼ਾ ਅਕਸਰ ਹੇਠਲੇ ਪੱਧਰ ਦੇ ਮੁਲਾਜ਼ਮਾਂ ਨੂੰ ਭੁਗਤਣਾ ਪੈਂਦਾ ਹੈ। ਹਾਲਾਂਕਿ ਸਰਕਾਰ ਵੱਲੋਂ ਸਮੇਂ-ਸਮੇਂ 'ਤੇ ਨਵੀਂ ਭਰਤੀ ਦੇ ਐਲਾਨ ਕੀਤੇ ਜਾਂਦੇ ਹਨ, ਪਰ ਅਸਲੀਅਤ ਵਿੱਚ ਇਹ ਭਰਤੀਆਂ ਲੋੜ ਮੁਤਾਬਕ ਪੂਰੀਆਂ ਨਹੀਂ ਹੋ ਰਹੀਆਂ। ਉੱਚ ਅਧਿਕਾਰੀਆਂ ਦਾ ਵਾਧੂ ਦਬਾਅ ਵੀ ਮੁਲਾਜ਼ਮਾਂ ਲਈ ਮੁਸੀਬਤ ਬਣਿਆ ਹੋਇਆ ਹੈ। ਜੇਕਰ ਪੰਜਾਬ ਸਰਕਾਰ ਪੁਲਸ ਪ੍ਰਸ਼ਾਸਨ ਨੂੰ ਚੁਸਤ-ਦਰੁਸਤ ਰੱਖਣਾ ਚਾਹੁੰਦੀ ਹੈ, ਤਾਂ ਸਿਰਫ਼ ਕਾਗਜ਼ੀ ਐਲਾਨਾਂ ਨਾਲ ਕੰਮ ਨਹੀਂ ਚੱਲੇਗਾ। ਨਵੀਂ ਭਰਤੀ ਪ੍ਰਕਿਰਿਆ ਨੂੰ ਤੇਜ਼ ਕਰਨਾ ਅਤੇ ਮੁਲਾਜ਼ਮਾਂ ਨੂੰ ਮਨੁੱਖੀ ਅਧਿਕਾਰਾਂ ਮੁਤਾਬਕ ਸਹੂਲਤਾਂ ਦੇਣਾ ਸਮੇਂ ਦੀ ਮੁੱਖ ਲੋੜ ਹੈ। ਜੇਕਰ 'ਰੱਖਿਅਕ' ਹੀ ਥੱਕ ਗਏ, ਤਾਂ ਸਿਸਟਮ ਦਾ ਡਿੱਗਣਾ ਤੈਅ ਹੈ।

# ਪੰਜਾਬੀ ਭਾਸ਼ਾ ਦੇ ਨਾਂ ਇੱਕ ਹੋਰ ਵੱਡੀ ਪ੍ਰਾਪਤੀ

## ✪ ਚੀਨ ਦੀ ਬੀਜਿੰਗ ਯੂਨੀਵਰਸਿਟੀ ਨੇ ਕੋਰਸਾਂ ਵਿਚ ਕੀਤਾ ਸ਼ਾਮਲ



ਬੀਜਿੰਗ/ਬਠਿੰਡਾ-ਪੰਜਾਬੀ ਮਾਂ-ਬੋਲੀ ਲਈ ਸੱਤ ਸਮੁੰਦਰੋਂ ਪਾਰੋਂ ਇੱਕ ਬਹੁਤ ਹੀ ਮਾਣਮੱਤੀ ਖ਼ਬਰ ਸਾਹਮਣੇ ਆਈ ਹੈ। ਚੀਨ ਦੀ ਪ੍ਰਸਿੱਧ ਬੀਜਿੰਗ ਵਿਦੇਸ਼ੀ ਅਧਿਐਨ ਯੂਨੀਵਰਸਿਟੀ ਨੇ ਆਪਣੀ ਵਿਦੇਸ਼ੀ ਅਤੇ ਭਾਰਤੀ ਭਾਸ਼ਾਵਾਂ ਦੀ ਸੂਚੀ ਵਿੱਚ ਪੰਜਾਬੀ ਭਾਸ਼ਾ ਨੂੰ ਅਧਿਕਾਰਤ ਤੌਰ 'ਤੇ ਸ਼ਾਮਲ ਕਰ ਲਿਆ ਹੈ। ਇਸ ਫੈਸਲੇ ਨਾਲ ਪੰਜਾਬੀ ਹੁਣ ਚੀਨ ਵਿੱਚ ਪੜ੍ਹਾਈ ਜਾਣ ਵਾਲੀ ਇੱਕ ਪ੍ਰਮੁੱਖ ਭਾਸ਼ਾ ਬਣ ਗਈ ਹੈ। ਯੂਨੀਵਰਸਿਟੀ ਨੇ ਪੰਜਾਬੀ ਪੜ੍ਹਾਉਣ ਦੀ ਜ਼ਿੰਮੇਵਾਰੀ ਪੰਜਾਬ ਕੇਂਦਰੀ ਯੂਨੀਵਰਸਿਟੀ, ਬਠਿੰਡਾ ਦੇ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਸਕੂਲ ਦੀ ਸਾਬਕਾ ਡੀਨ ਅਤੇ ਪ੍ਰੋਫੈਸਰ ਜ਼ਮੀਰਪਾਲ ਕੌਰ ਸੰਧੂ ਬਾਜਵਾ ਨੂੰ ਸੌਂਪੀ ਹੈ। ਪ੍ਰੋਫੈਸਰ ਬਾਜਵਾ ਨਾ ਸਿਰਫ਼ ਚੀਨੀ ਵਿਦਿਆਰਥੀਆਂ ਨੂੰ ਪੰਜਾਬੀ ਸਿਖਾਉਣਗੇ, ਸਗੋਂ ਪੰਜਾਬੀ ਇਤਿਹਾਸ ਅਤੇ ਸੱਭਿਆਚਾਰ ਬਾਰੇ ਕਲਾਸਾਂ ਲਗਾਉਣਗੇ। ਚੀਨੀ ਅਧਿਆਪਕਾਂ ਨੂੰ ਪੰਜਾਬੀ ਪੜ੍ਹਾਉਣ ਲਈ ਵਿਸ਼ੇਸ਼ ਸਿਖਲਾਈ ਦੇਣਗੇ।

### 102 ਭਾਸ਼ਾਵਾਂ ਦਾ ਬਣਿਆ ਕੋਰਸ

ਬੀ.ਐੱਫ.ਐੱਸ.ਯੂ. ਪਹਿਲਾਂ ਹੀ ਹਿੰਦੀ, ਤਾਮਿਲ ਅਤੇ ਉਰਦੂ ਸਮੇਤ 101 ਵਿਦੇਸ਼ੀ ਭਾਸ਼ਾਵਾਂ ਵਿੱਚ ਅਧਿਆਪਨ ਪ੍ਰੋਗਰਾਮ ਚਲਾ ਰਹੀ ਹੈ। ਪੰਜਾਬੀ ਦੇ ਸ਼ਾਮਲ ਹੋਣ ਨਾਲ ਇਹ ਗਿਣਤੀ ਹੁਣ 102 ਹੋ ਗਈ ਹੈ।

### ਕਿਸ ਨੂੰ ਹੋਵੇਗਾ ਫਾਇਦਾ?

ਇਹ ਕੋਰਸ ਮੁੱਖ ਤੌਰ 'ਤੇ ਉਨ੍ਹਾਂ ਲਈ ਤਿਆਰ ਕੀਤੇ ਗਏ ਹਨ ਜੋ ਭਾਸ਼ਾਵਾਂ ਵਿੱਚ ਮੁਹਾਰਤ ਹਾਸਲ ਕਰਨਾ ਚਾਹੁੰਦੇ ਹਨ, ਜਿਵੇਂ ਕਿ ਚੀਨੀ ਵਿਦਿਆਰਥੀ ਭਾਰਤੀ ਸੱਭਿਆਚਾਰ ਅਤੇ ਭਾਸ਼ਾ ਨੂੰ ਸਮਝਣਾ ਚਾਹੁੰਦੇ ਹਨ। ਡਿਪਲੋਮੈਟ ਅਤੇ ਅਧਿਕਾਰੀਆਂ ਨੂੰ ਅੰਤਰਰਾਸ਼ਟਰੀ ਸਬੰਧਾਂ ਅਤੇ ਕੰਮਕਾਜ ਲਈ ਵਿਦੇਸ਼ੀ ਭਾਸ਼ਾਵਾਂ ਦੀ ਲੋੜ ਹੁੰਦੀ ਹੈ।

ਇਹ ਕਦਮ ਪੰਜਾਬੀ ਭਾਸ਼ਾ ਦੇ ਅੰਤਰਰਾਸ਼ਟਰੀ ਪੱਧਰ 'ਤੇ ਵਧਦੇ ਪ੍ਰਭਾਵ ਨੂੰ ਦਰਸਾਉਂਦਾ ਹੈ ਅਤੇ ਦੋਵਾਂ ਦੇਸ਼ਾਂ ਦੇ ਅਕਾਦਮਿਕ ਸਬੰਧਾਂ ਵਿੱਚ ਇੱਕ ਨਵਾਂ ਅਧਿਆਏ ਜੋੜਦਾ ਹੈ।

# ਸਿੱਖ ਪਛਾਣ ਦੀ ਜੰਗ: ਬ੍ਰਿਟਿਸ਼ ਪਾਰਲੀਮੈਂਟ ਵਿੱਚ ਉੱਠੀ 'ਵੱਖਰੇ ਟਿਕ-ਬਾਕਸ' ਦੀ ਗੂੰਜ

## ✪ ਲੇਬਰ ਸਰਕਾਰ ਵੱਲੋਂ ਸਿੱਖਾਂ ਨੂੰ ਇੱਕ ਵੱਖਰੇ 'ਨਸਲੀ ਸਮੂਹ' ਵਜੋਂ ਮਾਨਤਾ ਦੇਣ ਦੇ ਦਿੱਤੇ ਗਏ ਸੰਕੇਤ

### ਨਿਊਜ਼ ਵਿਸ਼ਲੇਸ਼ਣ




ਬ੍ਰਿਟੇਨ ਦੀ ਪਾਰਲੀਮੈਂਟ ਵਿੱਚ ਉੱਠ ਰਹੀ "ਵੱਖਰੇ ਟਿਕ-ਬਾਕਸ" ਦੀ ਗੂੰਜ ਸਿੱਖ ਕੌਮ ਦੀ ਲੰਬੀ ਪਛਾਣ ਦੀ ਲੜਾਈ ਦਾ ਨਵਾਂ ਮੋੜ ਹੈ। ਵੈਸਟਮਿੰਸਟਰ ਹਾਲ ਵਿੱਚ ਹਾਲ ਹੀ ਵਿੱਚ ਹੋਈ ਬਹਿਸ ਦੌਰਾਨ ਲੇਬਰ ਸਰਕਾਰ ਵੱਲੋਂ ਸਿੱਖਾਂ ਨੂੰ ਸਿਰਫ਼ ਇੱਕ ਧਾਰਮਿਕ ਸਮੂਹ ਨਹੀਂ, ਸਗੋਂ ਇੱਕ ਵੱਖਰੇ 'ਨਸਲੀ ਸਮੂਹ' ਵਜੋਂ ਮਾਨਤਾ ਦੇਣ ਦੇ ਦਿੱਤੇ ਗਏ ਸੰਕੇਤ ਇੱਕ ਇਤਿਹਾਸਕ ਮੋੜ ਦੀ ਦਸਤਕ ਹਨ। ਇਹ ਮਾਮਲਾ ਸਿਰਫ਼ ਇੱਕ ਫਾਰਮ ਦੇ ਖਾਨੇ ਦਾ ਨਹੀਂ-ਇਹ ਉਸ ਅਸੂਲ ਦਾ ਸਵਾਲ ਹੈ ਕਿ ਕੀ ਸਿੱਖਾਂ ਨੂੰ ਆਪਣੀ ਵੱਖਰੀ ਹੋਂਦ ਨਾਲ ਮਾਨਤਾ ਮਿਲੇਗੀ ਜਾਂ ਉਹਨਾਂ ਨੂੰ ਹਮੇਸ਼ਾ "ਏਸ਼ੀਆਈ" ਦੇ ਵਿਸ਼ਾਲ ਖਾਨੇ ਵਿੱਚ ਹੀ ਗੁੰਮ ਰੱਖਿਆ ਜਾਵੇਗਾ।

ਹਾਲੀਆ ਸੰਸਦੀ ਚਰਚਾਵਾਂ ਵਿੱਚ ਲੇਬਰ ਪਾਰਟੀ ਦੇ ਕਈ ਆਗੂ ਇਸ ਮਸਲੇ ਨੂੰ ਉਭਾਰ ਰਹੇ ਹਨ। ਸਤਵੀਰ ਕੌਰ ਵਰਗੇ ਸਾਂਸਦਾਂ ਦੀ ਮੌਜੂਦਗੀ ਇਸ ਗੱਲ ਦਾ ਸੰਕੇਤ ਹੈ ਕਿ ਇਹ ਮੁੱਦਾ ਹੁਣ ਰਾਸ਼ਟਰੀ ਪੱਧਰ 'ਤੇ ਗੰਭੀਰਤਾ ਨਾਲ ਚਰਚਾ ਵਿੱਚ ਆ ਚੁੱਕਾ ਹੈ। ਪਰ ਇਸ ਸੰਘਰਸ਼ ਦਾ ਅਸਲ ਆਧਾਰ ਉਹ ਆਵਾਜ਼ਾਂ ਹਨ ਜੋ ਸਾਲਾਂ ਤੋਂ ਲਗਾਤਾਰ ਇਸ ਮੰਗ ਨੂੰ ਜਿੰਦਾ ਰੱਖ ਰਹੀਆਂ ਹਨ।

ਇੱਥੇ ਖਾਸ ਜ਼ਿਕਰ ਕਰਨਾ ਲਾਜ਼ਮੀ ਹੈ ਪ੍ਰੀਤ ਕੌਰ ਗਿਲ ਦਾ, ਜਿਨ੍ਹਾਂ ਨੇ ਬ੍ਰਿਟਿਸ਼ ਪਾਰਲੀਮੈਂਟ ਵਿੱਚ ਸਿੱਖ ਪਛਾਣ ਦੇ ਮਸਲੇ ਨੂੰ ਵਾਰ-ਵਾਰ ਉਠਾਇਆ ਹੈ। ਉਹ ਸਿਰਫ਼ ਇੱਕ ਸਾਂਸਦ ਨਹੀਂ, ਸਗੋਂ ਇਸ ਮੁਹਿੰਮ ਦੀ ਅੱਗੇ ਤੋਰਨ ਵਾਲੀ ਬੁਲੰਦ ਆਵਾਜ਼ ਹਨ, ਜਿਨ੍ਹਾਂ ਨੇ ਸਰਕਾਰ 'ਤੇ ਦਬਾਅ ਬਣਾਇਆ ਕਿ ਸਿੱਖਾਂ ਨੂੰ ਸਿਰਫ਼ ਧਾਰਮਿਕ ਨਹੀਂ, ਸਗੋਂ ਨਸਲੀ ਘੱਟਗਿਣਤੀ ਵਜੋਂ ਵੀ ਮੰਨਿਆ ਜਾਵੇ। ਇਹ ਲੜਾਈ ਕਿਸੇ ਇੱਕ ਦਿਨ ਦੀ ਨਹੀਂ-ਇਹ ਲਗਾਤਾਰ ਸਿਆਸੀ ਅਤੇ ਕਮਿਊਨਿਟੀ ਦਬਾਅ ਦਾ ਨਤੀਜਾ ਹੈ।

ਇਸ ਮਸਲੇ ਦੀ ਕਾਨੂੰਨੀ ਬੁਨਿਆਦ ਵੀ ਮਜ਼ਬੂਤ ਹੈ। 1983 ਦੇ ਪ੍ਰਸਿੱਧ ਕੇਸ ਮੈਂਡਲਾ ਵ ਡੋਵੇਲ ਲੀ ਵਿੱਚ ਸਿੱਖਾਂ ਨੂੰ ਨਸਲੀ ਸਮੂਹ ਵਜੋਂ ਮਾਨਤਾ ਦਿੱਤੀ ਜਾ ਚੁੱਕੀ ਹੈ। ਪਰ ਹੈਰਾਨੀ ਦੀ ਗੱਲ ਇਹ ਹੈ ਕਿ ਦਹਾਕਿਆਂ ਬਾਅਦ ਵੀ ਇਹ ਮਾਨਤਾ ਜਨਗਣਨਾ ਅਤੇ ਸਰਕਾਰੀ ਡੇਟਾ ਵਿੱਚ ਪੂਰੀ ਤਰ੍ਹਾਂ ਨਹੀਂ ਦਿਖਾਈ ਦਿੰਦੀ।

ਇਸਦਾ ਸਿੱਧਾ ਨੁਕਸਾਨ ਸਿੱਖ ਕੌਮ ਨੂੰ ਝੱਲਣਾ ਪੈਂਦਾ ਹੈ। ਇਸ ਮਾਨਤਾ ਦਾ ਸਭ ਤੋਂ ਵੱਡਾ ਲਾਭ 'ਹੇਟ ਕ੍ਰਾਈਮ' (ਨਸਲੀ ਨਫ਼ਰਤ ਦੇ ਅਪਰਾਧਾਂ) ਦੇ ਖੇਤਰ ਵਿੱਚ ਹੋਵੇਗਾ। ਵਰਤਮਾਨ ਵਿੱਚ, ਜਦੋਂ ਕਿਸੇ ਸਿੱਖ ਦੀ ਦਸਤਾਰ ਜਾਂ ਕਿਰਪਾਨ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ, ਤਾਂ ਉਸ ਨੂੰ ਅਕਸਰ 'ਏਸ਼ੀਅਨ ਵਿਰੁੱਧ ਅਪਰਾਧ' ਵਜੋਂ ਦਰਜ ਕੀਤਾ ਜਾਂਦਾ ਹੈ। ਇਸ ਨਾਲ ਸਿੱਖਾਂ ਵਿਰੁੱਧ ਹੋਣ ਵਾਲੀ ਖਾਸ ਕਿਸਮ ਦੀ ਨਫ਼ਰਤ ਦਾ ਅਸਲ ਡੇਟਾ ਸਾਹਮਣੇ ਨਹੀਂ ਆਉਂਦਾ। ਜੇਕਰ 2031 ਦੀ ਜਨਗਣਨਾ ਵਿੱਚ ਵੱਖਰਾ 'ਟਿਕ-ਬਾਕਸ' ਮਿਲਦਾ ਹੈ, ਤਾਂ ਪੁਲਿਸ ਅਤੇ ਸੁਰੱਖਿਆ ਏਜੰਸੀਆਂ ਕੋਲ ਸਿੱਖਾਂ ਵਿਰੁੱਧ ਹਿੰਸਾ ਦੇ ਸਹੀ ਅੰਕੜੇ ਹੋਣਗੇ, ਜਿਸ ਨਾਲ ਗੁਰਦੁਆਰਿਆਂ ਦੀ ਸੁਰੱਖਿਆ ਅਤੇ ਕਮਿਊਨਿਟੀ ਫੰਡਿੰਗ ਲਈ ਠੋਸ ਨੀਤੀਆਂ ਬਣਾਈਆਂ ਜਾ ਸਕਣਗੀਆਂ।

ਸਿਹਤ, ਸਿੱਖਿਆ ਅਤੇ ਰੁਜ਼ਗਾਰ ਦੇ ਖੇਤਰਾਂ ਵਿੱਚ ਵੀ ਇਹ ਗੈਰ-ਸਪੱਸ਼ਟਤਾ ਵੱਡੀ ਰੁਕਾਵਟ ਹੈ। ਸਿਹਤ ਸੇਵਾਵਾਂ ਦੇ ਪੱਖ ਤੋਂ ਵੀ ਇਹ ਕਦਮ ਸਹੀ ਸਾਬਤ ਹੋ ਸਕਦਾ ਹੈ। ਭਾਵੇਂ ਦੱਖਣੀ ਏਸ਼ੀਆਈ ਲੋਕਾਂ ਵਿੱਚ ਦਿਲ ਦੇ ਰੋਗ ਅਤੇ ਸ਼ੂਗਰ ਆਮ ਹਨ, ਪਰ ਸਿੱਖਾਂ ਦੀ ਖਾਸ ਜੀਵਨ-ਸ਼ੈਲੀ, ਖੁਰਾਕ ਅਤੇ ਸੱਭਿਆਚਾਰਕ ਪਿਛੋਕੜ ਕਾਰਨ ਉਹਨਾਂ ਦੀਆਂ ਸਿਹਤ ਲੋੜਾਂ ਵੱਖਰੀਆਂ ਹੋ ਸਕਦੀਆਂ ਹਨ। ਵੱਖਰੇ ਡੇਟਾ ਰਾਹੀਂ ਪੰਜਾਬੀ ਭਾਸ਼ਾ ਵਿੱਚ ਜਾਗਰੂਕਤਾ ਮੁਹਿੰਮਾਂ ਅਤੇ ਵਿਸ਼ੇਸ਼ ਮੈਡੀਕਲ ਪ੍ਰੋਗਰਾਮ ਉਲੀਕੇ ਜਾ ਸਕਦੇ ਹਨ, ਜੋ ਸਿੱਖ ਭਾਈਚਾਰੇ ਦੀ ਸਿਹਤ ਸਥਿਤੀ ਨੂੰ ਬਿਹਤਰ ਬਣਾਉਣ ਵਿੱਚ ਸਹਾਈ ਹੋਣਗੇ।

ਰੁਜ਼ਗਾਰ ਅਤੇ ਸਿੱਖਿਆ ਦੇ ਖੇਤਰ ਵਿੱਚ 'ਡਾਇਵਰਸਿਟੀ' (ਵਿਭਿੰਨਤਾ) ਦੀਆਂ ਰਿਪੋਰਟਾਂ ਹੁਣ ਸਿੱਖਾਂ ਦੀ ਅਸਲ ਪ੍ਰਤੀਨਿਧਤਾ ਨੂੰ ਸਪੱਸ਼ਟ ਕਰਨਗੀਆਂ। ਜੇਕਰ ਵੱਡੀਆਂ ਕੰਪਨੀਆਂ ਜਾਂ ਸਰਕਾਰੀ ਅਹੁਦਿਆਂ 'ਤੇ ਸਿੱਖਾਂ ਦੀ ਗਿਣਤੀ ਘੱਟ ਹੋਵੇਗੀ, ਤਾਂ ਭਾਈਚਾਰਾ ਅੰਕੜਿਆਂ ਦੇ ਅਧਾਰ 'ਤੇ ਆਪਣੇ ਹੱਕਾਂ ਦੀ ਮੰਗ ਕਰ ਸਕੇਗਾ। ਇਹ ਫੰਡਿੰਗ ਦੀ ਵੰਡ ਵਿੱਚ ਵੀ ਪਾਰਦਰਸ਼ਤਾ ਲਿਆਏਗਾ, ਕਿਉਂਕਿ ਸਿੱਖ ਬਹੁਲਤਾ ਵਾਲੇ ਇਲਾਕਿਆਂ ਨੂੰ ਉਹਨਾਂ ਦੀ ਅਬਾਦੀ ਦੇ ਸਹੀ ਅਨੁਪਾਤ ਵਿੱਚ ਵਸੀਲੇ ਮੁਹੱਈਆ ਕਰਵਾਏ ਜਾਣਗੇ। ਜਦ ਤੱਕ ਸਿੱਖਾਂ ਦਾ ਵੱਖਰਾ ਡੇਟਾ ਨਹੀਂ ਹੋਵੇਗਾ, ਤਦ ਤੱਕ ਉਹਨਾਂ ਲਈ ਬਣੀਆਂ ਨੀਤੀਆਂ ਵੀ ਅਧੂਰੀਆਂ ਰਹਿਣਗੀਆਂ। ਇਹ ਸਿਰਫ਼ ਗਿਣਤੀ ਦਾ ਮਸਲਾ ਨਹੀਂ-ਇਹ ਹੱਕਾਂ ਅਤੇ ਬਰਾਬਰੀ ਦਾ ਮਸਲਾ ਹੈ।

2021 ਦੀ ਜਨਗਣਨਾ ਦੌਰਾਨ ਕਈ ਸਿੱਖਾਂ ਵੱਲੋਂ ਆਪਣੀ ਨਸਲ "ਸਿੱਖ" ਲਿਖਣਾ ਇਹ ਸਾਬਤ ਕਰਦਾ ਹੈ ਕਿ ਕੌਮ ਆਪਣੀ ਪਛਾਣ ਬਾਰੇ ਪੂਰੀ ਤਰ੍ਹਾਂ ਜਾਗਰੂਕ ਹੈ। ਹੁਣ ਗੇਂਦ ਸਰਕਾਰ ਦੇ ਪਾਸੇ ਹੈ-ਕੀ ਉਹ ਇਸ ਸੱਚਾਈ ਨੂੰ ਮੰਨੇਗੀ ਜਾਂ ਫਿਰ ਇਸਨੂੰ ਨਜ਼ਰਅੰਦਾਜ਼ ਕਰੇਗੀ?

ਪੰਥਕ ਆਗੂਆਂ ਰਘਬੀਰ ਸਿੰਘ ਪ੍ਰਧਾਨ ਗੁਰਦੁਆਰਾ ਸਿੰਘ ਸਭਾ ਡਰਬੀ,ਰਜਿੰਦਰ ਸਿੰਘ ਪੁਰੇਵਾਲ ਦਿ ਕਹਿਣਾ ਹੈ ਕਿ ਸਿੱਖ ਪਛਾਣ ਕਿਸੇ ਹੋਰ ਦੀ ਪਰਿਭਾਸ਼ਾ ਦੀ ਮੁਹਤਾਜ ਨਹੀਂ ਹੁਣ ਸਮਾਂ ਆ ਗਿਆ ਹੈ ਕਿ ਬ੍ਰਿਟੇਨ ਇਸ ਹਕੀਕਤ ਨੂੰ ਕਾਗਜ਼ਾਂ 'ਤੇ ਵੀ ਮੰਨੇ। ਜੇਕਰ ਉਹ ਆਪਣੇ ਆਪ ਨੂੰ ਇੱਕ ਸੱਚਾ ਬਹੁ-ਸੱਭਿਆਚਾਰਕ ਸਮਾਜ ਕਹਿਣਾ ਚਾਹੁੰਦਾ ਹੈ, ਤਾਂ ਸਿੱਖਾਂ ਨੂੰ ਉਹਨਾਂ ਦੀ ਪੂਰੀ ਪਛਾਣ ਨਾਲ ਮਾਨਤਾ ਦੇਣੀ ਹੀ ਪਵੇਗੀ।

ਸਿੱਖਾਂ ਲਈ ਇਹ ਸੰਘਰਸ਼ ਸਿਰਫ਼ ਇੱਕ ਖਾਨੇ ਵਿੱਚ ਸਹੀ ਦਾ ਨਿਸ਼ਾਨ ਲਗਾਉਣ ਤੱਕ ਸੀਮਤ ਨਹੀਂ ਹੈ; ਇਹ ਬ੍ਰਿਟੇਨ ਵਿੱਚ ਉਹਨਾਂ ਦੇ ਚਾਰ ਸਦੀਆਂ ਦੇ ਯੋਗਦਾਨ ਅਤੇ ਉਹਨਾਂ ਦੀ ਸੁਤੰਤਰ ਹੋਂਦ ਨੂੰ ਮਾਨਤਾ ਦਿਵਾਉਣ ਦਾ ਮਸਲਾ ਹੈ। 2021 ਦੀ ਜਨਗਣਨਾ ਵਿੱਚ ਇੱਕ ਲੱਖ ਸਿੱਖਾਂ ਵੱਲੋਂ ਆਪਣੀ ਨਸਲ 'ਸਿੱਖ' ਲਿਖਣਾ ਇਸ ਗੱਲ ਦਾ ਸਬੂਤ ਹੈ ਕਿ ਭਾਈਚਾਰਾ ਆਪਣੀ ਵੱਖਰੀ ਪਛਾਣ ਪ੍ਰਤੀ ਜਾਗਰੂਕ ਹੈ।

ਹੁਣ ਜਦੋਂ ਓਐਨਐਸ ਆਪਣੀ ਸਮੀਖਿਆ ਪੂਰੀ ਕਰ ਰਿਹਾ ਹੈ ਅਤੇ 2026 ਤੱਕ ਨਵੀਆਂ ਸਿਫ਼ਾਰਿਸ਼ਾਂ ਆਉਣੀਆਂ ਹਨ, ਤਾਂ ਸਿੱਖ ਭਾਈਚਾਰੇ ਨੂੰ ਹੋਰ ਵੀ ਸੰਗਠਿਤ ਹੋਣ ਦੀ ਲੋੜ ਹੈ। ਇਹ ਮਾਨਤਾ ਨਾ ਸਿਰਫ਼ ਅੱਜ ਦੇ ਸਿੱਖਾਂ ਨੂੰ ਸੁਰੱਖਿਆ ਅਤੇ ਬਰਾਬਰੀ ਦੇਵੇਗੀ, ਸਗੋਂ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਅਜਿਹਾ ਬ੍ਰਿਟੇਨ ਸਿਰਜੇਗੀ ਜਿੱਥੇ ਉਹਨਾਂ ਦੀ ਪਛਾਣ ਨੂੰ ਕਿਸੇ ਹੋਰ ਦੇ ਪਰਛਾਵੇਂ ਹੇਠ ਨਹੀਂ, ਸਗੋਂ ਆਪਣੀ ਵੱਖਰੀ ਹੋਂਦ ਵਿੱਚ ਦੇਖਿਆ ਜਾਵੇਗਾ।

# ਕਿੱਥੇ ਹਨ ਬੈਂਜਾਮਿਨ ਨੇਤਨਯਾਹੂ ? ਕੀ ਸੱਚਮੁੱਚ ਹੋ ਗਈ ਮੌਤ ?

## ✪ ਇਜ਼ਰਾਈਲੀ ਪੀਐਮ ਲਗਾਤਾਰ ਦੂਜੀ ਵਾਰ ਅੰਤਰਰਾਸ਼ਟਰੀ ਬੈਠਕਾਂ ਤੋਂ ਰਹੇ ਗੈਰ-ਹਾਜ਼ਰ



ਖਾਸ ਖਬਰ-ਮਿਡਲ ਈਸਟ ਵਿੱਚ ਵਧਦੇ ਫੌਜੀ ਤਣਾਅ ਅਤੇ ਇਜ਼ਰਾਈਲ-ਈਰਾਨ ਵਿਚਾਲੇ ਟਕਰਾਅ ਦੇ ਦੌਰਾਨ, ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੀ ਗੈਰ-ਹਾਜ਼ਰੀ ਨੇ ਦੁਨੀਆ ਭਰ ਵਿੱਚ ਚਰਚਾਵਾਂ ਛੇੜ ਦਿੱਤੀਆਂ ਹਨ। ਨੇਤਨਯਾਹੂ ਦੇ ਕੁਝ ਅਹਿਮ ਸੁਰੱਖਿਆ ਬੈਠਕਾਂ ਵਿੱਚ ਸ਼ਾਮਲ ਨਾ ਹੋਣ ਕਾਰਨ ਸੋਸ਼ਲ ਮੀਡੀਆ 'ਤੇ ਉਨ੍ਹਾਂ ਦੀ ਮੌਤ ਤੱਕ ਦੀਆਂ ਅਫਵਾਹਾਂ ਉੱਡਣ ਲੱਗੀਆਂ ਹਨ।

ਇਹ ਲਗਾਤਾਰ ਦੂਜੀ ਵਾਰ ਹੈ ਜਦੋਂ ਨੇਤਨਯਾਹੂ ਅੰਤਰਰਾਸ਼ਟਰੀ ਨੇਤਾਵਾਂ ਦੀ ਮਹੱਤਵਪੂਰਨ ਬੈਠਕ ਵਿੱਚ ਸ਼ਾਮਲ ਨਹੀਂ ਹੋਏ। ਆਮ ਤੌਰ 'ਤੇ ਅਜਿਹੇ ਸੰਕਟ ਦੇ ਸਮੇਂ ਪ੍ਰਧਾਨ ਮੰਤਰੀ ਖੁਦ ਇਨ੍ਹਾਂ ਬੈਠਕਾਂ ਦੀ ਪ੍ਰਧਾਨਗੀ ਕਰਦੇ ਹਨ।

ਰਿਪੋਰਟਾਂ ਮੁਤਾਬਕ ਇਸ ਬੈਠਕ ਵਿੱਚ ਇਜ਼ਰਾਈਲ ਦੇ ਰੱਖਿਆ ਮੰਤਰੀ ਇਜ਼ਰਾਈਲ ਕਾਟਜ਼ ਅਤੇ ਕਈ ਸੀਨੀਅਰ ਫੌਜੀ ਅਧਿਕਾਰੀ ਸ਼ਾਮਲ ਹੋਏ ਸਨ, ਪਰ ਪੀਐਮ ਦੀ ਗੈਰ-ਹਾਜ਼ਰੀ ਨੇ ਸਵਾਲ ਖੜ੍ਹੇ ਕਰ ਦਿੱਤੇ।

ਨੇਤਨਯਾਹੂ ਦੇ ਦਫਤਰ ਨੇ ਇਨ੍ਹਾਂ ਅਫਵਾਹਾਂ ਨੂੰ ਸਿਰੇ ਤੋਂ ਖਾਰਜ ਕਰਦਿਆਂ ਇਨ੍ਹਾਂ ਨੂੰ "ਫੇਕ ਨਿਊਜ਼" ਕਰਾਰ ਦਿੱਤਾ ਹੈ। ਸਰਕਾਰ ਦਾ ਕਹਿਣਾ ਹੈ ਕਿ ਪ੍ਰਧਾਨ ਮੰਤਰੀ ਪੂਰੀ ਤਰ੍ਹਾਂ ਸੁਰੱਖਿਅਤ ਹਨ ਅਤੇ ਸੁਰੱਖਿਆ ਮਾਮਲਿਆਂ 'ਤੇ ਲਗਾਤਾਰ ਕੰਮ ਕਰ ਰਹੇ ਹਨ।

ਅਫਵਾਹਾਂ ਨੂੰ ਸ਼ਾਂਤ ਕਰਨ ਲਈ ਪ੍ਰਧਾਨ ਮੰਤਰੀ ਦਫਤਰ ਨੇ 15 ਅਤੇ 16 ਮਾਰਚ ਨੂੰ ਨੇਤਨਯਾਹੂ ਦੇ ਕੁਝ ਵੀਡੀਓ ਅਤੇ ਤਸਵੀਰਾਂ ਜਾਰੀ ਕੀਤੀਆਂ ਹਨ। ਹਾਲਾਂਕਿ, ਮੀਡੀਆ ਰਿਪੋਰਟਾਂ ਅਨੁਸਾਰ ਉਨ੍ਹਾਂ ਦਾ ਆਖਰੀ ਜਨਤਕ ਪ੍ਰੋਗਰਾਮ 10 ਮਾਰਚ 2026 ਦੇ ਆਸ-ਪਾਸ ਦੇਖਿਆ ਗਿਆ ਸੀ।

ਸਿਆਸੀ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਅੰਤਰਰਾਸ਼ਟਰੀ ਮੰਚਾਂ ਤੋਂ ਪ੍ਰਧਾਨ ਮੰਤਰੀ ਦੀ ਦੂਰੀ ਸਿਰਫ ਇੱਕ ਰਸਮੀ ਗੱਲ ਨਹੀਂ ਹੈ। ਇਹ ਖੇਤਰੀ ਤਣਾਅ, ਅੰਦਰੂਨੀ ਸਿਆਸੀ ਦਬਾਅ ਜਾਂ ਕਿਸੇ ਵੱਡੀ ਸੁਰੱਖਿਆ ਰਣਨੀਤੀ ਦਾ ਹਿੱਸਾ ਹੋ ਸਕਦੀ ਹੈ। ਫਿਲਹਾਲ ਇਜ਼ਰਾਈਲ ਸਰਕਾਰ ਨੇ ਉਨ੍ਹਾਂ ਦੇ ਬੈਠਕਾਂ ਵਿੱਚ ਨਾ ਜਾਣ ਦਾ ਕੋਈ ਵਿਸਥਾਰਪੂਰਵਕ ਕਾਰਨ ਸਾਂਝਾ ਨਹੀਂ ਕੀਤਾ ਹੈ।

# ਅਮਰੀਕਾ ਵੱਲੋਂ ਭਾਰਤ ਸਮੇਤ 16 ਦੇਸ਼ਾਂ ਖ਼ਿਲਾਫ਼ ਵੱਡੀ ਟ੍ਰੇਡ ਜਾਂਚ ਸ਼ੁਰੂ: ਨਵੇਂ ਟੈਰਿਫ ਦਾ ਖ਼ਤਰਾ ਵਧਿਆ




ਵਾਸ਼ਿੰਗਟਨ-ਵਿਸ਼ਵ ਵਪਾਰ ਦੇ ਖੇਤਰ ਵਿੱਚ ਇੱਕ ਵੱਡਾ ਭੂਚਾਲ ਆਇਆ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਨੇ ਭਾਰਤ ਸਮੇਤ ਦੁਨੀਆ ਦੀਆਂ 16 ਪ੍ਰਮੁੱਖ ਅਰਥਵਿਵਸਥਾਵਾਂ ਵਿਰੁੱਧ ਸੈਕਸ਼ਨ 301 (ਟ੍ਰੇਡ ਐਕਟ 1974) ਤਹਿਤ ਜਾਂਚ ਦੇ ਹੁਕਮ ਦਿੱਤੇ ਹਨ। ਯੂਐੱਸ ਟ੍ਰੇਡ ਰਿਪ੍ਰਜ਼ੈਂਟੇਟਿਵ (USTR) ਜੈਮੀਸਨ ਗ੍ਰੀਰ ਅਨੁਸਾਰ, ਇਹ ਜਾਂਚ ਇਨ੍ਹਾਂ ਦੇਸ਼ਾਂ ਵਿੱਚ ਮੈਨੂਫੈਕਚਰਿੰਗ ਸੈਕਟਰ ਦੀ 'ਅਤਿਰਿਕਤ ਉਤਪਾਦਨ ਸਮਰੱਥਾ' (Excess Capacity) ਦੀ ਪਰਖ ਕਰਨ ਲਈ ਕੀਤੀ ਜਾ ਰਹੀ ਹੈ।

ਅਮਰੀਕਾ ਨੇ ਇਸ ਸੂਚੀ ਵਿੱਚ ਚੀਨ, ਯੂਰਪੀਅਨ ਯੂਨੀਅਨ, ਜਾਪਾਨ, ਦੱਖਣੀ ਕੋਰੀਆ, ਮੈਕਸੀਕੋ, ਵਿਅਤਨਾਮ ਅਤੇ ਭਾਰਤ ਵਰਗੇ ਵੱਡੇ ਵਪਾਰਕ ਭਾਈਵਾਲਾਂ ਨੂੰ ਸ਼ਾਮਲ ਕੀਤਾ ਹੈ।

ਦਿਲਚਸਪ ਗੱਲ ਇਹ ਹੈ ਕਿ ਅਮਰੀਕਾ ਦੇ ਦੂਜੇ ਸਭ ਤੋਂ ਵੱਡੇ ਵਪਾਰਕ ਸਾਥੀ ਕੈਨੇਡਾ ਨੂੰ ਇਸ ਜਾਂਚ ਤੋਂ ਬਾਹਰ ਰੱਖਿਆ ਗਿਆ ਹੈ। ਅਮਰੀਕੀ ਅਧਿਕਾਰੀਆਂ ਦਾ ਦੋਸ਼ ਹੈ ਕਿ ਇਹ ਦੇਸ਼ ਆਪਣੀ ਲੋੜ ਤੋਂ ਵੱਧ ਮਾਲ ਤਿਆਰ ਕਰ ਰਹੇ ਹਨ ਅਤੇ ਸਰਕਾਰੀ ਸਬਸਿਡੀਆਂ ਦੀ ਮਦਦ ਨਾਲ ਇਸ ਵਾਧੂ ਮਾਲ ਨੂੰ ਅਮਰੀਕੀ ਬਾਜ਼ਾਰਾਂ ਵਿੱਚ ਸੁੱਟ ਰਹੇ ਹਨ, ਜਿਸ ਨਾਲ ਅਮਰੀਕੀ ਉਦਯੋਗਾਂ ਅਤੇ ਰੁਜ਼ਗਾਰ ਨੂੰ ਭਾਰੀ ਨੁਕਸਾਨ ਹੋ ਰਿਹਾ ਹੈ।

ਭਾਰਤ ਲਈ ਮੁਸ਼ਕਿਲਾਂ: ਕੀ ਟੁੱਟੇਗਾ ਫਰਵਰੀ ਦਾ ਸਮਝੌਤਾ?-ਇਹ ਜਾਂਚ ਭਾਰਤ ਲਈ ਖਾਸ ਤੌਰ 'ਤੇ ਚਿੰਤਾ ਦਾ ਵਿਸ਼ਾ ਹੈ ਕਿਉਂਕਿ ਅਜੇ ਪਿਛਲੇ ਮਹੀਨੇ (ਫਰਵਰੀ 2026) ਹੀ ਦੋਵਾਂ ਦੇਸ਼ਾਂ ਵਿਚਾਲੇ ਇੱਕ ਇਤਿਹਾਸਕ ਅੰਤਰਿਮ ਵਪਾਰ ਸਮਝੌਤਾ ਹੋਇਆ ਸੀ। ਇਸ ਸਮਝੌਤੇ ਤਹਿਤ ਅਮਰੀਕਾ ਨੇ ਭਾਰਤੀ ਸਾਮਾਨ 'ਤੇ ਟੈਰਿਫ 50% ਤੋਂ ਘਟਾ ਕੇ 18% ਕਰ ਦਿੱਤਾ ਸੀ। ਬਦਲੇ ਵਿੱਚ ਭਾਰਤ ਨੇ ਰੂਸੀ ਤੇਲ 'ਤੇ ਨਿਰਭਰਤਾ ਘਟਾ ਕੇ ਅਮਰੀਕਾ ਤੋਂ ਊਰਜਾ ਖਰੀਦਣ ਦਾ ਭਰੋਸਾ ਦਿੱਤਾ ਸੀ। ਪਰ ਹੁਣ ਇਸ ਨਵੀਂ ਜਾਂਚ ਨੇ ਉਸ ਰਾਹਤ ਨੂੰ ਖ਼ਤਰੇ ਵਿੱਚ ਪਾ ਦਿੱਤਾ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਜਾਂਚ ਵਿੱਚ ਭਾਰਤ ਵਿਰੁੱਧ ਤੱਥ ਮਿਲਦੇ ਹਨ, ਤਾਂ ਗਰਮੀਆਂ ਤੱਕ ਭਾਰਤੀ ਬਰਾਮਦ 'ਤੇ ਮੁੜ ਭਾਰੀ ਟੈਰਿਫ ਲਗਾਇਆ ਜਾ ਸਕਦਾ ਹੈ। ਟਰੰਪ ਦਾ ਟੀਚਾ 'ਅਮਰੀਕਾ ਫਸਟ' ਨੀਤੀ ਤਹਿਤ ਸਪਲਾਈ ਚੇਨ ਨੂੰ ਵਾਪਸ ਅਮਰੀਕਾ ਲਿਆਉਣਾ। ਭਾਰਤ ਸਰਕਾਰ ਇਸ ਜਾਂਚ ਵਿੱਚ ਆਪਣਾ ਪੱਖ ਮਜ਼ਬੂਤੀ ਨਾਲ ਰੱਖਣ ਦੀ ਤਿਆਰੀ ਕਰ ਰਹੀ ਹੈ। ਜੇਕਰ ਗੱਲਬਾਤ ਨਾਲ ਹੱਲ ਨਾ ਨਿਕਲਿਆ, ਤਾਂ ਭਾਰਤ ਇਸ ਮਾਮਲੇ ਨੂੰ ਵਿਸ਼ਵ ਵਪਾਰ ਸੰਸਥਾ (WTO) ਵਿੱਚ ਲੈ ਕੇ ਜਾ ਸਕਦਾ ਹੈ। ਇਹ ਕਦਮ ਨਾ ਸਿਰਫ ਭਾਰਤ-ਅਮਰੀਕਾ ਸਬੰਧਾਂ ਨੂੰ ਪ੍ਰਭਾਵਿਤ ਕਰੇਗਾ, ਬਲਕਿ ਪੂਰੀ ਦੁਨੀਆ ਵਿੱਚ 'ਟ੍ਰੇਡ ਵਾਰ' (ਵਪਾਰਕ ਜੰਗ) ਦੀ ਸਥਿਤੀ ਪੈਦਾ ਕਰ ਸਕਦਾ ਹੈ।

# ਰਾਜ ਸਭਾ ਚੋਣਾਂ ਦੌਰਾਨ ਐਨ.ਡੀ.ਏ. ਨੇ ਬਿਹਾਰ, ਓਡੀਸ਼ਾ ਅਤੇ ਹਰਿਆਣਾ ਵਿਚ ਮਾਰੀ ਬਾਜ਼ੀ

## ✪ ਕਾਂਗਰਸ ਨੂੰ ਹਰਿਆਣਾ ਵਿਚ ਮਿਲੀ ਇੱਕ ਸੀਟ



ਨਵੀਂ ਦਿੱਲੀ-ਦੇਸ਼ ਦੇ 10 ਰਾਜਾਂ ਦੀਆਂ 37 ਰਾਜ ਸਭਾ ਸੀਟਾਂ ਲਈ ਹੋਈਆਂ ਚੋਣਾਂ ਦੇ ਨਤੀਜੇ ਸਾਹਮਣੇ ਆ ਗਏ ਹਨ। ਜਿੱਥੇ 7 ਰਾਜਾਂ ਵਿੱਚ 26 ਉਮੀਦਵਾਰ ਨਿਰਵਿਰੋਧ ਚੁਣੇ ਗਏ, ਉੱਥੇ ਹੀ ਹਰਿਆਣਾ, ਬਿਹਾਰ ਅਤੇ ਓਡੀਸ਼ਾ ਦੀਆਂ 11 ਸੀਟਾਂ 'ਤੇ ਹੋਈ ਵੋਟਿੰਗ ਦੌਰਾਨ 'ਰਿਜ਼ਾਰਟ ਪਾਲਿਟਿਕਸ' ਅਤੇ 'ਕ੍ਰਾਸ ਵੋਟਿੰਗ' ਦਾ ਦਿਲਚਸਪ ਮਾਮਲਾ ਦੇਖਣ ਨੂੰ ਮਿਲਿਆ। ਇਨ੍ਹਾਂ 11 ਸੀਟਾਂ ਵਿੱਚੋਂ ਐਨ.ਡੀ.ਏ. ਨੇ 9 ਸੀਟਾਂ 'ਤੇ ਸ਼ਾਨਦਾਰ ਜਿੱਤ ਦਰਜ ਕੀਤੀ ਹੈ।

ਬਿਹਾਰ ਦੀਆਂ 5 ਸੀਟਾਂ ਲਈ 6 ਉਮੀਦਵਾਰ ਮੈਦਾਨ ਵਿੱਚ ਸਨ। ਕਾਂਗਰਸ ਅਤੇ ਆਰ.ਜੇ.ਡੀ. ਦੇ ਵਿਧਾਇਕਾਂ ਦੀ ਗੈਰ-ਹਾਜ਼ਰੀ ਅਤੇ ਕ੍ਰਾਸ ਵੋਟਿੰਗ ਕਾਰਨ ਐਨ.ਡੀ.ਏ. ਨੇ ਪੰਜੇ ਸੀਟਾਂ ਜਿੱਤ ਲਈਆਂ। ਜਿਤਣ ਵਾਲੇ ਉਮੀਦਵਾਰ ਹਨ ਭਾਜਪਾ ਪ੍ਰਧਾਨ ਨਿਤਿਨ ਨਬੀਨ, ਸ਼ਿਵੇਸ਼ ਕੁਮਾਰ (ਭਾਜਪਾ), ਮੁੱਖ ਮੰਤਰੀ ਨਿਤਿਸ਼ ਕੁਮਾਰ, ਰਾਮਨਾਥ ਠਾਕੁਰ (ਜੇ.ਡੀ.ਯੂ.) ਅਤੇ ਉਪੇਂਦਰ ਕੁਸ਼ਵਾਹਾ। ਕਾਂਗਰਸ ਦੇ ਮਨੋਜ ਵਿਸ਼ਵਾਸ, ਸੁਰੇਂਦਰ ਕੁਸ਼ਵਾਹਾ, ਮਨੋਹਰ ਪ੍ਰਸਾਦ ਸਿੰਘ ਅਤੇ ਆਰ.ਜੇ.ਡੀ. ਦੇ ਫ਼ੈਸਲ ਰਹਿਮਾਨ ਵੋਟਿੰਗ ਤੋਂ ਗ਼ੈਰ-ਹਾਜ਼ਰ ਰਹੇ, ਜਿਸ ਕਾਰਨ ਮਹਾਂਗੱਠਜੋੜ ਦੇ ਅਮਰੇਂਦਰ ਧਾਰੀ ਸਿੰਘ ਚੋਣ ਹਾਰ ਗਏ।

ਓਡੀਸ਼ਾ ਦੀਆਂ 4 ਸੀਟਾਂ ਲਈ 5 ਉਮੀਦਵਾਰਾਂ ਵਿਚਾਲੇ ਟੱਕਰ ਸੀ। ਇੱਥੇ ਵੀ ਕਾਂਗਰਸ ਦੇ ਕੁਝ ਵਿਧਾਇਕਾਂ ਨੇ ਪਾਰਟੀ ਲਾਈਨ ਤੋਂ ਉਲਟ ਜਾ ਕੇ ਵੋਟ ਪਾਈ।4 ਵਿੱਚੋਂ 3 ਸੀਟਾਂ ਐਨ.ਡੀ.ਏ. ਦੇ ਹਿੱਸੇ ਆਈਆਂ ਅਤੇ 1 ਸੀਟ ਬੀ.ਜੇ.ਡੀ. ਨੇ ਜਿੱਤੀ ਸੀ। ਭਾਜਪਾ ਦੇ ਮਨਮੋਹਨ ਸਮਲ, ਸੁਜੀਤ ਕੁਮਾਰ ਅਤੇ ਭਾਜਪਾ ਸਮਰਥਿਤ ਆਜ਼ਾਦ ਉਮੀਦਵਾਰ ਦਲੀਪ ਰਾਏ ਜੇਤੂ ਰਹੇ। ਬੀ.ਜੇ.ਡੀ. ਵੱਲੋਂ ਸੰਤਰੁਪਤਾ ਮਿਸ਼ਰਾ ਜਾਂ ਦੱਤੇਸ਼ਵਰ ਹੋਤਾ ਵਿੱਚੋਂ ਇੱਕ ਨੇ ਜਿੱਤ ਦਰਜ ਕੀਤੀ।

ਹਰਿਆਣਾ ਦੀਆਂ 2 ਸੀਟਾਂ ਲਈ ਕਾਫੀ ਖਿੱਚੋਤਾਣ ਦੇਖਣ ਨੂੰ ਮਿਲੀ। ਭਾਜਪਾ ਅਤੇ ਕਾਂਗਰਸ ਵੱਲੋਂ ਇੱਕ-ਦੂਜੇ 'ਤੇ ਵੋਟ ਦੀ ਗੁਪਤਤਾ ਭੰਗ ਕਰਨ ਦੇ ਦੋਸ਼ ਲਾਏ ਗਏ, ਜਿਸ ਕਾਰਨ ਵੋਟਾਂ ਦੀ ਗਿਣਤੀ ਵਿੱਚ ਦੇਰੀ ਹੋਈ। ਭਾਜਪਾ ਦੇ ਸੰਜੈ ਭਾਟੀਆ ਨੇ ਆਸਾਨੀ ਨਾਲ ਜਿੱਤ ਦਰਜ ਕੀਤੀ। ਦੂਜੀ ਸੀਟ 'ਤੇ ਕਾਂਗਰਸ ਦੇ ਕਰਮਵੀਰ ਅਤੇ ਆਜ਼ਾਦ ਉਮੀਦਵਾਰ ਸਤੀਸ਼ ਨਾਂਦਲ ਵਿਚਾਲੇ ਸਖ਼ਤ ਮੁਕਾਬਲਾ ਸੀ, ਜਿਸ ਵਿੱਚ ਕਰਮਵੀਰ ਜੇਤੂ ਰਹੇ। ਇਨੈਲੋ ਦੇ ਦੋਵੇਂ ਵਿਧਾਇਕਾਂ-ਅਰਜੁਨ ਚੌਟਾਲਾ ਅਤੇ ਆਦਿੱਤਿਆ ਦੇਵੀਲਾਲ ਨੇ ਵੋਟਿੰਗ ਵਿੱਚ ਹਿੱਸਾ ਨਹੀਂ ਲਿਆ।

ਇਨ੍ਹਾਂ ਚੋਣਾਂ ਨੇ ਇੱਕ ਵਾਰ ਫਿਰ ਸਾਬਤ ਕਰ ਦਿੱਤਾ ਹੈ ਕਿ ਐਨ.ਡੀ.ਏ. ਨੇ ਆਪਣੀ ਪਕੜ ਮਜ਼ਬੂਤ ਰੱਖੀ ਹੈ, ਜਦਕਿ ਵਿਰੋਧੀ ਧਿਰ ਕਾਂਗਰਸ ਅਤੇ ਹੋਰ ਪਾਰਟੀਆਂ ਨੂੰ ਆਪਣੇ ਹੀ ਵਿਧਾਇਕਾਂ ਦੀ ਕ੍ਰਾਸ ਵੋਟਿੰਗ ਕਾਰਨ ਵੱਡਾ ਨੁਕਸਾਨ ਝੱਲਣਾ ਪਿਆ ਹੈ।

# ਸੱਸ ਦੇ ਕਤਲ ਦੀ ਗੁੱਥੀ ਸੁਲਝੀ; ਨੂੰਹ ਨੇ ਪ੍ਰੇਮੀ ਨਾਲ ਮਿਲ ਕੇ ਰਚੀ ਸੀ ਖ਼ੂਨੀ ਸਾਜ਼ਿਸ਼


ਅੰਮ੍ਰਿਤਸਰ-ਅੰਮ੍ਰਿਤਸਰ ਪੁਲਿਸ ਨੇ ਇੰਦਰਾ ਕਲੋਨੀ ਵਿੱਚ ਹੋਏ 70 ਸਾਲਾ ਬਜ਼ੁਰਗ ਮਹਿਲਾ ਕਮਲੇਸ਼ ਰਾਣੀ ਸ਼ਰਮਾ ਦੇ ਕਤਲ ਦੀ ਗੁੱਥੀ ਮਹਿਜ਼ ਕੁਝ ਘੰਟਿਆਂ ਵਿੱਚ ਸੁਲਝਾ ਲਈ ਹੈ। ਹੈਰਾਨੀਜਨਕ ਖੁਲਾਸਾ ਹੋਇਆ ਹੈ ਕਿ ਕਤਲ ਕਿਸੇ ਬਾਹਰੀ ਲੁਟੇਰੇ ਨੇ ਨਹੀਂ, ਸਗੋਂ ਮ੍ਰਿਤਕਾ ਦੀ ਆਪਣੀ ਨੂੰਹ ਨੇ ਆਪਣੇ ਪ੍ਰੇਮੀ ਨਾਲ ਮਿਲ ਕੇ ਕੀਤਾ ਸੀ।

ਪੁਲਿਸ ਕਮਿਸ਼ਨਰ (ਡਫ) ਗੁਰਪ੍ਰੀਤ ਸਿੰਘ ਭੁੱਲਰ ਨੇ ਪ੍ਰੈਸ ਕਾਨਫਰੰਸ ਦੌਰਾਨ ਦੱਸਿਆ ਕਿ ਮਿੰਟੀ ਸ਼ਰਮਾ ਮ੍ਰਿਤਕਾ ਦੀ ਨੂੰਹ, ਮਿੰਟੀ ਦਾ ਪ੍ਰੇਮੀ ਅਤੇ ਗੁਆਂਢੀ ਦਲਬੀਰ ਸਿੰਘ ਉਰਫ਼ ਲਾਡੀ ਗ੍ਰਿਫ਼ਤਾਰ ਕੀਤੇ ਗਏ ਹਨ। ਪੁਲਿਸ ਜਾਂਚ ਮੁਤਾਬਕ ਮਿੰਟੀ ਸ਼ਰਮਾ ਦੇ ਆਪਣੇ ਗੁਆਂਢੀ ਦਲਬੀਰ ਸਿੰਘ ਨਾਲ ਨਾਜਾਇਜ਼ ਸਬੰਧ ਸਨ। ਸੱਸ ਕਮਲੇਸ਼ ਰਾਣੀ ਨੂੰ ਇਨ੍ਹਾਂ ਸਬੰਧਾਂ ਬਾਰੇ ਪਤਾ ਲੱਗ ਗਿਆ ਸੀ ਅਤੇ ਉਹ ਲਗਾਤਾਰ ਆਪਣੀ ਨੂੰਹ ਨੂੰ ਰੋਕਦੀ ਸੀ। ਇਸ ਕਾਰਨ ਘਰ ਵਿੱਚ ਅਕਸਰ ਕਲੇਸ਼ ਰਹਿੰਦਾ ਸੀ। ਆਪਣੇ ਰਸਤੇ ਵਿੱਚੋਂ ਰੋੜਾ ਹਟਾਉਣ ਲਈ ਨੂੰਹ ਨੇ ਖ਼ੂਨੀ ਖੇਡ ਖੇਡੀ। ਮੁਲਜ਼ਮਾਂ ਨੇ ਬੜੀ ਚਲਾਕੀ ਨਾਲ ਇਸ ਕਤਲ



ਨੂੰ ਲੁੱਟ ਦੀ ਵਾਰਦਾਤ ਦਿਖਾਉਣ ਦੀ ਕੋਸ਼ਿਸ਼ ਕੀਤੀ ਸੀ। ਵਾਰਦਾਤ ਵਾਲੇ ਦਿਨ ਪਰਿਵਾਰ ਦੇ ਬਾਕੀ ਮੈਂਬਰ ਦੀਨਾਨਗਰ ਇੱਕ ਵਿਆਹ ਵਿੱਚ ਗਏ ਹੋਏ ਸਨ। ਮਿੰਟੀ ਨੇ ਸੱਸ ਦੀ ਦੇਖਭਾਲ ਦੇ ਬਹਾਨੇ ਘਰ ਰੁਕਣ ਦਾ ਫੈਸਲਾ ਕੀਤਾ। ਮਿੰਟੀ ਨੇ ਏਅਰ ਕੰਡੀਸ਼ਨਰ ਦੀ ਮੁਰੰਮਤ ਦੇ ਬਹਾਨੇ ਆਪਣੇ ਪ੍ਰੇਮੀ ਦਲਬੀਰ ਨੂੰ ਘਰ ਬੁਲਾਇਆ। ਮੌਕਾ ਪਾ ਕੇ ਮੁਲਜ਼ਮਾਂ ਨੇ ਕਮਲੇਸ਼ ਰਾਣੀ ਦਾ ਸਿਰਹਾਣੇ ਨਾਲ ਗਲਾ ਘੁੱਟ ਕੇ ਕਤਲ ਕਰ ਦਿੱਤਾ। ਕਤਲ ਤੋਂ ਬਾਅਦ ਉਨ੍ਹਾਂ ਨੇ ਘਰ ਦੀਆਂ ਅਲਮਾਰੀਆਂ ਖੋਲ੍ਹ ਦਿੱਤੀਆਂ ਅਤੇ ਸਾਮਾਨ ਖਿਲਾਰ ਦਿੱਤਾ ਤਾਂ ਜੋ ਇਹ ਲੁੱਟ-ਖੋਹ ਦਾ ਮਾਮਲਾ ਲੱਗੇ। ਪੁਲਿਸ ਨੂੰ ਸ਼ੁਰੂ ਤੋਂ ਹੀ ਨੂੰਹ ਦੇ ਬਿਆਨਾਂ 'ਤੇ ਸ਼ੱਕ ਸੀ।

ਇਲਾਕੇ ਵਿੱਚ ਲੱਗੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਖੰਗਾਲਣ 'ਤੇ ਪਤਾ ਲੱਗਾ ਕਿ ਕੋਈ ਬਾਹਰੀ ਵਿਅਕਤੀ ਘਰ ਵਿੱਚ ਦਾਖਲ ਨਹੀਂ ਹੋਇਆ ਸੀ, ਸਗੋਂ ਪ੍ਰੇਮੀ ਦਲਬੀਰ ਦੀ ਮੌਜੂਦਗੀ ਦੇ ਸਬੂਤ ਮਿਲੇ। ਸਖ਼ਤੀ ਨਾਲ ਪੁੱਛਗਿੱਛ ਕਰਨ 'ਤੇ ਦੋਵਾਂ ਨੇ ਆਪਣਾ ਗੁਨਾਹ ਕਬੂਲ ਕਰ ਲਿਆ।



# MATRIMONIAL

ਮੁੰਡਾ ਜਾਂ ਕੁੜੀ ਵਿਆਹੁਣ ਦਾ ਫ਼ਿਕਰ ਛੱਡੋ ਤੇ ਪੰਜਾਬ ਟਾਈਮਜ਼ ਨਾਲ ਸੰਪਰਕ ਕਰੋ : 01332 372851



ਪੰਜਾਬ ਟਾਈਮਜ਼ ਵਿਚ ਚਾਰ ਹਫ਼ਤੇ ਵਿਆਹ ਦਾ ਇਸ਼ਤਿਹਾਰ ਛਪਵਾਉਣ ਲਈ ਕੇਵਲ 60 ਪੌਂਡ

**Matrimonial advert is only £60 for 4 weeks**

*NOTE: All replies should be sent in a stamped envelope and marked with the ref. No. in the top left hand corner. Panjab Times, Bridle Gate Lane, Derby, DE24 0QW*

UK born Jatt Sikh boy aged 26 years old, height 5ft 10' working professional as a pharmacist. He is well versed in both cultures, sincere, caring with a good sense of humour. He does not drink and is a non smoker. Family lives in Glasgow. Ideal match should be UK born educated Jatt Sikh girl of similar age. Please reply with a recent photo and details to email:batwal@hotmail.com or Contact on Tel: 07791 025616. or reply to Ref. ()

## ਮਹਿਲਾ ਦੀ ਬਲੈਕਮੇਲਿੰਗ ਤੋਂ ਤੰਗ ਆ ਕੇ ਨੌਜਵਾਨ ਨੇ ਕੀਤੀ ਖ਼ੁਦਕੁਸ਼ੀ; ਮਰਨ ਤੋਂ ਪਹਿਲਾਂ ਬਣਾਈ ਵੀਡੀਓ

ਕਪੂਰਥਲਾ-ਮੁਹੱਲਾ ਲਾਹੌਰੀ ਗੇਟ ਵਿਖੇ ਇੱਕ ਬੇਹੱਦ ਮੰਦਭਾਗੀ ਘਟਨਾ ਸਾਹਮਣੇ ਆਈ ਹੈ, ਜਿੱਥੇ ਇੱਕ ਨੌਜਵਾਨ ਸੂਰਜ ਨਾਹਰ ਨੇ ਇੱਕ ਮਹਿਲਾ ਵੱਲੋਂ ਕਥਿਤ ਤੌਰ 'ਤੇ ਤੰਗ-ਪ੍ਰੇਸ਼ਾਨ ਕੀਤੇ ਜਾਣ ਅਤੇ ਝੂਠੇ ਕੇਸ ਵਿੱਚ ਫਸਾਉਣ ਦੀਆਂ ਧਮਕੀਆਂ ਤੋਂ ਦੁਖੀ ਹੋ ਕੇ ਖ਼ੁਦਕੁਸ਼ੀ ਕਰ ਲਈ। ਮ੍ਰਿਤਕ ਦੀ ਪਛਾਣ  ਵਜੋਂ ਹੋਈ ਹੈ। ਖ਼ੁਦਕੁਸ਼ੀ ਕਰਨ ਤੋਂ ਪਹਿਲਾਂ ਸੂਰਜ ਨੇ ਇੱਕ ਵੀਡੀਓ ਰਿਕਾਰਡ ਕੀਤੀ, ਜਿਸ ਵਿੱਚ ਉਸਨੇ ਆਪਣੀ ਮੌਤ ਦਾ ਜ਼ਿੰਮੇਵਾਰ ਇੱਕ ਮਹਿਲਾ ਨੂੰ ਠਹਿਰਾਇਆ। ਉਸਨੇ ਦੱਸਿਆ ਕਿ ਉਕਤ ਮਹਿਲਾ ਉਸ ਨੂੰ ਲਗਾਤਾਰ ਧਮਕੀਆਂ ਦੇ ਰਹੀ ਸੀ ਅਤੇ ਉਸ 'ਤੇ ਪੁਲਿਸ ਪਰਚਾ ਕਰਵਾਉਣ ਦਾ ਦਬਾਅ ਬਣਾ ਰਹੀ ਸੀ, ਜਿਸ ਕਾਰਨ ਉਹ ਮਾਨਸਿਕ ਤੌਰ 'ਤੇ ਬਹੁਤ ਪ੍ਰੇਸ਼ਾਨ ਸੀ।

ਮ੍ਰਿਤਕ ਦੀ ਮਾਤਾ ਪੂਨਮ ਵੱਲੋਂ ਪੁਲਿਸ ਨੂੰ ਦਿੱਤੀ ਸ਼ਿਕਾਇਤ ਅਨੁਸਾਰ:ਰੀਤੂ ਬਾਲਾ ਨਾਮੀ ਮਹਿਲਾ ਦੀ ਸੂਰਜ ਨਾਲ ਡੇਢ ਸਾਲ ਤੋਂ ਦੋਸਤੀ ਸੀ। ਬਾਅਦ ਵਿੱਚ ਪਤਾ ਲੱਗਾ ਕਿ ਉਹ ਪਹਿਲਾਂ ਹੀ ਵਿਆਹੀ ਹੋਈ ਸੀ ਅਤੇ ਉਸਦਾ ਤਲਾਕ ਵੀ ਨਹੀਂ ਹੋਇਆ ਸੀ। ਮਹਿਲਾ ਕਥਿਤ ਤੌਰ 'ਤੇ ਸੂਰਜ ਕੋਲੋਂ 2 ਲੱਖ ਰੁਪਏ ਦੀ ਮੰਗ ਕਰ ਰਹੀ ਸੀ। ਪੈਸੇ ਨਾ ਦੇਣ ਦੀ ਸੂਰਤ ਵਿੱਚ ਮਹਿਲਾ ਨੇ ਉਸ 'ਤੇ ਜਬਰ-ਜ਼ਨਾਹ (ਰੇਪ) ਦਾ ਝੂਠਾ ਕੇਸ ਦਰਜ ਕਰਵਾਉਣ ਦੀ ਧਮਕੀ ਦਿੱਤੀ ਸੀ।

ਥਾਣਾ ਸਿਟੀ ਦੇ ਏ.ਐੱਸ.ਆਈ. ਹਰਜੀਤ ਸਿੰਘ ਨੇ ਦੱਸਿਆ ਕਿ ਪਰਿਵਾਰ ਦੇ ਬਿਆਨਾਂ ਅਤੇ ਮ੍ਰਿਤਕ ਵੱਲੋਂ ਛੱਡੀ ਗਈ ਵੀਡੀਓ ਦੇ ਆਧਾਰ 'ਤੇ ਰੀਤੂ ਬਾਲਾ (ਵਾਸੀ ਬ੍ਰਹਮਕੁੰਡ ਕਾਲੋਨੀ) ਵਿਰੁੱਧ ਕੇਸ ਦਰਜ ਕਰ ਲਿਆ ਗਿਆ ਹੈ। ਪੁਲਿਸ ਵੱਲੋਂ ਮੁਲਜ਼ਮ ਮਹਿਲਾ ਦੀ ਗ੍ਰਿਫ਼ਤਾਰੀ ਲਈ ਵੱਖ-ਵੱਖ ਥਾਵਾਂ 'ਤੇ ਛਾਪੇਮਾਰੀ ਕੀਤੀ ਜਾ ਰਹੀ ਹੈ। ਲਾਸ਼ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਦੇ ਮੁਰਦਾਘਰ ਵਿੱਚ ਰਖਵਾ ਦਿੱਤਾ ਗਿਆ ਹੈ।

## CHANGE OF NAME

Please one tick box
- ☐ £30 Print in UK only
- ☐ £60 Print UK & India
- ☐ £80 Print UK & India (Express)

NOTE: Please allow 28 days for publication in India

I MR / MRS / MISS ____________

SON / DAUGHTER / WIFE OF MR ____________

WHOSE PERMANENT ADDRESS IN INDIA IS ____________

____________

AND IS NOW LIVING AT ____________

____________ HEREBY GIVE NOTICE OF MY INTENTION

TO CHANGE MY NAME TO ____________

TEL ____________

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**


**TO PAY BY CREDIT CARD TEL: 01332-372851**

Account Name: Punjab Times Trust Ltd
Account No: 20853011 Sort Code: 20-25-85

# ਪਾਠਕਾਂ ਦੇ ਪੱਤਰ

## ਪੰਜਾਬ ਵਿੱਚ ਚੋਣ ਕੋਈ ਹੋਵੇ ਉਥੇ ਵੱਖਰੀਆਂ ਵੱਖਰੀਆਂ ਘਟਨਾਵਾਂ ਹੁੰਦੀਆਂ ਰਹਿੰਦੀਆਂ

ਗੱਲ ਪਾਥੀਆਂ ਦੀ ਛੱਡੋ! ਪਿਛਲੀਆਂ ਚੋਣਾਂ ਦੀਆਂ ਯਾਦਾਂ ਲਿਖ ਲਈਏ। ਮੈਂ ਛੋਟੀ ਉਮਰ ਹੀ ਇਲੈਕਸ਼ਨ ਦੇ ਸਮਾਰੋਹ ਦੇਖਦਾ ਰਿਹਾ, ਕਮੇਟੀਆਂ ਹੁੰਦੀਆਂ ਭੀ ਦੇਖ ਲਈਆਂ ਹਨ। ਅੱਜ ਤੀਕਰ 1950 ਤੋਂ ਸ਼ੁਰੂ ਕਰੀਏ ਮੈਂ 1960 ਤੋਂ ਜਦੋਂ ਮੇਰੀ ਉਮਰ 16 ਸਾਲ ਦੀ ਸੀ। ਮਹਿਲਪੁਰ ਤੋਂ ਸਰਦਾਰ ਗੁਰਮੇਲ ਸਿੰਘ ਕਾਂਗਰਸ ਤੋਂ ਟਿਕਟ ਲੈ ਕੇ ਚੋਣ ਲੜ ਰਿਹਾ ਸੀ, ਪਰ ਸ਼ਾਇਦ 1960 ਤੋਂ ਕੁਝ ਸਾਲ ਬਾਅਦ ਦੀ ਗੱਲ ਹੈ। ਮੈਂ ਸਰਦਾਰ ਗੁਰਮੇਲ ਸਿੰਘ ਦੇ ਵੇਲੇ ਉਸ ਦੇ ਲਈ ਸਾਈਕਲ 'ਤੇ ਹਰ ਫੰਕਸ਼ਨ ਵਿੱਚ ਜਾਂਦਾ ਸੀ, ਜਦੋਂ ਉਸ ਦੀ ਇਲੈਕਸ਼ਨ ਸੀ ਮਾਹਿਲਪੁਰ ਤੋਂ ਉਸ ਬਾਈਸਾਈਕਲ ਸ਼ਾਇਦ 50 ਸਨ ਈਸਟਨ ਸਟਾਰ 150 ਰੁਪਏ ਕੀਮਤ ਨਾਲ ਖਰੀਦੇ ਸਨ, ਹਰ ਵਰਕਰ ਨੂੰ ਸਾਈਕਲ ਦਿੱਤੀ ਸੀ ਨਾਲ ਸ਼ਰਤ ਸੀ ਕਿ ਮੈਂ ਐੱਮ.ਐੱਲ.ਏ. ਬਣ ਗਿਆ ਇਹ ਸਾਈਕਲਾਂ ਵਰਕਰ ਰੱਖ ਲੈਣ, ਉਸ ਦੀ ਜਿੱਤ ਹੋਈ ਉਸ ਦੀ ਇਲੈਕਸ਼ਨ ਵਿੱਚ ਟਮਾਟਰ ਸਿੱਟੇ ਸਨ। ਫਿਰ ਹਰ ਤਰ੍ਹਾਂ ਜਦੋਂ ਕੋਈ ਕਾਂਗਰਸੀ ਉਮੀਦਵਾਰ ਦਸੂਹੇ ਤੋਂ ਖੜ੍ਹਾ ਹੁੰਦਾ ਦਾਸ ਜਰੂਰ ਪਹੁੰਚ ਕਰਦਾ, ਇਕ ਵਾਰ ਦਵਿੰਦਰ ਸਿੰਘ ਬਾਜਵਾ ਸਾਹਿਬ ਦਸੂਹੇ ਤੋਂ ਇਲੈਕਸ਼ਨ ਲੜ ਰਹੇ ਸਨ। ਉਨ੍ਹਾਂ ਦੇ ਇਕ ਪਿੰਡ ਵਿੱਚ ਇਕੱਠ ਵੇਲੇ ਜੁੱਤੀਆਂ ਸਿਟੀਆਂ ਸਨ, ਸਰਦਾਰ ਸਤਿਪਾਲ ਸਿੰਘ ਵੇਲੇ ਦੇਸੀ ਸ਼ਰਾਬ ਵਿੱਚ ਕੁਝ ਮਿਲਾ ਕੇ ਮਾਰਿਆ ਸੀ। ਅੱਗੇ ਤੋਂ ਅੱਗੇ ਜਿਤਨਾ ਮਰਜੀ ਲਿਖੀ ਜਾਵਾਂ। ਗੱਲ ਕਰੀਏ ਪਾਥੀਆਂ ਸੁੱਟਣ ਦੀ। ਝਾੜੂ ਵਾਲੇ ਭੀ ਉਹ ਹੀ ਕੰਮ ਕਰ ਰਹੇ ਜੋ ਪਹਿਲੀਆਂ ਸਰਕਾਰਾਂ ਵੇਲੇ ਹੋਇਆ। ਪਹਿਲਾਂ ਅਕਾਲੀ ਦਲ ਬਾਦਲ ਦੇਖੋ ਪਹਿਲਾਂ ਆਪਣੇ ਰਾਜ ਵੇਲੇ ਕੀ ਕੀ ਕੀਤਾ, ਫਿਰ ਮੁਆਫੀ ਭੀ ਮੰਗੀ। ਕੀ ਕਿਸੇ ਦੀ ਆਦਤ ਬਦਲ ਸਕਦੀ ਹੈ? ਵਾਰਸ ਸ਼ਾਹ ਨਾ ਆਦਤਾਂ ਜਾਂਦੀਆਂ ਨੇ ਭਾਵੇਂ ਕੱਟ ਦਈਏ ਪੋਰੀਆਂ ਪੋਰੀਆਂ ਜੀ। ਉਹ ਦੇਖੋ ਆਪਣੀ ਸਰਕਾਰ ਬਣਾਏ ਬੈਠੇ ਹਨ ਇਲੈਕਸ਼ਨ ਵਿੱਚ ਕੁਝ ਹੋਵੇ, ਜੋ ਕੁਝ ਇਹੋ ਜਿਹੇ ਕੰਮ ਹੁੰਦੇ ਹਨ ਉਹ ਪਾਰਟੀ ਦੇ ਵਰਕਰ 'ਤੇ ਨਹੀਂ ਸੀ ਪੈਂਦੇ ਉਹ ਲੀਡਰਾਂ ਦੀ ਵੱਖਰੀਆਂ ਗੱਲਾਂ ਹਨ। ਨਤੀਜਾ ਕੀ ਹੋਵੇਗਾ 2027 ਦਾ ਹਾਲੀ ਕੋਈ ਭੀ ਪੰਜਾਬ ਦੇ ਵੋਟਰਾਂ ਬਾਰੇ ਨਹੀਂ ਦੱਸ ਸਕਦਾ, ਤੁਸੀਂ ਘੱਟੋ ਘੱਟ 6-7 ਹਫ਼ਤੇ ਪਹਿਲਾਂ ਦੱਸ ਸਕਦੇ ਹੋ। ਪੰਜਾਬ ਵਿੱਚ ਕੀ ਹੋਣ ਵਾਲਾ ਹੈ। ਕੌਣ ਜਿੱਤੇਗਾ। ਹੁਣ ਕੋਈ ਭੀ ਲੀਡਰਾਂ ਬਾਰੇ ਕੁਝ ਨਹੀਂ ਕਹਿ ਸਕਦਾ, ਨਾ ਕਹਿਣਾ ਚਾਹੀਦਾ ਹੈ।



**-ਕੁਲਤਾਰ ਸਿੰਘ ਜੋਗੀ ਕੁਰਾਲੀ**

## ਓਹੀਓ ਸਟੇਟ ਯੂਨੀਵਰਸਿਟੀ ਦੇ ਰਵੀ ਬੈਲਮਕੌਂਡਾ ਪ੍ਰਧਾਨ ਨਿਯੁਕਤ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਓਹੀਓ ਸਟੇਟ ਯੂਨੀਵਰਸਿਟੀ ਬੋਰਡ ਆਫ ਟਰੱਸਟੀ ਨੇ ਭਾਰਤੀ ਮੂਲ ਦੇ ਰਵੀ ਵੀ ਬੈਲਮਕੌਂਡਾ ਨੂੰ ਯੂਨੀਵਰਸਿਟੀ ਦਾ ਪ੍ਰਧਾਨ ਨਿਯੁਕਤ ਕੀਤਾ ਹੈ। ਕੌਮਾਂਤਰੀ ਪੱਧਰ 'ਤੇ ਬਾਇਓਇੰਜੀਨੀਅਰ ਤੇ ਨਿਊਰੋ ਵਿਗੀਆਨੀ ਵਜੋਂ ਪ੍ਰਸਿੱਧ ਬੈਲਮਕੌਂਡਾ 2025 ਦੇ ਸ਼ੁਰੂ ਤੱਕ ਯੂਨੀਵਰਸਿਟੀ ਦੇ ਕਾਰਜਕਾਰੀ ਉੱਪ ਪ੍ਰਧਾਨ ਵਜੋਂ ਸੇਵਾਵਾਂ ਨਿਭਾਉਂਦੇ ਰਹੇ ਹਨ। ਬੋਰਡ ਅਨੁਸਾਰ ਉੱਚ ਸਿੱਖਿਆ ਲੀਡਰਸ਼ਿੱਪ ਵਿਚ ਸ਼ਾਨਦਾਰ ਕਰੀਅਰ ਤੇ ਮੈਡੀਕਲ ਖੋਜ ਵਿੱਚ ਪ੍ਰਾਪਤੀਆਂ  ਦੇ ਮੱਦੇਨਜਰ ਬੈਲਮਕੌਂਡਾ ਨੂੰ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਉੱਚ ਅਧਿਕਾਰੀ ਵਜੋਂ ਉਹ ਓਹੀਓ ਰਾਜ ਦੇ 15 ਕਾਲਜਾਂ, ਇਸ ਦੇ ਖੇਤਰੀ ਕੈਂਪਸ ਤੇ ਲਾਇਬਰੇਰੀਆਂ ਦਾ ਪ੍ਰਬੰਧ ਵੇਖਦੇ ਰਹੇ ਹਨ। ਯੂਨੀਵਰਸਿਟੀ ਦੀ ਸੈਨੇਟ ਨਾਲ ਵੀ ਉਹ ਕੰਮ ਕਰਦੇ ਰਹੇ ਹਨ ਤੇ ਅਕਾਦਮਿਕ ਕੁਸ਼ਲਤਾ ਬਰਕਰਾਰ ਰੱਖ ਲਈ ਉਨਾਂ ਨੇ ਵੱਖ ਵੱਖ ਗਵਰਨੈਂਸ ਸੰਸਥਾਵਾਂ ਵਿੱਚ ਕੰਮ ਕੀਤਾ। ਬੈਲਮਕੌਂਡਾ ਓਹੀਓ ਵਿੱਚ ਆਪਣੀ ਪਤਨੀ ਡਾ ਲਲਿਤਾ ਕਾਲੀਗੋਤਲਾ ਤੇ ਉਨਾਂ ਦੇ ਪਰਿਵਾਰ ਨਾਲ ਰਹਿੰਦੇ ਹਨ।



ਰਵੀ ਵੀ ਬੈਲਮਕੌਂਡਾ

## CHANGE OF NAME

I, AMRIK SINGH S/O MR JARNAIL SINGH WHOSE PERMANENT ADDRESS IN INDIA IS VPO: GOBINDPUR KHUNKHUN, DISTT: HOSHIARPUR, PUNJAB, AND NOW LIVING AT, 13 HAYES AVENUE, LITTLEOVER, DERBY, DE23 6JU, UK. HEREBY GIVE NOTICE OF MY INTENTION TO CHANGE MY NAME TO MR. AMRIK SINGH DULLAT. (U/I/E)


MANAK
SOLICITORS
Jasdeep Singh Jandu LL.B (Hons.) - Jas
Head of Wills & Probate & Powers of Attorney
Jas joined this firm as a Trainee Solicitor in September 2007 and now leads one of our Private Client Departments. Jas's clear, practical advice ensures your wishes are protected and your loved ones are cared for as you wish, giving you lasting peace of mind.
Contact Jas on telephone 020 8464 7432 or by email jas@manaksolicitors.co.uk for personal and confidential advice and support today.
Biggin Hill I Gravesend I Orpington I Sevenoaks
manaksolicitors.co.uk
01689 870 769
reviewsolicitors
Excellent
Lexcel
Rajbir Singh Manak MA (Hons)
Surinder Singh Manak LLB (Hons)

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਡਰਬੀ ਵਿਖੇ
# ਅੰਤਰਰਾਸ਼ਟਰੀ ਅਖੰਡ ਕੀਰਤਨ ਸਮਾਗਮ
## ਸੋਮਵਾਰ 30 ਮਾਰਚ ਤੋਂ ਸੋਮਵਾਰ 6 ਅਪ੍ਰੈਲ 2026 ਤੱਕ ਹੋ ਰਹੇ ਹਨ





Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# ਪੰਜਾਬ ਹੋ ਰਿਹਾ ਹੈ ਤੇਜ਼ੀ ਨਾਲ ਬੁੱਢਾ

## ਕਵਰ ਸਟੋਰੀ ਖੇਤਾਂ ਵਿਚ ਨੌਜਵਾਨ ਘਟੇ, ਕਾਮਿਆਂ ਦੀ ਘਾਟ, ਪੰਜਾਬ ਦਾ ਭਵਿੱਖ ਕੀ ਹੈ?





ਕਦੇ ਜਿਸ ਪੰਜਾਬ ਨੂੰ ਦੇਸ਼ ਦਾ 'ਅੰਨਦਾਤਾ' ਕਿਹਾ ਜਾਂਦਾ ਸੀ, ਅੱਜ ਉਹੀ ਪੰਜਾਬ ਖੁਦ ਇੱਕ ਅਣਦਿਸਦੀ ਤਰਾਸਦੀ ਵਿੱਚੋਂ ਗੁਜ਼ਰ ਰਿਹਾ ਹੈ। ਪਿੰਡਾਂ ਦੀਆਂ ਗਲੀਆਂ ਵਿੱਚੋਂ ਨੌਜਵਾਨਾਂ ਦੀਆਂ ਰੌਣਕਾਂ ਗਾਇਬ ਹਨ, ਖੇਤਾਂ ਵਿੱਚੋਂ ਮਜ਼ਦੂਰਾਂ ਦੀ ਘਾਟ ਰੜਕ ਰਹੀ ਹੈ ਅਤੇ ਬਜ਼ੁਰਗਾਂ ਦੇ ਚਿਹਰਿਆਂ 'ਤੇ ਆਪਣੇ ਬੱਚਿਆਂ ਦੀ ਉਡੀਕ ਦੀਆਂ ਲਕੀਰਾਂ ਡੂੰਘੀਆਂ ਹੁੰਦੀਆਂ ਜਾ ਰਹੀਆਂ ਹਨ। ਕੀ ਪੰਜਾਬ ਸੱਚਮੁੱਚ ਬੁੱਢਾ ਹੋ ਰਿਹਾ ਹੈ?

ਸੈਂਪਲ ਰਜਿਸਟ੍ਰੇਸ਼ਨ ਸਿਸਟਮ (ਐੱਸਆਰਐੱਸ) ਸਟੈਟਿਸਟੀਕਲ ਰਿਪੋਰਟ 2023 ਅਨੁਸਾਰ ਪੰਜਾਬ ਵਿਚ 60 ਸਾਲ ਤੋਂ ਉਪਰ ਵਾਲੀ ਆਬਾਦੀ 11.6 ਫੀਸਦੀ ਹੋ ਗਈ ਹੈ, ਜੋ ਰਾਸ਼ਟਰੀ ਔਸਤ 9.7 ਫੀਸਦੀ ਤੋਂ ਵੱਧ ਹੈ। ਕੇਰਲਾ (15.1%), ਤਾਮਿਲਨਾਡੂ (14%) ਅਤੇ ਹਿਮਾਚਲ (13.2%) ਤੋਂ ਬਾਅਦ ਪੰਜਾਬ ਚੌਥੀ ਸਥਿਤੀ ਉੱਤੇ ਹੈ। ਬੱਚਿਆਂ (0-4 ਸਾਲ) ਦੀ ਤਸਵੀਰ ਹੋਰ ਵੀ ਚਿੰਤਾਜਨਕ ਹੈ - ਸਿਰਫ 6 ਫੀਸਦੀ। 0-14 ਸਾਲ ਤੱਕ ਦੀ ਉਮਰ ਵਾਲੀ ਆਬਾਦੀ 19.3 ਫੀਸਦੀ ਰਹਿ ਗਈ ਹੈ। ਟੋਟਲ ਫਰਟਿਲਿਟੀ ਰੇਟ 1.5 ਤੱਕ ਡਿੱਗ ਗਿਆ ਹੈ, ਜੋ ਰਿਪਲੇਸਮੈਂਟ ਲੈਵਲ 2.1 ਤੋਂ ਘੱਟ ਹੈ। ਬਰਥ ਰੇਟ 13.8 ਪ੍ਰਤੀ ਹਜ਼ਾਰ ਅਤੇ ਡੈਥ ਰੇਟ 7.3 ਹੈ। ਇਸ ਲਈ ਪੰਜਾਬ ਤੇਜ਼ੀ ਨਾਲ ਬੁੱਢਾ ਰਿਹਾ ਹੈ। ਯੂਐੱਨਐੱਫਪੀਏ ਇੰਡੀਆ ਏਜਿੰਗ ਰਿਪੋਰਟ ਅਤੇ ਟੈਕਨੀਕਲ ਗਰੁੱਪ ਆਨ ਪਾਪੂਲੇਸ਼ਨ ਪ੍ਰੋਜੈਕਸ਼ਨਜ਼ ਅਨੁਸਾਰ 2036 ਤੱਕ ਭਾਰਤ ਵਿਚ ਬਜ਼ੁਰਗਾਂ ਦੀ ਗਿਣਤੀ 23 ਕਰੋੜ ਤੱਕ ਪਹੁੰਚਣੀ ਹੈ ਅਤੇ ਪੰਜਾਬ ਵਿਚ ਇਹ ਰੁਝਾਨ ਹੋਰ ਵੀ ਤੇਜ਼ ਹੋਵੇਗਾ।

ਨੌਜਵਾਨ ਕਿਥੇ ਗਏ? ਇਸਦਾ ਜਵਾਬ ਸਪੱਸ਼ਟ ਹੈ - ਵਿਦੇਸ਼ੀ ਪ੍ਰਵਾਸ, ਨਸ਼ਿਆਂ ਅਤੇ ਬੇਰੁਜ਼ਗਾਰੀ। 2016 ਤੋਂ ਬਾਅਦ ਵਿਦੇਸ਼ਾਂ ਵਲ ਪ੍ਰਵਾਸ ਰੁਝਾਨ ਨੇ ਤੇਜ਼ ਰਫ਼ਤਾਰ ਫੜ੍ਹੀ ਹੈ। ਪੰਜਾਬ ਐਗਰੀਕਲਚਰ ਯੂਨੀਵਰਸਿਟੀ ਵੱਲੋਂ 2021-23 ਵਿਚ ਕੀਤੀ ਗਈ ਸਰਵੇਖਣ ਅਨੁਸਾਰ ਪਰਿਵਾਰਾਂ ਨੇ ਵਿਦੇਸ਼ ਭੇਜਣ ਲਈ 5636 ਕਰੋੜ ਰੁਪਏ ਦੀ ਜਾਇਦਾਦ ਵੇਚੀ ਸੀ ਅਤੇ 14342 ਕਰੋੜ ਰੁਪਏ ਉਧਾਰ ਲਏ ਸਨ। ਇੱਕ ਰਿਪੋਰਟ ਅਨੁਸਾਰ ਲੰਘੇ ਦਹਾਕੇ ਵਿਚ 5 ਲੱਖ ਤੋਂ ਵੱਧ ਨੌਜਵਾਨ ਵਿਦੇਸ਼ ਚਲੇ ਗਏ ਹਨ।

### ਨਸ਼ਿਆਂ ਦਾ ਵਡਾ ਦੁਖਾਂਤ

ਪੀਜੀਆਈਐੱਮਈਆਰ ਚੰਡੀਗੜ੍ਹ ਦੇ 2016 ਸਰਵੇਖਣ ਅਨੁਸਾਰ 15.4 ਫੀਸਦੀ ਆਬਾਦੀ ਕਿਸੇ ਨਾ ਕਿਸੇ ਨਸ਼ੇ ਵਿਚ ਲਿਪਤ ਸੀ। 2015 ਵਿਚ ਲਗਭਗ 2.3 ਲੱਖ ਓਪੀਓਇਡ ਉਪਰ ਨਿਰਭਰ ਸਨ, ਜਿਨ੍ਹਾਂ ਵਿਚੋਂ 76 ਫੀਸਦੀ 18-35 ਸਾਲ ਦੇ ਨੌਜਵਾਨ ਸਨ। ਐੱਨਸੀਆਰਬੀ 2023 ਰਿਪੋਰਟ ਅਨੁਸਾਰ ਪੰਜਾਬ ਵਿਚ ਡਰੱਗ ਓਵਰਡੋਜ਼ ਤੋਂ 89 ਮੌਤਾਂ ਹੋਈਆਂ ਸਨ, ਜੋ ਭਾਰਤ ਵਿਚ ਸਭ ਤੋਂ ਵੱਧ ਹਨ (2022 ਵਿਚ 144 ਸੀ)। ਇਸ ਤੋਂ ਇਲਾਵਾ ਗੈਂਗਸਟਰ ਗਤੀਵਿਧੀਆਂ ਵਿਚ ਸ਼ਾਮਲ ਹੋਣ ਕਾਰਣ ਅਨੇਕਾਂ ਨੌਜਵਾਨ ਜੇਲ੍ਹਾਂ ਵਿਚ ਹਨ। ਕੁਝ ਆਪਸੀ ਮੁਠਭੇੜ ਤੇ ਕੁਝ ਪੁਲੀਸ ਮੁਕਾਬਲਿਆਂ ਵਿਚ ਮਾਰੇ ਗਏ ਹਨ। ਬੇਰੁਜ਼ਗਾਰੀ ਦਾ ਸੰਕਟ ਉਨ੍ਹਾਂ ਨੂੰ ਅਪਰਾਧ ਵੱਲ ਧੱਕ ਰਿਹਾ ਹੈ।

ਖੇਤੀ ਵਿਚ ਨੌਜਵਾਨਾਂ ਦੀ ਘਾਟ ਸਭ ਤੋਂ ਵੱਡਾ ਸੰਕਟ ਹੈ। ਪੰਜਾਬ ਵਿਚ ਖੇਤੀ ਅਤੇ ਐਲਾਈਡ ਐਕਟੀਵਿਟੀਜ਼ ਵਿਚ ਸਿਰਫ 24.6 ਫੀਸਦੀ ਵਰਕਫੋਰਸ ਹੈ (ਮੈਕ੍ਰੋ ਐਂਡ ਫਿਸਕਲ ਲੈਂਡਸਕੇਪ ਆਫ ਪੰਜਾਬ ਰਿਪੋਰਟ)। ਰਾਸ਼ਟਰੀ ਔਸਤ ਤੋਂ ਘੱਟ। ਐੱਸਆਰਐੱਸ ਅਤੇ ਪੀਐੱਲਐੱਫਐੱਸ ਡਾਟਾ ਅਨੁਸਾਰ ਖੇਤ ਮਜ਼ਦੂਰਾਂ ਵਿਚ ਸਥਾਨਕ ਨੌਜਵਾਨ ਘੱਟ ਹੋ ਰਹੇ ਹਨ। ਖੇਤੀ 60 ਫੀਸਦੀ ਤੋਂ ਵੱਧ ਕਾਮਿਆਂ ਦੀ ਉਮਰ 38 ਸਾਲ ਤੋਂ ਉਪਰ ਹੈ। ਪੰਜਾਬ ਦੀ ਖੇਤੀ ਹੁਣ ਔਰਤਾਂ ਅਤੇ ਬਾਹਰੀ ਮਜ਼ਦੂਰਾਂ (ਬਿਹਾਰ, ਉੱਤਰ ਪ੍ਰਦੇਸ਼ ਤੋਂ ਆਏ) ਉੱਤੇ ਨਿਰਭਰ ਹੈ। ਔਰਤਾਂ ਖੇਤ ਮਜ਼ਦੂਰੀ ਵਿਚ 58 ਫੀਸਦੀ ਯੋਗਦਾਨ ਪਾ ਰਹੀਆਂ ਹਨ। ਇਸ ਕਾਰਨ ਮੌਸਮੀ ਘਾਟ ਰੜਕਣ ਲੱਗੀ ਹੈ। ਬੀਜਣ ਅਤੇ ਕਟਾਈ ਵੇਲੇ ਬਾਹਰੀ ਮਜ਼ਦੂਰਾਂ ਉੱਤੇ ਨਿਰਭਰਤਾ ਵਧ ਰਹੀ ਹੈ।

### ਕੀ ਖੇਤੀ ਜ਼ਮੀਨਾਂ ਵਿਕਣਗੀਆਂ?

ਵਿਦੇਸ਼ ਭੇਜਣ ਲਈ ਜ਼ਮੀਨ ਵੇਚਣ ਦੀਆਂ ਘਟਨਾਵਾਂ ਵਧ ਰਹੀਆਂ ਹਨ। ਛੋਟੀਆਂ ਜਾਇਦਾਦਾਂ ਵੰਡੀਆਂ ਜਾ ਰਹੀਆਂ ਹਨ। ਇੱਕ ਅਧਿਐਨ ਅਨੁਸਾਰ ਪੰਜਾਬ ਵਿਚ ਛੋਟੇ ਕਿਸਾਨਾਂ ਵਿਚੋਂ 14.4 ਫੀਸਦੀ ਖੇਤੀ ਛੱਡ ਚੁੱਕੇ ਹਨ ਅਤੇ ਉਨ੍ਹਾਂ ਵਿਚੋਂ ਬਹੁਤੇ ਗੈਰ-ਖੇਤੀ ਰੋਜ਼ਗਾਰ ਵੱਲ ਗਏ ਹਨ। ਜੇ ਇਸ ਰੁਝਾਨ ਨੇ ਤੇਜ਼ੀ ਫੜ੍ਹੀ ਤਾਂ ਵੱਡੀ ਗਿਣਤੀ ਵਿਚ ਜ਼ਮੀਨਾਂ ਬਾਹਰੀਆਂ ਹੱਥਾਂ ਵਿਚ ਜਾ ਸਕਦੀਆਂ ਹਨ ਜਾਂ ਉਦਯੋਗਿਕ ਉਪਯੋਗ ਲਈ ਵਿਕ ਸਕਦੀਆਂ ਹਨ। ਇਸ ਨਾਲ ਭੋਜਨ ਸੁਰੱਖਿਆ ਉੱਤੇ ਵੀ ਅਸਰ ਪਵੇਗਾ, ਕਿਉਂਕਿ ਪੰਜਾਬ ਭਾਰਤ ਦਾ ਅੰਨ ਭੰਡਾਰ ਹੈ। ਬੁੱਧੀਜੀਵੀ ਇਸ ਨੂੰ ਤਰਾਸਦੀ ਵਜੋਂ ਵੇਖ ਰਹੇ ਹਨ।

ਪੰਜਾਬੀ ਯੂਨੀਵਰਸਿਟੀ ਦੇ ਅਰਥ ਸ਼ਾਸਤਰੀ ਡਾ. ਸੁਚਾ ਸਿੰਘ ਗਿੱਲ ਕਹਿੰਦੇ ਹਨ, "ਪੰਜਾਬ ਵਿਚ ਖੇਤੀ ਸੰਕਟ, ਉਦਯੋਗਾਂ ਦੀ ਘਾਟ ਅਤੇ ਸਿੱਖਿਆ ਦੀ ਘਟੀਆ ਗੁਣਵੱਤਾ ਨੌਜਵਾਨਾਂ ਨੂੰ ਵਿਦੇਸ਼ਾਂ ਵਲ ਧਕ ਰਹੀ ਹੈ। ਗ੍ਰੀਨ ਰਿਵੋਲਿਊਸ਼ਨ ਤੋਂ ਬਾਅਦ ਆਰਥਿਕ ਵਿਭਿੰਨਤਾ ਨਾ ਆਉਣ ਕਾਰਨ ਇਹ ਹਾਲਤ ਬਣੀ ਹੈ। ਸਰਕਾਰਾਂ ਨੇ ਨੀਤੀਆਂ ਵਿਚ ਨਾਕਾਮੀ ਵਿਖਾਈ ਹੈ। ਖੇਤੀ ਉੱਤੇ ਨਿਰਭਰਤਾ ਘਟਾਉਣ ਲਈ ਐਗਰੋ-ਪ੍ਰੋਸੈਸਿੰਗ, ਫੂਡ ਪ੍ਰੋਸੈਸਿੰਗ ਇੰਡਸਟਰੀਜ਼ ਅਤੇ ਸਕਿੱਲ ਡਿਵੈਲਪਮੈਂਟ ਉੱਤੇ ਧਿਆਨ ਦੇਣਾ ਚਾਹੀਦਾ ਹੈ।"

ਪ੍ਰਸਿੱਧ ਖੇਤੀ ਮਾਹਿਰ ਡਾ. ਦੇਵਿੰਦਰ ਸ਼ਰਮਾ ਚੇਤਾਵਨੀ ਦਿੰਦੇ ਹਨ, "ਪੰਜਾਬ ਵਿਚ ਖੇਤੀ ਮਜ਼ਦੂਰਾਂ ਦੀ ਘਾਟ ਅਤੇ ਨੌਜਵਾਨਾਂ ਦਾ ਪ੍ਰਵਾਸ ਭਾਰਤੀ ਭੋਜਨ ਸੁਰੱਖਿਆ ਲਈ ਖਤਰਾ ਹੈ। ਜੇ ਨੌਜਵਾਨ ਖੇਤੀ ਤੋਂ ਮੂੰਹ ਮੋੜ ਰਹੇ ਹਨ ਤਾਂ ਇਸ ਨੂੰ ਲਾਭਦਾਇਕ ਬਣਾਉਣਾ ਪਵੇਗਾ। ਸਬਸਿਡੀਆਂ ਤੋਂ ਬਾਹਰ ਆ ਕੇ ਡਾਇਵਰਸੀਫਿਕੇਸ਼ਨ ਕਰੋ - ਫਲ, ਸਬਜ਼ੀਆਂ, ਡੇਅਰੀ, ਆਰਗੈਨਿਕ ਫਾਰਮਿੰਗ। ਵਿਦੇਸ਼ੀ ਏਜੰਟਾਂ ਅਤੇ ਫੇਕ ਯੂਨੀਵਰਸਿਟੀਆਂ ਵੱਲੋਂ ਲੁੱਟ ਰੋਕੋ। ਜੇ ਇਹ ਰੁਝਾਨ ਜਾਰੀ ਰਿਹਾ ਤਾਂ 2030 ਤੱਕ ਖੇਤੀ ਉਤਪਾਦਨ ਵਿਚ ਗਿਰਾਵਟ ਆ ਸਕਦੀ ਹੈ, ਜਿਸ ਨਾਲ ਰਾਸ਼ਟਰੀ ਭੋਜਨ ਭੰਡਾਰ ਉੱਤੇ ਅਸਰ ਪਵੇਗਾ।"

ਸੋਸ਼ੀਓਲਾਜਿਸਟ ਡਾ. ਮਨਜੀਤ ਸਿੰਘ (ਪੰਜਾਬ ਯੂਨੀਵਰਸਿਟੀ) ਆਖਦੇ ਹਨ, "ਪੰਜਾਬ ਦੀ ਆਰਥਿਕਤਾ ਬਾਹਰੀ ਮਜ਼ਦੂਰਾਂ ਉੱਤੇ ਨਿਰਭਰ ਹੋ ਗਈ ਹੈ। ਇਸ ਨਾਲ ਸਥਾਨੀ ਬੇਰੁਜ਼ਗਾਰੀ ਅਤੇ ਸਮਾਜਿਕ ਤਣਾਅ ਵਧ ਰਿਹਾ ਹੈ। ਡੋਮੀਸਾਈਲ ਲਾਅ ਲਾਗੂ ਕਰਨ ਦੀਆਂ ਗੱਲਾਂ ਚੱਲ ਰਹੀਆਂ ਹਨ ਪਰ ਇਸ ਨਾਲ ਆਰਥਿਕ ਨੁਕਸਾਨ ਵੀ ਹੋ ਸਕਦਾ ਹੈ। ਨੌਜਵਾਨਾਂ ਲਈ ਸਥਾਨਕ ਰੋਜ਼ਗਾਰ ਬਣਾਓ, ਨਸ਼ਾ ਰੋਕਥਾਮ ਲਈ ਠੋਸ ਕਦਮ ਚੁੱਕੋ। ਗੈਂਗਸਟਰਵਾਦ ਰੋਕਣ ਲਈ ਰਾਜਨੀਤਿਕ ਇੱਛਾ ਸ਼ਕਤੀ ਚਾਹੀਦੀ ਹੈ।"

ਮਾਹਿਰਾਂ ਦਾ ਮੰਨਣਾ ਹੈ ਕਿ ਸਰਕਾਰਾਂ ਨੇ ਇਸ ਮੁੱਦੇ ਉੱਤੇ ਧਿਆਨ ਨਹੀਂ ਦਿੱਤਾ। ਕੇਂਦਰ ਅਤੇ ਰਾਜ ਵੱਲੋਂ ਨੀਤੀਆਂ ਵਿਚ ਨਾਕਾਮੀਆਂ ਨੇ ਹਾਲਾਤ ਬਣਾਏ ਹਨ। ਨਸ਼ਾ ਵਿਰੋਧੀ ਮੁਹਿੰਮਾਂ ਫੇਲ੍ਹ ਹੋ ਰਹੀਆਂ ਹਨ। ਓਪੀਏਟੀ ਐੱਸ ਤੋਂ ਰਿਕਵਰੀ ਰੇਟ ਬਹੁਤ ਘੱਟ ਹੈ। ਉਦਯੋਗਿਕ ਨੀਤੀਆਂ ਨੇ ਪੰਜਾਬੀਆਂ ਲਈ ਨਵੀਆਂ ਨੌਕਰੀਆਂ ਨਹੀਂ ਬਣਾਈਆਂ। ਸਿੱਖਿਆ ਵਿਚ ਗੁਣਵੱਤਾ ਘੱਟ ਹੈ ਤਾਂ ਜੋ ਨੌਜਵਾਨ ਵਿਦੇਸ਼ ਭੱਜ ਰਹੇ ਹਨ। ਖੇਤੀ ਕਾਨੂੰਨਾਂ ਤੋਂ ਬਾਅਦ ਵੀ ਕੋਈ ਠੋਸ ਤਬਦੀਲੀ ਨਹੀਂ ਆਈ।

### ਕੀ ਬਣੇਗਾ ਪੰਜਾਬ ਦਾ?

ਪੰਜਾਬ ਦਾ ਭਵਿੱਖ ਗੰਭੀਰ ਚੁਣੌਤੀਆਂ ਨਾਲ ਘਿਰਿਆ ਹੋਇਆ ਹੈ। ਜੇਕਰ ਅਸੀਂ ਚਾਹੁੰਦੇ ਹਾਂ ਕਿ ਪੰਜਾਬ ਮੁੜ ਤੋਂ ਆਪਣੀ ਪੁਰਾਣੀ ਸ਼ਾਨ ਹਾਸਲ ਕਰੇ, ਤਾਂ ਕੁਝ ਕਦਮ ਚੁੱਕਣੇ ਲਾਜ਼ਮੀ ਹਨ:

ਖੇਤੀ ਦਾ ਆਧੁਨਿਕੀਕਰਨ: ਮਸ਼ੀਨੀਕਰਨ ਨੂੰ ਹੋਰ ਵਧਾਉਣਾ ਹੋਵੇਗਾ ਤਾਂ ਜੋ ਮਨੁੱਖੀ ਮਿਹਨਤ ਦੀ ਲੋੜ ਘਟੇ।

ਸਿੱਖਿਆ ਅਤੇ ਹੁਨਰ: ਵਿਦੇਸ਼ ਜਾਣ ਵਾਲੀ ਪੜ੍ਹਾਈ ਦੀ ਥਾਂ ਪੰਜਾਬ ਵਿੱਚ ਹੀ 'ਵੋਕੇਸ਼ਨਲ ਟ੍ਰੇਨਿੰਗ' ਤੇ ਉਦਯੋਗ ਸਥਾਪਤ ਕਰਨੇ ਹੋਣਗੇ। ਨੌਜਵਾਨ ਤਾਂ ਹੀ ਪੰਜਾਬ ਵਿੱਚ ਰੁਕਣਗੇ ਜੇਕਰ ਉਨ੍ਹਾਂ ਨੂੰ ਇੱਥੇ ਆਪਣੀ ਮਿਹਨਤ ਦਾ ਸਹੀ ਮੁੱਲ ਮਿਲੇਗਾ।

ਅਕਾਦਮਿਕ ਪੜ੍ਹਾਈ ਦੇ ਨਾਲ-ਨਾਲ ਹੁਨਰ-ਅਧਾਰਿਤ ਸਿੱਖਿਆ ਨੂੰ ਲਾਜ਼ਮੀ ਕਰਨਾ ਹੋਵੇਗਾ। ਆਈ.ਟੀ.ਆਈ ਅਤੇ ਪੋਲੀਟੈਕਨਿਕ ਕਾਲਜਾਂ ਨੂੰ ਉਦਯੋਗਾਂ ਦੀ ਮੰਗ ਅਨੁਸਾਰ ਅਪਡੇਟ ਕਰਨਾ ਹੋਵੇਗਾ।

ਪੰਜਾਬ ਦੇ ਨੌਜਵਾਨਾਂ ਲਈ 'ਐਗਰੀ-ਟੈਕ' ਸਟਾਰਟਅਪਸ ਸ਼ੁਰੂ ਕਰਨ ਲਈ ਆਸਾਨ ਕਰਜ਼ੇ ਅਤੇ ਸਬਸਿਡੀਆਂ ਦੇਣ ਦਾ ਪ੍ਰਬੰਧ ਕਰਨਾ ਹੋਵੇਗਾ। ਆਧੁਨਿਕ ਤਕਨੀਕਾਂ (ਜਿਵੇਂ ਡਰੋਨ ਖੇਤੀ, ਪ੍ਰੀਸੀਜ਼ਨ ਫਾਰਮਿੰਗ) ਰਾਹੀਂ ਖੇਤੀ ਨੂੰ ਮਜਬੂਤ ਬਣਾਉਣਾ ਹੋਵੇਗਾ। ਖੇਤੀ ਨੂੰ ਲਾਹੇਵੰਦ ਬਣਾਉਣ ਲਈ ਨਵੀਂ ਖੇਤੀ ਨੀਤੀ ਦੀ ਲੋੜ ਹੈ ਜੋ ਸਿਰਫ ਮੰਡੀਕਰਨ ਤੱਕ ਸੀਮਤ ਨਾ ਹੋਵੇ, ਸਗੋਂ ਪੂਰੇ ਫਸਲੀ ਚੱਕਰ ਨੂੰ ਬਦਲੇ।

ਲੁਧਿਆਣਾ, ਜਲੰਧਰ ਅਤੇ ਮੋਹਾਲੀ ਵਰਗੇ ਸ਼ਹਿਰਾਂ ਵਿੱਚ ਉਦਯੋਗਿਕ ਕਲੱਸਟਰਾਂ ਨੂੰ ਮੁੜ ਸੁਰਜੀਤ ਕਰਨਾ ਹੋਵੇਗਾ ਤਾਂ ਜੋ ਸਥਾਨਕ ਪੱਧਰ 'ਤੇ ਨੌਕਰੀਆਂ ਪੈਦਾ ਹੋਣ। ਨਸ਼ਾ ਸੰਕਟ ਕਾਨੂੰਨ ਦਾ ਮਸਲਾ ਨਹੀਂ, ਸਗੋਂ ਸਮਾਜਿਕ ਲਹਿਰ ਬਣਾਉਣ ਦੀ ਲੋੜ ਹੈ।

ਪੰਜਾਬ ਸਿਰਫ ਜ਼ਮੀਨ ਦਾ ਟੁਕੜਾ ਨਹੀਂ ਹੈ, ਇਹ ਇੱਕ ਜੀਵੰਤ ਸੱਭਿਆਚਾਰ ਹੈ। ਅੱਜ ਜਿਸ ਤਰ੍ਹਾਂ ਨੌਜਵਾਨ ਪੀੜ੍ਹੀ ਇਸ ਨੂੰ ਛੱਡ ਕੇ ਜਾ ਰਹੀ ਹੈ, ਉਹ ਸਿਰਫ ਇੱਕ ਆਰਥਿਕ ਪਲਾਇਨ ਨਹੀਂ, ਸਗੋਂ ਇੱਕ 'ਸੱਭਿਆਚਾਰਕ ਖਲਾਅ' ਪੈਦਾ ਕਰ ਰਹੀ ਹੈ। ਜੇਕਰ ਸਮਾਂ ਰਹਿੰਦਿਆਂ ਸਰਕਾਰ ਅਤੇ ਸਮਾਜ ਨੇ ਮਿਲ ਕੇ ਇਸ ਦਾ ਹੱਲ ਨਾ ਲੱਭਿਆ, ਤਾਂ ਆਉਣ ਵਾਲੇ ਸਮੇਂ ਵਿੱਚ ਪੰਜਾਬ ਸਿਰਫ ਬਜ਼ੁਰਗਾਂ ਦਾ ਇੱਕ 'ਓਲਡ ਏਜ ਹੋਮ' ਬਣ ਕੇ ਰਹਿ ਜਾਵੇਗਾ।

# ਭਾਰਤੀ ਮੂਲ ਦੇ ਸਰਜਨ ਨੇ ਯੂ ਕੇ ਦੀ ਪਹਿਲੀ ਰਿਮੋਟ ਰੋਬੋਟਿਕ ਸਰਜਰੀ ਕਰਕੇ ਰਚਿਆ ਇਤਿਹਾਸ

## ਡਾ: ਪ੍ਰੋਕਰ ਦਾਸਗੁਪਤਾ ਨੂੰ 2022 ਵਿੱਚ ਭਾਰਤ ਵੱਲੋਂ ਦਿੱਤਾ ਗਿਆ ਸੀ ਪਦਮ ਸ੍ਰੀ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੰਡਨ ਸਥਿਤ ਭਾਰਤੀ ਮੂਲ ਦੇ ਇੱਕ ਸਰਜਨ ਨੇ ਬਰਤਾਨੀਆਂ ਦੀ ਪਹਿਲੀ ਰਿਮੋਟ ਰੋਬੋਟਿਕ ਸਰਜਰੀ ਤਹਿਤ ਲਗਭਗ 2,400 ਕਿਲੋਮੀਟਰ ਦੂਰ ਜਿਬਰਾਲਟਰ ਵਿੱਚ ਮਰੀਜ਼ਾਂ ਦੀ ਸਫਲਤਾਪੂਰਵਕ ਸਰਜਰੀ ਕਰਕੇ ਨਵਾਂ ਇਤਿਹਾਸ ਰਚਿਆ ਹੈ। ਕਿੰਗਜ਼ ਕਾਲਿਜ ਲੰਡਨ ਦੇ ਪ੍ਰੋਫੈਸਰ ਡਾ: ਪ੍ਰੋਕਰ ਦਾਸਗੁਪਤਾ ਨੂੰ 2022 ਵਿੱਚ ਉਹਨਾਂ ਦੀਆਂ ਮੈਡੀਕਲ ਖੇਤਰ ਵਿੱਚ ਦਿੱਤੀਆਂ ਸੇਵਾਵਾਂ ਲਈ ਭਾਰਤ ਵੱਲੋਂ ਪਦਮ ਸ੍ਰੀ ਨਾਲ ਸਨਮਾਨਿਤ ਕੀਤਾ ਗਿਆ।

ਲੰਡਨ ਕਲੀਨਿਕ ਦੇ ਰੋਬੋਟਿਕਸ ਸੈਂਟਰ ਆਫ਼ ਐਕਸੀਲੈਂਸ ਦੇ ਮੁਖੀ ਅਤੇ ਵਿਸ਼ਵ-ਪ੍ਰਮੁੱਖ ਰੋਬੋਟਿਕ ਯੂਰੋਲੋਜੀਕਲ ਸਰਜਨ ਪ੍ਰੋਫੈਸਰ ਪ੍ਰੋਕਰ ਦਾਸਗੁਪਤਾ ਨੇ ਕਿਹਾ ਕਿ ਉਨ੍ਹਾਂ ਦੇ ਦੋ ਪਾਇਲਟ ਕੇਸ ਆਰਟੀਫੀਸ਼ੀਅਲ ਇੰਟੈਲੀਜੈਂਸ (ਏ ਆਈ) ਦੀ ਵਰਤੋਂ ਦੀਆਂ ਸ਼ਾਨਦਾਰ ਉਦਾਹਰਣਾਂ ਹਨ।

ਉਨ੍ਹਾਂ ਨੇ 11 ਫਰਵਰੀ ਨੂੰ ਇੱਕ 52 ਸਾਲਾ ਮਰੀਜ਼ 'ਤੇ ਪ੍ਰੋਸਟੇਟੈਕਟੋਮੀ (ਪ੍ਰੋਸਟੇਟ ਗਲੈਂਡ ਦਾ ਅੰਸ਼ਕ ਜਾਂ ਪੂਰੀ ਤਰ੍ਹਾਂ ਹਟਾਉਣਾ) ਦਾ ਇੱਕ ਸਫ਼ਲ ਅਪ੍ਰੇਸ਼ਨ ਕੀਤਾ। ਡਾ: ਦਾਸ ਗੁਪਤਾ ਨੇ ਕਿਹਾ ਕਿ ਇੱਕ ਸਾਲ ਦੀ ਯੋਜਨਾਬੰਦੀ ਤੋਂ ਬਾਅਦ, ਇਹ ਟੀਮ ਬਣਾ ਕੇ ਕੰਮ ਕਰਨ, ਦੋਸਤੀ, ਅੰਤਰਰਾਸ਼ਟਰੀ ਦ੍ਰਿੜਤਾ ਅਤੇ ਜ਼ਿੰਮੇਵਾਰ ਏ ਆਈ ਦੀ ਇੱਕ ਸ਼ਾਨਦਾਰ ਉਦਾਹਰਣ ਹੈ।

ਲੰਡਨ ਕਲੀਨਿਕ ਨੇ ਕਿਹਾ ਕਿ ਜਿਬਰਾਲਟਰ ਸਿਹਤ ਅਥਾਰਟੀ ਅਤੇ ਜਿਬਰਾਲਟਰ ਦੇ ਸੇਂਟ ਬਰਨਾਰਡ ਹਸਪਤਾਲ ਦੇ ਯੂਰੋਲੋਜੀਕਲ ਸਰਜਨ ਜੇਮਜ਼ ਐਲਨ ਅਤੇ ਪਾਲ ਹਿਊਜ਼ ਦੇ ਸਹਿਯੋਗ ਨਾਲ ਹਸਪਤਾਲ ਰਿਮੋਟ ਰੋਬੋਟ-ਸਹਾਇਤਾ ਪ੍ਰਾਪਤ ਟੈਲੀਸਰਜਰੀ ਕਰਨ ਵਾਲਾ ਦੇਸ਼ ਦਾ ਪਹਿਲਾ ਹਸਪਤਾਲ ਬਣ ਗਿਆ ਹੈ। ਮਾਈਕ੍ਰੋਪੋਰਟ ਦੁਆਰਾ ਨਿਰਮਿਤ ਟੂਮਾਈ ਰੋਬੋਟਿਕ ਪ੍ਰਣਾਲੀ ਦੀ ਵਰਤੋਂ ਕਰਕੇ ਕੀਤੀ ਗਈ



ਡਾ: ਪ੍ਰੋ: ਪ੍ਰੋਕਰ ਦਾਸਗੁਪਤਾ

ਇਹ ਪ੍ਰਕਿਰਿਆ, ਵਿਸ਼ਵ ਪੱਧਰ 'ਤੇ ਮਰੀਜ਼ਾਂ ਲਈ ਸਰਜਰੀ ਵਿੱਚ ਕ੍ਰਾਂਤੀ ਲਿਆਉਣ ਦੀ ਸਮਰੱਥਾ ਰੱਖਦੀ ਹੈ।

62 ਸਾਲਾ ਪਾਲ ਬਕਸਟਨ ਨੂੰ ਜਨਵਰੀ ਵਿੱਚ ਪ੍ਰੋਸਟੇਟ ਕੈਂਸਰ ਦਾ ਪਤਾ ਲੱਗਿਆ, ਅਤੇ ਦੋਵਾਂ ਹਸਪਤਾਲਾਂ ਨੇ ਉਸਨੂੰ ਟੈਲੀਸਰਜਰੀ ਟ੍ਰਾਇਲ ਵਿੱਚ ਹਿੱਸਾ ਲੈਣ ਦਾ ਮੌਕਾ ਦਿੱਤਾ। ਉਹ ਲਗਭਗ 40 ਸਾਲ ਪਹਿਲਾਂ ਯੂ ਕੇ ਤੋਂ ਇੱਕ ਬਰਤਾਨਵੀ ਪ੍ਰਵਾਸੀ ਖੇਤਰ, ਜਿਬਰਾਲਟਰ ਵਿੱਚ ਆ ਕੇ ਵੱਸ ਗਿਆ ਸੀ ਅਤੇ ਸਰਜਰੀ ਲਈ ਲੰਡਨ ਜਾਣ ਦੀ ਯੋਜਨਾ ਬਣਾ ਰਿਹਾ ਸੀ।

ਪ੍ਰੋਫੈਸਰ ਦਾਸਗੁਪਤਾ ਨੇ ਕਿਹਾ ਕਿ ਮੈਂ ਸ੍ਰੀ ਬਕਸਟਨ ਨੂੰ ਸਮਝਾਇਆ ਕਿ ਹੁਣ ਸਾਡੇ ਕੋਲ ਇਸਨੂੰ ਦੂਰ ਤੋਂ ਸਰਜਰੀ ਕਰਨ ਦੀ ਤਕਨਾਲੋਜੀ ਹੈ। ਤਾਂ ਫਿਰ ਸਮਾਂ, ਊਰਜਾ, ਪੈਸਾ ਕਿਉਂ ਬਰਬਾਦ ਕਰਨਾ ਹੈ? ਬਕਸਟਨ ਜੋ ਸਰਜਰੀ ਤੋਂ ਬਾਅਦ ਤੇਜ਼ੀ ਨਾਲ ਠੀਕ ਹੋ ਰਿਹਾ ਹੈ ਨੇ ਕਿਹਾ ਕਿ ਉਸਨੂੰ ਡਾਕਟਰੀ ਇਤਿਹਾਸ ਦਾ ਹਿੱਸਾ ਬਣਨ ਦਾ ਮੌਕਾ ਪ੍ਰਾਪਤ ਹੋਇਆ ਹੈ ਅਤੇ ਉਮੀਦ ਹੈ ਕਿ ਇਹ ਹੋਰ ਵੀ ਸਰਜਰੀਆਂ ਲਈ ਰਾਹ ਪੱਧਰਾ ਕਰੇਗਾ।

# ਅੰਤਰਰਾਸ਼ਟਰੀ ਮਹਿਲਾ ਦਿਵਸ ਮੌਕੇ ਨਾਟਕ 'ਫਾਰਐਵਰ ਮਹਾਰਾਣੀ ਜਿੰਦਾਂ ਦਾ ਸਫ਼ਲ ਮੰਚਨ

ਅੰਤਰਰਾਸ਼ਟਰੀ ਮਹਿਲਾ ਦਿਵਸ ਮੌਕੇ ਅਨਾਮਿਕਾ ਆਰਟਸ ਐਸੋਸੀਏਸ਼ਨ ਅੰਮ੍ਰਿਤਸਰ ਵੱਲੋਂ ਸਰੂਪ ਰਾਣੀ ਸਰਕਾਰੀ ਕਾਲਜ ਇਸਤਰੀਆਂ ਅੰਮ੍ਰਿਤਸਰ ਦੇ ਸਹਿਯੋਗ ਨਾਲ ਔਰਤ ਦੇ ਸੰਘਰਸ਼ ਦੀ ਕਹਾਣੀ ਬਿਆਨ ਕਰਦੇ ਨਾਟਕ " ਫਾਰਐਵਰ ਮਹਾਰਾਣੀ ਜਿੰਦਾਂ" ਦਾ ਮੰਚਨ ਕੀਤਾ ਗਿਆ। ਡਾ. ਆਤਮਾ ਸਿੰਘ ਗਿੱਲ ਦੁਆਰਾ ਲਿਖੇ ਅਤੇ ਈਮੈਨੂਅਲ ਸਿੰਘ ਦੁਆਰਾ ਨਿਰਦੇਸ਼ਿਤ ਨਾਟਕ ਮਹਾਰਾਣੀਜਿੰਦਾਂ ਰਾਹੀਂ ਅੱਜ ਦੀ ਨਵੀਂ ਪੀੜ੍ਹੀ ਨੂੰ ਪੰਜਾਬ ਦੇ ਉਸ ਸੁਨਹਿਰੀ ਦੌਰ
ਨਾਲ ਜਾਣੂ ਕਰਵਾਉਣ ਦਾ ਸਫ਼ਲ ਯਤਨ ਕੀਤਾ ਗਿਆ ਜਿਸ ਨੂੰ ਖਾਲਸਾ ਰਾਜ ਜਾਂ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਨਾਂ ਨਾਲ ਜਾਣਿਆ ਜਾਂਦਾ ਹੈ।



ਨਾਟਕ ਵਿੱਚ ਸਿੱਖ ਰਾਜ ਦੀ ਅਧੋਗਤੀ ਦੇ ਨਾਲ ਮਹਾਰਾਣੀ ਜਿੰਦਾਂ ਅਤੇ ਮਹਾਰਾਜਾ ਦਲੀਪ ਸਿੰਘ ਦੇ ਦੁਖਾਂਤ ਨੂੰ ਵਿਭਿੰਨ ਨਾਟਕੀ ਜੁਗਤਾਂ ਰਾਹੀਂ ਪ੍ਰਸਤੁਤ ਕੀਤਾ ਗਿਆ। ਨਾਟਕ ਵਿੱਚ ਮਹਾਰਾਣੀ ਜਿੰਦਾਂ ਦੇ ਜੀਵਨ ਸੰਘਰਸ਼ ਅਤੇ ਖੁੱਸੇ ਹੋਏ ਸਿੱਖ ਰਾਜ ਦੀ ਮੁੜ ਪ੍ਰਾਪਤੀ ਲਈ ਅਤੇ ਬਾਲਕ ਮਹਾਰਾਜੇ ਦਲੀਪ ਸਿੰਘ ਨੂੰ ਉਸਦੇ ਹਕ ਹਕੂਕ ਦਿਵਾਉਣ ਲਈ ਜਦੋ-ਜਹਿਦ ਦ੍ਰਿਸ਼ਟੀਗੋਚਰ ਹੁੰਦੀ ਹੈ।

ਮਹਾਰਾਣੀ ਜਿੰਦਾਂ ਉਹ ਮਹਾਨ ਔਰਤ ਸੀ ਜੋ ਅੰਗਰੇਜ਼ਾਂ ਤੋਂ ਬਾਗੀ ਹੋ ਕੇ ਸਾਰੀ ਉਮਰ ਸ਼ੇਰਨੀ ਵਾਂਗ ਸਿੱਖ ਰਾਜ ਵਾਸਤੇ ਲੜਦੀ ਰਹੀ ਤੇ ਅਖੀਰ ਆਪਣੇ ਪ੍ਰਭਾਵ ਸਦਕਾ ਈਸਾਈ ਬਣੇ ਦਲੀਪ ਸਿੰਘ ਵਿੱਚ ਮੁੜ ਸਿੱਖ ਰਾਜ ਦਾ ਮਹਾਰਾਜਾ ਬਨਣ ਲਈ ਚਿਣਗ ਪੈਦਾ ਕਰਦੀ ਹੈ। ਸ਼ਾਹ ਮੁਹੰਮਦ ਦੀ ਕਵਿਤਾ ਸਿੰਘਾਂ ਤੇ ਫਰੰਗੀਆਂ ਨੂੰ ਅਧਾਰ ਬਣਾ ਕੇ ਤੇ ਇਸ ਦੇ ਲਿਖਤਕਾਰ ਸ਼ਾਹ ਮੁਹੰਮਦ ਨੂੰ ਹੀ ਸੂਤਰਧਾਰ ਬਣਾ ਕੇ, ਨਾਟਕੀ ਪੇਸ਼ਕਾਰੀ ਨੂੰ ਕਿੱਸਾਗੋਈ, ਲੋਕ ਵਾਰ-ਕਵੀਸ਼ਰੀ ਦੀ ਵਿਧਾ ਰਾਹੀਂ ਲੋਕਧਾਰਾਈ ਅੰਦਾਜ਼ ਵਿੱਚ ਪੇਸ਼ ਕੀਤਾ ਗਿਆ। ਮੁੱਖ ਮਹਿਮਾਨ ਵੱਜੋਂ ਸ਼ਾਮਿਲ ਹੋਏ ਸਰੂਪ ਰਾਹੀਂ ਸਰਕਾਰੀ ਕਾਲਜ ਇਸਤਰੀਆਂ ਦੇ ਪ੍ਰਿੰਸੀਪਲ ਕਿਰਨਜੀਤ ਬੱਲ ਨੇ ਨਾਟਕ ਦੀ ਪ੍ਰਸਤੁਤੀ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਇਤਿਹਾਸਕ ਨਾਟਕ ਦਾ ਮੰਚਨ ਚੁਣੌਤੀ ਭਰਪੂਰ ਕਾਰਜ ਹੈ ਜਿਸ ਦੀ ਈਮੈਨੂਅਲ ਸਿੰਘ ਅਤੇ ਉਸਦੀ ਟੀਮ ਦੁਆਰਾ ਬਾਕਮਾਲ ਪੇਸ਼ਕਾਰੀ ਕੀਤੀ ਗਈ ਹੈ।

ਜਿਕਰਯੋਗ ਹੈ ਕਿ ਨਾਟਕ ਵਿੱਚ ਤਾਰੀਖ਼ਾਂ ਘਟਨਾਵਾਂ ਅਤੇ ਮਹਾਰਾਣੀ ਜਿੰਦਾਂ ਦੀਆਂ ਚਿੱਠੀਆਂ ਦੇ ਅਸਲ ਰੂਪ ਨੂੰ ਪੇਸ਼ ਕੀਤਾ ਗਿਆ ਅਤੇ ਖ਼ਾਲਸਾ ਰਾਜ ਦੇ ਤਖ਼ਤ ਦੀ ਹੂ-ਬ-ਹੂ ਨਕਲ ਰਾਹੀਂ ਉਸ ਸਮੇਂ ਦੇ ਸੁਨਹਿਰੀ ਇਤਿਹਾਸ ਨੂੰ ਦਰਸਾਇਆ ਗਿਆ।

ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਗਿਆਨੀ ਸੰਤੋਖ ਸਿੰਘ ਆਸਟਰੇਲੀਆ, ਡਾਕਟਰ ਚਰਨਜੀਤ ਸਿੰਘ ਗੁਮਟਾਲਾ, ਸ. ਸੰਤੋਖ ਸਿੰਘ ਸੇਠੀ, ਸੀਨੀਅਰ ਵਾਈਸ ਪ੍ਰਧਾਨ ਚੀਫ਼ ਖ਼ਾਲਸਾ ਦੀਵਾਨ ਅੰਮ੍ਰਿਤਸਰ, ਮਾਸਟਰ ਸੁੱਚਾ ਸਿੰਘ ਗੁਮਟਾਲਾ, ਸ. ਸਰਬਜੀਤ ਸਿੰਘ ਲਾਲੀ ਆਦਿ ਮਹਿਮਾਨਾ ਨੇ ਸ਼ਿਰਕਤ ਕੀਤੀ।

ਇਸ ਮੌਕੇ ਡਾ. ਸਰਗੀ, ਡਾ. ਹਰਜੀਤ



ਕੌਰ ਪ੍ਰੋਫੈਸਰ ਪੂਜਾ ਅਤੇ ਕਾਲਜ ਦੇ ਸਮੂਹ ਅਧਿਆਪਕ ਅਤੇ ਵਿਦਿਆਰਥਣਾ ਨੇ ਵੱਡੀ ਗਿਣਤੀ ਵਿਚ ਹਾਜ਼ਰੀ ਭਰੀ। ਨਾਟਕ ਵਿੱਚ ਪ੍ਰੀਤਪਾਲ ਹੁੰਦਲ, ਗੁਰਪਿੰਦਰ ਕੌਰ, ਈਮੈਨੂਅਲ ਸਿੰਘ, ਮਰਕਸਪਾਲ ਗੁਮਟਾਲਾ, ਡਾ. ਆਤਮਾ ਸਿੰਘ ਗਿੱਲ, ਆਲਮ ਸਿੰਘ, ਲਖਵਿੰਦਰ ਲੱਕੀ, ਪ੍ਰਭਜੋਤ ਸੰਘਾ, ਸਾਰੰਗੀ ਵਾਦਕ ਪ੍ਰੋ. ਸੁਖਵਿੰਦਰ ਸਿੰਘ, ਜਸਵਿੰਦਰ ਸਿੰਘ, ਦੀਪਿਕਾ, ਸਚਿਨ, ਤਮੰਨਾ, ਅਚਲ ਮਹਾਜਨ, ਵੰਸ਼, ਸਾਰਥ, ਅਨਮੋਲ ਰਾਣਾ, ਰੋਬਿਨ ਪ੍ਰੀਤ ਸਿੰਘ, ਜਸ਼ਨਪ੍ਰੀਤ, ਦ੍ਰਿਸ਼ਟੀ, ਪ੍ਰਾਬੀਰ ਸਿੰਘ ਆਦਿ ਅਦਾਕਾਰਾਂ ਨੇ ਨਾਟਕ ਵਿੱਚ ਅਹਿਮ ਭੂਮਿਕਾ ਨਿਭਾਈ।ਨਾਟਕ ਦੇ ਕਲਾਕਾਰਾਂ ਨੂੰ ਸਰਟੀਫਿਕੇਟ ਦੇ ਕੇ ਸਮੁੱਚੀ ਟੀਮ ਦਾ ਸਨਮਾਨ ਕੀਤਾ ਗਿਆ।

# ਰਾਸ਼ਟਰਪਤੀ ਡੋਨਾਲਡ ਟਰੰਪ ਦੀ ਇਰਾਨ 'ਤੇ ਵੱਡੇ ਹਮਲੇ ਦੀ ਧਮਕੀ

ਇਰਾਨ: ਅਮਰੀਕਾ-ਇਜ਼ਰਾਈਲ-ਈਰਾਨ ਜੰਗ ਆਪਣੇ 11ਵੇਂ ਦਿਨ ਵਿੱਚ ਦਾਖਲ ਹੋ ਰਹੀ ਹੈ। ਰਾਸ਼ਟਰਪਤੀ ਟਰੰਪ ਨੇ ਸੋਮਵਾਰ ਰਾਤ ਨੂੰ ਈਰਾਨ 'ਤੇ ਵੱਡੇ ਹਮਲੇ ਦੀ ਧਮਕੀ ਦਿੱਤੀ। ਉਨ੍ਹਾਂ ਕਿਹਾ ਕਿ ਜੇਕਰ ਈਰਾਨ ਹੋਰਮੁਜ਼ ਜਲਡਮਰੂ ਰਾਹੀਂ ਤੇਲ ਸਪਲਾਈ ਨੂੰ ਰੋਕਣ ਦੀ ਕੋਸ਼ਿਸ਼ ਕਰਦਾ ਹੈ, ਤਾਂ ਅਮਰੀਕਾ 20 ਗੁਣਾ ਜ਼ਿਆਦਾ ਤਾਕਤ ਨਾਲ ਹਮਲਾ ਕਰੇਗਾ। ਇਹ ਜੰਗ ਉਦੋਂ ਤੱਕ ਜਾਰੀ ਰਹੇਗੀ ਜਦੋਂ ਤੱਕ ਦੁਸ਼ਮਣ ਪੂਰੀ ਤਰ੍ਹਾਂ ਤਬਾਹ ਨਹੀਂ ਹੋ ਜਾਂਦਾ। ਟਰੰਪ ਨੇ ਇਹ ਵੀ ਕਿਹਾ ਕਿ ਯੁੱਧ ਸ਼ੁਰੂ ਹੋਣ ਤੋਂ ਬਾਅਦ, ਅਮਰੀਕਾ ਅਤੇ ਇਜ਼ਰਾਈਲ ਨੇ ਸਾਂਝੇ ਤੌਰ 'ਤੇ ਈਰਾਨ ਵਿੱਚ 5,000 ਤੋਂ ਵੱਧ ਟਿਕਾਣਿਆਂ 'ਤੇ ਹਮਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਕੁਝ ਮਹੱਤਵਪੂਰਨ ਟਿਕਾਣਿਆਂ ਨੂੰ ਜਾਣਬੁੱਝ ਕੇ ਨਿਸ਼ਾਨਾ ਬਣਾਏ ਬਿਨਾਂ ਛੱਡ ਦਿੱਤਾ ਗਿਆ ਹੈ ਤਾਂ ਜੋ ਲੋੜ ਪੈਣ 'ਤੇ ਬਾਅਦ ਵਿੱਚ ਕਾਰਵਾਈ ਕੀਤੀ ਜਾ ਸਕੇ। ਫਲੋਰੀਡਾ ਦੇ ਡੋਰਲ ਵਿੱਚ ਇੱਕ ਪ੍ਰੈਸ ਕਾਨਫਰੰਸ ਦੌਰਾਨ, ਟਰੰਪ ਨੇ ਕਿਹਾ ਕਿ ਅਮਰੀਕਾ ਅਤੇ ਇਜ਼ਰਾਈਲ ਨੂੰ ਇਸ ਜੰਗ ਵਿੱਚ ਇੱਕ ਮਹੱਤਵਪੂਰਨ ਫਾਇਦਾ ਹੋਇਆ ਹੈ ਅਤੇ ਲੜਾਈ ਜਲਦੀ ਹੀ ਖਤਮ ਹੋ ਸਕਦੀ ਹੈ, ਪਰ ਫਿਲਹਾਲ ਫੌਜੀ ਕਾਰਵਾਈਆਂ ਜਾਰੀ ਰਹਿਣਗੀਆਂ।

# ਇਤਿਹਾਸ ਦਾ ਨਵਾਂ ਮੋੜ ਦਿੱਲੀ ਫ਼ਤਹਿ ਦਿਵਸ

ਗੁਰਪ੍ਰੀਤ ਸਿੰਘ ਤਲਵੰਡੀ

ਸਿੱਖ ਕੌਮ ਦੇ ਜਾਂਬਾਜ਼ ਜੋਧਿਆਂ ਵਿੱਚੋਂ ਜੱਥੇਦਾਰ ਬਘੇਲ ਸਿੰਘ ਦਾ ਨਾਂ ਪਹਿਲੀ ਕਤਾਰ 'ਚ ਆਉਂਦਾ ਹੈ। ਉਨ੍ਹਾਂ ਦਾ ਜਨਮ 1730 ਨੂੰ ਮਾਝੇ ਦੇ ਇਤਿਹਾਸਕ ਕਸਬੇ ਝਬਾਲ (ਅੰਮ੍ਰਿਤਸਰ) ਵਿਚ ਹੋਇਆ। ਆਪ ਦੇ ਪਰਿਵਾਰ ਦਾ ਸਬੰਧ ਮਾਝੇ ਦੇ 84 ਪਿੰਡਾਂ ਦੇ ਮਾਲਕ ਚੌਧਰੀ ਲੰਗਾਹ ਢਿੱਲੋਂ ਨਾਲ ਜਾ ਜੁੜਦਾ ਹੈ। ਚੌਧਰੀ ਲੰਗਾਹ ਗੁਰੂ ਅਰਜਨ ਦੇਵ ਜੀ ਦਾ ਸ਼ਰਧਾਲੂ ਸੀ ਅਤੇ ਮੁਕਤਸਰ ਦੀ ਜੰਗ ਵਿਚ ਆਪਣੇ ਜੌਹਰ ਦਿਖਾਉਣ ਵਾਲੀ ਸਿੰਘਣੀ ਮਾਈ ਭਾਗੋ ਦੇ ਦਾਦਾ ਭਾਈ ਪੈਰੋ ਸ਼ਾਹ ਢਿੱਲੋਂ ਦੇ ਛੋਟੇ ਭਰਾ ਸਨ। ਪਰ ਇਤਿਹਾਸ ਵਿਚ ਲਿਖਿਆ ਮਿਲਦਾ ਹੈ ਕਿ ਬਘੇਲ ਸਿੰਘ ਧਾਲੀਵਾਲ ਦਾ ਅਸਲ ਪਿੰਡ ਮੋਗਾ ਜ਼ਿਲ੍ਹੇ ਵਿਚ ਰਾਊਕੇ ਕਲਾਂ ਹੈ। ਇਤਿਹਾਸਕ ਕਸਬੇ ਝਬਾਲ ਵਿਚ ਆਪ ਦੇ ਨਾਨਕੇ ਵੀ ਹੋ ਸਕਦੇ ਹਨ। ਝਬਾਲ ਵਿਚ ਜਾ ਕੇ ਖੋਜ ਪੜਤਾਲ ਕੀਤੇ ਤੋਂ ਭਾਵੇਂ ਕੋਈ ਵੀ ਇਤਿਹਾਸਕ ਨਿਸ਼ਾਨੀ ਨਹੀਂ ਮਿਲ ਸਕੀ, ਲੇਕਿਨ 12 ਪੱਤੀਆਂ ਤੇ 7 ਗ੍ਰਾਮ ਪੰਚਾਇਤਾਂ ਵਿੱਚੋਂ ਇਕ ਪਿੰਡ ਦਾ ਨਾਂ 'ਝਬਾਲ ਜੱਥੇਦਾਰ ਬਘੇਲ ਸਿੰਘ' ਹੈ। ਇਸ ਤੋਂ ਬਿਨਾਂ ਪਿੰਡ ਝਬਾਲ ਖੁਰਦ, ਝਬਾਲ ਸਵਰਗਪੁਰੀ, ਝਬਾਲ ਖਾਮ, ਝਬਾਲ ਪੁਖਤਾ, ਝਬਾਲ ਅੱਡਾ, ਝਬਾਲ ਚੌਧਰੀ ਲੰਗਾਹ ਪਿੰਡ ਵਸੇ ਹੋਏ ਹਨ। ਇਨ੍ਹਾਂ ਵਿੱਚੋਂ ਪਿੰਡ ਝਬਾਲ ਖਾਮ ਵਿਚ ਜੱਥੇਦਾਰ ਬਘੇਲ ਸਿੰਘ ਦੇ ਨਾਂ 'ਤੇ ਬਹੁਤ ਹੀ ਆਲੀਸ਼ਾਨ ਗੁਰਦਵਾਰਾ ਸਾਹਿਬ ਮੌਜੂਦ ਹੈ। ਇਤਿਹਾਸਕ ਕਸਬੇ ਝਬਾਲ ਵਿਚ ਜੱਥੇਦਾਰ ਬਘੇਲ ਸਿੰਘ ਦੀ ਯਾਦ 'ਚ ਗੁਰਦਵਾਰਾ ਸਾਹਿਬ ਦੀ ਸਥਾਪਨਾ ਉਕਤ ਜੱਥੇਦਾਰ ਦੇ ਝਬਾਲ ਨਾਲ ਗਹਿਰੇ ਸਬੰਧਾਂ ਨੂੰ ਉਜਾਗਰ ਕਰਨ ਵਾਲੇ ਤੱਥ ਹਨ।

ਜੱਥੇਦਾਰ ਬਘੇਲ ਸਿੰਘ ਦੇ ਜੀਵਨ ਸਬੰਧੀ ਇਤਿਹਾਸ ਦੇ ਵਰਕੇ ਫਰੋਲੀਏ ਤਾਂ ਇਹ ਪਤਾ ਲੱਗਦਾ ਹੈ ਕਿ 1748 ਈ: ਨੂੰ ਜਿਸ ਵਕਤ ਦਲ ਖ਼ਾਲਸਾ ਦਾ ਉਭਾਰ ਹੋ ਰਿਹਾ ਸੀ, ਉਸ ਸਮੇਂ ਲਾਹੌਰ ਜਿਲੇ ਦੇ ਪਿੰਡ ਬਰਕੀ ਵਿਚ ਵਿਰਕ ਗੋਤ ਨਾਲ਼ ਸਬੰਧਤ ਕਰੋੜਾ ਸਿੰਘ ਪੈਦਾ ਹੋਇਆ, ਜੋ ਪਿੱਛੋਂ ਜਾ ਕੇ ਕਰੋੜ ਸਿੰਘੀਆ ਮਿਸਲ ਦਾ ਸਰਦਾਰ ਬਣਿਆ। ਇਤਿਹਾਸ ਦੱਸਦਾ ਹੈ ਕਿ ਬੇਹੱਦ ਜ਼ਾਲਮ ਮੁਗ਼ਲ ਬਾਦਸ਼ਾਹ ਜ਼ਕਰੀਆ ਖ਼ਾਨ ਨੇ 20 ਕੁ ਸਾਲ ਦੀ ਉਮਰ ਵਿਚ ਕਰੋੜਾ ਸਿੰਘ ਨੂੰ ਜਬਰੀ ਮੁਸਲਮਾਨ ਬਣਾ ਦਿੱਤਾ। ਪਰ ਆਪ ਬੜੀ ਜਲਦੀ ਹੀ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਸਿੰਘ ਸਜ ਗਏ। ਕਰੋੜਾ ਸਿੰਘ ਦੇ ਆਪਣੇ ਕੋਈ ਪੁੱਤਰ ਨਹੀਂ ਸੀ। ਉਸਨੇ ਆਪਣੇ ਘਰੇਲੂ ਨੌਕਰ ਬਘੇਲ ਸਿੰਘ ਨੂੰ ਗੋਦ ਲੈ ਰੱਖਿਆ ਸੀ। 1761 ਨੂੰ ਹੋਈ ਤਰਾਈ ਦੀ ਲੜਾਈ ਦੌਰਾਨ ਕਰੋੜਾ ਸਿੰਘ ਮਾਰਿਆ ਗਿਆ। ਉਸ ਤੋਂ ਬਾਅਦ ਬਘੇਲ ਸਿੰਘ ਨੇ ਕਰੋੜ ਸਿੰਘੀਆ ਮਿਸਲ ਦੀ ਵਾਂਗਡੋਰ ਸੰਭਾਲ਼ੀ। ਜੱਥੇਦਾਰ ਬਘੇਲ ਸਿੰਘ ਨੇ ਆਪਣੀ ਸੂਝ-ਬੂਝ ਸਦਕਾ ਸਿੱਖ ਮਿਸਲਾਂ ਨੂੰ ਸੰਗਠਤ ਕਰ ਕੇ ਹਿੰਦੁਸਤਾਨ ਦੀ ਰਾਜਧਾਨੀ ਦਿੱਲੀ ਦੇ ਲਾਲ ਕਿਲੇ ਉੱਪਰ ਕੇਸਰੀ ਨਿਸ਼ਾਨ ਸਾਹਿਬ ਲਹਿਰਾਅ ਕੇ ਹਿੰਦੁਸਤਾਨ ਦੇ ਇਤਿਹਾਸ ਨੂੰ ਇਕ ਨਵਾਂ ਮੋੜ ਦਿੱਤਾ।

ਜਦ ਬਘੇਲ ਸਿੰਘ ਨੇ ਕਰੋੜ ਸਿੰਘੀਆ ਮਿਸਲ ਦਾ ਕਾਰਜ ਭਾਰ ਸੰਭਾਲਿਆ ਤਾਂ ਉਸ ਵਕਤ ਦਿੱਲੀ ਦੇ ਤਖ਼ਤ 'ਤੇ ਮੁਗ਼ਲ ਹਾਕਮ ਸ਼ਾਹ ਆਲਮ ਦੂਜਾ ਰਾਜ ਕਰ ਰਿਹਾ ਸੀ। ਬਘੇਲ ਸਿੰਘ ਨੇ ਸਭ ਤੋਂ ਪਹਿਲਾਂ ਹੁਸ਼ਿਆਰਪੁਰ 'ਤੇ ਕਬਜ਼ਾ ਕਰ ਕੇ ਆਪਣੀ ਜੇਤੂ ਮੁਹਿੰਮ ਦੀ ਸ਼ੁਰੂਆਤ ਕੀਤੀ। ਉਸ ਦੀਆਂ ਤਿੰਨ ਪਤਨੀਆਂ ਸਨ। ਹੁਸ਼ਿਆਰਪੁਰ ਦੇ ਕਸਬਾ ਹਰਿਆਣਾ ਨੂੰ ਆਪਣੀ ਰਾਜਧਾਨੀ ਬਣਾ ਕੇ ਆਪਣੀ ਪਹਿਲੀ ਪਤਨੀ ਰੂਪ ਕੰਵਲ ਨੂੰ ਰਾਜ ਦੇ ਅੰਦਰੂਨੀ ਮਾਮਲਿਆਂ ਦਾ ਪ੍ਰਬੰਧ ਸੌਂਪਿਆ। 1764 ਵਿਚ ਸਿੱਖਾਂ ਦੁਆਰਾ ਸਰਹਿੰਦ ਦੀ ਜਿੱਤ ਅਤੇ ਸਰਹਿੰਦ ਦੇ ਗਵਰਨਰ ਜ਼ੈਨ ਖ਼ਾਨ ਦੀ ਮੌਤ ਪਿੱਛੋਂ ਸਿੱਖ ਸਰਦਾਰਾਂ ਨੇ ਆਪੋ-ਆਪਣੇ ਇਲਾਕੇ ਵੰਡ ਲਏ। ਇਸ ਦੌਰਾਨ ਬਘੇਲ ਸਿੰਘ ਨੇ ਕਰਨਾਲ ਦੇ ਲਾਗੇ ਛਲੌਂਦੀ, ਜ਼ਮਾਇਤਗੜ੍ਹ, ਖੁਰਦੀਨ, ਕਿਨੌਰੀ ਆਦਿ 'ਤੇ ਕਬਜ਼ਾ ਕਰ ਕੇ ਛਲੌਂਦੀ ਨੂੰ ਆਪਣੀ ਦੂਜੀ ਰਾਜਧਾਨੀ ਬਣਾਇਆ। ਇਸ ਦਾ ਸਮੁੱਚਾ ਪ੍ਰਬੰਧ ਆਪਣੀ ਦੂਜੀ ਪਤਨੀ ਰਾਜ ਕੰਵਰ ਨੂੰ ਸੰਭਾਲ ਦਿੱਤਾ। ਤੀਜੀ ਪਤਨੀ ਰਤਨ ਕੌਰ ਨੂੰ ਕਲਾਵਰ ਦਾ ਪ੍ਰਬੰਧ ਸੌਂਪ ਦਿੱਤਾ। ਇਸੇ ਤਰ੍ਹਾਂ 1775 ਨੂੰ ਸਰਦਾਰ ਹਰੀ ਸਿੰਘ ਭੰਗੀ ਨੂੰ ਹਰਾ ਕੇ ਉਸਦੇ ਕਬਜ਼ੇ ਵਾਲੇ ਤਿੰਨ ਪਰਗਨੇ ਤਰਨ ਤਾਰਨ, ਸਭਰਾਓਂ ਅਤੇ ਸਰਹਾਲੀ ਨੂੰ ਆਪਣੇ ਕਬਜ਼ੇ ਵਿਚ ਕੀਤਾ।

ਸਰਹਿੰਦ ਜਿੱਤਣ ਤੋਂ ਬਾਅਦ ਨਵਾਬ ਜੱਸਾ ਸਿੰਘ ਆਹਲੂਵਾਲੀਆ ਅਤੇ ਜੱਥੇਦਾਰ ਬਘੇਲ ਸਿੰਘ ਦੀ ਅਗਵਾਈ ਵਾਲੀਆਂ ਸੰਗਠਿਤ ਫ਼ੌਜਾਂ ਨੇ 20 ਫਰਵਰੀ 1764 ਨੂੰ ਸਹਾਰਨਪੁਰ, ਮੁਜ਼ੱਫਰਨਗਰ ਅਤੇ ਮੇਰਠ ਜਿੱਤ ਕੇ ਨਜੀਬਾਵਾਦ, ਮੁਰਾਦਾਬਾਦ ਅਤੇ ਅਨੂਪ ਸ਼ਹਿਰ 'ਤੇ ਜਿੱਤ ਹਾਸਲ ਕੀਤੀ। 22 ਅਪ੍ਰੈਲ 1775 ਨੂੰ ਕੁੰਜਪੁਰਾ ਨੇੜਿਓਂ ਜਮਨਾ ਨਦੀ ਪਾਰ ਕਰ ਕੇ 15 ਜੁਲਾਈ, 1775 ਨੂੰ ਦਿੱਲੀ ਦੇ ਹੀ ਪਹਾੜਗੰਜ ਅਤੇ ਜੈ ਸਿੰਘਪੁਰਾ ਨੂੰ ਜਿੱਤਿਆ। 1778 ਵਿਚ ਮੁਗ਼ਲ ਬਾਦਸ਼ਾਹ ਸ਼ਾਹ ਆਲਮ ਦੂਜਾ ਨੇ ਸਿੱਖਾਂ ਨੂੰ ਸਬਕ ਸਿਖਾਉਣ ਦੇ ਇਰਾਦੇ ਨਾਲ 1 ਲੱਖ ਸਿਪਾਹੀਆਂ ਦੀ ਫ਼ੌਜ ਭੇਜੀ। ਮੁਗ਼ਲ ਫ਼ੌਜਾਂ ਦੀ ਅਗਵਾਈ ਵਜ਼ੀਰ ਨਵਾਬ ਮਾਜਦ ਉਦ ਦੌਲਾ ਕਰ ਰਿਹਾ ਸੀ, ਦੂਸਰੇ ਪਾਸੇ ਬਘੇਲ ਸਿੰਘ ਇਕ ਤਕੜਾ ਯੋਧਾ ਹੋਣ ਦੇ ਨਾਲ-ਨਾਲ ਇਕ ਚੰਗਾ ਨੀਤੀਘਾੜਾ ਵੀ ਸੀ। ਪਟਿਆਲਾ ਦੇ ਲਾਗੇ ਘਨੌਰ ਵਿਚ ਦੋਵਾਂ ਪਾਸਿਆਂ ਤੋਂ ਚੰਗਾ ਯੁੱਧ ਹੋਇਆ। ਜਿਸ ਵਿਚ ਲੱਖਾਂ ਦੀ ਗਿਣਤੀ ਵਾਲੀ ਮੁਗਲ ਫੌਜ ਨੇ ਬਘੇਲ ਸਿੰਘ ਅੱਗੇ ਗੋਡੇ ਟੇਕ ਦਿੱਤੇ। ਹੁਣ ਗੰਗਾ-ਜਮੁਨਾਂ ਦੁਆਬ ਦਾ ਸਮੁੱਚਾ ਹਿੱਸਾ ਸਿੱਖਾਂ ਦੇ ਰਹਿਮੋ ਕਰਮ ਤੇ ਹੀ ਸੀ। ਇਸ ਤੋਂ ਬਾਅਦ 50,000 ਦੀ ਗਿਣਤੀ ਵਾਲ਼ੇ ਦਲ ਖਾਲਸਾ ਨੇ ਦਿੱਲੀ ਵੱਲ ਕੂਚ ਕੀਤਾ।

ਫਰਵਰੀ 1783 ਨੂੰ ਗਾਜੀਆਬਾਦ, ਸ਼ਿਕੋਹਾਬਾਦ, ਅਲੀਗੜ੍ਹ ਅਤੇ ਬੁਲੰਦ ਸ਼ਹਿਰ ਨੂੰ ਆਪਣੇ ਕਬਜੇ 'ਚ ਕੀਤਾ। ਦਿੱਲੀ ਵਿੱਚ ਦਾਖਲੇ ਸਮੇਂ ਜੱਸਾ ਸਿੰਘ ਆਹਲੂਵਾਲੀਆ ਅਤੇ ਜੱਥੇਦਾਰ ਬਘੇਲ ਸਿੰਘ ਨੇ ਆਪਣੀ 50,000 ਦੇ ਕਰੀਬ ਸੈਨਾ ਨੂੰ ਦੋ ਹਿੱਸਿਆਂ ਵਿਚ ਵੰਡ ਲਿਆ। ਬਘੇਲ ਸਿੰਘ ਨੇ ਆਪਣੀ 30,000



ਫ਼ੌਜ ਨੂੰ ਤੀਸ ਹਜ਼ਾਰੀ ਵਾਲੇ ਸਥਾਨ 'ਤੇ ਰੱਖਿਆ। 8 ਮਾਰਚ 1783 ਨੂੰ ਮਲਕਾ ਗੰਜ, ਸਬਜ਼ੀ ਮੰਡੀ, ਮੁਗ਼ਲਪੁਰਾ ਅਤੇ ਅਜਮੇਰੀ ਦਰਵਾਜ਼ੇ ਨੂੰ ਬੁਰੀ ਤਰ੍ਹਾਂ ਤਹਿਸ-ਨਹਿਸ ਕਰ ਕੇ ਸਿੱਖ ਫ਼ੌਜਾਂ ਅੱਗੇ ਵਧੀਆਂ। ਦੂਜੇ ਪਾਸਿਓਂ ਸਿੱਖ ਜਰਨੈਲ ਜੱਸਾ ਸਿੰਘ ਰਾਮਗੜ੍ਹੀਆ ਆਪਣੇ 10 ਹਜ਼ਾਰ ਸੈਨਿਕਾਂ ਨਾਲ ਹਿਸਾਰ ਵਾਲ਼ੇ ਪਾਸਿਓਂ ਦਿੱਲੀ ਪੁੱਜਾ। ਇਸ ਦੌਰਾਨ ਮਿਰਜ਼ਾ ਸ਼ਕੋਹ ਨੇ ਸਿੱਖਾਂ ਨੂੰ ਦਿੱਲੀ ਵਿਚ ਦਾਖ਼ਲ ਹੋਣ ਤੋਂ ਰੋਕਣਾ ਚਾਹਿਆ, ਪਰ ਅਸਫਲ ਰਿਹਾ। ਇਸ ਤੋਂ ਬਾਅਦ ਫਜ਼ਲ ਅਲੀ ਖ਼ਾਨ ਵੀ ਵਿਰੋਧ ਕਰਨ ਲਈ ਅੱਗੇ ਵਧਿਆ, ਪ੍ਰੰਤੂ ਉਸ ਨੂੰ ਵੀ ਮੂੰਹ ਦੀ ਖਾਣੀ ਪਈ। 11 ਮਾਰਚ 1783 ਨੂੰ ਸਮੁੱਚੇ ਸ਼ਹਿਰ ਉੱਪਰ ਜਿੱਤ ਪ੍ਰਾਪਤ ਕਰਨ ਤੋਂ ਬਾਅਦ ਸਿੱਖ ਕੌਮ ਦੇ ਤਿੰਨੇ ਪ੍ਰਸਿੱਧ ਜਰਨੈਲ ਅਜਮੇਰੀ ਦਰਵਾਜ਼ਾ ਤੋੜ ਕੇ ਅਤੇ ਹੌਜ਼ ਕਾਜ਼ੀ ਨੂੰ ਤਹਿਸ-ਨਹਿਸ ਕਰ ਕੇ ਬਿਨਾਂ ਕਿਸੇ ਵਿਰੋਧ ਦੇ ਦੀਵਾਨ-ਏ-ਆਮ 'ਤੇ ਕਾਬਜ਼ ਹੋ ਗਏ। ਤਿੰਨਾਂ ਸਿੱਖ ਜਰਨੈਲਾਂ ਦੀ ਅਗਵਾਈ ਹੇਠ ਦੇਸ਼ ਦੀ ਰਾਜਧਾਨੀ ਦਿੱਲੀ ਦੇ ਲਾਲ ਕਿਲ੍ਹੇ ਉੱਪਰ ਕੇਸਰੀ ਨਿਸ਼ਾਨ ਸਾਹਿਬ ਲਹਿਰਾਅ ਕੇ ਦੁਨੀਆ ਦੇ ਇਤਿਹਾਸ ਵਿਚ ਇਕ ਹੋਰ ਸੁਨਹਿਰੀ ਪੰਨਾ ਜੋੜ ਦਿੱਤਾ। ਦਿੱਲੀ ਦੇ ਤਖ਼ਤ 'ਤੇ ਬੈਠਣ ਲਈ ਜੱਥੇਦਾਰ ਜੱਸਾ ਸਿੰਘ ਰਾਮਗੜ੍ਹੀਆ ਅਤੇ ਨਵਾਬ ਜੱਸਾ ਸਿੰਘ ਆਹਲੂਵਾਲੀਆ ਦੇ ਸੈਨਿਕਾਂ ਨੇ ਆਪੋ ਵਿਚ ਇਕ ਦੂਜੇ ਖਿਲਾਫ਼ ਤਲਵਾਰਾਂ ਵੀ ਸੂਤ ਲਈਆਂ ਸਨ, ਲੇਕਿਨ ਪ੍ਰਮੁੱਖ ਜਰਨੈਲਾਂ ਦੀ ਸਿਆਣਪ ਨਾਲ਼ ਮਾਮਲਾ ਠੰਢਾ ਪੈ ਗਿਆ। ਸਾਰੀ ਸਿੱਖ ਫ਼ੌਜ ਦਾ ਟਿਕਾਣਾ ਸਬਜ਼ੀ ਮੰਡੀ ਵਿਚ ਕੀਤਾ ਗਿਆ। ਦਿੱਲੀ ਦੇ ਜੇਤੂ ਜਰਨੈਲ ਜੱਥੇਦਾਰ ਬਘੇਲ ਸਿੰਘ ਦੇ ਮੁਗ਼ਲ ਬੇਗਮ ਸਮਰੂ ਨਾਲ ਮਿੱਤਰਤਾ ਪੂਰਵਕ ਸਬੰਧ ਸਨ। ਬੇਗ਼ਮ ਸਮਰੂ ਨੇ ਸਿੰਘਾਂ ਦਾ ਮੁਗ਼ਲ ਬਾਦਸ਼ਾਹ ਦਾ ਕੁਝ ਸ਼ਰਤਾਂ ਤਹਿਤ ਸਮਝੌਤਾ ਕਰਵਾ ਦਿੱਤਾ।

ਇਸ ਸਮਝੌਤੇ ਅਨੁਸਾਰ ਸਿੱਖ ਫ਼ੌਜਾਂ ਵੱਲੋਂ ਜੱਥੇਦਾਰ ਬਘੇਲ ਸਿੰਘ ਦੀ ਅਗਵਾਈ ਹੇਠ ਦਿੱਲੀ ਦੇ ਇਤਿਹਾਸਕ ਗੁਰਦਵਾਰਿਆਂ ਦਾ ਨਿਰਮਾਣ ਕਰਨਾ ਹੋਵੇਗਾ ਅਤੇ ਮੁਗ਼ਲ ਸਲਤਨਤ ਆਪਣੇ ਕੁੱਲ ਮਾਲੀਏ ਦਾ ਸਾਢੇ 12 ਫ਼ੀਸਦੀ ਸਿੱਖ ਫ਼ੌਜਾਂ ਨੂੰ ਦੇਣ ਲਈ ਪਾਬੰਦ ਹੋਵੇਗੀ। ਕਈ ਇਤਿਹਾਸਕਾਰਾਂ ਵੱਲੋਂ ਸਾਢੇ 12 ਪ੍ਰਤੀਸ਼ਤ ਦੀ ਜਗਾ ਸਾਢੇ 37 ਪ੍ਰਤੀਸ਼ਤ ਲਿਖਿਆ ਗਿਆ ਹੈ। ਇਸ ਤੋਂ ਬਿਨਾਂ ਸਿੱਖ ਅੱਗੇ ਤੋਂ ਕਦੇ ਵੀ ਦਿੱਲੀ ਵੱਲ ਨੂੰ ਕੂਚ ਨਹੀਂ ਕਰਨਗੇ। ਸਮਝੌਤੇ ਅਨੁਸਾਰ ਕਰੀਬ 9-10 ਮਹੀਨੇ ਵਿਚ ਹੀ ਸਿੱਖ ਫ਼ੌਜਾਂ ਵਲੋਂ ਦਿੱਲੀ ਵਿਚ 6 ਇਤਿਹਾਸਕ ਗੁਰਦਵਾਰਿਆਂ (ਗੁਰਦਵਾਰਾ ਮਾਤਾ ਸੁੰਦਰੀ ਜੀ, ਗੁਰਦਵਾਰਾ ਸ੍ਰੀ ਬੰਗਲਾ ਸਾਹਿਬ, ਗੁਰਦਵਾਰਾ ਸ੍ਰੀ ਬਾਲਾ ਸਾਹਿਬ, ਗੁਰਦਵਾਰਾ ਰਕਾਬ ਗੰਜ ਸਾਹਿਬ, ਗੁਰਦਵਾਰਾ ਮੋਤੀ ਬਾਗ਼, ਗੁਰਦਵਾਰਾ ਮਜਨੂੰ ਕਾ ਟਿੱਲਾ) ਦਾ ਨਿਰਮਾਣ ਕਰਨ ਤੋਂ ਬਾਅਦ ਦਸੰਬਰ 1783 ਵਿਚ ਹੀ ਜੱਥੇਦਾਰ ਬਘੇਲ ਸਿੰਘ ਤੇ ਹੋਰ ਸਿੱਖ ਜਰਨੈਲਾਂ ਨੇ ਦਿੱਲੀ ਨੂੰ ਛੱਡ ਦਿੱਤਾ।

ਦਿੱਲੀ ਵਿਚ ਸਿੱਖਾਂ ਦੇ ਰਾਜ ਦੌਰਾਨ ਚੰਗੀ ਕਾਨੂੰਨ ਵਿਵਸਥਾ ਕਾਇਮ ਰਹੀ। ਘੋੜ ਸਵਾਰ ਸਿੱਖ ਸਰਦਾਰ ਦਿਨ ਰਾਤ ਦਿੱਲੀ ਦੀਆਂ ਗਲੀਆਂ ਵਿਚ ਗਸ਼ਤ ਕਰਦੇ। ਦਿੱਲੀ ਦੇ ਨਾਗਰਿਕਾਂ ਨੇ ਅਜਿਹੀ ਕਾਨੂੰਨ ਵਿਵਸਥਾ ਦਹਾਕਿਆਂ ਤਕ ਵੀ ਨਹੀਂ ਦੇਖੀ ਸੀ। ਇਸ ਤੋਂ ਬਾਅਦ ਮੁਗ਼ਲ ਹਾਕਮ ਮਰਾਠਿਆਂ ਅਤੇ ਅੰਗਰੇਜ਼ਾਂ ਨੂੰ ਨਜ਼ਰ ਅੰਦਾਜ਼ ਕਰ ਕੇ ਬਘੇਲ ਸਿੰਘ ਨੂੰ ਮੁਗ਼ਲ ਸਾਮਰਾਜ ਦਾ ਪ੍ਰਬੰਧਕ (ਰੀਜੈਂਟ) ਨਿਯੁਕਤ ਕਰਨਾ ਚਾਹੁੰਦਾ ਸੀ, ਲੇਕਿਨ ਬਘੇਲ ਸਿੰਘ ਨੇ ਉਕਤ ਪੇਸ਼ਕਸ਼ ਠੁਕਰਾ ਦਿੱਤੀ।

ਖ਼ੁਸ਼ਵੰਤ ਸਿੰਘ ਵਰਗੇ ਕਈ ਇਤਿਹਾਸਕਾਰ ਲਿਖਦੇ ਹਨ ਕਿ ਅਜਿਹੇ ਅਹੁਦਿਆਂ ਦੀ ਬਘੇਲ ਸਿੰਘ ਦੇ ਜੀਵਨ ਵਿਚ ਕੋਈ ਅਹਿਮੀਅਤ ਨਹੀਂ ਸੀ। ਨਾਂ ਹੀ ਉਸ ਨੂੰ ਕਿਸੇ ਤਰ੍ਹਾਂ ਦੀ ਕੋਈ ਲਾਲਸਾ ਸੀ। ਸੋ ਬਾਦਸ਼ਾਹ ਨੇ 1784 ਦੇ ਅੰਤ ਵਿਚ ਮਾਧਾਜੀ ਸਿੰਧੀਆ (ਮਰਾਠਾ ਮੁਖੀ) ਨੂੰ ਆਪਣੇ ਸਾਮਰਾਜ ਦਾ ਪ੍ਰਬੰਧਕ ਨਿਯੁਕਤ ਕਰ ਦਿੱਤਾ। 1785 ਵਿਚ ਮਾਧਾਜੀ ਸਿੰਧੀਆ ਨੇ ਬਘੇਲ ਸਿੰਘ ਅਤੇ ਹੋਰ ਸਿੱਖ ਸਰਦਾਰਾਂ ਨਾਲ ਇਕ ਸੰਧੀ ਕੀਤੀ। ਜਿਸ ਤਹਿਤ ਸਿੱਖ ਸਰਦਾਰ ਸਿੱਖੀ ਸਿਧਾਂਤਾਂ ਸਬੰਧੀ ਕੋਈ ਵੀ ਸਮਝੌਤਾ ਕਰਨ ਲਈ ਰਾਜ਼ੀ ਨਹੀਂ ਹੋਏ। ਇਸ ਦੌਰਾਨ ਇਹ ਤਹਿ ਹੋਇਆ ਕਿ ਬਾਦਸ਼ਾਹ ਸਿੱਖਾਂ ਨੂੰ ਹਰ ਸਾਲ 10 ਲੱਖ ਰੁਪਏ ਦੀ ਅਦਾਇਗੀ ਕਰੇਗਾ। ਪ੍ਰੰਤੂ ਇਹ ਸੰਧੀ ਬਹੁਤੀ ਦੇਰ ਤੱਕ ਨਾ ਚੱਲ ਸਕੀ। 1787 ਵਿਚ ਗੁਲਾਮ ਕਾਦਰ ਰੁਹੇਲਾ ਨੇ ਦਿੱਲੀ 'ਤੇ ਹਮਲਾ ਕਰ ਦਿੱਤਾ। ਬਾਦਸ਼ਾਹ ਨੂੰ ਅੰਨ੍ਹਾ ਕਰ ਦਿਤਾ, ਪਰ ਮਰਾਠਿਆਂ ਨੇ ਰੁਹੇਲਾ ਨੂੰ ਮਾਰ ਦਿੱਤਾ। ਸੰਨ 1789 ਵਿਚ ਮਾਧਾਜੀ ਸਿੰਧੀਆ ਨੇ ਬਘੇਲ ਸਿੰਘ ਨੂੰ ਇਕ ਵੱਡੀ ਜਗੀਰ ਦੇ ਕੇ ਸਿੱਖਾਂ ਨੂੰ ਸ਼ਾਹੀ ਇਲਾਕਿਆਂ ਵਿਚ ਦਖ਼ਲ ਦੇਣ ਤੋਂ ਰੋਕਿਆ।

ਗਿਆਨੀ ਗਿਆਨ ਸਿੰਘ 'ਪੰਥ ਪ੍ਰਕਾਸ਼' ਵਿਚ ਲਿਖਦੇ ਹਨ ਕਿ ਜੱਥੇਦਾਰ ਬਘੇਲ ਸਿੰਘ 1802 ਨੂੰ ਹਰਿਆਣਾ (ਹੁਸ਼ਿਆਰਪੁਰ) ਵਿਖੇ ਚਲਾਣਾ ਕਰ ਗਏ। ਇਤਿਹਾਸ ਦੇ ਵਰਕੇ ਫਰੋਲਿਆਂ ਇਹ ਵੀ ਪਤਾ ਲੱਗਦਾ ਹੈ ਕਿ ਦਿੱਲੀ ਦੇ ਲਾਲ ਕਿਲ੍ਹੇ ਵਿਚ ਮੁਗ਼ਲ ਹਾਕਮ ਜਿਸ ਸਿੱਲ ਪੱਥਰ ਉੱਪਰ ਬੈਠ ਕੇ ਰਾਜ-ਭਾਗ ਚਲਾਇਆ ਕਰਦੇ ਸਨ, ਉਹ ਸਿੱਲ ਪੱਥਰ ਵੀ ਸਿੰਘ ਆਪਣੇ ਨਾਲ ਲੈ ਆਏ ਸਨ, ਜੋ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਲੰਗਰ ਹਾਲ ਕੋਲ ਸਥਿੱਤ ਰਾਮਗੜ੍ਹੀਆ ਬੁੰਗਾ ਵਿਖੇ ਹਾਲੇ ਵੀ ਪਿਆ ਹੈ।

# ਅੰਤਰਰਾਸ਼ਟਰੀ ਮਹਿਲਾ ਦਿਵਸ ਅਤੇ ਔਰਤ ਦੀ ਸਵੈ ਪਹਿਚਾਣ !!

## ਅੰਤਰਰਾਸ਼ਟਰੀ ਮਹਿਲਾ ਦਿਵਸ 'ਤੇ ਵਿਸ਼ੇਸ਼

• ਜਸਵਿੰਦਰ ਸਿੰਘ ਰੁਪਾਲ •



ਹਰ ਸਾਲ ਸੰਸਾਰ ਭਰ ਵਿੱਚਅੰਤਰਰਾਸ਼ਟਰੀ ਮਹਿਲਾ ਦਿਵਸ ਦਿਵਸ 8 ਮਾਰਚ ਨੂੰ ਮਨਾਇਆ ਜਾਂਦਾ ਹੈ। ਵੀਂਹਵੀ ਸਦੀ ਦੇ ਸ਼ੁਰੂ ਵਿੱਚ ਸਮਾਜਵਾਦੀ ਅੰਦੋਲਨਾਂ ਤੋਂ ਇਸ ਦਾ ਉਭਾਰ ਹੋਇਆ ਜਦੋਂ ਔਰਤਾਂ ਨੇ ਵੋਟ ਦਾ ਅਧਿਕਾਰ ਅਤੇ ਚੰਗੀਆਂ ਕੰਮਕਾਜੀ ਹਾਲਾਤਾਂ ਲਈ ਸੰਘਰਸ਼ ਕੀਤਾ। ਅੱਜ ਇਹ ਔਰਤਾਂ ਦੀਆਂ ਪ੍ਰਾਪਤੀਆਂ ਤੇ ਮਾਣ ਕੀਤਾ ਜਾ ਸਕਦਾ ਹੈ ਪਰ ਔਰਤ ਦੀਆਂ ਅਸਮਾਨਤਾਵਾਂ ਦੂਰ ਕਰਨ ਲਈ ਲੜਾਈ ਅਤੇ ਸੰਘਰਸ਼ ਅੱਜ ਤੱਕ ਜਾਰੀ ਹੈ। ਇਸ ਦੀ ਸ਼ੁਰੂਆਤ 28 ਫਰਬਰੀ 1909 ਨੂੰ ਨਿਊਯਾਰਕ ਵਿੱਚ ਨੈਸ਼ਨਲ ਵੂਮੈਨਜ਼ ਡੇ ਵਜੋਂ ਹੋਈ ਜੋ ਗਾਰਮੈਂਟ ਵਰਕਰਾਂ ਵੱਲੋਂ ਕੀਤੇ ਗਏ ਵਿਰੋਧ ਅਤੇ ਸੰਘਰਸ਼ ਤੋਂ ਪ੍ਰੇਰਿਤ ਸੀ। ਇਸਨੂੰ ਪ੍ਰਸਿੱਧ ਸਮਾਜ ਸੇਵੀ ਥੇਰੇਸਾ ਮਾਲਕੀਲ ਨੇ ਪ੍ਰਸਤਾਵਿਤ ਕੀਤਾ ਸੀ। 1910 ਵਿਚ ਕਲਾਰਾ ਜੈਟਕਿਨ ਨੇ ਕਾਪਨਹੇਗਨ ਵਿਚ ਅੰਤਰਰਾਸ਼ਟਰੀ ਸੋਸ਼ਲਿਸਟ ਕਾਨਫਰੰਸ ਵਿੱਚ ਇਸਨੂੰ ਅਪਣਾਇਆ ਗਿਆ ਜਿਸ ਨਾਲ 19 ਮਾਰਚ 2011 ਵਿਚ ਯੂਰਪੀ ਰਾਸ਼ਟਰਾਂ ਵਿਚ ਲੱਖਾਂ ਲੋਕਾਂ ਨੇ ਵੋਟ ਅਧਿਕਾਰ ਅਤੇ ਕੰਮਕਾਜ ਵਿੱਚ ਵਿਤਕਰੇ ਦੀ ਮੰਗ ਕੀਤੀ ਮੁੱਖ ਘਟਨਾਵਾਂ ਵਿੱਚ 8 ਮਾਰਚ 1917 ਨੂੰ ਰੂਸੀ ਔਰਤਾਂ ਦੀ ਹੜਤਾਲ ਸ਼ਾਮਿਲ ਹੈ ਜਿਸ ਨੇ ਕ੍ਰਾਂਤੀ ਦਾ ਰੂਪ ਲਿਆ ਅਤੇ ਉਹਨਾਂ ਨੂੰ ਵੋਟ ਦਾ ਅਧਿਕਾਰ ਮਿਲਿਆ। 1975 ਵਿਚ ਯੂ ਐਨ ਨੇ ਇਸਨੂੰ ਅੰਤਰਰਾਸ਼ਟਰੀ ਮਹਿਲਾ ਵਰ੍ਹੇ ਵਜੋਂ ਮਾਨਤਾ ਦਿੱਤੀ ਅਤੇ 1977 ਵਿਚ ਅਧਿਕਾਰਾਂ ਲਈ ਅਧਿਕਾਰਿਤ ਦਿਵਸ ਬਣਾਇਆ ਗਿਆ।

ਮਹੱਤਵ :- ਇੰਟਰਨੈਸ਼ਨਲ ਵੂਮੈਨਜ਼ ਡੇ ਔਰਤਾਂ ਦੇ ਸਮਾਜਿਕ,ਆਰਥਿਕ, ਰਾਜਨੀਤਕ ਅਤੇ ਸਭਿਆਚਾਰਕ ਯੋਗਦਾਨ ਨੂੰ ਸਨਮਾਨਿਤ ਕਰਦਾ ਹੈ। ਇਹ ਲਿੰਗ- ਸਮਾਨਤਾ ਦੀ ਪੈਰਵੀ ਕਰਦਾ ਹੈ। ਤਨਖਾਹ ਬਰਾਬਰੀ, ਸਿੱਖਿਆ, ਸਿਹਤ ਅਤੇ ਹਿੰਸਾ ਰੋਕਣ ਵਿਚ ਨੀਤੀਗਤ ਸੁਧਾਰ ਲਿਆਂਉਂਦਾ ਹੈ। ਅੰਤਰਰਾਸ਼ਟਰੀ ਏਕਤਾ ਨਾਲ ਸਮਾਵੇਸੀ ਤਰੱਕੀ ਨੂੰ ਪ੍ਰੇਰਿਤ ਕਰਦਾ ਹੈ। ਔਰਤਾਂ ਦੇ ਸ਼ਕਤੀਕਰਨ ਨਾਲ ਪਰਿਵਾਰ ਆਰਥਿਕਤਾ ਅਤੇ ਸਮਾਜ ਮਜਬੂਤ ਹੁੰਦੇ ਹਨ। ਜੋ SDG5 ਵਰਗੇ ਟਿਕਾਊ ਵਿਕਾਸ ਟੀਚਿਆ ਨੂੰ ਤੇਜ਼ ਕਰਦਾ ਹੈ। (SDG5 sustainable development Goals) ਇਹ 2030 ਤੱਕ ਲਿੰਗ ਸਮਾਨਤਾ ਲਿਆਉਣ ਅਤੇ ਔਰਤਾਂ ਅਤੇ ਲੜਕੀਆਂ ਦੇ ਸ਼ਕਤੀਕਰਨ ਪ੍ਰਾਪਤ ਕਰਨ ਦਾ ਉਦੇਸ਼ ਰੱਖਦਾ ਹੈ ਜਿਹੜਾ ਇੱਕ ਸ਼ਾਂਤ ਅਤੇ ਖੁਸ਼ਹਾਲ ਸੰਸਾਰ ਅਤੇ ਮੁੱਢਲੇ ਮਨੁੱਖੀ ਅਧਿਕਾਰਾਂ ਲਈ ਕੰਮ ਕਰੇਗਾ। ਇਹ ਵਿਤਕਰੇ ਦੀਆਂ ਸਾਰੀਆਂ ਕਿਸਮਾਂ, ਹਿੰਸਾ, ਬਾਲ ਵਿਆਹ ਵਰਗੀਆਂ ਗਲਤ ਪਰੰਪਰਾਵਾਂ ਨੂੰ ਦੂਰ ਕਰਨ ਅਤੇ ਲੀਡਰਸ਼ਿਪ ਆਰਥਿਕਤਾ ਅਤੇ ਤਕਨਾਲੋਜੀ ਦੇ ਖੇਤਰਾਂ ਵਿੱਚ ਬਰਾਬਰ ਦੀ ਹਿੱਸੇਦਾਰੀ ਨੂੰ




ਯਕੀਨੀ ਬਣਾਉਣ ਤੇ ਕੇਂਦਰਿਤ ਹੈ।

ਸੰਖੇਪ ਵਿੱਚ SDG5 ਦੇ ਨੁਕਤੇ ਹੇਠ ਲਿਖੇ ਹਨ

SDG1 :- ਔਰਤਾਂ ਅਤੇ ਲੜਕੀਆਂ ਵਿਰੁੱਧ ਹਰ ਤਰਾਂ ਦੇ ਵਿਤਕਰੇ ਦੂਰ ਕਰਨਾ ।

SDG2:- ਸਰਕਾਰੀ ਅਤੇ ਨਿੱਜੀ ਖੇਤਰਾਂ ਵਿੱਚ ਔਰਤਾਂ ਅਤੇ ਲੜਕੀਆਂ ਵਿਰੁੱਧ ਹਰ ਤਰਾਂ ਦੀ ਹਿੰਸਾ ਅਤੇ ਲੁੱਟ ਖਤਮ ਕਰਨਾ।

SDG3:- ਬਾਲ ਵਿਆਹ, ਜ਼ੋਰੀਂ ਵਿਆਹ ਅਤੇ ਬੱਚੀ ਭਰੂਣ ਹੱਤਿਆ ਵਰਗੀਆਂ ਘਟਨਾਵਾਂ ਨੂੰ ਪੂਰਨ ਤੌਰ ਤੇ ਬੰਦ ਕਰਨਾ।

SDG4:- ਮਜ਼ਦੂਰੀ-ਰਹਿਤ ਕੰਮ ਅਤੇ ਸੇਵਾ ਸੰਭਾਲ ਦਾ ਸਰਕਾਰੀ ਸੇਵਾਵਾਂ ਅਤੇ ਬੁਨਿਆਦੀ ਢਾਂਚੇ ਰਾਹੀਂ ਮੁੱਲ ਪਾਉਣਾ।

SDG5 :- ਫੈਸਲੇ ਲੈਣ ਦੇ ਹਰ ਖੇਤਰ ਵਿੱਚ ਅਤੇ ਹਰ ਪੱਧਰ ਤੇ ਔਰਤਾਂ ਦੀ ਪੂਰਨ ਅਤੇ ਅਸਰਦਾਰ ਸ਼ਮੂਲੀਅਤ ਅਤੇ ਅਗਵਾਈ ਦੇ ਬਰਾਬਰ ਮੌਕਿਆਂ ਨੂੰ ਯਕੀਨੀ ਬਣਾਉਣਾ।

2026 ਦਾ ਥੀਮ ਅਤੇ ਵਰਤਮਾਨ ਮੁੱਦੇ:-ਯੂ ਐਨ ਓ ਨੇ 2026 ਲਈ ਇਸ ਦਿਨ ਦਾ ਥੀਮ ਦਿੱਤਾ ਹੈ -Rights. Justice. Action. For All Women and Girls ਔਰਤਾਂ ਨੂੰ ਮਰਦਾਂ ਦੇ ਮੁਕਾਬਲੇ 64 % ਕਾਨੂੰਨੀ ਅਧਿਕਾਰ ਹੀ ਮਿਲਦੇ ਹਨ ਜਿੱਥੇ ਕੰਮ ਪਰਿਵਾਰ ਸੁਰੱਖਿਆ ਅਤੇ ਸੰਕਟ ਵਿੱਚ ਵਿਤਕਰੇ ਵਾਲੇ ਕਾਨੂੰਨ ਅਤੇ ਯੁੱਧਾਂ ਕਾਰਨ ਨਿਆਂ ਪ੍ਰਣਾਲੀਆਂ ਕਮਜ਼ੋਰ ਹਨ।

ਲਗਾਤਾਰ ਰੁਕਾਵਟਾਂ ਵਿੱਚ ਲਿੰਗ-ਆਧਾਰਿਤ ਹਿੰਸਾ ਹਰੇਕ 3 ਵਿਚੋਂ 1 ਔਰਤ ਨੂੰ ਪ੍ਰਭਾਵਿਤ ਕਰਦੀ ਹੈ। ਇਸ ਤੋਂ ਬਿਨਾਂ ਅਸਮਾਨ ਤਨਖਾਹ (ਕੁਝ ਖੇਤਰਾਂ ਵਿੱਚ), ਸਿੱਖਿਆ ਅਤੇ ਰੁਜ਼ਗਾਰ ਤੱਕ ਪਹੁੰਚ ਦੀ ਘਾਟ, ਬਾਲ ਵਿਆਹ, ਨਿਆਂ ਵਿੱਚ ਪੱਖਪਾਤ ਅਤੇ ਹੌਲੀ ਕਾਨੂੰਨੀ ਸੁਧਾਰ ਸ਼ਾਮਿਲ ਹਨ। ਜਿਸ ਰਫਤਾਰ ਨਾਲ ਇਹ ਸਭ ਕੁਝ ਹੋ ਰਿਹਾ ਹੈ ਉਸ ਅਨੁਸਾਰ ਇਸ ਸਭ ਨੂੰ ਪੂਰਨ ਠੀਕ ਕਰਨ ਲਈ ਇਕ ਅੰਦਾਜੇ ਅਨੁਸਾਰ 286 ਸਾਲ ਲੱਗਣਗੇ । ਗਲਤ ਨਿਯਮ ਅਤੇ ਸਜਾ ਨਾ ਦੇਣਾ, ਸਿਹਤ ਤੇ ਅਸਰ ਪਾਉਂਦੇ ਹੈ, ਜਿੱਥੇ 40 % ਤੋਂ ਘੱਟ ਦੇਸ਼ਾਂ ਵਿਚ ਬਲਾਤਕਾਰ ਉਪਰੰਤ ਪੂਰਨ ਸੰਭਾਲ ਮੌਜੂਦ ਹੈ।

ਉਪਾਅ ਅਤੇ ਕਾਰਵਾਈਆਂ :- ਸੰਸਾਰ ਭਰ ਦੇ ਨੁਮਾਇੰਦੇ ਨਿਊ ਯਾਰਕ ਦੇ ਮੁੱਖ ਦਫਤਰ ਵਿੱਚ, ਲਿੰਗ ਸਮਾਨਤਾ ਅਤੇ ਔਰਤ ਅਧਿਕਾਰਾਂ ਲਈ ਯੂ ਐਨ ਦਾ ਸਭ ਤੋਂ ਵੱਡਾ ਫ਼ੋਰਮ - ਔਰਤਾਂ ਦੀ ਦਸ਼ਾ ਤੇ ਕਮਿਸ਼ਨ ਦੇ 70ਵਾਂ ਸੈਸ਼ਨ (CSW 70) ਵਿੱਚ 9-19 ਮਾਰਚ 2026 ਨੂੰ ਇਕੱਤਰ ਹੋਣਗੇ। ਇੱਥੇ ਹੋਣ ਵਾਲੇ ਫੈਸਲੇ ਸਾਰੇ ਦੇਸ਼ਾਂ ਅਤੇ ਭਵਿੱਖੀ ਪੀੜ੍ਹੀਆਂ ਉੱਤੇ ਕਾਨੂੰਨ, ਆਰਥਿਕਤਾ ਅਤੇ ਜਿੰਮੇਦਾਰੀ ਨਿਸ਼ਚਿਤ ਕਰਨ ਬਾਰੇ ਪ੍ਰਭਾਵ ਪਾਉਣਗੇ। ਇਹ ਕਮਿਸ਼ਨ ਨਿਆਂ ਤੱਕ ਪਹੁੰਚ ਮਜਬੂਤ ਕਰਨ ਵਿਤਕਰੇ ਵਾਲੇ ਕਾਨੂੰਨ ਨੂੰ ਖਤਮ ਕਰਨ ਅਤੇ ਪੱਖਪਾਤ ਜਾਂ ਮਹਿੰਗੀ ਕਾਨੂੰਨੀ ਮੱਦਦ ਵਰਗੀਆਂ ਰੁਕਾਵਟਾਂ ਨੂੰ ਹਟਾਉਣ ਬਾਰੇ ਚਰਚਾ ਕਰੇਗਾ। ਮੁੱਖ ਕਾਰਵਾਈਆਂ ਵਿੱਚ ਪਰਿਵਾਰ, ਮਜਦੂਰ, ਸਿਹਤ ਕਾਨੂੰਨਾਂ ਨੂੰ ਬਿਨ-ਵਿਤਕਰੇ ਲਾਗੂ ਕਰਨਾ, ਨੁਕਸਾਨ ਹੋਣ ਵਾਲਿਆਂ ਲਈ ਨਿਆਂ ਪ੍ਰਣਾਲੀਆਂ ਨਾਲ ਸਿ਼ਫਰ ਸ਼ਹਿਣਸ਼ੀਲਤਾ, ਸਸਤੀ ਕਾਨੂੰਨੀ ਮੱਦਦ ਬਾਲ ਵਿਆਹ ਖਤਮ ਕਰਨਾ ਅਤੇ ਕੰਮ ਦੇ ਅਧਿਕਾਰਾਂ ਦੀ ਰੱਖਿਆ ਸ਼ਾਮਲ ਹੈ। ਵਿਅਕਤੀ ਅਤੇ ਸੰਸਥਾਵਾਂ ਨੂੰ #ਢੋਰ ਅਲਲ ਾਂਮਇਨ ਓਨਦ ਘਿਰਲਸ ਨਾਲ ਰੈਲੀ ਕਰਨ, ਨਿਆਂ ਪਹਿਲਕਾਰੀਆਂ ਨੂੰ ਆਰਥਿਕ ਸਹਾਇਤਾ ਦੇਣ, ਹੱਡ ਬੀਤੀਆਂ ਸਾਂਝੀਆਂ ਕਰਨ ਅਤੇ੍ਹ ਾਂਮਇਨ ਜਾਂ ਸਰਕਾਰਾਂ ਨਾਲ ਸਾਂਝਦਾਰੀ ਕਰਨ ਲਈ ਉਤਸ਼ਾਹਿਤ ਕੀਤਾ ਜਾ ਰਿਹਾ ਹੈ।

ਸਵੈ ਪਹਿਚਾਣ ਬਣਾਈ ਰੱਖਣ ਲਈ ਔਰਤਾਂ ਦੇ ਆਪਣੇ ਕਰਨ ਵਾਲੇ ਕੰਮ (ਖਾਸ ਕਰਕੇ ਭਾਰਤ ਵਿੱਚ) :- ਅੰਤਰਰਾਸ਼ਟਰੀ ਔਰਤ ਦਿਵਸ ਤੇ ਹਰ ਵਿਅਕਤੀ, ਹਰ ਸੰਸਥਾ, ਸਰਕਾਰਾਂ ਅਤੇ ਔਰਤਾਂ ਲਈ ਕੰਮ ਕਰ ਰਹੀਆਂ ਜਥੇਬੰਦੀਆਂ ਔਰਤ ਦੀ ਅਜੋਕੀ ਦਸ਼ਾ ਅਤੇ ਦਿਸ਼ਾ ਤੇ ਵਿਚਾਰ ਕਰਦੀਆਂ ਹਨ, ਉਸਦੇ ਅਧਿਕਾਰਾਂ ਦੀ ਗੱਲ ਹੁੰਦੀ ਹੈ, ਸੁਰੱਖਿਆ ਦੀ ਗੱਲ ਹੁੰਦੀ ਹੈ, ਸਤਿਕਾਰ ਦੀ ਗੱਲ ਤੁਰਦੀ ਹੈ, ਆਰਥਿਕ ਬਰਾਬਰੀ ਦੀ ਰੁਜ਼ਗਾਰ ਦੀ ਗੱਲ ਤੁਰਦੀ ਹੈ। ਇਹ ਸਭ ਬਾਹਰੋਂ ਕੀਤੇ ਜਾਣ ਵਾਲੇ ਕੰਮ ਹਨ । ਇਹਨਾਂ ਸਭਨਾਂ ਦੀ ਲੋੜ ਹੈ, ਇਸ ਵਿਚ ਕੋਈ ਸ਼ੱਕ ਨਹੀਂ ਕਿ ਸਰਕਾਰ ਨੂੰ ਅਤੇ ਸਮਾਜ ਨੂੰ ਔਰਤ ਨੂੰ ਆਰਥਿਕ ਬਰਾਬਰੀ ਅਤੇ ਸਮਾਜਿਕ ਬਰਾਬਰੀ ਦੇਣ ਲਈ ਹਰ ਸੰਭਵ ਯਤਨ ਕਰਨੇ ਚਾਹੀਦੇ ਹਨ ਅਤੇ ਇਹ ਯਤਨ ਸਿਰਫ ਗੱਲੀਂ ਬਾਤੀਂ ਨਹੀਂ, ਸਗੋਂ ਮਨ, ਬਚਨ ਅਤੇ ਕਰਮ ਰਾਹੀਂ ਅਸਲ ਅਰਥਾਂ ਵਿਚ ਲਾਗੂ ਕਰਨੇ ਚਾਹੀਦੇ ਹਨ। ਅਸੀਂ ਅੱਜ ਔਰਤ ਨੂੰ ਕੇਂਦਰ ਵਿਚ ਰੱਖ ਕੇ ਸਿਰਫ ਉਹਨਾਂ ਨੁਕਤਿਆਂ ਤੇ ਵਿਚਾਰ ਕਰਾਂਗੇ ਜਿਹੜੇ ਉਸ ਦੇ ਖੁਦ ਦੇ ਕਰਨ ਵਾਲੇ ਹੋਣ। ਜਿਹਨਾਂ ਲਈ ਜਿਆਦਾ ਕਰਕੇ ਉਹ ਆਪ ਜਿੰਮੇਵਾਰ ਹੋਵੇ।

ਬਿਨਾਂ ਕੋਈ ਲੰਮੀ ਬਹਿਸ ਵਿਚ ਪੈਂਦਿਆ ਸਾਨੂੰ ਇਹ ਮੰਨਣ ਵਿਚ ਕੋਈ ਇਤਰਾਜ ਨਹੀਂ ਕਿ ਸਾਡੇ ਦੇਸ਼ ਵਿਚ ਅਜੇ ਮਰਦ-ਪ੍ਰਧਾਨ ਬਿਰਤੀ ਜੜ੍ਹੋਂ ਨਹੀਂ ਗਈ। ਸਰਕਾਰਾਂ ਦੇ, ਔਰਤ ਜਥੇਬੰਦੀਆਂ ਦੇ, ਵਿਦਵਾਨਾਂ ਦੇ ਯਤਨਾਂ ਨਾਲ ਇਸ ਬਿਰਤੀ ਨੂੰ ਕੁਝ ਠੱਲ੍ਹ ਜਰੂਰ ਪਈ ਹੈ,ਪਰ ਹਰ ਵਿਅਕਤੀ ਅਜੇ ਧੁਰ ਅੰਦਰੋਂ ਸਮਾਨਤਾ ਦਾ ਅਧਿਕਾਰ ਦੇਣ ਲਈ ਪੂਰਾ ਤਿਆਰ ਨਹੀਂ ਹੋਇਆ। ਔਰਤ ਤੇ ਹੋ ਰਹੇ ਜ਼ੁਲਮ, ਧੱਕੇ, ਵਧੀਕੀਆਂ ਵੀ ਕੁਝ ਹੱਦ ਤੱਕ ਅਜੇ ਵੀ ਜਾਰੀ ਹਨ। ਭਾਵੇਂ ਹਰ ਇਕ ਥਾਂ ਮਰਦ ਹੀ ਜਿੰਮੇਵਾਰ ਨਹੀਂ ਹੁੰਦਾ, ਪਰ ਫੇਰ ਵੀ ਉਸ ਨੂੰ ਪੂਰਾ ਬੇਕਸੂਰ ਵੀ ਨਹੀਂ ਕਿਹਾ ਜਾ ਸਕਦਾ। ਜੋ ਕੰਮ ਸਰਕਾਰਾਂ ਦੇ ਕਰਨ ਵਾਲੇ ਹਨ , ਸਮਾਜ ਦੇ ਜਾਂ ਮਰਦਾਂ ਦੇ ਕਰਨ ਵਾਲੇ ਹਨ, ਉਹਨਾਂ ਨੂੰ ਇੱਕ ਪਾਸੇ ਰੱਖ ਕੇ ਅਸੀਂ ਅੱਜ ਸਿਰਫ ਔਰਤ ਤੇ ਕੇਂਦਰਿਤ ਹੋ ਰਹੇ ਹਾਂ, ਅਤੇ ਉਹਨਾਂ ਨੁਕਤਿਆਂ ਵੱਲ ਧਿਆਨ ਦਿਵਾਉਣ ਦਾ ਯਤਨ ਕਰਦੇ ਹਾਂ, ਜਿਹੜੇ ਉਹ ਥੋੜ੍ਹੇ ਬਹੁਤ ਯਤਨਾਂ ਨਾਲ ਆਪ ਕਰ ਸਕਦੀ ਹੈ। ਜੋ ਕੰਮ ਉਸ ਨੂੰ ਆਪਣਾ ਸਵੈਮਾਣ ਬਣਾਉਣ ਲਈ ਖੁਦ ਕਰਨ ਲਈ ਉੱਦਮ ਕਰਦੇ ਰਹਿਣਾ ਚਾਹੀਦਾ ਹੈ।

ਸਭ ਤੋਂ ਪਹਿਲਾਂ ਗੱਲ ਸਿੱਖਿਆ ਦੀ । ਇਹ ਤਸੱਲੀ ਵਾਲੀ ਗੱਲ ਹੈ ਕਿ ਪਹਿਲਾਂ ਦੇ ਮੁਕਾਬਲੇ ਲੜਕੀਆਂ ਦੀ ਸਿੱਖਿਆ ਵਿੱਚ ਕਾਫੀ ਸੁਧਾਰ ਆਇਆ ਹੈ। ਜਿੰਨੀ ਕੁ ਕਸਰ ਹੈ ,ਉਸ ਨੂੰ ਪੂਰਾ ਕਰਨ ਲਈ ਲੜਕੀਆਂ ਨੂੰ ਪੱਤਰ-ਵਿਹਾਰ ਸਿੱਖਿਆ, ਆਨਲਾਈਨ ਸਿੱਖਿਆ ਆਦਿ ਵਰਗੇ ਤਰੀਕੀਆ ਰਾਹੀਂ ਹੋਰ ਪੜ੍ਹਨ ਲਈ ਮਾਪਿਆਂ ਤੇ ਜੋਰ ਪਾਉਣਾ ਚਾਹੀਦਾ ਹੈ ਤਾਂ ਕਿ ਜਿਹੜੇ ਮਾਪੇ ਆਰਥਿਕ ਜਾਂ ਸਮਾਜਿਕ ਕਾਰਨਾਂ ਕਰਕੇ ਲੜਕੀ ਨੂੰ ਰੈਗੂਲਰ ਸਿੱਖਿਆ ਲੈਣ ਲਈ ਸ਼ਹਿਰ ਜਾਂ ਦੂਰ ਭੇਜਣ ਵਿਚ ਸਹਿਮਤ ਨਹੀਂ, ਉਹ ਵੀ ਘਰ ਬੈਠਿਆਂ ਪੜ੍ਹਾਉਣ ਲਈ ਸਹਿਮਤ ਹੋ ਸਕਦੇ ਹਨ। ਸਰਕਾਰਾਂ ਅਤੇ ਸਮਾਜ ਸੇਵੀ ਸੰਸਥਾਵਾਂ ਨੂੰ ਇਸ ਸਿੱਖਿਆ ਲਈ ਵੱਧ ਤੋਂ ਵੱਧ ਉਤਸ਼ਾਹਿਤ ਕਰਨਾ ਚਾਹੀਦਾ ਹੈ। ਪਰ ਜੇ ਸਿੱਖਿਆ ਕਿਸੇ ਕਾਰਨ ਨਹੀਂ ਪ੍ਰਾਪਤ ਕਰ ਸਕੇ, ਨਿਰਾਸ਼ ਹੋਣ ਦੀ ਲੋੜ ਨਹੀਂ। ਬਹੁਤ ਕੁਝ ਅਜਿਹਾ ਹੈ ਜਿਸ ਲਿ਼ ਰਸਮੀ ਸਿੱਖਿਆ ਦੀ ਲੋੜ ਨਹੀਂ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਰੁਜ਼ਗਾਰ ਪ੍ਰਾਪਤ ਕਰਨਾ ਬਹੁਤ ਵੱਡਾ ਅਤੇ ਮਹੱਤਵਪੂਰਨ ਪੱਖ ਹੈ। ਔਰਤ ਦੀ ਆਰਥਿਕ ਅਜਾਦੀ ਦਾ ਆਧਾਰ ਹੈ ਜਿਸ ਨੇ ਉਸ ਵਿਚ ਵਿਸ਼ਵਾਸ਼ ਵੀ ਭਰਨਾ ਹੈ

ਬਾਕੀ ਹਿਸਾ ਸਫਾ 53 ਤੇ ਪੜ੍ਹੋ

52 ਸਫ਼ੇ ਦੀ ਬਾਕੀ

ਅਤੇ ਆਪਣੇ ਹੱਕ ਲੈਣ ਲਈ ਉਸਨੂੰ ਜਾਗ੍ਰਤ ਵੀ ਕਰਨਾ ਹੈ। ਪਰ ਨੌਕਰੀ ਜਾਂ ਰੁਜ਼ਗਾਰ ਪ੍ਰਾਪਤੀ ਉਸ ਦੇ ਆਪਣੇ ਹੱਥ ਵਿਚ ਨਹੀਂ। ਉਸਨੂੰ ਚਾਹੀਦਾ ਹੈ ਕਿ ਉਹ ਸਿਰਫ ਨੌਕਰੀ ਤੱਕ ਹੀ ਆਪਣੇ ਆਪ ਨੂੰ ਸੀਮਿਤ ਨਾ ਕਰੇ। ਸਵੈ ਰੁਜ਼ਗਾਰ ਦੇ ਬੇਅੰਤ ਮੌਕੇ ਹਨ। ਹੋਰ ਕਿੰਨੇ ਹੀ ਖੇਤਰ ਹਨ, ਜਿਹਨਾਂ ਰਾਹੀਂ ਉਹ ਸਿਰਫ ਆਪਣੇ ਦਿਮਾਗ ਦੀ ਸੁਚੱਜੀ ਵਰਤੋਂ ਕਰਕੇ ਹੋਰ ਧਨ ਕਮਾਉਣ ਦੇ ਤਰੀਕੇ ਲੱਭ ਸਕਦੀ ਹੈ। ਆਪਣੇ ਵਰਗੀਆਂ ਹੋਰ ਔਰਤਾਂ ਨੂੰ ਜੋੜ ਕੇ ਆਪ ਕੋਈ ਛੋਟੀ ਮੋਟੀ ਸੰਸਥਾ/ਕੰਪਨੀ ਖੋਲ ਕੇ ਕੰਮ ਕਰ ਸਕਦੀ ਹੈ। ਲੋੜ ਸਿਰਫ ਕੁਝ ਕਰਨ ਦੀ, ਕਰ ਦਿਖਾਉਣ ਦੀ ਲਗਨ ਦੀ ਹੈ।

ਹੁਣ ਤੱਕ ਔਰਤ, ਖਾਸ ਕਰਕੇ, ਭਾਰਤੀ ਔਰਤ ਨੇ ਆਪਣੇ ਸਮੇਂ ਦਾ ਜ਼ਿਆਦਾ ਹਿੱਸਾ ਰਸੋਈ ਵਿਚ, ਘਰੇਲੂ ਕੰਮਾਂ ਵਿਚ ਅਤੇ ਬੱਚਿਆਂ ਤੇ ਪਰਿਵਾਰ ਦੇ ਹੋਰ ਮੈਂਬਰਾਂ ਦੀ ਸਾਂਭ ਸੰਭਾਲ ਵਿੱਚ ਹੀ ਲਗਾਇਆ ਹੈ। (ਕੰਮ ਕਰਨ ਵਾਲੀਆਂ ਔਰਤਾਂ ਤੋਂ ਬਿਨਾਂ), ਪਰ ਇਸ ਸਭ ਵਿਚ ਉਸ ਨੂੰ ਕਿੰਨਾ ਕੁ ਮਾਣ ਸਨਮਾਨ ਅਤੇ ਪਹਿਚਾਣ ਮਿਲੀ ਹੈ। ਪਰਿਵਾਰ ਦੇ ਬਾਕੀ ਸਾਰੇ ਮੈਂਬਰ ਸਮਝਦੇ ਹਨ ਕਿ ਇਹ ਤਾਂ ਉਸਦਾ ਫਰਜ ਹੈ। ਇਸ ਫਰਜ ਪੂਰਤੀ ਲਈ ਉਸ ਨੂੰ ਬਾਕੀ ਸਮਾਜ ਤਾਂ ਕੀ, ਉਸ ਤੋਂ ਇਹ ਸੇਵਾਵਾਂ ਪ੍ਰਾਪਤ ਕਰਨ ਵਾਲੇ ਪਰਿਵਾਰ ਦੇ ਮੈਂਬਰ ਵੀ ਉਸਦੀ ਪ੍ਰਸ਼ੰਸਾ ਨਹੀਂ ਕਰਦੇ। ਸਗੋਂ ਕਿਤੇ ਮਾੜੀ ਮੋਟੀ ਹੋਈ ਗਲਤੀ ਨੂੰ ਚਿਤਾਰਨਾ ਕਦੇ ਨਹੀਂ ਭੁੱਲਦੇ। ਇਸ ਸਭ ਦਾ ਅਸਰ ਇਹ ਹੁੰਦਾ ਹੈ ਕਿ ਔਰਤ ਖੁਦ ਵੀ ਆਪਣੀ ਪਹਿਚਾਣ ਭੁੱਲ ਜਾਂਦੀ ਹੈ। ਉਹ ਕਿਸੇ ਦੀ ਪਤਨੀ ਹੈ, ਕਿਸੇ ਦੀ ਨੂੰਹ, ਧੀ, ਭੈਣ, ਮਾਂ ਹੈ, ਪਰ ਆਪ ਉਹ ਕੀ ਹੈ ?? ਕਿੱਥੇ ਹੈ ਉਸਦਾ ਆਪਣਾ ਨਿੱਜ ????

99% ਔਰਤਾਂ ਨੇ ਆਪਣੇ ਆਪ ਨੂੰ ਸੋਹਣਾ ਅਤੇ ਜਵਾਨ ਲੱਗਣ ਲਈ ਜਰੂਰ ਕੋਸ਼ਿਸ਼ ਕੀਤੀ ਹੈ ਅਤੇ ਕਰਦੀਆਂ ਵੀ ਰਹਿੰਦੀਆਂ ਹਨ। ਪਰ ਅਸਿੱਧੇ ਤੌਰ ਤੇ ਇਹ ਵੀ ਉਸਦੇ ਆਪਣੇ ਲਈ ਨਹੀਂ ਹੈ। ਮਰਦ ਨੇ ਇੱਕ ਇਸੇ ਦੀ ਹੀ ਪ੍ਰਸ਼ੰਸਾ ਕੀਤੀ ਹੋਣ ਕਰਕੇ ਔਰਤ ਨੇ ਆਪਣੇ ਆਪ ਨੂੰ ਇਸ ਇੱਕ ਬਿਰਤੀ ਵਿਚ ਪੂਰਾ ਜਜ਼ਬ ਕਰ ਦਿੱਤਾ ਹੈ ਅਤੇ ਆਪਣੀ ਸਾਰੀ ਊਰਜਾ ਆਪਣੇ ਆਪ ਨੂੰ ਹੋਰ ਸੋਹਣਾ ਦਿਖਾਉਣ ਵਿਚ ਲਗਾ ਦਿੱਤਾ ਹੈ। ਇਸੇ ਲਈ ਅੱਜ ਬਿਊਟੀ ਪਾਰਲਰ ਹਰ ਛੋਟੇ ਤੋਂ ਛੋਟੇ ਪਿੰਡ ਵਿਚ ਵੀ ਖੁੱਲ੍ਹ ਗਏ ਹਨ। ਕਾਸਮੈਟਿਕਸ ਇੰਡਸਟਰੀ ਦਾ ਅਰਬਾਂ ਖਰਬਾਂ ਦਾ ਵਪਾਰ ਇਸ ਸੋਹਣੇ ਲੱਗਣ ਦੀ ਦੌੜ ਚੋਂ ਨਿਕਲਿਆ ਹੈ। ਪਰ ਕੀ ਇਸ ਨਾਲ ਉਹ ਆਪਣੀ ਪਹਿਚਾਣ ਬਣਾ ਸਕੀ ਹੈ ? ਕੀ ਉਸ ਦੇ ਸਵੈ ਮਾਣ ਵਿਚ ਵਾਧਾ ਹੋਇਆ ਹੈ ?

ਲੋੜ ਹੈ ਉਸ ਨੂੰ ਆਪਣੀਆਂ ਅੰਦਰੂਨੀ ਸ਼ਕਤੀਆਂ ਅਤੇ ਸਮਰੱਥਾਵਾਂ ਨੂੰ ਪਹਿਚਾਨਣ ਅਤੇ ਉਨ੍ਹਾਂ ਦਾ ਵਿਕਾਸ ਕਰਨ ਦੀ। ਕਿਉਂਕਿ ਸੁਹੱਪਣ ਅਤੇ ਜਵਾਨੀ ਹਮੇਸ਼ਾ ਕਾਇਮ ਨਹੀਂ ਰੱਖੀਆਂ ਜਾ ਸਕਦੀਆਂ। ਸਮੇਂ ਦੀ ਤਬਦੀਲੀ ਨਾਲ ਇਸ ਗ੍ਰਾਫ ਦਾ ਹੇਠਾਂ ਨੂੰ ਜਾਣਾ ਯਕੀਨੀ ਹੈ। ਪਰ ਜੇ ਉਹਨਾਂ ਆਪਣੀ ਅੰਦਰੂਨੀ ਸੁੰਦਰਤਾ ਅਤੇ ਹੁਨਰ ਨੂੰ ਪਹਿਚਾਣ ਕੇ ਉਸਨੂੰ ਵਿਕਸਿਤ ਕੀਤਾ, ਤਾਂ ਇਹ ਸਦਾ ਰਹਿਣ ਵਾਲਾ ਗਹਿਣਾ ਹੈ। ਜਰਾ ਨਜਰ ਮਾਰ ਕੇ ਵੇਖਣਾ ਕਿੰਨੀਆਂ ਕੁ ਔਰਤਾਂ ਹਨ ਜਿਹੜੀਆਂ ਕਿਸੇ ਕਲਾ ਨੂੰ ਸ਼ੌਕ ਨਾਲ ਨਿਭਾਉਂਦੀਆਂ ਹਨ। ਕਿੰਨੀਆਂ ਨੇ ਜੋ ਕਲਾਕਾਰ ਹਨ, ਲੇਖਕ ਹਨ, ਸੰਗੀਤਕਾਰ ਹਨ, ??? ਭਾਵੇਂ ਸ਼ੌਕ ਨੂੰ ਕਿੱਤਾ ਵੀ ਬਣਾਇਆ ਜਾ ਸਕਦਾ ਹੈ, ਪਰ ਸਿਰਜਣਾਤਮਕਤਾ ਅਤੇ ਸੁਹਜ ਤਾਂ ਪਹਿਲਾਂ ਸ਼ੌਕ ਅਤੇ ਲਗਨ ਵਿਚੋਂ ਹੀ ਨਿਕਲਣੀ ਹੈ। ਨੱਚਣਾ ਅਤੇ ਗਾਉਣਾ ਖਾਸ ਕਰਕੇ ਔਰਤਾਂ ਦਾ ਖੇਤਰ ਰਿਹਾ ਹੈ, ਪਰ ਅੱਜ ਦੇਖੋ ਤਾਂ ਕਿੰਨੀਆਂ ਔਰਤਾਂ ਨੂੰ ਕਿੰਨੇ ਗੀਤ ਯਾਦ ਹਨ ??? ਕਿਸੇ ਵਿਆਹ ਸ਼ਾਦੀ ਤੇ ਉਹ ਖੁਦ ਬੋਲੀਆਂ ਪਾ ਕੇ ਨੱਚ ਵੀ ਨਹੀਂ ਸਕਦੀਆਂ। ਗੀਤ ਡੀ. ਜੇ. ਵਿਚ ਚੱਲੇਗਾ ਤੇ ਉਹ ਆਪਣੇ ਕੱਪੜਿਆਂ ਅਤੇ ਗਹਿਣਿਆਂ ਰਾਹੀਂ ਸਿਰਫ ਆਪਣੇ ਸਰੀਰ ਦੀ ਨੁਮਾਇਸ਼ ਕਰਨ ਲਈ ਨੱਚਣ ਦੀ ਕੋਸ਼ਿਸ਼ ਕਰ ਰਹੀਆਂ ਹੁੰਦੀਆਂ ਹਨ। ਮੈਂ ਮੁਆਫੀ ਚਾਹਾਂਗਾ, ਜੇ ਮੇਰੇ ਸ਼ਬਦਾਂ ਵਿਚ ਕਿਸੇ ਨੂੰ ਜ਼ਰਾ ਰੁੱਖਾਪਣ ਨਜਰ ਆਇਆ ਹੋਵੇ, ਪਰ ਮੇਰੀ ਭਾਵਨਾ ਨੂੰ ਸਮਝਣ ਦਾ ਯਤਨ ਕਰਨਾ।

ਕਿੰਨੀਆਂ ਹੀ ਕਲਾਵਾਂ ਅਤੇ ਹੁਨਰ ਹੋ ਸਕਦੇ ਹਨ ਜਿਨ੍ਹਾਂ ਵਿਚ ਔਰਤ ਮਾਹਰ ਹੋ ਸਕਦੀ ਹੈ। ਪੁਰਾਣੇ ਸਮੇਂ ਵਿਚ ਖਾਣਾ ਬਣਾਉਣ ਅਤੇ ਸਿਊਣ ਸਿਲਾਈ ਆਦਿ ਵਰਗੇ ਕੰਮ ਹੀ ਮੁੱਖ ਸਨ। ਕੰਮ ਕੋਈ ਵੀ ਛੋਟਾ ਜਾਂ ਵੱਡਾ ਨਹੀਂ, ਗੱਲ ਤਾਂ ਉਸ ਵਿੱਚ ਮਾਹਰ ਹੋਣ ਦੀ, ਉਸ ਨੂੰ ਇੱਕ ਵੱਖਰੇ ਕਲਾਤਮਕ ਢੰਗ ਨਾਲ ਕਰਨ ਦੀ ਅਤੇ ਉਸ ਵਿਚੋਂ ਆਪਣੀ ਪਹਿਚਾਣ ਬਣਾ ਲੈਣ ਦੀ ਹੁੰਦੀ ਹੈ। ਕੁਝ ਸਾਲ ਪਿੱਛੇ ਚੱਲੀਏ ਤਾਂ ਲੜਕੀਆਂ ਅਤੇ ਔਰਤਾਂ ਕਢਾਈ ਕਰਨ ਵਿੱਚ, ਬੁਣ ਬੁਣਾਈ ਕਰਨ ਵਿੱਚ, ਦਰੀਆਂ ਬੁਣਨ ਵਿਚ ਮਾਹਰ ਹੁੰਦੀਆਂ ਸਨ ਅਤੇ ਇਨ੍ਹਾਂ ਰਾਹੀਂ ਆਪਣੀ ਅੰਦਰਲੀ ਪ੍ਰਤਿਭਾ ਨੂੰ ਬਾਹਰ ਕੱਢਦੀਆਂ ਸਨ। ਅੱਜ ਕੰਮ ਮਸ਼ੀਨਾਂ ਨੇ ਸੰਭਾਲ ਲਏ ਹਨ। ਹੱਥੀਂ ਕੀਤੇ ਕੰਮ ਨੂੰ ਅੱਜ ਵੀ ਸਵੀਕ੍ਰਿਤੀ ਅਤੇ ਪ੍ਰਸ਼ੰਸਾ ਮਿਲਦੀ ਹੈ। ਸੋਹਣੀ ਲਿਖਾਈ ਚ ਲਿਖੇ ਅੱਖਰ ਕਿਸ ਨੂੰ ਨਹੀਂ ਮੋਂਹਦੇ ??? ਦਿਲਕਸ਼ ਆਵਾਜ ਵਿੱਚ ਕੋਈ ਗਾਵੇ ਤਾਂ ਬਿਨਾਂ ਸਾਜਾਂ ਤੋਂ ਵੀ ਸਰੋਤੇ ਨੂੰ ਕੀਲਣ ਦੀ ਤਾਕਤ ਰੱਖਦਾ ਹੈ। ਖਾਸ ਮਿੱਠੇ ਅੰਦਾਜ ਵਿਚ ਬੋਲਣਾ, ਦੂਸਰੇ ਦਾ ਸਵਾਗਤ ਕਰਨਾ, ਖੂਬਸੂਰਤ ਮੁਸਕਰਾਹਟ ਵੀ ਇੱਕ ਵੱਖਰੀ ਪਹਿਚਾਣ ਬਣ ਸਕਦੀ ਹੈ। ਕਿਸੇ ਵੀ ਸ਼ੌਕ ਨੂੰ, ਕਿੱਤੇ ਨੂੰ ਇੱਕ ਵੱਖਰੇ ਅਤੇ ਖੂਬਸੂਰਤ ਅੰਦਾਜ਼ ਵਿੱਚ ਕੀਤੇ ਜਾਣ ਨਾਲ ਉਸ ਵਿੱਚ ਮੁਹਾਰਤ ਬਣੇਗੀ ਅਤੇ ਉਹ ਉਸ ਦੀ ਮਾਲਕਣ ਦੇ ਨਾਮ ਨਾਲ ਜੁੜ ਜਾਏਗੀ। ਇਹ ਮੁਹਾਰਤ ਇਹ ਕਲਾ ਹੀ ਔਰਤ ਨੂੰ ਆਪਣੇ ਪਰਿਵਾਰ ਵਿੱਚ, ਆਪਣੇ ਮੁਹੱਲੇ ਵਿੱਚ, ਪਿੰਡ ਵਿੱਚ ਅਤੇ ਸਮੂਹ ਸਮਾਜ ਵਿੱਚ ਮਾਣ ਸਨਮਾਨ ਦਾ ਕਾਰਨ ਬਣੇਗੀ। ਬਾਹਰੋਂ ਮਿਲਦੀ ਪ੍ਰਸ਼ੰਸਾ ਅਤੇ ਮਾਣ ਨਾਲ ਪਰਿਵਾਰ ਦੇ ਮੈਂਬਰ ਵੀ ਖੁਸ਼ੀ ਅਤੇ ਚਾਅ ਨਾਲ ਭਰ ਜਾਣਗੇ ਅਤੇ ਔਰਤ ਨੂੰ ਉਸ ਕਲਾ ਲਈ ਵੱਧ ਸਮਾਂ ਦੇਣਗੇ ਅਤੇ ਲੋੜ ਪਈ ਤਾਂ ਖਰਚ ਵੀ ਕਰਨਗੇ। ਉਹ ਇਸ ਸ਼ੌਕ ਨੂੰ ਕਿੱਤਾ ਵੀ ਬਣਾ ਸਕਦੀ ਹੈ ਅਤੇ ਹੋਰਾਂ ਨੂੰ ਸਿਖਾ ਵੀ ਸਕਦੀ ਹੈ। ਹੋਰ ਵੱਡੇ ਪੱਧਰ ਤੇ ਇਹ ਇੱਕ ਉੱਦਮ ਦਾ ਰੂਪ ਵੀ ਧਾਰਨ ਕਰ ਸਕਦਾ ਹੈ।

ਆਰਥਿਕ ਲਾਭ ਨੂੰ ਇੱਕ ਪਾਸੇ ਰੱਖੀਏ, ਔਰਤ ਦੀ ਆਪਣੀ ਹੋਂਦ ਅਤੇ ਪਹਿਚਾਣ ਲਈ ਇਹ ਬਹੁਤ ਮੱਦਦਗਾਰ ਹੋਏਗਾ। ਇਸ ਨਾਲ ਸਮਾਜਿਕ ਸੰਬੰਧ ਵੀ ਸੁਧਰਨਗੇ, ਅਤੇ ਬੱਚਿਆਂ ਤੇ ਵੀ ਬਹੁਤ ਵਧੀਆ ਪ੍ਰਭਾਵ ਪਵੇਗਾ। ਖਾਸ ਗੱਲ ਕਿ ਸਮੇਂ ਦੇ ਬੀਤਣ ਨਾਲ ਇਸ ਵਿੱਚ ਵਿਕਾਸ ਹੀ ਹੋਏਗਾ। ਵਧਦੀ ਉਮਰ, ਘਟਦੇ ਰੁਝੇਵੇਂ, ਢਿੱਲੀ ਸਿਹਤ, ਇੱਕਲਾਪਣ ਕੋਈ ਵੀ ਅਜਿਹੀ ਅਲਾਮਤ ਉਸ ਦੇ ਮਨ ਦੀ ਚੜ੍ਹਦੀ ਕਲਾ ਨੂੰ ਨਹੀਂ ਡੇਗ ਸਕੇਗੀ। ਕਿਉਂਕਿ ਹੁਣ ਉਹ ਖੁਦ ਸਿਰਜਣਹਾਰ ਹੋ ਗਈ ਹੈ। ਉਹ ਸਿਰਫ ਹੱਡ ਮਾਸ ਦੀ ਪੁਤਲੀ ਹੀ ਨਹੀਂ ਰਹੀ, ਉਸਦੀ ਕਲਾ ਨੇ ਉਸਨੂੰ ਇੱਕ ਸਦੀਵੀ ਜਿੰਦਗੀ ਬਖਸ਼ ਦਿੱਤੀ ਹੈ।

ਤਾਂ ਤੇ ਅੱਜ ਤੋਂ ਹੀ ਕਾਇਮ ਹੋਵੋ। ਆਪਣੀ ਸਮਰੱਥਾ ਨੂੰ ਪਹਿਚਾਣੋ। ਲੱਭੋ ਤੁਹਾਡੇ ਅੰਦਰ, ਧੁਰ ਅੰਦਰ ਕੌਣ ਛੁਪ ਕੇ ਬੈਠਾ ਹੈ ?? ਇੱਕ ਕਲਾਕਾਰ, ਇੱਕ ਗਾਇਕ, ਇੱਕ ਚਿੱਤਰਕਾਰ, ਇੱਕ ਸੰਗੀਤਕਾਰ, ਇੱਕ ਲੇਖਕ, ਇੱਕ ਬੁਲਾਰਾ, ਇੱਕ ਸਮਾਜ ਸੇਵੀ, ਇੱਕ ਕੌਂਸਲਰ, ਇੱਕ ਸੇਵਕ ?? ਉਸ ਨੂੰ ਬਾਹਰ ਕੱਢੋ, ਵਿਕਸਿਤ ਹੋਣ ਦਿਓ, ਬਾਹਰਲੇ ਮੇਕ ਅੱਪ ਫਿੱਕੇ ਪੈ ਜਾਣਗੇ। ਹੁਨਰ ਅਤੇ ਕਿਰਤ ਦਾ ਮਜੀਠਾ ਰੰਗ ਆਪਣੀ ਆਭਾ ਖਿਲਾਰੇਗਾ ਅਤੇ ਆਪਣੇ ਚੁਫੇਰੇ ਨੂੰ ਮਹਿਕਾ ਦੇਵੇਗਾ। ਮੈਂ ਸਮੂਹ ਔਰਤਾਂ ਨੂੰ ਬੇਨਤੀ ਕਰਦਾ ਹਾਂ ਕਿ ਉਹ ਆਪਣੀ ਆਪਣੀ ਕਸਤੂਰੀ ਨੂੰ ਪਹਿਚਾਨਣ। ਮੇਰਾ ਵਿਸ਼ਵਾਸ਼ ਹੈ ਕਿ ਇਸ ਮਹਿਕ ਰੱਤੀ ਔਰਤ ਨੂੰ ਕਦੇ ਵੀ ਕਿਸੇ ਵਿਤਕਰੇ ਦੀ ਸ਼ਿਕਾਰ ਨਹੀਂ ਹੋਣਾ ਪਵੇਗਾ। ਉਸ ਨੂੰ ਔਰਤ ਹੋਣ ਤੇ ਝੂਰਨਾ ਨਹੀਂ ਪਏਗਾ, ਸਗੋਂ ਉਹ ਆਪਣੇ ਨਾਰੀਤਵ ਤੇ ਮਾਣ ਮਹਿਸੂਸ ਕਰੇਗੀ ਕਿਉਂਕਿ ਹੁਣ ਫੇਰ ਉਸਨੇ ਕੁਝ ਸਿਰਜਿਆ ਹੈ, ਜੋ ਨਿਰੋਲ ਉਸਦਾ ਆਪਣਾ ਹੈ। ਅਤੇ ਉਸਦੇ ਅੰਦਰ ਜਿਉਂਦਾ ਹੈ। ਇਹ ਉਸਦੇ ਸਾਹਾਂ ਵਿਚ ਧੜਕਦਾ ਹੋਇਆ ਉਸਨੂੰ ਇੱਕ ਨਵਾਂ ਜੀਵਨ ਪ੍ਰਦਾਨ ਕਰੇਗਾ।

******

# 'ਪਾੜੋ ਅਤੇ ਮਾਰੋ' ਵਾਲ਼ੀ ਚਾਣਕੀਆ ਨੀਤੀ !

ਤਰਲੋਚਨ ਸਿੰਘ ਦੁਪਾਲ ਪੁਰ
001-408-905-5517
tsdupalpuri@yahoo.com



ਬਜ਼ੁਰਗਾਂ ਮੂੰਹੋਂ ਇਹ ਗੱਲ ਮੈਂ ਉਨ੍ਹਾਂ ਪੁਰਾਣੇ ਸਮਿਆਂ ਦੀ ਸੁਣੀ ਹੋਈ ਹੈ ਜਦ ਪੇਂਡੂ ਸੱਥਾਂ ਵਿਚ ਜਾਤ-ਬਰਾਦਰੀਆਂ ਦੇ ਨਾਂ ਲੈ ਲੈ ਕੇ ਲੋਕੀ ਆਪਸ ਵਿਚੀਂ ਹਾਸੇ-ਮਸ਼ਕੂਲੇ ਵਾਲ਼ੇ ਕਿੱਸੇ ਸੁਣਦੇ ਸੁਣਾਉਂਦੇ ਰਹਿੰਦੇ ਸਨ।

ਗ਼ੈਰ-ਕਾਸ਼ਤਕਾਰ ਚਾਰ ਬੰਦਿਆਂ ਨੇ ਪਿੰਡ ਦੇ ਬਾਹਰਵਾਰ ਤੁਰੇ ਜਾਂਦਿਆਂ ਕਮਾਦ ਵਿੱਚੋਂ ਗੰਨੇ ਭੰਨ ਲਏ। ਉੱਤੋਂ ਆ ਗਿਆ ਖੇਤ ਦਾ ਮਾਲਕ ਜ਼ਿਮੀਂਦਾਰ। ਚੌਹਾਂ ਜਣਿਆਂ ਦੇ ਡੀਲ-ਡੌਲ ਵਾਲ਼ੇ ਤਕੜੇ ਜੁੱਸੇ ਦੇਖ ਕੇ ਜ਼ਿਮੀਂਦਾਰ ਨੇ ਸੋਚਿਆ ਕਿ ਜੇ ਮੈਂ ਇਨ੍ਹਾਂ ਨੂੰ ਮਾੜਾ-ਚੰਗਾ ਬੋਲਿਆ ਜਾਂ ਧੌਲ਼-ਧੱਫਾ ਕੀਤਾ ਤਾਂ ਇਹ ਇਕੱਠੇ ਹੋ ਕੇ ਮੇਰੇ ਗਲ਼ ਪੈ ਸਕਦੇ ਹਨ। ਸੋ ਉਸਨੇ ਇਕ 'ਸਕੀਮ' ਸੋਚੀ !

ਬੜੇ ਸਹਿਜ ਭਾਅ ਨਾਲ ਉਹ ਗੰਨੇ ਚੂਪਣ ਲੱਗੇ ਹੋਏ ਚੌਹਾਂ ਜਣਿਆਂ ਕੋਲ ਜਾ ਕੇ 'ਕੱਲੇ 'ਕੱਲੇ ਦੇ ਜੱਦੀ-ਪੁਸ਼ਤੀ ਕੰਮ ਗਿਣਨ ਲੱਗਾ-

"ਥੋਡਾ ਈ ਕਮਾਦ ਐ ਬਾਈ ਕੋਈ ਗੱਲ ਨੀ ਤੁਸੀਂ ਗੰਨੇ ਭੰਨ ਲਏ...ਤੁਸੀਂ ਵੀ 'ਸਾਡੇ ਆਪਣੇ' ਈ ਤਾਂ ਹੋ ! ਆਹ ਭਰਾ ਦੇ ਵੱਡੇ ਵਡੇਰੇ ਸਭ ਲਈ ਜੁੱਤੀਆਂ ਬਣਾਉਂਦੇ ਰਹੇ ਨੇ.....ਆਹ ਦੂਜਾ ਭਾਈ ਘਰਾਂ ਵਿੱਚ ਪਾਣੀ ਦੇ ਘੜੇ ਭਰਦਾ ਹੁੰਦਾ ਐ...!

ਆਹ ਤੀਸਰਾ ਭਾਈ ਵੀ ਸਾਡੇ ਲਈ ਹਲ਼-ਪੰਜਾਲ਼ੀ ਜਾਂ ਗੱਡੇ ਵਗੈਰਾ ਬਣਾਉਂਦਾ ਐ ਤੇ ਔਹ ਚੌਥਾ, ਖੁਸ਼ੀਆਂ-ਗ਼ਮੀਆਂ ਮੌਕੇ ਮੋਹਰੇ ਹੋ ਕੇ ਸਾਰੇ ਕਾਰ-ਵਿਹਾਰ ਕਰਦਾ ਕਰਾਉਂਦਾ ਹੁੰਦਾ ਐ....!"

ਆਪਣੀਆਂ ਸਿਫ਼ਤਾਂ ਸੁਣ ਸੁਣ ਚਾਰੇ ਭੋਲ਼ੇ ਪੰਛੀ ਹਾਲੇ ਖੁਸ਼ ਹੀ ਹੋ ਰਹੇ ਸਨ ਕਿ ਜ਼ਿਮੀਂਦਾਰ ਉਨ੍ਹਾਂ ਚੌਹਾਂ 'ਚੋਂ ਇੱਕ ਜਣੇ 'ਤੇ ਕੁਣੱਖੀ ਜਿਹੀ ਅੱਖ ਰੱਖ ਕੇ ਬੋਲਿਆ-

"ਭਾਈ ਅਹਿ ਤਿੰਨ ਜਣੇ ਤਾਂ ਸਾਡੇ ਮਿੱਤਰ ਈ ਸਮਝੋ ਪਰ ਆਹ ਫਲਾਣੇ ਦੇ ਕੰਮ ਦੀ ਤਾਂ ਹੁਣ ਕੋਈ ਲੋੜ ਹੀ ਨਹੀਂ ਰਹੀ,ਬਣੇ ਬਣਾਏ ਬੂਟ ਗੁਰਗਾਬੀਆਂ ਹੁਣ ਸ਼ਹਿਰੋਂ ਮਿਲ਼ ਜਾਂਦੀਆਂ !

ਭਰਾਵੋ ਤੁਸੀਂ ਤਿੰਨੇ ਤਾਂ ਭਾਵੇਂ ਰੋਜ ਗੰਨੇ ਲੈ ਜਾਇਆ ਕਰੋ ਪਰ ਇਹਨੇ ਗੰਨਾਂ ਕਿਉਂ ਭੰਨਿਆਂ ?......ਆਉ ਮੇਰੇ ਨਾਲ ਇਹਦੀ ਭੁਗਤ ਸਵਾਰੀਏ !"

ਰੋਜ ਗੰਨੇ ਲਿਜਾਣ ਵਾਲ਼ੀ 'ਪੇਸ਼ਕਸ਼' ਦਾ ਸ਼ਿਕਾਰ ਹੋ ਕੇ ਤਿੰਨ ਜਣੇ ਜਿਮੀਂਦਾਰ ਨਾਲ਼ ਰਲ਼ਕੇ ਆਪਣੇ ਸਾਥੀ ਨਾਲ਼ ਧੌਲ਼-ਧੱਫਾ ਕਰਨ ਲੱਗ ਪਏ !

ਕੁੱਟ-ਫਾਂਟ ਨਾਲ ਜਦ ਉਹ ਵਿਚਾਰਾ ਨਿੱਸਲ਼ ਜਿਹਾ ਹੋ ਗਿਆ ਤਾਂ ਜਿਮੀਂਦਾਰ ਬਾਕੀ ਤਿੰਨ ਜਣਿਆਂ 'ਚੋਂ ਇਕ ਨੂੰ ਕਹਿੰਦਾ ਕਿ ਓ ਭਾਈ ਘੜੇ ਭਰਨ ਵਾਲ਼ਾ ਕੰਮ ਤਾਂ ਹੁਣ ਘਰ ਘਰ ਬਣੀਆਂ ਪਾਣੀ ਦੀਆਂ ਟੈਂਕੀਆਂ ਨੇ ਮੁਕਾ'ਤਾ ਐ..... ਤੇਰੀ ਲੋੜ ਵੀ ਖਤਮ ਹੋ ਗਈ !

ਫਲਾਣਿਉਂ ਆ ਜਾਉ ਤੁਸੀਂ ਤੇ ਮੈਂ ਇਹਨੂੰ ਗੰਨੇ ਭੰਨਣ ਦੀ ਸਜ਼ਾ ਦੇਈਏ ! ਜ਼ਿਮੀਂਦਾਰ ਦੀ ਚੁਸਤੀ ਚਲਾਕੀ ਬਿਨਾਂ ਸਮਝੇ ਵਿਚਾਰੇ, ਵਿਆਹ ਸ਼ਾਦੀਆਂ ਵੇਲੇ ਕੰਮ ਆਉਣ ਵਾਲ਼ਾ ਵੀ ਕੁੱਟਣ ਲੱਗ ਪਿਆ ਆਪਣੇ ਹੀ ਨਾਲ਼ ਦਿਆਂ ਨੂੰ !

ਉਹਦਾ ਵੀ ਪਹਿਲੇ ਵਰਗਾ ਹਾਲ ਕਰਕੇ ਜ਼ਿਮੀਂਦਾਰ ਨੇ ਬਾਕੀ ਬਚੇ ਦੋਹਾਂ 'ਚੋਂ ਇੱਕ ਜਣੇ 'ਤੇ ਵੀ ਪਹਿਲੇ ਵਾਲ਼ਾ 'ਫਾਰਮੂਲਾ' ਵਰਤ ਕੇ ਅਖੀਰਲੇ ਨੂੰ 'ਆਪਣਾ ਸਾਥੀ' ਬਣਾ ਕੇ ਕੁੱਟਣ ਲਾ ਲਿਆ ! ਆਖਰ ਬਚ ਗਏ ਚੌਥੇ ਨੂੰ ਧੌਣੋਂ ਫੜਕੇ ਕਹਿੰਦਾ-

"ਆ ਜਾ ਬੱਚੂ...... ਤੇਰੇ ਲਈ ਹੁਣ ਮੈਂ 'ਕੱਲਾ ਈ ਬਥੇਰਾ ਹਾਂ....... !"

******

# ਬੰਗਲਾਦੇਸ਼ ਦੀ ਚੋਣ 2026: ਗੁੱਸਾ, ਗਣਿਤ ਅਤੇ ਨਵੀਂ ਰਾਜਨੀਤਿਕ ਤਸਵੀਰ

**ਗੁਰਪ੍ਰੀਤ ਸਿੰਘ ਬਿਲਿੰਗ**
ਰਾਬਤਾ: 75086-98066
gurpreetnews@gmail.com











ਬੰਗਲਾਦੇਸ਼ ਵਿੱਚ ਬੰਗਲਾਦੇਸ਼ ਨੈਸ਼ਨਲਿਸਟ ਪਾਰਟੀ ਦੀ ਨਵੀਂ ਸਰਕਾਰ ਬਣੇ ਨੂੰ ਹੁਣ ਤੱਕ ਕੁਝ ਹੀ ਹਫ਼ਤੇ ਹੋਏ ਹਨ। 12 ਫਰਵਰੀ 2026 ਨੂੰ ਹੋਈਆਂ ਸੰਸਦੀ ਚੋਣਾਂ ਦੇ ਨਤੀਜੇ ਆਉਣ ਤੋਂ ਬਾਅਦ 17 ਫਰਵਰੀ 2026 ਨੂੰ ਪਾਰਟੀ ਦੇ ਨੇਤਾ ਤਾਰੀਕ ਰਹਿਮਾਨ (ਸਾਬਕਾ ਰਾਸ਼ਟਰਪਤੀ ਜ਼ਿਆ-ਉਰ-ਰਹਿਮਾਨ ਦੇ ਪੁੱਤਰ) ਨੇ ਬੰਗਲਾਦੇਸ਼ ਦੇ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕੀ ਅਤੇ ਇਸ ਤਰ੍ਹਾਂ ਦੇਸ਼ ਵਿੱਚ ਲੰਬੇ ਰਾਜਨੀਤਿਕ ਸੰਕਟ ਤੋਂ ਬਾਅਦ ਇੱਕ ਨਵੀਂ ਚੁਣੀ ਹੋਈ ਸਰਕਾਰ ਦਾ ਦੌਰ ਸ਼ੁਰੂ ਹੋਇਆ। ਇਹ ਸਿਰਫ਼ ਇੱਕ ਸਰਕਾਰ ਦੀ ਤਬਦੀਲੀ ਨਹੀਂ ਸੀ, ਸਗੋਂ ਬੰਗਲਾਦੇਸ਼ ਦੀ ਰਾਜਨੀਤੀ ਵਿੱਚ ਇੱਕ ਨਵੇਂ ਰਾਜਨੀਤਿਕ ਅਧਿਆਇ ਦੀ ਸ਼ੁਰੂਆਤ ਵੀ ਸੀ।

ਸੰਨ 2024 ਦੀ ਵਿਦਿਆਰਥੀ ਅਗਵਾਈ ਵਾਲੀ ਬਗਾਵਤ (ਸਰਕਾਰੀ ਨੌਕਰੀਆਂ ਵਿੱਚ ਕੋਟਾ ਪ੍ਰਣਾਲੀ ਦੇ ਵਿਰੋਧ ਵਿੱਚ ਸ਼ੁਰੂ ਹੋਈ) ਨੇ ਲੰਬੇ ਸਮੇਂ ਤੱਕ ਰਾਜ ਕਰ ਰਹੀ ਸ਼ੇਖ ਹਸੀਨਾ ਦੀ ਸਰਕਾਰ ਨੂੰ ਪੱਟ ਦਿੱਤਾ ਸੀ। ਉਸ ਤੋਂ ਬਾਅਦ ਇਹ ਪਹਿਲੀ ਪੂਰੀ ਲੋਕਤੰਤਰਕ ਚੋਣ ਸੀ।

ਇਸ ਲਈ 2026 ਦੀ ਇਹ ਚੋਣ ਸਿਰਫ਼ ਇੱਕ ਰਾਜਨੀਤਿਕ ਪ੍ਰਕਿਰਿਆ ਨਹੀਂ ਸੀ, ਬਲਕਿ ਬੰਗਲਾਦੇਸ਼ ਦੀ ਰਾਜਨੀਤਿਕ ਵਿਵਸਥਾ ਦੀ ਮੁੜ ਸੰਰਚਨਾ ਦੀ ਪ੍ਰਕਿਰਿਆ ਵੀ ਸੀ। ਕਈ ਰਾਜਨੀਤਿਕ ਵਿਸ਼ਲੇਸ਼ਕ ਇਸ ਨੂੰ "Post-Uprising Democracy" ਦੀ ਪਹਿਲੀ ਪਰਖ ਮੰਨਦੇ ਹਨ-ਇੱਕ ਅਜਿਹਾ ਪਲ ਜਿੱਥੇ ਬਗਾਵਤ ਤੋਂ ਬਾਅਦ ਲੋਕਤੰਤਰ ਦੀ ਸੰਸਥਾਗਤ ਵਾਪਸੀ ਦੀ ਜਾਂਚ ਹੁੰਦੀ ਹੈ ਅਤੇ ਲੋਕਾਂ ਦੀ ਵੋਟ ਰਾਹੀਂ ਰਾਜਨੀਤਿਕ ਪ੍ਰਣਾਲੀ ਨੂੰ ਮੁੜ ਜਾਇਜ਼ ਮਾਨਤਾ ਮਿਲਦੀ ਹੈ।

ਬੰਗਲਾਦੇਸ਼ ਦੀ ਸੰਸਦ ਜਾਤੀਆ ਸੰਸਦ ਵਿੱਚ ਕੁੱਲ 300 ਚੁਣੀ ਹੋਈਆਂ ਸੀਟਾਂ ਹਨ ਅਤੇ ਸਰਕਾਰ ਬਣਾਉਣ ਲਈ ਘੱਟੋ-ਘੱਟ 151 ਸੀਟਾਂ ਦੀ ਲੋੜ ਹੁੰਦੀ ਹੈ। 2026 ਦੀ ਚੋਣ ਵਿੱਚ ਬੰਗਲਾਦੇਸ਼ ਨੈਸ਼ਨਲਿਸਟ ਪਾਰਟੀ ਨੇ ਲਗਭਗ 212 ਸੀਟਾਂ ਜਿੱਤ ਕੇ ਦੋ-ਤਿਹਾਈ ਬਹੁਮਤ ਹਾਸਲ ਕਰ ਲਿਆ ਹੈ। ਦੂਜੇ ਪਾਸੇ ਬੰਗਲਾਦੇਸ਼ ਜਮਾਤ-ਏ-ਇਸਲਾਮੀ ਨੇ 70 ਤੋਂ ਵੱਧ ਸੀਟਾਂ ਜਿੱਤ ਕੇ ਆਪਣਾ ਇਤਿਹਾਸਕ ਅਤੇ ਸਭ ਤੋਂ ਵੱਡਾ ਸੰਸਦੀ ਪ੍ਰਦਰਸ਼ਨ ਦਰਜ ਕੀਤਾ ਹੈ। ਇਸ ਤੋਂ ਇਲਾਵਾ ਨਵੀਂ ਉਭਰਦੀ ਪਾਰਟੀ ਨੈਸ਼ਨਲ ਸਿਟੀਜ਼ਨ ਪਾਰਟੀ ਨੇ ਵੀ ਕੁਝ ਸੀਟਾਂ ਜਿੱਤ ਕੇ ਇਹ ਦਰਸਾਇਆ ਕਿ ਬੰਗਲਾਦੇਸ਼ ਦੀ ਰਾਜਨੀਤੀ ਵਿੱਚ ਨਵੀਂ ਪੀੜ੍ਹੀ ਅਤੇ ਨਵੇਂ ਰਾਜਨੀਤਿਕ ਅਜੈਂਡੇ ਲਈ ਵੀ ਜਗ੍ਹਾ ਬਣ ਰਹੀ ਹੈ। ਇਹ ਅੰਕੜੇ ਸਿਰਫ਼ ਇੱਕ ਜਿੱਤ ਦੀ ਕਹਾਣੀ ਨਹੀਂ ਦੱਸਦੇ, ਸਗੋਂ ਇਹ ਦਰਸਾਉਂਦੇ ਹਨ ਕਿ ਬੰਗਲਾਦੇਸ਼ ਦੀ ਰਾਜਨੀਤੀ ਹੁਣ ਹੌਲੀ-ਹੌਲੀ ਬਹੁਧੁਰਵੀ ਰੂਪ ਧਾਰ ਰਹੀ ਹੈ।

2026 ਦੀ ਚੋਣ ਨੂੰ ਸਮਝਣ ਲਈ 2024 ਦੀ ਬਗਾਵਤ ਦੇ ਪਿਛੋਕੜ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਉਸ ਸਾਲ ਵਿਦਿਆਰਥੀਆਂ ਅਤੇ ਨਾਗਰਿਕ ਸਮੂਹਾਂ ਵੱਲੋਂ ਚਲਾਇਆ ਗਿਆ ਅੰਦੋਲਨ ਤੇਜ਼ੀ ਨਾਲ ਇੱਕ ਰਾਸ਼ਟਰੀ ਲੋਕਤੰਤਰਕ ਅਭਿਆਨ ਵਿੱਚ ਬਦਲ ਗਿਆ ਸੀ। ਇਹ ਅੰਦੋਲਨ ਕੇਵਲ ਇੱਕ ਸਰਕਾਰ ਵਿਰੋਧੀ ਲਹਿਰ ਨਹੀਂ ਸੀ; ਇਹ ਰਾਜਨੀਤਿਕ ਸੰਸਥਾਵਾਂ ਵਿੱਚ ਪੈਦਾ ਹੋ ਰਹੇ ਅਵਿਸ਼ਵਾਸ, ਭ੍ਰਿਸ਼ਟਾਚਾਰ ਦੇ ਦੋਸ਼ਾਂ ਅਤੇ ਲੋਕਤੰਤਰਕ ਆਜ਼ਾਦੀਆਂ ਦੀ ਮੰਗ ਦਾ ਪ੍ਰਤੀਕ ਬਣ ਗਿਆ ਸੀ। ਜਦੋਂ ਇਹ ਅੰਦੋਲਨ ਦੇਸ਼ ਭਰ ਵਿੱਚ ਫੈਲਿਆ, ਤਾਂ ਅਖ਼ੀਰਕਾਰ ਸ਼ੇਖ ਹਸੀਨਾ ਦੀ ਸਰਕਾਰ ਨੂੰ ਹਟਣਾ ਪਿਆ।

ਇਸ ਤੋਂ ਬਾਅਦ ਇੱਕ ਅੰਤਰਿਮ ਪ੍ਰਸ਼ਾਸਕੀ ਪ੍ਰਬੰਧ ਬਣਾਇਆ ਗਿਆ, ਜਿਸ ਦੀ ਅਗਵਾਈ ਨੋਬਲ ਇਨਾਮ ਜੇਤੂ ਅਰਥਸ਼ਾਸਤਰੀ ਮੁਹੰਮਦ ਯੂਨਸ ਨੇ ਕੀਤੀ। ਇਸ ਅੰਤਰਿਮ ਪ੍ਰਬੰਧ ਦਾ ਮੁੱਖ ਉਦੇਸ਼ ਸੀ ਚੋਣੀ ਪ੍ਰਣਾਲੀ ਵਿੱਚ ਸੁਧਾਰ ਕਰਨਾ, ਰਾਜਨੀਤਿਕ ਸੰਸਥਾਵਾਂ ਵਿੱਚ ਭਰੋਸਾ ਮੁੜ ਬਣਾਉਣਾ ਅਤੇ ਇੱਕ ਅਜਿਹੀ ਚੋਣ ਕਰਵਾਉਣਾ ਜੋ ਲੋਕਾਂ ਨੂੰ ਅਸਲ ਵਿੱਚ ਆਪਣੀ ਰਾਏ ਪ੍ਰਗਟ ਕਰਨ ਦਾ ਮੌਕਾ ਦੇਵੇ।

ਬੰਗਲਾਦੇਸ਼ ਦੀ ਚੋਣ ਪ੍ਰਣਾਲੀ ਵੀ ਭਾਰਤ ਵਾਂਗ ਫਰਸਟ-ਪਾਸਟ-ਦ-ਪੋਸਟ ਚੋਣ ਪ੍ਰਣਾਲੀ ਹੈ। ਇਸ ਪ੍ਰਣਾਲੀ ਵਿੱਚ ਹਰ ਹਲਕੇ ਵਿੱਚ ਸਭ ਤੋਂ ਵੱਧ ਵੋਟਾਂ ਲੈਣ ਵਾਲਾ ਉਮੀਦਵਾਰ ਜਿੱਤਦਾ ਹੈ। ਇਸ ਦਾ ਮਤਲਬ ਹੈ ਕਿ ਜੇ ਵਿਰੋਧੀ ਵੋਟ ਕਈ ਪਾਰਟੀਆਂ ਵਿੱਚ ਵੰਡ ਜਾਵੇ ਤਾਂ ਵੀ ਇੱਕ ਪਾਰਟੀ ਘੱਟ ਵੋਟ ਪ੍ਰਤੀਸ਼ਤ ਦੇ ਬਾਵਜੂਦ ਵੱਡੀ ਗਿਣਤੀ ਵਿੱਚ ਸੀਟਾਂ ਜਿੱਤ ਸਕਦੀ ਹੈ।

ਇਨ੍ਹਾਂ ਚੋਣਾਂ ਵਿੱਚ ਇੱਕ ਹੋਰ ਮਹੱਤਵਪੂਰਨ ਤੱਤ ਵੋਟਰਾਂ ਦਾ ਮਨੋਵਿਗਿਆਨ ਵੀ ਸੀ।

ਬਗਾਵਤ ਤੋਂ ਬਾਅਦ ਦੇ ਦੌਰ ਵਿੱਚ ਆਮ ਤੌਰ 'ਤੇ ਇਹ ਮੰਨਿਆ ਜਾਂਦਾ ਹੈ ਕਿ ਲੋਕ ਪੂਰੀ ਤਰ੍ਹਾਂ ਨਵੇਂ ਰਾਜਨੀਤਿਕ ਵਿਕਲਪਾਂ ਵੱਲ ਮੁੜਨਗੇ, ਪਰ ਬੰਗਲਾਦੇਸ਼ ਦੀ 2026 ਚੋਣ ਇਸ ਧਾਰਨਾ ਨੂੰ ਪੂਰੀ ਤਰ੍ਹਾਂ ਸਹੀ ਨਹੀਂ ਠਹਿਰਾਉਂਦੀ। ਕਈ ਵੋਟਰਾਂ ਨੇ ਗੁੱਸੇ ਅਤੇ ਅਸੰਤੋਸ਼ ਦੇ ਬਾਵਜੂਦ ਪੁਰਾਣੇ ਰਾਜਨੀਤਿਕ ਤਜਰਬੇ ਅਤੇ ਸੰਗਠਨਾਤਮਕ ਤਾਕਤ ਨੂੰ ਮਹੱਤਵ ਦਿੱਤਾ।

ਖ਼ਾਸ ਕਰਕੇ ਪਿੰਡਾਂ ਅਤੇ ਛੋਟੇ ਸ਼ਹਿਰਾਂ ਵਿੱਚ ਵੋਟਰਾਂ ਲਈ ਸੰਸਦ ਮੈਂਬਰ ਸਿਰਫ਼ ਰਾਸ਼ਟਰੀ ਨੀਤੀਆਂ ਬਣਾਉਣ ਵਾਲਾ ਨਹੀਂ ਹੁੰਦਾ, ਬਲਕਿ ਸਥਾਨਕ ਵਿਕਾਸ, ਨੌਕਰੀਆਂ ਅਤੇ ਪ੍ਰਸ਼ਾਸਕੀ ਸਹਾਇਤਾ ਨਾਲ ਜੁੜਿਆ ਹੋਇਆ ਵਿਅਕਤੀ ਵੀ ਮੰਨਿਆ ਜਾਂਦਾ ਹੈ।

ਇਸ ਲਈ ਕਈ ਹਲਕਿਆਂ ਵਿੱਚ ਵੋਟਰਾਂ ਨੇ ਨਵੇਂ ਅਤੇ ਅਣਜਾਣ ਉਮੀਦਵਾਰਾਂ ਦੀ ਬਜਾਏ ਉਹਨਾਂ ਰਾਜਨੀਤਿਕ ਚਿਹਰਿਆਂ ਨੂੰ ਤਰਜੀਹ ਦਿੱਤੀ ਜਿਨ੍ਹਾਂ ਦੀ ਸਥਾਨਕ ਪਛਾਣ ਪਹਿਲਾਂ ਤੋਂ ਮਜ਼ਬੂਤ ਸੀ। ਇਸ ਤਰ੍ਹਾਂ ਚੋਣਾਂ ਦੇ ਗਣਿਤ ਅਤੇ ਵੋਟਰ ਮਨੋਵਿਗਿਆਨ ਦੇ ਮਿਲੇ-ਝੁਲੇ ਪ੍ਰਭਾਵ ਨੇ ਚੋਣੀ ਨਤੀਜਿਆਂ ਨੂੰ ਆਕਾਰ ਦਿੱਤਾ।

ਬੰਗਲਾਦੇਸ਼ ਦੀ ਇਹ ਚੋਣ ਸਿਰਫ਼ ਇੱਕ ਦੇਸ਼ ਦੀ ਘਟਨਾ ਨਹੀਂ ਹੈ। ਇਹ ਪੂਰੇ ਦੱਖਣੀ ਏਸ਼ੀਆ ਦੀ ਰਾਜਨੀਤੀ 'ਤੇ ਪ੍ਰਭਾਵ ਪਾਉਣ ਵਾਲੀ ਘਟਨਾ ਹੈ। ਇਸ ਪ੍ਰਸੰਗ ਵਿੱਚ ਇਹ ਵੀ ਸਮਝਣਾ ਜ਼ਰੂਰੀ ਹੈ ਕਿ ਬੰਗਲਾਦੇਸ਼ ਦੀ ਰਾਜਨੀਤੀ ਹੁਣ ਕੇਵਲ ਰਾਸ਼ਟਰੀ ਹੱਦਾਂ ਤੱਕ ਸੀਮਿਤ ਨਹੀਂ ਰਹੀ।

ਆਰਥਿਕ ਵਿਕਾਸ, ਖੇਤਰੀ ਵਪਾਰਕ ਮਾਰਗਾਂ ਅਤੇ ਸਮੁੰਦਰੀ ਰਣਨੀਤਿਕ ਮਹੱਤਤਾ ਦੇ ਕਾਰਨ ਇਹ ਦੇਸ਼ ਦੱਖਣੀ ਏਸ਼ੀਆ ਅਤੇ ਇੰਡੋ-ਪੈਸਿਫਿਕ ਰਾਜਨੀਤੀ ਵਿੱਚ ਇੱਕ ਕੇਂਦਰੀ ਸਥਾਨ ਹਾਸਲ ਕਰ ਚੁੱਕਾ ਹੈ। ਬੰਗਾਲ ਦੀ ਖਾੜੀ ਦੇ ਸਮੁੰਦਰੀ ਮਾਰਗਾਂ, ਖੇਤਰੀ ਕਨੈਕਟੀਵਿਟੀ ਪ੍ਰੋਜੈਕਟਾਂ ਅਤੇ ਆਰਥਿਕ ਸਹਿਯੋਗ ਦੀਆਂ ਨਵੀਆਂ ਯੋਜਨਾਵਾਂ ਨੇ ਬੰਗਲਾਦੇਸ਼ ਦੀ ਭੂਮਿਕਾ ਨੂੰ ਹੋਰ ਮਹੱਤਵਪੂਰਨ ਬਣਾ ਦਿੱਤਾ ਹੈ।

ਇਸ ਲਈ ਇੱਥੇ ਹੋਣ ਵਾਲੀਆਂ ਚੋਣਾਂ ਸਿਰਫ਼ ਅੰਦਰੂਨੀ ਰਾਜਨੀਤਿਕ ਬਦਲਾਅ ਨਹੀਂ ਦਰਸਾਉਂਦੀਆਂ, ਸਗੋਂ ਪੂਰੇ ਖੇਤਰ ਦੀ ਰਾਜਨੀਤਿਕ ਦਿਸ਼ਾ 'ਤੇ ਵੀ ਅਸਰ ਪਾਉਂਦੀਆਂ ਹਨ। ਨਵੀਂ ਸਰਕਾਰ ਲਈ ਚੁਣੌਤੀ ਇਹ ਹੋਵੇਗੀ ਕਿ ਉਹ ਅੰਦਰੂਨੀ ਰਾਜਨੀਤਿਕ ਸਥਿਰਤਾ ਨੂੰ ਕਾਇਮ ਰੱਖਦੇ ਹੋਏ ਖੇਤਰੀ ਅਤੇ ਅੰਤਰਰਾਸ਼ਟਰੀ ਸੰਬੰਧਾਂ ਵਿੱਚ ਸੰਤੁਲਨ ਬਣਾਈ ਰੱਖੇ।

ਇਤਿਹਾਸ ਸਾਨੂੰ ਇਹ ਸਿਖਾਉਂਦਾ ਹੈ ਕਿ ਚੋਣਾਂ ਸਿਰਫ਼ ਵੋਟਾਂ ਦੀ ਗਿਣਤੀ ਨਹੀਂ ਹੁੰਦੀਆਂ; ਉਹ ਸਮਾਜ ਦੀਆਂ ਡੂੰਘੀਆਂ ਚਿੰਤਾਵਾਂ ਅਤੇ ਉਮੀਦਾਂ ਦਾ ਦਰਪਣ ਹੁੰਦੀਆਂ ਹਨ।

ਬੰਗਲਾਦੇਸ਼ ਦੀ 2026 ਚੋਣ ਵੀ ਅਜਿਹੀ ਹੀ ਕਹਾਣੀ ਹੈ, ਜਿੱਥੇ ਬਗਾਵਤ ਦੀ ਗੂੰਜ, ਵੋਟਰਾਂ ਦੀ ਉਮੀਦ ਅਤੇ ਰਾਜਨੀਤਿਕ ਗਣਿਤ ਇੱਕ ਹੀ ਸਮੇਂ ਮੌਜੂਦ ਸਨ। ਲੋਕ ਬਦਲਾਅ ਦੇ ਨਾਅਰੇ ਲਾਉਂਦੇ ਹਨ, ਪਰ ਵੋਟ ਪਾਉਂਦੇ ਸਮੇਂ ਅਕਸਰ ਸਥਿਰਤਾ ਚੁਣ ਲੈਂਦੇ ਹਨ। ਗੁੱਸਾ ਲਹਿਰ ਬਣ ਸਕਦਾ ਹੈ, ਪਰ ਸੱਤਾ ਆਖ਼ਿਰਕਾਰ ਗਣਿਤ ਦੇ ਪਾਸੇ ਜਾਂਦੀ ਹੈ। ਬੰਗਲਾਦੇਸ਼ ਦੀ ਇਹ ਚੋਣ ਵੀ ਇਕ ਇਨਕਲਾਬ ਨਹੀਂ ਸੀ, ਸਗੋਂ ਇੱਕ ਹਿਸਾਬ ਸੀ।


ਨੋਟ: ਜਮਾਤ-ਏ-ਇਸਲਾਮੀ ਨੇ 1971 ਦੀ ਬੰਗਲਾਦੇਸ਼ ਮੁਕਤੀ ਜੰਗ ਦੌਰਾਨ ਪਾਕਿਸਤਾਨ ਪੱਖੀ ਭੂਮਿਕਾ ਨਿਭਾਈ ਸੀ।

# ‘ਤੇ ਵਕਤ ਬੋਲਦਾ ਗਿਆ’ ਉਤਰ-ਯਥਾਰਥਵਾਦੀ ਪ੍ਰਵਿਰਤੀ ਦੀ ਸ਼੍ਰੇਣੀ ਦਾ ਨਾਵਲ

**ਡਾ. ਰਵੇਲ ਸਿੰਘ**
ਸੰਪਰਕ+91 92120 21195



ਨਾਵਲ ਆਪਣੀ ਪ੍ਰਗੀਤਕ ਸੰਖੇਪਤਾ ਤੋਂ ਮੁਕਤ ਹੋ ਕੇ ਅਤੇ ਮਹਾਂ-ਕਾਵਿਕ ਵਿਸਤਾਰ ਵਾਲੇ ਬਿਰਤਾਂਤ ਸਿਰਜਣ ਵੱਲ ਤੁਰਦਾ ਹੈ। ਉਹ ਆਪਣੇ ਰਚਨਾ-ਵਿਧਾਨ ਅਤੇ ਅਤੇ ਰਚਨਾ ਦ੍ਰਿਸ਼ਟੀ ਵਿਚ ਠੋਸ ਸਭਿਆਚਾਰਕ ਸਥਿਤੀਆਂ ਨੂੰ ਸਿਰਜਦਾ ਹੈ। ਨਾਵਲ ‘ਤੇ ਵਕਤ ਬੋਲਦਾ ਗਿਆ’ ਵੱਖਰੀ ਕਿਸਮ ਦਾ ਨਾਵਲ ਹੈ। ਇਸਨੂੰ ਨੂੰ ਪੜ੍ਹਦਿਆਂ ਪਾਠਕ ਵੱਖਰੀ ਦੁਨੀਆਂ ਵਿਚ ਚਲਿਆ ਜਾਂਦਾ ਹੈ ਕਿਉਂਕਿ ਇਕ ਪਾਸੇ ਪਾਠਕ ਨੂੰ ਲੱਗਦਾ ਹੈ ਕਿ ਇਹ ਇਕ ਤਰ੍ਹਾਂ ਦਾ ਸਿਧਾਂਤ ਹੈ ਅਤੇ ਸਿਧਾਂਤਕ ਗੱਲਾਂ ਹਨ। ਹੌਲੀ-ਹੌਲੀ ਜਦੋਂ ਬਿਰਤਾਂਤ ਸਿਧਾਂਤਕ ਕਥਾਵਾਂ ਵਿਚੋਂ ਦੀ ਲੰਘਦਿਆਂ ਅਮਰਜੋਤ ਤੇ ਰਣਜੀਤ ਦੇ ਆਪਸੀ ਸੰਵਾਦ ਵੱਲ ਵਧਦਾ ਹੈ ਤਾਂ ਉਸ ਨੂੰ ਵੱਖਰੀ ਤਰ੍ਹਾਂ ਦਾ ਅਹਿਸਾਸ ਹੁੰਦਾ ਹੈ। ਅਮਰਜੀਤ ਟਾਂਡਾ ਨੇ ਆਂਪਣੇ ਜਿੱਥੇ ਇਸ ਨਾਵਲ ਨੂੰ ਸ਼ਾਇਰੀ ਕਾਵਿਕ ਵਿਧਾ ’ਚ ਪੇਸ਼ ਕਰਨ ਦੀ ਸਫ਼ਲ ਕੋਸ਼ਿਸ਼ ਕੀਤੀ ਹੈ ਦੂਜੇ ਪਾਸੇ ਇਸ ਨਾਵਲ ਦਾ ਸਿਧਾਂਤ ਤੇ ਸਿਧਾਂਤਕ ਵਿਚਾਰਧਾਰਾ ਇਸ ਨੂੰ ਬਾਕੀ ਨਾਵਲਾਂ ਤੋਂ ਵੱਖਰਾ ਕਰਦੀ ਹੈ। ਸ਼ਾਇਦ ਉਹ ਇਸ ਕਰਕੇ ਕਿਉਂਕਿ ਉਹ ਪੇਸ਼ੇ ਵੱਜੋਂ ਇਕ ਵਿਗਿਆਨੀ ਹਨ। ਰੋਜ਼ ਨਾਮ ਦਾ 83 ਸਾਲ ਦੀ ਉਮਰ ਚ ਕਾਲਜ ਲਈ ਪੜ੍ਹਨ ਆਉਣਾ, ਇਸ ਪੜਾਅ ਤੇ ਆ ਕੇ ਆਪਣੀਆਂ ਅਧੂਰੀਆਂ ਇਛਾਵਾਂ ਨੂੰ ਪੂਰਾ ਕਰਨਾ ਅਤੇ ਆਪਣੇ ਬਚਪਨ ਨੂੰ ਜਿਉਣ ਦੀ ਦੁਬਾਰਾ ਕੋਸ਼ਿਸ਼ ਕਰਨਾ। ਅਸਲ ਵਿਚ ਬਿਰਤਾਂਤਕਾਰ ਲੰਘ ਚੁੱਕੇ ਸਮੇਂ ਦੀਆਂ ਮਿੱਠੀਆਂ, ਰੌਚਿਕ ਗੱਲਾਂ ਨੂੰ ਮੁੜ ਸੋਚਣ ਸਮਝਣ ਤੇ ਜਿਉਣ ਦਾ ਇਛੁੱਕ ਹੁੰਦਾ ਹੈ। ਜੀਵਨ ਦੇ ਵੱਖ-ਵੱਖ ਪਲਾਂ ਨੂੰ ਵੱਖ-ਵੱਖ ਉਦਾਹਰਨਾਂ ਸਹਿਤ ਸਮਝਾਉਂਦਾ ਹੈ। ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਉਹ ਪੁਰਾਣੇ ਪੰਜਾਬ ਦੀ ਤੁਲਨਾ ਆਧੁਨਿਕ ਸਮੇਂ ਨਾਲ ਕਰ ਰਿਹਾ ਹੈ। ਉਸ ਪੰਜਾਬ ਦੀਆਂ ਰੁੱਤਾਂ, ਫ਼ਸਲਾਂ ਦੀ ਯਾਦ ਨੂੰ ਚੇਤੇ ਕਰਦੇ ਹੋਏ, ਜਿੱਥੇ ਉਸਦਾ ਬਚਪਨ ਬੀਤਿਆ ਹੈ। ਆਧੁਨਿਕ ਸਮਾਜ ਵਿਚ ਜੋ ਵਾਪਰ ਰਿਹਾ ਹੈ ਜਾਂ ਜਿਸ ਤਰ੍ਹਾਂ ਦਾ ਵਾਪਰ ਰਿਹਾ ਹੈ, ਇਸ ਤੋਂ ਸਾਨੂੰ ਸਿੱਖਣ ਦਾ ਉਪਦੇਸ਼ਤਾਮਕ ਪ੍ਰਯਤਨ ਵੀ ਉਹ ਕਰਦਾ ਹੈ। ਇਹ ਬਿਰਤਾਂਤ ਚੱਲਦੇ ਫਿਰਦੇ ਵਕਤ ਦੇ ਨਾਲ ਸੰਵਾਦ ਰਚਾਉਂਦਾ ਹੈ। ਬਚਪਨ ਦੀਆਂ ਯਾਦਾਂ ਨੂੰ ਤਾਜ਼ਾ ਕਰਵਾਉਂਦਾ, ਅਤੇ ਜੀਵਨ ਦੇ ਵੱਖੋ ਵੱਖਰੇ ਪੜ੍ਹਾਵਾਂ ਤੇ ਰੁਕਦਾ, ਚਲਦਾ ਤੇ ਆਪਣੀਆਂ ਗੱਲਾਂ ਨੂੰ ਦਲੀਲ ਸਹਿਤ ਸਮਝਾਉਂਦਾ ਹੈ।




ਅਮਰਜੀਤ ਟਾਂਡਾ ਇਨ੍ਹਾਂ ਗੱਲਾਂ ਰਾਹੀਂ ਇਹ ਦੱਸਣਾ ਚਾਹੁੰਦਾ ਹੈ ਕਿ ਸਮਾਂ ਬੜਾ ਬਲਵਾਨ ਹੈ। ਇਕ ਵਾਰ ਲੰਘਿਆ ਸਮਾਂ ਮੁੜ ਕੇ ਹੱਥ ਨਹੀਂ ਆਉਂਦਾ। ਅਜੋਕੀ ਨੌਜਵਾਨ ਪੀੜ੍ਹੀ ਨੂੰ ਸਮੇਂ ਦੀ ਕਦਰ ਕਰਨਾ ਸਿੱਖਣਾ ਚਾਹੀਦਾ ਹੈ। ਜਦੋਂ ਸ਼੍ਰਿਸ਼ਟੀ ਦੀ ਸਿਰਜਣਾ ਹੋਈ ਤਾਂ ਇੱਥੇ ਕੁਝ ਵੀ ਮੌਜੂਦ ਨਹੀਂ ਸੀ ਹੌਲੀ ਹੌਲੀ ਜੀਵ-ਜੰਤੂਆਂ ਸਮੇਤ ਇੱਥੇ ਮਨੁੱਖੀ ਜੀਵਨ ਸੰਭਵ ਹੋਇਆ। ਦੁਨੀਆਂ ਵਿਚ ਤਾਕਤਵਰ ਚੀਜ਼ ਵਕਤ ਹੈ। ਇਸ ਤਰ੍ਹਾਂ ਨਾਵਲ ਦਾ ਪਾਤਰ ਅਮਰਜੋਤ ਬਾਬੇ ਦੀਆਂ ਉਦਾਸੀਆਂ ਵਾਂਗ ਚੱਲਦਾ ਪ੍ਰਤੀਤ ਹੁੰਦਾ ਹੈ। ਇਸ ਤੋਂ ਇਲਾਵਾ ਬਿਰਤਾਂਤਕਾਰ ਦੀ ਖੂਬਸੂਰਤੀ ਇਹ ਹੈ ਕਿ ਉਹ ਮਨੁੱਖੀ ਜੀਵਨ ਉੱਤੇ ਘਟੀਆਂ ਵੱਖ ਵੱਖ ਕਹਾਣੀਆਂ ਨੂੰ ਇਕ ਇਕ ਕਰਕੇ ਸਾਡੇ ਸਾਹਮਣੇ ਰੱਖਦਾ ਹੈ। ਆਧੁਨਿਕ ਪੰਜਾਬ ਕਿਸ ਤਰ੍ਹਾਂ ਦਾ ਪੰਜਾਬ ਬਣ ਚੁੱਕਾ ਹੈ। ਪੰਜਾਬ ਦੀਆਂ ਖੇਡਾਂ, ਫਸਲਾਂ, ਰੁੱਤਾਂ ਅਤੇ ਪਰਵਾਸ ਕਰ ਚੁੱਕਿਆ ਦੀ ਦਾਸਤਾਨ ਬਿਰਤਾਂਤਕਾਰ ਨੇ ਗਹਿਰਾਈ ਨਾਲ ਬਿਆਨ ਕੀਤਾ ਹੈ।

ਇਸ ਨਾਵਲ ਵਿਚ ਅਸੀਂ, ਤੁਸੀਂ ਉਹ ਸਭ ਪਾਤਰ ਦੇ ਰੂਪ ਵਿਚ ਸਿਰਜੇ ਗਏ ਹਨ ਇਸ ਤਰਾਂ ਇਹ ਸਾਡੇ ਸਾਰਿਆਂ ਦੀ ਕਥਾ ਲਗਦੀ ਹੈ। ਇਸ ਤਰ੍ਹਾਂ ਜਾਪਦਾ ਹੈ ਜਿਵੇਂ ਅੱਜ ਦਾ ਕੋਈ ਅਧਖੜ ਆਦਮੀ ਆਪਣੇ ਬੀਤੇ ਦੇ ਪਲਾਂ ਨੂੰ ਚੇਤੇ ਕਰਕੇ ਪੁਰਾਣੇ ਤੇ ਅਜੋਕੇ ਵਕਤ ਦੀ ਨਜ਼ਾਕਤ ਨੂੰ ਸਮਝਾ ਰਿਹਾ ਹੋਵੇ। ਜਿਵੇਂ ਅਜੋਕੇ ਸਮੇਂ ਵਿਚ ਕੋਈ ਨੌਜਵਾਨ ਵਿਅਕਤੀ ਆਪਣੇ ਦਾਦਾ-ਦਾਦੀ, ਨਾਨਾ ਨਾਨੀ ਤਾਏ ਚਾਚਿਆਂ ਤੋਂ ਕੋਈ ਕਥਾ ਨੂੰ ਸੁਣ ਰਿਹਾ ਹੋਵੇ। ਅਸੀਂ ਕਹਿੰਦੇ ਹਾਂ ਕਿ ਵਕਤ ਨੇ ਚੱਲਦੇ ਰਹਿਣਾ ਹੈ ਅਤੇ ਇਹ ਕਦੇ ਕਿਸੇ ਲਈ ਨਹੀਂ ਰੁਕਦਾ। ਨਾਵਲਕਾਰ ਇੱਕ ਸਮਰੱਥ ਕਵੀ ਵੀ ਹੈ ਜੋ ਚਿੰਤਕਾਂ, ਵਿਦਵਾਨਾਂ, ਦੀਆਂ ਕਥਾਵਾਂ ਨੂੰ ਆਪਣੇ ਇਸ ਨਾਵਲ ਵਿਚ ਸ਼ਾਇਰਾਨਾ ਅੰਦਾਜ਼ ਵਿਚ ਪੇਸ਼ ਕਰਦਾ ਹੈ ਜਿਸ ਨਾਲ ਨਾਵਲ ਪ੍ਰਗੀਤਕਤਾ ਗ੍ਰਹਿਣ ਕਰਦਾ ਹੈ। ਇਹ ਸਭ ਵਕਤ ਦੀ ਖੇਡ ਹੈ। ਇਸ ਨੂੰ ਕਦੇ ਵੀ ਅਣਗੌਲਣਾ ਨਹੀਂ ਚਾਹੀਦਾ। ਅੱਜ ਦੇ ਸਮੇਂ ਪੰਜਾਬ ਜਿੰਨ੍ਹਾਂ ਰਾਹਵਾਂ ਤੇ ਹੈ ਉਸ ਨੂੰ ਸਮਝਣ ਪਰਖਣ ਦੀ ਜ਼ਰੂਰਤ ਹੈ ਅਤੇ ਨੌਜਵਾਨ ਪੀੜ੍ਹੀ ਲਈ ਕੁਝ ਨਵਾਂ ਕਰਨ ਦੀ ਜ਼ਰੂਰਤ ਹੈ। ਪੰਜਾਬ ਦਾ ਸਭਿਆਚਾਰ, ਮੌਸਮ, ਰੁੱਤਾਂ, ਗੁਰੂਆਂ ਦੀ ਬਾਣੀ, ਦੂਜੇ ਪਾਸੇ ਜੋ ਅਜੋਕੋ ਪੰਜਾਬ ਵਿਚ ਬਹੁਤ ਘੱਟ ਦੇਖਣ ਨੂੰ ਮਿਲਦਾ ਹੈ। ਕੁਲ ਮਿਲਾ ਕੇ ਦੇਖੀਏ ਤਾਂ ਇਸ ਬਿਰਤਾਂਤ ਨੂੰ ਅਹਿਮ ਥਾਂ ਦਿੱਤੀ ਗਈ ਹੈ, ਜੋ ਕਿ ਪਾਠਕਾਂ ਲਈ ਬਿਲਕੁਲ ਵੱਖਰਾ ਅਨੁਭਵ ਹੋਵੇਗਾ। ਇਸ ਨਾਵਲ ਦੀ .ਗਹਿਨ ਪੜ੍ਹਤ ਤੋਂ ਪਤਾ ਲਗਦਾ ਹੈ ਕਿ ਇਹ ਨਾਵਲ ਉਤਰ-ਯਥਾਰਥਵਾਦੀ ਪ੍ਰਵਿਰਤੀ ਦੀ ਸ਼੍ਰੇਣੀ ਦਾ ਨਾਵਲ ਹੈ ਜੋ ਆਪਣੀਆਂ ਵਿਸ਼ੇਗਤ ਪ੍ਰਵਿਰਤੀਆਂ ਅਤੇ ਬਿਰਤਾਂਤਕ ਜੁਗਤਾਂ ਦੀ ਦ੍ਰਿਸ਼ਟੀ ਤੋਂ ਸਮੁੱਚੇ ਪੰਜਾਬੀ ਨਾਵਲ ਵਿੱਚ ਆਪਣੀ ਵੱਖਰੀ ਅਤੇ ਵਿਲੱਖਣ ਪਛਾਣ ਬਣਾਉਣ ਵਿਚ ਸਫਲ ਹੋਇਆ ਹੈ। ਅਮਰਜੀਤ ਟਾਂਡਾ ਇੱਕ ਅਜਿਹਾ ਰਚਨਾਕਾਰ ਹੈ ਜਿਸ ਦੇ ਦਿੱਲ ਵਿਚ ਪੰਜਾਬ ਅਤੇ ਇਸਦੇ ਲੋਕਾਂ ਲਈ ਅਥਾਹ ਦਰਦ ਅਤੇ ਹਮਦਰਦੀ ਭਰੀ ਹੋਈ ਹੈ। ਇਸ ਪਿਆਰ ਅਤੇ ਹਮਦਰਦੀ ਸਦਕਾ ਹੀ ਉਹ ਪੰਜਾਬ ਦੇ ਅਤੀਤ, ਵਰਤਮਾਨ ਅਤੇ ਭਵਿੱਖ ਲਈ ਚਿੰਤਤ ਪ੍ਰਤੀਤ ਹੁੰਦਾ ਹੈ।

ਪ੍ਰੋਫੈਸਰ ਅਤੇ ਸਾਬਕਾ ਮੁਖੀ ਪੰਜਾਬੀ
ਵਿਭਾਗ ਦਿੱਲੀ ਯੂਨੀਵਰਸਿਟੀ, ਦਿੱਲੀ

**TAIL PIECE**

## Parents must provide health, education and training to their children

Child is the gift of God, but the parents must know that they shall be bound to ensure the children proper health, proper education and proper training so that they must be abe able to establish in life and therefore, parents must know much about family planning and number of children must be limited so that they must be able to provide three basis to their children.

Child is an asset of the nation and child of today shall be the man of tomorrow and therefre,the government of th3e time too must ensure that each one could get employment and must be able to earn reasonable income with which he could establish a proper life. And in our country government is alive and they have established schools, colleges, training institutions, corporate houses, cooperative societies, even sufficient number of people are deployed in armies, police, in administration. But still people are unemployed and those qare who are not well educated and trained. The parents and the government of the time must ensure first fives health, education, training, employment, proper wages so that there should be proper income with which our people can live a proper life and we can say we too are developed.

The governments and the parents had been ignoring all these five basics requirements hence most of our people are poor and poverty had been breeding poverty in our country. The people must admit their

mistakes in the past and they must stqart thinking on the point and must see that they shall adopt family planning system and shall limit number of children as per their resources and see all the children ae provided three basics helath, education and training. The nation must discipline the people to keep the norms.

**Advocqate dalip singh wasan** *E mail dalipsinghwassan@yahoo.co.in*

# ਕੁਦਰਤ ਦਾ ਵਿਸਮਾਦੀ ਨਿਜ਼ਾਮ:- ਸੰਪੂਰਣ ਜੀਵਨ ਮਾਰਗ ਦੀ ਪਛਾਣ

ਪ੍ਰਿੰ. ਡਾ. ਇੰਦਰਜੀਤ ਸਿੰਘ ਵਾਸੂ
90563-60763



ਭਾਈ ਹਰਿਸਿਮਰਨ ਸਿੰਘ (1950-2026) ਅਜੋਕੇ ਸਮੇਂ ਵਿਚ ਬਲਵਾਨ ਦਾਰਸ਼ਨਿਕ ਖੋਜੀ ਹੋ ਗੁਜ਼ਰਿਆਹੈ। ਉਹ ਪ੍ਰਕਿਰਤੀ ਦੇ ਚਮਤਕਾਰ ਮਨੁੱਖ ਦੀ ਬ੍ਰਹਿਮੰਡੀ ਯਾਤਰਾ, ਉਸ ਦੇ ਆਦਰਸ਼ਕ ਮਨੋਰਥਾਂ ਤੇ ਕਲਿਆਨ ਸਬੰਧੀ ਵੱਖ-ਵੱਖ ਫਲਸਫਿਆਂ ਬਾਰੇ ਖੋਜ ਕਰਦੇ ਰਹੇ ਹਨ। ਵੱਖ-ਵੱਖ ਸਮੇਂ ਵੱਖ-ਵੱਖ ਫਿਲਾਸਫਰਾਂ ਨੇ ਮਨੁੱਖੀ ਜੀਵਨ-ਯਾਤਰਾ ਸੰਬੰਧੀ ਵੱਖ-ਵੱਖ ਜੀਵਨ ਸਿਧਾਂਤਕ-ਪ੍ਰਣਾਲੀਆਂ ਦਾ ਗਿਆਨ ਦਿੱਤਾ ਤਾਂ ਕਿ ਉਹ ਸੁਖੇਨ ਯਾਤਰਾ ਕਰ ਸਕੇ। 1970 ਤੋਂ ਲੈ ਕੇ ਅੱਜ ਤੱਕ ਉਨ੍ਹਾਂ ਨੇ, ਇਸ ਸੰਦਰਭ ਵਿਚ, 18 ਪੁਸਤਕਾਂ ਦਾ ਯੋਗਦਾਨ ਪਾਇਆ। ਉਨ੍ਹਾਂ ਨੇ 2022 ਈ. ਵਿਚ ਇਕ ਪੁਸਤਕ ਰਾਹੀਂ ਕੁਦਰਤ ਦੇ ਵਿਸਮਾਦੀ ਨਿਜ਼ਾਮ ਦਾ ਫਲਸਫਾ ਪੇਸ਼ ਕੀਤਾ। ਜਿਸਨੂੰ ਹੁਣ ਤੱਕ ਹੋਈਆਂ। ਚਿੰਤਨ ਪ੍ਰਣਾਲੀਆਂ ਤੋਂ ਸਭ ਤੋਂ ਵੱਧ ਖੀਮਤੀ ਦਸਿਆ। ਇਸ ਫਲਸਫੇ ਬਾਰੇ ਮੈਂ ਆਪਣੇ ਇਸ ਖੋਜ ਪੱਤਰ ਰਾਹੀਂ ਹੇਠ ਲਿਖੇ ਢੰਗ ਅਨੁਸਾਰ ਬਿਆਨ ਕਰਨ ਦਾ ਯਤਨ ਕੀਤਾ ਹੈ।

ਮਨੁੱਖ ਧਰਤੀ ਦੇ ਇਸ ਗ੍ਰਹਿ ਤੇ, ਆਪਣੇ ਜੀਵਨ ਸਫਰ ਦੌਰਾਨ ਕਈ ਯੁੱਗਾਂ- ਜਾਗੀਰਦਾਰੀ ਯੁੱਗ, ਪੂੰਜੀਵਾਦੀ ਯੁੱਗ, ਸਮਾਜਵਾਦੀ ਯੁੱਗ ਚੋਂ ਲੰਘਦਾ ਹੋਇਆ ਹੁਣ ਖਪਤਕਾਰੀ ਯੁੱਗ ਵਿਚ ਪ੍ਰਵੇਸ਼ ਕਰ ਗਿਆ ਹੈ। ਇਨ੍ਹਾਂ ਯੁੱਗਾਂ ਦੇ ਪ੍ਰਭਾਵ ਵਜੋਂ, ਜੀਵਨ ਦੀਆਂ ਸੁੱਖ-ਸੁਵਿਧਾਵਾਂ ਲਈ ਇਸ ਨੇ ਪੂੰਜੀਵਾਦ, ਸਮਾਜਵਾਦ ਆਦਿ ਫਲਸਫਿਆਂ ਨੂੰ ਉਤਪੰਨ ਕੀਤਾ ਹੈ ਜਿਨ੍ਹਾਂ ਦੇ ਅਧਾਰ ਤੇ ਮਨੁੱਖ ਨੇ ਸਟੇਟ ਦੀਆਂ ਕਈ ਰਾਜ-ਬਣਤਰਾਂ ਸਥਾਪਿਤ ਕੀਤੀਆਂ ਹਨ। ਮਹਾਨ ਪ੍ਰਤਿਭਾਸ਼ਾਲੀ ਮਨੁੱਖਾਂ ਨੇ, ਸਮੇਂ-ਸਮੇਂ ਕਈ ਕਈ ਧਾਰਮਿਕ ਫਿਲਾਸਫੀਆਂ, ਵਿਗਿਆਨਕ ਸਿਧਾਤਾਂ ਨੂੰ ਉਤਪੰਨ ਕੀਤਾ ਹੈ। ਇਸ ਤਰ੍ਹਾਂ ਮਨੁੱਖੀ ਸੰਸਾਰ ਵਿਚ ਕਈ ਸਮਾਜਿਕ, ਰਾਜਨੀਤਿਕ ਤੇ ਸਭਿਆਚਾਰਕ ਤੇ ਆਰਥਿਕ ਪ੍ਰਣਾਲੀਆਂ ਸਾਹਮਣੇ ਆਈਆਂ ਹਨ। ਇਨ੍ਹਾ ਸਾਰੀਆਂ ਵਿਚਾਰਧਾਰਾਵਾਂ ਦਾ ਆਦਰਸ਼ ਇਹ ਰਿਹਾ ਹੈ ਕਿ ਬ੍ਰਹਿਮੰਡ ਤੇ ਕੁਦਰਤ ਦੇ ਪਸਾਰਿਆਂ ਨੂੰ ਮਾਪਿਆਂ ਜਾਵੇ, ਇਨ੍ਹਾਂ ਦੀ ਸਾਰਥਿਕਤਾ ਨੂੰ ਸਮਝਿਆ ਜਾਵੇ ਤੇ ਪਰਮ-ਹਕੀਕਤ ਨਾਲ ਇਕਸੁਰ ਹੋ ਕੇ, ਅਨੰਦ ਭਰਪੂਰ ਤੇ ਸਦ-ਬਹਾਰ ਜੀਵਨ ਜੀਵਿਆ ਜਾਵੇ।

ਭਾਈ ਹਰਿਸਿਮਰਨ ਸਿੰਘ ਨੇ ਆਪਣਾ ਸਮੁੱਚਾ ਜੀਵਨ ਕੁਦਰਤ ਵਲੋਂ ਬਖ਼ਸ਼ੀਆਂ ਸਿਰਜਨਾਤਮਿਕ ਸ਼ਕਤੀਆਂ ਨਾਲ, ਮਨੁੱਖਤਾ ਲਈ ਸੰਪੂਰਨ ਜੀਵਨ ਮਾਰਗ ਦੀ ਤਲਾਸ਼ ਪ੍ਰਤੀ ਸਮਰਪਿਤ ਕੀਤਾ ਹੈ। ਅਜ਼ਾਦ ਭਾਰਤ ਵਿਚ, ਗੁਰਮਤਿ ਤੇ ਸਿੱਖ ਇਤਿਹਾਸ ਦੀ ਰੌਸ਼ਨੀ ਵਿੱਚ ਸਿੱਖ ਕੌਮ ਦੇ ਵਰਤਮਾਨ ਤੇ ਭਵਿੱਖ ਨੂੰ ਸੁਰਖਿਅਤ ਕਰਨ ਲਈ ਕਈ ਅੰਦੋਲਨਾਂ ਵਿਚ ਭਾਗ ਲਿਆ ਹੈ ਤੇ ਇਕ ਲੰਮਾਂ ਸਮਾਂ ਖਾੜਕੂ ਸੰਘਰਸ਼ ਵਿਚ ਸੰਘਰਸ਼ਸ਼ੀਲ ਰਹਿ ਕੇ 15 ਸਾਲ ਜੇਲ੍ਹ-ਯਾਤਰਾ ਵੀ ਕੀਤੀ ਹੈ। 1977 ਈ. ਤੋਂ ਲੈ ਕੇ ਅੱਜ ਤੱਕ ਮਹਾਨ ਸਦੀਵੀ ਸਾਹਿਤ ਦੀਆਂ ਡੇਢ ਦਰਜਨ ਪੁਸਤਕਾਂ ਦਾ ਯੋਗਦਾਨ ਪਾਇਆ ਹੈ। ਉਸ ਦਾ ਸਾਹਿਤ ਮਨੁੱਖਤਾ ਦੇ ਕਲਿਆਨ ਨਾਲ ਸੰਬੰਧਿਤ ਹੈ। ਸੰਸਾਰ ਪੱਧਰ ਤੇ ਰਚੇ ਗਏ ਜੀਵਨ ਫਿਲਾਸਫੀ ਦੀਆਂ ਪ੍ਰਣਾਲੀਆਂ ਦੇ ਮੁਲਾਂਕਣ ਨਾਲ ਸੰਬੰਧਿਤ ਹੈ। ਉਹ ਇਸ ਨਤੀਜੇ ਤੇ ਪਹੁੰਚਿਆ ਕਿ ਮਨੁੱਖਤਾ ਲਈ ਹੁਣ ਤੱਕ ਉਪਜੇ ਫਲਸਫੇ ਪੂੰਜੀਵਾਦ ਤੇ ਸਮਾਜਵਾਦ, ਮਨੁੱਖਤਾ ਨੂੰ ਪੂਰਨ ਸਾਰਥਿਕ ਸੇਧ ਨਹੀਂ ਦੇ ਸਕੇ। ਇਨ੍ਹਾਂ ਨਾਲ ਸੰਬੰਧਿਤ ਆਰਥਕ ਤੇ ਰਾਜਨੀਤਿਕ ਪ੍ਰਬੰਧ ਸੰਸਾਰ ਦੇ ਅਮਨ ਦੇ ਮਨੋਰਥ ਨੂੰ ਪੂਰਾ ਨਹੀਂ ਕਰ ਸਕੇ। ਇਕ ਖ਼ਿਸ਼ ਸਮੇਂ ਤੇ ਯੂਰਪੀਨ ਰਾਜਨੀਤਿਕਾਂ ਵਲੋਂ ਦਿੱਤੀ ਗਈ ਕੌਮ-ਰਾਜ ਦੀ ਥਿਊਰੀ, ਆਪਣੇ ਸੱਭਿਆਚਾਰਕ ਰੂਪਾਂ ਨੂੰ ਦੂਜੇ ਸਭਿਆਚਾਰਾਂ ਤੇ ਜਬਰੀ ਠੋਸਣ ਦੀ ਨੀਤੀ ਕਾਰਨ ਮਨੁੱਖਤਾ ਲਈ ਤਬਾਹੀ ਤੇ ਲਾਚਾਰੀ ਦਾ ਕਾਰਨ ਬਣੀ। ਸੰਸਾਰ ਦੀ ਅਜੋਕੀ ਸੰਕਟ ਭਰਪੂਰ ਸਥਿਤੀ ਦਾ ਮੁੱਖ ਕਾਰਨ ਇਹ ਬਣਿਆ ਹੋਇਆ ਹੈ, ਕਿ ਏਥੇ ਵੱਡੇ ਸ਼ਕਤੀਸ਼ਾਲੀ ਆਰਥਕ ਦੇਸ਼ਾਂ ਦਾ ਏਕਾਧਿਕਾਰ ਹੈ। ਉਹ ਛੋਟੇ-ਛੋਟੇ ਦੇਸ਼ਾਂ ਦੇ ਸਭਿਆਚਾਰਾਂ ਨੂੰ ਉਭਰਨ ਨਹੀਂ ਦਿੰਦੇ। ਹਰ ਦੇਸ਼ ਇਹ ਚਾਹੁੰਦਾ ਹੈ ਕਿ ਉਹ ਨਿੱਜੀ ਰੂਪ ਵਿਚ ਸੰਸਾਰਕ ਅਰਥਚਾਰੇ ਵਿਚ ਯੋਗਦਾਨ ਪਾ ਸਕੇ। ਰੂਸ ਤੇ ਅਮਰੀਕਾ ਵਰਗੇ ਸ਼ਕਤੀਸ਼ਾਲੀ ਦੇਸ਼ ਆਪਣੀ ਧੌਂਸ ਜਮਾਉਣ ਦੀ ਨੀਵੀ ਬਿਰਤੀ ਨੂੰ ਤਿਆਗਣ ਵਿਚ ਫੇਲ ਹੋਏ ਹਨ। ਮਨੁੱਖਤਾ ਲਈ ਮੁੱਖ ਲੋੜ ਅਪਾਣੇ ਨੀਵੇਂ ਆਪੇ ((Lowes self) ਨੂੰ ਉਚੇਰੇ ਆਪੇ (Higher self) ਵਿਚ ਬਦਲਨ ਦੀ ਹੁੰਦੀ ਹੈ। ਉੱਚੀ ਮਨੁੱਖਤਾ ਉਤਪੰਨ ਨਾ ਹੋਣ ਕਾਰਨ ਧਾਰਮਕ ਤੇ ਸਭਿਆਚਾਰਕ ਵਧ ਗਿਣਤੀਆਂ ਤੇ ਘੱਟ ਗਿਣਤੀਆਂ ਦੋਵੇਂ ਹੀ ਅਣ-ਸੁਰਖਿਅਤ ਹੋ ਗਈਆਂ ਹਨ। ਦੋਵੇਂ ਹੀ ਇਕ ਦੂਜੇ ਲਈ ਧਮਕੀਆਂ ਦਾ ਵਾਤਾਵਰਨ ਉਤਪੰਨ ਕਰ ਰਹੇ ਹਨ। ਇਸ ਕਾਰਨ ਰਾਜਨੀਤਿਕ ਵਿਚਾਰਧਾਰਕ ਖਲਾਅ ਪੈਦਾ ਹੋ ਗਿਆ ਹੈ।



ਭਾਈ ਹਰਿਸਿਮਰਨ ਸਿੰਘ ਨੇ ਆਪਣਾ ਸਮੁੱਚਾ ਜੀਵਨ ਕੁਦਰਤ ਵਲੋਂ ਬਖ਼ਸ਼ੀਆਂ ਸਿਰਜਨਾਤਮਿਕ ਸ਼ਕਤੀਆਂ ਨਾਲ, ਮਨੁੱਖਤਾ ਲਈ ਸੰਪੂਰਨ ਜੀਵਨ ਮਾਰਗ ਦੀ ਤਲਾਸ਼ ਪ੍ਰਤੀ ਸਮਰਪਿਤ ਕੀਤਾ ਹੈ। ਇਕ ਲੰਮਾਂ ਸਮਾਂ ਖਾੜਕੂ ਸੰਘਰਸ਼ ਵਿਚ ਸੰਘਰਸ਼ਸ਼ੀਲ ਰਹਿ ਕੇ 15 ਸਾਲ ਜੇਲ੍ਹ-ਯਾਤਰਾ ਵੀ ਕੀਤੀ ਹੈ। 1977 ਈ. ਤੋਂ ਲੈ ਕੇ ਅੱਜ ਤੱਕ ਮਹਾਨ ਸਦੀਵੀ ਸਾਹਿਤ ਦੀਆਂ ਡੇਢ ਦਰਜਨ ਪੁਸਤਕਾਂ ਦਾ ਯੋਗਦਾਨ ਪਾਇਆ ਹੈ।

ਭਾਈ ਹਰਿਸਿਮਰਨ ਸਿੰਘ ਨੇ ਸਮੁੱਚੀ ਹਾਲਤ ਤੇ ਨਿੱਠ ਕੇ ਆਤਮ-ਚਿੰਤਨ ਕੀਤਾ। ਉਸਦੀ ਅੰਤਰ-ਦ੍ਰਿਸ਼ਟੀ ਇਸ ਨਤੀਜੇ ਤੇ ਪਹੁੰਚੀ ਹੈ ਕਿ ਸੰਸਾਰ ਦੇ ਰਾਜਨੀਤਿਕ ਫਿਲਾਸਫਰਾਂ ਨੇ ਆਪਣੇ ਸਿਧਾਤਾਂ ਦੇ ਨਿਰਮਾਣ ਲਈ ਕੁਦਰਤ ਨੂੰ ਅਖੋ-ਪਰੋਖੇ ਕੀਤਾ ਹੈ। ਕੁਦਰਤ-ਵਿਹੀਣ ਆਰਥਕ ਨੀਤੀਆਂ, ਕਾਰਪੋਰੇਟ ਦੀ ਪ੍ਰਭੂਤਾ ਕਾਰਨ ਪੂੰਜੀਵਾਦੀ ਸਿਲਸਿਲਿਆਂ ਤਕ ਸੀਮਿਤ ਹੋ ਗਈਆਂ ਹਨ। ਭਾਈ ਸਾਹਿਬ ਨੇ ਜਦੋਂ ਆਪਣੀ ਗਹੁ-ਭਰਪੂਰ ਦ੍ਰਿਸ਼ਟੀ ਕੁਦਰਤ ਵਲ ਕੀਤੀ ਤਾਂ ਉਹਨਾਂ ਨੂੰ ਪ੍ਰਤੱਖ ਹੋਇਆ ਕਿ ਸਾਰੀ ਬਨਾਸਪਤੀ ਤੇ ਜੀਵ-ਜੰਤੂ ਇਕਸੁਰਤਾ ਵਿਚ ਰਹਿੰਦੇ ਹਨ। ਸਮੁੱਚੀ ਕੁਦਰਤੀ-ਪ੍ਰਣਾਲੀ ਵਿੱਚ ਵੀ ਇਕਸਾਰਤਾ ਹੈ, ਉਹ ਇਸ ਨਤੀਜੇ ਤੇ ਪਹੁੰਚੇ ਕਿ ਹੁਣ ਮਨੁੱਖਤਾ ਨੂੰ ਕੁਦਰਤ ਕੇਂਦਰ ਵਿਸਮਾਦੀ ਨਿਜ਼ਾਮ ਨੂੰ ਬਦਲਵੇਂ ਮਾਡਲ ਵਜੋਂ ਅਪਨਾਉਣਾ ਹੋਵੇਗਾ। ਇਸਤਰ੍ਹਾਂ ਇਸ ਨਵੇਂ ਆਦਰਸ਼ ਨੂੰ ਸਾਹਮਣੇ ਰੱਖ ਕੇ ਉਹਨਾਂ ਨੇ (Alternative state and Global order Social application of nature) ਨਾਂ ਦੀ ਪੁਸਤਕ (2022) ਸੰਸਾਰ ਪੱਧਰ ਤੇ ਪੇਸ਼ ਕੀਤੀ ਜਿਸ ਵਿਚ ਉਨ੍ਹਾਂ ਨੇ ਦਲੀਲ ਦੀ ਜੋਤ ਦਾ ਚਾਨਣ ਤੇ ਪਰੀਖਿਆ ਕਰਨ ਵਾਲੀ ਸੁਰਤ ਦਾ ਕੌਤਿਕੀ ਕਮਾਲ ਕਰ ਦਿਖਾਇਆ। ਗੁਰੂ ਨਾਨਕ ਦੇਵ ਜੀ ਅਨੁਸਾਰ ਇਹ ਦੋ ਸ਼ਕਤੀਆਂ ਮਨੁੱਖ ਨੂੰ ਰੱਬ ਵੱਲੋਂ ਮਿਲਦੀਆਂ ਹਨ। ਇਸ ਸੰਬੰਧ ਵਿਚ ਉਨ੍ਹਾਂ ਦਾ ਕਥਨ 'ਉਕਤਿ ਜੋਤਿ ਲੈ ਸੁਰਤਿ ਪਰੀਖਿਆ॥ ਮਾਤ ਗਰਭ ਮਹਿ ਜਿਨਿ ਨੂੰ ਰਾਖਿਆ॥' (ਅੰਗ 913) ਵਿਸ਼ੇਸ਼ ਹੈ। ਇਸ ਤਰ੍ਹਾਂ ਉਨ੍ਹਾਂ ਨੇ ਬਿਬੇਕ ਬੁੱਧ ਤੇ ਵਿਗਿਆਨਕ ਚਿੰਤਨ ਨਾਲ ਪਹਿਲੀਆਂ ਦੋ ਦਾਰਸ਼ਨਿਕ ਪ੍ਰਣਾਲੀਆਂ -ਪੂੰਜੀਵਾਦ ਤੇ ਸਮਾਜਵਾਦ ਦੇ ਮੁਕਾਬਲੇ ਤੀਜਾ ਬਦਲ ਪੇਸ਼ ਕੀਤਾ। ਜਿਸਨੂੰ ਉਨ੍ਹਾਂ ਨੇ ਕੁਦਰਤ-ਮੁੱਖੀ ਵਿਸਮਾਦੀ ਵਿਸ਼ਵਵਿਆਪੀ ਨਿਜ਼ਾਮ ਦਾ ਨਾਮ ਦਿੱਤਾ ਤੇ ਜਿਸ ਦੀ ਵਿਆਖਿਆ ਲਈ ਕਈ ਵੱਡ-ਅਕਾਰੀ ਪੁਸਤਕਾਂ ਦੀ ਰਚਨਾ ਕੀਤੀ।

ਕੁਦਰਤ-ਮੁਖੀ ਨਿਜ਼ਾਮ ਦੀ ਵਿਆਖਿਆ ਵਿਚ ਦਾਰਸ਼ਨਿਕ ਲੇਖਕ ਨੇ ਪ੍ਰਕਿਰਤੀ ਤੋਂ ਮਿਲਣ ਵਾਲੇ ਕਈ ਸੰਕੇਤਾਂ ਨਾਲ ਸਿਰਜਨਾਤਮਿਕ ਵਾਤਾਵਰਨ ਬਣਾਉਣ ਲਈ ਕਾਰਜਸ਼ੀਲ ਹੋਣ ਲਈ ਆਖਿਆ ਹੈ। ਹੁਣ ਮਨੁੱਖ ਨੂੰ ਬਦਲਵੇ ਵਿਸ਼ਵ ਨਿਜ਼ਾਮ ਲਈ ਨਵੀਂ ਵਿਵਹਾਰਿਕ ਨੀਤੀ ਘੜਨੀ ਪਏਗੀ ਤੇ ਭਵਿੱਖ ਲਈ ਰੋਡ ਮੈਪ ਬਣਾਉਣੇ ਪੈਣਗੇ। ਇਹ ਨਿਜ਼ਾਮ ਇਕ ਹੋਰ ਸੰਸਾਰ ਵਿਸ਼ਵ-ਵਿਆਪੀ ਸੰਘ ਦੀ ਸਥਾਪਨਾ ਕਰੇਗਾ। ਜਿਸ ਵਿਚ ਸਾਰੇ ਸਭਿਆਚਾਰ ਆਪਣੇ ਮਸਲਿਆਂ ਦੇ ਹੱਲ ਲਈ ਪ੍ਰਭਾਵਸ਼ਾਲੀ ਸ਼ਮੂਲੀਅਤ ਕਰਨਗੇ। ਇਹ ਵਿਸ਼ਵ-ਵਿਆਪੀ ਹਾਊਸ ਯੂ.ਐਨ.ਓ ਦੀ ਥਾਂ ਲਵੇਗਾ। ਸਮੁੱਚੀ ਦੁਨੀਆ ਦੀ ਪ੍ਰਤਿਨਿਧਤਾ ਕਰਦਾ ਹੋਇਆ ਇਹ ਹਾਊਸ ਕੌਮ ਸਟੇਟ ਮਾਡਲ ਵਿਚੋਂ ਉਤਪੰਨ ਹੋਣ ਵਾਲੀਆਂ ਜਾਤੀ, ਹੰਕਾਰੀ, ਬਹੁ-ਸੰਖਿਅਕ ਰਾਸ਼ਟਰਵਾਦ, ਮਨੋਵਿਗਿਆਨਕ ਤੇ ਹੋਰ ਮਨੁੱਖੀ ਵੰਡ ਵਿਤਕਰਿਆਂ ਨਾਲ ਸੰਬੰਧਿਤ ਸਮੱਸਿਆਵਾਂ ਨੂੰ ਹੱਲ ਕਰਨ ਵਿਚ ਸਹਾਇਕ ਹੋਵੇਗਾ। ਇਹ ਸੰਘੀ ਮਾਡਲ ਮਨੁੱਖਤਾ ਦੀਆਂ ਭੁਗੋਲਿਕ ਗੁਲਾਮੀ ਦੀਆਂ ਬੇੜੀਆਂ ਤੋਂ ਖਹਿੜਾ ਛੁਡਾਏਗਾ। ਇਹ ਵਿਸ਼ਵ-ਵਿਆਪੀ ਸੰਘ ਉਨਤ ਹੋ ਕੇ ਆਪਣੇ ਆਪ ਵਿਚ ਵਿਸ਼ਵ-ਗੌਰਮਿੰਟ ਦੇ ਸੁਪਨੇ ਵਿਚ ਵਿਕਸਿਤ ਹੋਵੇਗਾ।

ਕੁਦਰਤ ਮਨੁੱਖ ਲਈ ਬੇਅੰਤ ਪ੍ਰੇਰਨਾਵਾਂ ਤੇ ਵਰਦਾਨਾਂ ਦਾ ਸਰੂਪ ਹੈ। ਮਨੁੱਖ ਇਸ ਵਿਚੋਂ ਰੱਬ ਦਾ ਦਰਸ਼ਨ ਪ੍ਰਾਪਤ ਕਰਦਾ ਹੈ। 'ਕੁਦਰਤ ਕਰਿ ਕੈ ਵਸਿਆ ਸੋਇ॥' ਦਾ ਗੁਰਬਾਣੀ ਫੁਰਮਾਨ ਇਸ ਸੰਬੰਧ ਵਿਚ ਵਿਸ਼ੇਸ਼ ਹੈ। ਕੁਦਰਤ ਮਨੁੱਖ ਲਈ ਇਕ ਮਹਾਨ ਅਧਿਆਪਕ ਹੈ ਜੋ ਉਸ ਲਈ ਮਹਾਨ ਸਿੱਖਿਆਵਾਂ ਦਾ ਸੋਮਾ ਹੈ। ਕ੍ਰਿਤੀ ਕਾਮੇ ਤੇ ਕਾਰੀਗਰ ਕੁਦਰਤ-ਮਾਂ ਨਾਲ ਇਕਸੁਰ ਹੋ ਕੇ ਆਪਣੀਆਂ ਕ੍ਰਿਆਵਾਂ ਵਿਚ ਰੁਝੇ ਰਹਿੰਦੇ ਹਨ। ਇਹੀ ਇਕਸੁਰਤਾ ਮਨੁੱਖ ਲਈ ਇਕਸਾਰਤਾ ਦੇ ਸੰਦੇਸ਼ ਦਾ ਸਰੂਪ ਬਣਦੀ ਹੈ। ਕੁਦਰਤ ਦੀ ਗੋਦ ਵਿਚ ਕ੍ਰਿਤੀ ਕਿਸਾਨਾਂ ਦੇ ਪੰਜ ਕਰਮ ਇੰਦਰੇ ਤੇ ਗਿਆਨ ਇੰਦਰੇ ਕਾਰਜਸ਼ੀਲ ਹੋਕੇ ਮਨੁੱਖੀ ਜੀਵਨ ਵਿਚ ਪਦਾਰਥਕ, ਆਰਥਕ ਤੇ ਸੱਭਿਆਚਾਰਕ ਵਿਕਾਸ ਦਾ ਕਾਰਨ ਬਣਦੇ ਹਨ। ਕਿਸਾਨਾਂ ਦੇ ਜੀਵਨ ਦੀ ਸਾਦਗੀ ਪਵਿੱਤਰਤਾ ਦੀ ਲਖਾਇਕ ਹੈ। ਬਨਾਵਟ ਤੇ ਵਿਖਾਵੇ ਤੋਂ ਸਖਣੀ ਜ਼ਿੰਦਗੀ ਨੈਤਿਕ ਪ੍ਰਣਾਲੀ ਦੀ ਜਾਣਕਾਰੀ ਦਿੰਦੀ ਹੈ। ਫੁੱਲਾਂ ਤੇ ਬੂਟਿਆਂ ਦੇ ਖੇੜੇ ਦਾ ਕਾਰਨ ਉਨ੍ਹਾਂ ਦਾ ਆਪਣੀਆਂ ਜੜ੍ਹਾਂ ਨਾਲ ਜੁੜੇ ਹੋਣਾ ਹੈ। ਇਸ ਤੋਂ ਪ੍ਰਰਿਤ ਹੋ ਕੇ ਮਨੁੱਖ ਵੀ ਆਪਣੇ ਮੂਲ ਨਾਲ ਜੁੜ ਸਕਦਾ ਹੈ। ਕੁਦਰਤ ਵਿਚ ਸਭ ਪਸ਼ੂ-ਪੰਛੀ ਰਲ-ਮਿਲ ਕੇ ਰਹਿੰਦੇ ਹਨ, ਮਨੁੱਖ ਵੀ ਸਹਿਹੋਂਦ ਦਾ ਰਲ ਮਿਲ ਕੇ ਰਹਿਣ ਦਾ ਗੁਣ ਅਪਨਾ ਸਕਦਾ ਹੈ। ਕੁਦਰਤ ਪਾਣੀ, ਹਵਾ, ਧੁੱਪ ਆਦਿ ਤੱਤ ਹਰ ਵੇਲੇ ਨਿਸ਼ਕਾਮ ਹੋ ਕੇ ਵੰਡਦੀ ਹੈ। ਮਨੁੱਖ ਵੀ ਲੋਭ ਲਾਲਚ ਦੀ ਪ੍ਰਵਿਰਤੀ ਨੂੰ ਤਿਆਗਣ ਦੀ ਜਾਂਚ ਸਿਖ ਸਕਦਾ ਹੈ। ਕੁਦਰਤ ਹਰ ਵੇਲੇ ਵਸਤਾਂ ਵੰਡਦੀ ਹੈ, ਮਨੁੱਖ ਇਸ ਤੋਂ ਅਸਲ ਜੀਵਨ ਜਾਚ ਦੀ ਸਿੱਖਿਆ ਲੇ ਸਕਦਾ ਹੈ, ਅਸਲ ਰਹਿਣੀ ਕਬਜਾ ਨਹੀਂ, ਵੰਡਣ ਦੀ ਰਹੁ-ਰੀਤ ਹੈ।

ਮਨੁੱਖ ਵੰਡ ਛਕਣ ਦੀ ਰਹੁ-ਰੀਤ ਦਾ ਘੇਰਾ ਵਿਸ਼ਾਲ ਕਰ ਸਕਦਾ ਹੈ। ਕੁਦਰਤ ਇਸ ਸਬੰਧ ਵਿਚ ਉਸ ਨੂੰ ਅਗਵਾਈ ਦਿੰਦੀ ਹੈ। ਮਨੁੱਖ ਵਿਗਿਆਨ ਤਕਨਾਲੋਜੀ, ਵਾਧੂ ਉਪਜ, ਵਾਧੂ-ਪਾਣੀ ਤੇ ਖੁਸ਼ਹਾਲੀ ਨੂੰ ਘੱਟ ਵਿਕਸਤ ਦੇਸ਼ਾਂ ਨੂੰ ਵੰਡ ਸਕਦਾ ਹੈ। ਵਿਦਵਾਨ ਲੇਖਕ ਨੇ ਕੁਦਰਤ ਤੋਂ ਮਹਾਨ ਪ੍ਰੇਰਨਾਵਾਂ ਲੈਣ ਵੱਲ ਸ਼ਪੱਸ਼ਟ ਸੰਕੇਤ ਦਿੱਤੇ ਹਨ। ਕੁਦਰਤ ਦੇ ਆਦਰਸ਼ਕ ਵਿਸ਼ਵ-ਵਿਆਪੀ ਨਿਜ਼ਾਮ ਦਾ ਆਦਰਸ਼ ਮਨੁੱਖ ਦੇ- ਵਿਕਾਸ ਦਾ ਆਖਰੀ ਪੜਾ ਹੋਵੇਗਾ ਕਿਉਂਕਿ ਕੁਦਰਤ ਤੋਂ ਪਾਰ ਹੋਰ ਕੋਈ ਵਸਤ ਨਹੀਂ।

* * * * * * *

# ਵਿਦੇਸ਼ੀ ਬੰਬ ਈਰਾਨ ਲਈ ਅਜ਼ਾਦੀ ਨਹੀਂ ਲਿਆਉਣਗੇ

**ਸਿਮਾ ਅਤਰੀ**
**ਅੰਗਰੇਜ਼ੀ ਤੋਂ ਅਨੁਵਾਦ**
**ਸੁਖਵੰਤ ਹੁੰਦਲ**

(ਈਰਾਨੀ ਮੂਲ ਦੀ ਕੈਨੇਡੀਅਨ ਸਿਮਾ ਅਤਰੀ ਟੋਰਾਂਟੋ ਦੀ ਕਮਿਊਨਿਟੀ ਜਸਟਿਸ ਕੁਲੈਕਟਿਵ (ਸੀ ਜੇ ਸੀ) ਵਿਖੇ ਮਨੁੱਖੀ ਅਧਿਕਾਰਾਂ ਦੀ ਵਕੀਲ ਅਤੇ ਆਰਗੇਨਾਈਜਰ ਹੈ। ਇਸ ਤੋਂ ਪਹਿਲਾਂ ਉਹ ਸੇਂਟ ਲੂਇਸ, ਮਿਸੂਰੀ ਵਿੱਚ ਸਿਵਲ ਅਧਿਕਾਰਾਂ ਦੀ ਵਕੀਲ ਦੀ ਸੇਵਾ ਨਿਭਾ ਚੁੱਕੀ ਹੈ। ਉਸ ਵਲੋਂ ਇਹ ਆਰਟੀਕਲ ਕੈਨੇਡੀਅਨ ਡਾਇਮੈਨਸ਼ਨ ਮੈਗਜ਼ੀਨ ਦੇ ਸਾਈਟ 'ਤੇ 3 ਮਾਰਚ ਨੂੰ ਛਪਿਆ ਸੀ। ਪੰਜਾਬੀ ਪਾਠਕਾਂ ਲਈ ਇਸ ਦਾ ਪੰਜਾਬੀ ਅਨੁਵਾਦ ਪੇਸ਼ ਹੈ।)

28 ਫਰਵਰੀ ਨੂੰ, ਸੰਯੁਕਤ ਰਾਜ ਅਮਰੀਕਾ ਅਤੇ ਇਜ਼ਰਾਈਲ ਨੇ ਰਲ ਕੇ ਈਰਾਨ 'ਤੇ ਫੌਜੀ ਹਮਲਾ ਕਰ ਦਿੱਤਾ ਜਿਸ ਵਿੱਚ ਸੁਪਰੀਮ ਲੀਡਰ ਆਇਆਤੋਲਾ ਅਲੀ ਖਾਮਨੇਈ ਦੀ ਮੌਤ ਹੋ ਗਈ ਅਤੇ ਨਿਜ਼ਾਮ ਬਦਲੀ ਦੀ ਬੇਸ਼ਰਮ ਮੁਹਿੰਮ ਦੀ ਸ਼ੁਰੂਆਤ।

ਹਮਲੇ ਦੇ ਤੀਜੇ ਦਿਨ ਤੱਕ, 780 ਤੋਂ ਵੱਧ ਈਰਾਨੀ ਮਾਰੇ ਜਾ ਚੁੱਕੇ ਹਨ, ਜਿਨ੍ਹਾਂ ਵਿੱਚ ਇੱਕ ਪ੍ਰਾਇਮਰੀ ਸਕੂਲ ਵਿੱਚ ਮਾਰੇ ਗਏ 175 ਬੱਚੇ ਵੀ ਸ਼ਾਮਲ ਹਨ।

ਇਜ਼ਰਾਈਲ ਵਲੋਂ ਇਸ ਖੇਤਰ ਵਿੱਚ ਆਪਣੀ ਜੰਗ ਨੂੰ ਵਧਾਉਂਦਿਆਂ ਬੈਰੂਤ 'ਤੇ ਕੀਤੀ ਬੰਬਾਰੀ ਨਾਲ ਲੈਬਨਾਨ ਵਿੱਚ ਵੀ 50 ਤੋਂ ਵੱਧ ਲੋਕ ਮਾਰੇ ਗਏ ਹਨ। ਗਾਜ਼ਾ ਇੱਕ ਵਾਰ ਫਿਰ ਪੂਰੀ ਤਰ੍ਹਾਂ ਘੇਰਾਬੰਦੀ ਅਧੀਨ ਹੈ, ਜਿੱਥੇ ਖਾਣੇ ਅਤੇ ਮਨੁੱਖੀ ਲੋੜਾਂ ਲਈ ਜ਼ਰੂਰੀ ਵਸਤਾਂ ਦੀ ਸਪਲਾਈ ਲਈ ਸਰਹੱਦਾਂ ਬੰਦ ਕਰ ਦਿੱਤੀਆਂ ਗਈਆਂ ਹਨ।

ਜਦੋਂ ਈਰਾਨ ਦੇ ਉਹਨਾਂ ਸ਼ਹਿਰਾਂ 'ਤੇ ਬੰਬ ਡਿਗ ਰਹੇ ਹਨ ਜਿੱਥੇ ਮੇਰੇ ਪਰਿਵਾਰ ਵਾਲੇ ਰਹਿੰਦੇ ਹਨ, ਡੋਨਾਲਡ ਟਰੰਪ ਇਸ ਨੂੰ ਈਰਾਨ ਦੀ ਅਜ਼ਾਦੀ ਦਾ ਮੌਕਾ ਕਹਿ ਰਿਹਾ ਹੈ। ਈਰਾਨ ਤੋਂ ਬਾਹਰ ਵਸਦੇ ਈਰਾਨੀ ਲੋਕਾਂ (ਈਰਾਨੀ ਡਾਇਆਸਪੋਰਾ) ਵਿੱਚ ਕੁਝ ਲੋਕ ਖੁਸ਼ ਹੋ ਰਹੇ ਹਨ ਅਤੇ ਅਮਰੀਕੀ ਦੂਤਘਰਾਂ ਅੱਗੇ ਗੁਲਾਬ ਦੇ ਫੁੱਲ ਰੱਖ ਰਹੇ ਹਨ। ਸਾਬਕਾ ਸ਼ਾਹ ਦੇ ਪੁੱਤਰ ਰੇਜ਼ਾ ਪਹਿਲਵੀ ਨੇ ਐਲਾਨ ਕੀਤਾ ਹੈ ਕਿ ਈਰਾਨ ਦੇ ਲੋਕ ਅਮਰੀਕੀ ਸੈਨਿਕਾਂ ਦੇ "ਹਮੇਸ਼ਾ ਕਰਜ਼ਦਾਰ" ਰਹਿਣਗੇ।

ਮੈਂ ਅਜ਼ਾਦੀ ਅਤੇ ਮੁਕਤੀ ਲਈ ਲੜ ਰਹੇ ਅਤੇ ਮੌਜੂਦਾ ਨਿਜ਼ਾਮ ਦੇ ਦਮਨ ਅਤੇ ਭ੍ਰਿਸ਼ਟਾਚਾਰ ਦਾ ਵਿਰੋਧ ਕਰ ਰਹੇ ਈਰਾਨੀ ਪ੍ਰਦਰਸ਼ਨਕਾਰੀਆਂ ਦੇ ਸਮਰਥਨ ਵਿੱਚ ਮਾਰਚ ਕੀਤੇ ਹਨ। ਪਰ ਜਦੋਂ ਵਿਸ਼ਵ ਦੀਆਂ ਦੋ ਸਾਮਰਾਜਵਾਦੀ ਤਾਕਤਾਂ ਜੰਗ ਦਾ ਨਵਾਂ ਮੋਰਚਾ ਖੋਲ੍ਹ ਰਹੀਆਂ ਹਨ ਤਾਂ ਸਾਨੂੰ ਆਪਣੇ ਆਪ ਨੂੰ ਠੱਗੇ ਜਾਣ ਤੋਂ ਬਚਾਉਣਾ ਚਾਹੀਦਾ ਹੈ। ਨਾ ਹੀ ਅਸੀਂ ਉਸ ਰਾਜਨੀਤਕ ਮਸ਼ੀਨਰੀ ਨੂੰ ਨਜ਼ਰਅੰਦਾਜ਼ ਕਰ ਸਕਦੇ ਹਾਂ ਜੋ ਅਮਰੀਕਾ ਦੇ ਸਮਰਥਨ ਵਾਲੇ ਸ਼ਾਹ ਨੂੰ ਈਰਾਨ ਦੇ ਨਿਜ਼ਾਮ ਦੀ ਥਾਂ ਲੈਣ ਲਈ ਤਿਆਰ ਕਰ ਰਹੀ ਹੈ-ਉਸ ਸ਼ਾਹ ਦੇ ਪੁੱਤਰ ਨੂੰ ਜਿਸ ਨੇ ਵਿਰੋਧ ਨੂੰ ਦਬਾਇਆ, ਅਮੀਰਾਂ ਲਈ ਰਾਜ ਕੀਤਾ, ਖੇਤਰ ਵਿਚਲੀਆਂ ਵਿਰੋਧ ਦੀਆਂ ਲਹਿਰਾਂ 'ਤੇ ਦਮਨ ਕੀਤਾ ਅਤੇ ਸਾਮਰਾਜਵਾਦੀਆਂ ਨੂੰ ਈਰਾਨ ਦੇ ਵਸੀਲਿਆਂ ਤੱਕ ਪਹੁੰਚ ਪ੍ਰਦਾਨ ਕੀਤੀ ਸੀ।

ਇਹ ਹਮਲਾ ਕਦਾਚਿਤ ਹੀ ਈਰਾਨ ਦੇ ਲੋਕਾਂ ਦੇ ਹੱਕਾਂ ਬਾਰੇ ਨਹੀਂ ਹੈ। ਜੇ ਅਸੀਂ ਸੱਚਮੁੱਚ ਈਰਾਨ ਦੀ ਆਜ਼ਾਦੀ ਅਤੇ ਮੁਕਤੀ ਦੇ ਪੱਖ ਵਿੱਚ ਹਾਂ, ਤਾਂ ਸਾਨੂੰ ਪੁੱਛਣਾ ਚਾਹੀਦਾ ਹੈ: ਈਰਾਨ ਨੂੰ ਕੌਣ ਅਜ਼ਾਦ ਕਰਾ ਸਕਦਾ ਹੈ-ਇਸ ਦੇ ਆਪਣੇ ਲੋਕ, ਵਿਦੇਸ਼ੀ ਬੰਬ, ਜਾਂ ਬਹਾਲ ਕੀਤਾ ਸ਼ਾਹ?

ਕੀ ਇਹ ਸੱਚਮੁੱਚ ਹੀ ਅਜ਼ਾਦੀ ਬਾਰੇ ਹੈ?-ਅਮਰੀਕਾ ਦੀਆਂ ਦਖਲਅੰਦਾਜ਼ੀਆਂ ਦਾ ਰਿਕਾਰਡ ਸਪੱਸ਼ਟ ਕਰਦਾ ਹੈ ਕਿ ਅਜ਼ਾਦੀ, ਮਨੁੱਖੀ ਅਧਿਕਾਰ ਅਤੇ ਕਥਿੱਤ ਖ਼ਤਰੇ ਵਾਰ-ਵਾਰ ਅਜਿਹੀਆਂ ਜੰਗਾਂ ਨੂੰ ਜਾਇਜ਼ ਠਹਿਰਾਉਣ ਲਈ ਵਰਤੇ ਜਾਂਦੇ ਹਨ ਜੋ ਅਮਰੀਕਾ ਦੇ ਰਣਨੀਤਕ ਹਿੱਤਾਂ ਦੀ ਸੇਵਾ ਕਰਦੀਆਂ ਹਨ।




ਗੁਆਟੇਮਾਲਾ ਤੋਂ ਚਿਲੀ ਅਤੇ ਇਰਾਕ ਤੱਕ ਅਮਰੀਕਾ ਦੀਆਂ ਫੌਜੀ ਦਖਲਅੰਦਾਜ਼ੀਆਂ ਦੌਰਾਨ ਕੀਤੇ ਮੁਕਤੀ ਦੇ ਵਾਅਦੇ ਮੌਤ, ਤਬਾਹੀ ਅਤੇ ਵਿਦੇਸ਼ੀ ਕੰਟਰੋਲ ਲੈ ਕੇ ਆਏ ਸਨ। ਇਨ੍ਹਾਂ ਦਖਲਅੰਦਾਜ਼ੀਆਂ ਨੇ ਅਮਰੀਕਾ ਦੇ ਰਣਨੀਤਕ ਲਾਭ ਨੂੰ ਸੁਰੱਖਿਅਤ ਕੀਤਾ ਅਤੇ ਪੱਛਮੀ ਪੂੰਜੀ ਦੇ ਹਿੱਤਾਂ ਨੂੰ ਵਧਾਇਆ। ਟਰੰਪ ਵਲੋਂ ਤਬਾਹ ਹੋਏ ਗਾਜ਼ਾ ਨੂੰ "ਮੱਧ ਪੂਰਬ ਦੇ ਰਿਵੀਏਰਾ" ਵਜੋਂ ਮੁੜ ਵਿਕਸਤ ਕਰਨ ਦਾ ਵਾਅਦਾ ਇਸ ਦੀ ਇਕ ਤਾਜ਼ਾ ਉਦਾਹਰਣ ਹੈ। ਇਹ ਜੰਗਾਂ ਅਮਰੀਕਾ ਦੇ ਆਮ ਲੋਕਾਂ ਨੂੰ ਲਾਭ ਨਹੀਂ ਪਹੁੰਚਾਉਂਦੀਆਂ; ਇਹ ਤੇਲ, ਖਾਣੇ ਅਤੇ ਹੋਰ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਵਧਾਉਂਦੀਆਂ ਹਨ, ਜਦ ਕਿ ਡਿਫੈਂਸ ਕੰਟਰੈਕਟਰ ਅਤੇ ਐਨਿਰਜੀ (ਤੇਲ ਅਤੇ ਊਰਜਾ ਦੇ ਹੋਰ ਸ੍ਰੋਤਾਂ) ਨਾਲ ਸੰਬੰਧਿਤ ਕਾਰਪੋਰੇਸ਼ਨਾਂ ਮੁਨਾਫੇ ਕਮਾਉਂਦੀਆਂ ਹਨ।

ਈਰਾਨ ਦੀ ਇੱਕ ਡੂੰਘੀ ਲੋਕਤੰਤਰੀ ਪਰੰਪਰਾ ਹੈ। 20ਵੀਂ ਸਦੀ ਦੇ ਸ਼ੁਰੂ ਵਿੱਚ, ਇਸ ਨੇ ਸੰਵਿਧਾਨਕ ਪ੍ਰਬੰਧ ਸਥਾਪਿਤ ਕੀਤਾ ਅਤੇ 1953 ਵਿੱਚ ਇਸ ਦੇ ਲੋਕਤੰਤਰੀ ਤੌਰ 'ਤੇ ਚੁਣੇ ਗਏ ਪ੍ਰਧਾਨ ਮੰਤਰੀ ਮੁਹੰਮਦ ਮੋਸਾਦੇਗ ਨੂੰ ਸੀ ਆਈ ਏ ਅਤੇ ਐੱਮ 16 ਵਲੋਂ ਰਚੇ ਰਾਜ ਪਲਟੇ ਵਿੱਚ ਗੱਦੀਓਂ ਲਾਹ ਦਿੱਤਾ ਗਿਆ ਜਦੋਂ ਉਸ ਨੇ ਦੇਸ਼ ਦੇ ਤੇਲ ਉਦਯੋਗ ਦਾ ਰਾਸ਼ਟਰੀਕਰਨ ਕਰਕੇ ਲੋਕਾਂ ਦੇ ਕੰਟਰੋਲ ਵਿੱਚ ਲਿਆਂਦਾ ਸੀ। ਪੱਛਮੀ ਸ਼ਕਤੀਆਂ ਨੇ ਆਪਣੇ ਰਣਨੀਤਕ ਅਤੇ ਆਰਥਿਕ ਹਿੱਤ ਸੁਰੱਖਿਅਤ ਕਰਨ ਲਈ ਸ਼ਾਹ ਮੁਹੰਮਦ ਰੇਜ਼ਾ ਪਹਿਲਵੀ ਨੂੰ ਵਾਪਸ ਗੱਦੀ 'ਤੇ ਬਿਠਾਇਆ। ਇਸ ਨਾਲ ਪੱਛਮੀ ਪੂੰਜੀ ਖੁਸ਼ਹਾਲ ਹੋਈ ਜਦੋਂ ਕਿ ਈਰਾਨ ਵਿੱਚ ਨਾਬਰਾਬਰੀ ਵਧੀ ਅਤੇ ਲੋਕਤੰਤਰੀ ਸੰਭਾਵਨਾਵਾਂ ਘਟੀਆਂ। 1979 ਵਿੱਚ ਇੱਕ ਜਨਤਕ ਇਨਕਲਾਬ ਨੇ ਰਾਜਸ਼ਾਹੀ ਨੂੰ ਲਾਹ ਦਿੱਤਾ, ਪਰ ਅਖੀਰ ਵਿੱਚ ਇਸ ਕ੍ਰਾਂਤੀ ਨੂੰ ਧਾਰਮਕ (ਥੀਓਕਰੈਟਿਕ) ਲੀਡਰਸ਼ਿੱਪ ਨੇ ਕੰਟਰੋਲ ਕਰ ਲਿਆ ਅਤੇ ਇਸ ਵਿਚਲੀਆਂ ਖੱਬੇਪੱਖੀ ਅਤੇ ਹੋਰ ਵਿਰੋਧੀ ਤਾਕਤਾਂ ਨੂੰ ਕੁਚਲ ਦਿੱਤਾ।

ਬੈਂਜਾਮਿਨ ਨੇਤਨਯਾਹੂ ਨੇ ਹਾਲ ਹੀ ਵਿੱਚ ਈਰਾਨੀ ਲੋਕਾਂ ਨੂੰ ਸਿੱਧਾ ਸੰਬੋਧਨ ਕਰਦਿਆਂ ਕਿਹਾ: "ਤੁਹਾਡੇ ਦੁੱਖ ਅਤੇ ਕੁਰਬਾਨੀਆਂ ਵਿਅਰਥ ਨਹੀਂ ਜਾਣਗੀਆਂ। ਜਿਸ ਮਦਦ ਦੀ ਤੁਸੀਂ ਇੱਛਾ ਕਰ ਰਹੇ ਸੀ, ਉਹ ਹੁਣ ਆ ਗਈ ਹੈ।" ਉਸ ਨੇ ਇਹ ਐਲਾਨ ਉਸ ਸਮੇਂ ਕੀਤਾ ਜਦੋਂ ਹਵਾਈ ਹਮਲੇ ਈਰਾਨ ਭਰ ਵਿੱਚ ਸ਼ਹਿਰੀ (ਸਿਵਲੀਅਨ) ਇਲਾਕਿਆਂ ਨੂੰ ਤਬਾਹ ਕਰ ਰਹੇ ਸਨ।

ਈਰਾਨ ਦੇ ਇਸਲਾਮੀ ਨਿਜ਼ਾਮ ਦਾ ਤਖਤਾ ਉਲਟਾਉਣ ਪਿੱਛੇ ਇਜ਼ਰਾਈਲ ਦਾ ਉਦੇਸ਼ ਇਸ ਖੇਤਰ ਵਿੱਚ ਆਪਣੀ ਸੱਤਾ ਨੂੰ ਮਜ਼ਬੂਤ ਕਰਨ ਨਾਲ ਜੁੜਿਆ ਹੋਇਆ ਹੈ, ਖਾਸ ਕਰਕੇ ਈਰਾਨ ਦੀ ਫੌਜੀ ਸਮਰੱਥਾ ਅਤੇ ਉਸ ਵਲੋਂ ਇਜ਼ਰਾਈਲ ਦੇ ਗਲਬੇ ਦਾ ਵਿਰੋਧ ਕਰਨ ਵਾਲੇ ਹਮਾਸ ਅਤੇ ਹਿਜ਼ਬੁੱਲਾਹ ਵਰਗੇ ਗਰੁੱਪਾਂ ਨੂੰ ਸਹਾਇਤਾ ਪ੍ਰਦਾਨ ਕਰਨ ਨੂੰ ਧਿਆਨ ਵਿੱਚ ਰੱਖਦਿਆਂ। ਇਜ਼ਰਾਈਲ ਦੇ ਖੇਤਰੀ ਅਜੰਡੇ ਦੀ ਈਰਾਨ ਦੀ ਅਜ਼ਾਦੀ ਨਾਲ ਤੁਲਨਾ ਕਰਨਾ ਗਲਤ ਹੈ।

ਬੰਬ ਲੋਕਤੰਤਰ ਨਹੀਂ ਲਿਆਉਂਦੇ-ਇਸ ਜੰਗ ਤੋਂ ਬਾਅਦ ਕੀ ਹੋਵੇਗਾ, ਇਸ ਬਾਰੇ ਟਰੰਪ ਨੇ ਕੋਈ ਉੱਚਿਤ ਯੋਜਨਾ ਪੇਸ਼ ਨਹੀਂ ਕੀਤੀ। ਇਜ਼ਰਾਈਲੀ ਸਰਕਾਰ ਦੇ ਸਾਬਕਾ ਸਲਾਹਕਾਰ ਡੇਨੀਅਲ ਲੇਵੀ ਨੇ ਅਲ ਜਜ਼ੀਰਾ ਨੂੰ ਦੱਸਿਆ: "ਇਜ਼ਰਾਈਲ ਨੂੰ ਨਿਜ਼ਾਮ ਅਤੇ ਰਾਜ (ਸਟੇਟ) ਦੇ ਖਾਤਮੇ ਵਿੱਚ ਵੱਧ ਦਿਲਚਸਪੀ ਹੈ। ਉਹ ਚਾਹੁੰਦੇ ਹਨ ਕਿ ਈਰਾਨ ਅੰਦਰੋਂ ਫਟ ਜਾਵੇ, ਅਤੇ ਜੇ ਇਸ ਦਾ ਅਸਰ ਇਰਾਕ, ਖਾੜੀ ਅਤੇ ਖੇਤਰ ਦੇ ਬਹੁਤੇ ਹਿੱਸੇ ਵਿੱਚ ਫੈਲ ਜਾਵੇ ਤਾਂ ਹੋਰ ਵੀ ਵਧੀਆ ਹੋਵੇਗਾ।"

ਨਿਜ਼ਾਮ ਦੀ ਬਦਲੀ ਤੇਜ਼ੀ ਨਾਲ ਜਾਂ ਖੂਨ-ਖਰਾਬੇ ਤੋਂ ਬਿਨਾਂ ਨਹੀਂ ਹੋਵੇਗੀ। 190,000 ਦੇ ਲਗਭਗ ਐਕਟਿਵ ਜਵਾਨਾਂ ਅਤੇ ਵਿਸ਼ਾਲ ਪੈਰਾਮਿਲਟਰੀ ਅਤੇ ਆਰਥਿਕ ਨੈੱਟਵਰਕ ਨਾਲ, ਇਸਲਾਮਿਕ ਰੈਵੋਲਿਊਸ਼ਨਰੀ ਗਾਰਡ ਕੌਰਪਸ ਈਰਾਨ ਦੇ ਰਾਜਨੀਤਕ ਅਤੇ ਆਰਥਿਕ ਬੁਨਿਆਦੀ ਢਾਂਚੇ ਨਾਲ ਡੂੰਘੀ ਤਰ੍ਹਾਂ ਜੁੜੀ ਹੋਈ ਹੈ। ਬਾਹਰੀ ਹਮਲਾ ਨਿਜ਼ਾਮ ਲਈ ਸਮਰਥਨ ਨੂੰ ਮਜ਼ਬੂਤ ਕਰ ਰਿਹਾ ਹੈ ਕਿਉਂਕਿ ਦੇਸ਼ ਘੇਰਾਬੰਦੀ ਦੀ ਸਥਿਤੀ ਵਿੱਚ ਇਕੱਠਾ ਹੋ ਰਿਹਾ ਹੈ।

ਇਸ ਦੇ ਨਾਲ ਹੀ ਇਹ ਜੰਗ ਅਜਿਹੇ ਵਿਸ਼ਵ ਪ੍ਰਸੰਗ ਵਿੱਚ ਵਾਪਰ ਰਹੀ ਹੈ ਜਿਸ ਵਿੱਚ ਅੰਤਰਰਾਸ਼ਟਰੀ ਕਾਨੂੰਨ ਸੱਤਾ ਨੂੰ ਰੋਕਣ ਵਿੱਚ ਅਸਫਲ ਹੈ। ਜਿਵੇਂ ਫਲਸਤੀਨ ਵਿੱਚ ਨਸਲਕੁਸ਼ੀ ਦੌਰਾਨ ਨਾਗਰਿਕਾਂ 'ਤੇ ਹਮਲਿਆਂ ਕਾਰਨ ਪੱਛਮ ਦੇ ਨੇੜਲੇ ਸਹਿਯੋਗੀਆਂ ਨੂੰ ਕਿਸੇ ਕਿਸਮ ਦੇ ਨਤੀਜਿਆਂ ਦਾ ਸਾਹਮਣਾ ਨਹੀਂ ਕਰਨਾ ਪਿਆ। ਕਾਨੂੰਨੀ ਮਾਪਦੰਡ ਜਦੋਂ ਵੀ ਭੂ-ਰਾਜਨੀਤਕ ਹਿੱਤਾਂ ਲਈ ਰੁਕਾਵਟ ਬਣਦੇ ਹਨ ਤਾਂ ਉਹਨਾਂ ਨੂੰ ਤਿਆਗ ਦਿੱਤਾ ਜਾਂਦਾ ਹੈ।

ਇਤਿਹਾਸ ਇਸ ਤਰ੍ਹਾਂ ਦੀ ਲੋਕਤੰਤਰੀ ਤਬਦੀਲੀ ਦੇ ਨਜ਼ਰੀਏ ਬਾਰੇ ਸੰਜੀਦਾ ਸਬਕ ਦਿੰਦਾ ਹੈ। ਵਿਨਸੈਂਟ ਬੇਵਿਨਜ਼ ਆਪਣੀ ਤਾਜ਼ਾ ਕਿਤਾਬ ਇਫ ਵੀ ਬਰਨ: ਦੀ ਮਾਸ ਪ੍ਰੋਟੈਸਟ ਡੈਕੇਡ ਐਂਡ ਦੀ ਮਿਸਿੰਗ ਰੈਵੋਲੂਸ਼ਨ **(If We Burn: The Mass Protest Decade and the Msisng Revoluiton)** ਵਿੱਚ ਕਹਿੰਦਾ ਹੈ ਕਿ ਜਦੋਂ ਸਰਕਾਰਾਂ ਪਹਿਲਾਂ ਤੋਂ ਮੌਜੂਦ ਸੰਗਠਨਾਂ, ਲੀਡਰਸ਼ਿੱਪ ਦੇ ਢਾਂਚਿਆਂ ਜਾਂ ਸਪਸ਼ਟ ਬਦਲਾਂ ਦੇ ਬਿਨਾਂ ਡਿਗਦੀਆਂ ਹਨ ਜਾਂ ਅਸਥਿਰ ਹੋ ਜਾਂਦੀਆਂ ਹਨ ਤਾਂ ਲਹਿਰਾਂ ਸੱਤਾ ਦੇ ਖਲਾਵਾਂ ਨੂੰ ਭਰਨ ਜਾਂ ਸਥਾਈ ਤਬਦੀਲੀ ਲਿਆਉਣ ਦੇ ਯੋਗ ਨਹੀਂ ਹੁੰਦੀਆਂ ਅਤੇ ਬਹੁਤੇ ਮਾਮਲਿਆਂ ਵਿੱਚ ਨਤੀਜੇ ਉਨ੍ਹਾਂ ਦੀਆਂ ਮੰਗਾਂ ਦੇ ਉਲਟ ਨਿਕਲਦੇ ਹਨ। ਲਹਿਰਾਂ ਨੂੰ ਵਰਤ ਲਿਆ ਜਾਂਦਾ ਹੈ ਜਾਂ ਰਾਜ ਪ੍ਰਬੰਧ ਨੂੰ ਨਵੇਂ ਰੂਪ ਵਿੱਚ ਬਰਕਰਾਰ ਰੱਖਿਆ ਜਾਂਦਾ ਹੈ।

ਝੂਠੇ ਮੁਕਤੀਦਾਤਾ ਵਜੋਂ ਸਥਾਪਤ ਕੀਤਾ ਜਾ ਰਿਹਾ ਸ਼ਾਹ-ਰੇਜ਼ਾ ਪਹਿਲਵੀ 1979 ਵਿੱਚ ਜਨਤਕ ਇਨਕਲਾਬ ਦੁਆਰਾ ਤਖਤੇ ਤੋਂ ਲਾਹੇ ਗਏ ਸ਼ਾਹ ਦਾ ਪੁੱਤਰ ਹੈ। ਅਮਰੀਕਾ ਤੋਂ ਸਮਰਥਨ ਪ੍ਰਾਪਤ ਰਾਜਸ਼ਾਹੀ ਨੇ ਪੱਛਮੀ ਸੁਰੱਖਿਆ ਦੇ ਬੁਨਿਆਦੀ ਢਾਂਚੇ (ਵੈਸਟਰਨ ਸਿਕਿਉਰਿਟੀ ਇਨਫਰਾਸਟ੍ਰਕਚਰ) ਦੇ ਸਮਰਥਨ ਨਾਲ ਤਾਨਾਸ਼ਾਹੀ ਤਾਕਤ ਨਾਲ ਰਾਜ ਕੀਤਾ। ਇਸ ਦੇ ਨਿਜ਼ਾਮ ਨੇ ਸਵਾਕ ਦੇ ਨਾਂ ਨਾਲੇ ਜਾਣੇ ਜਾਂਦੇ ਬਦਨਾਮ ਸੁਰੱਖਿਆ ਬਲਾਂ

**ਬਾਕੀ ਹਿਸਾ ਸਫਾ 58 ਤੇ ਪੜ੍ਹੋ**

57 ਸਫ਼ੇ ਦੀ ਬਾਕੀ

(ਜਿਹਨਾਂ ਨੂੰ ਇਜ਼ਰਾਈਲ ਵਲੋਂ ਸਿਖਲਾਈ ਅਤੇ ਹਿਮਾਇਤ ਦਿੱਤੀ ਜਾਂਦੀ ਸੀ) ਰਾਹੀਂ ਵਿਰੋਧੀਆਂ ਨੂੰ ਕੈਦ ਕੀਤਾ, ਤਸੀਹੇ ਦਿੱਤੇ ਅਤੇ ਗੁੰਮ ਕਰ ਦਿੱਤਾ।

ਪਹਿਲਵੀ ਆਪਣੀ ਰਾਜਨੀਤਕ ਵਚਨਬੱਧਤਾਵਾਂ ਨੂੰ ਲੁਕਾਉਂਦਾ ਨਹੀਂ। ਉਹ ਇੱਕ ਨਸਲੀ-ਰਾਸ਼ਟਰਵਾਦੀ, ਪੂਰੀ ਤਰ੍ਹਾਂ ਪੂੰਜੀਵਾਦ ਪੱਖੀ ਨਜ਼ਰੀਏ ਦਾ ਸਮਰਥਨ ਕਰਦਾ ਹੈ ਜੋ ਪੱਛਮੀ ਕਾਰਪੋਰੇਟ ਹਿੱਤਾਂ ਦਾ ਈਰਾਨ ਵਿੱਚ ਵਾਪਸ ਸਵਾਗਤ ਕਰੇਗਾ ਅਤੇ ਦੇਸ਼ ਦੀ ਵਿਦੇਸ਼ ਨੀਤੀ ਨੂੰ ਫਲਸਤੀਨੀਆਂ ਨਾਲ ਇਕਜੁੱਟਤਾ ਤੋਂ ਦੂਰ ਲੈ ਜਾਵੇਗਾ। ਈਰਾਨੀ ਲੋਕਾਂ ਨੇ 1979 ਵਿੱਚ ਇਸ ਪ੍ਰਬੰਧ ਵਿਰੁੱਧ ਬਗਾਵਤ ਕੀਤੀ ਸੀ, ਅਤੇ ਰਾਜਨੀਤਕ ਅਜ਼ਾਦੀ, ਆਰਥਿਕ ਵੰਡ ਅਤੇ ਮੱਧ ਪੂਰਬ ਵਿੱਚ ਵਿਸਤਾਰੀ ਸ਼ਕਤੀਆਂ ਤੋਂ ਮੁਸਲਮਾਨਾਂ ਦੀ ਸੁਰੱਖਿਆ ਲਈ ਸਾਮਰਾਜ ਵਿਰੋਧੀ ਕੇਂਦਰੀ ਅਸੂਲਾਂ (ਐਂਟੀ ਇੰਪੀਅਰਲਿਸਟ ਕੋਰ) ਦੀ ਮੰਗ ਕੀਤੀ ਸੀ।

ਤਾਂ ਫਿਰ ਉਸ ਨੂੰ ਈਰਾਨ ਤੋਂ ਬਾਹਰ ਵਸਦੇ ਈਰਾਨੀ ਭਾਈਚਾਰੇ ਵਿੱਚ ਜਨਤਕ ਸਮਰਥਨ ਕਿਉਂ ਮਿਲ ਰਿਹਾ ਹੈ? ਉਸ ਦੀ ਪ੍ਰਮੁੱਖਤਾ ਨੂੰ ਪੱਛਮੀ ਮੀਡੀਏ, ਲਾਬੀ ਗਰੁੱਪਾਂ ਅਤੇ ਰਾਜਨੀਤਕ ਐਕਟਰਾਂ ਦੇ ਚੰਗੀ ਤਰ੍ਹਾਂ ਫੰਡ ਕੀਤੇ ਗਏ ਨੈੱਟਵਰਕ ਨੇ ਵਧਾਇਆ ਹੈ ਜੋ ਅਤੀਤ ਦੇ ਸੱਚ, ਲੋਕ ਲਹਿਰਾਂ ਦੀ ਤਾਕਤ ਅਤੇ ਈਰਾਨੀਆਂ ਵਲੋਂ ਚਾਹੀ ਜਾ ਰਹੀ ਪੂਰੀ ਤਬਦੀਲੀ ਨੂੰ ਦਬਾਉਂਦੇ ਹਨ। ਇਸ ਤਰ੍ਹਾਂ ਉਨ੍ਹਾਂ ਨੇ ਰਾਜਨੀਤਕ ਦਾਇਰੇ ਨੂੰ ਇੰਨਾ ਸੌੜਾ ਕਰ ਦਿੱਤਾ ਹੈ ਕਿ ਸਿਰਫ਼ ਅਤਿ-ਸੱਜੀਆਂ ਚੋਣਾਂ ਹੀ ਵਿਹਾਰਕ ਲੱਗਦੀਆਂ ਹਨ।

ਸ਼ਾਹ ਦੇ ਕੁਝ ਪ੍ਰਵਾਸੀ ਸਮਰਥਕ ਇਨਕਲਾਬ ਕਾਰਨ ਉੱਜੜੇ ਹੋਏ ਅਮੀਰ ਵਰਗਾਂ ਦੇ ਹਿੱਸੇ ਸਨ। ਦੂਸਰੇ ਉਸ ਦਾ ਵਿਰੋਧ ਕਰਨ ਕਾਰਨ ਸਮਾਜਿਕ ਜਾਂ ਰਾਜਨੀਤਕ ਤੌਰ ’ਤੇ ਅਲਹਿਦਾ ਕੀਤੇ ਜਾਣ (ਆਈਸੋਲੇਸ਼ਨ) ਤੋਂ ਡਰਦੇ ਹਨ। ਇਹੀ ਪੈਟਰਨ ਹੋਰ ਥਾਵਾਂ ’ਤੇ ਵੀ ਦਿਖਾਈ ਦਿੰਦੇ ਹਨ: ਜਾਇਜ਼ ਸ਼ਿਕਾਇਤਾਂ ਦਾ ਰੁਖ ਪੈਸੇ, ਮੀਡੀਏ ਅਤੇ ਧਮਕੀਆਂ ਨਾਲ ਮੋੜਿਆ ਜਾ ਰਿਹਾ ਹੈ ਅਤੇ ਰਾਜਨੀਤਕ ਦਿਸਹੱਦੇ ਨੂੰ ਤਿੱਖੀ ਤਰ੍ਹਾਂ ਸੱਜੇ ਪਾਸੇ ਨੂੰ ਧੱਕਿਆ ਜਾ ਰਿਹਾ ਹੈ।

ਇਹ ਕਦਮ ਇਸਲਾਮੀ ਨਿਜ਼ਾਮ ਵਿਰੁੱਧ ਗੁੱਸੇ ਨੂੰ ਮੁਕਤੀ ਦੀਆਂ ਸਹੀ ਸੰਭਾਵਨਾਵਾਂ ਤੋਂ ਭਟਕਾਉਂਦਾ ਹੈ। ਇਹ ਆਰਥਿਕ ਨਿਆਂ ਦੀਆਂ ਮੰਗਾਂ, ਘੱਟ ਗਿਣਤੀ ਦੇ ਸੰਘਰਸ਼ਾਂ ਅਤੇ ਮੁਸਲਮਾਨਾਂ ਅਤੇ ਫਲਸਤੀਨੀਆਂ ਦੀਆਂ ਏਕਤਾਵਾਂ ਨੂੰ ਮੇਟ ਦਿੰਦਾ ਹੈ, ਜੋ ਲੰਮੇ ਸਮੇਂ ਤੋਂ ਈਰਾਨੀ ਸਰਗਰਮੀਆਂ ਨੂੰ ਪ੍ਰੇਰਿਤ ਕਰਦੀਆਂ ਰਹੀਆਂ ਹਨ।

ਸਾਨੂੰ ਵਿਦੇਸ਼ੀਆਂ ਦੀ ਹਿਮਾਇਤ ਵਾਲੇ ਸ਼ਾਹ ਤੋਂ ਸੱਤਾ ਖੋਹ ਲੈਣੀ ਚਾਹੀਦੀ ਹੈ ਅਤੇ ਇਸ ਨੂੰ ਈਰਾਨ ਦੇ ਲੋਕਾਂ ਕੋਲ ਵਾਪਸ ਲਿਆਉਣਾ ਚਾਹੀਦਾ ਹੈ।

### ਲੋਕ ਮੁਕਤੀ ਦੀ ਲਹਿਰ ਲਈ ਜ਼ਰੂਰੀ ਸਥਿਤੀਆਂ

ਪਿਛਲੇ ਦਸੰਬਰ ਵਿੱਚ, ਜਦੋਂ ਈਰਾਨ ਦੀ ਮੁਦਰਾ ਡਿੱਗ ਰਹੀ ਸੀ ਅਤੇ ਪਾਬੰਦੀਆਂ ਅਤੇ ਘਰੇਲੂ ਭ੍ਰਿਸ਼ਟਾਚਾਰ ਕਾਰਨ ਖਾਣੇ ਦੀਆਂ ਕੀਮਤਾਂ ਵਧ ਰਹੀਆਂ ਸਨ, ਰੋਸ ਪ੍ਰਦਰਸ਼ਨ ਪੂਰੇ ਦੇਸ਼ ਵਿੱਚ ਫੈਲ ਗਏ। ਮਜ਼ਦੂਰਾਂ, ਵਿਦਿਆਰਥੀਆਂ, ਪੈਨਸ਼ਨਰਾਂ, ਅਨਿਯਮਤ (ਇਨਫੋਰਮਲ) ਸੈਕਟਰ ਵਿੱਚ ਕੰਮ ਕਰਨ ਵਾਲੇ ਮਜ਼ਦੂਰਾਂ ਅਤੇ ਪੇਂਡੂ ਪਰਿਵਾਰਾਂ ਨੇ ਸੜਕਾਂ ਭਰ ਦਿੱਤੀਆਂ।

ਉਹ ਵਿਦੇਸ਼ੀ ਬੰਬਾਂ ਦੀ ਮੰਗ ਨਹੀਂ ਕਰ ਰਹੇ ਸਨ।

ਸਗੋਂ, ਉਹ ਜੀਵਨ ਦੀ ਬਰਕਰਾਰੀ (ਸਰਵਾਈਵਲ) ਦੀ ਮੰਗ ਕਰ ਰਹੇ ਸਨ। ਉਹੀ ਭਾਈਚਾਰੇ ਹੁਣ ਸਭ ਤੋਂ ਵੱਧ ਜੰਗ ਦਾ ਭਾਰ ਝੱਲਣਗੇ। ਅਮੀਰਾਂ ਕੋਲ ਨਿਕਾਸੀ ਦੇ ਰਸਤੇ ਹਨ। ਉਹਨਾਂ ਕੋਲ ਦੋ ਦੋ ਦੇਸ਼ਾਂ ਦੇ ਪਾਸਪੋਰਟ (ਡੂਅਲ ਪਾਸਪੋਰਟ) ਹਨ। ਪੂੰਜੀ ਚੁੱਪ-ਚਾਪ ਬਾਹਰ ਨਿਕਲ ਜਾਂਦੀ ਹੈ। ਕੰਮਕਾਜੀ ਗਰੀਬ ਅਤੇ ਮੱਧ ਵਰਗ ਦੇ ਬਹੁਤੇ ਲੋਕ ਬਾਹਰ ਨਹੀਂ ਨਿਕਲ ਸਕਦੇ।

ਫਿਰ ਵੀ ਲੋਕਤੰਤਰੀ ਸੰਘਰਸ਼ ਦੇ ਧਰਾਤਲ ਨੂੰ ਦਹਾਕਿਆਂ ਦੇ ਪੱਛਮੀ ਦਬਾਅ ਅਤੇ ਦਮਨ ਨੇ ਡੂੰਘੇ ਤੌਰ ’ਤੇ ਪ੍ਰਭਾਵਿਤ ਕੀਤਾ ਹੈ। ਵਿਆਪਕ ਪਾਬੰਦੀਆਂ ਨੇ ਆਮ ਲੋਕਾਂ ਨੂੰ ਤਬਾਹ ਕਰ ਦਿੱਤਾ ਹੈ। ਪਾਬੰਦੀਆਂ ਦੇ ਮੁੜ ਲਾਗੂ ਹੋਣ ਤੋਂ ਬਾਅਦ ਤੇਲ ਨਿਰਯਾਤ ਬਹੁਤ ਜ਼ਿਆਦਾ ਘਟਿਆ ਹੈ। ਪਿਛਲੇ ਦਹਾਕੇ ਦੌਰਾਨ ਪ੍ਰਤੀ ਵਿਅਕਤੀ ਜੀ ਡੀ ਪੀ ਵਿੱਚ ਭਾਰੀ ਕਮੀ ਆਈ ਹੈ। ਈਰਾਨੀ ਮੁਦਰਾ ਡਿੱਗ ਗਈ, ਜਿਸ ਨੇ ਖਰੀਦ ਸ਼ਕਤੀ ਖਤਮ ਕਰ ਦਿੱਤੀ ਅਤੇ ਈਰਾਨ ਦੇ ਮੱਧ ਵਰਗ ਨੂੰ ਤਬਾਹ ਕਰ ਦਿੱਤਾ। ਇਸ ਦੌਰਾਨ ਸੱਤਾ ਨਾਲ ਜੁੜੇ ਨੈੱਟਵਰਕ ਤਬਦੀਲ ਹੋਏ ਅਤੇ ਉਹਨਾਂ ਆਰਥਿਕਤਾ ਨੂੰ ਸਮਗਲਿੰਗ ਅਤੇ ਸਰਪ੍ਰਸਤੀ ਵਾਲੇ ਪ੍ਰਬੰਧਾਂ (ਪੈਟਰਨੇਜ ਸਿਸਟਮਜ਼) ਨਾਲ ਮੁੜ ਸੰਗਠਿਤ ਕੀਤਾ ਜੋ ਨਿਜ਼ਾਮ ਨਾਲ ਵਫ਼ਾਦਾਰੀ ਨੂੰ ਮਜ਼ਬੂਤ ਕਰਦੇ ਹਨ।

ਜੇ ਟੀਚਾ ਈਰਾਨ ਦੀ ਅਜ਼ਾਦੀ ਹੈ, ਤਾਂ ਰਣਨੀਤੀ ਦਾ ਉਸ ਟੀਚੇ ਨਾਲ ਮੇਲ ਖਾਣਾ ਜ਼ਰੂਰੀ ਹੈ: ਬੰਬਾਰੀ ਰੋਕੋ; ਨਾਗਰਿਕਾਂ ਨੂੰ ਸਮੂਹਿਕ ਸਜ਼ਾ ਦੇਣ ਵਾਲੀਆਂ ਵਿਆਪਕ ਪਾਬੰਦੀਆਂ ਖਤਮ ਕਰੋ; ਮਜ਼ਦੂਰਾਂ, ਔਰਤਾਂ, ਵਿਦਿਆਰਥੀਆਂ ਅਤੇ ਘੱਟ ਗਿਣਤੀਆਂ ਦੇ ਅਜ਼ਾਦ ਸੰਗਠਨਾਂ ਦਾ ਸਮਰਥਨ ਕਰੋ - ਕਿਸੇ ਵੀ ਤਰ੍ਹਾਂ ਦੀਆਂ ਫੌਜੀ ਸ਼ਰਤਾਂ ਤੋਂ ਬਿਨਾਂ।

ਸਾਡੇ ਵਰਗੇ ਪ੍ਰਵਾਸੀਆਂ ਲਈ ਇਸ ਦਾ ਮਤਲਬ ਬਚਾਅ ਵਜੋਂ ਪੇਸ਼ ਕੀਤੇ ਜਾ ਰਹੇ ਵਿਦੇਸ਼ੀ ਹਮਲੇ ਦਾ ਜਨਤਕ ਵਿਰੋਧ ਹੈ। ਇਸ ਦਾ ਮਤਲਬ ਦੁੱਖ ਨੂੰ ਰਾਜਸ਼ਾਹੀ ਜਾਂ ਜੰਗ ਦੇ ਸਮਰਥਨ ਵੱਲ ਮੋੜਨ ਤੋਂ ਇਨਕਾਰ ਕਰਨਾ ਹੈ। ਇਸ ਦਾ ਮਤਲਬ ਮੁਕਤੀ ਦੇ ਉਸ ਨਜ਼ਰੀਏ ਦੀ ਰੱਖਿਆ ਕਰਨਾ ਹੈ ਜੋ ਰਾਜਨੀਤਕ ਅਤੇ ਆਰਥਿਕ ਨਿਆਂ ਨਾਲ ਜੁੜਿਆ ਹੋਇਆ ਹੈ।

ਇਤਿਹਾਸ ਸਪਸ਼ਟ ਹੈ: ਬਰਕਰਾਰ ਰਹਿ ਸਕਣ ਵਾਲੀ ਅਜ਼ਾਦੀ ਉਨ੍ਹਾਂ ਲੋਕਾਂ ਵਲੋਂ ਸਥਾਪਤ ਕੀਤੀ ਜਾਂਦੀ ਹੈ ਜੋ ਸੰਗਠਿਤ ਹੁੰਦੇ ਹਨ, ਹੜਤਾਲਾਂ ਕਰਦੇ ਹਨ, ਲਿਖਦੇ ਹਨ, ਸਿਖਾਉਂਦੇ ਹਨ ਅਤੇ ਵਿਰੋਧ ਕਰਦੇ ਹਨ-ਨਾ ਕਿ ਵਿਦੇਸ਼ੀ ਜੈੱਟਾਂ, ਪਾਬੰਦੀਆਂ ਦੇ ਨਿਜ਼ਾਮਾਂ ਜਾਂ ਤਾਜਾਂ ਵਲੋਂ।


ਈਰਾਨ ਦੇ ਲੋਕ ਤਬਾਹੀ ਅਤੇ ਤਾਨਾਸ਼ਾਹੀ ਵਿਚੋਂ ਇਕ ਦੀ ਚੋਣ ਕਰਨ ਤੋਂ ਵੱਧ ਦੇ ਹੱਕਦਾਰ ਹਨ।

* * * * * * *

# ਗੁਰਦੁਆਰਾ ਸ੍ਰੀ ਨਾਨਕਸਰ ਸਾਹਿਬ ਪਾਤਸ਼ਾਹੀ ਪਹਿਲੀ, ਵੇਰਕਾ (ਅੰਮ੍ਰਿਤਸਰ)

## ਸਾਲਾਨਾ ਜੋੜ ਮੇਲੇ ’ਤੇ ਵਿਸ਼ੇਸ਼

ਰਮੇਸ਼ ਬੱਗਾ ਚੋਹਲਾ
ਮੋਬ:9463132719



ਗੁਰਦੁਆਰਾ ਗੁਰੂ ਸਾਹਿਬ ਦਾ ਉਹ ਦਰ/ਘਰ ਹੈ ਜਿਥੇ ਕੇਵਲ ਸਿੱਖ ਭਾਈਚਾਰੇ ਦਾ ਹੀ ਨਹੀਂ ਸਗੋਂ ਉਸ ਹਰੇਕ ਪ੍ਰਾਣੀ ਦਾ ਸਿਰ ਝੁਕਦਾ ਹੈ ਜਿਹੜਾ ਸਰਬੱਤ ਦੇ ਭਲੇ ਵਾਲੀ ਸਿੱਖ-ਵਿਚਾਰਧਾਰਾ ਦੀ ਥੋੜ੍ਹੀ-ਬਹੁਤੀ ਸਮਝ ਰੱਖਦਾ ਹੈ। ਇਸ ਸਮਝ ਕਾਰਨ ਹੀ ਬਹੁਤ ਸਾਰੇ ਗੁਰਦੁਆਰਿਆਂ ਵਿਚ ਸਿੱਖ ਸ਼ਰਧਾਲੂਆਂ ਦੇ ਨਾਲ-ਨਾਲ ਗ਼ੈਰ-ਸਿੱਖਾਂ ਸਰਧਾਲੂਆਂ ਦੀ ਹਾਜ਼ਰੀ ਵੀ ਲੱਗਦੀ ਰਹਿੰਦੀ ਹੈ। ਇਹ ਹਾਜ਼ਰੀ ਗੁਰੂ ਸਾਹਿਬਾਨ ਵੱਲੋਂ ਆਰੰਭ ਕੀਤੇ ਗਏ ਸਾਂਝੀਵਾਲਤਾ ਦੇ ਮਿਸ਼ਨ ਪ੍ਰਤੀ ਹੁੰਗਾਰਾ ਭਰਦੀ ਹੈ। ਇਸ ਤਰ੍ਹਾਂ ਦੇ ਹੁੰਗਾਰੇ ਦੀ ਇੱਕ ਮਿਸਾਲ ਜ਼ਿਲ੍ਹਾ ਅੰਮ੍ਰਿਤਸਰ ਵਿਚ ਪੈਂਦੇ ਕਸਬਾ ਵੇਰਕਾ ਦੀ ਜਰਨੈਲੀ ਸੜਕ ’ਤੇ ਸਥਿਤ ਗੁਰਦੁਆਰਾ ਨਾਨਕਸਰ ਸਾਹਿਬ (ਪਾਤਸ਼ਾਹੀ ਪਹਿਲੀ) ਤੋਂ ਮਿਲ ਜਾਂਦੀ ਹੈ।

ਇਸ ਗੁਰਦੁਆਰਾ ਸਾਹਿਬ ਨਾਲ ਜੁੜੇ ਇਤਿਹਾਸਕ ਤੱਥ ਬਿਆਨ ਕਰਦੇ ਹਨ ਕਿ ਜਗਤ ਗੁਰੂ ਨਾਨਕ ਦੇਵ ਜੀ ਆਪਣੇ ਸਾਥੀ ਭਾਈ ਮਰਦਾਨੇ ਨਾਲ ਨਗਰ ਬਟਾਲੇ ਵੱਲ ਨੂੰ ਜਾ ਰਹੇ ਸਨ। ਇਸ ਸਫ਼ਰ ਦੌਰਾਨ ਉਹ ਕੁੱਝ ਸਮੇਂ ਲਈ ਪਿੰਡ ਵੇਰਕਾ ਦੇ ਇੱਕ ਜੰਡ ਹੇਠ ਵਿਸ਼ਰਾਮ ਕਰਨ ਲੱਗੇ। ਇਸ ਵਿਸ਼ਰਾਮ ਦੌਰਾਨ ਇਸ ਪਿੰਡ ਦੀ ਇੱਕ ਮਾਈ ਆਪਣੇ ਸੋਕਾਗ੍ਰਸਤ ਬੱਚੇ ਨੂੰ ਨਾਲ ਲੈ ਕੇ ਗੁਰੂ ਸਾਹਿਬ ਦੇ ਸਨਮੁੱਖ ਹੋਈ ਅਤੇ ਬੱਚੇ ਦੀ ਤੰਦਰੁਸਤੀ ਲਈ ਅਰਜੋਈ ਕਰਨ ਲੱਗੀ। ਮਾਈ ਦੀ ਤਰਸਯੋਗ ਹਾਲਤ ਨੂੰ ਦੇਖ ਕੇ ਗੁਰੂ ਸਾਹਿਬ ਮੇਹਰ ਦੇ ਘਰ ਵਿਚ ਆਏ ਅਤੇ ਮਾਈ ਨੂੰ ਕਹਿਣ ਲੱਗੇ ਕਿ ਉਹ ਜੰਡ ਨੇੜਲੀ ਛੱਪੜੀ ਵਿਚ ਇਸ ਬੱਚੇ ਦਾ ਇਸ਼ਨਾਨ ਕਰਵਾ ਲਿਆਵੇ।



ਗੁਰੂ ਸਾਹਿਬ ਦਾ ਹੁਕਮ ਪਾ ਕੇ ਜਦੋਂ ਉਹ ਮਾਈ ਬੱਚੇ ਦਾ ਇਸ਼ਨਾਨ ਕਰਵਾਉਣ ਲੱਗੀ ਤਾਂ ਸੁੱਕੇ ਹੋਏ ਬੱਚੇ ਦਾ ਸਰੀਰ ਹਰਿਆ-ਭਰਿਆ (ਸਿਹਤਯਾਬ) ਹੋਣ ਲੱਗਾ। ਬੱਚੇ ਦੀ ਇਹ ਹਰਿਆਲੀ ਮਾਈ ਦੀ ਖੁਸ਼ਹਾਲੀ ਬਣ ਗਈ ਜਦੋਂ ਬਿਮਾਰ ਬੱਚਾ ਪੂਰੀ ਤਰ੍ਹਾਂ ਠੀਕ ਹੋ ਗਿਆ। ਸ੍ਰੀ ਗੁਰੂ ਨਾਨਕ ਸਾਹਿਬ ਦੇ ਵਾਕ ਦੀ ਬਾਦੌਲਤ ਨਗਰ ਵੇਰਕਾ ਦੀ ਮਾਈ ਦਾ ਬੱਚਾ ਨਾ ਸਿਰਫ਼ ਰੋਗ-ਰਹਿਤ ਹੀ ਹੋਇਆ ਸਗੋਂ ਉਸ ਨੇ ਲੰਮੀ ਉਮਰ ਵੀ ਭੋਗੀ। ਬੱਚੇ ਦੀ ਸਿਹਤਯਾਬੀ ਦੀ ਖੁਸ਼ੀ ਵਿਚ ਖੀਵੀ ਹੋਈ ਉਹ ਮਾਈ ਆਪਣੇ ਘਰ ਗਈ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਭਾਈ ਮਰਦਾਨਾ ਜੀ ਦੇ ਛੱਕਣ ਲਈ ਪ੍ਰਸ਼ਾਦਾ ਤਿਆਰ ਕਰ ਲਿਆਈ। ਪ੍ਰਸ਼ਾਦਾ-ਪਾਣੀ ਛੱਕਣ ਤੋਂ ਬਾਅਦ ਗੁਰੂ ਸਾਹਿਬ ਨੇ ਪ੍ਰਸੰਨ-ਚਿੱਤ ਹੋ ਕੇ ਫ਼ੁਰਮਾਇਆ- “ਮਾਈ! ਆਉਣ ਵਾਲੇ ਸਮੇਂ ਵਿਚ ਜਿਹੜਾ ਵੀ ਪ੍ਰਾਣੀ ਇਸ ਛੱਪੜੀ ਵਿਚ ਸ਼ਰਧਾ-ਭਾਵਨਾ ਨਾਲ ਇਸ਼ਨਾਨ ਕਰੇਗਾ ਉਸ ਦੇ ਸਾਰੇ ਦੁੱਖ ਦੂਰ ਹੋਣਗੇ। ਇਥੇ ਧਰਮਸ਼ਾਲਾ ਬਣਾ ਕੇ ਆਉਂਦੇ-ਜਾਂਦੇ ਮੁਸਾਫਿਰਾਂ ਨੂੰ ਪ੍ਰਸ਼ਾਦਾ ਛਕਾਉਣਾ ਅਤੇ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨਾ।”

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਬੋਲਾਂ ‘ਤੇ ਪਹਿਰਾ ਦਿੰਦਿਆ ਮਾਈ ਅਤੇ ਨਗਰ ਵੇਰਕਾ ਦੇ ਵਾਸੀਆਂ ਵੱਲੋਂ ਇਸ ਸਥਾਨ ‘ਤੇ ਇੱਕ ਧਰਮਸ਼ਾਲਾ ਦੀ ਉਸਾਰੀ ਕਰਵਾਈ ਗਈ ਅਤੇ ਛੱਪੜੀ ਦੀ ਜਗ੍ਹਾ ਪਵਿੱਤਰ ਸਰੋਵਰ ਬਣਾਇਆ ਗਿਆ।ਇਸ ਉਪਰਾਲੇ ਦਾ ਵਿਕਸਤ ਰੂਪ ਹੀ ਗੁਰਦੁਆਰਾ ਸ੍ਰੀ ਨਾਨਕਸਰ ਸਾਹਿਬ ਹੈ ਜਿਹੜਾ ਅੰਮ੍ਰਿਤਸਰ-ਬਟਾਲਾ ਰੋਡ ‘ਤੇ ਸਥਿਤ ਹੈ।ਇਸ ਗੁਰਦੁਆਰਾ ਸਾਹਿਬ ਦੀ ਸੇਵਾ-ਸੰਭਾਲ ਦੀ ਜ਼ਿੰਮੇਵਾਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਭੂਰੀ ਵਾਲੇ ਸੰਤਾਂ ਕੋਲ ਹੈ ਜਿਹੜੀ ਬਹੁਤ ਹੀ ਸੁਚੱਜੇ ਢੰਗ ਨਾਲ ਨਿਭਾਈ ਜਾ ਰਹੀ ਹੈ।

ਇਸ ਸਥਾਨ ’ਤੇ ਹਰ ਸਾਲ 25 ਅਤੇ 26 ਮਾਰਚ ਨੂੰ ਭਾਰੀ ਜੋੜ-ਮੇਲਾ ਮਨਾਇਆ ਜਾਂਦਾ ਹੈ ਜਿਸ ਵਿਚ ਵਿਸ਼ੇਸ਼ ਕਰਕੇ ਮਝੈਲੀ ਹੋਰਾਂ ਇਲਾਕੇ ਦੀਆਂ ਸੰਗਤਾਂ ਵੱਲੋਂ ਭਰਵੀਂ ਹਾਜ਼ਰੀ ਲਗਵਾਈ ਜਾਂਦੀ ਹੈ। ਇਸ ਮੇਲੇ ਦੇ ਦੋਵੇਂ ਦਿਨ ਪਹਿਲਵਾਨਾਂ ਦੀਆਂ ਕੁਸ਼ਤੀਆਂ ਅਤੇ ਕਬੱਡੀ ਦੇ ਮੈਚ ਦੇਖਣਯੋਗ ਹੁੰਦੇ ਹਨ। ਜਿਸ ਵਿਚ ਮੇਰੇ ਆਪਣੇ ਨਗਰ (ਚੋਹਲਾ ਸਾਹਿਬ) ਅਤੇ ਹੋਰ ਇਲਾਕਿਆਂ ਦੀਆਂ ਟੀਮਾਂ ਆਪੋ ਆਪਣੇ ਜੌਹਰ ਦਿਖਾਉਂਦੀਆਂ ਹਨ।

# ਕਿਤਾਬ ਦੀ ਸਮੀਖਿਆ

ਕਿਤਾਬ ਦਾ ਨਾਂ: ਮੇਰੀ ਮਾਤ੍ਰਭੂਮੀ ਜਾਗੇ
ਮੂਲ ਲੇਖਕ: ਸਕਾਟ ਮਿਲਰ
ਪ੍ਰਕਾਸ਼ਕ: ਫਰਾਰ, ਸਟ੍ਰਾਸ ਐਂਡ ਗਿਰਾਕਸ, ਨਿਊਯਾਰਕ
ਸਮੀਖਿਆਕਾਰ: ਜਸਬੀਰ ਸਿੰਘ ਕੰਗ
ਸੰਸਥਾਪਕ ਮੈਂਬਰ, ਪੰਜਾਬੀ ਅਮਰੀਕਨ ਹੈਰਿਟੇਜ ਸੋਸਾਇਟੀ, ਯੂਬਾ ਸਿਟੀ, ਕੈਲੀਫ਼ੋਰਨੀਆ

ਵੀਹਵੀਂ ਸਦੀ ਦੇ ਆਰੰਭ ਵਿੱਚ ਅਮਰੀਕਾ ਅਤੇ ਕੈਨੇਡਾ, ਵਿਸ਼ੇਸ਼ ਤੌਰ 'ਤੇ ਪੈਸਿਫਿਕ ਤੱਟੀ ਖਿੱਤਿਆਂ, ਵਿੱਚ ਜਾ ਬਸੇ ਭਾਰਤੀ ਪ੍ਰਵਾਸੀਆਂ ਅਤੇ ਉਨ੍ਹਾਂ ਵੱਲੋਂ ਬ੍ਰਿਟਿਸ਼ ਰਾਜ ਦੇ ਖ਼ਿਲਾਫ਼ ਬਗ਼ਾਵਤੀ ਯਤਨਾਂ 'ਤੇ ਕਈ ਕਿਤਾਬਾਂ ਲਿਖੀਆਂ ਜਾ ਚੁੱਕੀਆਂ ਹਨ। ਇਸ ਲੰਬੀ ਪੰਗਤੀ ਵਿੱਚ ਸਕਾਟ ਮਿਲਰ ਦੀ ਕਿਤਾਬ *ਮੇਰੀ ਮਾਤ੍ਰਭੂਮੀ ਜਾਗੇ* ਆਪਣੀ ਮੌਲਿਕ ਖੋਜ ਕਾਰਨ ਵਿਲੱਖਣ ਨਜ਼ਰ ਆਉਂਦੀ ਹੈ, ਕਿਉਂਕਿ ਇਸ ਵਿੱਚ ਬ੍ਰਿਟਿਸ਼ ਦਖ਼ਲਅੰਦਾਜ਼ੀ, ਅਮਰੀਕਾ ਵਿੱਚ ਜਰਮਨ ਏਜੰਟਾਂ ਦੀ ਗਤੀਵਿਧੀ ਅਤੇ ਅਮਰੀਕੀ ਪ੍ਰਸ਼ਾਸਨ ਤੇ ਕਾਨੂੰਨਸਾਜ਼ ਸੰਸਥਾਵਾਂ ਦੀਆਂ ਗੁੰਝਲਦਾਰ ਪ੍ਰਤਿਕਿਰਿਆਵਾਂ ਨੂੰ ਸੁਚਾਰੂ ਢੰਗ ਨਾਲ ਉਜਾਗਰ ਕੀਤਾ ਗਿਆ ਹੈ। ਅਮਰੀਕੀ ਸਮਾਜ ਵਿੱਚ ਇੱਕ ਪਾਸੇ ਉਪਨਿਵੇਸ਼ਵਾਦ ਵਿਰੋਧੀ ਭਾਵਨਾ ਮੌਜੂਦ ਸੀ, ਤਾਂ ਦੂਜੇ ਪਾਸੇ ਭਾਰਤੀ ਪ੍ਰਜਾਵਾਂ ਵਿਰੁੱਧ ਕਾਫ਼ੀ ਤਿੱਖਾ ਪੱਖਪਾਤ ਵੀ ਦਿਖਾਈ ਦਿੰਦਾ ਹੈ, ਜਿਸ ਨੂੰ ਆਮ ਤੌਰ 'ਤੇ "ਐਂਟੀ-ਹਿੰਦੂ" ਰੁਝਾਨ ਦੇ ਨਾਂ ਨਾਲ ਦਰਸਾਇਆ ਗਿਆ। ਇਸ ਸੰਦਰਭ ਵਿੱਚ ਸਾਰੇ ਦੱਖਣੀ ਏਸ਼ੀਆਈ, ਜਿਨ੍ਹਾਂ ਵਿੱਚ ਵੱਡੀ ਗਿਣਤੀ ਸਿੱਖਾਂ ਦੀ ਸੀ, ਨੂੰ ਬੇਸੋਚ-ਸਮਝ "ਹਿੰਦੂ" ਲੇਬਲ ਹੇਠ ਰਖਿਆ ਗਿਆ। ਹਜ਼ਾਰਾਂ ਭਾਰਤੀ, ਜਿਨ੍ਹਾਂ ਵਿੱਚ ਬ੍ਰਿਟਿਸ਼ ਭਾਰਤੀ ਫੌਜ ਦੇ ਰਿਟਾਇਰਡ ਸਿਪਾਹੀ ਵੀ ਸ਼ਾਮਲ ਸਨ, ਵੈਨਕੂਵਰ ਅਤੇ ਹੋਰ ਪੈਸਿਫਿਕ ਤੱਟੀ ਸ਼ਹਿਰਾਂ ਵਿੱਚ ਰੋਜ਼ਗਾਰ ਅਤੇ ਬਿਹਤਰ ਜੀਵਨ ਦੀ ਖੋਜ ਵਿੱਚ ਪਹੁੰਚੇ। ਇਹ ਪ੍ਰਵਾਸੀ ਮੁੱਖ ਤੌਰ 'ਤੇ ਦੋ ਵਰਗਾਂ ਵਿੱਚ ਵੰਡੇ ਜਾ ਸਕਦੇ ਹਨ: ਇੱਕ ਪਾਸੇ ਲਾਲਾ ਹਰਦਿਆਲ, ਰਾਮ ਚੰਦਰ ਅਤੇ ਤਾਰਕਨਾਥ ਦਾਸ ਵਰਗੇ ਵਿਦਵਾਨ ਤੇ ਵਿਦਿਆਰਥੀ; ਦੂਜੇ ਪਾਸੇ ਪੰਜਾਬੀ ਮੂਲ ਦੇ ਮਜ਼ਦੂਰ ਅਤੇ ਕਿਸਾਨ—ਸੋਹਣ ਸਿੰਘ ਭਕਨਾ, ਜਵਾਲਾ ਸਿੰਘ ਅਤੇ ਬਸਾਖਾ ਸਿੰਘ ਆਦਿ। ਕੈਲੀਫ਼ੋਰਨੀਆ ਯੂਨੀਵਰਸਿਟੀ, ਬਰਕਲੇ ਜਲਦੀ ਹੀ ਭਾਰਤੀ ਵਿਦਿਆਰਥੀ ਅੰਦੋਲਨ ਦਾ ਕੇਂਦਰ ਬਣੀ ਅਤੇ ਇਸ ਬੌਧਿਕ ਹਲਚਲ ਨੇ 1913 ਦੀ ਮਈ ਵਿੱਚ ਔਰੇਗਨ ਦੇ ਮੱਛੀ ਬੰਦਰਗਾਹ ਸ਼ਹਿਰ ਅਸਟੋਰੀਆ ਵਿੱਚ ਗ਼ਦਰ ਪਾਰਟੀ ਦੀ ਸਥਾਪਨਾ ਦਾ ਰੂਪ ਧਾਰਿਆ, ਬ੍ਰਿਟਿਸ਼ ਖੁਫੀਆ ਦਾਖ਼ਲੇ ਤੋਂ ਕਾਫ਼ੀ ਦੂਰ। ਮੈਂ ਖੁਦ 2023 ਵਿੱਚ ਅਸਟੋਰੀਆ ਦਾ ਦੌਰਾ ਕਰ ਕੇ ਇਸ ਅੰਦੋਲਨ ਦੇ ਜੀਵੰਤ ਤੇ ਜਨ-ਅਧਾਰਿਤ ਪ੍ਰਕਿਰਿਆਵਾਂ ਨੂੰ ਸਮਝਣ ਦੀ ਕੋਸ਼ਿਸ਼ ਕੀਤੀ।

ਯੂਰਪੀ ਮੂਲ ਦੇ ਅਮਰੀਕੀ ਮਜ਼ਦੂਰਾਂ ਵੱਲੋਂ ਭਾਰਤੀ ਮਜ਼ਦੂਰਾਂ ਦਾ ਵਿਰੋਧ ਅਕਸਰ ਹਿੰਸਕ ਰੂਪ ਧਾਰ ਲੈਂਦਾ ਸੀ। 1907 ਵਿੱਚ ਬੈਲਿੰਗਹਾਮ (ਵਾਸ਼ਿੰਗਟਨ) ਵਿੱਚ ਭਾਰਤੀ ਪ੍ਰਵਾਸੀਆਂ ਨੂੰ ਹਮਲਿਆਂ ਦੇ ਰਾਹੀਂ ਸ਼ਹਿਰ ਤੋਂ ਕੱਢਿਆ ਗਿਆ, ਜਦਕਿ ਰਾਜਕਾਰੀ ਐਜੰਸੀਆਂ ਨੇ ਕਰੀਬ-ਕਰੀਬ ਨਿਸ਼ਕ੍ਰਿਯ ਭੂਮਿਕਾ ਨਿਭਾਈ। 1912 ਵਿੱਚ ਔਰੇਗਨ ਦੇ ਸੈਂਟ ਜਾਨਜ਼ ਵਿੱਚ ਵੀ ਮਿਲਤੇ-ਜੁਲਤੇ ਘਟਨਾ-ਚਕ੍ਰ ਦੁਹਰਾਏ ਗਏ। ਕਈ ਭਾਰਤੀਆਂ ਨੇ ਇਸ ਹਿਨਸਾ ਨੂੰ ਆਪਣੇ ਦੇਸ਼ ਦੀ ਗੁਲਾਮੀ ਦਾ ਸਿੱਧਾ ਨਤੀਜਾ ਸਮਝਿਆ ਅਤੇ ਅਮਰੀਕਾ ਵਿੱਚ ਦੇਖੀ ਗਈ ਆਜ਼ਾਦੀ ਅਤੇ ਖੁਸ਼ਹਾਲੀ ਨੇ ਉਨ੍ਹਾਂ ਦੇ ਮਨ ਵਿੱਚ ਭਾਰਤ ਲਈ ਵੀ ਇਹੀ ਅਜ਼ਾਦੀ ਹਾਸਲ ਕਰਨ ਦੀ ਤੀਬਰ ਲਾਲਸਾ ਜਗਾਈ, ਜਿਸ ਨੇ ਗ਼ਦਰ ਅੰਦੋਲਨ ਨੂੰ ਜਨਮ ਦਿੱਤਾ।



ਡਾ. ਜਸਬੀਰ ਸਿੰਘ ਕੰਗ ਆਪਣੇ ਨਾਲ ਸੋਹਣ ਸਿੰਘ ਭਕਨਾ ਦੇ ਭਤੀਜੇ ਪਸ਼ੌਰਾ ਸਿੰਘ ਢਿੱਲੋਂ ਨਾਲ ਅਸਟੋਰੀਆ ਵਿੱਚ; ਸ਼ਹਿਰ ਨੇ ਮਈ 1913 ਵਿੱਚ ਗ਼ਦਰ ਪਾਰਟੀ ਦੀ ਸਥਾਪਨਾ ਦੀ ਯਾਦ ਵਿੱਚ 2013 ਵਿੱਚ ਸਥਾਨਕ ਪਾਰਕ ਵਿੱਚ ਯਾਦਗਾਰੀ ਪਲੇਟ ਲਗਾਈ।

ਕੈਨੇਡਾ ਵਿੱਚ ਭੀ ਕੌਮੀਅਤ-ਅਧਾਰਿਤ ਭੇਦਭਾਵ ਨੂੰ "ਕੰਟਿਨਿਊਅਸ ਜਰਨੀ" ਨਿਯਮ ਰਾਹੀਂ ਕਾਨੂੰਨੀ ਜਾਮਾ ਪਹਿਨਾਇਆ ਗਿਆ, ਜਿਸ ਕਰਕੇ ਭਾਰਤ ਤੋਂ ਨਵੀਂ ਆਬਾਦਕਾਰੀ ਲਗਭਗ ਅਸੰਭਵ ਹੋ ਗਈ। 1914 ਦੀ ਕੋਮਾਗਾਟਾ ਮਾਰੂ ਘਟਨਾ—ਸਿੱਖ ਉਦਯੋਗਪਤੀ ਗੁਰਦਿੱਤ ਸਿੰਘ ਦੀ ਅਗਵਾਈ ਹੇਠ—ਇਸ ਅਨਿਆਏ ਦੀ ਪ੍ਰਤੀਕਕ ਘਟਨਾ ਵਜੋਂ ਇਤਿਹਾਸ ਵਿਚ ਦਰਜ ਹੈ, ਜਿੱਥੇ ਸੈਂਕੜੇ ਯਾਤਰੀਆਂ ਨੂੰ ਕਿਨਾਰੇ ਲੱਗਣ ਤੋਂ ਇਨਕਾਰ ਕਰਕੇ ਜ਼ਬਰਦਸਤੀ ਵਾਪਸ ਭੇਜਿਆ ਗਿਆ।

ਮਿਲਰ ਬ੍ਰਿਟਿਸ਼ ਜਾਸੂਸ ''ਜੌਨ ਹੋਪਕਿਨਸਨ'' ਦੇ ਉਸ ਜਾਸੂਸੀ ਜਾਲ ਦਾ ਵਿਸਥਾਰ ਨਾਲ ਵੇਰਵਾ ਕਰਦਾ ਹੈ, ਜੋ ਕੈਨੇਡਾਈ ਖੁਫੀਆ ਐਜੰਸੀਆਂ ਨਾਲ ਸਹਯੋਗ ਵਿੱਚ ਕਾਇਮ ਕੀਤਾ ਗਿਆ ਸੀ। ਇਸ ਸੰਦਰਭ ਵਿੱਚ ਮੀਵਾ ਸਿੰਘ ਦੁਆਰਾ ਹੋਪਕਿਨਸਨ ਦੀ ਹੱਤਿਆ ਨੂੰ ਲੇਖਕ ਨੇ ਇੱਕ ਗੰਭੀਰ ਨੈਤਿਕ ਸੰਘਰਸ਼ ਅਤੇ ਦੇਸ਼ਭਗਤੀ ਭਾਵਨਾ ਨਾਲ ਜੋੜ ਕੇ ਵਿਵੇਚਿਆ ਹੈ, ਜਿਸ ਨਾਲ ਘਟਨਾ ਨੂੰ ਸਿਰਫ਼ ਹਿੰਸਾ ਨਹੀਂ, ਸੱਚਾਈ ਦੀ ਅਪੀਲ ਵਜੋਂ ਵੀ ਦੇਖਿਆ ਜਾ ਸਕਦਾ ਹੈ।

ਗ਼ਦਰ ਪਾਰਟੀ ਦੇ ਸਿਧਾਂਤਕ ਨਿਰਮਾਤਿਆਂ ਵਿੱਚੋਂ ਇੱਕ, ਲਾਲਾ ਹਰਦਿਆਲ, ਕਿਤਾਬ ਵਿੱਚ ਬਹੁਤ ਹੀ ਜੀਵੰਤ ਅੰਦਾਜ਼ ਨਾਲ ਸਾਹਮਣੇ ਆਉਂਦਾ ਹੈ। ਉਸ ਦੀ ਬੌਧਿਕ ਚਮਕ ਅਤੇ ਪ੍ਰਵਚਨ-ਸ਼ਕਤੀ ਕੇਂਦਰੀ ਸਥਾਨ ਰੱਖਦੀ ਹੈ ਅਤੇ ਉਹ ਜਰਮਨ ਏਜੰਟਾਂ ਨਾਲ ਮਿਲ ਕੇ ਬ੍ਰਿਟਿਸ਼ ਭਾਰਤੀ ਫੌਜ ਵਿੱਚ ਬਗਾਵਤ ਭੜਕਾਉਣ ਦੀ ਕੋਸ਼ਿਸ਼ ਕਰਦਾ ਨਜ਼ਰ ਆਉਂਦਾ ਹੈ। ਪਰ ਬ੍ਰਿਟਿਸ਼ ਵਿਰੋਧੀ-ਜਾਸੂਸੀ ਤਕੜੀਆਂ ਨੇ ਹਥਿਆਰ ਅਤੇ ਰਾਸ਼ੀ ਦੇ ਪ੍ਰਵਾਹ ਨੂੰ ਨਿਸ਼ਾਨਾ ਬਣਾ ਕੇ ਇਸ ਯਤਨ ਨੂੰ ਖ਼ਾਸਾ ਨੁਕਸਾਨ ਪਹੁੰਚਾਇਆ। ਬ੍ਰਿਟਿਸ਼ ਜਾਸੂਸੀ ਜਾਲ ਦੇ ਚੁਪੀਤਰੇ ਦਾਖ਼ਲੇ ਤੋਂ ਬਾਅਦ ਹਰਦਿਆਲ ਬਰਲਿਨ ਰਵਾਨਾ ਹੋ ਜਾਂਦਾ ਹੈ ਅਤੇ ਸੰਗਠਨ ਦੀ ਬਾਗਡੋਰ ਰਾਮ ਚੰਦਰ ਸੰਭਾਲਦਾ ਹੈ, ਹਾਲਾਂਕਿ ਹਥਿਆਰ ਭੇਜਣ ਦੀ ਯੋਜਨਾ ਆਖ਼ਰਕਾਰ ਅਸਫਲ ਰਹਿੰਦੀ ਹੈ।


1914 ਦੇ ਆਸ-ਪਾਸ ਅਨੇਕ ਗ਼ਦਰੀ ਕਰਾਂਤੀਕਾਰੀਆਂ—ਜ਼ਿਆਦਾਤਰ ਸਿੱਖ ਜਵਾਨ—ਭਾਰਤ ਵਾਪਸ ਚਲੇ ਗਏ, ਤਾਂ ਕਿ ਹਥਿਆਰਬੰਦ ਬਗਾਵਤ ਰਾਹੀਂ ਆਜ਼ਾਦੀ ਦੀ ਲੜਾਈ ਨੂੰ ਤੀਬਰ ਕੀਤਾ ਜਾ ਸਕੇ। ਉਨ੍ਹਾਂ ਦੀ ਹਿੰਮਤ ਅਤੇ ਬਲੀਦਾਨ ਬੇਮਿਸਾਲ ਸਨ, ਪਰ ਕਮਜ਼ੋਰ ਸਹਿ-ਸੰਯੋਜਨ ਅਤੇ ਬ੍ਰਿਟਿਸ਼ਾਂ ਦੇ ਗਹਿਰੇ ਜਾਸੂਸੀ ਜਾਲ ਨੇ ਇਸ ਉਭਾਰ ਨੂੰ ਕੁਚਲ ਕੇ ਰੱਖ ਦਿੱਤਾ। ਇਸ ਤੋਂ ਬਾਅਦ ਹੋਏ ਲਾਹੌਰ ਸਾਜ਼ਿਸ਼ ਕੇਸਾਂ ਵਿੱਚ ਕਈਆਂ ਨੂੰ ਫ਼ਾਂਸੀਆਂ ਅਤੇ ਕਈਆਂ ਨੂੰ ਅੰਡੇਮਾਨ ਦੀ ਕਾਲੀ ਕੋਠੜੀਆਂ ਵਿੱਚ ਜ਼ਿਲਾਵਤਾਂ ਦਿੱਤੀਆਂ ਗਈਆਂ; ਫਿਰ ਵੀ ਇਹ ਅਸਫਲ ਬਗ਼ਾਵਤ ਭਾਰਤੀ ਆਜ਼ਾਦੀ ਸੰਘਰਸ਼ ਦੀ ਅਗਲੀ ਪੀੜ੍ਹੀ ਲਈ ਪ੍ਰੇਰਣਾ ਦਾ ਸੂਤਰ ਬਣੀ ਰਹੀ।

ਜਦੋਂ ਅਮਰੀਕਾ ਪਹਿਲੇ ਵਿਸ਼ਵ ਯੁੱਧ ਵਿੱਚ ਬ੍ਰਿਟੇਨ ਦੇ ਸਾਥੀ ਵਜੋਂ ਉੱਤਰਿਆ, ਤਾਂ ਜਰਮਨ ਅਤੇ ਭਾਰਤੀ ਕ੍ਰਾਂਤੀਕਾਰੀ ਗਤੀਵਿਧੀਆਂ ਬਾਰੇ ਅਮਰੀਕੀ ਜਾਂਚ ਏਜੰਸੀਆਂ ਦੀ ਸਰਗਰਮੀ ਹੋਰ ਵੀ ਤੇਜ਼ ਹੋ ਗਈ। ਸੈਨ ਫ੍ਰਾਂਸਿਸਕੋ ਵਿੱਚ ਹੋਏ "ਹਿੰਦੂ-ਜਰਮਨ ਸਾਜ਼ਿਸ਼ ਮਾਮਲੇ" ਵਿੱਚ ਕਈ ਜਰਮਨ ਏਜੰਟਾਂ ਦੇ ਨਾਲ ਅਠਾਰਾਂ ਗ਼ਦਰ ਨੇਤਾ ਵੀ ਦੋਸ਼ੀ ਕਰਾਰ ਦਿੱਤੇ ਗਏ। ਅਦਾਲਤੀ ਕਾਰਵਾਈ ਦੌਰਾਨ ਓਹ ਦੁਖਦਾਈ ਮੋੜ ਵੀ ਆਇਆ, ਜਦੋਂ ਰਾਮ ਸਿੰਘ ਨੇ ਅਦਾਲਤ ਅੰਦਰ ਹੀ ਰਾਮ ਚੰਦਰ ਨੂੰ ਗੋਲੀ ਮਾਰ ਦਿੱਤੀ, ਜਿਸ ਨਾਲ ਇਹ ਸੰਘਰਸ਼ ਇਕ ਅੰਦਰੂਨੀ ਵਿਗ੍ਰਹ ਅਤੇ ਨਿਰਾਸ਼ਾ ਦੇ ਬੋਝ ਨਾਲ ਹੋਰ ਵੀ ਭਾਰਾ ਹੋ ਗਿਆ।

ਮਿਲਰ ਵਿਸ਼ਵ ਯੁੱਧ ਦੇ ਸੰਦਰਭ ਵਿੱਚ ਬ੍ਰਿਟਿਸ਼ ਅਤੇ ਜਰਮਨ ਹਿੱਤਾਂ ਦੇ ਟਕਰਾਅ ਨੂੰ ਵੀ ਖੋਲ੍ਹ ਕੇ ਵੇਖਦਾ ਹੈ—ਬ੍ਰਿਟਿਸ਼ ਭਾਰਤੀ ਫੌਜ ਵਿੱਚ ਪੰਜਾਬੀ ਸਿਪਾਹੀਆਂ ਦੀ ਵੱਡੀ ਭੂਮਿਕਾ ਦੇ ਮੁਕਾਬਲੇ ਜਰਮਨੀ ਦੀ ਇਹ ਯੋਜਨਾ ਸੀ ਕਿ ਭਾਰਤ ਵਿੱਚ ਬਗਾਵਤਾਂ ਭੜਕਾ ਕੇ ਬ੍ਰਿਟਿਸ਼ ਫੌਜਾਂ ਨੂੰ ਘਰੇ ਹੀ ਫਸਾਇਆ ਜਾਵੇ। ਇਸ ਪਟਕਥਾ ਵਿੱਚ ਗ਼ਦਰੀਆਂ ਦਾ ਮੁੱਖ ਲਕਸ਼ ਭਾਰਤੀ ਉਪਮਹਾਦੀਪ ਨੂੰ ਹਥਿਆਰਬੰਦ ਕ੍ਰਾਂਤੀ ਰਾਹੀਂ ਗੁਲਾਮੀ ਤੋਂ ਮੁਕਤ ਕਰਨਾ ਸੀ।

ਕਿਤਾਬ ਦੇ ਮਹੱਤਵਪੂਰਨ ਅੰਸ਼ਾਂ ਵਿੱਚੋਂ ਇੱਕ, ਅਮਰੀਕੀ ਨਸਲਵਾਦੀ ਪ੍ਰਵਾਸ ਨੀਤੀਆਂ ਦਾ ਵਿਸ਼ਲੇਸ਼ਣ ਹੈ। 1917 ਦਾ "ਏਸ਼ੀਆਈ ਰੋਕ ਖੇਤਰ ਕਾਨੂੰਨ" (ਅਸਿਏਟਿਚ ਭਓਰਰਦ ਗ਼ੋਨਏ ਅਚਟ) ਕਿਸ ਹੱਦ ਤੱਕ ਭਾਰਤੀ ਆਜ਼ਾਦੀ ਸੈਨਾਨੀਆਂ ਨੂੰ ਕਮਜ਼ੋਰ ਦਰਸਾਉਣ ਲਈ ਬ੍ਰਿਟਿਸ਼ ਦਬਾਅ ਦਾ ਨਤੀਜਾ ਸੀ, ਇਸ ਨੂੰ ਲੇਖਕ ਨੇ ਤਥਿਆਂ ਦੀ ਰੌਸ਼ਨੀ ਵਿੱਚ ਸਮਝਾਇਆ ਹੈ। ਕੈਲੀਫ਼ੋਰਨੀਆ ਦੇ ਕਾਂਗਰੈਸਮੈਨ ਰੇਕਰ ਦੁਆਰਾ 1912 ਵਿੱਚ ਪੇਸ਼ ਕੀਤੀ ਗਈ ਵਿਤਕਰਾਪੂਰਣ ਕਾਨੂੰਨਸਾਜ਼ੀ ਦਾ ਜ਼ਿਕਰ ਵੀ ਇਸ ਸੰਦਰਭ ਵਿੱਚ ਉਚਿਤ ਤਰੀਕੇ ਨਾਲ ਜੁੜਿਆ ਗਿਆ ਹੈ। ਭਗਤ ਸਿੰਘ ਥਿੰਦ—ਗ਼ਦਰ ਕਰਾਂਤੀਕਾਰੀ ਅਤੇ ਪਹਿਲੇ ਵਿਸ਼ਵ ਯੁੱਧ ਦਾ ਅਮਰੀਕੀ ਭੂ-ਯੋਧਾ—ਭਾਰਤ ਵਾਪਸ ਜਾਣ ਦੀ ਥਾਂ ਅਮਰੀਕੀ ਨਾਗਰਿਕਤਾ ਲਈ ਸੰਵੈਧਾਨਕ ਅਤੇ ਕਾਨੂੰਨੀ ਮੈਦਾਨ ਵਿੱਚ ਲੰਮੀ ਜੰਗ ਲੜਦਾ ਹੈ, ਜਿਸ ਨੂੰ ਮਿਲਰ ਨੇ ਖਾਸੇ ਮਨੋਵੇਗੀ ਅਤੇ ਦਸਤਾਵੇਜ਼ੀ ਢੰਗ ਨਾਲ ਦਰਸਾਇਆ ਹੈ।

1946 ਦੇ ਲੂਸ-ਸੈਲਰ ਐਕਟ ਰਾਹੀਂ ਭਾਰਤੀਆਂ ਲਈ ਸੀਮਿਤ ਨਾਗਰਿਕਤਾ ਦੇ ਰਾਹ ਖੁੱਲ੍ਹਦੇ ਹਨ—ਸਾਲਾਨਾ ਸਿਰਫ਼ 100 ਪ੍ਰਵਾਸੀਆਂ




ਦੀ ਕੋਟਾ ਦੇ ਨਾਲ—ਪਰ ਸੱਚੇ ਅਰਥਾਂ ਵਿੱਚ ਨਸਲੀ ਕੋਟਿਆਂ ਦਾ ਅੰਤ ਅਤੇ ਬਰਾਬਰੀ ਦਾ ਰਸਤਾ 1965 ਦੇ ਇਮੀਗ੍ਰੇਸ਼ਨ ਐਂਡ ਨੈਸ਼ਨਲਿਟੀ ਐਕਟ ਨਾਲ ਹੀ ਸੁਗੰਮ ਹੁੰਦਾ ਹੈ, ਜਿਸ ਨੇ ਰਾਸ਼ਟਰੀ ਮੂਲ-ਅਧਾਰਿਤ ਪਾਬੰਦੀਆਂ ਨੂੰ ਰੱਦ ਕਰ ਦਿੱਤਾ।

ਇੰਨੀ ਗਹਿਰਾਈ ਦੇ ਬਾਵਜੂਦ, *ਮੇਰੀ ਮਾਤ੍ਰਭੂਮੀ ਜਾਗੇ* ਸਟਾਕਟਨ ਗੁਰਦੁਆਰੇ ਦੀ ਕੇਂਦਰੀ ਭੂਮਿਕਾ ਨੂੰ ਉਤਨਾ ਸਥਾਨ ਨਹੀਂ ਦਿੰਦੀ, ਜਿੰਨਾ ਉਹ ਹੱਕਦਾਰ ਹੈ। ਇਸ ਗੁਰਦੁਆਰੇ ਵਿੱਚ ਸੰਭਾਲ ਕੇ ਰੱਖੇ ਗਏ ਅਰਕੀਵ ਅਤੇ ਗ਼ਦਰ ਪਾਰਟੀ ਦਾ ਮੁੱਢਲਾ ਪ੍ਰਿੰਟਿੰਗ ਪ੍ਰੈੱਸ ਭਵਿੱਖੀ ਖੋਜ ਲਈ ਮਹੱਤਵਪੂਰਨ ਸਰੋਤ ਹਨ, ਜਿਨ੍ਹਾਂ 'ਤੇ ਹੋਰ ਵਿਸ਼ਲੇਸ਼ਣ ਦੀ ਲੋੜ ਹੈ। ਇਸ ਤੋਂ ਇਲਾਵਾ, ਮਿਲਰ ਵੱਲੋਂ 1914 ਵਿੱਚ ਕਰੀਬ ਇੱਕ ਹਜ਼ਾਰ ਮਜ਼ਦੂਰਾਂ ਦੇ ਭਾਰਤ ਵਾਪਸੀ ਦੇ ਅਨੁਮਾਨ ਨੂੰ ਕਈ ਹੋਰ ਸਰੋਤ ਘੱਟ ਦਿਖਾਉਂਦੇ ਹਨ, ਜਿੱਥੇ 7-8 ਹਜ਼ਾਰ ਤੱਕ ਦੀ ਗਿਣਤੀ ਦਰਸਾਈ ਗਈ ਹੈ; ਇਨ੍ਹਾਂ ਵਿੱਚ *ਨਿਊਯਾਰਕ ਟਾਈਮਜ਼* ਵੱਲੋਂ ਵਾਇਸਰਾਇ ਲਾਰਡ ਹਾਰਡਿੰਗ ਨਾਲ ਕੀਤੇ ਗਏ ਇੰਟਰਵਿਊ ਦਾ ਹਵਾਲਾ ਵੀ ਸ਼ਾਮਲ ਹੈ।

ਗੰਭੀਰ ਪਾਠਕ ਲਈ ਕਿਤਾਬ ਦਾ ਇੱਕ ਹੋਰ ਮੱਤਵਪੂਰਨ ਸੂਤਰ ਇਹ ਹੈ ਕਿ ਆਮ ਮਜ਼ਦੂਰ ਅਤੇ ਕਿਸਾਨ ਆਪਣੀ ਨਿਸ਼ਕਲੰਕ ਨਿਸ਼ਠਾ ਅਤੇ ਅਸਧਾਰਣ ਬਲੀਦਾਨਾਂ ਰਾਹੀਂ ਉੱਭਰਦੇ ਹਨ, ਜਦਕਿ ਕੁਝ ਬੌਧਿਕ ਆਗੂ ਸਮੇਂ ਦੇ ਦਬਾਅ ਹੇਠ ਸਮਝੌਤਿਆਂ ਦੇ ਰਸਤੇ ਤੇ ਨਜ਼ਰ ਆਉਂਦੇ ਹਨ। ਲਾਲਾ ਹਰਦਿਆਲ ਦੀ ਬ੍ਰਿਟਿਸ਼ ਸੱਤਾ ਪ੍ਰਤੀ ਇਖ਼ਲਾਕੀ ਦਵਿਧਾ ਅਤੇ ਆਖ਼ਰਕਾਰ ਹੋਏ ਸਮਝੌਤੇ ਨੇ ਉਸ ਦੀ ਛਵੀ ਨੂੰ ਕਾਫ਼ੀ ਪੇਚੀਦਾ ਬਣਾ ਦਿੱਤਾ ਹੈ।

ਕਿਤਾਬ ਚ ਬਰਕਲੇ ਸ਼ਹਿਰ ਦੁਆਰਾ ਕਾਲਾ ਬਾਗਾਈ ਦੇ ਨਾਂ 'ਤੇ ਰਸਤੇ ਦਾ ਨਾਂਕਰਨ ਹੋਣ ਤੋਂ ਬਾਅਦ ਉੱਠੇ ਇਸ ਪ੍ਰਸ਼ਨ ਨੂੰ ਵੀ ਛੂਹਦੀ ਹੈ ਕਿ ਕੀ ਉਸ ਦੇ ਪਤੀ ਮਿਸਟਰ ਬਾਗਾਈ ਦੀ ਕਥਿਤ ਬ੍ਰਿਟਿਸ਼-ਪ੍ਰੋ ਏਜੰਸੀ ਦੇ ਪ੍ਰਕਾਸ਼ ਵਿੱਚ ਇਸ ਫੈਸਲੇ ਦਾ ਮੁੜ ਸਵੇਖਣ ਨਹੀਂ ਹੋਣਾ ਚਾਹੀਦਾ। ਸ਼ਾਇਦ ਦੱਖਣੀ ਏਸ਼ੀਆਈ ਮੂਲ ਦੀ ਕਿਸੇ ਹੋਰ ਸੰਗਰਸ਼ਸ਼ੀਲ ਅਤੇ ਪ੍ਰਤੀਕਾਤਮਕ ਮਹਿਲਾ ਸ਼ਖ਼ਸੀਅਤ ਨੂੰ ਇਹ ਸਨਮਾਨ ਮਿਲ ਸਕਦਾ ਸੀ।

ਸਮੁੱਚੇ ਤੌਰ 'ਤੇ *ਮੇਰੀ ਮਾਤ੍ਰਭੂਮੀ ਜਾਗੇ* ਅਰੰਭਕ ਭਾਰਤੀ ਡਾਇਸਪੋਰਾ ਦੇ ਰਾਜਨੀਤਿਕ ਜਾਗਰੂਕਤਾ, ਗ਼ਦਰ ਅੰਦੋਲਨ, ਅਤੇ ਉੱਤਰੀ ਅਮਰੀਕਾ ਵਿੱਚ ਨਾਗਰਿਕਤਾ ਅਤੇ ਬਰਾਬਰੀ ਲਈ ਲੰਬੇ ਸੰਘਰਸ਼ ਨੂੰ ਸਮਝਣ ਲਈ ਇੱਕ ਮਹੱਤਵਪੂਰਨ ਅਤੇ ਦੂਰਦਰਸੀ ਅਧਿਐਨ ਵਜੋਂ ਸਾਹਮਣੇ ਆਉਂਦੀ ਹੈ।

* * * * * * *

## ਭਾਰਤ ਦੇ ਗੁਆਂਢ ਵਿਚ ਜੰਗ ਦੀ ਦਸਤਕ

# ਪਾਕਿਸਤਾਨੀ ਏਅਰਸਟ੍ਰਾਈਕ ਤੋਂ ਬਾਅਦ ਤਾਲਿਬਾਨ ਨੇ ਦਿੱਤੀ ਇਸਲਾਮਾਬਾਦ ਤੇ ਕਰਾਚੀ ਨੂੰ ਉਡਾਉਣ ਦੀ ਧਮਕੀ

ਇੰਟਰਨੈਸ਼ਨਲ ਡੈਸਕ-ਮਿਡਲ ਈਸਟ ਵਿੱਚ ਜਾਰੀ ਇਜ਼ਰਾਈਲ-ਈਰਾਨ ਤਣਾਅ ਦੇ ਵਿਚਕਾਰ ਹੁਣ ਭਾਰਤ ਦੇ ਗੁਆਂਢੀ ਦੇਸ਼ਾਂ, ਪਾਕਿਸਤਾਨ ਅਤੇ ਅਫਗਾਨਿਸਤਾਨ ਵਿੱਚ ਜੰਗ ਦੇ ਬੱਦਲ ਗਹਿਰਾ ਗਏ ਹਨ। ਪਾਕਿਸਤਾਨੀ ਫੌਜ ਵੱਲੋਂ ਅਫਗਾਨਿਸਤਾਨ ਦੀ ਧਰਤੀ 'ਤੇ ਕੀਤੇ ਗਏ ਹਵਾਈ ਹਮਲਿਆਂ ਤੋਂ ਬਾਅਦ ਤਾਲਿਬਾਨ ਨੇ ਸਖ਼ਤ ਰੁਖ਼ ਅਖਤਿਆਰ ਕਰਦਿਆਂ ਪਾਕਿਸਤਾਨ ਦੇ ਪ੍ਰਮੁੱਖ ਸ਼ਹਿਰਾਂ ਨੂੰ ਨਿਸ਼ਾਨਾ ਬਣਾਉਣ ਦੀ ਚੇਤਾਵਨੀ ਦਿੱਤੀ ਹੈ। ਤਾਲਿਬਾਨ ਦੇ ਸਰਵਉੱਚ ਨੇਤਾ ਹਿਬਤੁੱਲਾ ਅਖੁੰਦਜ਼ਾਦਾ ਦੇ ਬੇਹੱਦ ਕਰੀਬੀ ਮੰਨੇ ਜਾਣ ਵਾਲੇ ਸੀਨੀਅਰ ਅਧਿਕਾਰੀ ਹਾਜੀ ਜ਼ਾਹਿਦ ਨੇ ਪਾਕਿਸਤਾਨ ਨੂੰ ਸਿੱਧੀ ਧਮਕੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਜੇਕਰ ਪਾਕਿਸਤਾਨੀ ਹਮਲੇ ਨਾ ਰੁਕੇ ਤਾਂ ਇਸ ਦਾ ਹਰਜਾਨਾ ਪਾਕਿਸਤਾਨ ਦੇ ਵੱਡੇ ਸ਼ਹਿਰਾਂ ਇਸਲਾਮਾਬਾਦ (ਰਾਜਧਾਨੀ), ਕਰਾਚੀ, ਕਵੇਟਾ ਨੂੰ ਭੁਗਤਣਾ ਪਵੇਗਾ।



### ਪਾਕਿਸਤਾਨੀ ਹਵਾਈ ਹਮਲੇ ਅਤੇ ਨੁਕਸਾਨ

ਅਫਗਾਨ ਪ੍ਰਸ਼ਾਸਨ ਅਨੁਸਾਰ, ਪਾਕਿਸਤਾਨੀ ਫੌਜ ਨੇ ਅਫਗਾਨਿਸਤਾਨ ਦੇ ਕਈ ਮਹੱਤਵਪੂਰਨ ਹਿੱਸਿਆਂ 'ਤੇ ਬੰਬਾਰੀ ਕੀਤੀ ਹੈ। ਰਿਪੋਰਟਾਂ ਮੁਤਾਬਕ ਹਵਾਈ ਹਮਲਿਆਂ ਵਿੱਚ ਰਾਜਧਾਨੀ ਕਾਬੁਲ ਅਤੇ ਕੰਧਾਰ ਨੂੰ ਨਿਸ਼ਾਨਾ ਬਣਾਇਆ ਗਿਆ। ਕੰਧਾਰ ਵਿੱਚ ਇੱਕ ਮਹੱਤਵਪੂਰਨ ਤੇਲ ਡਿਪੂ ਨੂੰ ਵੀ ਨੁਕਸਾਨ ਪਹੁੰਚਾਇਆ ਗਿਆ ਹੈ। ਇਨ੍ਹਾਂ ਹਮਲਿਆਂ ਤੋਂ ਬਾਅਦ ਸਰਹੱਦ 'ਤੇ ਦੋਵਾਂ ਦੇਸ਼ਾਂ ਦੀਆਂ ਫੌਜਾਂ ਵਿਚਕਾਰ ਤਣਾਅ ਚਰਮ 'ਤੇ ਪਹੁੰਚ ਗਿਆ ਹੈ।

### ਪੂਰੇ ਖੇਤਰ 'ਚ ਅਸਥਿਰਤਾ ਦਾ ਖ਼ਤਰਾ

ਰੱਖਿਆ ਮਾਹਿਰਾਂ ਦਾ ਮੰਨਣਾ ਹੈ ਕਿ ਇਹ ਟਕਰਾਅ ਖੇਤਰੀ ਸੁਰੱਖਿਆ ਲਈ ਬੇਹੱਦ ਖ਼ਤਰਨਾਕ ਹੈ। ਜੇਕਰ ਦੋਵਾਂ ਦੇਸ਼ਾਂ ਵਿਚਕਾਰ ਫੌਜੀ ਕਾਰਵਾਈ ਅਤੇ ਬਿਆਨਬਾਜ਼ੀ ਇਸੇ ਤਰ੍ਹਾਂ ਜਾਰੀ ਰਹੀ, ਤਾਂ ਇਹ ਜੰਗ ਪੂਰੇ ਦੱਖਣੀ ਏਸ਼ੀਆ ਦੀ ਸਥਿਰਤਾ ਨੂੰ ਭੰਗ ਕਰ ਸਕਦੀ ਹੈ। ਵਿਸ਼ਲੇਸ਼ਕਾਂ ਅਨੁਸਾਰ, ਦੋਵੇਂ ਦੇਸ਼ ਲੰਬੇ ਸਮੇਂ ਤੋਂ ਇੱਕ-ਦੂਜੇ 'ਤੇ ਅੱਤਵਾਦ ਨੂੰ ਪਨਾਹ ਦੇਣ ਅਤੇ ਸਰਹੱਦ ਪਾਰ ਹਮਲਿਆਂ ਦੇ ਦੋਸ਼ ਲਗਾਉਂਦੇ ਆ ਰਹੇ ਹਨ। ਫਿਲਹਾਲ ਪਾਕਿਸਤਾਨ ਸਰਕਾਰ ਨੇ ਇਸ ਧਮਕੀ 'ਤੇ ਕੋਈ ਅਧਿਕਾਰਤ ਬਿਆਨ ਜਾਰੀ ਨਹੀਂ ਕੀਤਾ ਹੈ, ਪਰ ਸਰਹੱਦ 'ਤੇ ਸਥਿਤੀ ਬੇਹੱਦ ਨਾਜ਼ੁਕ ਬਣੀ ਹੋਈ ਹੈ।

# ਪਿੰਡ ਵਾਸੀਆਂ ਨੇ ਫੜੇ 3 ਲੁਟੇਰੇ

## ✪ ਪਹਿਲਾਂ ਕੀਤੀ 'ਛਿੱਤਰ ਪਰੇਡ', ਫਿਰ ਟਰੈਕਟਰ ਪਿੱਛੇ ਬੰਨ੍ਹ ਕੇ ਪਿੰਡ ਵਿਚ ਘੁੰਮਾਇਆ

ਤਰਨਤਾਰਨ/ਸਰਹਾਲੀ-ਜ਼ਿਲ੍ਹਾ ਤਰਨਤਾਰਨ ਦੇ ਪਿੰਡ ਢੋਟੀਆਂ ਵਿੱਚ ਲੁੱਟ-ਖੋਹ ਦੀ ਵਾਰਦਾਤ ਕਰਕੇ ਭੱਜ ਰਹੇ ਤਿੰਨ ਲੁਟੇਰਿਆਂ ਨੂੰ ਪਿੰਡ ਵਾਸੀਆਂ ਵੱਲੋਂ ਮੌਕੇ 'ਤੇ ਕਾਬੂ ਕਰਕੇ ਸਖ਼ਤ ਸਬਕ ਸਿਖਾਉਣ ਦਾ ਮਾਮਲਾ ਸਾਹਮਣੇ ਆਇਆ ਹੈ। ਗੁੱਸੇ ਵਿੱਚ ਆਏ ਲੋਕਾਂ ਨੇ ਨਾ ਸਿਰਫ਼ ਲੁਟੇਰਿਆਂ ਦੀ ਕੁੱਟਮਾਰ ਕੀਤੀ, ਸਗੋਂ ਉਨ੍ਹਾਂ ਨੂੰ ਟਰੈਕਟਰ ਪਿੱਛੇ ਬੰਨ੍ਹ ਕੇ ਪਿੰਡ ਵਿੱਚ ਘੁੰਮਾਇਆ, ਜਿਸ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ। ਪੁਲਿਸ ਅਨੁਸਾਰ ਪਿੰਡ ਢੋਟੀਆਂ ਦਾ ਰਹਿਣ ਵਾਲਾ ਸਰਬਜੀਤ ਸਿੰਘ ਆਪਣੇ ਮੋਟਰਸਾਈਕਲ 'ਤੇ ਕਿਸੇ ਕੰਮ ਜਾ ਰਿਹਾ ਸੀ। ਰਸਤੇ ਵਿੱਚ ਤਿੰਨ ਮੋਟਰਸਾਈਕਲ ਸਵਾਰ ਲੁਟੇਰਿਆਂ ਨੇ ਉਸ ਨੂੰ ਘੇਰ ਲਿਆ ਅਤੇ ਉਸ ਦਾ ਪਰਸ ਤੇ ਮੋਬਾਈਲ ਫ਼ੋਨ ਖੋਹ ਕੇ ਫ਼ਰਾਰ ਹੋ ਗਏ। ਸਰਬਜੀਤ ਦੇ ਰੌਲਾ ਪਾਉਣ 'ਤੇ ਪਿੰਡ ਵਾਸੀਆਂ ਨੇ ਮੁਸਤੈਦੀ ਦਿਖਾਉਂਦਿਆਂ ਲੁਟੇਰਿਆਂ ਦਾ ਪਿੱਛਾ ਕੀਤਾ ਅਤੇ ਉਨ੍ਹਾਂ ਨੂੰ ਕਾਬੂ ਕਰ ਲਿਆ। ਪਿੰਡ ਵਾਸੀਆਂ ਨੇ ਫੜੇ ਗਏ ਤਿੰਨਾਂ ਲੁਟੇਰਿਆਂ ਦੀ ਜੰਮ ਕੇ 'ਛਿੱਤਰ ਪਰੇਡ' ਕੀਤੀ। ਲੋਕਾਂ ਨੇ ਉਨ੍ਹਾਂ ਨੂੰ ਰੱਸਿਆਂ ਨਾਲ ਟਰੈਕਟਰ ਦੇ ਪਿੱਛੇ ਬੰਨ੍ਹ ਦਿੱਤਾ ਅਤੇ ਪੂਰੇ ਪਿੰਡ ਵਿੱਚ ਘੁੰਮਾਇਆ। ਕਾਫ਼ੀ ਦੇਰ ਤੱਕ ਖ਼ੁਦ 'ਸੇਵਾ' ਕਰਨ ਤੋਂ ਬਾਅਦ ਲੋਕਾਂ ਨੇ ਮੁਲਜ਼ਮਾਂ ਗੁਰਮੀਤ ਸਿੰਘ, ਜਗਰੂਪ ਸਿੰਘ, ਲਵਪ੍ਰੀਤ ਸਿੰਘ ਨੂੰ ਥਾਣਾ ਸਰਹਾਲੀ ਦੀ ਪੁਲਿਸ ਦੇ ਹਵਾਲੇ ਕਰ ਦਿੱਤਾ। ਪੁਲਿਸ ਚੌਕੀ ਨੌਸ਼ਹਿਰਾ ਪੰਨੂਆਂ ਦੇ ਇੰਚਾਰਜ ਏ.ਐੱਸ.ਆਈ. ਵਰਿਆਮ ਸਿੰਘ ਨੇ ਦੱਸਿਆ ਕਿ ਮੁਲਜ਼ਮਾਂ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ।



## ਪੰਜਾਬ ਪੁਲਿਸ ਵਲੋਂ ਫਿਰੋਜ਼ਪੁਰ ਤੀਹਰੇ ਕਤਲ ਕਾਂਡ ਦਾ ਮੁੱਖ ਮੁਲਜ਼ਮ ਭੁਵਨੇਸ਼ ਦਿੱਲੀ ਏਅਰਪੋਰਟ ਤੋਂ ਗ੍ਰਿਫ਼ਤਾਰ

ਚੰਡੀਗੜ੍ਹ/ਨਵੀਂ ਦਿੱਲੀ-ਪੰਜਾਬ ਪੁਲਿਸ ਨੇ ਇੱਕ ਵੱਡੇ ਅੰਤਰਰਾਸ਼ਟਰੀ ਆਪ੍ਰੇਸ਼ਨ ਰਾਹੀਂ ਖ਼ਤਰਨਾਕ ਗੈਂਗਸਟਰ ਅਤੇ ਨਸ਼ਾ ਤਸਕਰ ਭੁਵਨੇਸ਼ ਚੋਪੜਾ ਉਰਫ਼ ਆਸ਼ੀਸ਼ ਨੂੰ ਗ੍ਰਿਫ਼ਤਾਰ ਕਰਨ ਵਿੱਚ ਸਫ਼ਲਤਾ ਹਾਸਲ ਕੀਤੀ ਹੈ। ਕੇਂਦਰੀ ਏਜੰਸੀਆਂ ਦੇ ਸਹਿਯੋਗ ਨਾਲ ਮੁਲਜ਼ਮ ਨੂੰ ਮੱਧ ਏਸ਼ੀਆਈ ਦੇਸ਼ ਤੋਂ ਡਿਪੋਰਟ ਕਰਵਾ ਕੇ ਨਵੀਂ ਦਿੱਲੀ ਦੇ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਕਾਬੂ ਕੀਤਾ ਗਿਆ। ਡੀਜੀਪੀ ਪੰਜਾਬ, ਗੌਰਵ ਯਾਦਵ ਨੇ ਦੱਸਿਆ ਕਿ ਭੁਵਨੇਸ਼ ਚੋਪੜਾ ਫਿਰੋਜ਼ਪੁਰ ਵਿੱਚ ਸਤੰਬਰ 2024 ਵਿੱਚ ਹੋਏ ਸਨਸਨੀਖੇਜ਼ ਤੀਹਰੇ ਕਤਲ ਕਾਂਡ ਦਾ ਮੁੱਖ ਸਾਜ਼ਿਸ਼ਘੜਾ (ਮਾਸਟਰਮਾਈਂਡ) ਸੀ। 2 ਸਤੰਬਰ 2024 ਨੂੰ ਫਿਰੋਜ਼ਪੁਰ ਦੇ ਗੁਰਦੁਆਰਾ ਅਕਾਲਗੜ੍ਹ ਸਾਹਿਬ ਦੇ ਨੇੜੇ ਇੱਕ ਕਾਰ 'ਤੇ ਅੰਨ੍ਹੇਵਾਹ ਫਾਇਰਿੰਗ ਕੀਤੀ ਗਈ ਸੀ। ਇਸ ਹਮਲੇ ਵਿੱਚ ਦਿਲਦੀਪ ਸਿੰਘ, ਆਕਾਸ਼ਦੀਪ ਸਿੰਘ ਅਤੇ ਜਸਪ੍ਰੀਤ ਕੌਰ ਦੀ ਮੌਤ ਹੋ ਗਈ ਸੀ। ਆਸ਼ੀਸ਼ ਚੋਪੜਾ ਇਸ ਵਾਰਦਾਤ ਤੋਂ ਬਾਅਦ ਵਿਦੇਸ਼ ਫ਼ਰਾਰ ਹੋ ਗਿਆ ਸੀ। ਇਸ ਤੋਂ ਇਲਾਵਾ ਮੁਲਜ਼ਮ ਖ਼ਿਲਾਫ਼ ਪਹਿਲਾਂ ਹੀ ਰੈੱਡ ਕਾਰਨਰ ਨੋਟਿਸ ਅਤੇ ਲੁੱਕਆਊਟ ਨੋਟਿਸ ਜਾਰੀ ਕੀਤੇ ਗਏ ਸਨ। ਉਸ ਵਿਰੁੱਧ ਫਾਜ਼ਿਲਕਾ ਅਤੇ ਪਟਿਆਲਾ ਸਮੇਤ ਵੱਖ-ਵੱਖ ਜ਼ਿਲ੍ਹਿਆਂ ਵਿੱਚ 9 ਅਪਰਾਧਿਕ ਮਾਮਲੇ ਦਰਜ ਹਨ। ਉਹ ਪਾਕਿਸਤਾਨ ਤੋਂ ਪੰਜਾਬ ਵਿੱਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਵਾਲੇ ਇੱਕ ਵੱਡੇ ਨੈੱਟਵਰਕ ਦਾ ਅਹਿਮ ਹਿੱਸਾ ਸੀ।

ਕਿਵੇਂ ਚੱਲਿਆ ਆਪ੍ਰੇਸ਼ਨ ?-ਪੁਲਿਸ ਅਨੁਸਾਰ, ਇਹ ਗ੍ਰਿਫ਼ਤਾਰੀ ਪੰਜਾਬ ਪੁਲਿਸ ਦੇ ਨਵੇਂ ਬਣੇ 'ਓਵਰਸੀਜ਼ ਫਿਊਜ਼ੀਟਿਵ ਟ੍ਰੈਕਿੰਗ ਐਂਡ ਐਕਸਟ੍ਰਾਡਿਸ਼ਨ ਸੈੱਲ' ਦੀ ਸਰਗਰਮੀ ਕਾਰਨ ਸੰਭਵ ਹੋਈ ਹੈ। ਅੰਤਰਰਾਸ਼ਟਰੀ ਤਾਲਮੇਲ ਰਾਹੀਂ ਮੁਲਜ਼ਮ ਦੀ ਲੋਕੇਸ਼ਨ ਇੱਕ ਮੱਧ ਏਸ਼ੀਆਈ ਦੇਸ਼ ਵਿੱਚ ਮਿਲੀ। ਕਾਨੂੰਨੀ ਪ੍ਰਕਿਰਿਆ ਪੂਰੀ ਹੋਣ ਤੋਂ ਬਾਅਦ ਉਸ ਨੂੰ ਭਾਰਤ ਵਾਪਸ ਭੇਜਿਆ ਗਿਆ। ਦਿੱਲੀ ਪਹੁੰਚਦੇ ਹੀ ਪੰਜਾਬ ਪੁਲਿਸ ਦੀ ਟੀਮ ਨੇ ਉਸ ਨੂੰ ਹਿਰਾਸਤ ਵਿੱਚ ਲੈ ਲਿਆ।

# ਮਹਿਲਾ ਦੀ ਬਲੈਕਮੇਲਿੰਗ ਤੋਂ ਤੰਗ ਆ ਕੇ ਨੌਜਵਾਨ ਨੇ ਕੀਤੀ ਖ਼ੁਦਕੁਸ਼ੀ

## ✪ ਮਰਨ ਤੋਂ ਪਹਿਲਾਂ ਬਣਾਈ ਵੀਡੀਓ

ਕਪੂਰਥਲਾ-ਮੁਹੱਲਾ ਲਾਹੌਰੀ ਗੇਟ ਵਿਖੇ ਇੱਕ ਬੇਹੱਦ ਮੰਦਭਾਗੀ ਘਟਨਾ ਸਾਹਮਣੇ ਆਈ ਹੈ, ਜਿੱਥੇ ਇੱਕ ਨੌਜਵਾਨ ਸੂਰਜ ਨਾਹਰ ਨੇ ਇੱਕ ਮਹਿਲਾ ਵੱਲੋਂ ਕਥਿਤ ਤੌਰ 'ਤੇ ਤੰਗ-ਪ੍ਰੇਸ਼ਾਨ ਕੀਤੇ ਜਾਣ ਅਤੇ ਝੂਠੇ ਕੇਸ ਵਿੱਚ ਫਸਾਉਣ ਦੀਆਂ ਧਮਕੀਆਂ ਤੋਂ ਦੁਖੀ ਹੋ ਕੇ ਖ਼ੁਦਕੁਸ਼ੀ ਕਰ ਲਈ।

ਮ੍ਰਿਤਕ ਦੀ ਪਛਾਣ ਵਜੋਂ ਹੋਈ ਹੈ। ਖ਼ੁਦਕੁਸ਼ੀ ਕਰਨ ਤੋਂ ਪਹਿਲਾਂ ਸੂਰਜ ਨੇ ਇੱਕ ਵੀਡੀਓ ਰਿਕਾਰਡ ਕੀਤੀ, ਜਿਸ ਵਿੱਚ ਉਸਨੇ ਆਪਣੀ ਮੌਤ ਦਾ ਜ਼ਿੰਮੇਵਾਰ ਇੱਕ ਮਹਿਲਾ ਨੂੰ ਠਹਿਰਾਇਆ। ਉਸਨੇ ਦੱਸਿਆ ਕਿ ਉਕਤ ਮਹਿਲਾ ਉਸ ਨੂੰ ਲਗਾਤਾਰ ਧਮਕੀਆਂ ਦੇ ਰਹੀ ਸੀ ਅਤੇ ਉਸ 'ਤੇ ਪੁਲਿਸ ਪਰਚਾ ਕਰਵਾਉਣ ਦਾ ਦਬਾਅ ਬਣਾ ਰਹੀ ਸੀ, ਜਿਸ ਕਾਰਨ ਉਹ ਮਾਨਸਿਕ ਤੌਰ 'ਤੇ ਬਹੁਤ ਪ੍ਰੇਸ਼ਾਨ ਸੀ।

ਮ੍ਰਿਤਕ ਦੀ ਮਾਤਾ ਪੂਨਮ ਵੱਲੋਂ ਪੁਲਿਸ ਨੂੰ ਦਿੱਤੀ ਸ਼ਿਕਾਇਤ ਅਨੁਸਾਰ ਰੀਤੂ ਬਾਲਾ ਨਾਮੀ ਮਹਿਲਾ ਦੀ ਸੂਰਜ ਨਾਲ ਡੇਢ ਸਾਲ ਤੋਂ ਦੋਸਤੀ ਸੀ। ਬਾਅਦ ਵਿੱਚ ਪਤਾ ਲੱਗਾ ਕਿ ਉਹ ਪਹਿਲਾਂ ਹੀ ਵਿਆਹੀ ਹੋਈ ਸੀ ਅਤੇ ਉਸਦਾ ਤਲਾਕ ਵੀ ਨਹੀਂ ਹੋਇਆ ਸੀ। ਮਹਿਲਾ ਕਥਿਤ ਤੌਰ 'ਤੇ ਸੂਰਜ ਕੋਲੋਂ 2 ਲੱਖ ਰੁਪਏ ਦੀ ਮੰਗ ਕਰ ਰਹੀ ਸੀ। ਪੈਸੇ ਨਾ ਦੇਣ ਦੀ ਸੂਰਤ ਵਿੱਚ ਮਹਿਲਾ ਨੇ ਉਸ 'ਤੇ ਜਬਰ-ਜ਼ਨਾਹ (ਰੇਪ) ਦਾ ਝੂਠਾ ਕੇਸ ਦਰਜ ਕਰਵਾਉਣ ਦੀ ਧਮਕੀ ਦਿੱਤੀ ਸੀ।

ਥਾਣਾ ਸਿਟੀ ਦੇ ਏ.ਐੱਸ.ਆਈ. ਹਰਜੀਤ ਸਿੰਘ ਨੇ ਦੱਸਿਆ ਕਿ ਪਰਿਵਾਰ ਦੇ ਬਿਆਨਾਂ ਅਤੇ ਮ੍ਰਿਤਕ ਵੱਲੋਂ ਛੱਡੀ ਗਈ ਵੀਡੀਓ ਦੇ ਆਧਾਰ 'ਤੇ ਰੀਤੂ ਬਾਲਾ (ਵਾਸੀ ਬ੍ਰਹਮਕੁੰਡ ਕਾਲੋਨੀ) ਵਿਰੁੱਧ ਕੇਸ ਦਰਜ ਕਰ ਲਿਆ ਗਿਆ ਹੈ। ਪੁਲਿਸ ਵੱਲੋਂ ਮੁਲਜ਼ਮ ਮਹਿਲਾ ਦੀ ਗ੍ਰਿਫ਼ਤਾਰੀ ਲਈ ਵੱਖ-ਵੱਖ ਥਾਵਾਂ 'ਤੇ ਛਾਪੇਮਾਰੀ ਕੀਤੀ ਜਾ ਰਹੀ ਹੈ। ਲਾਸ਼ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਦੇ ਮੁਰਦਾਘਰ ਵਿੱਚ ਰਖਵਾ ਦਿੱਤਾ ਗਿਆ ਹੈ।

## ਐਂਟੀ ਨਾਰਕੋਟਿਕਸ ਟਾਸਕ ਫੋਰਸ ਨੇ 1.5 ਕਿੱਲੋ ਹੈਰੋਇਨ ਸਮੇਤ 2 ਤਸਕਰ ਕੀਤੇ ਕਾਬੂ

ਜਲੰਧਰ-ਨਸ਼ਾ ਤਸਕਰੀ ਵਿਰੁੱਧ ਵਿੱਢੀ ਮੁਹਿੰਮ ਤਹਿਤ ਐਂਟੀ ਨਾਰਕੋਟਿਕਸ ਟਾਸਕ ਫੋਰਸ ਜਲੰਧਰ ਰੇਂਜ ਦੀ ਟੀਮ ਨੂੰ ਉਸ ਸਮੇਂ ਵੱਡੀ ਸਫਲਤਾ ਮਿਲੀ, ਜਦੋਂ ਉਨ੍ਹਾਂ ਨੇ ਭਾਰੀ ਮਾਤਰਾ ਵਿੱਚ ਹੈਰੋਇਨ ਸਮੇਤ ਦੋ ਤਸਕਰਾਂ ਜਸਕਰਨ ਸਿੰਘ ਪਿੰਡ ਮੁੱਛਲ, ਅੰਮ੍ਰਿਤਸਰ, ਜਗਜੀਤ ਸਿੰਘ ਚਮਕੌਰ ਸਾਹਿਬ ਨੂੰ ਗ੍ਰਿਫ਼ਤਾਰ ਕੀਤਾ। ਪੁਲਿਸ ਨੇ ਮੁਲਜ਼ਮਾਂ ਕੋਲੋਂ 1 ਕਿੱਲੋ 564 ਗ੍ਰਾਮ ਹੈਰੋਇਨ ਅਤੇ ਇੱਕ ਮੋਟਰਸਾਈਕਲ ਬਰਾਮਦ ਕੀਤਾ ਹੈ।

ਜਸਕਰਨ ਸਿੰਘ ਨੇ ਦੱਸਿਆ ਕਿ ਉਹ ਜਲਦੀ ਅਮੀਰ ਹੋਣ ਅਤੇ ਇਸ ਧੰਦੇ ਵਿੱਚ ਮੋਟੀ ਕਮਾਈ ਦੇ ਲਾਲਚ ਕਾਰਨ ਤਸਕਰੀ ਦੇ ਰਾਹ ਪੈ ਗਿਆ। ਬੇਰੁਜ਼ਗਾਰੀ ਕਾਰਨ ਪੈਸੇ ਕਮਾਉਣ ਦੇ ਚੱਕਰ ਵਿੱਚ ਜਸਕਰਨ ਨਾਲ ਮਿਲ ਕੇ ਇਸ ਕਾਲੇ ਕਾਰੋਬਾਰ ਵਿੱਚ ਸ਼ਾਮਲ ਹੋ ਗਿਆ

ਫ਼ਿਲਮੀ ਅੰਦਾਜ਼ ਵਿੱਚ ਹੋਈ ਗ੍ਰਿਫ਼ਤਾਰੀ-ਸਬ-ਇੰਸਪੈਕਟਰ ਸੰਜੀਵ ਕੁਮਾਰ ਅਨੁਸਾਰ ਇਹ ਗ੍ਰਿਫ਼ਤਾਰੀ ਕਿਸੇ ਫ਼ਿਲਮੀ ਸੀਨ ਵਰਗੀ ਸੀ। ਗੁਪਤ ਸੂਚਨਾ ਦੇ ਆਧਾਰ 'ਤੇ ਜਦੋਂ ਪੁਲਿਸ ਨੇ ਘੇਰਾਬੰਦੀ ਕੀਤੀ, ਤਾਂ ਮੁਲਜ਼ਮਾਂ ਨੇ ਪੁਲਿਸ ਹਿਰਾਸਤ ਵਿੱਚੋਂ ਭੱਜਣ ਦੀ ਕੋਸ਼ਿਸ਼ ਕੀਤੀ। ਹਾਲਾਂਕਿ, ਐਂਟੀ ਨਾਰਕੋਟਿਕਸ ਟਾਸਕ ਫੋਰਸ ਦੀ ਟੀਮ ਨੇ ਮੁਸਤੈਦੀ ਨਾਲ ਪਿੱਛਾ ਕਰਕੇ ਦੋਵਾਂ ਨੂੰ ਦਬੋਚ ਲਿਆ। ਪੁਲਿਸ ਮੁਲਜ਼ਮਾਂ ਨੂੰ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਲ ਕਰੇਗੀ। ਰਿਮਾਂਡ ਦੌਰਾਨ ਨਸ਼ੇ ਦੇ ਪਿਛਲੇ ਅਤੇ ਅਗਲੇ ਲਿੰਕਾਂ (ਸਪਲਾਈ ਚੇਨ) ਨੂੰ ਖੰਗਾਲਿਆ ਜਾਵੇਗਾ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਇਹ ਖੇਪ ਕਿੱਥੋਂ ਆਈ ਸੀ ਅਤੇ ਅੱਗੇ ਕਿੱਥੇ ਵੇਚੀ ਜਾਣੀ ਸੀ।

# ਕੈਨੇਡਾ ਵਿਚ ਪੰਜਾਬੀ ਨੌਜਵਾਨ 'ਵਾਂਟੇਡ'

## ✪ ਫਰਜ਼ੀ ਵਕੀਲ ਬਣ ਕੇ ਮਾਰੀ ਲੱਖਾਂ ਦੀ ਠੱਗੀ, ਪੁਲਿਸ ਨੇ ਜਾਰੀ ਕੀਤਾ ਪੋਸਟਰ

ਓਨਟਾਰੀਓ/ਜਲੰਧਰ-ਕੈਨੇਡਾ ਵਿੱਚ ਵੀਜ਼ਾ ਲਗਵਾਉਣ ਦੇ ਨਾਮ 'ਤੇ ਠੱਗੀ ਮਾਰਨ ਵਾਲੇ ਇੱਕ ਪੰਜਾਬੀ ਮੂਲ ਦੇ ਨੌਜਵਾਨ ਵਿਰੁੱਧ ਕੈਨੇਡਾ ਪੁਲਿਸ ਨੇ ਸ਼ਿਕੰਜਾ ਕੱਸ ਦਿੱਤਾ ਹੈ।

ਓਨਟਾਰੀਓ ਦੀ ਕਿਚਨਰ ਪੁਲਿਸ ਨੇ 34 ਸਾਲਾ ਹਰਸ਼ਰਨ ਸਿੰਘ ਆਹਲੂਵਾਲੀਆ ਨੂੰ 'ਵਾਂਟੇਡ' ਐਲਾਨਦਿਆਂ ਉਸ ਵਿਰੁੱਧ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤੇ ਹਨ। ਮੁਲਜ਼ਮ ਹਰਸ਼ਰਨ ਸਿੰਘ ਨੇ ਲੋਕਾਂ ਨੂੰ ਲੁੱਟਣ ਲਈ ਇੱਕ ਬੇਹੱਦ ਸ਼ਾਤਰ ਤਰੀਕਾ ਅਪਣਾਇਆ ਸੀ।



ਉਸ ਨੇ ਖੁਦ ਨੂੰ ਓਨਟਾਰੀਓ ਦਾ ਇੱਕ ਪੇਸ਼ੇਵਰ ਅਤੇ ਰਜਿਸਟਰਡ ਇਮੀਗ੍ਰੇਸ਼ਨ ਵਕੀਲ ਦੱਸਿਆ। ਲੋਕਾਂ ਨੂੰ ਵਰਕ ਵੀਜ਼ਾ ਦਿਵਾਉਣ ਦਾ ਭਰੋਸਾ ਦੇ ਕੇ ਉਹ ਪ੍ਰਤੀ ਵਿਅਕਤੀ 5-5 ਹਜ਼ਾਰ ਕੈਨੇਡੀਅਨ ਡਾਲਰ ਵਸੂਲਦਾ ਸੀ। ਲੋਕਾਂ ਨੂੰ ਸ਼ੱਕ ਨਾ ਹੋਵੇ, ਇਸ ਲਈ ਉਹ ਇੱਕੋ ਵਾਰ ਪੈਸੇ ਲੈਣ ਦੀ ਬਜਾਏ "ਪ੍ਰਕਿਰਿਆ ਜਾਰੀ ਹੈ" ਦਾ ਬਹਾਨਾ ਬਣਾ ਕੇ ਮਹੀਨਿਆਂ ਤੱਕ ਕਿਸ਼ਤਾਂ ਵਿੱਚ ਪੈਸੇ ਲੈਂਦਾ ਰਿਹਾ।

ਜਾਂਚ ਦੌਰਾਨ ਪਤਾ ਲੱਗਿਆ ਕਿ ਹਰਸ਼ਰਨ ਸਿੰਘ ਕੋਈ ਵਕੀਲ ਨਹੀਂ ਹੈ, ਸਗੋਂ ਉਹ ਸਿਰਫ਼ ਕਾਨੂੰਨੀ ਸ਼ਬਦਾਵਲੀ ਦੀ ਵਰਤੋਂ ਕਰਕੇ ਲੋਕਾਂ ਨੂੰ ਗੁੰਮਰਾਹ ਕਰਦਾ ਸੀ। ਸਭ ਤੋਂ ਹੈਰਾਨੀਜਨਕ ਗੱਲ ਇਹ ਰਹੀ ਕਿ ਪੈਸੇ ਲੈਣ ਦੇ ਬਾਵਜੂਦ ਉਸ ਨੇ ਸਰਕਾਰੀ ਪੋਰਟਲ 'ਤੇ ਵੀਜ਼ਾ ਦੀ ਕੋਈ ਅਰਜ਼ੀ ਦਾਇਰ ਹੀ ਨਹੀਂ ਕੀਤੀ ਸੀ।

### ਪੁਲਿਸ ਕਾਰਵਾਈ

ਵਾਟਰਲੂ ਰੀਜਨਲ ਪੁਲਿਸ ਨੇ ਮੁਲਜ਼ਮ ਵਿਰੁੱਧ ਧੋਖਾਧੜੀ ਅਤੇ ਫਰਜ਼ੀ ਪਛਾਣ ਦੱਸਣ ਦੇ 6 ਗੰਭੀਰ ਮਾਮਲੇ ਦਰਜ ਕੀਤੇ ਹਨ। ਪੁਲਿਸ ਨੂੰ ਸ਼ੱਕ ਹੈ ਕਿ ਮਾਰਚ 2025 ਤੋਂ ਜਨਵਰੀ 2026 ਦੇ ਵਿਚਕਾਰ ਉਹ ਕਈ ਲੋਕਾਂ ਨੂੰ ਆਪਣਾ ਸ਼ਿਕਾਰ ਬਣਾ ਚੁੱਕਾ ਹੈ। ਕੈਨੇਡਾ ਪੁਲਿਸ ਨੇ ਹਰਸ਼ਰਨ ਸਿੰਘ ਦੀ ਫੋਟੋ ਜਾਰੀ ਕਰਦਿਆਂ ਅਪੀਲ ਕੀਤੀ ਹੈ ਕਿ ਜੇਕਰ ਕੋਈ ਵੀ ਵਿਅਕਤੀ ਇਸ ਦੀ ਠੱਗੀ ਦਾ ਸ਼ਿਕਾਰ ਹੋਇਆ ਹੈ ਜਾਂ ਉਸ ਬਾਰੇ ਕੋਈ ਜਾਣਕਾਰੀ ਰੱਖਦਾ ਹੈ, ਤਾਂ ਤੁਰੰਤ ਪੁਲਿਸ ਨਾਲ ਸੰਪਰਕ ਕਰੇ। ਮੁਲਜ਼ਮ ਫਿਲਹਾਲ ਪੁਲਿਸ ਦੀ ਗ੍ਰਿਫ਼ਤ ਤੋਂ ਬਾਹਰ ਹੈ ਅਤੇ ਅੰਡਰਗਰਾਊਂਡ ਹੋ ਗਿਆ ਹੈ। ਪੁਲਿਸ ਵੱਲੋਂ ਉਸ ਦੀ ਭਾਲ ਵਿੱਚ ਲਗਾਤਾਰ ਛਾਪੇਮਾਰੀ ਕੀਤੀ ਜਾ ਰਹੀ ਹੈ।

# ਲਾਪਤਾ ਵਿਅਕਤੀ ਦੇ ਕਤਲ ਮਾਮਲੇ ਵਿੱਚ ਦੋ ਵਿਅਕਤੀਆਂ ਉੱਤੇ ਪਹਿਲੀ ਡਿਗਰੀ ਕਤਲ ਦੇ ਦੋਸ਼

ਵੈਨਕੂਵਰ-(ਮਲਕੀਤ ਸਿੰਘ) - ਕਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਦੇ ਬਰਨਬੀ ਸ਼ਹਿਰ ਨਾਲ ਸੰਬੰਧਿਤ ਇੱਕ 45 ਸਾਲਾ ਵਿਅਕਤੀ ਦੀ ਮੌਤ ਦੇ ਮਾਮਲੇ ਵਿੱਚ ਪੁਲਿਸ ਨੇ ਦੋ ਲੋਕਾਂ ਉੱਤੇ ਪਹਿਲੀ ਡਿਗਰੀ ਕਤਲ ਦੇ ਦੋਸ਼ ਲਗਾਏ ਹਨ। ਇਹ ਵਿਅਕਤੀ ਫ਼ਰਵਰੀ ਮਹੀਨੇ ਵਿੱਚ ਲਾਪਤਾ ਹੋ ਗਿਆ ਸੀ ਅਤੇ ਉਸ ਦੀ ਮੌਤ ਦੀ ਜਾਂਚ ਹੁਣ ਕਤਲ ਦੇ ਮਾਮਲੇ ਵਜੋਂ ਕੀਤੀ ਜਾ ਰਹੀ ਹੈ।ਇੰਟੀਗ੍ਰੇਟਡ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ (ਆਈਐਚਆਈਟੀ) ਮੁਤਾਬਕ ਮ੍ਰਿਤਕ ਦੀ ਪਹਿਚਾਣ ਬਰਨਬੀ ਦੇ ਰਹਿਣ ਵਾਲੇ ਮਸੂਦ ਮਸਜੂਦੀ ਵਜੋਂ ਹੋਈ ਹੈ। ਜਾਂਚ ਕਰ ਰਹੇ ਅਧਿਕਾਰੀਆਂ ਅਨੁਸਾਰ ਪਿਛਲੇ ਹਫ਼ਤੇ ਮਿਸ਼ਨ ਖੇਤਰ ਵਿੱਚ ਉਸ ਦੇ ਅਵਸ਼ੇਸ਼ ਮਿਲੇ ਸਨ, ਜਿਸ ਤੋਂ ਬਾਅਦ ਮਾਮਲੇ ਦੀ ਜਾਂਚ ਤੇਜ਼ ਕਰ ਦਿੱਤੀ ਗਈ ਸੀ. ਪੁਲਿਸ ਮੁਤਾਬਕ ਇਸ ਮਾਮਲੇ ਵਿੱਚ 48 ਸਾਲਾ ਮਹਦੀ ਅਹਿਮਦਜ਼ਾਦੇਹ ਸਮੇਤ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਉੱਤੇ ਪਹਿਲੀ ਡਿਗਰੀ ਕਤਲ ਦੇ ਦੋਸ਼ ਲਗਾਏ ਗਏ ਹਨ। ਜਾਂਚ ਅਧਿਕਾਰੀਆਂ ਦਾ ਕਹਿਣਾ ਹੈ ਕਿ ਮਾਮਲੇ ਦੀ ਜਾਂਚ ਹਾਲੇ ਵੀ ਜਾਰੀ ਹੈ ਅਤੇ ਹੋਰ ਜਾਣਕਾਰੀ ਸਾਹਮਣੇ ਆਉਣ ਦੀ ਸੰਭਾਵਨਾ ਹੈ



ਮਿਰਤਕ ਮਸੂਦ ਮਸਜੂਦੀ ਦੀ ਇੱਕ ਤਸਵੀਰ

# ਢੌਂਗੀ ਬਾਬੇ ਨੇ ਔਰਤ ਨੂੰ ਬਣਾਇਆ ਠੱਗੀ ਦਾ ਸ਼ਿਕਾਰ; ਸੋਨਾ ਅਤੇ ਹਜ਼ਾਰਾਂ ਦੀ ਨਕਦੀ ਲੈ ਕੇ ਫ਼ਰਾਰ

ਮਮਦੋਟ (ਫਿਰੋਜ਼ਪੁਰ)-ਫਿਰੋਜ਼ਪੁਰ ਦੇ ਕਸਬਾ ਮਮਦੋਟ ਅਧੀਨ ਆਉਂਦੇ ਪਿੰਡ ਹਜ਼ਾਰਾ ਸਿੰਘ ਵਾਲਾ ਵਿੱਚ ਦਿਨ-ਦਿਹਾੜੇ ਠੱਗੀ ਦਾ ਇੱਕ ਬਹੁਤ ਹੀ ਹੈਰਾਨੀਜਨਕ ਮਾਮਲਾ ਸਾਹਮਣੇ ਆਇਆ ਹੈ। ਇੱਕ ਢੌਂਗੀ ਬਾਬੇ ਨੇ ਆਪਣੇ ਸਾਥੀਆਂ ਸਮੇਤ ਮਿਲ ਕੇ ਇੱਕ ਭੋਲੀ-ਭਾਲੀ ਔਰਤ ਨੂੰ ਆਪਣੀਆਂ ਗੱਲਾਂ ਵਿੱਚ ਫਸਾਇਆ ਅਤੇ ਉਸ ਕੋਲੋਂ ਡੇਢ ਤੋਲਾ ਸੋਨਾ ਅਤੇ 50 ਹਜ਼ਾਰ ਰੁਪਏ ਨਕਦ ਲੈ ਕੇ ਰਫੂ-ਚੱਕਰ ਹੋ ਗਿਆ।

### ਘਟਨਾ ਕਿਵੇਂ ਵਾਪਰੀ ?

ਪੀੜਤ ਔਰਤ ਸਵਰਣ ਕੌਰ ਨੇ ਹੱਡ-ਬੀਤੀ ਸੁਣਾਉਂਦਿਆਂ ਦੱਸਿਆ ਕਿ ਇਹ ਵਾਰਦਾਤ ਉਸ ਵੇਲੇ ਹੋਈ ਜਦੋਂ ਉਹ ਮਮਦੋਟ ਤੋਂ ਆਪਣੇ ਘਰ ਵਾਪਸ ਜਾ ਰਹੀ ਸੀ। ਰਸਤੇ ਵਿੱਚ ਇੱਕ ਵਿਅਕਤੀ ਨੇ ਉਸ ਨੂੰ ਰੋਕ ਕੇ ਕਿਸੇ ਡੇਰੇ ਬਾਰੇ ਪੁੱਛਗਿੱਛ ਕਰਨੀ ਸ਼ੁਰੂ ਕਰ ਦਿੱਤੀ।



ਗੱਲਾਂ ਕਰਦਿਆਂ ਉਸ ਵਿਅਕਤੀ ਨੇ ਮਾਲਾ ਫੇਰਨੀ ਸ਼ੁਰੂ ਕਰ ਦਿੱਤੀ ਅਤੇ ਕਥਿਤ ਤੌਰ 'ਤੇ ਔਰਤ ਨੂੰ ਆਪਣੇ ਵੱਸ ਵਿੱਚ ਕਰ ਲਿਆ। ਢੌਂਗੀ ਬਾਬੇ ਨੇ ਔਰਤ ਨੂੰ ਕਿਹਾ ਕਿ ਉਹ ਆਪਣੇ ਘਰ ਵਿੱਚ ਪਿਆ ਸਾਰਾ ਸੋਨਾ, ਨਕਦੀ ਅਤੇ ਕੀਮਤੀ ਸਮਾਨ ਲਿਆ ਕੇ ਉਸ ਦੇ ਹਵਾਲੇ ਕਰ ਦੇਵੇ।

ਔਰਤ ਉਸ ਦੀਆਂ ਗੱਲਾਂ ਵਿੱਚ ਇੰਨੀ ਬੁਰੀ ਤਰ੍ਹਾਂ ਫਸ ਗਈ ਕਿ ਉਸ ਨੇ ਘਰ ਜਾ ਕੇ ਡੇਢ ਤੋਲਾ ਸੋਨਾ ਅਤੇ 50 ਹਜ਼ਾਰ ਰੁਪਏ ਲਿਆ ਕੇ ਬਾਬੇ ਨੂੰ ਫੜਾ ਦਿੱਤੇ। ਸਮਾਨ ਮਿਲਦਿਆਂ ਹੀ ਢੌਂਗੀ ਬਾਬਾ ਆਪਣੇ ਸਾਥੀਆਂ (ਜਿਨ੍ਹਾਂ ਵਿੱਚ ਇੱਕ ਔਰਤ ਵੀ ਸ਼ਾਮਲ ਸੀ) ਸਮੇਤ ਮੌਕੇ ਤੋਂ ਫ਼ਰਾਰ ਹੋ ਗਿਆ।

ਕੁਝ ਸਮੇਂ ਬਾਅਦ ਜਦੋਂ ਸਵਰਣ ਕੌਰ ਨੂੰ ਹੋਸ਼ ਆਇਆ ਅਤੇ ਅਹਿਸਾਸ ਹੋਇਆ ਕਿ ਉਹ ਠੱਗੀ ਦਾ ਸ਼ਿਕਾਰ ਹੋ ਚੁੱਕੀ ਹੈ, ਤਾਂ ਉਸ ਨੇ ਤੁਰੰਤ ਆਪਣੇ ਪਰਿਵਾਰ ਨੂੰ ਸੂਚਿਤ ਕੀਤਾ।

### ਪੀੜਤ ਪਰਿਵਾਰ ਦੀ ਮੰਗ

ਪੀੜਤ ਪਰਿਵਾਰ ਨੇ ਪੁਲਿਸ ਪ੍ਰਸ਼ਾਸਨ ਤੋਂ ਗੁਹਾਰ ਲਗਾਈ ਹੈ ਕਿ ਦੋਸ਼ੀ ਢੌਂਗੀ ਬਾਬੇ ਅਤੇ ਉਸ ਦੇ ਸਾਥੀਆਂ ਦੀ ਜਲਦ ਤੋਂ ਜਲਦ ਪਛਾਣ ਕਰਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਜਾਵੇ। ਉਨ੍ਹਾਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ ਤਾਂ ਜੋ ਉਹ ਕਿਸੇ ਹੋਰ ਮਾਸੂਮ ਨੂੰ ਆਪਣਾ ਸ਼ਿਕਾਰ ਨਾ ਬਣਾ ਸਕਣ। ਇਹ ਮਾਮਲਾ ਇਲਾਕੇ ਵਿੱਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਪੁਲਿਸ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਅਜਿਹੇ ਅਣਪਛਾਤੇ ਵਿਅਕਤੀਆਂ ਅਤੇ ਪਖੰਡੀ ਬਾਬਿਆਂ ਦੇ ਝਾਂਸੇ ਵਿੱਚ ਨਾ ਆਉਣ।

# ਹੈਦਰਾਬਾਦ ਵਿਚ 194 ਸਾਲ ਪੁਰਾਣੇ ਇਤਿਹਾਸਕ ਗੁਰਦੁਆਰੇ ਉਪਰ ਬੁਲਡੋਜ਼ਰ ਚਲਾਉਣ ਦੀ ਕੋਸ਼ਿਸ਼

## ✪ ਬਰਮਬਾਲਾ ਗੁਰਦੁਆਰੇ ਦੀ ਜ਼ਮੀਨ 'ਤੇ ਜਬਰੀ ਕਬਜ਼ੇ ਦਾ ਪੰਥਕ ਆਗੂਆਂ ਵਲੋਂ ਸਖ਼ਤ ਵਿਰੋਧ

ਹੈਦਰਾਬਾਦ/ਅੰਮ੍ਰਿਤਸਰ-ਤੇਲੰਗਾਨਾ ਦੀ ਰਾਜਧਾਨੀ ਹੈਦਰਾਬਾਦ ਵਿੱਚ ਸਥਿਤ ਇਤਿਹਾਸਕ ਗੁਰਦੁਆਰਾ ਬਰਮਬਾਲਾ ਸਾਹਿਬ ਦੀ ਜ਼ਮੀਨ ਨੂੰ ਲੈ ਕੇ ਪੈਦਾ ਹੋਏ ਵਿਵਾਦ ਨੇ ਪੂਰੀ ਦੁਨੀਆ ਦੇ ਸਿੱਖਾਂ ਵਿੱਚ ਤਲਖ਼ੀ ਪੈਦਾ ਕਰ ਦਿੱਤੀ ਹੈ। ਸਥਾਨਕ ਪ੍ਰਸ਼ਾਸਨ ਵੱਲੋਂ ਗੁਰਦੁਆਰਾ ਸਾਹਿਬ ਦੀ ਹਦੂਦ ਅੰਦਰ ਕੀਤੀ ਗਈ ਤੋੜ-ਫੋੜ ਅਤੇ ਜਬਰੀ ਕਬਜ਼ੇ ਦੀ ਕੋਸ਼ਿਸ਼ ਨੂੰ ਸਿੱਖ ਜਥੇਬੰਦੀਆਂ ਨੇ ਧਾਰਮਿਕ ਆਸਥਾ 'ਤੇ ਹਮਲਾ ਕਰਾਰ ਦਿੱਤਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਪੰਥਕ ਆਗੂਆਂ ਅਤੇ ਜਥੇਦਾਰ ਸਾਹਿਬਾਨ ਨੇ ਇਸ ਕਾਰਵਾਈ ਦੀ ਸਖ਼ਤ ਨਿਖੇਧੀ ਕਰਦਿਆਂ ਕੇਂਦਰ ਅਤੇ ਰਾਜ ਸਰਕਾਰ ਨੂੰ ਤੁਰੰਤ ਦਖ਼ਲ ਦੇਣ ਦੀ ਚਿਤਾਵਨੀ ਦਿੱਤੀ ਹੈ।



### ਕੀ ਹੈ ਪੂਰਾ ਮਾਮਲਾ ?

ਇਹ ਵਿਵਾਦ ਹੈਦਰਾਬਾਦ ਦੇ ਅੱਤਾਪੁਰ ਇਲਾਕੇ ਵਿੱਚ ਸਥਿਤ 'ਸਿੱਖ ਛਾਉਣੀ' ਦੀ ਜ਼ਮੀਨ ਨਾਲ ਜੁੜਿਆ ਹੋਇਆ ਹੈ। ਇਸ ਅਸਥਾਨ ਦਾ ਇਤਿਹਾਸ ਲਗਭਗ 194 ਸਾਲ ਪੁਰਾਣਾ ਹੈ। ਸੰਨ 1832 ਵਿੱਚ ਜਦੋਂ ਹੈਦਰਾਬਾਦ ਦੇ ਨਿਜ਼ਾਮ ਨੇ ਮਹਾਰਾਜਾ ਰਣਜੀਤ ਸਿੰਘ ਤੋਂ ਕਾਨੂੰਨ-ਵਿਵਸਥਾ ਬਣਾਈ ਰੱਖਣ ਲਈ ਮਦਦ ਮੰਗੀ ਸੀ, ਤਾਂ ਮਹਾਰਾਜਾ ਸਾਹਿਬ ਨੇ ਸਿੱਖ ਫੌਜ ਦੀਆਂ ਟੁਕੜੀਆਂ ਭੇਜੀਆਂ ਸਨ। ਨਿਜ਼ਾਮ ਨੇ ਇਨ੍ਹਾਂ ਸਿੱਖ ਸੈਨਿਕਾਂ ਦੇ ਰਹਿਣ ਲਈ ਇਹ ਜ਼ਮੀਨ ਅਲਾਟ ਕੀਤੀ ਸੀ, ਜਿੱਥੇ ਬਾਅਦ ਵਿੱਚ ਗੁਰਦੁਆਰਾ ਸਾਹਿਬ, ਸਕੂਲ ਅਤੇ ਰਿਹਾਇਸ਼ੀ ਬਸਤੀਆਂ ਬਣੀਆਂ ਸਨ।

ਤਾਜ਼ਾ ਵਿਵਾਦ 15 ਮਾਰਚ ਨੂੰ ਉਸ ਸਮੇਂ ਭੜਕਿਆ ਜਦੋਂ ਸਥਾਨਕ ਪ੍ਰਸ਼ਾਸਨ ਅਤੇ ਪੁਲਿਸ ਨੇ ਭਾਰੀ ਫੋਰਸ ਨਾਲ ਗੁਰਦੁਆਰਾ ਸਾਹਿਬ ਦੇ ਨਿਸ਼ਾਨ ਸਾਹਿਬ ਦੇ ਨੇੜੇ ਲਗਭਗ 6,044 ਵਰਗ ਗਜ਼ ਜ਼ਮੀਨ 'ਤੇ ਲੱਗੀ ਸੁਰੱਖਿਆ ਵਾੜ ਨੂੰ ਤੋੜ ਦਿੱਤਾ। ਗੁਰਦੁਆਰਾ ਕਮੇਟੀ ਅਨੁਸਾਰ, ਇਹ ਵਾੜ ਅਸਮਾਜਿਕ ਤੱਤਾਂ ਨੂੰ ਕੂੜਾ ਸੁੱਟਣ ਅਤੇ ਨਜਾਇਜ਼ ਪਾਰਕਿੰਗ ਤੋਂ ਰੋਕਣ ਲਈ ਲਗਾਈ ਗਈ ਸੀ।

ਪ੍ਰਸ਼ਾਸਨ ਵੱਲੋਂ ਇਸ ਨੂੰ ਨਜਾਇਜ਼ ਕਬਜ਼ਾ ਦੱਸ ਕੇ ਹਟਾਉਣ ਦੀ ਕੋਸ਼ਿਸ਼ ਕੀਤੀ ਗਈ, ਜਦੋਂ ਕਿ ਮਾਮਲਾ ਅਦਾਲਤ ਵਿੱਚ ਵਿਚਾਰ ਅਧੀਨ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਘਟਨਾ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ "ਗੁਰਦੁਆਰਾ ਸਾਹਿਬ ਦੀ ਜ਼ਮੀਨ 'ਤੇ ਇਸ ਤਰ੍ਹਾਂ ਦੀ ਧੱਕੇਸ਼ਾਹੀ ਨਾ ਸਿਰਫ਼ ਦੁਖਦਾਈ ਹੈ, ਸਗੋਂ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਵਲੂੰਧਰਨ ਵਾਲੀ ਹੈ। ਪੁਰਾਣੇ ਸਮੇਂ ਤੋਂ ਗੁਰਦੁਆਰਾ ਸਾਹਿਬ ਨੂੰ ਮਿਲੀ ਜ਼ਮੀਨ 'ਤੇ ਕਬਜ਼ਾ ਕਰਨਾ ਕਾਨੂੰਨ ਅਤੇ ਨਿਆਂ ਦੇ ਸਿਧਾਂਤਾਂ ਦੇ ਉਲਟ ਹੈ।"

ਧਾਮੀ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਤੁਰੰਤ ਇਸ ਮਾਮਲੇ ਵਿੱਚ ਦਖ਼ਲ ਦੇਵੇ ਅਤੇ ਤੇਲੰਗਾਨਾ ਸਰਕਾਰ ਨੂੰ ਇਸ ਕਾਰਵਾਈ ਨੂੰ ਰੋਕਣ ਦੇ ਆਦੇਸ਼ ਜਾਰੀ ਕਰੇ। ਉਨ੍ਹਾਂ ਸਪੱਸ਼ਟ ਕੀਤਾ ਕਿ ਸਿੱਖ ਸੰਸਥਾ ਕਿਸੇ ਵੀ ਕੀਮਤ 'ਤੇ ਗੁਰੂ ਘਰਾਂ ਦੀਆਂ ਜ਼ਮੀਨਾਂ ਨਾਲ ਛੇੜਛਾੜ ਬਰਦਾਸ਼ਤ ਨਹੀਂ ਕਰੇਗੀ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਵੀ ਇਸ ਮਾਮਲੇ ਨੂੰ ਗੰਭੀਰਤਾ ਨਾਲ ਲਿਆ ਗਿਆ ਹੈ। ਪੰਥਕ ਹਲਕਿਆਂ ਦਾ ਕਹਿਣਾ ਹੈ ਕਿ ਜਦੋਂ ਤੇਲੰਗਾਨਾ ਹਾਈ ਕੋਰਟ ਨੇ ਪਹਿਲਾਂ ਹੀ ਪ੍ਰਸ਼ਾਸਨ ਨੂੰ ਸਿੱਖ ਭਾਈਚਾਰੇ ਦੇ ਕਬਜ਼ੇ ਵਿੱਚ ਦਖ਼ਲ ਨਾ ਦੇਣ ਅਤੇ ਜ਼ਮੀਨ ਨੂੰ ਨਿਯਮਤ ਕਰਨ ਦੇ ਨਿਰਦੇਸ਼ ਦਿੱਤੇ ਹਨ, ਤਾਂ ਫਿਰ ਇਹ ਤੋੜ-ਫੋੜ ਅਦਾਲਤ ਦੀ ਮਾਣਹਾਨੀ ਹੈ।

ਦਿੱਲੀ ਅਕਾਲੀ ਦਲ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਵੀ ਇਸ ਮਾਮਲੇ 'ਤੇ ਚਿੰਤਾ ਪ੍ਰਗਟਾਈ ਹੈ। ਉਨ੍ਹਾਂ ਕਿਹਾ ਕਿ ਉੱਥੇ 1,200 ਦੇ ਕਰੀਬ ਸਿੱਖ ਪਰਿਵਾਰ ਪੀੜ੍ਹੀਆਂ ਤੋਂ ਰਹਿ ਰਹੇ ਹਨ। ਉਨ੍ਹਾਂ ਮੁੱਖ ਮੰਤਰੀ ਏ. ਰੇਵੰਤ ਰੈੱਡੀ ਤੋਂ ਮੰਗ ਕੀਤੀ ਕਿ ਸਿੱਖਾਂ ਦੀ ਇਤਿਹਾਸਕ ਮੌਜੂਦਗੀ ਦਾ ਸਤਿਕਾਰ ਕਰਦਿਆਂ ਇਸ ਜ਼ਮੀਨੀ ਵਿਵਾਦ ਨੂੰ ਹਮੇਸ਼ਾ ਲਈ ਹੱਲ ਕੀਤਾ ਜਾਵੇ।

### ਪ੍ਰਸ਼ਾਸਨਿਕ ਪੱਖ ਅਤੇ ਸਿੱਖਾਂ ਦੀਆਂ ਮੰਗਾਂ

ਪ੍ਰਸ਼ਾਸਨ ਦਾ ਤਰਕ ਹੈ ਕਿ ਉਹ ਸਰਕਾਰੀ ਜ਼ਮੀਨ ਤੋਂ ਕਬਜ਼ੇ ਹਟਾ ਰਿਹਾ ਹੈ, ਪਰ ਸਿੱਖ ਭਾਈਚਾਰੇ ਕੋਲ 1832 ਤੋਂ ਲੈ ਕੇ ਹੁਣ ਤੱਕ ਦੇ ਦਸਤਾਵੇਜ਼ੀ ਸਬੂਤ ਹਨ। ਸਿੱਖ ਸੰਗਤ ਦੀਆਂ ਮੁੱਖ ਮੰਗਾਂ ਹਨ:

ਗੁਰਦੁਆਰਾ ਸਾਹਿਬ ਦੀ ਜ਼ਮੀਨ ਦੇ ਦੁਆਲੇ ਤੋੜੀ ਗਈ ਵਾੜ ਨੂੰ ਤੁਰੰਤ ਮੁੜ ਸਥਾਪਿਤ ਕੀਤਾ ਜਾਵੇ।

ਪੀੜ੍ਹੀਆਂ ਤੋਂ ਰਹਿ ਰਹੇ ਸਿੱਖ ਪਰਿਵਾਰਾਂ ਦੀਆਂ ਰਿਹਾਇਸ਼ੀ ਜ਼ਮੀਨਾਂ ਨੂੰ ਮਾਮੂਲੀ ਫੀਸ ਲੈ ਕੇ ਨਿਯਮਤ ਕੀਤਾ ਜਾਵੇ।

ਧਾਰਮਿਕ ਅਤੇ ਵਿਦਿਅਕ ਅਦਾਰਿਆਂ ਵਾਲੀ ਜ਼ਮੀਨ ਨੂੰ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਾਮ ਕੀਤਾ ਜਾਵੇ।

### ਸਿੱਖ ਸੰਗਤ ਵਿੱਚ ਰੋਸ ਦੀ ਲਹਿਰ

ਹੈਦਰਾਬਾਦ ਦੀ ਸਥਾਨਕ ਸੰਗਤ ਵਿੱਚ ਇਸ ਵੇਲੇ ਭਾਰੀ ਗੁੱਸਾ ਪਾਇਆ ਜਾ ਰਿਹਾ ਹੈ। ਸੰਗਤਾਂ ਦਾ ਕਹਿਣਾ ਹੈ ਕਿ ਸਿੱਖਾਂ ਨੇ ਹਮੇਸ਼ਾ ਦੇਸ਼ ਦੀ ਸੇਵਾ ਕੀਤੀ ਹੈ ਅਤੇ ਹੈਦਰਾਬਾਦ ਦੇ ਵਿਕਾਸ ਵਿੱਚ ਵਡਮੁੱਲਾ ਯੋਗਦਾਨ ਪਾਇਆ ਹੈ, ਪਰ ਉਨ੍ਹਾਂ ਨੂੰ ਆਪਣੇ ਹੀ ਘਰਾਂ ਅਤੇ ਧਾਰਮਿਕ ਅਸਥਾਨਾਂ ਤੋਂ ਬੇਦਖਲ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।

## 'ਆਪ' ਸਰਕਾਰ 'ਤੇ ਖਹਿਰਾ ਦਾ ਤਿੱਖਾ ਹਮਲਾ

# "ਸਿਆਸੀ ਬਦਲਾਖੋਰੀ ਕਾਰਨ ਮੈਨੂੰ ਬਣਾਇਆ ਜਾ ਰਿਹਾ ਨਿਸ਼ਾਨਾ"

ਚੰਡੀਗੜ੍ਹ-ਪੰਜਾਬ ਵਿਧਾਨ ਸਭਾ ਵਿੱਚ ਪਿਛਲੇ ਦਿਨੀਂ ਹੋਏ ਜ਼ਬਰਦਸਤ ਹੰਗਾਮੇ ਅਤੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਵੱਲੋਂ ਲਿਆਂਦੇ ਗਏ ਮਰਿਆਦਾ ਮਤੇ ਤੋਂ ਬਾਅਦ, ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਹੁਣ ਸੋਸ਼ਲ ਮੀਡੀਆ ਰਾਹੀਂ ਆਪਣਾ ਪੱਖ ਪੇਸ਼ ਕੀਤਾ ਹੈ। ਖਹਿਰਾ ਨੇ ਉਨ੍ਹਾਂ 'ਤੇ ਲੱਗੇ 'ਅਸ਼ਲੀਲ ਇਸ਼ਾਰੇ' ਕਰਨ ਦੇ ਇਲਜ਼ਾਮਾਂ ਨੂੰ ਸਿਰੇ ਤੋਂ ਨਕਾਰਦਿਆਂ ਇਸ ਨੂੰ ਸਿਆਸੀ ਬਦਲਾਖੋਰੀ ਕਰਾਰ ਦਿੱਤਾ ਹੈ। ਖਹਿਰਾ ਨੇ ਇੱਕ ਵੀਡੀਓ ਸਾਂਝੀ ਕਰਦਿਆਂ ਸਪੱਸ਼ਟ ਕੀਤਾ ਕਿ ਸਦਨ ਵਿੱਚ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਵੱਲੋਂ ਕੀਤੇ ਜਾ ਰਹੇ ਸ਼ੋਰ-ਸ਼ਰਾਬੇ ਕਾਰਨ ਉਨ੍ਹਾਂ ਨੂੰ ਬੋਲਣ ਦਾ ਮੌਕਾ ਨਹੀਂ ਦਿੱਤਾ ਜਾ ਰਿਹਾ ਸੀ। ਖਹਿਰਾ ਅਨੁਸਾਰ ਉਨ੍ਹਾਂ ਨੇ ਹੱਥਾਂ ਨਾਲ 'ਕਾਟੇ' ਦਾ ਨਿਸ਼ਾਨ ਬਣਾ ਕੇ ਸਿਰਫ਼ ਇਹ ਸੰਕੇਤ ਦਿੱਤਾ ਸੀ ਕਿ ਉਹ ਮਾਫ਼ੀ ਨਹੀਂ ਮੰਗਣਗੇ। ਖਹਿਰਾ ਨੇ ਤੰਜ ਕਸਦਿਆਂ ਕਿਹਾ, "ਜਿਹੜੇ ਲੋਕ ਬੋਲਣ ਨਹੀਂ ਦਿੰਦੇ ਅਤੇ ਗੂੰਗੇ-ਬਹਿਰੇ ਬਣੇ ਹੋਏ ਹਨ, ਉਨ੍ਹਾਂ ਨੂੰ ਇਸ਼ਾਰਿਆਂ ਦੀ ਭਾਸ਼ਾ ਵਿੱਚ ਹੀ ਜਵਾਬ ਦੇਣਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ? "ਮੈਂ ਮਾਫ਼ੀ ਕਾਹਦੇ ਲਈ ਮੰਗਾਂ ? ਮੈਂ ਕੋਈ ਗੁਨਾਹ ਨਹੀਂ ਕੀਤਾ। ਮੇਰੇ ਵਿੱਚ ਕੋਈ ਹਉਮੈ ਨਹੀਂ ਹੈ, ਮੈਂ ਤਾਂ ਕਮਜ਼ੋਰ ਬੰਦੇ ਤੋਂ ਵੀ ਮਾਫ਼ੀ ਮੰਗ ਲੈਂਦਾ ਹਾਂ, ਪਰ ਇੱਥੇ ਮੈਂ ਗਲਤ ਨਹੀਂ ਹਾਂ।"

### ਸਪੀਕਰ ਅਤੇ ਸਰਕਾਰ 'ਤੇ ਵੱਡੇ ਸਵਾਲ

ਖਹਿਰਾ ਨੇ ਦੋਸ਼ ਲਾਇਆ ਕਿ ਸਪੀਕਰ ਪਹਿਲਾਂ ਉਨ੍ਹਾਂ ਨੂੰ ਬੋਲਣ ਦਾ ਸਮਾਂ ਦੇਣ ਲਈ ਸਹਿਮਤ ਸਨ, ਪਰ ਮਹਿਲਾ ਵਿਧਾਇਕਾਂ ਦੇ ਵਾਕ-ਆਊਟ ਦੀ ਧਮਕੀ ਤੋਂ ਬਾਅਦ ਉਨ੍ਹਾਂ ਨੇ ਆਪਣਾ ਪੈਂਤੜਾ ਬਦਲ ਲਿਆ ਅਤੇ ਮਾਫ਼ੀ ਮੰਗਣ ਦੀ ਸ਼ਰਤ ਰੱਖ ਦਿੱਤੀ। ਉਨ੍ਹਾਂ ਕਿਹਾ



ਕਿ ਸਰਕਾਰ ਲੋਕਾਂ ਦੇ ਅਸਲ ਮੁੱਦਿਆਂ ਜਿਵੇਂ ਕਿ ਵਿਗੜ ਰਹੀ ਕਾਨੂੰਨ ਵਿਵਸਥਾ ਤੋਂ ਧਿਆਨ ਭਟਕਾਉਣ ਲਈ ਉਨ੍ਹਾਂ ਨੂੰ ਨਿਸ਼ਾਨਾ ਬਣਾ ਰਹੀ ਹੈ।


### ਸਿਆਸੀ ਬਦਲਾਖੋਰੀ ਦਾ ਇਲਜ਼ਾਮ

ਭੁਲੱਥ ਤੋਂ ਵਿਧਾਇਕ ਖਹਿਰਾ ਨੇ 'ਆਪ' ਸਰਕਾਰ 'ਤੇ ਤਿੱਖੇ ਹਮਲੇ ਕਰਦਿਆਂ ਕਿਹਾ ਕਿ ਸਰਕਾਰ ਉਨ੍ਹਾਂ ਵਿਰੁੱਧ ਅਜਿਹੇ ਸਬੂਤ ਲੱਭ ਰਹੀ ਹੈ ਜਿਸ ਨਾਲ ਉਨ੍ਹਾਂ ਨੂੰ ਬਦਨਾਮ ਕੀਤਾ ਜਾ ਸਕੇ। ਖਹਿਰਾ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੇ ਇੱਕ ਪੰਚਾਇਤ ਅਫ਼ਸਰ ਵੱਲੋਂ ਫੰਡਾਂ ਦੀ ਦੁਰਵਰਤੋਂ ਸਬੰਧੀ ਵਿਜੀਲੈਂਸ ਨੂੰ ਸ਼ਿਕਾਇਤ ਦਿੱਤੀ ਸੀ, ਪਰ ਸਰਕਾਰ ਨੇ ਉਸ 'ਤੇ ਕੋਈ ਕਾਰਵਾਈ ਨਹੀਂ ਕੀਤੀ। ਸੁਖਪਾਲ ਖਹਿਰਾ ਅਤੇ ਆਮ ਆਦਮੀ ਪਾਰਟੀ ਵਿਚਾਲੇ ਇਹ ਤਕਰਾਰ ਹੁਣ ਸਿਰਫ਼ ਸਦਨ ਤੱਕ ਸੀਮਤ ਨਹੀਂ ਰਹੀ, ਸਗੋਂ ਸੋਸ਼ਲ ਮੀਡੀਆ ਰਾਹੀਂ ਜਨਤਕ ਅਦਾਲਤ ਵਿੱਚ ਪਹੁੰਚ ਗਈ ਹੈ।

-ਮਾਮਲਾ ਸੰਤ ਰੰਧਾਵਾ ਉਪਰ ਸਖਤ ਟਿੱਪਣੀਆਂ ਦਾ-

# ਰਣਜੀਤ ਸਿੰਘ ਢੱਡਰੀਆਂਵਾਲੇ ਦੀਆਂ ਵਧੀਆਂ ਮੁਸ਼ਕਲਾਂ

## ✪ ਮਾਣਹਾਨੀ ਮਾਮਲੇ ਵਿੱਚ ਅਦਾਲਤ ਨੇ ਜਾਰੀ ਕੀਤੇ ਸੰਮਨ





ਫਤਿਹਗੜ੍ਹ ਸਾਹਿਬ-ਪਟਿਆਲਾ ਸਥਿਤ ਗੁਰਦੁਆਰਾ ਪਰਮੇਸ਼ਵਰ ਦੁਆਰ ਦੇ ਮੁਖੀ ਅਤੇ ਪ੍ਰਸਿੱਧ ਪ੍ਰਚਾਰਕ ਭਾਈ ਰਣਜੀਤ ਸਿੰਘ ਢੱਡਰੀਆਂਵਾਲੇ ਇੱਕ ਵਾਰ ਫਿਰ ਕਾਨੂੰਨੀ ਸ਼ਿਕੰਜੇ ਵਿੱਚ ਫਸਦੇ ਨਜ਼ਰ ਆ ਰਹੇ ਹਨ। ਫਤਿਹਗੜ੍ਹ ਸਾਹਿਬ ਦੀ ਸੈਸ਼ਨ ਅਦਾਲਤ ਵੱਲੋਂ ਦਿੱਤੇ ਤਾਜ਼ਾ ਹੁਕਮਾਂ ਤੋਂ ਬਾਅਦ ਹੁਣ ਸੰਤ ਢੱਡਰੀਆਂਵਾਲੇ ਨੂੰ ਮਾਣਹਾਨੀ ਦੇ ਇੱਕ ਪੁਰਾਣੇ ਮਾਮਲੇ ਵਿੱਚ ਅਦਾਲਤ ਸਾਹਮਣੇ ਪੇਸ਼ ਹੋਣਾ ਪਵੇਗਾ।

ਇਹ ਵਿਵਾਦ ਸਾਲ 2019 ਵਿੱਚ ਸ਼ੁਰੂ ਹੋਇਆ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਭਾਈ ਗੁਰਪ੍ਰੀਤ ਸਿੰਘ ਰੰਧਾਵਾ ਨੇ ਦੋਸ਼ ਲਾਇਆ ਸੀ ਕਿ ਰਣਜੀਤ ਸਿੰਘ ਢੱਡਰੀਆਂਵਾਲੇ ਨੇ ਆਪਣੇ ਇੱਕ ਦੀਵਾਨ (ਧਾਰਮਿਕ ਸਮਾਗਮ) ਦੌਰਾਨ ਉਨ੍ਹਾਂ ਅਤੇ ਉਨ੍ਹਾਂ ਦੇ ਪਿਤਾ ਬਾਰੇ ਬੇਹੱਦ ਅਪਮਾਨਜਨਕ ਅਤੇ ਇਤਰਾਜ਼ਯੋਗ ਟਿੱਪਣੀਆਂ ਕੀਤੀਆਂ ਸਨ। ਰੰਧਾਵਾ ਅਨੁਸਾਰ, ਇਹ ਟਿੱਪਣੀਆਂ ਨਾ ਸਿਰਫ਼ ਉਨ੍ਹਾਂ ਦੀ ਨਿੱਜੀ ਸ਼ਖਸੀਅਤ ਨੂੰ ਠੇਸ ਪਹੁੰਚਾਉਣ ਵਾਲੀਆਂ ਸਨ, ਸਗੋਂ ਸਮਾਜਿਕ ਤੌਰ 'ਤੇ ਵੀ ਉਨ੍ਹਾਂ ਦੇ ਅਕਸ ਨੂੰ ਖਰਾਬ ਕਰਨ ਦੀ ਕੋਸ਼ਿਸ਼ ਸੀ। ਭਾਈ ਰੰਧਾਵਾ ਨੇ ਇਸ ਸਬੰਧੀ ਤੁਰੰਤ ਹੇਠਲੀ ਅਦਾਲਤ ਵਿੱਚ ਮਾਣਹਾਨੀ ਦਾ ਕੇਸ ਦਾਇਰ ਕੀਤਾ ਸੀ। ਹਾਲਾਂਕਿ, ਲੰਬੇ ਸਮੇਂ ਤੱਕ ਚੱਲੀ ਸੁਣਵਾਈ ਅਤੇ ਕਾਨੂੰਨੀ ਕਾਰਵਾਈ ਦੀ ਰਫ਼ਤਾਰ ਤੋਂ ਅਸੰਤੁਸ਼ਟ ਹੋ ਕੇ, ਉਨ੍ਹਾਂ ਨੇ 2021 ਵਿੱਚ ਫਤਿਹਗੜ੍ਹ ਸਾਹਿਬ ਦੀ ਸੈਸ਼ਨ ਅਦਾਲਤ ਵਿੱਚ ਇੱਕ ਰਿਵੀਜ਼ਨ ਪਟੀਸ਼ਨ ਦਾਇਰ ਕੀਤੀ।

ਭਾਈ ਰੰਧਾਵਾ ਦੇ ਵਕੀਲ, ਐਡਵੋਕੇਟ ਅਮਰਦੀਪ ਸਿੰਘ ਧਰਨੀ ਨੇ ਦੱਸਿਆ ਕਿ "ਅਸੀਂ ਹੇਠਲੀ ਅਦਾਲਤ ਦੀ ਕਾਰਵਾਈ ਦੇ ਢੰਗ ਤੋਂ ਸੰਤੁਸ਼ਟ ਨਹੀਂ ਸੀ, ਜਿਸ ਕਾਰਨ ਸੈਸ਼ਨ ਅਦਾਲਤ ਦਾ ਦਰਵਾਜ਼ਾ ਖੜਕਾਇਆ ਗਿਆ। ਹੁਣ ਅਦਾਲਤ ਨੇ ਸਾਡੀਆਂ ਦਲੀਲਾਂ ਨੂੰ ਸਵੀਕਾਰ ਕਰਦੇ ਹੋਏ ਹੇਠਲੀ ਅਦਾਲਤ ਨੂੰ ਕੇਸ ਅੱਗੇ ਵਧਾਉਣ ਅਤੇ ਸਬੰਧਤ ਧਿਰ ਨੂੰ ਸੰਮਨ ਜਾਰੀ ਕਰਨ ਦੇ ਸਖ਼ਤ ਨਿਰਦੇਸ਼ ਦਿੱਤੇ ਹਨ।"

ਸੰਤ ਰਣਜੀਤ ਸਿੰਘ ਢੱਡਰੀਆਂਵਾਲੇ ਨੂੰ ਹੁਣ ਨਿੱਜੀ ਤੌਰ 'ਤੇ ਅਦਾਲਤ ਵਿੱਚ ਪੇਸ਼ ਹੋਣਾ ਪਵੇਗਾ ਅਤੇ ਇਸ ਮਾਮਲੇ ਵਿੱਚ ਜ਼ਮਾਨਤ ਦੀ ਮੰਗ ਕਰਨੀ ਪਵੇਗੀ। ਇਸ ਮਾਮਲੇ ਦੀ ਅਗਲੀ ਅਹਿਮ ਸੁਣਵਾਈ 24 ਮਾਰਚ ਨੂੰ ਤੈਅ ਕੀਤੀ ਗਈ ਹੈ।


ਕਾਨੂੰਨੀ ਮਾਹਿਰਾਂ ਮੁਤਾਬਕ ਜੇਕਰ ਉਹ ਨਿਰਧਾਰਤ ਤਰੀਕ 'ਤੇ ਪੇਸ਼ ਨਹੀਂ ਹੁੰਦੇ, ਤਾਂ ਅਦਾਲਤ ਉਨ੍ਹਾਂ ਖਿਲਾਫ ਗੈਰ-ਜ਼ਮਾਨਤੀ ਵਾਰੰਟ ਜਾਰੀ ਕਰਨ ਵਰਗੇ ਸਖ਼ਤ ਕਦਮ ਚੁੱਕ ਸਕਦੀ ਹੈ।

# ਪੰਜਾਬ ਵਿਧਾਨ ਸਭਾ ਵੱਲੋਂ ਬਾਬੂ ਕਾਂਸ਼ੀ ਰਾਮ ਨੂੰ 'ਭਾਰਤ ਰਤਨ' ਦੇਣ ਦਾ ਮਤਾ ਸਰਬਸੰਮਤੀ ਨਾਲ ਪਾਸ

ਚੰਡੀਗੜ੍ਹ-ਪੰਜਾਬ ਵਿਧਾਨ ਸਭਾ ਦੇ ਬਜਟ ਇਜਲਾਸ ਦੇ ਆਖ਼ਰੀ ਦਿਨ ਅੱਜ ਇੱਕ ਇਤਿਹਾਸਕ ਮਤਾ ਪਾਸ ਕੀਤਾ ਗਿਆ। ਸਦਨ ਨੇ ਸਰਬਸੰਮਤੀ ਨਾਲ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਬਹੁਜਨ ਸਮਾਜ ਪਾਰਟੀ (ਬਸਪਾ) ਦੇ ਬਾਨੀ ਅਤੇ ਉੱਘੇ ਦਲਿਤ ਰਹਿਬਰ ਮਰਹੂਮ ਬਾਬੂ ਕਾਂਸ਼ੀ ਰਾਮ ਨੂੰ ਦੇਸ਼ ਦੇ ਸਰਵਉੱਚ ਨਾਗਰਿਕ ਸਨਮਾਨ 'ਭਾਰਤ ਰਤਨ' ਨਾਲ ਨਿਵਾਜਿਆ ਜਾਵੇ।

### ਵਿੱਤ ਮੰਤਰੀ ਵੱਲੋਂ ਮਤਾ ਪੇਸ਼

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਸਦਨ ਵਿੱਚ ਇਹ ਮਤਾ ਪੇਸ਼ ਕਰਦਿਆਂ ਕਿਹਾ ਕਿ ਡਾ. ਬੀ.ਆਰ. ਅੰਬੇਡਕਰ ਦੇ ਮਿਸ਼ਨ ਨੂੰ ਅੱਗੇ ਤੋਰਨ ਵਿੱਚ ਬਾਬੂ ਕਾਂਸ਼ੀ ਰਾਮ ਦਾ ਯੋਗਦਾਨ ਲਾਮਿਸਾਲ ਹੈ। ਉਨ੍ਹਾਂ ਐਲਾਨ ਕੀਤਾ ਕਿ ਕਾਂਸ਼ੀ ਰਾਮ ਜੀ ਦੇ ਜਨਮ ਸਥਾਨ (ਰੋਪੜ) ਦੇ ਸਕੂਲ ਦਾ ਨਾਮ ਉਨ੍ਹਾਂ ਦੇ ਨਾਮ 'ਤੇ ਰੱਖਿਆ ਜਾਵੇਗਾ। ਇਸ ਮਕਸਦ



ਲਈ 2 ਕਰੋੜ ਰੁਪਏ ਦੀ ਗਰਾਂਟ ਅਤੇ ਇੱਕ ਅਤਿ-ਆਧੁਨਿਕ ਲਾਇਬਰੇਰੀ ਬਣਾਈ ਜਾਵੇਗੀ। ਇਸ ਮਤੇ ਨੂੰ ਲੈ ਕੇ ਸਦਨ ਵਿੱਚ ਦਿਲਚਸਪ ਬਹਿਸ ਵੀ ਦੇਖਣ ਨੂੰ ਮਿਲੀ।

ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਮਤੇ ਦੀ ਹਮਾਇਤ ਕਰਦਿਆਂ ਕਿਹਾ ਕਿ ਰਾਹੁਲ ਗਾਂਧੀ ਨੇ ਪਹਿਲਾਂ ਹੀ ਪ੍ਰਧਾਨ ਮੰਤਰੀ ਨੂੰ ਚਿੱਠੀ ਲਿਖ ਕੇ ਇਹ ਮੰਗ ਕੀਤੀ ਸੀ।

ਕੈਬਨਿਟ ਮੰਤਰੀ ਅਮਨ ਅਰੋੜਾ ਨੇ ਪਲਟਵਾਰ ਕਰਦਿਆਂ ਕਿਹਾ ਕਿ ਅਰਵਿੰਦ ਕੇਜਰੀਵਾਲ ਨੇ ਇਹ ਮੰਗ 2016 ਵਿੱਚ ਉਠਾਈ ਸੀ, ਜਦਕਿ ਕਾਂਗਰਸ ਨੂੰ ਜਾਗਣ ਵਿੱਚ 10 ਸਾਲ ਲੱਗ ਗਏ। ਵਿਧਾਇਕ ਨਛੱਤਰ ਪਾਲ ਨੇ ਮਤੇ ਦਾ ਸਮਰਥਨ ਕੀਤਾ ਪਰ ਪਿਛਲੀਆਂ ਸਰਕਾਰਾਂ ਵੱਲੋਂ ਕਾਂਸ਼ੀ ਰਾਮ ਨੂੰ ਨਜ਼ਰਅੰਦਾਜ਼ ਕਰਨ ਦੀ ਨਿੰਦਾ ਕੀਤੀ। ਇਸ ਅਹਿਮ ਮਤੇ ਦੌਰਾਨ ਭਾਰਤੀ ਜਨਤਾ ਪਾਰਟੀ ਦੇ ਵਿਧਾਇਕ ਸਦਨ ਵਿੱਚੋਂ ਗ਼ੈਰ-ਹਾਜ਼ਰ ਰਹੇ।

# ਹਰਿਆਣਾ ਵਿੱਚ ਬਾਲੀਵੁੱਡ ਗਾਇਕ ਬਾਦਸ਼ਾਹ ਦੀ ਗ੍ਰਿਫ਼ਤਾਰੀ ਦੇ ਹੁਕਮ



ਪਾਣੀਪਤ: ਹਰਿਆਣਾ ਮਹਿਲਾ ਕਮਿਸ਼ਨ ਨੇ 'ਟਟੀਹਰੀ' ਗਾਣੇ ਦੇ ਵਿਵਾਦ ਦੇ ਸੰਬੰਧ ਵਿੱਚ ਬਾਲੀਵੁੱਡ ਗਾਇਕ-ਰੈਪਰ ਬਾਦਸ਼ਾਹ ਲਈ ਗ੍ਰਿਫਤਾਰੀ ਦਾ ਹੁਕਮ ਜਾਰੀ ਕੀਤਾ ਹੈ। ਸੰਮਨ ਜਾਰੀ ਹੋਣ ਤੋਂ ਬਾਅਦ ਬਾਦਸ਼ਾਹ ਸ਼ੁੱਕਰਵਾਰ ਨੂੰ ਪਾਣੀਪਤ ਵਿੱਚ ਪੇਸ਼ ਨਹੀਂ ਹੋਇਆ। ਉਸਦੇ ਵਕੀਲਾਂ ਨੇ ਦਲੀਲ ਦਿੱਤੀ ਕਿ ਉਹ ਪੇਸ਼ੇਵਰ ਵਚਨਬੱਧਤਾ ਕਾਰਨ ਹਾਜ਼ਰ ਨਹੀਂ ਹੋ ਸਕਿਆ। ਕਮਿਸ਼ਨ ਤੋਂ ਹੋਰ ਮੁਲਾਕਾਤ ਦੀ ਬੇਨਤੀ ਕੀਤੀ ਗਈ ਸੀ। ਇਸ ਨਾਲ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਰੇਣੂ ਭਾਟੀਆ ਮੀਟਿੰਗ ਦੌਰਾਨ ਨਾਰਾਜ਼ ਹੋ ਗਈ। ਉਸਨੇ ਚੇਤਾਵਨੀ ਦਿੱਤੀ ਕਿ ਜੇਕਰ ਬਾਦਸ਼ਾਹ ਦੁਪਹਿਰ 3 ਵਜੇ ਤੱਕ ਪੇਸ਼ ਨਹੀਂ ਹੋਇਆ, ਤਾਂ ਉਸਦੇ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਫਿਰ ਉਸਨੇ ਪੰਚਕੂਲਾ ਅਤੇ ਪਾਣੀਪਤ ਦੇ ਐਸਪੀ ਨੂੰ ਉਸ ਨੂੰ ਗ੍ਰਿਫਤਾਰ ਕਰਨ ਅਤੇ ਉਸ ਦਾ ਪਾਸਪੋਰਟ ਜ਼ਬਤ ਕਰਨ ਦੇ ਨਿਰਦੇਸ਼ ਦਿੱਤੇ। ਉਸਨੇ ਕਿਹਾ ਕਿ ਬਾਦਸ਼ਾਹ ਨੂੰ ਦੇਸ਼ ਛੱਡਣ ਤੋਂ ਰੋਕਣ ਲਈ ਉਸਦਾ ਪਾਸਪੋਰਟ ਜ਼ਬਤ ਕਰ ਲਿਆ ਜਾਣਾ ਚਾਹੀਦਾ ਹੈ। ਕਮਿਸ਼ਨ ਹੁਣ ਔਰਤਾਂ ਅਤੇ ਧੀਆਂ ਦੀ ਸੁਰੱਖਿਆ ਲਈ ਦਖਲ ਦੇ ਰਿਹਾ ਹੈ।

ਮਹਿਲਾ ਕਮਿਸ਼ਨ ਨੇ ਉਸ ਨੂੰ 6 ਮਾਰਚ ਨੂੰ ਇੱਕ ਨੋਟਿਸ ਭੇਜਿਆ ਸੀ, ਜਿਸ ਵਿੱਚ ਉਸ ਨੂੰ 'ਟਟੀਹਰੀ' ਗਾਣੇ ਵਿੱਚ ਕੁੜੀਆਂ ਦੇ ਇਤਰਾਜ਼ਯੋਗ ਬੋਲਾਂ ਅਤੇ ਸ਼ਾਟਸ ਦੇ ਸੰਬੰਧ ਵਿੱਚ ਪਾਣੀਪਤ ਦੇ ਐਸਪੀ ਦੇ ਦਫ਼ਤਰ ਵਿੱਚ ਪੇਸ਼ ਹੋਣ ਲਈ ਕਿਹਾ ਗਿਆ ਸੀ। ਹਾਲਾਂਕਿ, ਬਾਦਸ਼ਾਹ ਦੇ ਵਕੀਲ ਨੇ ਸੁਰੱਖਿਆ ਕਾਰਨਾਂ ਦਾ ਹਵਾਲਾ ਦਿੰਦੇ ਹੋਏ, ਵੀਡੀਓ ਕਾਨਫਰੰਸਿੰਗ ਰਾਹੀਂ ਆਪਣਾ ਕੇਸ ਪੇਸ਼ ਕਰਨ ਦੀ ਇਜਾਜ਼ਤ ਮੰਗੀ।1 ਮਾਰਚ, 2026 ਨੂੰ ਰਿਲੀਜ਼ ਹੋਏ ਬਾਦਸ਼ਾਹ ਦੇ ਗੀਤ "ਟਟੀਹਰੀ" ਨੂੰ ਪੰਚਕੂਲਾ ਪੁਲਿਸ ਨੇ ਵਿਵਾਦ ਤੋਂ ਬਾਅਦ ਯੂਟਿਊਬ ਤੋਂ ਹਟਾ ਦਿੱਤਾ ਸੀ। ਮਹਿਲਾ ਕਮਿਸ਼ਨ ਅਤੇ ਕਈ ਸਮਾਜਿਕ ਸੰਗਠਨਾਂ ਨੇ ਗੀਤ ਦੀ ਰਿਲੀਜ਼ ਦਾ ਵਿਰੋਧ ਕੀਤਾ।

# ਇਰਾਨ-ਇਜ਼ਰਾਈਲ ਜੰਗ: ਇਜ਼ਰਾਈਲੀ ਹਮਲੇ 'ਚ ਇਰਾਨ ਦਾ ਸਿਖਰਲਾ ਕਮਾਂਡਰ ਸੁਲੇਮਾਨੀ ਅਤੇ ਲਾਰੀਜਾਨੀ ਹਲਾਕ

ਦੁਬਈ/ਤਹਿਰਾਨ-ਮੱਧ ਪੂਰਬ ਵਿੱਚ ਜੰਗ ਦੇ ਬੱਦਲ ਹੋਰ ਗੂੜ੍ਹੇ ਹੋ ਗਏ ਹਨ। ਇਜ਼ਰਾਈਲ ਨੇ ਦਾਅਵਾ ਕੀਤਾ ਹੈ ਕਿ ਉਸ ਵੱਲੋਂ ਅੱਧੀ ਰਾਤ ਨੂੰ ਕੀਤੇ ਗਏ ਜ਼ਬਰਦਸਤ ਹਮਲਿਆਂ ਵਿੱਚ ਇਰਾਨ ਦੇ ਦੋ ਉੱਚ ਅਧਿਕਾਰੀ ਮਾਰੇ ਗਏ ਹਨ। ਇਨ੍ਹਾਂ ਵਿੱਚ ਰੈਵੋਲਿਊਸ਼ਨਰੀ ਗਾਰਡਜ਼ ਬਾਸਿਜ ਮਿਲੀਸ਼ੀਆ ਦੇ ਮੁਖੀ ਜਨਰਲ ਗੁਲਾਮ ਰਜ਼ਾ ਸੁਲੇਮਾਨੀ ਅਤੇ ਸੀਨੀਅਰ ਸੁਰੱਖਿਆ ਅਧਿਕਾਰੀ ਅਲੀ ਲਾਰੀਜਾਨੀ ਸ਼ਾਮਲ ਹਨ। ਇਜ਼ਰਾਈਲ ਦੇ ਰੱਖਿਆ ਮੰਤਰੀ ਇਜ਼ਰਾਈਲ ਕਾਟਜ਼ ਨੇ ਪੁਸ਼ਟੀ ਕੀਤੀ ਹੈ ਕਿ ਲੰਘੀ ਰਾਤ ਕੀਤੇ ਗਏ ਹਮਲਿਆਂ ਵਿੱਚ ਸੁਲੇਮਾਨੀ ਅਤੇ ਲਾਰੀਜਾਨੀ ਦੋਵੇਂ ਮਾਰੇ ਗਏ ਹਨ।

## ਦਰਬਾਰ ਸਾਹਿਬ ਦੀ ਮਰਿਆਦਾ ਨਾਲ ਖਿਲਵਾੜ

# ਪਿੰਜਰ ਵਾਲੀ ਏਆਈ ਵੀਡੀਓ ’ਤੇ ਸ਼੍ਰੋਮਣੀ ਕਮੇਟੀ ਸਖ਼ਤ, ਕਾਰਵਾਈ ਦੇ ਨਿਰਦੇਸ਼

ਅੰਮ੍ਰਿਤਸਰ-ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਦੁਰਵਰਤੋਂ ਰਾਹੀਂ ਸਿੱਖਾਂ ਦੇ ਕੇਂਦਰੀ ਧਾਰਮਿਕ ਅਸਥਾਨ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੀ ਮਰਿਆਦਾ ਨੂੰ ਠੇਸ ਪਹੁੰਚਾਉਣ ਦਾ ਇੱਕ ਗੰਭੀਰ ਮਾਮਲਾ ਸਾਹਮਣੇ ਆਇਆ ਹੈ। ਸੋਸ਼ਲ ਮੀਡੀਆ ’ਤੇ ਵਾਇਰਲ ਹੋ ਰਹੀ ਇੱਕ ਵੀਡੀਓ, ਜਿਸ ਵਿੱਚ ਏਆਈ ਰਾਹੀਂ ਪਿੰਜਰ ਦਿਖਾਏ ਗਏ ਹਨ, ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਖ਼ਤ ਨੋਟਿਸ ਲਿਆ ਹੈ।






### ਕੌਣ ਕਰ ਰਿਹਾ ਹੈ ਇਹ ਸ਼ਰਾਰਤਾਂ?

ਹਾਲਾਂਕਿ ਖ਼ਬਰ ਵਿੱਚ ਕਿਸੇ ਖਾਸ ਵਿਅਕਤੀ ਜਾਂ ਸੰਸਥਾ ਦਾ ਨਾਮ ਨਹੀਂ ਲਿਆ ਗਿਆ, ਪਰ ਸ਼੍ਰੋਮਣੀ ਕਮੇਟੀ ਨੇ ਸਪੱਸ਼ਟ ਕੀਤਾ ਹੈ ਕਿ ਇਹ ਕੁਝ ਸ਼ਰਾਰਤੀ ਅਨਸਰਾਂ ਅਤੇ ਸੋਸ਼ਲ ਮੀਡੀਆ ਅਕਾਊਂਟਸ ਦੀ ਕਾਰਸਤਾਨੀ ਹੈ ਜੋ ਤਕਨਾਲੋਜੀ ਦੀ ਗਲਤ ਵਰਤੋਂ ਕਰਕੇ ਸਿੱਖ ਭਾਵਨਾਵਾਂ ਨੂੰ ਭੜਕਾਉਣ ਦੀ ਕੋਸ਼ਿਸ਼ ਕਰ ਰਹੇ ਹਨ।

### ਸ਼੍ਰੋਮਣੀ ਕਮੇਟੀ ਅਤੇ ਪੰਥਕ ਆਗੂਆਂ ਦਾ ਪ੍ਰਤੀਕਰਮ

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਘਟਨਾ ’ਤੇ ਡੂੰਘੀ ਚਿੰਤਾ ਅਤੇ ਰੋਸ ਪ੍ਰਗਟਾਇਆ ਹੈ। ਉਨ੍ਹਾਂ ਦੇ ਮੁੱਖ ਨੁਕਤੇ ਹੇਠ ਲਿਖੇ ਹਨ:

ਐਡਵੋਕੇਟ ਧਾਮੀ ਨੇ ਸਬੰਧਤ ਸੋਸ਼ਲ ਮੀਡੀਆ ਖਾਤਿਆਂ ਅਤੇ ਅਜਿਹੀਆਂ ਵੀਡੀਓਜ਼ ਬਣਾਉਣ ਵਾਲੇ ਵਿਅਕਤੀਆਂ ਵਿਰੁੱਧ ਤੁਰੰਤ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਹਨ। ਸ਼੍ਰੋਮਣੀ ਕਮੇਟੀ ਇਸ ਰੁਝਾਨ ਨੂੰ ਰੋਕਣ ਲਈ ਮੀ ਖੇਤਰ ਦੇ ਮਾਹਿਰਾਂ ਨਾਲ ਸੰਪਰਕ ਕਰ ਰਹੀ ਹੈ ਤਾਂ ਜੋ ਅਜਿਹੀ ਭੜਕਾਊ ਸਮੱਗਰੀ ਨੂੰ ਤਕਨੀਕੀ ਪੱਧਰ ’ਤੇ ਨੱਥ ਪਾਈ ਜਾ ਸਕੇ। ਉਨ੍ਹਾਂ ਕਿਹਾ ਕਿ ਸ੍ਰੀ ਹਰਿਮੰਦਰ ਸਾਹਿਬ ਸਰਬ ਸਾਂਝੀਵਾਲਤਾ ਦਾ ਪ੍ਰਤੀਕ ਹੈ। ਅਜਿਹੀਆਂ ਵੀਡੀਓਜ਼ ਰਾਹੀਂ ਇਸ ਪਾਵਨ ਅਸਥਾਨ ਦੇ ਅਕਸ ਨੂੰ ਵਿਗਾੜਨਾ ਬਰਦਾਸ਼ਤ ਤੋਂ ਬਾਹਰ ਹੈ।

ਪੰਥਕ ਆਗੂਆਂ ਨੇ ਸਰਕਾਰ ਨੂੰ ਵੀ ਇਸ ਮਾਮਲੇ ਵਿੱਚ ਸੰਜੀਦਗੀ ਦਿਖਾਉਣ ਅਤੇ ਦੋਸ਼ੀਆਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਯਕੀਨੀ ਬਣਾਉਣ ਲਈ ਕਿਹਾ ਹੈ।

ਸ਼੍ਰੋਮਣੀ ਕਮੇਟੀ ਨੇ ਸਮੂਹ ਸਿੱਖ ਜਗਤ ਅਤੇ ਸੰਗਤਾਂ ਨੂੰ ਅਪੀਲ ਕੀਤੀ ਹੈ ਕਿ ਉਹ ਅਜਿਹੀਆਂ ਵਿਵਾਦਤ ਵੀਡੀਓਜ਼ ਨੂੰ ਅੱਗੇ ਸ਼ੇਅਰ ਨਾ ਕਰਨ, ਕਿਉਂਕਿ ਇਸ ਨਾਲ ਸ਼ਰਾਰਤੀ ਅਨਸਰਾਂ ਦੇ ਮਕਸਦ ਨੂੰ ਹੱਲਾਸ਼ੇਰੀ ਮਿਲਦੀ ਹੈ।

## ਬਲਵਿੰਦਰ ਸਿੰਘ ਕਾਹਲਵਾਂ ਬਣੇ ਸ਼੍ਰੋਮਣੀ ਕਮੇਟੀ ਦੇ ਨਵੇਂ ਸਕੱਤਰ

### ✪ ਪ੍ਰਤਾਪ ਸਿੰਘ ਦੀ ਮੁਅੱਤਲੀ ਤੋਂ ਬਾਅਦ ਮਿਲੀ ਵੱਡੀ ਜ਼ਿੰਮੇਵਾਰੀ



ਅੰਮ੍ਰਿਤਸਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧਕੀ ਢਾਂਚੇ ਵਿੱਚ ਇੱਕ ਵੱਡੀ ਤਬਦੀਲੀ ਸਾਹਮਣੇ ਆਈ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਧਰਮ ਪ੍ਰਚਾਰ ਕਮੇਟੀ ਦੇ ਮੌਜੂਦਾ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ ਨੂੰ ਹੁਣ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਵਜੋਂ ਵਾਧੂ ਸੇਵਾਵਾਂ ਸੌਂਪ ਦਿੱਤੀਆਂ ਹਨ। ਇਹ ਫੈਸਲਾ ਪਿਛਲੇ ਦਿਨੀਂ ਸਕੱਤਰ ਪ੍ਰਤਾਪ ਸਿੰਘ ਨੂੰ ਅਹੁਦੇ ਤੋਂ ਮੁਅੱਤਲ ਕੀਤੇ ਜਾਣ ਤੋਂ ਬਾਅਦ ਲਿਆ ਗਿਆ ਹੈ। ਹੁਣ ਕਾਹਲਵਾਂ ਧਰਮ ਪ੍ਰਚਾਰ ਕਮੇਟੀ ਦੇ ਨਾਲ-ਨਾਲ ਸ਼੍ਰੋਮਣੀ ਕਮੇਟੀ ਦੇ ਸਕੱਤਰ ਵਜੋਂ ਦੋਹਰੀਆਂ ਸੇਵਾਵਾਂ ਨਿਭਾਉਣਗੇ।

ਕੌਣ ਹਨ ਬਲਵਿੰਦਰ ਸਿੰਘ ਕਾਹਲਵਾਂ?-ਬਲਵਿੰਦਰ ਸਿੰਘ ਕਾਹਲਵਾਂ ਨੇ ਗੁਰੂ ਕਾਸ਼ੀ ਤਲਵੰਡੀ ਸਾਬੋ ਤੋਂ ਤਿੰਨ ਸਾਲਾ ‘ਗੁਰਮਤਿ ਪ੍ਰਚਾਰਕ’ ਦੀ ਡਿਗਰੀ ਹਾਸਲ ਕੀਤੀ ਅਤੇ ਐਮ.ਏ. (ਸਿੱਖ ਸਟੱਡੀਜ਼) ਕੀਤੀ ਹੋਈ ਹੈ। ਉਹ ਪਹਿਲਾਂ ਵੀ ਪ੍ਰਤਾਪ ਸਿੰਘ ਦੀ ਗੈਰ-ਹਾਜ਼ਰੀ ਵਿੱਚ ਸਕੱਤਰ ਵਜੋਂ ਕੰਮ ਦੇਖਦੇ ਰਹੇ ਹਨ।

## ਸੁਪਰੀਮ ਕੋਰਟ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ’ਤੇ ਰਾਸ਼ਟਰੀ ਛੁੱਟੀ ਦੀ ਮੰਗ ਵਾਲੀ ਪਟੀਸ਼ਨ ਖ਼ਾਰਜ

ਨਵੀਂ ਦਿੱਲੀ-ਭਾਰਤ ਦੀ ਸਰਵਉੱਚ ਅਦਾਲਤ (ਸੁਪਰੀਮ ਕੋਰਟ) ਨੇ ਦਸਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ’ਤੇ ਦੇਸ਼ ਭਰ ਵਿੱਚ ਰਾਸ਼ਟਰੀ ਛੁੱਟੀ ਐਲਾਨਣ ਦੀ ਮੰਗ ਕਰਨ ਵਾਲੀ ਇੱਕ ਜਨਹਿੱਤ ਪਟੀਸ਼ਨ ਨੂੰ ਖ਼ਾਰਜ ਕਰ ਦਿੱਤਾ ਹੈ। ਇਸ ਮਾਮਲੇ ਦੀ ਸੁਣਵਾਈ ਜਸਟਿਸ ਵਿਕਰਮ ਨਾਥ ਅਤੇ ਜਸਟਿਸ ਸੰਦੀਪ ਮਹਿਤਾ ਦੇ ਬੈਂਚ ਵੱਲੋਂ ਕੀਤੀ ਗਈ। ਇਹ ਪਟੀਸ਼ਨ ‘ਆਲ ਇੰਡੀਆ ਸ਼੍ਰੋਮਣੀ ਸਿੰਘ ਸਭਾ’ ਵੱਲੋਂ ਦਾਇਰ ਕੀਤੀ ਗਈ ਸੀ। ਪਟੀਸ਼ਨ ਵਿੱਚ ਸਿਰਫ਼ ਛੁੱਟੀ ਹੀ ਨਹੀਂ, ਬਲਕਿ ਦੇਸ਼ ਵਿੱਚ ਜਨਤਕ ਜਾਂ ਰਾਸ਼ਟਰੀ ਛੁੱਟੀਆਂ ਐਲਾਨਣ ਲਈ ਪਾਰਦਰਸ਼ੀ ਅਤੇ ਵਿਸ਼ੇਸ਼ ਦਿਸ਼ਾ-ਨਿਰਦੇਸ਼ ਜਾਰੀ ਕਰਨ ਦੀ ਵੀ ਮੰਗ ਕੀਤੀ ਗਈ ਸੀ।

ਮਾਣਯੋਗ ਬੈਂਚ ਨੇ ਸਪੱਸ਼ਟ ਕੀਤਾ ਕਿ ਉਹ ਇਸ ਪਟੀਸ਼ਨ ’ਤੇ ਵਿਚਾਰ ਕਰਨ ਦੇ ਪੱਖ ਵਿੱਚ ਨਹੀਂ ਹਨ। ਪਟੀਸ਼ਨ ਨੂੰ ਖ਼ਾਰਜ ਕਰਦਿਆਂ ਅਦਾਲਤ ਨੇ ਕਿਹਾ ਕਿ ਇਸ ਸਬੰਧੀ ਵਿਸਥਾਰਪੂਰਵਕ ਆਦੇਸ਼ ਬਾਅਦ ਵਿੱਚ ਜਾਰੀ ਕੀਤਾ ਜਾਵੇਗਾ। ਆਮ ਤੌਰ ’ਤੇ ਅਦਾਲਤਾਂ ਅਜਿਹੇ ਮਾਮਲਿਆਂ ਨੂੰ ਸਰਕਾਰ ਦੇ ਅਧਿਕਾਰ ਖੇਤਰ ਦਾ ਹਿੱਸਾ ਮੰਨਦੀਆਂ ਹਨ, ਜਿਸ ਕਾਰਨ ਅਜਿਹੀਆਂ ਪਟੀਸ਼ਨਾਂ ’ਤੇ ਦਖ਼ਲ ਦੇਣ ਤੋਂ ਗੁਰੇਜ਼ ਕੀਤਾ ਜਾਂਦਾ ਹੈ।

## ਅਕਾਲੀ ਦਲ ਦਾ ਵੱਡਾ ਐਲਾਨ: ਭਾਜਪਾ ਨਾਲ ਗਠਜੋੜ ਦੀਆਂ ਸੰਭਾਵਨਾਵਾਂ ਖ਼ਤਮ

### ✪ ਭੂੰਦੜ ਬੋਲੇ-‘ਭਾਜਪਾ ਵੀ ਕਾਂਗਰਸ ਵਾਂਗ ਪੰਜਾਬ ਦਾ ਨੁਕਸਾਨ ਕਰ ਰਹੀ ਹੈ’



ਅੰਮ੍ਰਿਤਸਰ-ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਜਨਰਲ ਸਕੱਤਰ ਬਲਵਿੰਦਰ ਸਿੰਘ ਭੂੰਦੜ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਭਾਰਤੀ ਜਨਤਾ ਪਾਰਟੀ (ਭਾਜਪਾ) ਨਾਲ ਗਠਜੋੜ ਦਾ ਕੋਈ ਸਵਾਲ ਪੈਦਾ ਨਹੀਂ ਹੁੰਦਾ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਪਹੁੰਚੇ ਭੂੰਦੜ ਨੇ ਮੌਜੂਦਾ ਸਿਆਸੀ ਹਾਲਾਤ ਦੀ ਤੁਲਨਾ 1977 ਦੀ ਐਮਰਜੈਂਸੀ ਨਾਲ ਕੀਤੀ। ਮੀਡੀਆ ਨਾਲ ਗੱਲਬਾਤ ਕਰਦਿਆਂ ਭੂੰਦੜ ਨੇ ਕਿਹਾ ਕਿ ਮੌਜੂਦਾ ਹਾਲਾਤ ਵਿੱਚ ਭਾਜਪਾ ਨਾਲ ਗਠਜੋੜ ਦੀਆਂ ਸਾਰੀਆਂ ਸੰਭਾਵਨਾਵਾਂ ਖ਼ਤਮ ਹੋ ਚੁੱਕੀਆਂ ਹਨ। ਉਨ੍ਹਾਂ ਦੋਸ਼ ਲਾਇਆ ਕਿ ਭਾਜਪਾ ਵੀ ਹੁਣ ਕਾਂਗਰਸ ਦੇ ਨਕਸ਼ੇ-ਕਦਮਾਂ ’ਤੇ ਚੱਲ ਰਹੀ ਹੈ ਅਤੇ ਪੰਜਾਬ ਦੇ ਹਿੱਤਾਂ ਨੂੰ ਨੁਕਸਾਨ ਪਹੁੰਚਾ ਰਹੀ ਹੈ।

ਮੌਜੂਦਾ ਹਾਲਾਤ ਅਤੇ ਪਾਰਟੀ ਦੀ ਰਣਨੀਤੀ-1972 ਤੋਂ ਸਿਆਸਤ ਵਿੱਚ ਸਰਗਰਮ ਭੂੰਦੜ ਨੇ ਦਾਅਵਾ ਕੀਤਾ ਕਿ ਪੰਜਾਬ ਦੇ ਲੋਕ ਮੌਜੂਦਾ ਸਰਕਾਰ ਤੋਂ ਅੱਕ ਚੁੱਕੇ ਹਨ ਅਤੇ ਸੂਬੇ ਵਿੱਚ ਫਿਰ ਤੋਂ ਅਕਾਲੀ ਦਲ ਦੀ ਵਾਪਸੀ ਚਾਹੁੰਦੇ ਹਨ। ਭੂੰਦੜ ਨੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿੱਚ ਪੂਰਨ ਵਿਸ਼ਵਾਸ ਪ੍ਰਗਟਾਇਆ। ਉਨ੍ਹਾਂ ਕਿਹਾ ਕਿ ਪਾਰਟੀ ਆਉਣ ਵਾਲੇ ਸਮੇਂ ਵਿੱਚ ਪੰਜਾਬ ਦੇ ਵਿਕਾਸ ਲਈ ਵੱਡੇ ਯਤਨ ਕਰੇਗੀ। ਉਨ੍ਹਾਂ ਅਨੁਸਾਰ ਪੰਜਾਬ ਦੀ ਜਨਤਾ ਇੱਕ ਵਾਰ ਫਿਰ ਅਕਾਲੀ ਦਲ ਨੂੰ ਸੱਤਾ ਵਿੱਚ ਦੇਖਣ ਲਈ ਉਤਾਵਲੀ ਹੈ।

## ਪੰਜਾਬ ਪੁਲਿਸ ’ਤੇ ਟਵਿੱਟਰ ਦੇ ਗੰਭੀਰ ਦੋਸ਼

### ✪ ਹਾਈ ਕੋਰਟ ਦੇ ਹੁਕਮਾਂ ਦੀ ਆੜ ’ਚ ‘ਆਨਲਾਈਨ ਆਲੋਚਨਾ’ ਦਬਾਉਣ ਦਾ ਮਾਮਲਾ

ਚੰਡੀਗੜ੍ਹ-ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਚੱਲ ਰਹੀ ਇੱਕ ਸੁਣਵਾਈ ਦੌਰਾਨ ਸੋਸ਼ਲ ਮੀਡੀਆ ਦਿੱਗਜ ਐਕਸ ਨੇ ਪੰਜਾਬ ਪੁਲਿਸ ਵਿਰੁੱਧ ਮੋਰਚਾ ਖੋਲ੍ਹ ਦਿੱਤਾ ਹੈ। ਟਵਿੱਟਰ ਦੇ ਵਕੀਲ ਨੇ ਅਦਾਲਤ ਵਿੱਚ ਦੋਸ਼ ਲਗਾਇਆ ਹੈ ਕਿ ਪੰਜਾਬ ਪੁਲਿਸ ਹਾਈ ਕੋਰਟ ਦੇ ਪੁਰਾਣੇ ਹੁਕਮਾਂ ਦੀ ਦੁਰਵਰਤੋਂ ਕਰਕੇ ਆਪਣੇ ਵਿਰੁੱਧ ਹੋਣ ਵਾਲੀ ਆਨਲਾਈਨ ਆਲੋਚਨਾ ਨੂੰ ਹਟਾਉਣ ਦੀ ਕੋਸ਼ਿਸ਼ ਕਰ ਰਹੀ ਹੈ ਹਾਈ ਕੋਰਟ ਨੇ 28 ਜਨਵਰੀ ਨੂੰ ਪੰਜਾਬ ਦੇ ਡੀ.ਜੀ.ਪੀ. ਨੂੰ ਅਪਰਾਧ ਦੀ ਵਡਿਆਈ ਕਰਨ ਵਾਲੀਆਂ ਵੈੱਬਸਾਈਟਾਂ ਅਤੇ ਸੋਸ਼ਲ ਮੀਡੀਆ ਪਲੇਟਫਾਰਮਾਂ ਦੀ ਪਛਾਣ ਕਰਨ ਦੇ ਹੁਕਮ ਦਿੱਤੇ ਸਨ। ਟਵਿੱਟਰ ਦਾ ਦਾਅਵਾ ਹੈ ਕਿ ਪੁਲਿਸ ਇਸ ਹੁਕਮ ਦੀ ਮੂਲ ਭਾਵਨਾ ਤੋਂ ਅੱਗੇ ਜਾ ਕੇ ਕੰਮ ਕਰ ਰਹੀ ਹੈ। ਪੁਲਿਸ ਨਾ ਸਿਰਫ਼ ਇਤਰਾਜ਼ਯੋਗ ਸਮੱਗਰੀ ਹਟਵਾ ਰਹੀ ਹੈ, ਸਗੋਂ ਪੁਲਿਸ ਵਿਭਾਗ ਵਿਰੁੱਧ ਕੀਤੀਆਂ ਜਾਂਦੀਆਂ ਟਿੱਪਣੀਆਂ ਨੂੰ ਵੀ ਨਿਸ਼ਾਨਾ ਬਣਾ ਰਹੀ ਹੈ। ਟਵਿੱਟਰ ਅਨੁਸਾਰ, ਇਸ ਸਬੰਧ ਵਿੱਚ ਪੁਲਿਸ ਵੱਲੋਂ ਕੇਸ ਵੀ ਦਰਜ ਕੀਤੇ ਗਏ ਹਨ।

ਅਦਾਲਤ ਦੀ ਟਿੱਪਣੀ ਅਤੇ ਰਾਜ ਦਾ ਪੱਖ-ਚੀਫ਼ ਜਸਟਿਸ ਸ਼ੀਲ ਨਾਗੂ ਦੀ ਅਗਵਾਈ ਵਾਲੇ ਬੈਂਚ ਨੇ ਟਵਿੱਟਰ ਦੇ ਵਕੀਲ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਇਸ ਮੁੱਦੇ ਨੂੰ ਉਚਿਤ ਮੰਚ ’ਤੇ ਚੁਣੌਤੀ ਦੇਣ ਲਈ ਲੋੜੀਂਦੀ ਅਰਜ਼ੀ ਦਾਇਰ ਕਰਨ। ਦੂਜੇ ਪਾਸੇ, ਪੰਜਾਬ ਸਰਕਾਰ ਵੱਲੋਂ ਦਲੀਲ ਦਿੱਤੀ ਗਈ ਕਿ ਜੇਲ੍ਹ ਸੁਧਾਰਾਂ ਲਈ ਦਾਇਰ ਕੀਤੀ ਗਈ ਇਹ ਮੂਲ ਜਨਹਿੱਤ ਪਟੀਸ਼ਨ ਹੁਣ ਆਪਣੇ ਅਸਲ ਉਦੇਸ਼ ਤੋਂ ਕਿਤੇ ਅੱਗੇ ਨਿਕਲ ਚੁੱਕੀ ਹੈ ਅਤੇ ਇਸ ਦਾ ਦਾਇਰਾ ਕਾਫ਼ੀ ਵਿਸ਼ਾਲ ਹੋ ਗਿਆ ਹੈ। ਹਾਈ ਕੋਰਟ ਨੇ ਇਸ ਸੰਵੇਦਨਸ਼ੀਲ ਮਾਮਲੇ ਦੀ ਅਗਲੀ ਸੁਣਵਾਈ 24 ਮਾਰਚ ਤੱਕ ਮੁਲਤਵੀ ਕਰ ਦਿੱਤੀ ਹੈ।

## ਈਰਾਨ-ਇਜ਼ਰਾਈਲ ਜੰਗ ਦਾ ਪੰਜਾਬੀਆਂ 'ਤੇ ਵੱਡਾ ਅਸਰ

# ਹਵਾਈ ਸਫ਼ਰ ਹੋਇਆ ਦੁੱਗਣਾ ਮਹਿੰਗਾ ਅਤੇ ਖ਼ਤਰਨਾਕ

ਖੰਨਾ/ਅੰਮ੍ਰਿਤਸਰ-ਮੱਧ-ਪੂਰਬ ਵਿੱਚ ਚੱਲ ਰਹੀ ਜੰਗ ਕਾਰਨ ਦੁਨੀਆ ਭਰ ਦੇ ਹਵਾਈ ਮਾਰਗ ਪ੍ਰਭਾਵਿਤ ਹੋਏ ਹਨ, ਪਰ ਇਸ ਦਾ ਸਭ ਤੋਂ ਵੱਧ ਨੁਕਸਾਨ ਪੰਜਾਬੀ ਯਾਤਰੀਆਂ ਨੂੰ ਝੱਲਣਾ ਪੈ ਰਿਹਾ ਹੈ। ਈਰਾਨ, ਇਰਾਕ ਅਤੇ ਇਜ਼ਰਾਈਲ ਵਰਗੇ ਦੇਸ਼ਾਂ ਦਾ ਹਵਾਈ ਖੇਤਰ ਬੰਦ ਹੋਣ ਕਾਰਨ ਅਮਰੀਕਾ, ਕੈਨੇਡਾ ਅਤੇ ਯੂਰਪ ਜਾਣ ਵਾਲੀਆਂ ਉਡਾਣਾਂ ਨੂੰ ਲੰਬੇ ਅਤੇ ਮਹਿੰਗੇ ਰਸਤੇ ਅਪਣਾਉਣੇ ਪੈ ਰਹੇ ਹਨ। ਜੰਗ ਕਾਰਨ ਹਵਾਈ ਉਡਾਣਾਂ ਹੁਣ ਸਿੱਧੇ ਰਸਤੇ ਦੀ ਬਜਾਏ ਮਿਸਰ, ਜਾਰਜੀਆ ਅਤੇ ਇਥੋਪੀਆ ਰਾਹੀਂ ਜਾ ਰਹੀਆਂ ਹਨ।



ਸਫ਼ਰ ਦਾ ਸਮਾਂ 2 ਤੋਂ 10 ਘੰਟੇ ਤੱਕ ਵਧ ਗਿਆ ਹੈ। ਉਦਾਹਰਨ ਵਜੋਂ, ਦਿੱਲੀ-ਨਿਊਯਾਰਕ ਉਡਾਣਾਂ ਹੁਣ ਰੋਮ (ਇਟਲੀ) ਵਿੱਚ ਟੈਕਨੀਕਲ ਸਟਾਪ ਲੈ ਕੇ ਜਾ ਰਹੀਆਂ ਹਨ। ਰਸਤਾ ਲੰਬਾ ਹੋਣ ਕਾਰਨ ਤੇਲ ਦੀ ਖਪਤ ਵਧ ਗਈ ਹੈ, ਜਿਸ ਕਾਰਨ ਟਿਕਟਾਂ ਦੀਆਂ ਕੀਮਤਾਂ ਦੁੱਗਣੀਆਂ ਜਾਂ ਤਿਗਣੀਆਂ ਹੋ ਗਈਆਂ ਹਨ। ਏਅਰ ਇੰਡੀਆ ਨੇ ਅੰਮ੍ਰਿਤਸਰ-ਬਰਮਿੰਘਮ ਵਰਗੀਆਂ ਮਹੱਤਵਪੂਰਨ ਉਡਾਣਾਂ ਰੱਦ ਕਰ ਦਿੱਤੀਆਂ ਹਨ, ਜਦਕਿ ਇੰਡੀਗੋ ਨੇ ਵੀ ਲਗਭਗ 360 ਉਡਾਣਾਂ ਰੱਦ ਕੀਤੀਆਂ ਹਨ।


ਏਅਰ ਟ੍ਰੈਫ਼ਿਕ ਕੰਟਰੋਲਰਾਂ ਲਈ ਵੱਡੀ ਚੁਣੌਤੀ-ਟਿਮ ਫ਼ਰੀਬੇ, ਮੀਤ ਪ੍ਰਧਾਨ, ਟ੍ਰੈਫ਼ਿਕ ਕੰਟਰੋਲਰ ਯੂਨੀਅਨ ਨੇ ਕਿਹਾ ਕਿ ਮਿਸਰ ਅਤੇ ਜਾਰਜੀਆ ਦੇ ਹਵਾਈ ਮਾਰਗਾਂ 'ਤੇ ਅਚਾਨਕ ਟ੍ਰੈਫ਼ਿਕ ਵਧਣ ਕਾਰਨ ਖ਼ਤਰਾ ਵੀ ਵਧ ਗਿਆ ਹੈ। "ਇੱਕ ਏਅਰ ਟ੍ਰੈਫ਼ਿਕ ਕੰਟਰੋਲਰ ਜੋ ਪਹਿਲਾਂ 6-7 ਉਡਾਣਾਂ ਸੰਭਾਲਦਾ ਸੀ, ਹੁਣ ਉਸ ਨੂੰ 15 ਉਡਾਣਾਂ ਨਾਲ ਤਾਲਮੇਲ ਰੱਖਣਾ ਪੈ ਰਿਹਾ ਹੈ। ਸਭ ਤੋਂ ਵੱਡਾ ਖ਼ਤਰਾ ਡਰੋਨਾਂ ਤੋਂ ਹੈ, ਜਿਨ੍ਹਾਂ ਨੂੰ ਆਸਾਨੀ ਨਾਲ ਖੋਜਿਆ ਨਹੀਂ ਜਾ ਸਕਦਾ।"

ਭਾਰਤੀਆਂ ਦੀ ਵਾਪਸੀ-ਖ਼ਤਰੇ ਦੇ ਬਾਵਜੂਦ ਭਾਰਤ ਸਰਕਾਰ ਨੇ ਹੁਣ ਤੱਕ ਖਾੜੀ ਦੇਸ਼ਾਂ ਤੋਂ 52,000 ਤੋਂ ਵੱਧ ਭਾਰਤੀਆਂ ਨੂੰ ਵਿਸ਼ੇਸ਼ ਉਡਾਣਾਂ ਰਾਹੀਂ ਸੁਰੱਖਿਅਤ ਵਾਪਸ ਲਿਆਂਦਾ ਹੈ। ਏਅਰ ਇੰਡੀਆ ਐਕਸਪ੍ਰੈੱਸ ਅਤੇ ਐਮੀਰੇਟਸ ਵਰਗੀਆਂ ਕੰਪਨੀਆਂ ਹਾਲੇ ਵੀ ਅਰਬ ਸਾਗਰ ਦੇ ਉੱਪਰੋਂ ਕੁਝ ਉਡਾਣਾਂ ਚਲਾ ਰਹੀਆਂ ਹਨ, ਹਾਲਾਂਕਿ ਇਹ ਰਸਤੇ ਪੂਰੀ ਤਰ੍ਹਾਂ ਸੁਰੱਖਿਅਤ ਨਹੀਂ ਮੰਨੇ ਜਾ ਰਹੇ।

ਸਿਵਲ ਉਡਾਣ ਮੰਤਰਾਲੇ ਨੇ ਯਾਤਰੀਆਂ ਨੂੰ ਅਪੀਲ ਕੀਤੀ ਹੈ ਕਿ ਆਪਣੀ ਏਅਰਲਾਈਨ ਦੇ ਐਪ 'ਤੇ ਸਟੇਟਸ ਲਗਾਤਾਰ ਚੈੱਕ ਕਰਦੇ ਰਹਿਣ। ਜੇਕਰ ਉਡਾਣ ਰੱਦ ਹੁੰਦੀ ਹੈ, ਤਾਂ ਬਿਨਾਂ ਵਾਧੂ ਫ਼ੀਸ ਦੇ ਨਵਾਂ ਸਮਾਂ ਲਿਆ ਜਾ ਸਕਦਾ ਹੈ।

# ਅਮਰੀਕੀ ਪ੍ਰਸ਼ਾਸਨ ਵਿਚ ਬਗਾਵਤ: ਈਰਾਨ ਨਾਲ ਜੰਗ ਦੇ ਵਿਰੋਧ ਵਿੱਚ ਚੋਟੀ ਦੇ ਅਧਿਕਾਰੀ ਜੋਅ ਕੈਂਟ ਦਾ ਅਸਤੀਫਾ

ਵਾਸ਼ਿੰਗਟਨ ਡੀ.ਸੀ.-ਈਰਾਨ ਅਤੇ ਇਜ਼ਰਾਈਲ ਵਿਚਾਲੇ ਵਧਦੇ ਟਕਰਾਅ ਦੇ ਦਰਮਿਆਨ ਅਮਰੀਕੀ ਸਰਕਾਰ ਨੂੰ ਅੰਦਰੂਨੀ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਮਰੀਕਾ ਦੇ ਅੱਤਵਾਦ ਵਿਰੋਧੀ ਵਿਭਾਗ ਦੇ ਸੀਨੀਅਰ ਅਧਿਕਾਰੀ ਜੋਅ ਕੈਂਟ ਨੇ ਈਰਾਨ ਵਿਰੁੱਧ ਜਾਰੀ ਫੌਜੀ ਕਾਰਵਾਈ ਦੇ ਵਿਰੋਧ ਵਿੱਚ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਜੋਅ ਕੈਂਟ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਨੀਤੀਆਂ 'ਤੇ ਸਵਾਲ ਚੁੱਕਦਿਆਂ ਕਈ ਅਹਿਮ ਖੁਲਾਸੇ ਕੀਤੇ ਹਨ। ਕੈਂਟ ਅਨੁਸਾਰ ਈਰਾਨ ਵੱਲੋਂ ਅਮਰੀਕਾ ਲਈ ਕੋਈ ਅਜਿਹਾ ਤੁਰੰਤ ਖ਼ਤਰਾ ਪੈਦਾ ਨਹੀਂ ਕੀਤਾ ਗਿਆ ਸੀ, ਜਿਸ ਕਾਰਨ ਜੰਗ ਛੇੜਨੀ ਪਵੇ। ਉਨ੍ਹਾਂ ਦੋਸ਼ ਲਗਾਇਆ ਕਿ ਟਰੰਪ ਪ੍ਰਸ਼ਾਸਨ ਨੇ ਇਹ ਟਕਰਾਅ ਇਜ਼ਰਾਈਲ ਦੇ ਦਬਾਅ ਹੇਠ ਸ਼ੁਰੂ ਕੀਤਾ ਹੈ। ਕੈਂਟ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਜੰਗ ਸਹੀ ਕਾਰਨਾਂ ਕਰਕੇ



ਨਹੀਂ ਲੜੀ ਜਾ ਰਹੀ ਅਤੇ ਇਸ ਦੇ ਮਕਸਦ 'ਤੇ ਸਵਾਲ ਉੱਠਣੇ ਚਾਹੀਦੇ ਹਨ।

### ਰਾਸ਼ਟਰਪਤੀ ਟਰੰਪ ਦਾ ਪਲਟਵਾਰ

ਦੂਜੇ ਪਾਸੇ, ਰਾਸ਼ਟਰਪਤੀ ਡੋਨਾਲਡ ਟਰੰਪ ਨੇ ਜੋਅ ਕੈਂਟ ਦੇ ਅਸਤੀਫੇ ਨੂੰ 'ਘੱਟ ਅਹਿਮੀਅਤ' ਦਿੰਦਿਆਂ ਸਖ਼ਤ ਟਿੱਪਣੀ ਕੀਤੀ ਹੈ। ਟਰੰਪ ਨੇ ਕਿਹਾ:ਕੈਂਟ ਹਮੇਸ਼ਾ ਤੋਂ ਰਾਸ਼ਟਰੀ ਸੁਰੱਖਿਆ ਦੇ ਮਾਮਲੇ ਵਿੱਚ ਕਮਜ਼ੋਰ ਸਨ। ਜੇਕਰ ਕੋਈ ਵਿਅਕਤੀ ਈਰਾਨ ਨੂੰ ਖ਼ਤਰਾ ਨਹੀਂ ਮੰਨਦਾ, ਤਾਂ ਸਾਨੂੰ ਆਪਣੇ ਪ੍ਰਸ਼ਾਸਨ ਵਿੱਚ ਅਜਿਹੇ ਲੋਕਾਂ ਦੀ ਲੋੜ ਨਹੀਂ ਹੈ। ਈਰਾਨ ਇੱਕ ਬਹੁਤ ਵੱਡਾ ਖ਼ਤਰਾ ਹੈ ਅਤੇ ਜੋ ਲੋਕ ਇਸ ਨੂੰ ਨਹੀਂ ਸਮਝਦੇ, ਉਹ ਸਿਆਣੇ ਨਹੀਂ ਹਨ।

ਇਹ ਅਸਤੀਫਾ ਅਜਿਹੇ ਸਮੇਂ ਆਇਆ ਹੈ ਜਦੋਂ ਖਾੜੀ ਖੇਤਰ ਵਿੱਚ ਤਣਾਅ ਚਰਮ ਸੀਮਾ 'ਤੇ ਹੈ। ਜੋਅ ਕੈਂਟ ਵਰਗੇ ਉੱਚ ਅਧਿਕਾਰੀ ਦਾ ਅਹੁਦਾ ਛੱਡਣਾ ਟਰੰਪ ਪ੍ਰਸ਼ਾਸਨ ਦੀ ਵਿਦੇਸ਼ ਨੀਤੀ 'ਤੇ ਸਵਾਲੀਆ ਨਿਸ਼ਾਨ ਖੜ੍ਹੇ ਕਰਦਾ ਹੈ ਅਤੇ ਇਹ ਸੰਕੇਤ ਦਿੰਦਾ ਹੈ ਕਿ ਵ੍ਹਾਈਟ ਹਾਊਸ ਦੇ ਅੰਦਰ ਵੀ ਜੰਗ ਨੂੰ ਲੈ ਕੇ ਸਹਿਮਤੀ ਨਹੀਂ ਹੈ

# ਅਮਰੀਕੀ ਰਿਪੋਰਟ ਦਾ ਹਵਾਲਾ ਦੇਕੇ ਦਲ ਖ਼ਾਲਸਾ ਨੇ ਸੰਘ ਪਰਿਵਾਰ ਅਤੇ ਖ਼ੁਫ਼ੀਆ ਏਜੰਸੀਆਂ ਵਿਰੁੱਧ ਕਾਰਵਾਈ ਦੀ ਕੀਤੀ ਮੰਗ

ਅੰਮ੍ਰਿਤਸਰ-ਸਿੱਖ ਜਥੇਬੰਦੀ ਦਲ ਖ਼ਾਲਸਾ ਨੇ ਅਮਰੀਕੀ ਸੰਸਥਾ 'ਸੰਯੁਕਤ ਰਾਜ ਅੰਤਰਰਾਸ਼ਟਰੀ ਧਾਰਮਿਕ ਆਜ਼ਾਦੀ ਕਮਿਸ਼ਨ' ਦੀ ਤਾਜ਼ਾ ਰਿਪੋਰਟ ਦੇ ਹਵਾਲੇ ਨਾਲ ਕੇਂਦਰ ਸਰਕਾਰ ਨੂੰ ਕਟਹਿਰੇ ਵਿੱਚ ਖੜ੍ਹਾ ਕੀਤਾ ਹੈ। ਜਥੇਬੰਦੀ ਨੇ ਮੰਗ ਕੀਤੀ ਹੈ ਕਿ ਭਾਰਤ ਵਿੱਚ ਧਾਰਮਿਕ ਆਜ਼ਾਦੀ ਦੇ ਵਿਗੜ ਰਹੇ ਹਾਲਾਤਾਂ ਲਈ ਜ਼ਿੰਮੇਵਾਰ ਸੰਸਥਾਵਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ।ਦਲ ਖ਼ਾਲਸਾ ਅਨੁਸਾਰ, ਅਮਰੀਕੀ ਰਿਪੋਰਟ ਵਿੱਚ ਭਾਰਤ ਅੰਦਰ ਨਫ਼ਰਤ ਫੈਲਾਉਣ, ਡਰਾਉਣ-ਧਮਕਾਉਣ ਅਤੇ ਕੌਮਾਂਤਰੀ ਪੱਧਰ 'ਤੇ ਦਮਨਕਾਰੀ ਨੀਤੀਆਂ ਅਪਣਾਉਣ ਵਿੱਚ ਆਰ. ਐੱਸ. ਐੱਸ. ਅਤੇ ਭਾਰਤੀ ਖ਼ੁਫ਼ੀਆ ਏਜੰਸੀਆਂ ਦੀ ਭੂਮਿਕਾ ਨੂੰ ਉਜਾਗਰ ਕੀਤਾ ਗਿਆ ਹੈ। ਦਲ ਖ਼ਾਲਸਾ ਦੇ ਆਗੂ ਕੰਵਰਪਾਲ ਸਿੰਘ ਨੇ ਕਿਹਾ ਕਿ ਰਿਪੋਰਟ ਵਿੱਚ ਰਾਸ਼ਟਰੀ ਸਵੈਮ ਸੇਵਕ ਸੰਘ ਵਿਰੁੱਧ ਪਾਬੰਦੀਆਂ ਲਗਾਉਣ ਦੀ ਮੰਗ ਕੀਤੀ ਗਈ ਹੈ। ਉਨ੍ਹਾਂ ਸਵਾਲ ਕੀਤਾ ਕਿ ਕੀ ਸਰਕਾਰ ਘੱਟ-ਗਿਣਤੀ ਵਿਰੋਧੀ ਗਤੀਵਿਧੀਆਂ 'ਤੇ ਰੋਕ ਲਗਾਏਗੀ?

ਜਥੇਬੰਦੀ ਨੇ ਖ਼ੁਫ਼ੀਆ ਏਜੰਸੀਆਂ ਦੇ ਕਾਰਕੁਨਾਂ ਵੱਲੋਂ ਵਿਦੇਸ਼ਾਂ ਵਿੱਚ ਕੀਤੀਆਂ ਜਾਂਦੀਆਂ ਕਥਿਤ 'ਗ਼ੈਰ-ਨਿਆਂਇਕ' ਕਾਰਵਾਈਆਂ ਨੂੰ ਰੋਕਣ ਦੀ ਵੀ ਵਕਾਲਤ ਕੀਤੀ। ਕੰਵਰਪਾਲ ਸਿੰਘ, ਆਗੂ ਦਲ ਖ਼ਾਲਸਾ ਕਿਹਾ ਕਿ "ਸਰਕਾਰ ਨੂੰ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਕੀ ਉਹ ਖ਼ੁਫ਼ੀਆ ਏਜੰਸੀਆਂ ਅਤੇ ਸੰਘ ਪਰਿਵਾਰ ਦੀਆਂ ਅਜਿਹੀਆਂ ਗਤੀਵਿਧੀਆਂ ਨੂੰ ਨੱਥ ਪਾਵੇਗੀ ਜੋ ਦੇਸ਼ ਦੀ ਧਾਰਮਿਕ ਆਜ਼ਾਦੀ ਦੇ ਰਿਕਾਰਡ ਨੂੰ ਦਾਗ਼ਦਾਰ ਕਰ ਰਹੀਆਂ ਹਨ।"

ਇਹ ਜ਼ਿਕਰਯੋਗ ਹੈ ਕਿ ਭਾਰਤ ਸਰਕਾਰ ਨੇ ਅਮਰੀਕੀ ਸੰਸਥਾ ਦੀ ਇਸ ਰਿਪੋਰਟ ਨੂੰ ਮੁੱਢੋਂ ਰੱਦ ਕਰਦਿਆਂ ਇਸ ਦਾ ਖੰਡਨ ਕੀਤਾ ਹੈ। ਭਾਰਤ ਪਹਿਲਾਂ ਵੀ ਅਜਿਹੀਆਂ ਰਿਪੋਰਟਾਂ ਨੂੰ ਪੱਖਪਾਤੀ ਅਤੇ ਤੱਥਾਂ ਤੋਂ ਰਹਿਤ ਦੱਸਦਾ ਰਿਹਾ ਹੈ।

## ਲੋਕ ਸਭਾ 'ਚ ਗੂੰਜਿਆ ਪੰਜਾਬ ਦਾ ਮੁੱਦਾ

### ਹਰਸਿਮਰਤ ਕੌਰ ਬਾਦਲ ਨੇ ਸਿੱਖਾਂ ਦੇ ਸਾਰੇ ਤਖ਼ਤਾਂ ਨੂੰ ਰੇਲ ਮਾਰਗ ਨਾਲ ਜੋੜਨ ਦੀ ਕੀਤੀ ਮੰਗ

ਨਵੀਂ ਦਿੱਲੀ-ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਬਠਿੰਡਾ ਤੋਂ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਲੋਕ ਸਭਾ ਵਿੱਚ ਰੇਲ ਬਜਟ ਦੌਰਾਨ ਪੰਜਾਬ ਦੀ ਅਣਦੇਖੀ ਦਾ ਮੁੱਦਾ ਜ਼ੋਰ-ਸ਼ੋਰ ਨਾਲ ਉਠਾਇਆ। ਉਨ੍ਹਾਂ ਰੇਲ ਮੰਤਰੀ ਅਸ਼ਵਨੀ ਵੈਸ਼ਣਵ ਨੂੰ ਅਪੀਲ ਕੀਤੀ ਕਿ ਸਿੱਖ ਕੌਮ ਦੇ ਪੰਜੇ ਤਖ਼ਤਾਂ ਨੂੰ ਇੱਕ ਵਿਸ਼ੇਸ਼ ਰੇਲ ਨੈੱਟਵਰਕ ਰਾਹੀਂ ਆਪਸ ਵਿੱਚ ਜੋੜਿਆ ਜਾਵੇ।



ਹਰਸਿਮਰਤ ਕੌਰ ਬਾਦਲ ਨੇ ਰਾਮਾ ਮੰਡੀ ਤੋਂ ਤਲਵੰਡੀ ਸਾਬੋ (ਤਖ਼ਤ ਸ੍ਰੀ ਦਮਦਮਾ ਸਾਹਿਬ) ਤੱਕ ਸਿਰਫ਼ 10 ਕਿਲੋਮੀਟਰ ਦੀ ਨਵੀਂ ਰੇਲ ਲਾਈਨ ਵਿਛਾਉਣ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਇਸ ਨਾਲ ਦੇਸ਼ ਭਰ ਦੇ ਸ਼ਰਧਾਲੂਆਂ ਲਈ ਇਸ ਪਵਿੱਤਰ ਅਸਥਾਨ ਤੱਕ ਪਹੁੰਚਣਾ ਸੌਖਾ ਹੋ ਜਾਵੇਗਾ।

ਕੋਵਿਡ-19 ਦੌਰਾਨ ਜੋ ਰੇਲ ਗੱਡੀਆਂ ਬੰਦ ਕੀਤੀਆਂ ਗਈਆਂ ਸਨ, ਉਨ੍ਹਾਂ ਨੂੰ ਤੁਰੰਤ ਮੁੜ ਸ਼ੁਰੂ ਕਰਨ ਦੀ ਅਪੀਲ ਕੀਤੀ ਗਈ। ਸੰਸਦ ਮੈਂਬਰ ਨੇ ਰੋਸ ਪ੍ਰਗਟਾਇਆ ਕਿ ਕੇਂਦਰ ਸਰਕਾਰ ਨੇ ਦੇਸ਼ ਦੇ ਹੋਰਨਾਂ ਹਿੱਸਿਆਂ ਲਈ ਕਈ ਨਵੀਆਂ ਰੇਲ ਗੱਡੀਆਂ ਦਾ ਐਲਾਨ ਕੀਤਾ ਹੈ, ਪਰ ਪੰਜਾਬ ਦੇ ਹਿੱਸੇ ਇਸ ਬਜਟ ਵਿੱਚ ਕੁਝ ਵੀ ਖ਼ਾਸ ਨਹੀਂ ਆਇਆ। ਉਨ੍ਹਾਂ ਕਿਹਾ ਕਿ ਪੰਜਾਬੀਆਂ ਦੀਆਂ ਧਾਰਮਿਕ ਭਾਵਨਾਵਾਂ ਅਤੇ ਸਹੂਲਤਾਂ ਨੂੰ ਮੁੱਖ ਰੱਖਦਿਆਂ ਰੇਲ ਮੰਤਰਾਲੇ ਨੂੰ ਇਹ ਮੰਗਾਂ ਤੁਰੰਤ ਪ੍ਰਵਾਨ ਕਰਨੀਆਂ ਚਾਹੀਦੀਆਂ ਹਨ।

# ਬੇਅਦਬੀ ਰੋਕਥਾਮ ਬਿੱਲ: ਸਿਲੈਕਟ ਕਮੇਟੀ ਦੀ ਮਿਆਦ ਖ਼ਤਮ

## ✪ ਰਿਪੋਰਟ ਲਟਕਣ ਨਾਲ ਬਿੱਲ ਦੇ ਭਵਿੱਖ 'ਤੇ ਉੱਠੇ ਸਵਾਲ

ਚੰਡੀਗੜ੍ਹ-ਪੰਜਾਬ ਵਿੱਚ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਵਰਗੇ ਸੰਵੇਦਨਸ਼ੀਲ ਮੁੱਦੇ ਨੂੰ ਰੋਕਣ ਲਈ ਲਿਆਂਦਾ ਗਿਆ 'ਪਵਿੱਤਰ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਰੋਕਥਾਮ ਬਿੱਲ 2025' ਫਿਲਹਾਲ ਠੰਢੇ ਬਸਤੇ ਵਿੱਚ ਪੈਂਦਾ ਨਜ਼ਰ ਆ ਰਿਹਾ ਹੈ। ਵਿਧਾਨ ਸਭਾ ਵੱਲੋਂ ਗਠਿਤ ਕੀਤੀ ਗਈ ਸਿਲੈਕਟ ਕਮੇਟੀ ਨਿਰਧਾਰਿਤ ਸਮੇਂ ਅੰਦਰ ਆਪਣੀ ਰਿਪੋਰਟ ਪੇਸ਼ ਕਰਨ ਵਿੱਚ ਅਸਫਲ ਰਹੀ ਹੈ, ਜਿਸ ਕਾਰਨ ਬਿੱਲ ਦੇ ਪਾਸ ਹੋਣ ਦੀ ਪ੍ਰਕਿਰਿਆ ਅਧਵਾਟੇ ਲਟਕ ਗਈ ਹੈ।

### ਕੀ ਹੈ ਪੂਰਾ ਮਾਮਲਾ ?

ਪਿਛਲੇ ਸਾਲ 15 ਜੁਲਾਈ ਨੂੰ ਪੰਜਾਬ ਵਿਧਾਨ ਸਭਾ ਵਿੱਚ ਬੇਅਦਬੀ ਦੀਆਂ ਘਟਨਾਵਾਂ ਨੂੰ ਰੋਕਣ ਲਈ ਸਖ਼ਤ ਕਾਨੂੰਨ ਬਣਾਉਣ ਦੇ ਮਕਸਦ ਨਾਲ ਇਹ ਬਿੱਲ ਪੇਸ਼ ਕੀਤਾ ਗਿਆ ਸੀ।

ਸਦਨ ਵਿੱਚ ਹੋਈ ਲੰਬੀ ਚਰਚਾ ਤੋਂ ਬਾਅਦ, ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਡਾ. ਇੰਦਰਬੀਰ ਸਿੰਘ ਨਿੱਝਰ ਦੀ ਅਗਵਾਈ ਹੇਠ ਇੱਕ ਸਿਲੈਕਟ ਕਮੇਟੀ ਦਾ ਗਠਨ ਕੀਤਾ ਸੀ। ਕਮੇਟੀ ਨੂੰ 6 ਮਹੀਨਿਆਂ ਦੇ ਅੰਦਰ ਵੱਖ-ਵੱਖ ਧਾਰਮਿਕ ਜਥੇਬੰਦੀਆਂ ਅਤੇ ਮਾਹਿਰਾਂ ਨਾਲ ਸਲਾਹ-ਮਸ਼ਵਰਾ ਕਰਕੇ ਰਿਪੋਰਟ ਸੌਂਪਣ ਦੀ ਜ਼ਿੰਮੇਵਾਰੀ ਦਿੱਤੀ ਗਈ ਸੀ।

### ਸਮਾਂ ਸੀਮਾ ਖ਼ਤਮ, ਪਰ ਰਿਪੋਰਟ ਗਾਇਬ

ਕਮੇਟੀ ਦੀ ਮਿਆਦ 26 ਜਨਵਰੀ 2026 ਨੂੰ ਖ਼ਤਮ ਹੋ ਚੁੱਕੀ ਹੈ। ਹਾਲ ਹੀ ਵਿੱਚ ਸੰਪੰਨ ਹੋਏ ਬਜਟ ਸੈਸ਼ਨ ਦੌਰਾਨ ਉਮੀਦ ਸੀ ਕਿ ਕਮੇਟੀ ਆਪਣੀ ਰਿਪੋਰਟ ਪੇਸ਼ ਕਰੇਗੀ ਜਾਂ ਕੰਮ ਮੁਕੰਮਲ ਕਰਨ ਲਈ ਹੋਰ ਸਮਾਂ ਮੰਗੇਗੀ, ਪਰ ਅਜਿਹਾ ਕੁਝ ਨਹੀਂ ਹੋਇਆ। ਬਜਟ ਸੈਸ਼ਨ ਦੇ ਆਖ਼ਰੀ ਦਿਨ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਰਿਪੋਰਟ ਵਿੱਚ ਹੋ ਰਹੀ ਦੇਰੀ 'ਤੇ ਸਵਾਲ ਚੁੱਕੇ, ਪਰ ਸਰਕਾਰ ਜਾਂ ਸਪੀਕਰ ਵੱਲੋਂ ਕੋਈ ਸਪੱਸ਼ਟ ਜਵਾਬ ਨਹੀਂ ਮਿਲਿਆ। ਨਿਯਮਾਂ ਅਨੁਸਾਰ, ਸਿਲੈਕਟ ਕਮੇਟੀ ਸਦਨ ਦੀ ਸਹਿਮਤੀ ਨਾਲ ਬਣੀ ਸੀ, ਇਸ ਲਈ ਇਸ ਦੀ ਮਿਆਦ ਵਿੱਚ ਵਾਧਾ ਵੀ ਸਦਨ ਵਿੱਚ ਹੀ ਹੋਣਾ ਚਾਹੀਦਾ ਸੀ। ਹੁਣ ਜਦੋਂ ਸੈਸ਼ਨ ਖ਼ਤਮ ਹੋ ਚੁੱਕਾ ਹੈ, ਕਮੇਟੀ ਦੀ ਹੋਂਦ ਅਤੇ ਕਾਨੂੰਨੀ ਸਥਿਤੀ 'ਤੇ ਸਵਾਲ ਖੜ੍ਹੇ ਹੋ ਗਏ ਹਨ।

### ਹੁਣ ਅੱਗੇ ਕੀ ?

ਜਦੋਂ ਤੱਕ ਸਿਲੈਕਟ ਕਮੇਟੀ ਆਪਣੀ ਰਿਪੋਰਟ ਪੇਸ਼ ਨਹੀਂ ਕਰਦੀ, ਵਿਧਾਨ ਸਭਾ ਇਸ ਬਿੱਲ 'ਤੇ ਅੱਗੇ ਚਰਚਾ ਨਹੀਂ ਕਰ ਸਕਦੀ ਅਤੇ ਨਾ ਹੀ ਇਸ ਨੂੰ ਕਾਨੂੰਨੀ ਰੂਪ ਦਿੱਤਾ ਜਾ ਸਕਦਾ ਹੈ। ਹਾਲਾਂਕਿ ਸੂਤਰਾਂ ਅਨੁਸਾਰ ਸਪੀਕਰ ਕੋਲ ਸਮਾਂ ਵਧਾਉਣ ਦਾ ਅਧਿਕਾਰ ਹੈ, ਪਰ ਮਾਹਿਰਾਂ ਦਾ ਮੰਨਣਾ ਹੈ ਕਿ ਪ੍ਰਕਿਰਿਆ ਵਿੱਚ ਹੋ ਰਹੀ ਇਸ ਦੇਰੀ ਨਾਲ ਲੋਕਾਂ ਵਿੱਚ ਗਲਤ ਸੰਦੇਸ਼ ਜਾ ਰਿਹਾ ਹੈ।


## ਅੰਬ ਸਾਹਿਬ ਜ਼ਮੀਨ ਮਾਮਲਾ

# ਮੈਨੇਜਰ ਰਜਿੰਦਰ ਸਿੰਘ ਦੇ ਪੁਲਿਸ ਰਿਮਾਂਡ 'ਚ 2 ਦਿਨਾਂ ਦਾ ਵਾਧਾ, ਜਾਅਲੀ ਦਸਤਾਵੇਜ਼ਾਂ ਦੀ ਹੋਵੇਗੀ ਜਾਂਚ

ਐੱਸ.ਏ.ਐੱਸ. ਨਗਰ (ਮੁਹਾਲੀ)-ਮੁਹਾਲੀ ਦੇ ਇਤਿਹਾਸਕ ਗੁਰਦੁਆਰਾ ਸ੍ਰੀ ਅੰਬ ਸਾਹਿਬ ਦੀ ਕਰੋੜਾਂ ਰੁਪਏ ਦੀ ਜ਼ਮੀਨ ਨੂੰ ਜਾਅਲੀ ਦਸਤਾਵੇਜ਼ਾਂ ਰਾਹੀਂ ਵੇਚਣ ਦੇ ਮਾਮਲੇ ਵਿੱਚ ਫਸੇ ਮੈਨੇਜਰ ਰਜਿੰਦਰ ਸਿੰਘ ਦੀਆਂ ਮੁਸ਼ਕਲਾਂ ਵਧਦੀਆਂ ਜਾ ਰਹੀਆਂ ਹਨ। ਮੁਹਾਲੀ ਅਦਾਲਤ ਨੇ ਪੁਲਿਸ ਦੀ ਮੰਗ 'ਤੇ ਮੁਲਜ਼ਮ ਮੈਨੇਜਰ ਦੇ ਪੁਲਿਸ ਰਿਮਾਂਡ ਵਿੱਚ ਦੋ ਦਿਨਾਂ ਦਾ ਹੋਰ ਵਾਧਾ ਕਰ ਦਿੱਤਾ ਹੈ ਜ਼ਾਣਕਾਰੀ ਅਨੁਸਾਰ, ਰਜਿੰਦਰ ਸਿੰਘ ਨੇ ਕੁਝ ਦਿਨ ਪਹਿਲਾਂ ਅਦਾਲਤ ਵਿੱਚ ਆਤਮ-ਸਮਰਪਣ ਕੀਤਾ ਸੀ। ਪੰਜ ਦਿਨਾਂ ਦਾ ਪੁਲਿਸ ਰਿਮਾਂਡ ਖ਼ਤਮ ਹੋਣ ਤੋਂ ਬਾਅਦ ਥਾਣਾ ਸੋਹਾਣਾ ਦੀ ਪੁਲਿਸ ਨੇ ਉਸ ਨੂੰ ਇਲਾਕਾ ਮੈਜਿਸਟਰੇਟ ਦੇ ਸਾਹਮਣੇ ਪੇਸ਼ ਕੀਤਾ। ਤਫ਼ਤੀਸ਼ੀ ਅਧਿਕਾਰੀ ਨੇ ਅਦਾਲਤ ਨੂੰ ਦੱਸਿਆ ਕਿ ਮਾਮਲੇ ਦੀ ਜਾਂਚ ਅਜੇ ਅਧੂਰੀ ਹੈ ਅਤੇ ਕਈ ਅਹਿਮ ਦਸਤਾਵੇਜ਼ ਬਰਾਮਦ ਕੀਤੇ ਜਾਣੇ ਬਾਕੀ ਹਨ, ਜਿਸ ਲਈ ਤਿੰਨ ਦਿਨਾਂ ਦੇ ਹੋਰ ਰਿਮਾਂਡ ਦੀ ਲੋੜ ਹੈ। ਦਲੀਲਾਂ ਸੁਣਨ ਤੋਂ ਬਾਅਦ ਅਦਾਲਤ ਨੇ ਦੋ ਦਿਨਾਂ ਦਾ ਹੋਰ ਰਿਮਾਂਡ ਮਨਜ਼ੂਰ ਕਰ ਲਿਆ।

### ਕੀ ਹੈ ਪੂਰਾ ਘੁਟਾਲਾ ?

ਇਹ ਮਾਮਲਾ ਗੁਰਦੁਆਰਾ ਸ੍ਰੀ ਅੰਬ ਸਾਹਿਬ ਦੀ 44 ਮਰਲੇ ਜ਼ਮੀਨ ਨੂੰ ਗੈਰ-ਕਾਨੂੰਨੀ ਤਰੀਕੇ ਨਾਲ ਵੇਚਣ ਨਾਲ ਜੁੜਿਆ ਹੋਇਆ ਹੈ। ਜਾਂਚ ਵਿੱਚ ਸਾਹਮਣੇ ਆਇਆ ਹੈ ਕਿ 15 ਅਕਤੂਬਰ 2025 ਨੂੰ ਮੁਲਜ਼ਮਾਂ ਨੇ ਮਿਲੀਭਗਤ ਕਰਕੇ ਇੱਕ ਫ਼ਰਜ਼ੀ ਅਥਾਰਟੀ ਲੈਟਰ ਤਿਆਰ ਕੀਤਾ ਸੀ। ਇਸ ਲੈਟਰ ਉੱਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਦੇ ਜਾਅਲੀ ਦਸਤਖ਼ਤ ਕੀਤੇ ਗਏ ਸਨ ਤਾਂ ਜੋ ਜ਼ਮੀਨ ਦੀ ਰਜਿਸਟਰੀ ਕਰਵਾਈ ਜਾ ਸਕੇ। ਇਸ ਪੂਰੇ ਘੁਟਾਲੇ ਵਿੱਚ ਹੁਣ ਤੱਕ 7 ਮੁਲਜ਼ਮਾਂ ਨੂੰ ਨਾਮਜ਼ਦ ਕੀਤਾ ਗਿਆ ਹੈ।



### ਅਗਲੀ ਜਾਂਚ ਦੇ ਮੁੱਖ ਬਿੰਦੂ

ਪੁਲਿਸ ਹੁਣ ਰਿਮਾਂਡ ਦੌਰਾਨ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰੇਗੀ ਕਿ ਇਸ ਸਾਜ਼ਿਸ਼ ਵਿੱਚ ਹੋਰ ਕਿਹੜੇ ਵੱਡੇ ਚਿਹਰੇ ਸ਼ਾਮਲ ਹਨ। ਜਾਅਲੀ ਦਸਤਾਵੇਜ਼ ਕਿੱਥੇ ਤਿਆਰ ਕੀਤੇ ਗਏ ਅਤੇ ਇਸ ਧੋਖਾਧੜੀ ਰਾਹੀਂ ਹਾਸਲ ਕੀਤੀ ਰਕਮ ਕਿੱਥੇ ਗਈ, ਇਸ ਬਾਰੇ ਵੀ ਪੁੱਛਗਿੱਛ ਕੀਤੀ ਜਾਵੇਗੀ। ਪੁਲਿਸ ਮੁਤਾਬਕ ਆਉਣ ਵਾਲੇ ਦਿਨਾਂ ਵਿੱਚ ਕਈ ਹੋਰ ਵੱਡੇ ਖੁਲਾਸੇ ਹੋਣ ਦੀ ਉਮੀਦ ਹੈ।

# ਇਜ਼ਰਾਈਲ-ਈਰਾਨ ਜੰਗ ਦਰਮਿਆਨ ਸ੍ਰੀ ਹਰਿਮੰਦਰ ਸਾਹਿਬ ਦੇ ਲੰਗਰ ਲਈ ਗੈਸ ਸਪਲਾਈ ਦੀ ਚਿੰਤਾ

ਅੰਮ੍ਰਿਤਸਰ-ਮੱਧ-ਪੂਰਬ ਵਿੱਚ ਇਜ਼ਰਾਈਲ ਅਤੇ ਈਰਾਨ ਵਿਚਕਾਰ ਵਧਦੇ ਫੌਜੀ ਤਣਾਅ ਦਾ ਅਸਰ ਹੁਣ ਸਥਾਨਕ ਪੱਧਰ 'ਤੇ ਵੀ ਮਹਿਸੂਸ ਕੀਤਾ ਜਾਣ ਲੱਗਾ ਹੈ। ਜਿੱਥੇ ਇੱਕ ਪਾਸੇ ਗੈਸ ਦੀ ਕਿੱਲਤ ਦੇ ਡਰੋਂ ਆਮ ਜਨਤਾ ਵਿੱਚ ਹਫੜਾ-ਦਫੜੀ ਦਾ ਮਾਹੌਲ ਹੈ, ਉੱਥੇ ਹੀ ਦੁਨੀਆ ਦੀ ਸਭ ਤੋਂ ਵੱਡੀ ਸਾਂਝੀ ਰਸੋਈ, 'ਸ੍ਰੀ ਗੁਰੂ ਰਾਮਦਾਸ ਲੰਗਰ' ਦੀ ਸੇਵਾ ਨੂੰ ਨਿਰਵਿਘਨ ਜਾਰੀ ਰੱਖਣ ਲਈ ਪ੍ਰਬੰਧਕਾਂ ਨੇ ਕੇਂਦਰ ਸਰਕਾਰ ਤੱਕ ਪਹੁੰਚ ਕੀਤੀ ਹੈ।

ਗੈਸ ਏਜੰਸੀਆਂ ਬਾਹਰ ਲੱਗੀਆਂ ਲੰਬੀਆਂ ਕਤਾਰਾਂ-ਈਰਾਨ-ਇਜ਼ਰਾਈਲ ਜੰਗ ਕਾਰਨ ਅੰਤਰਰਾਸ਼ਟਰੀ ਪੱਧਰ 'ਤੇ ਊਰਜਾ ਸਪਲਾਈ ਪ੍ਰਭਾਵਿਤ ਹੋਣ ਦੀਆਂ ਖ਼ਬਰਾਂ ਨੇ ਪੰਜਾਬ ਵਿੱਚ ਗੈਸ ਸਿਲੰਡਰਾਂ ਦੀ ਮੰਗ ਵਧਾ ਦਿੱਤੀ ਹੈ। ਅੰਮ੍ਰਿਤਸਰ ਦੀਆਂ ਗੈਸ ਏਜੰਸੀਆਂ ਬਾਹਰ ਲੋਕਾਂ ਦੀ ਭਾਰੀ ਭੀੜ ਦੇਖੀ ਜਾ ਰਹੀ ਹੈ। ਸਥਿਤੀ ਇੰਨੀ ਗੰਭੀਰ ਹੈ ਕਿ ਕਈ ਏਜੰਸੀ ਮਾਲਕਾਂ ਨੇ ਆਪਣੇ ਕਸਟਮਰ ਕੇਅਰ ਨੰਬਰ ਤੱਕ ਬੰਦ ਕਰ ਦਿੱਤੇ ਹਨ।

ਦਰਬਾਰ ਸਾਹਿਬ ਪ੍ਰਬੰਧਕਾਂ ਦੀ ਕੇਂਦਰ ਨੂੰ ਅਪੀਲ-ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ ਨੇ ਦੱਸਿਆ ਕਿ "ਭਾਵੇਂ ਫਿਲਹਾਲ ਲੰਗਰ ਲਈ ਗੈਸ ਦੀ ਸਪਲਾਈ ਆਮ ਹੈ, ਪਰ ਭਵਿੱਖ ਦੇ ਖ਼ਤਰਿਆਂ ਨੂੰ ਦੇਖਦੇ ਹੋਏ ਕੇਂਦਰ ਸਰਕਾਰ ਨੂੰ ਵਿਸ਼ੇਸ਼ ਅਪੀਲ ਕੀਤੀ ਗਈ ਹੈ। ਸਾਡੀ ਮੰਗ ਹੈ ਕਿ ਅੰਤਰਰਾਸ਼ਟਰੀ ਤਣਾਅ ਦੇ ਬਾਵਜੂਦ ਲੰਗਰ ਦੀ ਗੈਸ ਸਪਲਾਈ ਨੂੰ 'ਪਹਿਲ ਦੇ ਅਧਾਰ' 'ਤੇ ਬਰਕਰਾਰ ਰੱਖਿਆ ਜਾਵੇ ਤਾਂ ਜੋ ਗੁਰੂ ਘਰ ਆਉਣ ਵਾਲੀਆਂ ਲੱਖਾਂ ਸੰਗਤਾਂ ਨੂੰ ਕੋਈ ਮੁਸ਼ਕਲ ਨਾ ਆਵੇ।"



ਕਿਵੇਂ ਚੱਲਦੀ ਹੈ ਲੰਗਰ ਦੀ ਵਿਸ਼ਾਲ ਰਸੋਈ ?-ਸ੍ਰੀ ਹਰਿਮੰਦਰ ਸਾਹਿਬ ਵਿੱਚ ਲੰਗਰ ਦੀ ਵਿਵਸਥਾ ਇੱਕ ਵਿਗਿਆਨਕ ਅਤੇ ਜਥੇਬੰਦਕ ਮਿਸਾਲ ਹੈ। ਰੋਜ਼ਾਨਾ ਲਗਭਗ 1300 ਯੂਨਿਟ ਗੈਸ ਦੀ ਵਰਤੋਂ ਹੁੰਦੀ ਹੈ। ਜ਼ਿਆਦਾਤਰ ਖਾਣਾ ਗੈਸ ਪਾਈਪਲਾਈਨ ਰਾਹੀਂ ਤਿਆਰ ਹੁੰਦਾ ਹੈ। ਕਿਸੇ ਵੀ ਅਚਨਚੇਤ ਰੁਕਾਵਟ ਲਈ 25 ਤੋਂ 30 ਗੈਸ ਸਿਲੰਡਰ ਹਮੇਸ਼ਾ ਰਿਜ਼ਰਵ ਰੱਖੇ ਜਾਂਦੇ ਹਨ।

ਸੇਵਾ ਅਤੇ ਭਾਈਚਾਰੇ ਦੀ ਮਿਸਾਲ-ਇਹ ਲੰਗਰ ਸਿਰਫ਼ ਭੋਜਨ ਦਾ ਸਥਾਨ ਨਹੀਂ, ਸਗੋਂ ਸਿੱਖ ਪਰੰਪਰਾ ਦਾ ਅਨਿੱਖੜਵਾਂ ਅੰਗ ਹੈ ਜਿੱਥੇ ਰੋਜ਼ਾਨਾ ਲੱਖਾਂ ਸ਼ਰਧਾਲੂ ਬਿਨਾਂ ਕਿਸੇ ਭੇਦਭਾਵ ਦੇ ਪ੍ਰਸ਼ਾਦ ਛਕਦੇ ਹਨ। ਪ੍ਰਬੰਧਕਾਂ ਅਨੁਸਾਰ, ਇਸ ਪਵਿੱਤਰ ਪਰੰਪਰਾ ਨੂੰ ਕਿਸੇ ਵੀ ਕੀਮਤ 'ਤੇ ਰੁਕਣ ਨਹੀਂ ਦਿੱਤਾ ਜਾਵੇਗਾ।

# ਗਿੱਪੀ ਗਰੇਵਾਲ ਨੂੰ ਗੋਲਡੀ ਬਰਾੜ ਦੇ ਨਾਂਅ 'ਤੇ ਮਿਲੀ ਜਾਨੋਂ ਮਾਰਨ ਦੀ ਧਮਕੀ

ਐੱਸ.ਏ.ਐੱਸ. ਨਗਰ/ਮੁਹਾਲੀ-ਪੰਜਾਬੀ ਸਿਨੇਮਾ ਦੇ ਮਸ਼ਹੂਰ ਅਦਾਕਾਰ ਅਤੇ ਗਾਇਕ ਗਿੱਪੀ ਗਰੇਵਾਲ ਨੂੰ ਗੈਂਗਸਟਰ ਗੋਲਡੀ ਬਰਾੜ ਦੇ ਨਾਂਅ 'ਤੇ ਧਮਕੀ ਭਰੀ ਕਾਲ ਆਉਣ ਦਾ ਸਨਸਨੀਖੇਜ਼ ਮਾਮਲਾ ਸਾਹਮਣੇ ਆਇਆ ਹੈ। ਇਸ ਘਟਨਾ ਤੋਂ ਬਾਅਦ ਪੂਰੀ ਇੰਡਸਟਰੀ ਅਤੇ ਪ੍ਰਸ਼ੰਸਕਾਂ ਵਿੱਚ ਚਿੰਤਾ ਦਾ ਮਾਹੌਲ ਹੈ। ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਇੱਕ ਕਥਿਤ ਆਡੀਓ ਵਿੱਚ ਕਾਲ ਕਰਨ ਵਾਲਾ ਖ਼ੁਦ ਨੂੰ ਗੋਲਡੀ ਬਰਾੜ ਦੱਸ ਰਿਹਾ ਹੈ। ਉਸ ਨੇ ਗਿੱਪੀ ਗਰੇਵਾਲ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ "ਮੈਸੇਜ ਇਗਨੋਰ ਕਰ ਸਕਦੇ ਹੋ, ਪਰ ਗੋਲੀਆਂ ਦੇ ਬਰਸਟ ਇਗਨੋਰ ਨਹੀਂ ਹੋਣਗੇ। ਉਸ ਨੇ ਇਹ ਵੀ ਧਮਕੀ ਦਿੱਤੀ ਕਿ ਜੇਕਰ ਗੱਲ ਨਾ ਸੁਣੀ ਗਈ ਤਾਂ ਮੁਹਾਲੀ ਵਿੱਚ ਹੀ "ਫ਼ਿਲਮ ਬਣਾਉਣੀ ਪੈ ਜਾਵੇਗੀ" (ਭਾਵ ਹਮਲਾ ਕਰ ਦਿੱਤਾ ਜਾਵੇਗਾ)।



ਐੱਸ.ਐੱਸ.ਪੀ. ਮੁਹਾਲੀ ਹਰਮਨਦੀਪ ਸਿੰਘ ਹਾਂਸ ਨੇ ਦੱਸਿਆ ਕਿ ਅਜੇ ਤੱਕ ਕੋਈ ਲਿਖਤੀ ਸ਼ਿਕਾਇਤ ਦਰਜ ਨਹੀਂ ਹੋਈ ਹੈ, ਪਰ ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਗਿੱਪੀ ਗਰੇਵਾਲ ਦੇ ਘਰ ਦੇ ਬਾਹਰ ਸੁਰੱਖਿਆ ਪ੍ਰਬੰਧ ਸਖ਼ਤ ਕਰ ਦਿੱਤੇ ਗਏ ਹਨ। ਪੁਲਿਸ ਗੰਨਮੈਨ ਤਾਇਨਾਤ ਕੀਤੇ ਗਏ ਹਨ।

ਸੁਖਬੀਰ ਨੇ ਘੇਰੀ ਸਰਕਾਰ-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇਸ ਮਾਮਲੇ 'ਤੇ ਸੂਬਾ ਸਰਕਾਰ 'ਤੇ ਤਿੱਖੇ ਨਿਸ਼ਾਨੇ ਸਾਧੇ ਹਨ। ਸੁਖਬੀਰ ਬਾਦਲ ਅਨੁਸਾਰ, ਮੁੱਖ ਮੰਤਰੀ ਭਗਵੰਤ ਮਾਨ ਨੇ ਗਿੱਪੀ ਗਰੇਵਾਲ ਦੀ ਸੁਰੱਖਿਆ ਸਿਰਫ਼ ਇਸ ਲਈ ਹਟਾ ਦਿੱਤੀ ਕਿਉਂਕਿ ਉਹ ਹਾਲ ਹੀ ਵਿੱਚ ਪਿੰਡ ਬਾਦਲ ਵਿਖੇ ਉਨ੍ਹਾਂ ਨੂੰ ਮਿਲਣ ਆਏ ਸਨ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਕੋਈ ਅਣਸੁਖਾਵੀਂ ਘਟਨਾ ਵਾਪਰਦੀ ਹੈ, ਤਾਂ ਇਸ ਲਈ ਸਿੱਧੇ ਤੌਰ 'ਤੇ ਮੁੱਖ ਮੰਤਰੀ ਜ਼ਿੰਮੇਵਾਰ ਹੋਣਗੇ।

## ਵਿਸ਼ਵ ਦੇ ਮਹਾਨ ਖਿਡਾਰੀ

# ਕੇਰਲਾ ਦੀ 'ਗੋਲਡਨ ਗਰਲ ਪੀਟੀ ਊਸ਼ਾ

ਪ੍ਰਿੰ. ਸਰਵਣ ਸਿੰਘ



'ਉਡਣ ਪਰੀ ਕਹੀ ਜਾਂਦੀ ਦੌੜਾਕ ਪੀਟੀ ਊਸ਼ਾ ਦਾ ਪੂਰਾ ਨਾਂ ਪਿਲਾਵੁਕੰਦੀ ਟੇਕੇਪਰੰਬਿਲ ਊਸ਼ਾ ਹੈ। ਉਸ ਨੇ ਏਸ਼ਿਆਈ ਖੇਡਾਂ 'ਚੋਂ 4 ਗੋਲਡ ਤੇ 7 ਸਿਲਵਰ ਮੈਡਲ ਜਿੱਤੇ ਹਨ। ਏਸ਼ੀਅਨ ਟ੍ਰੈਕ ਐਂਡ ਫੀਲਡ ਪੱਧਰ ਦੇ ਦੋ ਦਰਜਨ ਤੋਂ ਵੱਧ ਤਗ਼ਮੇ ਜਿੱਤ ਕੇ ਆਪਣੇ ਪ੍ਰਾਂਤ ਕੇਰਲਾ ਤੇ ਭਾਰਤ ਦਾ ਨਾਂ ਰੌਸ਼ਨ ਕੀਤਾ ਹੈ। ਉਹ ਦੋ ਦਹਾਕੇ ਭਾਰਤ ਦੀ ਸਰਬੋਤਮ ਮਹਿਲਾ ਅਥਲੀਟ ਮੰਨੀ ਜਾਂਦੀ ਰਹੀ। ਉਸ ਨੇ ਨੈਸ਼ਨਲ ਤੇ ਇੰਟਰਨੈਸ਼ਨਲ ਅਥਲੈਟਿਕਸ ਮੀਟਾਂ ਵਿਚੋਂ 100 ਤੋਂ ਵੱਧ ਮੈਡਲ ਜਿੱਤੇ ਹਨ। ਉਸ ਨੂੰ ਇੰਡੀਅਨ ਟ੍ਰੈਕ ਐਂਡ ਫੀਲਡ ਦੀ ਰਾਣੀ ਕਿਹਾ ਜਾਂਦਾ ਹੈ। ਹੁਣ ਉਹ ਭਾਰਤੀ ਓਲੰਪਿਕ ਐਸੋਸੀਏਸ਼ਨ ਦੀ ਪ੍ਰਧਾਨ ਤੇ ਰਾਜ ਸਭਾ ਦੀ ਮਾਣਯੋਗ ਮੈਂਬਰ ਹੈ।

1984 ਵਿਚ ਉਸ ਨੇ 400 ਮੀਟਰ ਹਰਡਲਜ਼ ਦੌੜ 55.42 ਸੈਕੰਡ 'ਚ ਦੌੜੀ ਸੀ ਜੋ ਅਜੇ ਤਕ ਭਾਰਤ ਦਾ ਨੈਸ਼ਨਲ ਰਿਕਾਰਡ ਹੈ। 1985 ਦੀ ਏਸ਼ੀਅਨ ਟ੍ਰੈਕ ਐਂਡ ਫੀਲਡ ਚੈਂਪੀਅਨਸ਼ਿਪ ਵਿਚੋਂ 5 ਗੋਲਡ ਤੇ 1 ਬ੍ਰੌਂਜ਼ ਮੈਡਲ ਜਿੱਤਣ ਦਾ ਰਿਕਾਰਡ ਵੀ ਉਹਦੇ ਨਾਂ ਤੁਰਿਆ ਆਉਂਦਾ ਹੈ। ਸਿਓਲ-1986 ਦੀਆਂ ਏਸ਼ਿਆਈ ਖੇਡਾਂ 'ਚੋਂ ਉਸ ਨੇ 200, 400, 400 ਮੀਟਰ ਹਰਡਲਜ਼ ਤੇ 4+400 ਮੀਟਰ ਰਿਲੇਅ ਦੌੜਾਂ ਦੇ 4 ਸੋਨ ਤਗ਼ਮੇ ਜਿੱਤੇ ਸਨ। ਸਿਓਲ-1988 ਦੀਆਂ ਓਲੰਪਿਕ ਖੇਡਾਂ ਸਮੇਂ ਉਸ ਨੂੰ ਅੱਡੀ ਦੀ ਚੋਟ ਲੈ ਬੈਠੀ ਸੀ। 1989 'ਚ ਉਹ ਠੀਕ ਹੋਈ ਤਾਂ ਦਿੱਲੀ ਦੀ ਏਸ਼ੀਅਨ ਟ੍ਰੈਕ ਐਂਡ ਫੀਲਡ ਮੀਟ ਵਿਚ ਫਿਰ 4 ਗੋਲਡ ਤੇ 2 ਸਿਲਵਰ ਮੈਡਲ ਜਿੱਤੀ। ਬੀਜਿੰਗ-1990 ਦੀਆਂ ਏਸ਼ਿਆਈ ਖੇਡਾਂ 'ਚ ਨਾ ਚਾਹੁੰਦਿਆਂ ਵੀ ਉਸ ਨੇ ਭਾਗ ਲਿਆ ਤੇ 3 ਸਿਲਵਰ ਮੈਡਲ ਜਿੱਤੇ। 1991 ਵਿਚ ਉਸ ਦਾ ਵਿਆਹ ਹੋ ਗਿਆ। ਮਾਂ ਬਣ ਕੇ 34 ਸਾਲਾਂ ਦੀ ਉਮਰੇ ਉਸ ਨੇ ਫਿਰ ਏਸ਼ੀਅਨ ਟ੍ਰੈਕ ਐਂਡ ਫੀਲਡ ਮੀਟ 'ਚ ਭਾਗ ਲਿਆ ਅਤੇ 200 ਤੇ 400 ਮੀਟਰ ਦੌੜਾਂ 'ਚੋਂ ਕਾਂਸੀ ਦੇ ਤਗ਼ਮੇ ਜਿੱਤਦਿਆਂ 200 ਮੀਟਰ ਦੌੜ ਦਾ ਕੌਮੀ ਰਿਕਾਰਡ ਨਵਿਆ ਦਿੱਤਾ। ਇੰਡੀਅਨ ਓਲੰਪਿਕ ਐਸੋਸੀਏਸ਼ਨ ਨੇ ਉਸ ਨੂੰ ਵੀਹਵੀਂ ਸਦੀ ਦੀ ਅਥਲੀਟ ਵਜੋਂ ਵਡਿਆਇਆ।

ਉਸ ਦਾ ਜਨਮ ਕੇਰਲਾ ਦੇ ਜ਼ਿਲ੍ਹੇ ਕੋਜ਼ੀਕੋਡੇ ਵਿਚ ਪਰਾਂਬਰਾ ਨੇੜੇ ਕੁਠਾਲੀ ਵਿਖੇ ਪਿਤਾ ਈ.ਪੀ.ਐੱਮ.ਪੈਥਲ ਦੇ ਘਰ ਮਾਤਾ ਟੀ.ਵੀ.ਲਖਸ਼ਮੀ ਦੀ ਕੁੱਖੋਂ 27 ਜੂਨ 1964 ਨੂੰ ਹੋਇਆ। ਉਹ ਨੇੜਲੇ ਕਸਬੇ ਪਿਯੋਲੀ ਵਿਚ ਪਲਦਿਆਂ ਵੱਡੀ ਹੋਈ। ਬਚਪਨ ਵਿਚ ਉਹ ਦੁਬਲੀ ਪਤਲੀ ਲੜਕੀ ਸੀ ਜੋ ਅਕਸਰ ਬਿਮਾਰ ਹੋ ਜਾਂਦੀ ਪਰ ਖੇਡਾਂ 'ਚ ਭਾਗ ਲੈਣੋਂ ਨਾ ਟਲਦੀ। ਪ੍ਰਾਇਮਰੀ ਸਕੂਲ 'ਚ ਪੜ੍ਹਦਿਆਂ ਹੀ ਉਹ ਖੇਡ ਮੁਕਾਬਲਿਆਂ ਵਿਚ ਸ਼ਾਮਲ ਹੋਣ ਲੱਗ ਪਈ ਸੀ। ਉਦੋਂ ਕੇਰਲਾ ਦਾ ਕੌਮੀ ਖੇਡ ਮੁਕਾਬਲਿਆਂ 'ਚ ਹੁਣ ਵਰਗਾ ਸਥਾਨ ਨਹੀਂ ਸੀ। ਖੇਡ ਖੇਤਰ ਵਿਚ ਉਹ ਭਾਰਤ ਦੇ ਬਹੁਤੇ ਸੂਬਿਆਂ ਤੋਂ ਪਿੱਛੇ ਸੀ।

ਊਸ਼ਾ ਦੇ ਜਨਮ ਸਮੇਂ ਉਹਦੇ ਮਾਪੇ ਗਰੀਬ ਗੁਜ਼ਾਰਾ ਕਰਦੇ ਸਨ ਜੋ ਆਪਣੀ ਧੀ ਨੂੰ ਬਚਪਨ ਦੀਆਂ ਮੁਢਲੀਆਂ ਖੇਡ ਸਹੂਲਤਾਂ ਦੇਣ ਜੋਗੇ ਵੀ ਨਹੀਂ ਸਨ। ਪਰ ਪੀਟੀ ਊਸ਼ਾ ਦੇ ਚੰਗੇ ਭਾਗ ਕਿ ਸਕੂਲਾਂ ਦੇ ਖਿਡਾਰੀਆਂ ਨੂੰ ਕੋਜ਼ੀਕੋਡੇ ਵਿਖੇ ਸਪੋਰਟਸ ਸਕੂਲ ਵਿਚ ਖੇਡਾਂ ਦੀ ਕੋਚਿੰਗ ਮਿਲਣੀ ਸ਼ੁਰੂ ਹੋ ਗਈ। ਊਸ਼ਾ ਨੇ ਜੂਨੀਅਰ ਕਲਾਸਾਂ 'ਚ ਪੜ੍ਹਦਿਆਂ ਹੀ ਚੰਗੀ ਹੋਣਹਾਰੀ ਵਿਖਾਉਣੀ ਸ਼ੁਰੂ ਕਰ ਦਿੱਤੀ ਤੇ ਅਥਲੈਟਿਕਸ ਕੋਚ ਓ.ਪੀ. ਨੰਬਿਆਰ ਦੀ ਨਜ਼ਰੇ ਚੜ੍ਹ ਗਈ। 1979 'ਚ ਉਸ ਨੇ ਪਹਿਲੀ ਵਾਰ ਸਕੂਲਾਂ ਦੀਆਂ ਨੈਸ਼ਨਲ ਖੇਡਾਂ 'ਚ ਭਾਗ ਲਿਆ ਤੇ ਪਹਿਲੀ ਪੁਜ਼ੀਸ਼ਨ ਹਾਸਲ ਕਰ ਗਈ। ਫਿਰ ਉਹ ਆਪਣੀ ਮਿਹਨਤ ਤੇ ਕੋਚਾਂ ਦੀ ਕੋਚਿੰਗ ਸਦਕਾ ਦੋ ਦਹਾਕੇ ਨੈਸ਼ਨਲ ਤੇ ਇੰਟਰਨੈਸ਼ਨਲ ਅਥਲੈਟਿਕਸ ਮੀਟਾਂ ਵਿਚ ਛਾਈ ਰਹੀ।

ਜਦੋਂ ਪੀਟੀ ਊਸ਼ਾ ਦਾ ਜਨਮ ਹੋਇਆ ਉਸ ਤੋਂ ਛੇ ਕੁ ਮਹੀਨੇ ਪਹਿਲਾਂ ਮੈਨੂੰ ਕੇਰਲਾ ਜਾਣ ਦਾ ਮੌਕਾ ਮਿਲਿਆ ਸੀ। ਉਹ ਮੇਰੀ ਪਹਿਲੀ ਕੇਰਲਾ ਫੇਰੀ ਸੀ ਤੇ ਮੈਂ ਪਹਿਲੀ ਵਾਰ ਕੰਨਿਆ ਕੁਮਾਰੀ ਵਿਖੇ ਸਮੁੰਦਰ 'ਚੋਂ ਚੜ੍ਹਦੇ ਸੂਰਜ ਦਾ ਜਲਵਾ ਵੇਖਿਆ ਸੀ। ਗੇੜ ਅਜਿਹਾ ਬਣਿਆ ਸੀ ਕਿ 1963 ਦੇ ਆਖ਼ਰੀ ਹਫ਼ਤੇ ਟ੍ਰੀਵੈਂਡਰਮ ਵਿਖੇ ਆਲ ਇੰਡੀਆ ਇੰਟਰਵਰਸਟੀ ਅਥਲੈਟਿਕਸ ਮੀਟ ਹੋਈ ਸੀ। ਮੈਂ ਦਿੱਲੀ ਯੂਨੀਵਰਸਿਟੀ ਵੱਲੋਂ ਉਥੇ ਗੋਲਾ ਸੁੱਟਣ ਦੇ ਈਵੈਂਟ 'ਚ ਭਾਗ ਲੈਣ ਗਿਆ ਸਾਂ। ਮਦਰਾਸ ਤੋਂ ਟ੍ਰੀਵੈਂਡਰਮ ਤਕ ਰੇਲ ਗੱਡੀ 'ਚ ਸਫ਼ਰ ਕਰਦਿਆਂ ਉਦੋਂ ਪਹਿਲੀ ਵਾਰ ਉਥੋਂ ਦੇ ਖੇਤ, ਨਾਰੀਅਲ ਦੇ ਉੱਚੇ ਰੁੱਖ ਤੇ ਵਿਰਲੇ ਵਿਰਲੇ ਘਰ ਵੇਖੇ ਸਨ। ਟ੍ਰੀਵੈਂਡਰਮ ਜਾਣ ਦੇ ਬਹਾਨੇ ਦੱਖਣੀ ਭਾਰਤ ਦਾ ਕਾਫੀ ਸਾਰਾ ਇਲਾਕਾ ਵੇਖਿਆ ਗਿਆ ਸੀ। ਉਦੋਂ ਸ਼ਹਿਰਾਂ ਦੇ ਨਾਂ ਹੋਰ ਸਨ। ਪਿੱਛੋਂ ਕਲਕੱਤਾ, ਬੰਗਲੌਰ, ਬੰਬਈ, ਮਦਰਾਸ ਤੇ ਟ੍ਰੀਵੈਂਡਰਮ ਆਦਿ ਕਈ ਸ਼ਹਿਰਾਂ ਦੇ ਨਾਂ ਹੀ ਬਦਲ ਗਏ ਹਨ!

1976 ਵਿਚ ਜਦੋਂ ਪੀਟੀ ਊਸ਼ਾ ਬਾਰਾਂ ਕੁ ਸਾਲਾਂ ਦੀ ਸੀ ਤਾਂ ਕੇਰਲਾ ਸਰਕਾਰ ਨੇ ਕੋਚ ਓ.ਐੱਮ. ਨੰਬਿਆਰ ਦੀ ਦੇਖ ਰੇਖ ਹੇਠ ਕਨੂਰ ਵਿਖੇ 40 ਲੜਕੀਆਂ ਲਈ ਸਪੋਰਟਸ ਅਕੈਡਮੀ ਚਾਲੂ ਕੀਤੀ ਸੀ। ਉਥੇ ਉਸ ਨੂੰ ਆਰੰਭ ਵਿਚ ਹੀ ਵਧੀਆ ਕੋਚਿੰਗ ਮਿਲਣ ਲੱਗ ਪਈ। ਉਸ ਦਾ ਕੱਦ ਵੀ ਆਪਣੇ ਹਾਣ ਦੀਆਂ ਲੜਕੀਆਂ ਨਾਲੋਂ ਲੰਮੇਰਾ ਸੀ ਜੋ ਬਾਅਦ ਵਿਚ 5 ਫੁੱਟ 7 ਇੰਚ ਲੰਮਾ ਹੋ ਗਿਆ। ਜੁੱਸਾ ਭਾਵੇਂ ਪਤਲਾ ਸੀ ਪਰ ਸੀ ਗੁੰਦਵੇਂ ਪੱਠਿਆ ਵਾਲਾ। ਬੁੱਲ੍ਹ ਰਤਾ ਮੋਟੇ, ਚਿਹਰਾ ਸੁਤਵਾਂ, ਰੰਗ ਸਾਂਵਲਾ ਤੇ ਦੰਦ ਮੋਤੀਆਂ ਵਰਗੇ। ਤੁਰਦੀ ਤਾਂ ਉਹਦੇ ਕਦਮ ਆਪਣੀਆਂ ਹਾਨਣਾਂ ਨਾਲੋਂ ਲੰਮੇ ਪੈਂਦੇ। ਦੌੜਦੀ ਤਾਂ ਕਦਮ ਹੋਰ ਲੰਮੇਰੇ ਹੋ ਜਾਂਦੇ। 1979 ਵਿਚ 15ਵੇਂ ਸਾਲ ਦੀ ਉਮਰੇ ਉਸ ਨੇ ਆਲ ਇੰਡੀਆ ਨੈਸ਼ਨਲ ਸਕੂਲ ਗੇਮਜ਼ ਵਿਚ ਭਾਗ ਲਿਆ ਤੇ ਆਪਣੇ ਈਵੈਂਟ ਵਿਚ ਪ੍ਰਥਮ ਆ ਗਈ। ਉਸ ਜਿੱਤ ਨਾਲ ਉਹਦੀ ਗੁੱਡੀ ਚੜ੍ਹਨੀ ਸ਼ੁਰੂ ਹੋ ਗਈ।

1980 ਵਿਚ ਉਸ ਨੂੰ ਪਾਕਿਸਤਾਨ ਦੀ ਓਪਨ ਨੈਸ਼ਨਲ ਮੀਟ ਕਰਾਚੀ ਵਿਖੇ ਭਾਗ ਲੈਣ ਦਾ ਮੌਕਾ ਮਿਲਿਆ। ਉਥੇ ਉਸ ਨੇ 4 ਗੋਲਡ ਮੈਡਲ ਜਿੱਤੇ। 1981 ਵਿਚ ਬੰਗਲੌਰ ਵਿਖੇ ਅੰਤਰਰਾਸ਼ਟਰੀ ਅਥਲੈਟਿਕਸ ਮੀਟ ਹੋਈ ਜਿਸ



ਵਿਚ ਉਹਨੇ 100 ਮੀਟਰ ਦੌੜ 11.6 ਸੈਕੰਡ ਤੇ 200 ਮੀਟਰ 24.8 ਸੈਕੰਡ ਵਿਚ ਲਾ ਕੇ ਨਵੇਂ ਨੈਸ਼ਨਲ ਰਿਕਾਰਡ ਸਥਾਪਿਤ ਕੀਤੇ। ਫਿਰ ਉਹ ਸਿਓਲ ਦੀ ਵਿਸ਼ਵ ਜੂਨੀਅਰ ਅਥਲੈਟਿਕਸ ਚੈਂਪੀਅਨਸ਼ਿਪ 1982 ਵਿਚ ਭਾਗ ਲੈਣ ਲਈ ਚੁਣੀ ਗਈ। ਉਥੇ ਉਹ 200 ਮੀਟਰ ਦੌੜ 'ਚ ਗੋਲਡ ਮੈਡਲ ਤੇ 100 ਮੀਟਰ ਦੌੜ 'ਚ ਬ੍ਰੌਂਜ਼ ਮੈਡਲ ਜਿੱਤੀ।

ਉਸੇ ਸਾਲ ਨਵੀਂ ਦਿੱਲੀ-1982 ਦੀਆਂ ਏਸ਼ਿਆਈ ਖੇਡਾਂ ਆ ਗਈਆਂ। ਉਨ੍ਹਾਂ ਖੇਡਾਂ 'ਚ ਉਸ ਨੇ 100 ਮੀਟਰ ਦੌੜ 11.95 ਸੈਕੰਡ ਅਤੇ 200 ਮੀਟਰ 25.32 ਸੈਕੰਡ ਵਿਚ ਲਾ ਕੇ ਚਾਂਦੀ ਦੇ 2 ਤਗ਼ਮੇ ਜਿੱਤੇ। 1983 ਵਿਚ ਜਮਸ਼ੇਦਪੁਰ ਵਿਖੇ ਹੋਈ ਓਪਨ ਨੈਸ਼ਨਲ ਚੈਂਪੀਅਨਸ਼ਿਪ 'ਚ ਉਸ ਨੇ 200 ਮੀਟਰ ਦੌੜ 23.9 ਸੈਕੰਡ ਅਤੇ 400 ਮੀਟਰ 53.6 ਸੈਕੰਡ 'ਚ ਲਾ ਕੇ ਨੈਸ਼ਨਲ ਰਿਕਾਰਡ ਨਵਿਆਏ। ਉਸੇ ਸਾਲ ਕੁਵੈਤ ਸਿਟੀ ਵਿਖੇ ਹੋਈ ਏਸ਼ੀਅਨ ਚੈਂਪੀਅਨਸ਼ਿਪ ਵਿਚ ਉਸ ਨੇ 400 ਮੀਟਰ ਦੌੜ 'ਚੋਂ ਗੋਲਡ ਮੈਡਲ ਜਿੱਤਿਆ। ਉਦੋਂ ਤੋਂ ਹੀ ਉਸ ਨੂੰ 'ਉਡਣ ਪਰੀ ਕਿਹਾ ਜਾਣ ਲੱਗ ਪਿਆ।

1984 ਦੀਆਂ ਓਲੰਪਿਕ ਖੇਡਾਂ ਤੋਂ ਪਹਿਲਾਂ ਉਹ ਏਸ਼ਿਆਈ ਟ੍ਰੈਕ ਐਂਡ ਫੀਲਡ ਚੈਂਪੀਅਨਸ਼ਿਪਾਂ ਵਿਚੋਂ ਮੈਡਲ 'ਤੇ ਮੈਡਲ ਜਿੱਤਣ ਲੱਗ ਪਈ ਸੀ। ਲਾਸ ਏਂਜਲਸ ਦੀਆਂ ਓਲੰਪਿਕ ਖੇਡਾਂ ਸਮੇਂ ਉਹ ਪੂਰੀ ਤਿਆਰੀ ਵਿਚ ਸੀ। ਉਹਦੀ ਖੁਸ਼ਕਿਸਮਤੀ ਨੂੰ ਸੋਵੀਅਤ ਰੂਸ ਬਲਾਕ ਨੇ ਅਮਰੀਕਾ ਦੀਆਂ ਲਾਸ ਏਂਜਲਸ ਖੇਡਾਂ ਦਾ ਬਾਈਕਾਟ ਕਰ ਦਿੱਤਾ ਸੀ ਕਿਉਂਕਿ ਮਾਸਕੋ-1980 ਦੀਆਂ ਓਲੰਪਿਕ ਖੇਡਾਂ ਦਾ ਅਮਰੀਕਾ ਗੁੱਟ ਦੇ ਦੇਸ਼ਾਂ ਨੇ ਬਾਈਕਾਟ ਕੀਤਾ ਸੀ। ਇੰਜ ਚੋਟੀ ਦੇ ਕਈ ਖਿਡਾਰੀ ਉਨ੍ਹਾਂ ਖੇਡਾਂ 'ਚ ਭਾਗ ਨਹੀਂ ਸਨ ਲੈ ਰਹੇ। ਉਸ ਹਾਲਤ 'ਚ ਪੀਟੀ ਊਸ਼ਾ ਦੇ ਮੈਡਲ ਜਿੱਤਣ ਦਾ ਮੌਕਾ ਬਿਹਤਰ ਸੀ।

ਉਸ ਤੋਂ ਪਹਿਲਾਂ ਭਾਰਤ ਦੇ ਕੇਵਲ ਦੋ ਅਥਲੀਟ ਮਿਲਖਾ ਸਿੰਘ ਤੇ ਗੁਰਬਚਨ ਸਿੰਘ ਰੰਧਾਵਾ ਹੀ ਓਲੰਪਿਕ ਮੈਡਲ ਜਿੱਤਣ ਦੇ ਨੇੜੇ ਪੁੱਜੇ ਸਨ। ਮਿਲਖਾ ਸਿੰਘ ਨੇ 400 ਮੀਟਰ ਦੌੜ ਵਿਚ ਚੌਥਾ ਸਥਾਨ ਹਾਸਲ ਕੀਤਾ ਸੀ ਤੇ ਗੁਰਬਚਨ ਸਿੰਘ ਰੰਧਾਵਾ ਨੇ 110 ਮੀਟਰ ਹਰਡਲਜ਼ ਦੌੜ ਵਿਚ ਪੰਜਵਾਂ। ਓਲੰਪਿਕ ਖੇਡਾਂ ਦੀ ਫਾਈਨਲ ਦੌੜ ਵਿਚ ਦੋਹਾਂ ਨੇ ਹੀ ਆਪਣੇ ਕੈਰੀਅਰ ਦਾ ਬਿਹਤਰੀਨ ਸਮਾਂ ਕੱਢਿਆ ਸੀ। ਉਹ ਰਿਕਾਰਡ ਸਾਲਾਂ-ਬੱਧੀ ਭਾਰਤ ਦੇ ਨੈਸ਼ਨਲ ਰਿਕਾਰਡ ਬਣੇ ਰਹੇ। ਊਸ਼ਾ ਲਈ ਸੁਨਹਿਰੀ ਮੌਕਾ ਸੀ ਓਲੰਪਿਕ ਮੈਡਲ ਜਿੱਤਣ ਦਾ। ਤਦ ਤਕ ਉਹਦੀ ਪ੍ਰਫਾਰਮੈਂਸ ਵੀ ਸਿਖਰ 'ਤੇ ਸੀ। ਉਸ ਨੇ ਨਵੀਂ ਦਿੱਲੀ ਦੀ ਅੰਤਰਰਾਜੀ ਮੀਟ ਅਤੇ ਮੁੰਬਈ ਦੀ ਓਪਨ ਨੈਸ਼ਨਲ ਚੈਂਪੀਅਨਸ਼ਿਪ 'ਚ ਚੰਗੀ ਕਾਰਗੁਜ਼ਾਰੀ ਵਿਖਾਈ ਸੀ। ਪਰ ਮਾਸਕੋ ਦੀ ਵਿਸ਼ਵ ਚੈਂਪੀਅਨਸ਼ਿਪ ਵਿਚ ਉਹ 100 ਮੀਟਰ ਤੇ 200 ਮੀਟਰ ਦੌੜਾਂ 'ਚ ਪਛੜ ਗਈ ਸੀ। ਇਸ ਲਈ ਉਸ ਨੇ ਲਾਸ ਏਂਜਲਸ ਦੀਆਂ ਓਲੰਪਿਕ ਖੇਡਾਂ 'ਚ 400 ਮੀਟਰ ਹਰਡਲਜ਼ ਦੌੜ ਦੌੜਨ ਦਾ ਮਨ ਬਣਾ ਲਿਆ ਸੀ। ਓਲੰਪਿਕ ਖੇਡਾਂ ਲਈ ਜਦੋਂ ਨਵੀਂ ਦਿੱਲੀ 'ਚ ਟਰਾਇਲ ਹੋਏ ਤਾਂ ਉਸ ਨੇ 400 ਮੀਟਰ ਹਰਡਲਜ਼ ਦੌੜ ਵਿਚ ਏਸ਼ੀਆ ਦੀ ਤੱਤਕਾਲੀ ਚੈਂਪੀਅਨ ਐੱਮ.ਡੀ. ਵਾਲਸੰਮਾ ਨੂੰ ਹਰਾ ਕੇ ਆਪਣੀ ਥਾਂ ਪੱਕੀ ਕਰ ਲਈ। ਪ੍ਰੀ ਓਲੰਪਿਕ ਟਰਾਇਲਾਂ ਵਿਚ ਉਸ ਨੇ 55.7 ਸੈਕੰਡ ਦੇ ਸਮੇਂ ਨਾਲ ਅਮਰੀਕਾ ਦੀ ਜੂਡੀ ਬਰਾਊਨ ਨੂੰ ਹਰਾ ਦਿੱਤਾ।

ਓਲੰਪਿਕ ਖੇਡਾਂ ਦੇ ਮੁਕਾਬਲੇ ਸ਼ੁਰੂ ਹੋਏ ਤਾਂ ਉਹ 400 ਮੀਟਰ ਹਰਡਲਜ਼ ਦੌੜ ਦੀਆਂ ਹੀਟਾਂ 56.81 ਸੈਕੰਡ 'ਚ ਲਾ ਕੇ ਸੈਮੀ ਫਾਈਨਲ ਵਿਚ ਪੁੱਜ ਗਈ। ਸੈਮੀ ਫਾਈਨਲ ਦੌੜ ਵਿਚ ਉਸ ਨੇ 55.94 ਸੈਕੰਡ ਸਮਾਂ ਲਿਆ ਤੇ ਫਾਈਨਲ 'ਚ ਪੁੱਜ ਗਈ। 55.94 ਸੈਕੰਡ ਸਮੇਂ ਨਾਲ ਕਾਮਨਵੈਲਥ ਖੇਡਾਂ ਦਾ ਰਿਕਾਰਡ ਵੀ ਨਵਿਆਇਆ ਗਿਆ। ਭਾਰਤੀਆਂ ਨੂੰ ਪੱਕੀ ਆਸ ਬੱਝ ਗਈ ਕਿ ਊਸ਼ਾ ਓਲੰਪਿਕ ਖੇਡਾਂ ਦਾ ਮੈਡਲ ਜ਼ਰੂਰ ਜਿੱਤ ਜਾਵੇਗੀ। ਉਦੋਂ ਉਹਦੀ ਉਮਰ ਮਹਿਜ਼ 20 ਸਾਲਾਂ ਦੀ ਸੀ।

400 ਮੀਟਰ ਹਰਡਲਜ਼ ਦੀ ਫਾਈਨਲ ਦੌੜ ਸ਼ੁਰੂ ਕਰਨ ਦਾ ਸਟਾਰਟਿੰਗ ਫਾਇਰ ਹੋਇਆ ਤਾਂ ਕਿਸੇ ਹੋਰ ਮੁਲਕ ਦੀ ਦੌੜਾਕ ਦਾ ਫਾਊਲ ਹੋ ਗਿਆ। ਪੀਟੀ ਊਸ਼ਾ ਸਹੀ ਸਟਾਰਟ ਨਾਲ ਲੀਡ ਲੈ ਚੁੱਕੀ ਸੀ। ਉਸ ਨੂੰ ਮਜਬੂਰੀ ਵੱਸ ਦੁਬਾਰਾ ਸਟਾਰਟਿੰਗ ਲਾਈਨ 'ਤੇ ਆਉਣਾ ਪਿਆ। ਦੌੜ ਦੁਬਾਰਾ ਸ਼ੁਰੂ ਹੋਈ ਤਾਂ ਮਾੜੀ ਕਿਸਮਤ ਨੂੰ ਉਹਦਾ ਸਟਾਰਟ ਪਹਿਲੇ ਸਟਾਰਟ ਨਾਲੋਂ ਰਤਾ ਮੱਠਾ ਰਿਹਾ। ਪਹਿਲੀ ਹਰਡਲ ਟੱਪਦਿਆਂ ਉਹ ਸੱਤਵੇਂ ਥਾਂ ਸੀ। ਅਗਲੀਆਂ ਹਰਡਲਾਂ 'ਚ ਉਹ ਅੱਗੇ ਵਧਣ ਲੱਗੀ। ਆਖ਼ਰੀ ਹਰਡਲ ਟੱਪਦਿਆਂ ਉਹ ਚੌਥੇ ਥਾਂ ਪੁੱਜ ਗਈ ਤੇ ਦੌੜ ਦਾ ਅੰਤ ਕਰਦਿਆਂ ਇੰਜ ਲੱਗਾ ਜਿਵੇਂ ਤੀਜੇ ਸਥਾਨ 'ਤੇ ਆ ਗਈ ਹੋਵੇ ਤੇ ਬ੍ਰੌਂਜ਼ ਮੈਡਲ ਜਿੱਤ ਗਈ ਹੋਵੇ। ਪਰ ਫੋਟੋ ਫਨਿਸ਼ ਦੀ ਘੋਖ ਮਗਰੋਂ ਜੋ ਨਤੀਜਾ ਐਲਾਨਿਆ ਗਿਆ ਊਸ਼ਾ ਚੌਥੇ ਸਥਾਨ 'ਤੇ ਆਈ। ਫੋਟੋ ਫਨਿਸ਼ ਦਾ ਨਿਰੀਖਣ ਹੋਇਆ ਤਾਂ ਤੀਜਾ ਸਥਾਨ ਲੈਣ ਵਾਲੀ ਦੌੜਾਕ ਉਹਤੋਂ ਨੌਂਹ ਕੁ ਭਰ ਅੱਗੇ ਨਿਕਲੀ। ਦੋਹਾਂ ਦੇ ਟਾਈਮ ਵਿਚ ਕੇਵਲ ਸਕਿੰਟ ਦੇ ਸੌਵੇਂ ਭਾਗ ਦਾ ਘਾਟਾ ਵਾਧਾ ਸੀ।

ਬਾਕੀ ਹਿਸਾ ਸਫ਼ਾ 68 ਤੇ ਪੜ੍ਹੋ

67 ਸਫ਼ੇ ਦੀ ਬਾਕੀ

ਇੰਜ ਹੀ ਮਿਲਖਾ ਸਿੰਘ ਨਾਲ ਹੋਇਆ ਸੀ। ਉਹ ਵੀ 400 ਮੀਟਰ ਦੌੜ 'ਚ ਚੌਥੇ ਸਥਾਨ 'ਤੇ ਰਿਹਾ ਸੀ। ਉਹਦਾ ਸਮਾਂ 45.6 ਸੈਕੰਡ ਸੀ ਜਦ ਕਿ ਬ੍ਰੌਂਜ਼ ਮੈਡਲ ਜਿੱਤਣ ਵਾਲੇ ਦਾ 45.5 ਸੈਕੰਡ। ਇਹ ਵਰਣਨਯੋਗ ਹੈ ਜਿਵੇਂ ਮਿਲਖਾ ਸਿੰਘ ਦਾ ਨੈਸ਼ਨਲ ਰਿਕਾਰਡ ਚਾਰ ਦਹਾਕੇ ਉਹਦੇ ਨਾਂ ਖੜ੍ਹਾ ਰਿਹਾ ਉਵੇਂ ਪੀਟੀ ਊਸ਼ਾ ਦਾ ਕੌਮੀ ਰਿਕਾਰਡ ਵੀ ਉਹਦੇ ਨਾਂ ਖੜ੍ਹਾ ਹੈ।

1951 ਤੋਂ ਸ਼ੁਰੂ ਹੋਈਆਂ ਏਸ਼ਿਆਈ ਖੇਡਾਂ 'ਚੋਂ ਕਦੇ ਵੀ ਕਿਸੇ ਔਰਤ ਅਥਲੀਟ ਨੇ ਓਨੀਆਂ ਜਿੱਤਾਂ ਨਹੀਂ ਸਨ ਜਿੱਤੀਆਂ ਜਿੰਨੀਆਂ ਪੀਟੀ ਊਸ਼ਾ ਨੇ ਜਿੱਤੀਆਂ। ਸਿਓਲ-1986 ਦੀਆਂ ਏਸ਼ਿਆਈ ਖੇਡਾਂ 'ਚੋਂ ਉਸ ਨੇ 1 ਸਿਲਵਰ ਮੈਡਲ ਤੇ 4 ਗੋਲਡ ਮੈਡਲ ਜਿੱਤੇ ਜੋ ਅਜੇ ਤਕ ਆਪਣੀ ਤਰ੍ਹਾਂ ਦਾ ਰਿਕਾਰਡ ਹੈ। ਉਸ ਦੀ ਵਡਿਆਈ ਓਲੰਪਿਕ ਖੇਡਾਂ 'ਚ ਤਿੰਨ ਵਾਰ ਭਾਗ ਲੈਣ ਵਿਚ ਵੀ ਹੈ। ਮਾਸਕੋ-1980 ਦੀਆਂ ਓਲੰਪਿਕ ਖੇਡਾਂ ਸਮੇਂ ਬੇਸ਼ਕ ਉਹ 16 ਸਾਲਾਂ ਦੀ ਸੀ ਫਿਰ ਵੀ ਉਸ ਨੇ ਕਾਫੀ ਚੰਗੀ ਕਾਰਗੁਜ਼ਾਰੀ ਵਿਖਾਈ। ਸਿੱਟੇ ਵਜੋਂ ਉਹ ਓਲੰਪਿਕ ਖੇਡਾਂ ਦਾ ਲੋੜੀਂਦਾ ਤਜਰਬਾ ਹਾਸਲ ਕਰ ਕੇ ਅਗਲੀਆਂ ਓਲੰਪਿਕ ਖੇਡਾਂ ਦੀ ਤਿਆਰੀ ਵਿਚ ਜੁੱਟ ਗਈ।

ਏਸ਼ਿਆਈ ਖੇਡਾਂ ਵਿਚ ਉਸ ਦੀ ਕਾਰਗੁਜ਼ਾਰੀ ਨੂੰ ਮੁੱਖ ਰੱਖਦਿਆਂ 1983 ਵਿਚ ਭਾਰਤ ਸਰਕਾਰ ਵੱਲੋਂ ਉਸ ਨੂੰ ਅਰਜਨਾ ਅਵਾਰਡ ਦਿੱਤਾ ਗਿਆ ਤੇ ਲਾਸ ਏਂਜਲਸ ਦੀਆਂ ਓਲੰਪਿਕ ਖੇਡਾਂ ਪਿੱਛੋਂ 1985 'ਚ ਪਦਮ ਸ਼੍ਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਇਨ੍ਹਾਂ ਪ੍ਰਾਪਤੀਆਂ ਤੋਂ ਇਲਾਵਾ 1984, 1985, 1986, 1987 ਤੇ 1989 ਵਿਚ ਉਸ ਨੂੰ ਏਸ਼ੀਆ ਮਹਾਂਦੀਪ ਦੀ ਸਰਬੋਤਮ ਅਥਲੀਟ ਚੁਣੀ ਜਾਣ ਦਾ ਮਾਣ ਵੀ ਮਿਲਿਆ। 1985-86 'ਚ ਪੀਟੀ ਊਸ਼ਾ ਨੂੰ ਵਰਲਡ ਟ੍ਰਾਫੀ ਨਾਲ ਸਨਮਾਨਿਆ ਗਿਆ। ਡਾਇਰੈਕਟਰ ਚਿਰਾਗ ਪਟੇਲ ਦੇ ਯਤਨਾਂ ਸਦਕਾ 2012 ਵਿਚ ਤਿਆਰ ਕੀਤੀ ਗਈ ਸਪੀਡ ਸਟਾਰ ਦੀ ਧਾਰਨਾ ਅਨੁਸਾਰ ਪੀਟੀ ਊਸ਼ਾ ਹੁਣ ਉਸ ਦੀ ਬ੍ਰਾਂਡ ਅੰਬੈਸਡਰ ਹੈ। ਉਸ ਨੂੰ ਭਾਰਤੀ ਟ੍ਰੈਕ ਐਂਡ ਫੀਲਡ ਦੀ ਮਹਾਰਾਣੀ ਦਾ ਖ਼ਿਤਾਬ ਵੀ ਮਿਲ ਚੁੱਕਾ ਹੈ। 1979 ਤੋਂ ਹੀ ਉਹ ਕਿਸੇ ਨਾ ਕਿਸੇ ਰੂਪ ਵਿਚ ਭਾਰਤ ਦੀਆਂ ਅਥਲੈਟਿਕਸ ਮੀਟਾਂ ਨਾਲ ਜੁੜੀ ਆ ਰਹੀ ਹੈ।

ਜੁਲਾਈ 2022 'ਚ ਉਸ ਨੂੰ ਰਾਜ ਸਭਾ ਦੀ ਮੈਂਬਰ ਨਾਮਜ਼ਦ ਕੀਤਾ ਗਿਆ ਤੇ ਦਸੰਬਰ 2022 ਵਿਚ ਸਰਬ ਸੰਮਤੀ ਨਾਲ ਭਾਰਤੀ ਓਲੰਪਿਕ ਸੰਘ ਦੀ ਪ੍ਰਧਾਨ ਚੁਣਿਆ ਗਿਆ। ਉਹ ਬੇਸ਼ਕ 2003 'ਚ ਸਰਗਰਮ ਦੌੜਾਂ ਤੋਂ ਰਿਟਾਇਰ ਹੋ ਗਈ ਪਰ ਖੇਡਾਂ ਦੀ ਪ੍ਰਮੋਸ਼ਨ ਲਈ ਅਜੇ ਵੀ ਜੁਝ ਰਹੀ ਹੈ। ਉਸ ਦਾ ਵਿਆਹ 1991 ਵਿਚ ਵੀ. ਸ੍ਰੀਨਿਵਾਸਨ ਨਾਲ ਹੋਇਆ ਜੋ ਸੈਂਟਰਲ ਇੰਡਸਟਰੀਅਲ ਸਕਿਉਰਟੀ ਫੋਰਸ ਵਿਚ ਇੰਸਪੈਕਟਰ ਸਨ। ਉਹ ਕਾਫੀ ਪੜ੍ਹੇ ਲਿਖੇ ਹਨ। ਊਸ਼ਾ ਨੇ ਆਪਣੀ ਉਚੇਰੀ ਪੜ੍ਹਾਈ ਪ੍ਰਾਵੀਡੈਂਟ ਵੋਮੈਨ ਕਾਲਜ ਕੋਜ਼ੀਕੋਡੇ ਤੋਂ ਕੀਤੀ ਸੀ। ਉਨ੍ਹਾਂ ਦੇ ਦੋ ਬੱਚੇ ਹਨ, ਵਿਗਨੇਸ਼ ਉੱਜਵਲ ਤੇ ਉੱਜਵਲ ਸ੍ਰੀਨਿਵਾਸਨ।

ਪੀਟੀ ਊਸ਼ਾ ਨੇ ਆਪਣੀ ਸਵੈਜੀਵਨੀ ਪ੍ਰਕਾਸ਼ਿਤ ਕਰਵਾਈ ਹੈ ਜਿਸ ਦਾ ਨਾਂ 'ਗੋਲਡਨ ਗਰਲ: ਦੀ ਆਟੋਗ੍ਰਾਫੀ ਆਫ਼ ਪੀ.ਟੀ. ਊਸ਼ਾ' ਹੈ। ਇਹ ਪੁਸਤਕ ਉਹਦਾ ਜੀਵਨ ਦਰਪਨ ਹੈ ਜਿਸ ਤੋਂ ਨਵੀਂ ਪੀੜ੍ਹੀ ਦੇ ਖਿਡਾਰੀ ਬਹੁਤ ਕੁਝ ਸਿੱਖ ਸਕਦੇ ਹਨ। ਉਸ ਨੂੰ ਕਨੂਰ ਯੂਨੀਵਰਸਿਟੀ ਵੱਲੋਂ ਆਨਰੇਰੀ ਡੀ. ਲਿੱਟ, ਆਈਆਈਟੀ ਕਾਨਪੁਰ ਵੱਲੋਂ ਆਨਰੇਰੀ ਡੀ. ਸਾਇੰਸ, ਯੂਨੀਵਰਸਿਟੀ ਆਫ਼ ਕਾਲੀਕਟ ਵੱਲੋਂ ਆਨਰੇਰੀ ਡੀ. ਲਿੱਟ ਅਤੇ ਸੈਂਟਰਲ ਯੂਨੀਵਰਸਿਟੀ ਆਫ਼ ਕੇਰਲਾ ਵੱਲੋਂ ਡਾਕਟਰ ਆਫ਼ ਲਿੱਟਰੇਚਰ ਦੀਆਂ ਆਨਰੇਰੀ ਡਿਗਰੀਆਂ ਨਾਲ ਨਿਵਾਜਿਆ ਗਿਆ ਹੈ। 'ਪਿਓਲੀ ਐਕਸਪ੍ਰੈੱਸ ਕਹੀ ਜਾਂਦੀ ਪੀਟੀ ਊਸ਼ਾ ਭਾਰਤ ਦੀ 'ਸਪੋਰਟਸ ਲੀਜੈਂਡ ਹੈ ਜਿਸ ਦੀਆਂ ਬਾਤਾਂ ਲੰਮੇ ਸਮੇਂ ਤੱਕ ਪੈਂਦੀਆਂ ਰਹਿਣਗੀਆਂ।

******

## ਮਿੰਨੀ ਕਹਾਣੀ / ਫੈਸਲਾ

ਤਿੰਨ ਮਹੀਨੇ ਪਹਿਲਾਂ ਮਨਵੀਰ ਦੇ ਵੱਡੇ ਭਰਾ ਦੀ ਵੱਡੀ ਕੁੜੀ ਅਤੇ ਉਸ ਦੇ ਚਾਚੇ ਦੀ ਨੂੰਹ ਆਪਸ ਵਿੱਚ ਝਗੜ ਪਈਆਂ ਸਨ। ਝਗੜਾ ਏਨਾ ਵੱਧ ਗਿਆ ਸੀ ਕਿ ਇੱਕ ਦੂਜੇ ਨੂੰ ਕਦੇ ਨਾ ਬੁਲਾਉਣ ਦੀ ਨੌਬਤ ਆ ਗਈ ਸੀ। ਕੁੱਝ ਦਿਨ ਪਹਿਲਾਂ ਮਨਵੀਰ ਦੀ ਮਾਤਾ ਜੀ ਕੁੱਝ ਸਮਾਂ ਬੀਮਾਰ ਰਹਿਣ ਪਿੱਛੋਂ ਪੂਰੇ ਹੋ ਗਏ ਸਨ। ਅੱਜ ਉਨ੍ਹਾਂ ਦੀ ਅੰਤਮ ਅਰਦਾਸ ਲਈ ਘਰ ਵਿੱਚ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਕਰਵਾਇਆ ਜਾਣਾ ਸੀ। ਉਹ ਆਪਣੇ ਚਾਚੇ ਦੇ ਘਰ ਗਿਆ ਤੇ ਆਖਿਆ, ''ਅੱਜ ਮਾਤਾ ਜੀ ਦੀ ਅੰਤਮ ਅਰਦਾਸ ਲਈ ਘਰ 'ਚ ਅਸੀਂ ਸੁਖਮਨੀ ਸਾਹਿਬ ਦਾ ਪਾਠ ਕਰਵਾਣਾ ਆਂ। ਤੁਸੀਂ ਗਿਆਰਾਂ ਕੁ ਵਜੇ ਘਰ ਪਹੁੰਚ ਜਾਇਓ।''

''ਪਾਠ 'ਚ ਮੈਂ ਪਹੁੰਚ ਤਾਂ ਜਾਊਂਗਾ, ਪਰ ਮੇਰੀ ਇੱਕ ਸ਼ਰਤ ਆ।'' ਚਾਚੇ ਨੇ ਆਖਿਆ।


''ਉਹ ਕਿਹੜੀ ?'' ਉਸ ਨੇ ਹੈਰਾਨੀ ਨਾਲ ਪੁੱਛਿਆ।

''ਪਹਿਲਾਂ ਆਪਣੇ ਵੱਡੇ ਭਰਾ ਨੂੰ ਪਾਠ 'ਚ ਸ਼ਾਮਲ ਹੋਣ ਤੋਂ ਰੋਕੋ।''

''ਵੇਖੋ ਚਾਚਾ ਜੀ, ਅਸੀਂ ਤਿੰਨੇ ਭਰਾਵਾਂ ਨੇ ਇਹ ਫੈਸਲਾ ਕੀਤਾ ਹੋਇਐ ਕਿ ਅਸੀਂ ਹਰ ਹਾਲਤ 'ਚ ਕੱਠੇ ਰਹਾਂਗੇ, ਚਾਹੇ ਕੁੱਝ ਵੀ ਹੋਵੇ। ਹੁਣ ਤੁਸੀਂ ਹੀ ਦੱਸੋ, ਮੈਂ ਆਪਣੇ ਤਿੰਨਾਂ ਭਰਾਵਾਂ ਦੇ ਫੈਸਲੇ ਨੂੰ ਕਿੱਦਾਂ ਨਾ ਮੰਨਾਂ ?''

''ਫੇਰ ਮੈਂ ਪਾਠ 'ਚ ਨਹੀਂ ਆ ਸਕਦਾ।''

'''ਜਿਵੇਂ ਤੁਹਾਡੀ ਮਰਜ਼ੀ,'' ਕਹਿ ਕੇ ਉਹ ਚਾਚੇ ਦੇ ਘਰ ਤੋਂ ਬਾਹਰ ਆ ਗਿਆ, ਪਰ ਉਸ ਦੇ ਮਨ ਨੂੰ ਇਹ ਤਸੱਲੀ ਸੀ ਕਿ ਉਸ ਨੇ ਆਪਣੇ ਤਿੰਨਾਂ ਭਰਾਵਾਂ ਦੇ ਫੈਸਲੇ ਨੂੰ ਆਂਚ ਨਹੀਂ ਆਣ ਦਿੱਤੀ।



ਮਹਿੰਦਰ ਸਿੰਘ ਮਾਨ
ਕੈਨਾਲ ਰੋਡ, ਸਾਮ੍ਹਣੇ ਅੰਗਦ ਸਿੰਘ ਐੱਮ ਐੱਲ ਏ ਹਾਊਸ
ਨਵਾਂ ਸ਼ਹਿਰ-144514 ਫੋਨ 9915803554

# ਮਨੁੱਖੀ ਮਨ ਅਤੇ ਸਮਾਜਿਕ ਸਰੋਕਾਰਾਂ ਦੀ ਬਾਤ ਪਾਉਂਦੀ ਪੁਸਤਕ: 'ਮਨ ਵਣਜਾਰਾ'

## ਕਿਤਾਬ ਰੀਵਿਊ



ਗੁਰਪ੍ਰੀਤ ਸਿੰਘ ਬਿਲਿੰਗ
ਮੋਬਾਇਲ : 75086-98066
Email; gurpreetnews@gmail.com

ਲੇਖਿਕਾ ਸੁਰਿੰਦਰ ਅਤੈ ਸਿੰਘ ਦੁਆਰਾ ਲਿਖੀ ਪੁਸਤਕ 'ਮਨ ਵਣਜਾਰਾ' ਮਨੁੱਖੀ ਮਾਨਸਿਕਤਾ, ਬਦਲਦੇ ਸਮਾਜਿਕ ਮੁੱਲਾਂ ਅਤੇ ਪੰਜਾਬੀ ਜੀਵਨ-ਜੁਗਤ ਦੇ ਵਿਭਿੰਨ ਪਾਸਾਰਾਂ ਨੂੰ ਫਰੋਲਦੀ ਇੱਕ ਮਹੱਤਵਪੂਰਨ ਰਚਨਾ ਹੈ। ਕਿਤਾਬ ਦੇ ਸਿਰਲੇਖ ਤੋਂ ਹੀ ਸਪਸ਼ਟ ਹੁੰਦਾ ਹੈ ਕਿ ਇਹ ਮਨ ਦੀ ਉਸ ਅਵਸਥਾ ਦੀ ਗੱਲ ਕਰਦੀ ਹੈ ਜੋ ਲਗਾਤਾਰ ਭਟਕਣਾ ਵਿੱਚ ਹੈ ਅਤੇ ਜ਼ਿੰਦਗੀ ਦੇ ਤਜ਼ਰਬਿਆਂ ਦਾ ਵਣਜ ਕਰ ਰਹੀ ਹੈ।

ਕਿਤਾਬ ਦੇ ਤਤਕਰੇ 'ਤੇ ਨਜ਼ਰ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਲੇਖਿਕਾ ਨੇ ਬਹੁਤ ਹੀ ਸੰਵੇਦਨਸ਼ੀਲ ਅਤੇ ਮਾਨਵੀ ਵਿਸ਼ਿਆਂ ਨੂੰ ਛੋਹਿਆ ਹੈ। 'ਪੰਜ ਪਾਣੀਆਂ ਦੀ ਧਰਤ ਤਿਹਾਈ', 'ਮਨਾਂ ਵਿਚਲੀ ਕਾਹਲ', 'ਬੀਬੀ ਦੇ ਸੱਤ ਦੁਪੱਟੇ' ਅਤੇ 'ਸਮਾਜ ਸੱਭਿਅਕ ਨਹੀਂ' ਵਰਗੇ ਅਧਿਆਏ ਇਹ ਦਰਸਾਉਂਦੇ ਹਨ ਕਿ ਇਹ ਪੁਸਤਕ ਸਿਰਫ਼ ਸਤਹੀ ਗੱਲਾਂ ਨਹੀਂ ਕਰਦੀ, ਸਗੋਂ ਸਮਾਜ ਦੀਆਂ ਡੂੰਘੀਆਂ ਪਰਤਾਂ ਨੂੰ ਵੀ ਉਘੇੜਦੀ ਹੈ। ਲੇਖਿਕਾ ਨੇ ਮਨੁੱਖੀ ਮਨ ਨੂੰ ਕਾਬੂ ਕਰਨ ਦੀ ਕੋਸ਼ਿਸ਼ ਅਤੇ ਇਸ ਦੀ ਅਸਥਿਰਤਾ ਨੂੰ ਬਹੁਤ ਖੂਬਸੂਰਤ ਢੰਗ ਨਾਲ ਬਿਆਨ ਕੀਤਾ ਹੈ। ਖ਼ਾਸ ਕਰਕੇ 'ਮਨ ਵਣਜ ਕਰੇਂਦਾ' ਵਾਲਾ ਹਿੱਸਾ ਪਾਠਕ ਨੂੰ ਅੰਤਰ-ਝਾਤ ਮਾਰਨ ਲਈ ਮਜਬੂਰ ਕਰਦਾ ਹੈ।




ਇਸ ਰਚਨਾ ਵਿੱਚ ਅਜੋਕੇ ਦੌਰ ਦੀ ਭੱਜ-ਦੌੜ, ਰਿਸ਼ਤਿਆਂ ਵਿੱਚ ਆ ਰਹੀ ਗਿਰਾਵਟ ਅਤੇ ਪਦਾਰਥਵਾਦੀ ਸੋਚ 'ਤੇ ਕਰਾਰੀ ਚੋਟ ਕੀਤੀ ਗਈ ਹੈ। ਅਧਿਆਏ 'ਸਮਾਜ ਸੱਭਿਅਕ ਨਹੀਂ' ਵਿੱਚ 1947 ਦੀ ਵੰਡ ਅਤੇ ਉਸ ਦੌਰਾਨ ਮਨੁੱਖੀ ਸੰਵੇਦਨਾਵਾਂ ਦੇ ਹੋਏ ਘਾਣ ਨੂੰ ਬਹੁਤ ਹੀ ਬਾਰੀਕੀ ਨਾਲ ਚਿਤਰਿਆ ਗਿਆ ਹੈ। ਲੇਖਿਕਾ ਸਵਾਲ ਕਰਦੀ ਹੈ ਕਿ ਜਦੋਂ ਆਪਣੇ ਹੀ ਗੁਆਂਢੀ ਤੇ ਸਾਂਝੇ ਚੁੱਲ੍ਹਿਆਂ ਵਾਲੇ ਲੋਕ ਇੱਕ-ਦੂਜੇ ਦੇ ਖੂਨ ਦੇ ਪਿਆਸੇ ਹੋ ਗਏ ਸਨ, ਤਾਂ ਕੀ ਅਸੀਂ ਅੱਜ ਵੀ ਆਪਣੇ-ਆਪ ਨੂੰ ਸੱਭਿਅਕ ਕਹਿਣ ਦੇ ਹੱਕਦਾਰ ਹਾਂ ? ਇਸੇ ਤਰ੍ਹਾਂ ਪੰਜਾਬ ਦੇ ਸ਼ਾਂਤ ਵਗਦੇ ਦਰਿਆਵਾਂ ਵਿੱਚ ਘੋਲੀ ਗਈ ਨਫ਼ਰਤ ਅਤੇ 1984 ਦੇ ਦੁਖਾਂਤ ਦਾ ਜ਼ਿਕਰ ਕਰਦਿਆਂ ਪੰਜਾਬੀ ਮਾਨਸਿਕਤਾ 'ਤੇ ਪਏ ਡੂੰਘੇ ਪ੍ਰਭਾਵਾਂ ਨੂੰ ਬਹੁਤ ਹੀ ਦਰਦਨਾਕ ਅਤੇ ਯਥਾਰਥਕ ਢੰਗ ਨਾਲ ਪੇਸ਼ ਕੀਤਾ ਗਿਆ ਹੈ।

ਲੇਖਿਕਾ ਨੇ ਅਜੋਕੇ ਦੌਰ ਦੀ ਉਸ ਕੋੜੀ ਸੱਚਾਈ ਨੂੰ ਵੀ ਉਜਾਗਰ ਕੀਤਾ ਹੈ ਕਿ ਕਿਵੇਂ ਅੱਜ ਸਾਡੇ ਘਰਾਂ ਵਿੱਚ 'ਆਏ-ਗਏ ਦੀ ਮਹਿਮਾ' ਸਿਰਫ਼ ਇੱਕ ਰਸਮ ਬਣ ਕੇ ਰਹਿ ਗਈ ਹੈ। ਕੈਨੇਡਾ ਵਰਗੇ ਮੁਲਕਾਂ ਦਾ ਹਵਾਲਾ ਦਿੰਦਿਆਂ ਉਹ ਦੱਸਦੀ ਹੈ ਕਿ ਮਸ਼ੀਨੀ ਯੁੱਗ ਨੇ ਮਨੁੱਖੀ ਮਨਾਂ ਵਿੱਚੋਂ ਉਹ ਨਿੱਘ ਅਤੇ ਸਾਂਝ ਖਤਮ ਕਰ ਦਿੱਤੀ ਹੈ, ਜਿਸ ਲਈ ਪੰਜਾਬੀ ਜਾਣੇ ਜਾਂਦੇ ਸਨ।

ਪੁਸਤਕ : ਮਨ ਵਣਜਾਰਾ
ਲੇਖਿਕਾ : ਸੁਰਿੰਦਰ ਅਤੈ ਸਿੰਘ
ਪ੍ਰਕਾਸ਼ਕ : ਯੂਨੀਸਟਾਰ ਬੁੱਕਸ, ਚੰਡੀਗੜ੍ਹ
ਕੀਮਤ : 250 ਰੁਪਏ । ਪੰਨੇ: 154

ਪੰਜਾਬ ਦੇ ਪਾਣੀਆਂ ਦਾ ਮੁੱਦਾ ਹੋਵੇ ਜਾਂ ਪਿੰਡਾਂ ਦੀ ਬਦਲਦੀ ਨੁਹਾਰ, ਉਹ ਆਪਣੀਆਂ ਜੜ੍ਹਾਂ ਨਾਲ ਜੁੜੇ ਰਹਿਣ ਦੀ ਵਕਾਲਤ ਕਰਦੀ ਹੈ। 'ਬੀਬੀ ਦੇ ਸੱਤ ਦੁਪੱਟੇ' ਵਰਗੇ ਲੇਖ ਪੁਰਾਤਨ ਸਾਦਗੀ ਅਤੇ ਮਰਯਾਦਾ ਨੂੰ ਅਜੋਕੇ ਫੈਸ਼ਨ ਪ੍ਰਸਤੀ ਦੇ ਦੌਰ ਦੇ ਸਾਹਮਣੇ ਰੱਖ ਕੇ ਇੱਕ ਵੱਡਾ ਤੁਲਨਾਤਮਕ ਅਧਿਐਨ ਪੇਸ਼ ਕਰਦੇ ਹਨ।

ਪੁਸਤਕ ਦੀ ਭਾਸ਼ਾ ਬਹੁਤ ਹੀ ਸਰਲ, ਪ੍ਰਭਾਵਸ਼ਾਲੀ ਅਤੇ ਮਨੁੱਖ-ਕੇਂਦਰਿਤ ਹੈ। ਗੁੰਝਲਦਾਰ ਮਨੋਵਿਗਿਆਨਕ ਤੱਥਾਂ ਨੂੰ ਆਮ ਪਾਠਕ ਦੀ ਸਮਝ ਅਨੁਸਾਰ ਪੇਸ਼ ਕਰਨਾ ਇਸ ਲਿਖਤ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ।

ਕੁੱਲ ਮਿਲਾ ਕੇ, 'ਮਨ ਵਣਜਾਰਾ' ਸਿਰਫ਼ ਪੜ੍ਹਨ ਵਾਲੀ ਕਿਤਾਬ ਨਹੀਂ, ਸਗੋਂ ਮਹਿਸੂਸ ਕਰਨ ਵਾਲੀ ਰਚਨਾ ਹੈ ਜੋ ਪੰਜਾਬੀ ਸਾਹਿਤ ਵਿੱਚ ਮਨੋਵਿਗਿਆਨਕ ਅਤੇ ਸਮਾਜਿਕ ਵਿਸ਼ਲੇਸ਼ਣ ਦਾ ਇੱਕ ਨਵਾਂ ਅਧਿਆਏ ਜੋੜਦੀ ਹੈ। ਇਹ ਸਾਡੀਆਂ ਇੱਛਾਵਾਂ, ਪੀੜਾਂ ਅਤੇ ਭਟਕਣਾਵਾਂ ਦਾ ਇੱਕ ਅਜਿਹਾ ਆਈਨਾ ਹੈ, ਜੋ ਪਾਠਕ ਨੂੰ ਇਹ ਸਮਝਾਉਂਦਾ ਹੈ ਕਿ ਬਾਹਰੀ ਦੁਨੀਆ ਨੂੰ ਜਿੱਤਣ ਤੋਂ ਪਹਿਲਾਂ ਆਪਣੇ ਮਨ ਦੇ ਵਣਜਾਰੇ ਨੂੰ ਸਮਝਣਾ ਬੇਹੱਦ ਜ਼ਰੂਰੀ ਹੈ। ਇਹ ਪੁਸਤਕ ਉਹਨਾਂ ਪਾਠਕਾਂ ਲਈ ਇੱਕ ਬੇਸ਼ਕੀਮਤੀ ਤੋਹਫ਼ਾ ਹੈ ਜੋ ਅਜੋਕੇ ਮਸ਼ੀਨੀ ਯੁੱਗ ਵਿੱਚ ਮਨ ਦੀ ਸ਼ਾਂਤੀ ਅਤੇ ਸਮਾਜਿਕ ਸਰੋਕਾਰਾਂ ਦੀ ਭਾਲ ਵਿੱਚ ਹਨ।

ਵਿਸ਼ਵ ਦੇ ਮਹਾਨ ਖਿਡਾਰੀ

ਪ੍ਰਿੰ. ਸਰਵਣ ਸਿੰਘ

# ਫਗਵਾੜੇ ਦਾ ਮਾਣ ਫੁੱਟਬਾਲਰ ਇੰਦਰ ਸਿੰਘ



ਇੰਦਰ ਸਿੰਘ ਨੂੰ ਪੰਜਾਬ ਦਾ ਪੇਲੇ ਕਿਹਾ ਜਾਂਦਾ ਹੈ। ਉਹ ਭਾਰਤੀ ਫੁੱਟਬਾਲ ਟੀਮ ਦਾ ਕਪਤਾਨ ਤੇ 1967-68 'ਚ ਏਸ਼ੀਅਨ ਆਲ ਸਟਾਰਜ਼ ਇਲੈਵਨ ਦਾ ਮੈਂਬਰ ਰਿਹਾ। 1962 ਤੋਂ 85 ਤਕ ਉਹ ਉੱਚ ਪਾਏ ਦੀ ਫੁੱਟਬਾਲ ਖੇਡਿਆ ਤੇ ਉਹਦੇ ਨਾਂ ਦੀਆਂ ਧੁੰਮਾਂ ਪੈਂਦੀਆਂ ਰਹੀਆਂ। ਉਹਦੀ ਤੇਜ਼ਤਰਾਰ ਖੇਡ ਨੇ ਅਨੇਕ ਕਲੱਬਾਂ ਨੂੰ ਰੰਗਭਾਗ ਲਾਏ। ਉਹਨੂੰ ਬਦੇਸ਼ੀ ਮੁਲਕਾਂ ਤੇ ਕਲੱਬਾਂ ਨੇ ਖੇਡਣ ਦੇ ਬਥੇਰੇ ਲਾਲਚ ਦਿੱਤੇ ਪਰ ਉਸ ਨੇ ਪੰਜਾਬ ਤੇ ਭਾਰਤ ਦੀਆਂ ਕਲੱਬਾਂ ਵੱਲੋਂ ਖੇਡਣ ਨੂੰ ਹੀ ਤਰਜੀਹ ਦਿੱਤੀ। 1962 ਵਿਚ ਉਹ ਲੀਡਰਜ਼ ਕਲੱਬ ਜਲੰਧਰ ਵੱਲੋਂ ਖੇਡਣ ਲੱਗਾ ਸੀ ਤੇ 1985 ਵਿਚ ਫਗਵਾੜੇ ਦੇ ਜੇਸੀਟੀ ਕਲੱਬ ਵੱਲੋਂ ਖੇਡਦਿਆਂ ਰਿਟਾਇਰ ਹੋਇਆ। 2001 ਤੋਂ 2011 ਤਕ ਉਹ ਪੰਜਾਬ ਫੁੱਟਬਾਲ ਐਸੋਸੀਏਸ਼ਨ ਦਾ ਆਨਰੇਰੀ ਸੈਕਟਰੀ ਰਿਹਾ। 2003 ਵਿਚ ਉਸ ਨੂੰ 'ਫਗਵਾੜੇ ਦਾ ਮਾਣ ਅਵਾਰਡ ਨਾਲ ਸਨਮਾਨਿਆ ਗਿਆ। ਹੁਣ ਉਹ ਜੀਵਨ ਦੀ ਸ਼ਾਮ ਆਪਣੇ ਸ਼ਹਿਰ ਫਗਵਾੜੇ ਵਿਚ ਹੀ ਬਿਤਾ ਰਿਹੈ।

ਉਹਦਾ ਜਨਮ 23 ਦਸੰਬਰ 1943 ਨੂੰ ਫਗਵਾੜੇ ਦੇ ਇਕ ਸਾਧਾਰਨ ਕਿਰਤੀ ਪਰਿਵਾਰ ਵਿਚ ਹੋਇਆ ਸੀ। ਉਸ ਨੇ ਵਰ੍ਹਿਆਂ-ਬੱਧੀ ਫੁੱਟਬਾਲ ਖੇਡੀ ਜਿਸ ਦੌਰਾਨ ਸੈਂਕੜੇ ਗੋਲ ਕੀਤੇ। ਉਹ ਫੁੱਟਬਾਲ ਦੀਆਂ ਪ੍ਰਸਿੱਧ ਕਲੱਬਾਂ, ਪੰਜਾਬ ਰਾਜ ਤੇ ਭਾਰਤ ਦੀਆਂ ਟੀਮਾਂ ਦਾ ਕਪਤਾਨ ਵੀ ਰਿਹਾ ਅਤੇ ਮੈਨੇਜਰ ਤੇ ਪ੍ਰਬੰਧਕ ਵੀ। ਉਹਦਾ ਕੱਦ ਕਾਠ ਹਾਕੀ ਦੇ ਬਾਬਾ ਬੋਹੜ ਊਧਮ ਸਿੰਘ ਤੇ ਲੰਮੀਆਂ ਦੌੜਾਂ ਦੇ ਏਸ਼ੀਅਨ ਚੈਂਪੀਅਨ ਹਰੀ ਚੰਦ ਵਾਂਗ ਸਮੱਧਰ ਹੀ ਹੈ। ਉਹਦਾ ਬਚਪਨ ਫਗਵਾੜੇ ਪਲਿਆ, ਜੁਆਨੀ ਵੀ ਫਗਵਾੜੇ ਦੀਆਂ ਜੂਹਾਂ 'ਚ ਮਾਣੀ ਤੇ ਬੁਢਾਪਾ ਵੀ ਫਗਵਾੜੇ 'ਚ ਹੀ ਕੱਟਿਆ ਜਾ ਰਿਹੈ। ਉਹ ਫਗਵਾੜੇ ਦੀ ਸ਼ਾਨ ਹੈ ਤੇ ਪੰਜਾਬ ਦਾ ਮਾਣ। ਭਾਰਤ ਸਰਕਾਰ ਨੇ ਉਸ ਨੂੰ ਅਰਜਨਾ ਅਵਾਰਡ ਨਾਲ ਨਿਵਾਜਿਆ ਤੇ ਦਿੱਲੀ ਦੀ ਜਰਨਿਸਲਟ ਯੂਨੀਅਨ ਨੇ 1974 ਦਾ ਸਰਬੋਤਮ ਭਾਰਤੀ ਖਿਡਾਰੀ ਐਲਾਨਿਆ। ਉਹਦੀ ਖੇਡ ਕਲਾਤਮਿਕ ਹੋਣ ਦੇ ਨਾਲ ਏਨੀ ਸਾਫ ਸੁਥਰੀ ਸੀ ਕਿ ਉਹਦੇ ਲੰਮੇ ਖੇਡ ਜੀਵਨ 'ਚ ਇਕ ਵਾਰ ਵੀ ਕਿਸੇ ਰੈਫਰੀ ਨੂੰ ਲਾਲ ਕਾਰਡ ਵਿਖਾਉਣ ਦੀ ਲੋੜ ਨਾ ਪਈ।

ਇੰਦਰ ਸਿੰਘ ਵੇਖਣ ਨੂੰ ਇੰਨਾ ਸਾਦਾ ਬੰਦਾ ਲੱਗਦੈ ਕਿ ਫੁੱਟਬਾਲ ਦੇ ਇਸ ਲਾਸਾਨੀ ਖਿਡਾਰੀ ਨੂੰ ਕੋਈ ਰਾਹ ਖਹਿੜੇ ਮਿਲ ਪਵੇ ਤਾਂ ਯਕੀਨ ਹੀ ਨਾ ਕਰੇ ਕਿ ਇਹ ਵੀ ਕੋਈ ਖਿਡਾਰੀ ਐ! ਐਨ ਉਵੇਂ ਜਿਵੇਂ ਏਸ਼ੀਆਈ ਖੇਡਾਂ ਦੇ ਦੋ ਗੋਲਡ ਮੈਡਲ ਜਿੱਤਣ ਵਾਲੇ ਦੌੜਾਕ ਹਰੀ ਚੰਦ ਨੂੰ ਕੋਈ ਅਥਲੀਟ ਨਹੀਂ ਸੀ ਮੰਨਦਾ ਉਵੇਂ ਕੋਈ ਇੰਦਰ ਸਿੰਘ ਨੂੰ ਜਰਨੈਲ ਸਿੰਘ ਜਾਂ ਗੁਰਦੇਵ ਸਿੰਘ ਗਿੱਲ ਵਾਂਗ ਰੋਅਬ ਦਾਅਬ ਵਾਲਾ ਫੁੱਟਬਾਲਰ ਨਹੀਂ ਸਮਝਦਾ। ਇਹੋ ਕਾਰਨ ਸੀ ਕਿ ਰੇਲ ਗੱਡੀ ਦਾ ਸਫ਼ਰ ਕਰਦਿਆਂ ਉਸ ਨੂੰ ਬਹਿਣ ਲਈ ਕੋਈ ਥਾਂ ਵੀ ਨਹੀਂ ਸੀ ਛੱਡਦਾ। ਹੈਰਾਨੀ ਦੀ ਗੱਲ ਹੈ ਕਿ ਸਮੱਧਰ ਕੱਦ ਦੇ ਇੰਦਰ ਸਿੰਘ ਨੇ ਵੱਡੇ ਕੱਦਾਵਰ ਖਿਡਾਰੀਆਂ ਨੂੰ ਵਾਹਣੀਂ ਪਾਈ ਰੱਖਿਆ!



ਉਹਦੇ ਗੁਆਂਢੀ ਦੱਸਦੇ ਸਨ ਕਿ ਉਹ ਪੈਰਾਂ ਨਾਲ ਗੇਂਦ ਰੇੜ੍ਹਨਾ ਪਹਿਲਾਂ ਸਿੱਖਿਆ ਤੇ ਤੁਰਨਾ ਮਗਰੋਂ। ਜਦੋਂ ਸਕੂਲੇ ਜਾਣ ਲੱਗਾ ਤਾਂ ਉਹ ਬਸਤੇ 'ਚ ਕਾਪੀਆਂ ਕਿਤਾਬਾਂ ਪਿੱਛੋਂ ਪਾਉਂਦਾ, ਬਾਲਾਂ ਪਹਿਲਾਂ। ਸਕੂਲ ਦੇ ਮੈਦਾਨ ਵਿਚ ਉਸ ਨੇ ਸਕੂਲ ਲੱਗਣ ਤੋਂ ਪਹਿਲਾਂ ਵੀ ਬਾਲਾਂ ਨੂੰ ਠੇਡੇ ਮਾਰਦੇ ਫਿਰਨਾ ਤੇ ਸਕੂਲ 'ਚ ਛੁੱਟੀ ਹੋਣ ਤੋਂ ਪਿੱਛੋਂ ਵੀ ਬਾਲ ਮਗਰ ਭੱਜੇ ਫਿਰਨਾ। ਅੱਧੀ ਛੁੱਟੀ ਵੇਲੇ ਵੀ ਤੇ ਸਵੇਰੇ ਸ਼ਾਮੀਂ ਵੀ। ਦੁਪਹਿਰੇ ਧੁੱਪ 'ਚ ਪੈਰ ਤਪ ਜਾਣੇ ਤਾਂ ਹਲਟੀ ਦੇ ਪਾਣੀ ਨਾਲ ਠੰਢੇ ਕਰ ਕੇ ਫਿਰ ਖੇਡਣ 'ਚ ਮਸਤ ਹੋ ਜਾਣਾ। ਸਕੂਲ 'ਚ ਵਧੇਰੇ ਕੁੱਟ ਉਸ ਨੇ ਕਿਤਾਬਾਂ ਨਾ ਪੜ੍ਹਨ ਤੇ ਫੁੱਟਬਾਲ ਵੱਧ ਖੇਡਣ ਦੀ ਖਾਧੀ। ਉਹਦੀ ਕਿਰਤ ਕਮਾਈ ਵੇਖੀਏ ਤਾਂ ਫੁੱਟਬਾਲ ਦੇ ਸਿਰ 'ਤੇ ਹੀ ਉਸ ਨੇ ਉਮਰ ਭਰ ਦੀਆਂ ਰੋਟੀਆਂ ਕਮਾਈਆਂ। ਫੁੱਟਬਾਲ ਦੇ ਖਿਡਾਰੀ ਵਜੋਂ ਨਾ ਸਿਰਫ ਉਹ ਆਪਣੇ ਸਕੂ ਜਾਂ ਆਲੇ ਦੁਆਲੇ 'ਚ ਹਰਮਨ ਪਿਆਰਾ ਖਿਡਾਰੀ ਬਣਿਆ ਸਗੋਂ ਸਕੂਲਾਂ ਤੋਂ ਲੈ ਕੇ ਉਹ ਅਨੇਕਾਂ ਛੋਟੇ ਵੱਡੇ ਟੂਰਨਾਮੈਂਟਾਂ ਦਾ ਸਭ ਤੋਂ ਵੱਧ ਗੋਲ ਕਰਨ ਵਾਲਾ ਖਿਡਾਰੀ ਐਲਾਨਿਆ ਜਾਂਦਾ ਰਿਹਾ।

1959 'ਚ ਉਹ ਪੰਜਾਬ ਸਕੂਲਾਂ ਦੀ ਟੀਮ ਵਿਚ ਚੁਣਿਆ ਗਿਆ ਸੀ। ਟਰਾਇਲ ਚੰਡੀਗੜ੍ਹ ਹੋਏ ਸਨ। ਉਦੋਂ ਕਿਸੇ ਦੇ ਖ਼ਾਬ ਖ਼ਿਆਲ 'ਚ ਵੀ ਨਹੀਂ ਸੀ ਕਿ ਇਹ ਬਲੂੰਗੜਾ ਜਿਹਾ ਬਾਲ ਟੀਮ ਵਿਚ ਚੁਣਿਆ ਜਾਏਗਾ? ਕੋਚ ਚੈਟਰਜੀ ਤਾਂ ਉਸ ਨੂੰ ਵੇਖਣ ਸਾਰ ਕਹਿਣ ਲੱਗ ਪਿਆ ਸੀ ਕਿ ਇਹ ਬਚੂੰਗੜਾ ਜਿਹਾ ਬਾਲ ਵੱਡੇ ਖਿਡਾਰੀਆਂ ਦੀ ਝਾਲ ਕਿਥੋਂ ਝੱਲ ਲਵੇਗਾ? ਇਹ ਤਾਂ ਡਰਦਾ ਮਾਰਾ ਈ ਅਗਲਿਆਂ ਲਈ ਰਾਹ ਛੱਡ ਦੇਵੇਗਾ। ਪਰ ਉਹਦਾ ਅਨੁਮਾਨ ਗ਼ਲਤ ਨਿਕਲਿਆ। ਉਹ ਪੰਜਾਬ ਦੀ ਟੀਮ ਵਿਚ ਚੁਣਿਆ ਵੀ ਗਿਆ ਅਤੇ ਅਗਾਂਹ ਲਈ ਜਿੱਤਾਂ ਦੇ ਬੀਜ ਵੀ ਬੀਜੇ ਗਏ। ਮੁੱਢਲੀਆਂ ਜਮਾਤਾਂ ਉਹ ਸਰਕਾਰੀ ਸਕੂਲ 'ਚ ਪੜ੍ਹਿਆ ਤੇ ਉਪਰਲੀਆਂ ਆਰੀਆ ਹਾਈ ਸਕੂਲ ਫਗਵਾੜੇ।

ਪਹਿਲੀ ਵਾਰ ਉਹਨੂੰ ਮਿਲਣ ਮੈਂ ਫਗਵਾੜੇ ਗਿਆ ਤਾਂ ਪੁੱਛ ਗਿੱਛ ਕੇ ਮਸੀਂ ਉਹਦਾ ਘਰ ਲੱਭਿਆ। 1980 ਦੇ ਆਸ ਪਾਸ ਦਾ ਸਮਾਂ ਸੀ। ਤਦ ਤਕ ਉਹ ਪ੍ਰਸਿੱਧ ਖਿਡਾਰੀ ਬਣ ਚੁੱਕਾ ਸੀ। ਮੈਂ ਬੂਹਾ ਠਕੋਰਿਆ ਤਾਂ ਰਤਾ ਕੁ ਸਾਂਵਲੇ ਰੰਗ ਦੇ ਇਕਹਿਰੇ ਜਿਹੇ ਨੌਜੁਆਨ ਨੇ ਬੂਹਾ ਖੋਲ੍ਹਿਆ। ਉਹਦੇ ਖੁੱਲ੍ਹਾ ਕੁੜਤਾ ਪਜਾਮਾ ਪਾਇਆ ਹੋਇਆ ਸੀ ਤੇ ਨਾਭੀ ਰੰਗ ਦੀ ਉੱਚੀ ਪੋਚਵੀਂ ਪੱਗ ਬੰਨ੍ਹੀ ਹੋਈ ਸੀ। ਕੱਦ ਉਹਦਾ ਮਸੀਂ ਪੰਜ ਫੁੱਟ ਚਾਰ ਕੁ ਇੰਚ ਦਾ ਲੱਗਦਾ ਸੀ ਪਰ ਉੱਚੀ ਪੱਗ ਕਰਕੇ ਸਾਢੇ ਕੁ ਪੰਜ ਫੁੱਟ ਦਾ ਦਿਸਿਆ ਸੀ। ਉਹਦੀਆਂ ਅੱਖਾਂ ਦਾ ਰੰਗ ਨਸਵਾਰੀ, ਦਾੜ੍ਹੀ ਛਾਂਗੀ ਹੋਈ ਤੇ ਅੱਖਾਂ ਹੇਠਲੀਆਂ ਹੱਡੀਆਂ ਰਤਾ ਕੁ ਉਭਰਵੀਆਂ ਸਨ। ਉਹਨੀਂ ਦਿਨੀਂ ਕੈਮਰੇ ਦੀ ਥਾਂ ਮੈਂ ਅੱਖਾਂ ਨਾਲ ਹੀ ਖਿਡਾਰੀ ਦਾ ਚਿਹਰਾ ਮੋਹਰਾ ਮਨ 'ਚ ਉਤਾਰ ਲੈਂਦਾ ਸਾਂ। ਉਹਦੀ ਬਾਹਰੀ ਦਿੱਖ ਦਾ ਸਮੁੱਚਾ ਪ੍ਰਭਾਵ ਅਤਿ ਸਾਧਾਰਨ ਸੀ ਜਿਸ 'ਚੋਂ ਉਹਦੇ ਏਸ਼ੀਅਨ ਆਲ ਸਟਾਰ ਹੋਣ ਵਾਲੀ ਝਲਕ ਨਹੀਂ ਸੀ ਝਲਕ ਰਹੀ। ਉਹ ਬੜੀ ਨਿਮਰਤਾ ਤੇ ਤਪਾਕ ਨਾਲ ਮਿਲਿਆ ਅਤੇ ਮੈਨੂੰ ਆਪਣੀ ਬੈਠਕ ਵਿਚ ਲੈ ਗਿਆ।

ਮੈਂ ਅਨੇਕ ਖਿਡਾਰੀਆਂ ਦੀਆਂ ਤਗ਼ਮਿਆਂ, ਤਸਵੀਰਾਂ, ਟਰਾਫੀਆਂ ਤੇ ਹੋਰ ਖੇਡ ਵਸਤਾਂ ਨਾਲ ਸਜੀਆਂ ਬੈਠਕਾਂ ਵੇਖੀਆਂ ਹੋਈਆਂ ਸਨ। ਇੰਦਰ ਸਿੰਘ ਨੇ ਜਿਵੇਂ ਆਪਣੀ ਬੈਠਕ ਨੂੰ ਸ਼ਿੰਗਾਰਿਆ ਸੀ ਉਹਦਾ ਪ੍ਰਭਾਵ ਹੀ ਨਿਆਰਾ ਸੀ। ਇਕ ਪਾਸੇ ਸ਼ੀਸ਼ਿਆਂ ਦੇ ਵੱਡੇ ਖਾਨੇ 'ਚ ਸੌ ਕੁ ਟਰਾਫੀਆਂ, ਸ਼ੀਲਡਾਂ, ਕੱਪ, ਖੇਡ ਨਿਸ਼ਾਨੀਆਂ ਤੇ ਤਗ਼ਮੇ ਲਿਸ਼ਕਾ ਪੁਸ਼ਕਾ ਕੇ ਰੱਖੇ ਹੋਏ ਸਨ। ਉਹ ਕਿਸੇ ਵੱਡੇ ਖੇਡ ਅਦਾਰੇ ਦੀ ਸਜਾਵਟ ਲੱਗਦੇ ਸਨ। ਪਰ ਗੱਲਾਂ ਕਰਨ 'ਤੇ ਪਤਾ ਲੱਗਾ ਕਿ ਉਹ ਸਾਰੀਆਂ ਮੱਲਾਂ 'ਕੱਲੇ ਇੰਦਰ ਸਿਓਂ ਦੀਆਂ ਮਾਰੀਆਂ ਹੋਈਆਂ ਸਨ। ਇਕ ਕੰਧ ਉਪਰ ਸ੍ਰੀ ਹਰਿਮੰਦਰ ਸਾਹਿਬ ਦਾ ਸ਼ੀਸ਼ੇ ਜੜਿਆ ਰੰਗੀਨ ਚਿੱਤਰ ਸੀ ਤੇ ਉਹਦੇ ਹੇਠਾਂ ਲੱਕ ਜਿੱਡੀ ਉੱਚੀ ਸ਼ੀਲਡ ਸ਼ੁਭਾਏਮਾਨ ਸੀ। ਸੰਭਵ ਹੈ ਉਹ ਕਿਸੇ ਸ਼ੀਸ਼ੇ ਦੇ ਖਾਨੇ ਵਿਚ ਨਾ ਸਮਾਈ ਹੋਵੇ। ਜਿਨ੍ਹਾਂ ਕੱਪਾਂ ਤੇ ਟਰਾਫੀਆਂ ਨੂੰ ਸਾਹਮਣੇ ਦੇ ਖਾਨੇ 'ਚ ਜਗ੍ਹਾ ਨਹੀਂ ਸੀ ਮਿਲੀ ਉਹ ਇਕ ਹੋਰ ਖਾਨੇ 'ਚ ਬੰਦ ਸਨ।

ਮੈਂ ਆਪਣੀ ਆਦਤ ਅਨੁਸਾਰ ਪਹਿਲਾਂ ਖਿਡਾਰੀ ਦੀ ਡੀਲ-ਡੌਲ 'ਤੇ ਨਜ਼ਰ ਮਾਰਦਾਂ ਤੇ ਫਿਰ ਉਹਦੇ ਹੱਥਾਂ ਪੈਰਾਂ ਨੂੰ ਨੀਝ ਨਾਲ ਵੇਖਦਾਂ ਜੋ ਉਹਦੀ ਖੇਡ ਦੇ ਵਧੇਰੇ ਕੰਮ ਆਏ ਹੋਣ। ਬੈਠਕ 'ਚ ਬਹਿੰਦਿਆਂ ਮੈਂ ਇੰਦਰ ਸਿੰਘ ਦੇ ਪੈਰਾਂ ਵੱਲ ਨੀਝ ਗੱਡੀ ਜਿਨ੍ਹਾਂ ਨੇ ਸੈਂਕੜੇ ਗੋਲ ਕੀਤੇ ਸਨ। ਉਹ ਪੈਰ ਅਸਲੋਂ ਨਿੱਕੇ-ਨਿੱਕੇ ਸਨ ਜਿਵੇਂ ਕਿਸੇ ਨਾਚੀ ਦੇ ਹੋਣ। ਮੇਰੇ ਮਨ 'ਚ ਆਇਆ ਕਿ ਜਿਹੜੇ ਬੰਦੇ ਕਿਸੇ ਦਾ ਮੂੰਹ ਵੇਖ ਕੇ ਉਹਦੀ ਸ਼ਖ਼ਸੀਅਤ ਦਾ ਅਨੁਮਾਨ ਲਾਉਂਦੇ ਹਨ, ਉਹਨਾਂ ਦਾ ਅਨੁਮਾਨ ਕਿੰਨਾ ਗ਼ਲਤ ਹੋ ਸਕਦੈ? ਭਲਾ ਇੰਦਰ ਸਿੰਘ ਦੇ ਪੈਰ ਵੇਖ ਕੇ ਕੋਈ ਕਿਵੇਂ ਅਨੁਮਾਨ ਲਾ ਸਕਦੈ ਕਿ ਇਹ ਕਿ ਇਹ ਫੁੱਟਬਾਲ ਦੇ ਸੈਂਕੜੇ ਮੈਦਾਨਾਂ ਵਿਚ ਹਜ਼ਾਰਾਂ ਮੀਲ ਦੌੜੇ ਹਨ ਤੇ ਇਹਨਾਂ ਨਾਲ ਅਨੇਕ ਟੂਰਨਾਮੈਂਟ ਜਿੱਤੇ ਗਏ ਹਨ।

ਪਾਣੀ ਧਾਣੀ ਪੀਣ ਪਿੱਛੋਂ ਮੈਂ ਇੰਦਰ ਸਿੰਘ ਨਾਲ ਉਹਦੇ ਖੇਡ ਜੀਵਨ ਦੀਆਂ ਗੱਲਾਂ ਤੋਰੀਆਂ ਤਾਂ ਉਹ ਦੁਆਬੀ ਲਹਿਜੇ 'ਚ ਪਹਿਲਾਂ ਜਕਦਾ ਤੇ ਫਿਰ ਖੁੱਲ੍ਹਦਾ ਹੋਇਆ ਖੁੱਲ੍ਹੀਆਂ ਗੱਲਾਂ ਕਰਨ ਲੱਗਾ। ਉਸ ਨੇ ਦੱਸਿਆ, "ਜਿਸ ਵੇਲੇ ਮੈਂ ਅੱਠਵੀਂ 'ਚ ਹੋਇਆ ਤਾਂ ਸਾਡੇ ਸਕੂਲ ਦੇ ਪੀਟੀ ਵਾਲਿਆ ਸਾਹਿਬ ਨੇ ਮੈਨੂੰ ਸਕੂਲ ਦੀ ਫੁੱਟਬਾਲ ਟੀਮ ਵਿਚ ਪਾ ਲਿਆ। ਉਂਜ ਮੈਂ ਹਾਕੀ ਤੇ ਅਥਲੈਟਿਕਸ ਅੱਲੇ ਵੀ ਮਾੜਾ ਮੋਟਾ ਹੱਥ ਮਾਰ ਲੈਂਦਾ ਸੀ। ਅਸਲ ਵਿਚ ਉਨ੍ਹੀਂ ਮੈਨੂੰ ਫੁੱਟਬਾਲ ਖੇਡਣ ਲਾਇਆ। 1959 'ਚ ਮੈਂ ਪੰਜਾਬ ਸਕੂਲਾਂ ਦੀ ਟੀਮ 'ਚ ਚੁਣਿਆ ਗਿਆ। ਚੰਡੀਗੜ੍ਹ ਟ੍ਰਾਇਲ ਹੋਣ ਲੱਗੇ ਤਾਂ ਕੋਚ ਚੈਟਰਜੀ ਆਖੇ ਇਹ ਤਾਂ ਨਿੱਕਾ ਜਿਹਾ। ਇਨ ਕੀ ਖੇਡਣਾ? ਪਰ ਜੋਗਿੰਦਰ ਸਿੰਘ ਵਾਲੀਏ ਨੇ ਜ਼ੋਰ ਪਾ ਕੇ ਮੈਨੂੰ ਟੀਮ 'ਚ ਪੁਆ ਦਿੱਤਾ। ਮੌਕਾ ਮਿਲਣ ਦੀ ਲੋੜ ਸੀ, ਮੈਂ ਸਭ ਤੋਂ ਬਹੁਤੇ ਗੋਲ ਕੀਤੇ।"

ਮੈਂ ਪੁੱਛਿਆ, "ਖੇਡਣ ਨਾਲ ਤੁਸੀਂ ਪੜ੍ਹੇ ਕਿਥੋਂ ਤੱਕ?" ਉਸ ਨੇ ਬਿਨਾਂ ਸੰਗ-ਸੰਗਾਅ ਦੇ ਸਪੱਸ਼ਟ ਕਿਹਾ ਕਿ ਪੜ੍ਹਾਈ 'ਚ ਮੈਂ ਹੁਸ਼ਿਆਰ ਨਾ ਸੀ, ਕਮਜ਼ੋਰ ਈ ਸਾਂ। ਮੈਂ ਦਸਵੀਂ ਦੇ ਪਰਚੇ ਤਾਂ ਦੇ ਦਿੱਤੇ ਸੀ ਪਰ ਅੰਗਰੇਜ਼ੀ 'ਚ ਪੰਜ ਨੰਬਰਾਂ 'ਤੇ ਫੇਲ੍ਹ ਹੋ ਗਿਆ ਸੀ। ਸਾਡੇ ਕਈ ਖਿਡਾਰੀ ਫੇਲ੍ਹ ਹੋਣ ਦੀ ਗੱਲ ਹੀ ਨਹੀਂ ਦੱਸਦੇ ਬਈ ਕੋਈ ਲਿਖ ਨਾ ਦੇਵੇ। ਮੇਰੇ ਬਾਰੇ ਤੁਸੀਂ ਜ਼ਰੂਰ ਲਿਖਿਓ ਕਿ ਮੈਂ ਅੰਡਰ ਮੈਟ੍ਰਿਕ ਆਂ। ਖਿਡਾਰੀ ਨੂੰ ਸਹੀ ਗੱਲ ਨਹੀਂ ਲੁਕਾਉਣੀ ਚਾਹੀਦੀ।

ਉਹਦੇ ਦੱਸਣ ਮੁਜਬ ਉਹਦੇ 'ਚ ਫੁੱਟਬਾਲ ਖੇਡਣ ਦੀ ਰੀਝ ਏਨੀ ਸੀ ਕਿ ਉਸ ਨੂੰ ਫੁੱਟਬਾਲ ਖੇਡਣ ਤੋਂ ਸਿਵਾ ਹੋਰ ਕੁਝ ਸੁੱਝਦਾ ਹੀ ਨਹੀਂ ਸੀ। ਇਹੋ ਕਾਰਨ ਹੈ ਕਿ ਉਹ ਕੇਵਲ 100 ਰੁਪਏ ਮਹੀਨੇ ਦੀ ਨੌਕਰੀ ਉਤੇ ਲੀਡਰਜ਼ ਕਲੱਬ ਜਲੰਧਰ 'ਚ ਭਰਤੀ ਹੋ ਗਿਆ। ਇਹ 1962 ਦੀ ਗੱਲ ਹੈ।

ਬਾਕੀ ਹਿਸਾ ਸਫ਼ਾ 70 ਤੇ ਪੜ੍ਹੋ

69 ਸਫ਼ੇ ਦੀ ਬਾਕੀ

ਇਸ ਤੋਂ ਪਹਿਲਾਂ ਉਹ ਉਹ ਲਗਾਤਾਰ ਤਿੰਨ ਸਾਲ ਸਕੂਲਾਂ ਦੇ ਸਰਬ ਭਾਰਤੀ ਟੂਰਨਾਮੈਂਟ ਖੇਡ ਚੁੱਕਾ ਸੀ। ਦੋ ਵਾਰ ਪੰਜਾਬ ਸਕੂਲਾਂ ਦੀ ਫੁੱਟਬਾਲ ਟੀਮ ਦਾ ਕਪਤਾਨ ਬਣ ਕੇ ਸਭ ਤੋਂ ਬਹੁਤੇ ਗੋਲ ਵੀ ਕਰ ਚੁੱਕਾ ਸੀ। 1960-61 ਵਿਚ ਉਹ ਲੀਡਰਜ਼ ਕਲੱਬ ਵੱਲੋਂ ਬਤੌਰ ਮਹਿਮਾਨ ਖਿਡਾਰੀ ਖੇਡਿਆ ਸੀ। ਲੀਡਰਜ਼ ਕਲੱਬ ਦੇ ਕਰਤਾ ਧਰਤਾ ਦਵਾਰਕਾ ਦਾਸ ਸਹਿਗਲ ਨੇ ਇੰਦਰ ਸਿੰਘ 'ਚ ਵਧੀਆ ਖਿਡਾਰੀ ਬਣਨ ਦੀਆਂ ਸੰਭਾਵਨਾਵਾਂ ਵੇਖ ਕੇ ਹੀ ਉਹਨੂੰ ਆਪਣੀ ਕਲੱਬ 'ਚ ਆਉਣ ਦਾ ਸੱਦਾ ਦਿੱਤਾ ਸੀ ਜੋ ਇੰਦਰ ਸਿੰਘ ਨੇ ਖ਼ੁਸ਼ੀ ਨਾਲ ਪਰਵਾਨ ਕਰ ਲਿਆ ਸੀ।

ਇੰਦਰ ਸਿੰਘ ਦੀ ਤਮੰਨਾ ਸੀ ਕਿ ਉਸ ਨੂੰ ਕੋਈ ਐਸੀ ਨੌਕਰੀ ਮਿਲੇ ਜਿਸ ਵਿਚ ਉਹ ਵੱਧ ਤੋਂ ਵੱਧ ਸਮਾਂ ਫੁੱਟਬਾਲ ਖੇਡ ਸਕੇ। ਲੀਡਰਜ਼ ਦੀ ਨੌਕਰੀ ਮਿਲਣ ਨਾਲ ਉਹਦੀ ਦਿਲੀ ਖਾਹਿਸ਼ ਪੂਰੀ ਹੋ ਗਈ। ਉਹ ਫਗਵਾੜਿਓਂ ਗੱਡੀ ਚੜ੍ਹਦਾ ਤੇ ਜਲੰਧਰ ਉਤਰ ਕੇ ਕਲੱਬ ਤਕ ਡੇਢ ਦੋ ਕਿਲੋਮੀਟਰ ਦੌੜਦਾ ਹੋਇਆ ਜਾਂਦਾ। ਫਿਰ ਕੋਚ ਜਿੰਨੀ ਮਿਹਨਤ ਕਰਾਉਂਦਾ ਉਹ ਤਨਦੇਹੀ ਨਾਲ ਕਰਦਾ ਤੇ ਵਾਪਸੀ 'ਤੇ ਫਿਰ ਵਾਧੂ ਦੌੜ ਲਾਉਂਦਾ। ਲੀਡਰਜ਼ ਕਲੱਬ ਵੱਲੋਂ ਉਹ 1962 ਤੋਂ 74 ਤਕ ਖੇਡਿਆ। ਇਸ ਦੌਰਾਨ ਲੀਡਰਜ਼ ਦੀ ਟੀਮ ਨੇ ਦੇਸ਼ ਦੀਆਂ ਕਹਿੰਦੀਆਂ ਕਹਾਉਂਦੀਆਂ ਟੀਮਾਂ ਨੂੰ ਹਰਾਇਆ। ਉਸ ਨੇ ਬੀ ਕਲਾਸ ਟੂਰਨਾਮੈਂਟ ਤਾਂ ਜਿੱਤਣੇ ਹੀ ਸਨ ਕੁਝ ਏ ਕਲਾਸ ਟੂਰਨਾਮੈਂਟ ਵੀ ਜਿੱਤੇ। ਉਨ੍ਹਾਂ 'ਚ ਇੰਦਰ ਸਿੰਘ ਅਕਸਰ ਬੈੱਸਟ ਸਕੋਰਰ ਹੁੰਦਾ। 1964 ਤੋਂ 74 ਤਕ ਉਹ ਲੀਡਰਜ਼ ਕਲੱਬ ਦੀ ਟੀਮ ਦਾ ਕੈਪਟਨ ਵੀ ਰਿਹਾ। ਉਹਦੀ ਕਪਤਾਨੀ 'ਚ ਲੀਡਰਜ਼ ਦੀ ਟੀਮ ਦੇਸ਼ ਦੇ ਪ੍ਰਸਿੱਧ ਡੀ.ਸੀ.ਐੱਮ. ਕਲੱਬ ਦਿੱਲੀ ਦਾ ਫਾਈਨਲ ਪੰਜ ਵਾਰ ਖੇਡੀ ਅਤੇ ਡੁਰੰਡ ਤੇ ਰੋਵਰਜ਼ ਕੱਪ ਦੇ ਫਾਈਨਲ ਮੈਚ ਵੀ ਖੇਡੀ। 1962 ਤੋਂ ਹੀ ਉਹਦਾ ਪੰਜਾਬ ਰਾਜ ਵੱਲੋਂ ਸੰਤੋਸ਼ ਟਰਾਫੀ ਖੇਡਣ ਦਾ ਦੌਰ ਸ਼ੁਰੂ ਹੁੰਦਾ ਹੈ। ਸੱਟਫੇਟ ਦੇ ਸਮੇਂ ਨੂੰ ਛੱਡ ਕੇ ਉਹ ਰਾਸ਼ਟਰੀ ਫੁੱਟਬਾਲ ਚੈਂਪੀਅਨਸ਼ਿਪ 1978 ਤਕ ਖੇਡਦਾ ਰਿਹਾ। 1965 ਤੋਂ 78 ਤਕ ਤਿੰਨ ਮੌਕਿਆਂ ਨੂੰ ਛੱਡ ਕੇ ਉਹ ਲਗਾਤਾਰ ਪੰਜਾਬ ਟੀਮ ਦਾ ਕਪਤਾਨ ਰਿਹਾ। ਉਹਦੀ ਕਪਤਾਨੀ ਵਿਚ ਪੰਜਾਬ ਨੇ ਦੋ ਵਾਰ ਨੈਸ਼ਨਲ ਚੈਂਪੀਅਨਸ਼ਿਪ ਜਿੱਤੀ ਜਦਕਿ ਬੰਗਾਲ ਦੀ ਟੀਮ ਸੰਤੋਸ਼ ਟਰਾਫੀ 'ਤੇ ਆਪਣੀ ਮਾਲਕੀ ਸਮਝਦੀ ਸੀ। 1974 ਦੀ ਨੈਸ਼ਨਲ ਚੈਂਪੀਅਨਸ਼ਿਪ ਸਮੇਂ ਤਾਂ ਜੱਗੋਂ ਤੇਰ੍ਹਵੀਂ ਹੋਈ। ਉਦੋਂ ਪੰਜਾਬ ਦੀ ਟੀਮ ਨੇ ਕੁਲ 46 ਗੋਲ ਕੀਤੇ ਸਨ ਜਿਨ੍ਹਾਂ 'ਚ 23 ਗੋਲ ਇੰਦਰ ਸਿੰਘ ਦੇ ਸਨ। ਬੰਗਾਲ ਵਿਰੁੱਧ ਫਾਈਨਲ ਮੈਚ ਖੇਡਦਿਆਂ ਪੰਜਾਬ ਨੇ ਉਹਨੂੰ ਰਿਕਾਰਡ 6-0 ਗੋਲਾਂ ਨਾਲ ਹਰਾਇਆ ਸੀ। ਉਨ੍ਹਾਂ 6 ਗੋਲਾਂ ਵਿਚ ਇੰਦਰ ਸਿੰਘ ਦਾ ਹੈਟ੍ਰਿਕ ਸੀ ਯਾਨੀ ਲਗਾਤਾਰ 3 ਗੋਲ!


1963 ਵਿਚ ਉਹ ਪਹਿਲੀ ਵਾਰ ਭਾਰਤੀ ਟੀਮ 'ਚ ਚੁਣਿਆ ਗਿਆ ਤੇ ਪ੍ਰੀ ਓਲੰਪਿਕ ਟੂਰਨਾਮੈਂਟ ਖੇਡਿਆ। 'ਏਸ਼ੀਆ ਦਾ ਜਰਨੈਲ ਜਰਨੈਲ ਸਿੰਘ ਉਦੋਂ ਬੰਗਾਲ ਵੱਲੋਂ ਖੇਡਦਾ ਸੀ। ਇੰਦਰ ਸਿੰਘ ਪੰਜਾਬ ਦਾ ਪਹਿਲਾ ਖਿਡਾਰੀ ਸੀ ਜੋ ਭਾਰਤ ਦੀ ਨੈਸ਼ਨਲ ਟੀਮ ਵਿਚ ਪਾਇਆ ਗਿਆ। 1964 ਵਿਚ ਉਹ ਫਿਰ ਭਾਰਤ ਵੱਲੋਂ ਪ੍ਰੀ ਓਲੰਪਿਕ ਟੂਰਨਾਮੈਂਟ ਖੇਡਿਆ। ਉਸੇ ਸਾਲ ਉਹ ਇਜ਼ਰਾਈਲ ਦਾ ਏਸ਼ੀਅਨ ਕੱਪ ਫੁੱਟਬਾਲ ਟੂਰਨਾਮੈਂਟ ਖੇਡਣ ਗਿਆ ਜਿਥੇ ਉਹਨੇ ਸਭ ਤੋਂ ਵੱਧ ਗੋਲ ਕੀਤੇ। ਉਹਨੂੰ ਟੂਰਨਾਮੈਂਟ ਦਾ ਬਿਹਤਰੀਨ ਖਿਡਾਰੀ ਐਲਾਨਿਆ ਗਿਆ। ਉਥੇ ਭਾਰਤੀ ਟੀਮ ਨੇ ਦੂਜਾ ਸਥਾਨ ਹਾਸਲ ਕੀਤਾ ਸੀ। 1964 'ਚ ਉਹ ਕੁਆਲਾ ਲੰਪੁਰ ਦਾ ਟੂਰਨਾਮੈਂਟ ਖੇਡਿਆ ਜੋ ਏਸ਼ੀਆ ਦਾ ਅੱਵਲ ਨੰਬਰ ਫੁੱਟਬਾਲ ਟੂਰਨਾਮੈਂਟ ਸਮਝਿਆ ਜਾਂਦਾ ਹੈ। ਉਥੇ ਵੀ ਉਸ ਨੇ ਕਮਾਲ ਦੀ ਖੇਡ ਵਿਖਾਈ ਜੀਹਦੇ ਕਰਕੇ ਮਲਾਇਆ ਦੇ ਸਰਦਾਰਾਂ ਨੇ ਉਸ ਨੂੰ ਮੋਢਿਆਂ 'ਤੇ ਚੁੱਕ ਲਿਆ ਤੇ ਸਟੇਡੀਅਮ 'ਚ ਗੇੜੇ ਦਿੱਤੇ। ਮਲਾਇਆ ਸਰਕਾਰ ਵੱਲੋਂ ਉਸ ਨੂੰ ਨੌਕਰੀ ਪੇਸ਼ਕਸ਼ ਹੋਈ ਜੋ ਉਸ ਨੇ ਦੇਸ਼ਭਗਤੀ ਹਿਤ ਠੁਕਰਾ ਦਿੱਤੀ। 1967, 68, 69 ਤੇ 70 'ਚ ਉਹ ਲਗਾਤਾਰ ਕੁਆਲਾ ਲੰਪੁਰ ਦਾ ਟੂਰਨਾਮੈਂਟ ਖੇਡਦਾ ਰਿਹਾ। 1969 'ਚ ਉਹ ਭਾਰਤੀ ਟੀਮ ਦਾ ਕਪਤਾਨ ਸੀ। ਉਸ ਨੇ 1966 ਦੀਆਂ ਏਸ਼ੀਅਨ ਖੇਡਾਂ ਵਿਚ ਵੀ ਭਾਗ ਲਿਆ ਪਰ ਉਥੇ ਭਾਰਤੀ ਟੀਮ 1962 ਦੀਆਂ ਏਸ਼ਿਆਈ ਖੇਡਾਂ ਵਾਂਗ ਗੋਲਡ ਮੈਡਲ ਨਹੀਂ ਸੀ ਜਿੱਤ ਸਕੀ। 1969 ਵਿਚ ਉਸ ਨੂੰ ਅਰਜਨ ਅਵਾਰਡ ਦਿੱਤਾ ਗਿਆ। 1974 'ਚ ਦਿੱਲੀ ਦੇ ਖੇਡ ਪੱਤਰਕਾਰਾਂ ਵੱਲੋਂ ਉਸ ਨੂੰ ਦੇਸ਼ ਦਾ ਸਰਬੋਤਮ ਫੁੱਟਬਾਲਰ ਐਲਾਨਿਆ ਗਿਆ।

2003 'ਚ 'ਫਗਵਾੜੇ ਦਾ ਮਾਣ' ਅਵਾਰਡ ਦਿੱਤਾ ਗਿਆ। ਉਹਨੂੰ ਪੰਜਾਬ ਦਾ ਪੇਲੇ ਕਹਿ ਕੇ ਵਡਿਆਇਆ ਜਾ ਰਿਹੈ। ਕਦੇ ਬੰਗਾਲੀ ਖਿਡਾਰੀਆਂ ਨੇ ਉਸ ਨੂੰ ਤਾਅਨਾ ਮਾਰਿਆ ਸੀ ਕਿ ਪੰਜਾਬੀ ਹਾਕੀ ਹੀ ਖੇਡ ਸਕਦੇ ਹਨ, ਫੁੱਟਬਾਲ ਨਹੀਂ। ਉਸੇ ਦਿਨ ਤੋਂ ਇੰਦਰ ਸਿੰਘ ਨੇ ਮਨ 'ਚ ਧਾਰ ਲਿਆ ਸੀ ਕਿ ਉਹ ਬੰਗਾਲੀ ਖਿਡਾਰੀਆਂ ਦੇ ਇਸ ਮਿਹਣੇ ਦਾ ਜਵਾਬ ਉਨ੍ਹਾਂ ਨੂੰ ਹਰਾ ਕੇ ਦੇਵੇਗਾ ਜੋ ਉਸ ਨੇ ਆਖ਼ਰ ਹਰਾ ਕੇ ਹੀ ਲਿਆ।

*principalsarwansingh@gmail.com*

# ਸਮੇਂ ਅਤੇ ਜੀਵਨ ਦਾ ਦਰਸ਼ਨ : "ਤੇ ਵਕਤ ਬੋਲਦਾ ਗਿਆ" ਦੀ ਸਾਹਿਤਕ ਪੜਚੋਲ

**ਭੁਪਿੰਦਰ ਸਿੰਘ ਰੈਨਾ**



ਪੰਜਾਬੀ ਨਾਵਲ ਪਰੰਪਰਾ ਵਿੱਚ ਉਹ ਰਚਨਾਵਾਂ ਵਿਸ਼ੇਸ਼ ਥਾਂ ਬਣਾਉਂਦੀਆਂ ਹਨ ਜੋ ਸਿਰਫ਼ ਕਥਾ ਨਹੀਂ ਸੁਣਾਉਂਦੀਆਂ, ਸਗੋਂ ਜੀਵਨ ਦੇ ਅੰਤਰਲੇ ਸੱਚਾਂ ਨੂੰ ਵੀ ਉਘਾੜਦੀਆਂ ਹਨ। ਡਾ. ਅਮਰਜੀਤ ਸਿੰਘ ਟਾਂਡਾ ਦਾ ਨਾਵਲ "ਤੇ ਵਕਤ ਬੋਲਦਾ ਗਿਆ" ਇਸੇ ਕਿਸਮ ਦੀ ਰਚਨਾ ਹੈ ਜੋ ਮਨੁੱਖੀ ਜੀਵਨ, ਕੁੱਦਰਤ ਅਤੇ ਸਮੇਂ ਦੇ ਆਪਸੀ ਸੰਬੰਧਾਂ ਨੂੰ ਇਕ ਵਿਸ਼ਾਲ ਦਰਸ਼ਨਿਕ ਪ੍ਰਸੰਗ ਵਿੱਚ ਪੇਸ਼ ਕਰਦੀ ਹੈ।

ਇਹ ਨਾਵਲ ਪਾਠਕ ਨੂੰ ਸਿਰਫ਼ ਕਥਾ ਦੇ ਰਸ ਨਾਲ ਨਹੀਂ ਜੋੜਦਾ, ਸਗੋਂ ਉਸਨੂੰ ਜੀਵਨ ਦੇ ਅਰਥਾਂ ਬਾਰੇ ਸੋਚਣ ਲਈ ਵੀ ਪ੍ਰੇਰਿਤ ਕਰਦਾ ਹੈ। ਇਸ ਕਾਰਨ ਇਹ ਰਚਨਾ ਇਕ ਆਮ ਨਾਵਲ ਦੀ ਹੱਦ ਤੋਂ ਪਾਰ ਜਾ ਕੇ ਇਕ "ਜੀਵਨ-ਗਾਥਾ" ਜਾਂ "ਜੀਵਨ-ਨਾਮਾ" ਦਾ ਰੂਪ ਧਾਰ ਲੈਂਦੀ ਹੈ।

## ਕਥਾ-ਰਚਨਾ ਅਤੇ ਵਿਸ਼ਾ ਵਸਤੂ

ਨਾਵਲ ਦੀ ਰਚਨਾ ਬਹੁ-ਪਰਤੀ ਹੈ। ਇਸ ਵਿੱਚ ਜੀਵਨ ਦੇ ਅਨੇਕ ਤਜ਼ਰਬਿਆਂ, ਯਾਦਾਂ ਅਤੇ ਅਨੁਭਵਾਂ ਨੂੰ ਕਥਾ ਦੇ ਧਾਗੇ ਨਾਲ ਜੋੜਿਆ ਗਿਆ ਹੈ। ਲੇਖਕ ਸਮੇਂ ਨੂੰ ਕੇਵਲ ਇਕ ਪਿਛੋਕੜ ਵਜੋਂ ਨਹੀਂ ਵਰਤਦਾ, ਸਗੋਂ ਉਸਨੂੰ ਇਕ ਸਰਗਰਮ ਤਾਕਤ ਵਜੋਂ ਦਰਸਾਉਂਦਾ ਹੈ ਜੋ ਮਨੁੱਖੀ ਜੀਵਨ ਨੂੰ ਦਿਸ਼ਾ ਦਿੰਦੀ ਹੈ। ਨਾਵਲ ਵਿੱਚ ਸਮਾਜਕ, ਪਰਿਵਾਰਕ ਅਤੇ ਮਨੋਵਿਗਿਆਨਕ ਤੱਤ ਇਕ-ਦੂਜੇ ਨਾਲ ਗੁੱਥੇ ਹੋਏ ਹਨ। ਇਹ ਪਾਠਕ ਨੂੰ ਇਹ ਅਹਿਸਾਸ ਦਿਵਾਉਂਦਾ ਹੈ ਕਿ ਹਰ ਮਨੁੱਖ ਦੀ ਆਪਣੀ ਇਕ ਕਹਾਣੀ ਹੁੰਦੀ ਹੈ ਅਤੇ ਉਹ ਕਹਾਣੀ ਸਮੇਂ ਦੇ ਪ੍ਰਵਾਹ ਵਿੱਚ ਹੀ ਆਪਣਾ ਅਸਲ ਅਰਥ ਪ੍ਰਾਪਤ ਕਰਦੀ ਹੈ।

## ਕੁਦਰਤ ਅਤੇ ਜੀਵਨ ਦਾ ਸੰਬੰਧ

ਇਸ ਨਾਵਲ ਦੀ ਇੱਕ ਮਹੱਤਵਪੂਰਨ ਵਿਸ਼ੇਸ਼ਤਾ ਕੁਦਰਤ ਦਾ ਸੁੰਦਰ ਅਤੇ ਅਰਥਪੂਰਨ ਚਿੱਤਰਣ ਹੈ। ਲੇਖਕ ਧਰਤੀ, ਅਕਾਸ਼, ਨਦੀਆਂ, ਪਹਾੜ, ਪੌਦੇ ਅਤੇ ਪੰਛੀਆਂ ਨੂੰ ਕੇਵਲ ਦ੍ਰਿਸ਼ ਨਹੀਂ ਬਣਾਉਂਦਾ, ਸਗੋਂ ਉਹਨਾਂ ਨੂੰ ਜੀਵਨ ਦੀ ਸਿੱਖਿਆ ਦੇਣ ਵਾਲੇ ਤੱਤ ਵਜੋਂ ਪੇਸ਼ ਕਰਦਾ ਹੈ।

ਕੁਦਰਤ ਦੇ ਹਰ ਰੂਪ ਵਿੱਚ ਲੇਖਕ ਮਨੁੱਖ ਲਈ ਇਕ ਸੇਧ ਵੇਖਦਾ ਹੈ। ਬਦਲਦੇ ਮੌਸਮਾਂ ਨਾਲ ਜੀਵਾਂ ਦੇ ਸੁਭਾਵ ਵਿੱਚ ਆਉਂਦੇ ਬਦਲਾਅ ਮਨੁੱਖੀ ਮਨੋਭਾਵਾਂ ਨਾਲ ਜੋੜੇ ਗਏ ਹਨ। ਇਸ ਰਾਹੀਂ ਨਾਵਲ ਮਨੁੱਖ ਅਤੇ ਪ੍ਰਕ੍ਰਿਤੀ ਦੇ ਅਟੁੱਟ ਸੰਬੰਧ ਨੂੰ ਉਜਾਗਰ ਕਰਦਾ ਹੈ।


## ਸੰਗੀਤ ਅਤੇ ਸੰਵੇਦਨਾ

ਨਾਵਲ ਵਿੱਚ ਕੁਦਰਤ ਦੇ ਸੁਰਾਂ ਨੂੰ ਸੰਗੀਤਕ ਅਨੁਭਵ ਵਜੋਂ ਦਰਸਾਉਣਾ ਲੇਖਕ ਦੀ ਸੰਵੇਦਨਸ਼ੀਲਤਾ ਦਾ ਪ੍ਰਤੀਕ ਹੈ। ਪੱਤਿਆਂ ਦੀ ਸਰਸਰਾਹਟ, ਪੌਣ ਦੀ ਚਾਲ, ਬੱਦਲਾਂ ਦੀ ਗਰਜ ਅਤੇ ਮੀਂਹ ਦੀ ਟਿੱਪ-ਟਿੱਪ-ਇਹ ਸਾਰੇ ਤੱਤ ਇਕ ਅਦ੍ਰਿਸ਼ ਸੰਗੀਤ ਰਚਦੇ ਹਨ ਜੋ ਮਨੁੱਖੀ ਮਨ ਨੂੰ ਛੂੰਹਦਾ ਹੈ।

ਇਹ ਵਰਣਨ ਨਾਵਲ ਨੂੰ ਸਿਰਫ਼ ਕਥਾ ਨਹੀਂ ਰਹਿਣ ਦਿੰਦਾ, ਸਗੋਂ ਇਸ ਵਿੱਚ ਕਾਵਿ-ਮਈ ਸੁੰਦਰਤਾ ਵੀ ਜੋੜ ਦਿੰਦਾ ਹੈ।

## ਬਚਪਨ, ਮਾਤ੍ਰਿਤਵ ਅਤੇ ਸੰਸਕਾਰ

ਨਾਵਲ ਦਾ ਇਕ ਮਰਮਸਪਰਸ਼ੀ ਪੱਖ ਬਚਪਨ ਦੀਆਂ ਯਾਦਾਂ ਅਤੇ ਮਾਂ ਦੀ ਮਮਤਾ ਦਾ ਚਿੱਤਰਣ ਹੈ। ਮਾਂ ਦੀ ਲੋਰੀ, ਉਸ ਦੀ ਝਿੜਕ ਅਤੇ ਕਈ ਵਾਰੀ ਉਸ ਦੀ ਸਖ਼ਤੀ ਵੀ ਬੱਚੇ ਦੇ ਚਰਿੱਤਰ ਨਿਰਮਾਣ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ।





ਲੇਖਕ ਇਹ ਦਰਸਾਉਂਦਾ ਹੈ ਕਿ ਮਨੁੱਖ ਦੇ ਜੀਵਨ ਦੀ ਮਜ਼ਬੂਤ ਨੀਂਹ ਬਚਪਨ ਦੇ ਸੰਸਕਾਰਾਂ 'ਤੇ ਟਿਕੀ ਹੁੰਦੀ ਹੈ।

## ਸਭਿਆਚਾਰਕ ਚੇਤਨਾ

ਨਾਵਲ ਵਿੱਚ ਪੰਜਾਬੀ ਲੋਕ-ਸਭਿਆਚਾਰ ਦੀ ਝਲਕ ਵੀ ਪ੍ਰਮੁੱਖ ਤੌਰ 'ਤੇ ਦਿੱਸਦੀ ਹੈ। ਲੋਕ-ਗੀਤ, ਕਹਾਣੀਆਂ ਅਤੇ ਰਵਾਇਤਾਂ ਰਾਹੀਂ ਲੇਖਕ ਸਾਨੂੰ ਆਪਣੇ ਵਿਰਸੇ ਨਾਲ ਜੋੜਦਾ ਹੈ।

ਇਹ ਤੱਤ ਨਾਵਲ ਨੂੰ ਕੇਵਲ ਨਿੱਜੀ ਅਨੁਭਵ ਦੀ ਕਥਾ ਨਹੀਂ ਰਹਿਣ ਦਿੰਦੇ, ਸਗੋਂ ਇਸਨੂੰ ਇਕ ਸਮੂਹਿਕ ਸੱਭਿਆਚਾਰਕ ਦਸਤਾਵੇਜ਼ ਦਾ ਰੂਪ ਵੀ ਦੇ ਦਿੰਦੇ ਹਨ।

## ਭਾਸ਼ਾ ਅਤੇ ਸ਼ੈਲੀ

ਡਾ. ਟਾਂਡਾ ਦੀ ਭਾਸ਼ਾ ਸਰਲ ਹੋਣ ਦੇ ਬਾਵਜੂਦ ਅਰਥਾਂ ਦੀ ਗਹਿਰਾਈ ਨਾਲ ਭਰਪੂਰ ਹੈ। ਉਹ ਕਾਵਿ-ਮਈ ਲਹਿਜ਼ੇ ਅਤੇ ਦਰਸ਼ਨਿਕ ਵਿਚਾਰਾਂ ਨੂੰ ਬੜੀ ਸੁਗਮਤਾ ਨਾਲ ਗੁੰਦਦੇ ਹਨ।

ਨਾਵਲ ਦਾ ਹਰ ਸ਼ਬਦ ਅਜਿਹਾ ਲੱਗਦਾ ਹੈ ਜਿਵੇਂ ਮੋਤੀਆਂ ਨੂੰ ਇਕ ਲੜੀ ਵਿੱਚ ਪਰੋਇਆ ਗਿਆ ਹੋਵੇ। ਇਸ ਕਰਕੇ ਪਾਠਕ ਨੂੰ ਇਸ ਰਚਨਾ ਨੂੰ ਵਾਰ-ਵਾਰ ਪੜ੍ਹਨ ਦੀ ਇੱਛਾ ਹੁੰਦੀ ਹੈ ਅਤੇ ਹਰ ਵਾਰੀ ਉਸਨੂੰ ਨਵੇਂ ਅਰਥ ਮਿਲਦੇ ਹਨ।

ਸਾਰ ਤੌਰ 'ਤੇ "ਤੇ ਵਕਤ ਬੋਲਦਾ ਗਿਆ" ਪੰਜਾਬੀ ਨਾਵਲ ਸਾਹਿਤ ਦੀ ਇਕ ਮਹੱਤਵਪੂਰਨ ਅਤੇ ਵਿਲੱਖਣ ਰਚਨਾ ਹੈ। ਇਹ ਨਾਵਲ ਸਮੇਂ, ਜੀਵਨ ਅਤੇ ਮਨੁੱਖੀ ਸੰਵੇਦਨਾਵਾਂ ਦੇ ਗਹਿਰੇ ਸੰਬੰਧਾਂ ਨੂੰ ਬੜੀ ਸੁੰਦਰਤਾ ਨਾਲ ਪੇਸ਼ ਕਰਦਾ ਹੈ।

ਇਹ ਕਿਰਤ ਪਾਠਕ ਨੂੰ ਸਿਰਫ਼ ਕਥਾ ਦਾ ਆਨੰਦ ਨਹੀਂ ਦਿੰਦੀ, ਸਗੋਂ ਉਸਨੂੰ ਜੀਵਨ ਦੇ ਦਰਸ਼ਨ ਨਾਲ ਵੀ ਜੋੜਦੀ ਹੈ। ਡਾ. ਅਮਰਜੀਤ ਸਿੰਘ ਟਾਂਡਾ ਇਸ ਸ਼ਾਹਕਾਰ ਲਈ ਵਧਾਈ ਦੇ ਪਾਤਰ ਹਨ ਅਤੇ ਉਮੀਦ ਕੀਤੀ ਜਾ ਸਕਦੀ ਹੈ ਕਿ ਉਹ ਭਵਿੱਖ ਵਿੱਚ ਵੀ ਪੰਜਾਬੀ ਸਾਹਿਤ ਨੂੰ ਐਸੀ ਹੀ ਅਰਥਪੂਰਨ ਅਤੇ ਚਿੰਤਨਸ਼ੀਲ ਰਚਨਾਵਾਂ ਨਾਲ ਸਮ੍ਰਿੱਧ ਕਰਦੇ ਰਹਿਣਗੇ।

# • ਪੰਜਾਬੀ ਫ਼ਿਲਮ ਦਰਪਣ •

## ਮਿਊਜ਼ਿਕ ਹੱਟ ਟੀਵੀ ਦਿਖਾ ਰਹੀ ਖੂਨ ਦੇ ਰਿਸ਼ਤੇ





ਸੁਮਨ ਬਾਠ ਬੇਹਤਰੀਨ ਅਭਿਨੇਤਰੀ ਬਣਦੀ ਜਾ ਰਹੀ ਹੈ ਤੇ ਕੁਲਦੀਪ ਦੋਸਾਂਝ ਬਾਰੇ ਕੋਈ ਸ਼ੱਕ ਨਹੀਂ ਓਹ ਬੇਮਿਸਾਲ ਅਭਿਨੈ ਦੀ ਮਲਿਕਾ ਹੈ ਤੇ ਇਹਨਾਂ ਦੋਵਾਂ ਨੇ ਹਰਬੀਰ ਢੀਂਡਸਾ ਦੀ ਫਿਲਮ "ਰਿਸ਼ਤੇ ਖੂਨ ਦੇ" ਵਿੱਚ ਸ਼ਾਨਦਾਰ ਅਦਾਕਾਰੀ ਕਰਕੇ ਦਿਖਾ ਦਿੱਤਾ ਹੈ ਕਿ ਕਹਾਣੀ ਦਮਦਾਰ ਹੋਵੇ ਤਾਂ ਉਹ ਵੀ ਕਿਰਦਾਰ ਵਧੀਆ ਨਿਭਾ ਸਕਦੀਆਂ ਹਨ। "ਰਿਸ਼ਤੇ ਖੂਨ ਦੇ" ਵਿੱਚ ਅਮਨ ਪੂਨੀਆ ਦਾ ਕਿਰਦਾਰ ਵੀ ਸਿਰ ਚੜ੍ਹ ਬੋਲਦਾ ਹੈ ਤੇ ਖਾਸ ਗੱਲ ਇਹ ਹੈ ਕਿ ਹਰਬੀਰ ਢੀਂਡਸਾ ਨੇ ਫਿਲਮ ਦਾ ਨਿਰਦੇਸ਼ਨ ਲਾਜਵਾਬ ਦਿੱਤਾ ਹੈ। ਜਸ ਮਾਨ ਅਭੀ ਭੰਗੂ ਤੇ ਜਗਨਾਰ ਦੁੱਲਦੀ ਵੀ ਹੈ ਤੇ ਫ਼ਿਲਮ ਵਿੱਚ ਛਾਏ ਹੋਏ ਹਨ। ਫ਼ਿਲਮ ਦੇ ਬਾਰੇ ਅਮਿਤੋਜ ਢੀਂਡਸਾ ਨੇ ਕਿਹਾ ਕਿ ਅੱਜ ਕੱਲ ਸੋਸ਼ਲ ਮੀਡੀਆ ਦੇ ਯੁੱਗ ਨੇ "ਰਿਸ਼ਤੇ ਖੂਨ ਦੇ" ਵਿਗਾੜ ਕੇ ਰੱਖ ਦਿੱਤੇ ਹਨ ਤੇ ਹਰਬੀਰ ਜੀ ਨੇ ਇਸ ਫਿਲਮ ਰਾਹੀਂ ਇਹੀ ਸੁਨੇਹਾ ਦਿੱਤਾ ਹੈ ਕਿ ਸਮਾਜ ਨੂੰ "ਰਿਸ਼ਤੇ ਖੂਨ ਦੇ" ਬਣੇ ਨੇ ਉਹਨਾਂ ਦੀ ਕਦਰ ਕਰਨੀ ਚਾਹੀਦੀ ਹੈ। ਇਸ ਫ਼ਿਲਮ ਨੂੰ ਪ੍ਰੀਤ ਗਰੇਵਾਲ ਕਨੇਡਾ ਦਾ ਖਾਸ ਉਤਸਾਹ ਮਿਲਿਆ ਹੈ ਤੇ ਪ੍ਰੀਤ ਕੈਨੇਡਾ ਨੇ ਕਿਹਾ ਕਿ ਹਰਬੀਰ ਢੀਡਸਾ ਦੀਆਂ ਫਿਲਮਾਂ ਹਮੇਸ਼ਾ ਪਰਿਵਾਰ ਹੁੰਦੀਆਂ ਹਨ ਤੇ ਸਮਾਜ ਨੂੰ ਸੇਧ ਦਿੰਦੀਆਂ ਹਨ । ਇਸੇ ਤਰ੍ਹਾਂ ਪਰਮਜੀਤ ਕੌਰ ਢੀਂਡਸਾ ਦੇ ਵਿਚਾਰ ਹਨ। ਯੂਟਿਊਬ ਤੇ ਇਸ ਫਿਲਮ ਨੂੰ ਭਰਵਾਂ ਹੁੰਗਾਰਾ ਮਿਲਣਾ ਚੰਗੀਆਂ ਫਿਲਮਾਂ ਦੀ ਕਦਰਦਾਨੀ ਹੋਣ ਦੀ ਗੱਲ ਹੈ। ਹਰਬੀਰ ਢੀਡਸਾ ਨੇ ਇਸ ਫ਼ਿਲਮ ਨੂੰ ਦੇਖਣ ਲਈ ਦਰਸ਼ਕਾਂ ਦਾ ਧੰਨਵਾਦ ਕੀਤਾ ਤੇ ਨਾਲ ਹੀ ਪੰਜਾਬ ਸਰਕਾਰ ਦੀ ਸ਼ਲਾਘਾ ਕੀਤੀ ਕਿ ਹੁਣ ਵੈਬ ਫਿਲਮਾਂ ਨੂੰ ਵੀ ਸਬਸਿਡੀ ਮਿਲੇਗੀ ਤੇ ਇਸ ਨਾਲ ਨਿਰਮਾਤਾ ਉਤਸ਼ਾਹਿਤ ਹੋ ਕੇ ਚੰਗੀਆਂ ਫਿਲਮਾਂ ਬਣਾਉਣ ਦੀ ਬਣਾਉਣ ਦੀ ਸੋਚਣਗੇ। ਇੱਕ ਨਿੱਜੀ ਸਰਵੇ ਅਨੁਸਾਰ ਸ਼ੋਰਟ ਫ਼ਿਲਮਾਂ ਵਿੱਚ ਸਮਾਜਿਕ ਮੁੱਦੇ ਉਠਾਉਣ ਲਈ ਹਰਬੀਰ ਢੀਂਡਸਾ ਦੀਆਂ ਫ਼ਿਲਮਾਂ ਮੋਹਰੀ ਹਨ।

## ਬਹੁਤ ਐਕਟਿੰਗ ਅਜੇ ਬਚੀ ਹੈ ਧੀਰਾ ਮਾਨ



ਮਲਵਈ ਐਕਟਰ ਧੀਰਾ ਮਾਨ ਜਿੰਨਾ ਸੋਹਣਾ ਸੁਨੱਖਾ ਜਵਾਨੀ ਵੇਲੇ ਸੀ ਹੀਰੋ ਬਣ ਸਕਦਾ ਸੀ ਪਰ ਕੁੱਝ ਘਰ ਦੇ ਹਲਾਤ ਤੇ ਕੁੱਝ ਗਰੁੱਪ ਵਾਦ ਸਿਨੇਮਾ ਦੁਨੀਆਂ ਦਾ ਸ਼ੈਰ ਓਹ ਸੰਤੁਸ਼ਟ ਹੈ ਕਿ ਓਸ ਨੇ ਜਿਹੜਾ ਵੀ ਰੋਲ ਮਿਲਿਆ ਬਾਖੂਬ ਨਿਭਾ ਕਿ ਦਿਖਾਇਆ ਹੈ। ਧੀਰੇ ਮਾਨ ਦੀ ਦੇਖਿਆ ਜਾਏ ਤਾਂ ਅੱਜ ਕਲ ਸੋਸ਼ਲ ਮੀਡੀਆ ਫ਼ਿਲਮਜ਼ ਵਿੱਚ ਅੱਛੀ ਗੱਲ ਬਾਤ ਹੈ ਤੇ ਵੈੱਬ ਸੀਰੀਜ਼ ਦੇ ਇਲਾਵਾ ਲਘੂ ਫਿਲਮਾਂ ਵਿੱਚ ਓਹ ਰੁੱਝਿਆ ਰਹਿੰਦਾ ਹੈ। ਓਸ ਅੰਦਰ ਅਜੇ ਬਹੁਤ ਕਿਰਦਾਰ ਨੇ ਵੱਖਰਾ ਖਾੜਕੂ ਪਿਓ ਦਾ ਕਿਰਦਾਰ , ਅਣਖੀ ਚਾਚੇ ਦਾ ਰੋਲ ਤੇ ਖ਼ੂੰਖਾਰ ਬਜ਼ੁਰਗ ਦਾ ਚਰਿਤ੍ਰ ਅਜਿਹੇ ਕਿਰਦਾਰ ਮਿਲਣ ਤਾਂ ਓਹ ਦਿਖਾ ਦੇਵੇਗਾ ਕਿ ਅਸ਼ੋਕ ਕੁਮਾਰ , ਪ੍ਰਾਣ ਤੇ ਦਾਰਾ ਸਿੰਘ ਦੀ ਤਰਾਂ ਓਹ ਛਾ ਸਕਦਾ ਹੈ ਐਕਟਰ ਦੇ ਨਾਲ ਹੀ ਧੀਰਾ ਮਾਨ ਵਧੀਆ ਗੀਤਕਾਰ ਵੀ ਹੈ ਤੇ ਲੁਧਿਆਣੇ ਦੀ ਗਾਇਕੀ ਮੰਡੀ ਵਿੱਚ ਓਸ ਦਾ ਪੂਰਾ ਨਾਮ ਰਿਹਾ ਹੈ ਤੇ ਹਾਂ ਗਲੇ ਵਿੱਚ ਸੁਰ ਦਾ ਵਾਸਾ ਹੈ ਤੇ ਓਹ ਗਾ ਵੀ ਵਧੀਆ ਲੈਂਦਾ ਹੈ। ਗੁੱਗੂ ਗਿੱਲ, ਯੋਗਰਾਜ ਸਿੰਘ ਨਾਲ ਫ਼ਿਲਮਾਂ ਕਰ ਚੁੱਕੇ ਇਸ ਐਕਟਰ ਵੱਲੋਂ ਅੱਜ ਦੀ ਪੀੜ੍ਹੀ ਦੇ ਕਲਾਕਾਰਾਂ ਰਾਣਾ ਸਿੰਘ ਦਰਾਜ, ਐਂਜਲੀਨਾ ਰਾਜਪੂਤ, ਪ੍ਰਭਜੋਤ ਰੰਧਾਵਾ ਨਾਲ ਐਕਟਿੰਗ ਜ਼ਾਰੀ ਹੈ। ਖੁਦ ਆਖਦਾ ਹੈ ਉਹ ਕਿ ਜੱਟ ਦੇ ਤਰਕਸ਼ ਵਿੱਚ ਅਜੇ ਬਹੁਤ ਤੀਰ ਹਨ।

## ਜਯੋਤੀ ਅਰੋੜਾ ਤੇ ਹਰਪਿੰਦਰ ਪਿਉਰੀ ਦੀ ਬੱਲੇ ਬੱਲੇ ਕਰਵਾਏਗਾ ਦੂਜਾ ਰੱਬ




ਕਮਲਜੀਤ ਸਿੰਘ ਤੇ ਸਰਬਜੀਤ ਸਿੰਘ ਢੱਕ ਦੀ ਫ਼ਿਲਮ "ਦੂਜਾ ਰੱਬ" 13 ਮਾਰਚ ਨੂੰ ਸਿਨੇਮਾ ਘਰਾਂ ਵਿੱਚ ਆ ਰਹੀ ਹੈ। ਸਮਝੋ ਜਯੋਤੀ ਅਰੋੜਾ ਤੇ ਹਰਪਿੰਦਰ ਪਿਉਰੀ ਦੀ ਬੱਲੇ ਬੱਲੇ ਹੋਣ ਵਾਲੀ ਹੈ। ਬਾਕੀ ਕਲਾਕਾਰਾਂ ਦੇ ਨਾਲ ਇਸ ਫ਼ਿਲਮ ਵਿੱਚ ਮਾਡਲ ਤੇ ਅਭਿਨੇਤਰੀ ਜਯੋਤੀ ਅਰੋੜਾ ਨਜ਼ਰ ਆਏਗੀ ਜਿਹੜੀ ਫ਼ਿਲਮ ਵਿੱਚ ਸਿੰਮੀ ਬਣੀ ਹੈ। ਇਸ ਫ਼ਿਲਮ ਵਿੱਚ ਬਾਲੀਵੁੱਡ ਐਕਟਰ ਹਰਪਿੰਦਰ ਪਿਉਰੀ ਨੇ ਵੀ ਕੰਮ ਕੀਤਾ ਹੈ ਤੇ ਓਹ ਵੀ ਦਰਸ਼ਕਾਂ ਨੂੰ ਪ੍ਰਭਾਵਿਤ ਕਰਨਗੇ। ਅਮਰ ਨੂਰੀ, ਮਲਕੀਤ ਰੌਣੀ ਤੇ ਜਰਨੈਲ ਸਿੰਘ ਵੀ ਇਸ ਫ਼ਿਲਮ ਵਿੱਚ ਹਨ। ਇਸ ਫ਼ਿਲਮ ਦੇ ਗੀਤ ਭੱਟੀ ਭੜੀਵਾਲਾ ਨੇ ਲਿਖੇ ਹਨ। ਜਯੋਤੀ ਅਰੋੜਾ ਨੇ ਕਿਹਾ ਕਿ ਸਰਬਜੀਤ ਸਿੰਘ ਢੱਕ ਹੋਰਾਂ ਇਸ ਫ਼ਿਲਮ ਤੇ ਬਹੁਤ ਮਿਹਨਤ ਕੀਤੀ ਹੈ ਤੇ "ਦੂਜਾ ਰੱਬ" ਪੱਕਾ ਚਲੇਗੀ ਕਿਉਂ ਕਿ ਗੀਤ ਸੰਗੀਤ ਤੇ ਸਟੋਰੀ ਸਭੇ ਕੁੱਝ ਇਸ ਵਿੱਚ ਸਟੈਂਡਰਡ ਦਾ ਹੈ ਹਰਦੀਪ ਮੰਡੇਰ ਫ਼ਿਲਮ ਦੇ ਸਹਾਇਕ ਨਿਰਦੇਸ਼ਕ ਨੇ ਤੇ ਹਰਪਿੰਦਰ ਪਿਉਰੀ ਅਕਸਰ ਹਰਦੀਪ ਮੰਡੇਰ ਦੇ ਕੰਮ ਦੀ ਤਰੀਫ਼ ਕਰਦੇ ਹਨ। ਜਯੋਤੀ ਅਰੋੜਾ ਤੇ ਹਰਪਿੰਦਰ ਪਿਉਰੀ ਦੋਵਾਂ ਦੇ ਫ਼ਿਲਮ ਕੈਰੀਅਰ ਨੂੰ ਕਿ ਨਵੀਂ ਦਿਸ਼ਾ ਸਰਬਜੀਤ ਸਿੰਘ ਢੱਕ ਦੀ "ਦੂਜਾ ਵਿਆਹ" ਦੇਵੇਗੀ ਤੇ ਰਾਜਦੀਪ ਦੇ ਲਿਖੇ ਸੰਵਾਦ ਫ਼ਿਲਮ ਨੂੰ ਕਾਮਯਾਬ ਕਰਨ ਜਯੋਤੀ ਅਰੋੜਾ ਤੇ ਹਰਪਿੰਦਰ ਪਿਉਰੀ ਦੇ ਕੈਰੀਅਰ ਲਈ ਮਹਤਵਪੂਰਨ ਫ਼ਿਲਮ ਹੈ "ਦੂਜਾ ਰੱਬ"।

## ਰਾਖੀ ਹੁੰਦਲ ਲਈ ਭੂਸ਼ਨ ਮਦਾਨ ਸੋਨੇ ਤੇ ਸੁਹਾਗਾ



**ਰਾਖੀ ਹੁੰਦਲ ਉੱਚੀ ਲੰਬੀ ਪਿਆਰੀ ਨਾਰੀ ਹੈ ਜਿਸ ਨੂੰ ਰੱਬ ਨੇ ਮਿਠਾਸ ਭਰੀ ਆਵਾਜ਼ ਦਿੱਤੀ ਹੈ ਤੇ ਇਸ ਸਦਕਾ ਉਹ ਕਾਮਯਾਬ ਗਾਇਕਾ ਵੀ ਹੈ ਤੇ ਐਕਟ੍ਰੈਸ ਵੀ ਹੈ। ਅਮੀ ਵਿਰਕ ਸਮੇਤ ਕਈ ਨਾਮਵਰ ਸਟਾਰ ਲੋਕਾਂ ਨਾਲ ਐਕਟਿੰਗ ਕਰ ਚੁੱਕੀ ਰਾਖੀ ਹੁੰਦਲ ਨੂੰ ਭੂਸ਼ਨ ਮਦਾਨ ਦੀ ਫ਼ਿਲਮ"ਸੋਨੇ ਤੇ ਸੁਹਾਗਾ" ਮਿਲੀ ਹੈ ਤੇ ਇਸ ਫਿਲਮ ਵਿੱਚ ਰਾਖੀ ਹੁੰਦਲ ਨੂੰ ਵਧੀਆ ਕਿਰਦਾਰ ਮਿਲਣ ਦੇ ਨਾਲ ਇਸ ਫ਼ਿਲਮ ਵਿੱਚ ਓਸ ਨੇ ਪਿੱਠਵਰਤੀ ਗੀਤ ਵੀ ਗਾਇਆ ਹੈ। ਪੁੰਨਿਆ ਮਹਿਤਾ ਤੇ ਪਾਲੀ ਸੰਧੂ ਨਾਲ ਰਾਖੀ ਹੁੰਦਲ ਨੇ ਇਹ ਫ਼ਿਲਮ ਕੀਤੀ ਹੈ ਤੇ ਕਿਹਾ ਕਿ ਭੂਸ਼ਨ ਮਦਾਨ ਨੇ ਗੁੱਗੂ ਗਿੱਲ, ਯੋਗਰਾਜ ਸਿੰਘ, ਪਲਵਿੰਦਰ ਧਾਮੀ , ਦੀਪਕਾ ਸਿੰਘ ਨੂੰ ਸਟਾਰ ਬਣਾ ਛੱਡਿਆ ਤੇ ਰਾਖੀ ਹੁੰਦਲ ਦੇ ਫ਼ਿਲਮ ਕੈਰੀਅਰ ਲਈ ਭੂਸ਼ਨ ਮਦਾਨ ਦੀ ਇਹ ਫ਼ਿਲਮ "ਸੋਨੇ ਤੇ ਸੁਹਾਗਾ" ਆਪਣੇ ਨਾਮ ਅਨੁਕੂਲ ਸੋਨੇ ਤੇ ਸੁਹਾਗਾ ਹੋਏਗੀ। ਰਾਖੀ ਹੁੰਦਲ ਨੇ ਕਿਹਾ ਕਿ ਇਹ ਇੱਕ ਅਨੰਦ ਭਰੀ ਕਮੇਡੀ ਤੇ ਸੰਗੀਤ ਨਾਲ ਲਬਰੇਜ਼ ਫ਼ਿਲਮ ਹੋਊ। ਓਹ ਖੁਸ਼ ਹੈ ਕਿ ਪਲਵਿੰਦਰ ਧਾਮੀ ਜੀ ਨਾਲ ਵਿਚਰਨ ਦਾ ਮੌਕਾ ਓਸ ਨੂੰ ਦਿੱਤਾ ਹੈ ਨੌਜਵਾਨ ਨਿਰਦੇਸ਼ਕ ਲਵਲੀ ਸ਼ਰਮਾ ਓਸ ਅੰਦਰਲੀ ਅਦਾਕਾਰੀ ਨੂੰ ਬਾਖੂਬੀ ਪਰਦੇ ਤੇ ਪੇਸ਼ ਕਰਨਗੇ ਤੇ ਗੁਰਮੀਤ ਸਿੰਘ ਨੇ ਓਹਨਾਂ ਦੀ ਗਾਇਕੀ ਨੂੰ ਹੋਰ ਸੰਗੀਤਕ ਤੇ ਮਿਠਾਸ ਭਰੀ ਬਣਾ ਪੇਸ਼ ਕਰਨਾ ਹੈ ਤੇ ਰਾਖੀ ਹੁੰਦਲ ਜਲਦੀ ਹੀ ਲੋਕ ਪ੍ਰਿਅ ਗਾਇਕਾ ਤੇ ਅਭਿਨੇਤਰੀ ਹੋਏਗੀ।**

## ਦਿਲ ਆਪਣਾ ਪੰਜਾਬੀ ਸ਼ਹਿਰ ਆਪਣਾ ਅਮਰੀਕਾ ਨਿੰਮਾ ਮਹਿਰਮ ਪੁਰੀਆ



ਨਿੰਮਾ ਮਹਿਰਮ ਪੁਰੀਆ ਅਮਰੀਕਨ ਪੰਜਾਬੀ ਗਾਇਕ ਹੈ ਜਿਸ ਦਾ ਪੰਜਾਬ ਨਾਲ ਪਿਆਰ ਹੈ, ਪੰਜਾਬੀ ਸੱਭਿਆਚਾਰ ਨਾਲ ਮੋਹ ਹੈ ਤੇ ਪੰਜਾਬ ਦੀ ਗਾਇਕ ਦੁਨੀਆਂ ਨੂੰ ਓਹ ਆਪਣੇ ਗੀਤਾਂ ਨਾਲ ਸੰਦੇਸ਼ ਦਿੰਦਾ ਹੈ ਕਿ ਪੰਜਾਬ ਦੇ ਸੂਰਮਿਆਂ ਦੀ ਗਾਥਾ ਸੁਣਾਓ, ਪੰਜਾਬ ਦੇ ਖੇਤਾਂ ਦੀ ਗੱਲ ਕਰੋ ਅਮਰੀਕਾ ਬਾਸ਼ਿੰਦਾ ਹੋ ਕਿ ਵੀ ਨਿੰਮਾ ਪੰਜਾਬ ਤੋਂ ਬਲਿਹਾਰੇ ਜਾਣ ਵਾਲੇ ਗੀਤ ਗਾਉਂਦਾ ਹੈ । ਨਿੰਮਾ ਜਿੰਨਾ ਕਲਚਰ ਪ੍ਰੇਮੀ ਕਲਾਕਾਰ ਹੈ ਓਥੇ ਓਹ ਧਰਮ ਕਰਮ ਵਾਲਾ ਇਨਸਾਨ ਵੀ ਹੈ। ਪੰਜਾਬ ਫੇਰੀ ਤੇ ਆ ਕਿ ਓਹ ਤਖ਼ਤ ਸਾਹਿਬ ਸ਼੍ਰੀ ਅਬਚਲ ਨਗਰ ਹਜ਼ੂਰ ਸਾਹਿਬ ਨਾਂਦੇੜ ਵੀ ਗਿਆ। ਨਿੰਮਾ ਮਹਿਰਮ ਪੁਰੀਆ ਆਖਦਾ ਹੈ ਕਿ ਚੰਗਾ ਗਾ ਕਿ ਵੀ ਤੁਸੀਂ ਡੀ ਜੇ ਤੇ ਚਲਦੇ ਹੀ ਹੋ ਤੇ ਓਸ ਦੇ ਗਾਏ ਗੀਤ ਕਨੇਡਾ ਅਮਰੀਕਾ ਦੇ ਪੰਜਾਬੀ ਆਪਣੇ ਖੁਸ਼ੀਆਂ ਦੇ ਪ੍ਰੋਗਰਾਮਾਂ ਵਿੱਚ ਗਾਉਂਦੇ ਹਨ। ਨਿੰਮਾ ਮਹਿਰਮ ਪੁਰੀਆ ਨੇ ਹੁਣ ਚਾਰ ਪੰਜ ਗੀਤ ਸਰਦਾਰੀ ਦੀ ਸ਼ਾਨ ਤੇ ਸਿੱਖੀ ਦੀ ਗਾਥਾ ਤੇ ਲਿਆਂਦੇ ਹਨ। ਓਹ ਆਖਦੇ ਨੇ ਕਿ ਰੋਟੀ ਸਾਨੂੰ ਅਮਰੀਕਾ ਨੇ ਦਿੱਤੀ ਸਾਡੀ ਵਫ਼ਾ ਅਮਰੀਕਾ ਨਾਲ ਹੈ ਤੇ ਰਹੇਗੀ ਤੇ ਜਨਮ ਪੰਜਾਬ ਨੇ ਦਿੱਤਾ ਤੇ ਜਨਮ ਦੇਣ ਵਾਲੀ ਧਰਤ ਨੂੰ ਸਦਾ ਸਜ਼ਦਾ ਰਹੇਗਾ। ਜਲਦੀ ਹੀ ਨਿੰਮਾ ਮਹਿਰਮ ਪੁਰੀਆ ਦੋਗਾਣਾ ਵੀ ਕਰਨਗੇ ਤੇ ਅੱਠ ਗੀਤਾਂ ਦੀ ਈ ਪੀ ਨਾਲ ਹਾਜ਼ਿਰ ਹੋਣਗੇ। ਮਹਿਰਮ ਪੁਰੀਆ ਤਬਕਾ ਨਵਾਂ ਸ਼ਹਿਰ ਲਾਗੇ ਆਪਣੇ ਇਸ ਪ੍ਰਵਾਸੀ ਗਾਇਕ ਦੀ ਤੰਦਰੁਸਤੀ ਤੇ ਲਮੇਰੀ ਗਾਇਕੀ ਉਮਰ ਲਈ ਦੁਆ ਕਰਦਾ ਹੈ।

## ਜਵਾਨ ਮੱਖਣ ਲੋਹਾਰ ਬੋਲੇ ਦਿਆਲਪੁਰੀ ਦੀ ਗਾਇਕੀ ਤੋਂ ਜਾਨ ਵਾਰੀਏ




ਬਲਵਿੰਦਰ ਗੋਰਾਇਆ ਨੇ ਅਮਰੀਕਾ ਵਸੇਂਦੇ ਜਗਤ ਪ੍ਰਸਿੱਧ ਗੀਤਕਾਰ ਮੱਖਣ ਲੋਹਾਰ ਦੀ ਜਵਾਨੀ ਵੇਲੇ ਦੀ ਫੋਟੋ ਲੱਭ ਸੋਸ਼ਲ ਮੀਡੀਆ ਤੇ ਸਾਂਝੀ ਕੀਤੀ ਤੇ ਓਹੀ ਫੋਟੋ ਅਸੀਂ ਇਸ ਖਬਰ ਵਿੱਚ ਸਾਂਝੀ ਇਸ ਲਈ ਕਰ ਰਹੇ ਹਾਂ ਕਿ ਸੰਘਰਸ਼ ਦੇ ਦਿਨਾਂ ਦੇ ਮੱਖਣ ਲੋਹਾਰ ਦੀ ਝਲਕ ਦਿਖਾ ਦੇਈਏ ਜਿਸ ਮੱਖਣ ਲੋਹਾਰ ਦੀ ਸਿਫ਼ਤ ਹੈ ਕਿ ਓਹ ਹਰ ਪੰਜਾਬੀ ਗੀਤ ਤੇ ਨਜ਼ਰ ਪੈਨੀ ਰੱਖਦੇ ਨੇ ਤੇ ਓਹਨਾਂ ਓਚੇਚੇ ਸੋਸ਼ਲ ਮੀਡੀਆ ਤੇ ਪੋਸਟ ਪਾਈ ਗਾਇਕ ਦਲਵਿੰਦਰ ਦਿਆਲਪੁਰੀ ਦੇ ਨਵੇਂ ਗੀਤ "ਜਾਨ ਵਾਰੀਏ" ਲਈ ਜਿਹੜਾ ਸਰਬਜੀਤ ਜੰਬਾ ਨੇ ਕਯਾ ਜ਼ਮੀਰ ਜਗਾਉਂਦਾ ਲਿਖਿਆ ਕਿ ਲੋਕ ਨਾਰਾਂ ਤੋ ਨੋਟ ਵਾਰਦੇ ਨੇ ਆਪਾਂ ਯਾਰਾਂ ਤੋਂ ਜਾਨ ਵਾਰੀਏ। ਮੱਖਣ ਲੋਹਾਰ ਨੇ ਕਿਹਾ ਕਿ ਪੰਜਾਬੀਓ ਅਜਿਹੇ ਗੀਤ ਸੁਣ ਇਹਨਾਂ ਨੂੰ ਪ੍ਰਮੋਟ ਕਰੋ ਇੱਕ ਤਾਂ ਮਹਿਸੂਸ ਹੋਊ ਕਿ ਪੰਜਾਬੀਆਂ ਦੀ ਜ਼ਮੀਰ ਐਸੀ ਚਾਹੀਦੀ ਹੈ ਤੇ ਦੂਜਾ ਐਸੀ ਸਾਫ ਸੁਥਰੀ ਪਰ ਪੂਰੀ ਬੀਟ ਗਾਇਕੀ ਨੂੰ ਉਤਸ਼ਾਹ ਦਿਓ। ਦਲਵਿੰਦਰ ਦਿਆਲਪੁਰੀ ਦਾ ਇਹ ਪ੍ਰੋਜੈਕਟ ਬੰਨੀ ਸ਼ਰਮਾ ਦੀ ਪੇਸ਼ਕਸ਼ ਹੈ ਤੇ ਇਸ ਨੂੰ ਮਾਰਕੀਟ ਵਿੱਚ ਰਾਮ ਭੋਗ ਪੁਰੀਆ ਨੇ ਆਰ ਜੇ ਬੀਟਸ ਤੋਂ ਉਤਾਰਿਆ ਹੈ। ਮਨੀਸ਼ ਸ਼ਰਮਾ ਨੇ ਇਸ ਦਾ ਵੀਡੀਓ ਬਣਾਉਣ ਵਿੱਚ ਪੂਰੀ ਜ਼ਿੰਮੇਵਾਰੀ ਨਿਭਾਈ ਹੈ ਕਿ ਟੌਹਰ ਦਿਆਲਪੁਰੀ ਨਾਲ ਰਾਮ ਭੋਗ ਪੁਰੀਆ, ਬੰਨੀ ਸ਼ਰਮਾ ਤੇ ਆਰ ਜੇ ਬੀਟਸ ਦੀ ਬਣੇ ਕਸਰ ਸੰਗੀਤ ਵਿੱਚ ਹਰਿ ਅਮਿਤ ਨੇ ਵੀ ਨਹੀਂ ਰਹਿਣ ਦਿੱਤੀ। ਮੱਖਣ ਲੋਹਾਰ ਦੀ ਇਸ ਪੋਸਟ ਤੇ ਸ਼ੇਅਰ ਲਈ ਸੰਗੀਤ ਬਜ਼ਾਰ ਓਹਨਾਂ ਦੀ ਦਾਦ ਦੇ ਰਿਹਾ ਹੈ ਤੇ ਖਾਸ ਦਿਲੀ ਧੰਨਵਾਦ ਦਲਵਿੰਦਰ ਦਿਆਲਪੁਰੀ ਨੇ ਖੁਦ ਮੱਖਣ ਲੋਹਾਰ ਦਾ ਕੀਤਾ ਹੈ।

**-ਅੰਮ੍ਰਿਤ ਪਵਾਰ।**

## ਪੁਸਤਕ ਸਮੀਖਿਆ

ਰਵਿੰਦਰ ਸਿੰਘ ਸੋਢੀ
ਕੈਲਗਰੀ, ਕੈਨੇਡਾ

# ਪੰਜਾਬੀ ਅਨੁਵਾਦ ਸਾਹਿਤ ਵਿਚ ਨਿਘਰ ਵਾਧਾ: ਅਰਤਿੰਦਰ ਸੰਧੂ ਦਾ ਕਹਾਣੀ ਸੰਗ੍ਰਿਹ 'ਕੁਆਰਨਟਾਈਨ ਅਤੇ ਹੋਰ ਕਹਾਣੀਆਂ'



ਅਨੁਵਾਦ ਸਾਹਿਤਕ ਸਿਰਜਣਾ ਦੀ ਇੱਕ ਬਹੁਤ ਹੀ ਸੰਵੇਦਨਸ਼ੀਲ ਅਤੇ ਮਹੱਤਵਪੂਰਨ ਪ੍ਰਕਿਰਿਆ ਹੈ। ਇਹ ਸਿਰਫ਼ ਇੱਕ ਭਾਸ਼ਾ ਦੇ ਸ਼ਬਦਾਂ ਨੂੰ ਦੂਜੀ ਭਾਸ਼ਾ ਵਿੱਚ ਰੂਪਾਂਤਰਿਤ ਕਰਨਾ ਹੀ ਨਹੀਂ ਹੁੰਦਾ, ਸਗੋਂ ਇੱਕ ਸਭਿਆਚਾਰ, ਸਮਾਜਕ ਅਨੁਭਵ ਅਤੇ ਇੱਕ ਵਿਚਾਰਧਾਰਾ ਨੂੰ ਨਵੀਂ ਭਾਸ਼ਾ ਵਿੱਚ ਪੇਸ਼ ਕਰਨ ਦੀ ਕਲਾ ਹੁੰਦੀ ਹੈ। ਅਸਲ ਵਿੱਚ ਇੱਕ ਚੰਗਾ ਅਨੁਵਾਦਕ ਮੂਲ ਰਚਨਾ ਦੀ ਰੂਹ, ਭਾਵਨਾਤਮਕ ਗਹਿਰਾਈ ਨੂੰ ਬਰਕਰਾਰ ਰੱਖਦੇ ਹੋਏ ਅਤੇ ਅੰਦਰੂਨੀ ਰਮਜ਼ ਨੂੰ ਸਮਝ ਕੇ ਉਸ ਨੂੰ ਆਪਣੀ ਭਾਸ਼ਾ ਦਾ ਜਾਮਾ ਇਸ ਤਰਾਂ ਪਹਿਣਾਉਂਦਾ ਹੈ ਕਿ ਪਾਠਕ ਨੂੰ ਇਹ ਮਹਿਸੂਸ ਹੋਵੇ ਕਿ ਉਹ ਸੰਬੰਧਤ ਭਾਸ਼ਾ ਦੀ ਹੀ ਕੋਈ ਮੂਲ ਲਿਖਤ ਪੜ੍ਹ ਰਿਹਾ ਹੈ। ਅਜਿਹੇ ਅਨੁਵਾਦ ਦੀ ਪ੍ਰਕਿਰਿਆ ਵੀ ਅਸਲ ਵਿਚ ਸਿਰਜਣਾਤਮਕ ਸਾਹਿਤ ਅਧੀਨ ਹੀ ਆਉਂਦੀ ਹੈ। ਭਾਰਤ ਵਰਗੇ ਬਹੁਭਾਸ਼ੀ ਦੇਸ਼ ਵਿੱਚ ਅਨੁਵਾਦ ਦੀ ਮਹੱਤਤਾ ਹੋਰ ਵੀ ਵਧ ਜਾਂਦੀ ਹੈ, ਕਿਉਂਕਿ ਵੱਖ-ਵੱਖ ਭਾਸ਼ਾਵਾਂ ਵਿੱਚ ਰਚਿਆ ਗਿਆ ਸਾਹਿਤ ਆਪਣੇ-ਆਪਣੇ ਅਨੁਭਵਾਂ ਅਤੇ ਸੰਵੇਦਨਾਵਾਂ ਦਾ ਅਨਮੋਲ ਖ਼ਜ਼ਾਨਾ ਹੈ। ਜਦੋਂ ਇਹ ਰਚਨਾਵਾਂ ਅਨੁਵਾਦ ਰਾਹੀਂ ਹੋਰ ਭਾਸ਼ਾਵਾਂ ਵਿੱਚ ਪਹੁੰਚਦੀਆਂ ਹਨ ਤਾਂ ਪਾਠਕਾਂ ਲਈ ਇੱਕ ਨਿਵੇਕਲੀ ਸਾਹਿਤਕ ਦੁਨੀਆਂ ਦਾ ਬੂਹਾ ਖੁਲ੍ਹਦਾ ਹੈ। ਇਸ ਸੰਦਰਭ ਵਿੱਚ ਪ੍ਰਸਤੁਤ ਪੁਸਤਕ ਬਹੁਤ ਹੀ ਮਹੱਤਵਪੂਰਨ ਹੈ, ਕਿਉਂਕਿ ਇਸ ਵਿੱਚ ਉਰਦੂ ਅਤੇ ਹਿੰਦੀ ਦੀਆਂ ਕੁਝ ਸਿਰਮੌਰ ਕਹਾਣੀਆਂ ਦਾ ਪੰਜਾਬੀ ਦਰਜ ਹੈ। ਇਹ ਯਤਨ ਪੰਜਾਬੀ ਪਾਠਕਾਂ ਨੂੰ ਦੂਜੀਆਂ ਭਾਸ਼ਾਵਾਂ ਦੇ ਮਹੱਤਵਪੂਰਨ ਕਹਾਣੀਕਾਰਾਂ ਨਾਲ ਜਾਣ-ਪਛਾਣ ਹੀ ਨਹੀਂ ਕਰਾਉਂਦਾ ਬਲਕਿ ਉਹਨਾਂ ਦੇ ਸਮਾਜਕ ਅਤੇ ਮਨੁੱਖੀ ਅਨੁਭਵਾਂ ਨਾਲ ਵੀ ਰੂਬਰੂ ਕਰਉਂਦਾ ਹੈ।

ਇਸ ਪੁਸਤਕ ਦੀ ਅਨੁਵਾਦਕ ਅਰਤਿੰਦਰ ਸੰਧੂ ਪੰਜਾਬੀ ਸਾਹਿਤ ਦੇ ਜਾਣੇ-ਪਹਿਚਾਣੇ ਸਿਰਜਣਹਾਰਿਆਂ ਵਿੱਚੋਂ ਇਕ ਹਨ। ਉਨ੍ਹਾ ਦੀ ਪਹਿਚਾਣ ਸਿਰਫ਼ ਲੇਖਕ ਵੱਜੋਂ ਹੀ ਨਹੀਂ, ਸਗੋਂ ਇੱਕ ਬਹੁ-ਵਿਧਾਵੀ ਲੇਖਕ, ਸੁਹਿਰਦ ਸੰਪਾਦਕ ਅਤੇ ਸਮਰਪਿਤ ਅਨੁਵਾਦਕ ਵਜੋਂ ਵੀ ਹੈ। ਅਰਤਿੰਦਰ ਸੰਧੂ ਦੀ ਵਿਸ਼ੇਸ਼ਤਾ ਇਹ ਹੈ ਕਿ ਉਹ ਅਨੁਵਾਦ ਕਰਦਿਆਂ ਮੂਲ ਰਚਨਾ ਦੀ ਭਾਵਨਾ ਅਤੇ ਅੰਦਰੂਨੀ ਤਾਕਤ ਨੂੰ ਬਰਕਰਾਰ ਰੱਖਦੇ ਹਨ। ਉਨ੍ਹਾਂ ਦੀ ਪੰਜਾਬੀ ਭਾਸ਼ਾ ਸਾਹਿਤਕ ਰੰਗਤ ਨਾਲ ਭਰਪੂਰ ਹੁੰਦੀ ਹੈ। ਉਨ੍ਹਾਂ ਨੇ ਲੰਬੇ ਸਮੇਂ ਤੋਂ ਵੱਖ-ਵੱਖ ਭਾਸ਼ਾਵਾਂ ਦੇ ਮਹੱਤਵਪੂਰਨ ਸਾਹਿਤ ਨੂੰ ਪੰਜਾਬੀ ਵਿੱਚ ਅਨੁਵਾਦ ਕਰਨ ਦਾ ਬੀੜਾ ਚੁੱਕਿਆ ਹੋਇਆ ਹੈ ਅਤੇ ਇਸ ਤਰ੍ਹਾਂ ਪੰਜਾਬੀ ਪਾਠਕਾਂ ਦੇ ਸਾਹਿਤਕ ਦਾਇਰੇ ਨੂੰ ਮੋਕਲਾ ਵੀ ਕੀਤਾ ਹੈ। ਅਨੁਵਾਦਕ ਵਜੋਂ ਉਨ੍ਹਾਂ ਦੀ ਕੋਸ਼ਿਸ਼ ਇਹ ਰਹਿੰਦੀ ਹੈ ਕਿ ਪਾਠਕ ਮੂਲ ਰਚਨਾ ਦੀ ਡੂੰਘਾਈ ਅਤੇ ਸੁੰਦਰਤਾ ਨੂੰ ਪੂਰੀ ਤਰ੍ਹਾਂ ਮਹਿਸੂਸ ਕਰ ਸਕਣ। ਇਸ ਤਰ੍ਹਾਂ ਉਹ ਪੰਜਾਬੀ ਸਾਹਿਤ ਵਿੱਚ ਅਨੁਵਾਦ ਦੀ ਪਰੰਪਰਾ ਨੂੰ ਮਜ਼ਬੂਤ ਕਰਨ ਵਾਲੇ ਇਕ ਥੰਮ੍ਹ ਵੱਜੋਂ ਵਿਚੱਰ ਰਹੇ ਹਨ।




ਚਰਚਾ ਅਧੀਨ ਕਿਤਾਬ ਵਿੱਚ ਉਰਦੂ ਅਤੇ ਹਿੰਦੀ ਦੇ ਕਈ ਪ੍ਰਸਿੱਧ ਅਤੇ ਪ੍ਰਭਾਵਸ਼ਾਲੀ ਕਹਾਣੀਕਾਰਾਂ ਦੀਆਂ 17 ਕਹਾਣੀਆਂ ਸ਼ਾਮਲ ਕੀਤੀਆਂ ਗਈਆਂ ਹਨ। ਇਨ੍ਹਾਂ ਵਿੱਚ ਅਸਗਰ ਵਜਾਹਤ, ਰਾਜਿੰਦਰ ਸਿੰਘ ਬੇਦੀ, ਫਹਮੀਦਾ ਰਿਆਜ਼, ਅਸ਼ੋਕ ਭੌਮਿਕ, ਮੁਕਤੀਬੋਧ, ਸੂਰਯਬਾਲਾ, ਮਨੀਸ਼ ਵੈਦ, ਗਿਆਨ ਪ੍ਰਕਾਸ਼ ਵਿਵੇਕ, ਸ਼ਿਵਾਨੀ, ਸ਼ੇਖਰ ਜੋਸ਼ੀ, ਰਵਿੰਦਰ ਕਾਤਿਆਇਨ ਅਤੇ ਅਨੁਕ੍ਰਿਤੀ ਉਪਾਧਿਆਇ ਵਰਗੇ ਲੇਖਕਾਂ ਦੇ ਨਾਮ ਸ਼ਾਮਿਲ ਹਨ। ਇਹ ਸਾਰੇ ਲੇਖਕ ਆਪਣੀ-ਆਪਣੀ ਭਾਸ਼ਾ ਵਿੱਚ ਵਿਲੱਖਣ ਪਹਿਚਾਣ ਰੱਖਦੇ ਹਨ ਅਤੇ ਉਨ੍ਹਾਂ ਦੀਆਂ ਕਹਾਣੀਆਂ ਭਾਰਤੀ ਸਮਾਜ ਦੇ ਵੱਖ-ਵੱਖ ਪੱਖਾਂ ਨੂੰ ਬਹੁਤ ਹੀ ਸੁਚਾਰੂ ਢੰਗ ਨਾਲ ਪੇਸ਼ ਕਰਦੀਆਂ ਹਨ। ਇਸ ਪੁਸਤਕ ਵਿੱਚ ਸ਼ਾਮਲ ਕਹਾਣੀਆਂ ਰਾਹੀਂ ਪਾਠਕ ਨੂੰ ਸਮਾਜਕ ਯਥਾਰਥ, ਮਨੁੱਖੀ ਸੰਵੇਦਨਾਵਾਂ, ਜੀਵਨ ਸੰਘਰਸ਼ਾਂ ਅਤੇ ਮਨੋਵਿਗਿਆਨਕ ਗਹਿਰਾਈਆਂ ਦੀ ਝਲਕ ਮਿਲਦੀ ਹੈ।

ਅਸਗਰ ਵਜਾਹਤ ਦੀ ਕਹਾਣੀ 'ਪੜ੍ਹਾਈ ਦੇ ਨੁਕਸਾਨ' ਵਿਚ ਵਿਅੰਗ ਅਤੇ ਹਾਸੇ ਦੇ ਸ਼ੈਲੀ ਰਾਹੀਂ ਸਿੱਖਿਆ ਪ੍ਰਣਾਲੀ ਅਤੇ ਸਮਾਜਕ ਸੋਚ ਦੀਆਂ ਵਿਸੰਗਤੀਆਂ ਨੂੰ ਬਹੁਤ ਹੀ ਤੀਖ਼ੇ ਅਤੇ ਨਿਵਕਲੇ ਢੰਗ ਨਾਲ ਉਭਾਰਿਆ ਗਿਆ ਹੈ। ਰਾਜਿੰਦਰ ਸਿੰਘ ਬੇਦੀ ਦੀ ਕਹਾਣੀ 'ਕੁਆਰਨਟਾਈਨ' ਮਨੁੱਖੀ ਮਨ ਦੇ ਡਰ, ਸੰਕਟ ਅਤੇ ਮਨੁੱਖਤਾ ਦੀ ਅੰਦਰੂਨੀ ਲੜਾਈ ਨੂੰ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਦਰਸਾਉਂਦੀ ਹੈ। ਅਸਲ ਵਿਚ ਇਹ ਕਹਾਣੀ ਪਾਠਕਾਂ ਦੇ ਨੇੜੇ ਇਸ ਲਈ ਵੀ ਕੇ ਲੇਖਕ ਨੇ ਇਸ ਕਹਾਣੀ ਵਿਚ ਅਜ਼ ਤੋਂ ਪਹਿਲਾਂ ਭਾਰਤ ਵਿਚ ਫੈਲੀ ਪਲੇਗ ਅਤੇ ਉਸਦੇ ਨਤੀਜੇ ਵੱਜੋਂ ਪੈਦਾ ਹੋਏ ਜਿਹਨਾਂ ਹਾਲਾਤ ਨੂੰ ਰੂਪਮਾਨ ਕੀਤਾ ਹੈ ਉਹ ਕੁਝ ਸਾਲ ਪਹਿਲਾਂ ਹੀ ਕਰੋਨਾ ਮਹਾਂਮਾਰੀ ਦੌਰਾਨ ਆਪ ਭੁਗਤ ਚੁੱਕੇ ਹਨ। ਫਹਮੀਦਾ ਰਿਆਜ਼ ਦੀ ਕਹਾਣੀ 'ਝੰਨੂ ਨੂੰ ਚਿੱਠੀ ਮਿਲੀ' ਵਿੱਚ ਔਰਤ ਦੀ ਸਥਿਤੀ, ਸਮਾਜਕ ਰੂੜੀਆਂ ਅਤੇ ਮਨੁੱਖੀ ਸੰਵੇਦਨਾਵਾਂ ਦੀ ਇੱਕ ਗਹਿਰੀ ਤਸਵੀਰ ਪੇਸ਼ ਕੀਤੀ ਗਈ ਹੈ। ਮੁਕਤੀਬੋਧ ਦੀ ਕਹਾਣੀ 'ਬ੍ਰਹਮਰਾਖਸ ਦਾ ਸ਼ਾਗਿਰਦ' ਵਿਚਾਰਧਾਰਾਤਮਕ ਗਹਿਰਾਈ ਵਾਲੀ ਕਹਾਣੀ ਹੈ ਜੋ ਗਿਆਨ, ਬੁੱਧੀ ਅਤੇ ਨੈਤਿਕਤਾ ਦੇ ਪ੍ਰਸ਼ਨਾਂ ਨੂੰ ਬਹੁਤ ਹੀ ਸੁਚੱਜੇ ਢੰਗ ਨਾਲ ਪਾਠਕਾਂ ਦੇ ਸਨਮੁੱਖ ਪੇਸ਼ ਕਰਦੀ ਹੈ। ਮਨੀਸ਼ ਵੈਦ ਦੀ ਕਹਾਣੀ 'ਘੜੀਸਾਜ਼' ਬਦਲਦੇ ਸਮੇਂ ਵਿੱਚ ਇੱਕ ਆਮ ਕਾਰੀਗਰ ਦੀ ਜ਼ਿੰਦਗੀ ਅਤੇ ਪਰੰਪਰਾਗਤ ਪੇਸ਼ਿਆਂ ਦੇ ਹੌਲੀ-ਹੌਲੀ ਮਿਟਦੇ ਜਾਣ ਦੀ ਪੀੜ ਨੂੰ ਮਾਰਮਰਿਕ ਢੰਗ ਨਾਲ ਦਰਸਾਉਂਦੀ ਹੈ।

ਸ਼ਿਵਾਨੀ ਦੀ ਕਹਾਣੀ "ਲਾਲ ਹਵੇਲੀ" ਵਿੱਚ ਤਾਹਿਰਾ ਅਤੇ ਰਹਿਮਾਨ ਅਲੀ ਵਰਗੇ ਪਾਤਰਾਂ ਰਾਹੀਂ ਰਿਸ਼ਤਿਆਂ ਦੀ ਨਜ਼ਾਕਤ ਅਤੇ ਅਤੀਤ ਦੀਆਂ ਯਾਦਾਂ ਨਾਲ ਜੁੜੇ ਮਨੋਵਿਗਿਆਨਕ ਪੱਖ ਨੂੰ ਸੰਵੇਦਨਸ਼ੀਲ ਢੰਗ ਨਾਲ ਦਰਸਾਇਆ ਗਿਆ ਹੈ। ਸ਼ੇਖਰ ਜੋਸ਼ੀ ਦੀ ਕਹਾਣੀ "ਦਾਜੂ" ਆਮ ਮਨੁੱਖ ਦੀ ਜ਼ਿੰਦਗੀ, ਉਸ ਦੀ ਅੰਦਰੂਨੀ ਇਕਲੇਪਨ ਅਤੇ ਪਹਾੜੀ ਸਮਾਜ ਦੀ ਸੰਵੇਦਨਾ ਨੂੰ ਪ੍ਰਗਟ ਕਰਦੀ ਹੈ। ਕਮਲ ਦੀ ਕਹਾਣੀ "ਜਹਿਰਥਾਨ" ਸਮਾਜਕ ਧਾਰਣਾਵਾਂ ਅਤੇ ਮਨੁੱਖੀ ਮਨ ਵਿਚ ਵਸੇ ਡਰ ਦੀ ਇੱਕ ਪ੍ਰਤੀਕਾਤਮਕ ਤਸਵੀਰ ਉਲੀਕਦੀ ਹੈ। ਇਸੇ ਲੜੀ ਵਿੱਚ ਰਵਿੰਦਰ ਕਾਤਿਆਇਨ ਦੀ ਕਹਾਣੀ "ਪਾਣੀ ਬਾਈ" ਪਿੰਡ ਦੇ ਜੀਵਨ, ਔਰਤ ਦੀ ਮਿਹਨਤ ਅਤੇ ਜੀਵਨ ਦੀਆਂ ਕਠਿਨਾਈਆਂ ਨੂੰ ਬਹੁਤ ਹੀ ਯਥਾਰਥਕ ਢੰਗ ਨਾਲ ਦਰਸਾਉਂਦੀ ਹੈ। ਪੁਸਤਕ ਦੀ ਅਖੀਰਲੀ ਕਹਾਣੀ ਅਨੁਕ੍ਰਿਤੀ ਉਪਾਧਿਆਇ ਦੀ "ਰੈਸਟ ਰੂਮ" ਆਧੁਨਿਕ ਜੀਵਨ ਦੀ ਇਕਲਾਪੀ ਸਥਿਤੀ ਅਤੇ ਮਨੁੱਖੀ ਸੰਬੰਧਾਂ ਦੀ ਬਦਲਦੀ ਪ੍ਰਕਿਰਤੀ ਵੱਲ ਇਸ਼ਾਰਾ ਕਰਦੀ ਹੈ।

ਇਨ੍ਹਾਂ ਕਹਾਣੀਆਂ ਦੇ ਕੁਝ ਮਹੱਤਵਪੂਰਨ ਪਾਤਰ ਵੀ ਪਾਠਕਾਂ ਦੇ ਮਨਾ 'ਤੇ ਡੂੰਘਾ ਪ੍ਰਭਾਵ ਛੱਡਦੇ ਹਨ। ਉਦਾਹਰਨ ਲਈ ਫਹਮੀਦਾ ਰਿਆਜ਼ ਦੀ ਕਹਾਣੀ ਵਿੱਚ ਝੰਨੂ ਦਾ ਪਾਤਰ ਇੱਕ ਸਧਾਰਣ ਪਰ ਅੰਦਰੋਂ ਮਜ਼ਬੂਤ ਔਰਤ ਦੀ ਤਸਵੀਰ ਪੇਸ਼ ਕਰਦਾ ਹੈ, ਜੋ ਸਮਾਜ ਦੇ ਨਕਾਰਾਤਮਕ ਰਵਈਏ ਦੇ ਬਾਵਜੂਦ ਆਪਣੀ ਵੱਖਰੀ ਪਹਿਚਾਣ ਨੂੰ ਸੰਭਾਲਣ ਦੀ ਕੋਸ਼ਿਸ਼ ਕਰਦੀ ਹੈ। ਰਾਜਿੰਦਰ ਸਿੰਘ ਬੇਦੀ ਦੀ ਕਹਾਣੀ "ਕੁਆਰਨਟਾਈਨ" ਵਿੱਚ ਡਾਕਟਰ ਅਤੇ ਮਰੀਜ਼ਾਂ ਨਾਲ ਜੁੜੇ ਪਾਤਰਾਂ ਰਾਹੀਂ ਮਨੁੱਖੀ ਡਰ, ਸੰਦੇਹ ਅਤੇ ਮਨੁੱਖਤਾ ਦੇ ਅੰਦਰੂਨੀ ਟਕਰਾਅ ਨੂੰ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਦਰਸਾਇਆ ਗਿਆ ਹੈ। ਮੁਕਤੀਬੋਧ ਦੀ ਕਹਾਣੀ "ਬ੍ਰਹਮਰਾਖਸ ਦਾ ਸ਼ਾਗਿਰਦ" ਵਿੱਚ ਬ੍ਰਹਮਰਾਖਸ ਅਤੇ ਉਸਦਾ ਸ਼ਾਗਿਰਦ ਇੱਕ ਪ੍ਰਤੀਕਾਤਮਕ ਰੂਪ ਧਾਰ ਲੈਂਦੇ ਹਨ ਜੋ ਗਿਆਨ ਦੀ ਤਾਕਤ ਅਤੇ ਉਸ ਦੀ ਜ਼ਿੰਮੇਵਾਰੀ ਬਾਰੇ ਡੂੰਘੀ ਵਿਚਾਰਧਾਰਾ ਨੂੰ ਜਨਮ ਦਿੰਦੇ ਹਨ। "ਘੜੀਸਾਜ਼" ਕਹਾਣੀ ਦਾ ਮੁੱਖ ਪਾਤਰ ਇੱਕ ਅਜਿਹਾ ਸਧਾਰਣ ਕਾਰੀਗਰ ਹੈ ਜੋ ਬਦਲਦੇ ਸਮੇਂ ਦੇ ਸਾਹਮਣੇ ਖੜ੍ਹਾ ਹੋ ਕੇ ਆਪਣੀ ਕਲਾ ਅਤੇ ਆਪਣੀ ਪਹਿਚਾਣ ਨੂੰ ਬਚਾਉਣ ਦੀ ਕਸ਼ਮਕਸ਼ ਕਰ ਰਿਹਾ ਹੈ। ਇਹ ਪਾਤਰ ਕਹਾਣੀਆਂ ਨੂੰ ਸਿਰਫ਼ ਘਟਨਾਵਾਂ ਦਾ ਵਰਣਨ ਨਹੀਂ ਬਣਾਉਂਦੇ, ਸਗੋਂ ਉਹਨਾਂ ਨੂੰ ਮਨੁੱਖੀ ਸੰਵੇਦਨਾਵਾਂ ਅਤੇ ਅਨੁਭਵਾਂ ਨਾਲ ਭਰਪੂਰ ਕਰ ਦਿੰਦੇ ਹਨ।

ਸਮੁੱਚੇ ਤੌਰ 'ਤੇ ਇਹ ਪੁਸਤਕ ਇੱਕ ਮਹੱਤਵਪੂਰਨ ਸਾਹਿਤਕ ਯਤਨ ਹੈ ਜੋ ਪੰਜਾਬੀ ਪਾਠਕਾਂ ਨੂੰ ਉਰਦੂ ਅਤੇ ਹਿੰਦੀ ਦੇ ਕੁਝ ਪ੍ਰਮੁੱਖ ਕਹਾਣੀਕਾਰਾਂ ਨਾਲ ਜਾਣ-ਪਛਾਣ ਕਰਾਉਂਦੀ ਹੈ। ਕਹਾਣੀਆਂ ਦੇ ਵਿਸ਼ੇ ਵੱਖ-ਵੱਖ ਹਨ, ਪਰ ਉਨ੍ਹਾਂ ਦੇ ਕੇਂਦਰ ਵਿੱਚ ਮਨੁੱਖੀ ਜੀਵਨ ਦੀਆਂ ਸੰਵੇਦਨਾਵਾਂ ਅਤੇ ਸਮਾਜਕ ਹਕੀਕਤਾਂ ਸਰਵ ਵਿਆਪਕ ਹਨ। ਇਹ ਕਹਾਣੀਆਂ ਪਾਠਕ ਨੂੰ ਸੋਚਣ ਲਈ ਮਜ਼ਬੂਰ ਵੀ ਕਰਦੀਆਂ ਹਨ ਅਤੇ ਪ੍ਰੇਰਿਤ ਵੀ। ਇਨ੍ਹਾਂ ਦੁਆਰਾ ਮਨੁੱਖੀ ਜੀਵਨ ਦੇ ਕਈ ਅਣਛੂਹੇ ਪੱਖਾਂ ਨੂੰ ਪ੍ਰਗਟ ਕੀਤਾ ਗਿਆ ਹੈ।

ਜੇ ਪੁਸਤਕ ਦੇ ਅਨੁਵਾਦ ਪੱਖ ਦੀ ਗੱਲ ਕੀਤੀ ਜਾਵੇ ਤਾਂ ਅਰਤਿੰਦਰ ਸੰਧੂ ਨੇ ਇਸ ਕੰਮ ਨੂੰ ਬਹੁਤ ਹੀ ਸੁਚੱਜੇ ਅਤੇ ਜ਼ਿੰਮੇਵਾਰ ਢੰਗ ਨਾਲ ਨਿਭਾਇਆ ਹੈ। ਉਨ੍ਹਾਂ ਦੀ ਭਾਸ਼ਾ ਸਧਾਰਣ ਅਤੇ ਸੁਗਮ ਹੈ ਅਤੇ ਉਹ ਮੂਲ ਕਹਾਣੀਆਂ ਦੀ ਰੂਹ ਨੂੰ ਕਾਇਮ ਰੱਖਣ ਵਿੱਚ ਸਫਲ ਰਹੇ ਹਨ। ਕਈ ਥਾਵਾਂ ਤੇ ਅਨੁਵਾਦ ਇੰਨਾ ਸੁਭਾਵਿਕ ਲੱਗਦਾ ਹੈ ਕਿ ਪਾਠਕ ਨੂੰ ਇਹ ਮਹਿਸੂਸ ਹੀ ਨਹੀਂ ਹੁੰਦਾ ਕਿ ਉਹ ਅਨੁਵਾਦ ਪੜ੍ਹ ਰਿਹਾ ਹੈ। ਇਹ ਪੁਸਤਕ ਸਿਰਫ਼ ਇੱਕ ਕਹਾਣੀ-ਸੰਗ੍ਰਹਿ ਨਹੀਂ, ਸਗੋਂ ਵੱਖ-ਵੱਖ ਭਾਸ਼ਾਵਾਂ ਦੇ ਸਾਹਿਤ ਨੂੰ ਪੰਜਾਬੀ ਪਾਠਕਾਂ ਤੱਕ ਪਹੁੰਚਾਉਣ ਵਾਲਾ ਇੱਕ ਮਹੱਤਵਪੂਰਨ ਦਸਤਾਵੇਜ਼ ਹੈ, ਜਿਸ ਲਈ ਅਨੁਵਾਦਿਕਾ ਅਰਤਿੰਦਰ ਸੰਧੂ ਨਿਸ਼ਚੇ ਹੀ ਵਧਾਈ ਦੇ ਪਾਤਰ ਹਨ। ਉਨ੍ਹਾਂ ਨੇ ਮੂਲ ਕਹਾਣੀਆਂ ਦੀ ਸੰਵੇਦਨਾ, ਵਿਚਾਰਧਾਰਾ ਅਤੇ ਸਾਹਿਤਕ ਸੁੰਦਰਤਾ ਨੂੰ ਕਾਇਮ ਰੱਖਦਿਆਂ ਉਨ੍ਹਾਂ ਨੂੰ ਠੇਠ ਪੰਜਾਬੀ ਵਿੱਚ ਪੇਸ਼ ਕੀਤਾ ਹੈ। ਇਹ ਯਤਨ ਪੰਜਾਬੀ ਸਾਹਿਤ ਵਿੱਚ ਅਨੁਵਾਦ ਦੀ ਪਰੰਪਰਾ ਨੂੰ ਮਜ਼ਬੂਤ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਹੈ ਅਤੇ ਇਸ ਲਈ ਅਰਤਿੰਦਰ ਸੰਧੂ ਸੱਚਮੁੱਚ ਪ੍ਰਸ਼ੰਸਾ ਦੇ ਹੱਕਦਾਰ ਹਨ।

ਨਵਯੁੱਗ ਪਬਲੀਸ਼ਰ ਦਿੱਲੀ ਵੱਲੋਂ ਪ੍ਰਕਾਸ਼ਿਤ ਇਸ 157 ਪੰਨਿਆ ਦੀ ਪੁਸਤਕ ਦੀ ਕੀਮਤ 400/- ਰੁਪਏ ਹੈ।